# ਪੁਆਧ ਖੇਤਰ ਦੇ ਸਿੱਖ ਧਾਰਮਿਕ ਅਸਥਾਨਾਂ ਦਾ ਇਤਿਹਾਸਕ ਪਿਛੋਕੜ ਅਤੇ ਵਰਤਮਾਨ ਪ੍ਰਸੰਗਿਕਤਾ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਸੋਸ਼ਲ ਸਾਇੰਸਿਜ਼ ਫ਼ੈਕਲਟੀ

ਅਧੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਵਿਚ

ਪੀਐਚ. ਡੀ. ਦੀ ਉਪਾਧੀ ਲਈ ਪ੍ਰਸਤੁਤ

**ਖੋਜ-ਪ੍ਰਬੰਧ**

(2021)


**ਨਿਗਰਾਨ**

ਡਾ. ਬਲਵਿੰਦਰਜੀਤ ਕੌਰ ਭੱਟੀ
ਪ੍ਰੋਫ਼ੈਸਰ,
ਪੰਜਾਬ ਇਤਿਹਾਸ ਅਧਿਐਨ ਵਿਭਾਗ

**ਖੋਜਾਰਥੀ**

ਅਮਨ ਸਿੰਘ

**ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ**
**ਪੰਜਾਬੀ ਯੂਨੀਵਰਸਿਟੀ, ਪਟਿਆਲਾ**

## ਘੋਸ਼ਣਾ - ਪੱਤਰ

ਮੈਂ ਬਿਆਨ ਕਰਦਾ ਹਾਂ ਕਿ **'ਪੁਆਧ ਖੇਤਰ ਦੇ ਸਿੱਖ ਧਾਰਮਿਕ ਅਸਥਾਨਾਂ ਦਾ ਇਤਿਹਾਸਕ ਪਿਛੋਕੜ ਅਤੇ ਵਰਤਮਾਨ ਪ੍ਰਸੰਗਿਕਤਾ'** ਵਿਸ਼ੇ ਉਤੇ ਲਿਖੇ ਇਸ ਖੋਜ-ਪ੍ਰਬੰਧ ਵਿਚਲਾ ਖੋਜ-ਕਾਰਜ ਨਿਰੋਲ ਰੂਪ ਵਿਚ ਮੇਰਾ ਆਪਣਾ ਹੈ। ਇਸ ਵਿਚ ਕੋਈ ਵੀ ਅਜਿਹਾ ਖੋਜ-ਕਾਰਜ ਸ਼ਾਮਿਲ ਨਹੀਂ, ਜਿਸ ਲਈ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵੱਲੋਂ ਕੋਈ ਡਿਗਰੀ ਜਾਂ ਡਿਪਲੋਮਾ ਦਿੱਤਾ ਗਿਆ ਹੋਵੇ।

ਖੋਜਾਰਥੀ:

ਅਮਨ ਸਿੰਘ

ਅਮਨ ਸਿੰਘ

ਮਿਤੀ: 2/9/2021

# ਪ੍ਰਮਾਣ - ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥੀ ਅਮਨ ਸਿੰਘ ਨੇ **ਪੁਆਧ ਖੇਤਰ ਦੇ ਸਿੱਖ ਧਾਰਮਿਕ ਅਸਥਾਨਾਂ ਦਾ ਇਤਿਹਾਸਕ ਪਿਛੋਕੜ ਅਤੇ ਵਰਤਮਾਨ ਪ੍ਰਸੰਗਿਕਤਾ** ਵਿਸ਼ੇ ਉਤੇ ਪੀਐਚ.ਡੀ. ਦਾ ਖੋਜ-ਪ੍ਰਬੰਧ ਮੇਰੀ ਨਿਗਰਾਨੀ ਹੇਠ ਮੁਕੰਮਲ ਕੀਤਾ ਹੈ। ਇਹ ਖੋਜਾਰਥੀ ਦਾ ਮੌਲਿਕ ਖੋਜ-ਕਾਰਜ ਹੈ ਅਤੇ ਉਸ ਦੇ ਨਿੱਜੀ ਅਕਾਦਮਿਕ ਪ੍ਰਯਤਨ ਦਾ ਫਲ ਹੈ। ਮੈਂ ਇਸ ਖੋਜ-ਕਾਰਜ ਨੂੰ ਪੀਐਚ.ਡੀ. ਦੀ ਉਪਾਧੀ ਲਈ ਪੂਰੀ ਤਰ੍ਹਾਂ ਯੋਗ ਸਮਝਦੀ ਹੋਈ, ਇਸ ਦੇ ਮੁਲੰਕਣ ਲਈ ਪ੍ਰਸਤੁਤ ਕਰਨ ਦੀ ਸਿਫ਼ਾਰਿਸ਼ ਕਰਦੀ ਹਾਂ।

**ਨਿਗਰਾਨ:**

ਬਲਵਿੰਦਰਜੀਤ ਕੌਰ

ਮਿਤੀ: 02/09/2021

ਡਾ. ਬਲਵਿੰਦਰਜੀਤ ਕੌਰ ਭੱਟੀ
ਪ੍ਰੋਫੈਸਰ
ਪੰਜਾਬ ਇਤਿਹਾਸ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਤਤਕਰਾ


**ਭੂਮਿਕਾ** i-xv

**ਅਧਿਆਇ ਪਹਿਲਾ** 1-68

ਸਿੱਖ ਧਾਰਮਿਕ ਅਸਥਾਨ : ਸਿਧਾਂਤਕ ਪਰਿਪੇਖ

**ਅਧਿਆਇ ਦੂਜਾ** 69-107

ਸਿੱਖ ਧਾਰਮਿਕ ਅਸਥਾਨ : ਇਤਿਹਾਸਕ ਪਿਛੋਕੜ

**ਅਧਿਆਇ ਤੀਜਾ** 108-254

ਪੁਆਧ ਖੇਤਰ ਦੇ ਸਿੱਖ ਧਾਰਮਿਕ ਅਸਥਾਨ : ਸਰਵੇਖਣ

**ਅਧਿਆਇ ਚੌਥਾ** 255-297

ਪੁਆਧ ਖੇਤਰ ਦੇ ਸਿੱਖ ਧਾਰਮਿਕ ਅਸਥਾਨਾਂ ਦਾ ਯੋਗਦਾਨ ਅਤੇ ਵਰਤਮਾਨ ਪ੍ਰਸੰਗਿਕਤਾ

**ਨਿਸ਼ਕਰਸ਼ ਅਤੇ ਸਥਾਪਨਾਵਾਂ** 298-304

**ਪੁਸਤਕ ਸੂਚੀ** 305-319

**ਅੰਤਿਕਾ - I** I - IV

**ਅੰਤਿਕਾ - II** V-XXXIV

ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ||
ਗੁਰਸਿਖੀ  ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ||

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 450

# ਭੂਮਿਕਾ

ਭਾਸ਼ਾ ਵਿਗਿਆਨੀਆਂ ਵੱਲੋਂ ਪੰਜਾਬ ਪ੍ਰਾਂਤ ਨੂੰ ਭਾਸ਼ਾਈ ਆਧਾਰ ਉਤੇ ਚਾਰ ਹਿੱਸਿਆਂ ਵਿਚ ਵੰਡਿਆ ਗਿਆ ਹੈ। ਇਹ ਖੇਤਰ ਮਾਝਾ, ਮਾਲਵਾ, ਦੁਆਬਾ ਅਤੇ ਪੁਆਧ ਹਨ। ਇਹਨਾਂ ਵਿਚੋਂ ਸਾਡੇ ਖੋਜ ਪ੍ਰਬੰਧ ਦਾ ਸੰਬੰਧ ਪੁਆਧ ਖੇਤਰ ਨਾਲ ਹੈ। ਜਿਥੇ ਪੁਆਧ ਖੇਤਰ ਭਾਸ਼ਾ ਪੱਖੋਂ ਬਾਕੀ ਖੇਤਰਾਂ ਨਾਲੋਂ ਵਿਲੱਖਣਤਾ ਦਾ ਧਾਰਨੀ ਹੈ, ਉਥੇ ਹੀ ਇਹ ਕਾਫ਼ੀ ਵੱਡਾ ਵੱਖਰਾ ਭੂਗੋਲਿਕ ਖਿੱਤਾ ਵੀ ਹੈ।

ਪ੍ਰੋ. ਜੋਗਿੰਦਰ ਸਿੰਘ, ਮਨਮੋਹਨ ਸਿੰਘ ਦਾਊਂ ਆਦਿ ਵਿਦਵਾਨਾਂ ਨੇ ਪੁਆਧ ਖੇਤਰ ਸੰਬੰਧੀ ਕੀਤੇ ਖੋਜ ਕਾਰਜਾਂ ਵਿਚ ਇਸਦੀ ਵਿਸ਼ਾਲਤਾ ਦਾ ਜ਼ਿਕਰ ਕੀਤਾ ਹੈ। ਇਹਨਾਂ ਵਿਦਵਾਨਾਂ ਅਨੁਸਾਰ ਇਸ ਖੇਤਰ ਵਿਚ ਜ਼ਿਲ੍ਹਾ ਰੂਪਨਗਰ ਵਿਚਲੇ ਸ਼ਹਿਰ ਅਨੰਦਪੁਰ ਸਾਹਿਬ, ਕੀਰਤਪੁਰ ਸਾਹਿਬ, ਚਮਕੌਰ ਸਾਹਿਬ, ਮੋਰਿੰਡਾ ਆਦਿ, ਜ਼ਿਲ੍ਹਾ ਐਸ. ਏ. ਐਸ. ਨਗਰ (ਮੋਹਾਲੀ) ਦਾ ਸਾਰਾ ਇਲਾਕਾ, ਚੰਡੀਗੜ੍ਹ ਅਤੇ ਹਰਿਆਣੇ ਵਿਚ ਅੰਬਾਲੇ ਤੱਕ ਦਾ ਇਲਾਕਾ ਆਉਂਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਪੁਆਧ ਪਹਾੜ ਦੇ ਪੈਰਾਂ ਪਾਸ ਦਾ ਦੇਸ਼, ਜ਼ਿਲ੍ਹਾ ਅੰਬਾਲਾ ਦੇ ਆਸ ਪਾਸ ਦੇ ਇਲਾਕੇ ਨੂੰ ਮੰਨਿਆ ਹੈ। ਇਸ ਤੋਂ ਇਲਾਵਾ ਕੁਝ ਵਿਦਵਾਨਾਂ ਦਾ ਮੰਨਣਾ ਹੈ ਕਿ ਇਸ ਖੇਤਰ ਵਿਚ ਜੀਂਦ ਤੱਕ ਅਤੇ ਸਤਲੁਜ ਦਰਿਆ ਤੋਂ ਲੁਧਿਆਣੇ ਸ਼ਹਿਰ ਵੱਲ ਦਾ ਇਲਾਕਾ ਸ਼ੁਮਾਰ ਹੁੰਦਾ ਹੈ। ਅਧਿਐਨ ਕਰਦਿਆਂ ਇਹ ਤੱਥ ਸਾਹਮਣੇ ਆਏ ਹਨ ਕਿ ਵੱਖ-ਵੱਖ ਵਿਦਵਾਨਾਂ ਨੇ ਪੁਆਧ ਖੇਤਰ ਦਾ ਘੇਰਾ ਬਹੁਤ ਵਿਸ਼ਾਲ ਮੰਨਿਆ ਹੈ।

ਪੁਆਧ ਖੇਤਰ ਦਾ ਸਿੱਖ ਧਰਮ ਨਾਲ ਵੀ ਬਹੁਤ ਗਹਿਰਾ ਸੰਬੰਧ ਦ੍ਰਿਸ਼ਟੀਗੋਚਰ ਹੁੰਦਾ ਹੈ। ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਕੀਰਤਪੁਰ ਆ ਕੇ ਵਸਣ ਤੋਂ ਬਾਅਦ ਇਹ ਖੇਤਰ ਸਿੱਖ ਗਤੀਵਿਧੀਆਂ ਦਾ ਕੇਂਦਰ ਬਣ ਗਿਆ ਸੀ। ਸੱਤਵੇਂ ਪਾਤਸ਼ਾਹ ਗੁਰੂ ਹਰਿਰਾਇ ਜੀ ਅਤੇ ਅੱਠਵੇਂ ਪਾਤਸ਼ਾਹ ਗੁਰੂ ਹਰਿਕ੍ਰਿਸ਼ਨ ਜੀ ਨੇ ਇਸ ਖੇਤਰ ਦੇ ਨਗਰ ਕੀਰਤਪੁਰ ਸਾਹਿਬ ਵਿਚ ਹੀ ਆਪਣੀ ਰਿਹਾਇਸ਼ ਕੀਤੀ ਅਤੇ ਧਰਮ ਦਾ ਪ੍ਰਚਾਰ ਕੀਤਾ। ਨੌਂਵੇ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਨੇ ਇਸ ਖੇਤਰ ਵਿਚ 'ਚੱਕ ਨਾਨਕੀ' ਨਾਂ ਦਾ ਨਗਰ ਵਸਾਇਆ ਅਤੇ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਨੂੰ ਸਿੱਖੀ ਪ੍ਰਚਾਰ ਦੇ ਕੇਂਦਰ ਵਜੋਂ ਚੁਣਿਆ। ਇਸ ਲਈ ਇਸ ਖੇਤਰ ਵਿਚ ਗੁਰੂ ਸਾਹਿਬਾਨ ਦੀ ਚਰਨ ਛੋਹ

ਪ੍ਰਾਪਤ ਅਨੇਕਾਂ ਸਿੱਖ ਧਾਰਮਿਕ ਅਸਥਾਨ ਹਨ, ਜਿਹਨਾਂ ਦਾ ਅਧਿਐਨ ਅਸੀਂ ਆਪਣੇ ਖੋਜ ਪ੍ਰਬੰਧ ਵਿਚ ਕੀਤਾ ਹੈ।

ਹਥਲੇ ਖੋਜ ਪ੍ਰਬੰਧ ਦਾ ਸੰਬੰਧ ਪੁਆਧ ਖੇਤਰ ਵਿਚਲੇ ਸਿੱਖ ਧਾਰਮਿਕ ਅਸਥਾਨਾਂ ਦੇ ਇਤਿਹਾਸਕ ਪਿਛੋਕੜ ਅਤੇ ਵਰਤਮਾਨ ਪ੍ਰਸੰਗਿਕਤਾ ਨਾਲ ਹੈ, ਇਸ ਲਈ ਅਸੀਂ ਆਪਣੇ ਖੋਜ ਪ੍ਰਬੰਧ ਦੀ ਵਿਸ਼ਾਲਤਾ ਅਤੇ ਮਹੱਤਤਾ ਨੂੰ ਪਛਾਣਦੇ ਹੋਏ, ਇਸ ਦੀ ਸੀਮਾ ਨਿਰਧਾਰਿਤ ਕੀਤੀ ਹੈ। ਖੋਜ ਪ੍ਰਬੰਧ ਦੇ ਅਧਿਐਨ ਦਾ ਘੇਰਾ ਪੁਆਧ ਖੇਤਰ ਦੇ ਜ਼ਿਲ੍ਹਾ ਰੂਪਨਗਰ ਅਤੇ ਜ਼ਿਲ੍ਹਾ ਐਸ. ਏ. ਐਸ. ਨਗਰ (ਮੁਹਾਲੀ) ਦੇ ਸਿੱਖ ਧਾਰਮਿਕ ਅਸਥਾਨਾਂ ਤੱਕ ਨਿਰਧਾਰਿਤ ਕੀਤਾ ਗਿਆ ਹੈ। ਇਸ ਤਰਾਂ ਅਸੀਂ ਪੁਆਧ ਖੇਤਰ ਦੇ ਦੋ ਜ਼ਿਲ੍ਹਿਆਂ ਨੂੰ ਹੀ ਅਧਿਐਨ ਕਾਰਜ ਵਿਚ ਸ਼ਾਮਿਲ ਕੀਤਾ ਹੈ।

**ਪੂਰਵ ਕਾਰਜਾਂ ਦਾ ਸਰਵੇਖਣ**

ਸ਼ਮਸ਼ੇਰ ਸਿੰਘ ਅਸ਼ੋਕ ਦੁਆਰਾ *'ਪ੍ਰਸਿੱਧ ਗੁਰਦੁਆਰੇ'* ਪੁਸਤਕ ਲਿਖੀ ਅਤੇ ਜਿਸਨੂੰ ਭਾਸ਼ਾ ਵਿਭਾਗ, ਪੰਜਾਬ ਨੇ 1991 ਈਸਵੀ ਵਿਚ ਪਹਿਲੀ ਵਾਰ ਪ੍ਰਕਾਸ਼ਿਤ ਕਰਵਾਇਆ। 54 ਕੁ ਪੰਨਿਆਂ ਵਾਲੀ ਛੋਟੇ ਆਕਾਰ ਦੀ ਇਸ ਪੁਸਤਕ ਵਿਚ ਉਹਨਾਂ ਨੇ ਵਿਸ਼ਵ ਦੇ ਕੁਝ ਕੁ ਪ੍ਰਸਿੱਧ ਗੁਰਦੁਆਰਿਆਂ ਦਾ ਸੰਖੇਪ ਇਤਿਹਾਸ ਹੀ ਲਿਖਿਆ ਹੈ। ਇਸ ਲਈ ਇਹ ਪੁਸਤਕ ਸਮੱਗਰੀ ਦੇ ਪੱਖੋਂ ਬਹੁਤ ਸੀਮਤ ਜਾਣਕਾਰੀ ਹੀ ਮੁਹੱਈਆ ਕਰਵਾਉਂਦੀ ਹੈ।

ਪੰਡਿਤ ਤਾਰਾ ਸਿੰਘ ਨਰੋਤਮ ਕ੍ਰਿਤ *ਸ੍ਰੀ ਗੁਰ ਤੀਰਥ ਸੰਗ੍ਰਹਿ,* ਕਨਖਲ (ਹਰਿਦੁਆਰ) ਤੋਂ ਸੰਨ 1884 ਈਸਵੀ ਵਿਚ ਪ੍ਰਕਾਸ਼ਿਤ ਕੀਤੀ ਗਈ ਸੀ। ਇਸ ਪੁਸਤਕ ਵਿਚ ਬਹੁਤ ਸਾਰੇ ਗੁਰਦੁਆਰਿਆਂ ਦੀ ਸੀਮਤ ਜਾਣਕਾਰੀ ਹੀ ਦਿੱਤੀ ਗਈ ਹੈ। ਇਸ ਪੁਸਤਕ ਨੂੰ ਤਿਆਰ ਕਰਨ ਲਈ ਗਿਆਨੀ ਗਿਆਨ ਸਿੰਘ ਜੀ, ਆਪਣੇ ਵਿੱਦਿਆਦਾਤੇ ਪੰਡਿਤ ਤਾਰਾ ਸਿੰਘ ਨਰੋਤਮ ਨੂੰ ਸਮੱਗਰੀ ਨੋਟ ਕਰਕੇ ਭੇਜਦੇ ਸਨ ਅਤੇ ਹੋਰ ਨਵੇਂ ਅਸਥਾਨਾਂ ਬਾਰੇ ਵੀ ਜਾਣਕਾਰੀ ਪ੍ਰਾਪਤ ਕਰਦੇ ਸਨ। ਉਸ ਪ੍ਰਾਪਤ ਹੋਈ ਸਮੱਗਰੀ ਦੇ ਆਧਾਰ ਉਤੇ ਹੀ ਪੰਡਿਤ ਤਾਰਾ ਸਿੰਘ ਨਰੋਤਮ ਨੇ *'ਸ੍ਰੀ ਗੁਰ ਤੀਰਥ ਸੰਗ੍ਰਹਿ'* ਨਾਮੀ ਪੁਸਤਕ ਤਿਆਰ ਕੀਤੀ। ਪੰਡਿਤ ਜੀ ਨੇ ਗੁਰਧਾਮਾਂ ਸੰਬੰਧੀ ਸਮੱਗਰੀ ਗਿਆਨੀ ਗਿਆਨ ਸਿੰਘ ਪਾਸੋਂ ਪ੍ਰਾਪਤ ਕਰਨ ਦੀ ਗੱਲ ਦਾ ਜ਼ਿਕਰ ਖੁਦ ਵੀ ਕੀਤਾ ਹੈ। ਇਸ ਪੁਸਤਕ ਵਿਚ ਪੰਡਿਤ ਤਾਰਾ ਸਿੰਘ ਨਰੋਤਮ ਨੇ ਗੁਰਧਾਮਾਂ ਦੀ ਸੰਖੇਪ ਜਿਹੀ ਜਾਣਕਾਰੀ ਹੀ

ਦਰਜ ਕੀਤੀ ਸੀ, ਜਿਸ ਕਾਰਨ ਹੁਣ ਇਸ ਵਿਚਲੀ ਜਾਣਕਾਰੀ ਵਿਚ ਵਾਧਿਆਂ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਗਿਆਨੀ ਗਿਆਨ ਸਿੰਘ ਦੀ ਕ੍ਰਿਤ *'ਗੁਰਧਾਮ ਸੰਗ੍ਰਹਿ'* ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ ਨੇ ਕੇਂਦਰੀ ਸਿੰਘ ਸਭਾ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕਰਵਾਈ ਸੀ। ਇਸ ਪੁਸਤਕ ਵਿਚ ਗਿਆਨੀ ਗਿਆਨ ਸਿੰਘ ਨੇ ਸਿੱਖ ਗੁਰਧਾਮਾਂ ਦਾ ਸਰਵੇਖਣ ਕੀਤਾ ਹੈ। ਉਹਨਾਂ ਨੇ ਇਸ ਪੁਸਤਕ ਵਿਚ ਗੁਰਦੁਆਰਿਆਂ ਦੀ ਜਾਣਕਾਰੀ ਗੁਰੂ ਸਾਹਿਬਾਨ ਦੇ ਕ੍ਰਮ ਅਨੁਸਾਰ ਦਰਜ ਕੀਤੀ ਹੈ।

ਗੁਰਦਿੱਤ ਸਿੰਘ, ਇਸ ਪੁਸਤਕ ਦੀ ਭੂਮਿਕਾ ਵਿਚ ਲਿਖਦੇ ਹਨ ਕਿ *'ਗੁਰਧਾਮ ਸੰਗ੍ਰਹਿ'* ਗ੍ਰੰਥ ਵਿਚ ਜਿਥੇ ਗੁਰੂ ਸਾਹਿਬਾਨ ਦੇ ਚਰਨ ਪਏ, ਉਹਨਾਂ ਥਾਵਾਂ ਬਾਰੇ ਜੋ ਜਾਣਕਾਰੀਆਂ ਦਿੱਤੀਆਂ ਹਨ, ਉਸ ਤੋਂ ਕਈ ਹੋਰ ਵਸਤਾਂ ਦਾ ਪਤਾ ਲੱਗਦਾ ਹੈ। ਅਜਿਹੀਆਂ ਚੀਜ਼ਾਂ ਬਾਰੇ ਦਿੱਤੇ ਕਈ ਫੁਟਨੋਟ, ਮੂਲ ਗ੍ਰੰਥ ਵਿਚਲੀ ਲਿਖਤ ਤੋਂ ਵੀ ਕੀਮਤੀ ਹਨ। ਇਹ ਮੂਲ ਲਿਖਤ ਤੇ ਸ਼ਿੰਗਾਰ ਵੀ ਹਨ।

ਇਸ ਪੁਸਤਕ ਵਿਚ ਸੰਖੇਪ ਵਿਚ ਦਸ ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਧਾਮਾਂ ਦੀ ਜਾਣਕਾਰੀ ਦਿੱਤੀ ਗਈ ਹੈ। ਗਿਆਨੀ ਜੀ ਨੇ ਇਸ ਪੁਸਤਕ ਵਿਚ ਸਿਰਫ ਸੰਬੰਧਿਤ ਗੁਰਦੁਆਰਿਆਂ ਵਿਚਲੀ ਘਟਨਾ ਦਾ ਹੀ ਜ਼ਿਕਰ ਕੀਤਾ ਹੈ। ਇਸ ਤੋਂ ਇਲਾਵਾ ਉਹਨਾਂ ਨੇ ਗੁਰਧਾਮਾਂ ਸੰਬੰਧੀ ਵਧੇਰੇ ਜਾਣਕਾਰੀ ਨਹੀਂ ਦਿੱਤੀ, ਨਾ ਹੀ ਗੁਰਦੁਆਰੇ ਦੀ ਸਥਿਤੀ ਅਤੇ ਪ੍ਰਬੰਧ ਆਦਿ ਬਾਰੇ ਜ਼ਿਕਰ ਕੀਤਾ ਹੈ।

ਗਿਆਨੀ ਗੁਰਦਿੱਤ ਸਿੰਘ ਦੁਆਰਾ ਲਿਖਿਤ *"ਗੁਰਧਾਮ ਦੀਦਾਰ' ਅਰਥਾਤ* ਗੁਰਧਾਮ ਦਰਪਨ ਨਾਂ ਦੀ ਪੁਸਤਕ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੁਆਰਾ ਜੁਲਾਈ, 2009 ਈਸਵੀ ਵਿਚ ਪ੍ਰਕਾਸ਼ਿਤ ਕੀਤੀ ਗਈ ਸੀ। ਗਿਆਨੀ ਗੁਰਦਿੱਤ ਸਿੰਘ ਨੇ ਪੁਸਤਕ ਦੇ ਸਿਰਲੇਖ ਵਿਚ ਹੀ ਇਹ ਸਪਸ਼ਟ ਕਰ ਦਿੱਤਾ ਹੈ ਕਿ ਇਹ ਪੁਸਤਕ ਭਾਈ ਕਾਨ੍ਹ ਸਿੰਘ ਨਾਭਾ ਦੀ ਕ੍ਰਿਤ *'ਗੁਰੁਸ਼ਬਦ ਰਤਨਾਕਰ ਮਹਾਨ ਕੋਸ਼'* ਦੇ ਆਧਾਰ 'ਤੇ ਤਿਆਰ ਕੀਤੀ ਗਈ ਹੈ। *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼* ਵਿਚ ਜਿੰਨੇ ਵੀ ਗੁਰਦੁਆਰਿਆਂ ਸੰਬੰਧੀ ਇੰਦਰਾਜ ਹਨ, ਉਹ ਗਿਆਨੀ ਗੁਰਦਿੱਤ ਸਿੰਘ ਨੇ ਇਕ ਪੁਸਤਕ ਵਿਚ ਸੰਗ੍ਰਹਿਤ ਕਰ ਦਿੱਤੇ ਹਨ। ਜਿੰਨੀ ਜਾਣਕਾਰੀ ਮਹਾਨ ਕੋਸ਼ ਵਿਚ ਦਿੱਤੀ ਗਈ ਹੈ, ਸਿਰਫ

ਓਨੀ ਹੀ ਜਾਣਕਾਰੀ ਇਸ ਪੁਸਤਕ ਵਿਚ ਦਰਜ ਕੀਤੀ ਗਈ ਹੈ, ਹੋਰ ਕਿਸੇ ਕਿਸਮ ਦੇ ਵਾਧੇ ਨਹੀਂ ਕੀਤੇ ਗਏ।

ਗਿਆਨੀ ਭਜਨ ਸਿੰਘ, ਦੁਆਰਾ ਲਿਖੀ ਹੋਈ ਪੁਸਤਕ, *ਸਾਡੇ ਇਤਿਹਾਸਕ ਗੁਰਧਾਮ, (ਮਾਝਾ, ਮਾਲਵਾ, ਦੁਆਬਾ ਅਤੇ ਹਿਮਾਚਲ ਪ੍ਰਦੇਸ਼ ਦੇ ਗੁਰਦੁਆਰੇ),* ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ ਵਾਲਿਆਂ ਵੱਲੋਂ ਸੰਨ 2012 (ਤੀਜੀ ਐਡੀਸ਼ਨ) ਪ੍ਰਕਾਸ਼ਿਤ ਕੀਤੀ ਗਈ ਸੀ। ਗਿਆਨੀ ਭਜਨ ਸਿੰਘ ਲਿਖਦੇ ਹਨ ਕਿ ਉਹਨਾਂ ਨੇ ਇਹ ਪੁਸਤਕ ਕਈ ਸਾਲਾਂ ਦੀ ਮਿਹਨਤ ਤੋਂ ਬਾਅਦ ਤਿਆਰ ਕੀਤੀ ਹੈ, ਜਿਸ ਵਿਚ ਉਹਨਾਂ ਨੇ ਪੁਰਾਤਨ ਅਤੇ ਨਵੀਨ ਲਿਖਾਰੀਆਂ ਦੀਆਂ ਲਿਖਤਾਂ ਤੋਂ ਸਮੱਗਰੀ ਇਕੱਤਰ ਕੀਤੀ ਹੈ। ਇਸ ਪੁਸਤਕ ਵਿਚ ਉਹਨਾਂ ਨੇ ਗੁਰਦੁਆਰਾ ਸਾਹਿਬਾਨ ਦੀ ਜਾਣਕਾਰੀ ਦੇਣ ਦੇ ਨਾਲ-ਨਾਲ ਪ੍ਰਮੁੱਖ ਗੁਰਦੁਆਰਿਆਂ ਦੀਆਂ ਰੰਗਦਾਰ ਫੋਟੋਆਂ ਵੀ ਛਾਪੀਆਂ ਹਨ।

ਭਾਈ ਧੰਨਾ ਸਿੰਘ ਪਟਿਆਲਵੀ ਦੁਆਰਾ ਲਿਖੀ ਇਹ ਪੁਸਤਕ, ਉਸ ਦੀ ਸਾਰੇ ਗੁਰਦੁਆਰਿਆਂ ਦੀ ਸਾਈਕਲ ਉਤੇ ਕੀਤੀ ਯਾਤਰਾ ਸਮੇਂ ਲਿਖੀਆਂ ਡਾਇਰੀਆਂ ਦੇ ਆਧਾਰ 'ਤੇ ਤਿਆਰ ਕੀਤੀ ਗਈ ਹੈ। ਇਹ ਕਿਤਾਬ ਚੇਤਨ ਸਿੰਘ ਨੇ ਸੰਪਾਦਿਤ ਕੀਤੀ ਹੈ ਅਤੇ ਯੂਰਪੀਅਨ ਪੰਜਾਬੀ ਸੱਥ, ਵਾਲਸਾਲ, ਯੂ. ਕੇ., ਨੇ ਸਤੰਬਰ 2016 ਵਿਚ ਪ੍ਰਕਾਸ਼ਿਤ ਕਰਵਾਈ ਸੀ। ਇਸ ਪੁਸਤਕ ਵਿਚ ਸਾਰੇ ਭਾਰਤ ਦੇ ਗੁਰਦੁਆਰਿਆਂ ਦਾ ਸਰਵੇਖਣ ਕਰਕੇ ਜਾਣਕਾਰੀ ਦਰਜ ਕੀਤੀ ਗਈ ਹੈ ਅਤੇ ਉਸ ਸਮੇਂ ਭਾਈ ਧੰਨਾ ਸਿੰਘ ਦੁਆਰਾ ਗੁਰ-ਅਸਥਾਨਾਂ ਦੀਆਂ ਫੋਟੋਆਂ ਵੀ ਖਿੱਚੀਆਂ ਗਈਆਂ ਸਨ, ਉਹ ਵੀ ਇਸ ਪੁਸਤਕ ਵਿਚ ਛਾਪੀਆਂ ਹੋਈਆਂ ਹਨ।

ਇਹ ਪੁਸਤਕ ਭਾਈ ਧੰਨਾ ਸਿੰਘ ਦੀ 1920-30 ਈਸਵੀ ਤੱਕ ਦੀ ਸਾਈਕਲ ਯਾਤਰਾ ਦੇ ਆਧਾਰ 'ਤੇ ਲਿਖੀ ਗਈ ਸੀ। ਇਸ ਪੁਸਤਕ ਵਿਚ ਭਾਵੇਂ ਕਿ ਸਾਰੇ ਇਤਿਹਾਸਕ ਗੁਰਦੁਆਰਿਆਂ ਦੀ ਜਾਣਕਾਰੀ ਦਿੱਤੀ ਗਈ ਹੈ ਪਰ ਫਿਰ ਵੀ ਸਮੇਂ ਨਾਲ ਇਸ ਜਾਣਕਾਰੀ ਵਿਚ ਬਹੁਤ ਸਾਰੀਆਂ ਸੰਭਾਵਨਾਵਾਂ ਪੈਦਾ ਹੋ ਗਈਆਂ ਹਨ ਕਿਉਂਕਿ ਹੁਣ ਤੱਕ ਗੁਰਦੁਆਰਿਆਂ ਦੀਆਂ ਨਵੀਆਂ ਇਮਾਰਤਾਂ ਦੀਆਂ ਉਸਾਰੀਆਂ ਹੋ ਗਈਆਂ ਹਨ ਅਤੇ ਹੋਰ ਵੀ ਬਹੁਤ ਸਾਰੀਆਂ ਤਬਦੀਲੀਆਂ ਆ ਗਈਆਂ ਹਨ।

ਮੇਜਰ ਗੁਰਮੁਖ ਸਿੰਘ ਨੇ *Historical Sikh Shrines* ਨਾਂ ਦੀ ਪੁਸਤਕ ਅੰਗਰੇਜ਼ੀ ਭਾਸ਼ਾ ਵਿਚ ਲਿਖੀ, ਜੋ ਕਿ 'ਸਿੰਘ ਬ੍ਰਦਰਜ਼, ਅੰਮ੍ਰਿਤਸਰ' ਦੁਆਰਾ 1995 ਈਸਵੀ ਵਿਚ ਪ੍ਰਕਾਸ਼ਿਤ ਕੀਤੀ ਗਈ ਸੀ।

ਇਸ ਪੁਸਤਕ ਵਿਚ ਮੇਜਰ ਗੁਰਮੁਖ ਸਿੰਘ ਨੇ ਪੂਰੇ ਵਿਸ਼ਵ ਦੇ ਇਤਿਹਾਸਕ ਗੁਰਦੁਆਰਿਆਂ ਦੀ ਜਾਣਕਾਰੀ ਦੇਸ਼, ਪ੍ਰਾਂਤ ਅਤੇ ਫਿਰ ਪੰਜਾਬ ਪ੍ਰਾਂਤ ਵਿਚਲੇ ਜ਼ਿਲ੍ਹਿਆਂ ਅਨੁਸਾਰ ਦਿੱਤੀ ਹੋਈ ਹੈ। ਇਸ ਪੁਸਤਕ ਵਿਚ ਸਿਰਫ ਪ੍ਰਮੁੱਖ ਗੁਰਦੁਆਰਿਆਂ ਸੰਬੰਧੀ ਜਾਣਕਾਰੀ ਹੀ ਪ੍ਰਾਪਤ ਹੁੰਦੀ ਹੈ। ਪੰਜਾਬ ਵਿਚਲੇ ਗੁਰਦੁਆਰਿਆਂ ਨੂੰ ਜ਼ਿਲ੍ਹਿਆਂ ਅਨੁਸਾਰ ਵਰਗੀਕ੍ਰਤ ਕਰਕੇ ਜਾਣਕਾਰੀ ਮੁਹੱਈਆ ਕਰਵਾਈ ਗਈ ਹੈ।

ਇਹਨਾਂ ਪੁਸਤਕਾਂ ਤੋਂ ਇਲਾਵਾ ਕੋਸ਼ਾਂ ਵਿਚ ਵੀ ਇਸ ਵਿਸ਼ੇ ਨਾਲ ਸੰਬੰਧਿਤ ਸਮੱਗਰੀ ਪ੍ਰਾਪਤ ਹੁੰਦੀ ਹੈ। ਇਹਨਾਂ ਕੋਸ਼ਾਂ ਵਿਚੋਂ ਸਭ ਤੋਂ ਪਹਿਲਾ, ਭਾਈ ਕਾਨ੍ਹ ਸਿੰਘ ਨਾਭਾ ਦਾ *'ਗੁਰੁਸ਼ਬਦ ਰਤਨਾਕਰ ਮਹਾਨ ਕੋਸ਼'* ਹੈ, ਜੋ ਕਿ ਪਹਿਲੀ ਵਾਰ 1930 ਈਸਵੀ ਵਿਚ ਚਾਰ ਭਾਗਾਂ (ਜਿਲਦਾਂ) ਵਿਚ ਪ੍ਰਕਾਸ਼ਿਤ ਹੋਇਆ ਸੀ ਅਤੇ 1960 ਈਸਵੀ ਵਿਚ ਭਾਸ਼ਾ ਵਿਭਾਗ ਨੇ ਇਕ ਸੈਂਚੀ ਵਿਚ ਪ੍ਰਕਾਸ਼ਿਤ ਕੀਤਾ ਸੀ। ਇਸ ਕੋਸ਼ ਵਿਚ ਹੋਰ ਇੰਦਰਾਜਾਂ ਤੋਂ ਇਲਾਵਾ ਅਨੇਕਾਂ ਇਤਿਹਾਸਕ ਗੁਰਦੁਆਰਿਆਂ ਦੇ ਇੰਦਰਾਜ ਵੀ ਦਰਜ ਕੀਤੇ ਹੋਏ ਹਨ। ਭਾਈ ਕਾਨ੍ਹ ਸਿੰਘ ਨਾਭਾ ਨੇ ਧਾਰਮਿਕ ਅਸਥਾਨਾਂ ਦੀ ਸਥਿਤੀ ਦਾ ਵੇਰਵਾ ਆਪਣੇ ਸਮਕਾਲ ਤੱਕ ਦਿੱਤਾ ਸੀ ਪਰ ਉਸ ਤੋਂ ਉਪਰੰਤ ਇਹਨਾਂ ਗੁਰਧਾਮਾਂ ਦੀ ਬਣਤਰ ਅਤੇ ਪ੍ਰਬੰਧ ਵਿਚ ਅਨੇਕਾਂ ਤਬਦੀਲੀਆਂ ਆ ਗਈਆਂ ਹਨ।

ਜਸਬੀਰ ਸਿੰਘ ਸਰਨਾ ਤੇ ਦਿਲਜੀਤ ਸਿੰਘ ਬੇਦੀ ਦੁਆਰਾ ਸੰਪਾਦਿਤ ਕੀਤਾ *'ਗੁਰਦੁਆਰਾ ਕੋਸ਼',* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਨੇ ਸੰਨ 2013 ਈਸਵੀ ਵਿਚ (ਪਹਿਲੀ ਵਾਰ) ਪ੍ਰਕਾਸ਼ਿਤ ਕੀਤਾ ਸੀ। ਇਸ ਕੋਸ਼ ਵਿਚ ਸਿਰਫ ਗੁਰਦੁਆਰਿਆਂ ਦੇ ਹੀ ਇੰਦਰਾਜ ਦਿੱਤੇ ਗਏ ਹਨ। ਇਸ ਕੋਸ਼ ਦੀਆਂ ਆਪਣੀਆਂ ਸੀਮਾਵਾਂ ਹਨ। ਇਸ ਵਿਚ ਸਾਰੇ ਗੁਰਧਾਮਾਂ ਦੇ ਇੰਦਰਾਜ ਪ੍ਰਾਪਤ ਨਹੀਂ ਹੁੰਦੇ। ਇਸ ਕੋਸ਼ ਵਿਚੋਂ ਕਿਸੇ ਗੁਰਦੁਆਰੇ ਦਾ ਇੰਦਰਾਜ ਲੱਭਣ ਵਿਚ ਵੀ ਮੁਸ਼ਕਿਲ ਆਉਂਦੀ ਹੈ ਕਿਉਂਕਿ ਇਸਦਾ ਤਤਕਰਾ ਕੋਸ਼ ਦੇ ਪਿੱਛੇ ਦਿੱਤਾ ਗਿਆ ਹੈ ਅਤੇ ਗੁਰਦੁਆਰੇ ਦੇ ਇੰਦਰਾਜ ਸਾਹਮਣੇ ਪੰਨਾ ਨੰਬਰ ਵੀ ਨਹੀਂ ਦਿੱਤਾ ਗਿਆ। ਕਈ ਇੰਦਰਾਜਾਂ ਵਿਚ ਗੁਰਧਾਮਾਂ ਸੰਬੰਧੀ ਇਤਿਹਾਸਕ ਜਾਣਕਾਰੀ ਦਾ ਵੀ ਅਭਾਵ ਹੈ।

ਇਸ ਤੋਂ ਇਲਾਵਾ ਕੁਝ ਹੋਰ ਕੋਸ਼ ਜਿਵੇਂ ; ਜੋਧ ਸਿੰਘ ਦੁਆਰਾ ਸੰਪਾਦਿਤ *ਸਿੱਖ ਧਰਮ ਵਿਸ਼ਵਕੋਸ਼ (ਦੋ ਭਾਗ),* ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ 2013 ਵਿਚ, ਰਤਨ ਸਿੰਘ ਜੱਗੀ ਦੁਆਰਾ ਸੰਪਾਦਿਤ *ਸਿੱਖ ਪੰਥ ਵਿਸ਼ਵਕੋਸ਼,* ਗੁਰ ਰਤਨ ਪਬਲੀਕੇਸ਼ਨ, ਪਟਿਆਲਾ ਤੋਂ 2005 ਵਿਚ ਅਤੇ *ਗੁਰੂ ਗ੍ਰੰਥ ਵਿਸ਼ਵਕੋਸ਼,*

(ਦੋ ਭਾਗ), ਗੁਰ ਰਤਨ ਪਬਲੀਕੇਸ਼ਨ, ਪਟਿਆਲਾ ਤੋਂ 2005 ਵਿਚ ਪ੍ਰਕਾਸ਼ਿਤ ਕੀਤੇ ਗਏ ਹਨ। ਇਹਨਾਂ ਕੋਸ਼ਾਂ ਵਿਚ ਵੀ ਹੋਰ ਜਾਣਕਾਰੀ ਤੋਂ ਇਲਾਵਾ ਕੁਝ ਗੁਰਦੁਆਰਿਆਂ ਨਾਲ ਸੰਬੰਧਿਤ ਇੰਦਰਾਜ ਵੀ ਪ੍ਰਾਪਤ ਹੁੰਦੇ ਹਨ।

ਉਪਰੋਕਤ ਪੁਸਤਕਾਂ, ਕੋਸ਼ਾਂ ਆਦਿ ਵਿਚੋਂ ਗੁਰਦੁਆਰਾ ਸਾਹਿਬਾਨ ਦੀ ਸਿਧਾਂਤਕ ਜਾਣਕਾਰੀ, ਇਤਿਹਾਸਕ ਪਿਛੋਕੜ ਅਤੇ ਸਰਵੇਖਣ ਆਦਿ ਸੰਬੰਧੀ ਮੁਕੰਮਲ ਜਾਣਕਾਰੀ ਨਹੀਂ ਮਿਲਦੀ। ਇਸ ਲਈ ਹਥਲੇ ਖੋਜ ਪ੍ਰਬੰਧ ਵਿਚ ਅਸੀਂ ਇਹਨਾਂ ਸਾਰੇ ਪੱਖਾਂ ਬਾਰੇ ਅਧਿਐਨ ਕਰਕੇ ਅਕਾਦਮਿਕ ਦ੍ਰਿਸ਼ਟੀ ਤੋਂ ਸਮੱਗਰੀ ਇਕੱਤਰ ਕਰਨ ਦਾ ਨਿਮਾਣਾ ਜਿਹਾ ਯਤਨ ਕੀਤਾ ਹੈ।

## ਖੋਜ ਵਿਧੀ

ਖੋਜ-ਕਾਰਜ ਦੀ ਪ੍ਰਕਿਰਤੀ ਨੂੰ ਸਮਝਦੇ ਹੋਏ ਇਤਿਹਾਸਕ ਸ੍ਰੋਤਾਂ ਤੱਕ ਪਹੁੰਚ ਸਥਾਪਿਤ ਕੀਤੀ ਗਈ ਹੈ। ਇਹਨਾਂ ਸ੍ਰੋਤ ਗ੍ਰੰਥਾਂ ਵਿਚੋਂ ਵਿਸ਼ੇ ਨਾਲ ਸੰਬੰਧਿਤ ਹਵਾਲਿਆਂ ਨੂੰ ਧਾਰਮਿਕ ਅਤੇ ਇਤਿਹਾਸਕ ਨਜ਼ਰੀਏ ਤੋਂ ਅਧਿਐਨ ਕਰਕੇ ਸਮੱਗਰੀ ਇਕੱਤਰ ਕੀਤੀ ਗਈ ਹੈ। ਇਸਦੇ ਨਾਲ ਹੀ ਵਿਸ਼ੇ ਨਾਲ ਸੰਬੰਧਿਤ ਸਿੱਖ ਧਾਰਮਿਕ ਅਸਥਾਨਾਂ ਦਾ ਸਰਵੇਖਣ ਵੀ ਕੀਤਾ ਗਿਆ ਹੈ, ਜਿਸਦੇ ਫਲਸਰੂਪ ਵਡਮੁੱਲੀ ਜਾਣਕਾਰੀ ਪ੍ਰਾਪਤ ਹੋਈ ਹੈ। ਇਸ ਤਹਿਤ ਖੋਜ-ਕਾਰਜ ਲਈ ਪਾਠਾਤਮਕ, ਇਤਿਹਾਸਕ ਅਤੇ ਸਮਾਜ-ਸ਼ਾਸਤਰੀ ਖੋਜ ਵਿਧੀਆਂ ਤੋਂ ਅੰਤਰ-ਦ੍ਰਿਸ਼ਟੀਆਂ ਹਾਸਿਲ ਕਰਦੇ ਹੋਏ, ਅਧਿਐਨ ਕਾਰਜ ਨੂੰ ਮੁਕੰਮਲ ਕੀਤਾ ਗਿਆ ਹੈ। ਖੋਜ-ਕਾਰਜ ਦੀ ਵਿਸ਼ਾਲਤਾ ਅਤੇ ਸਾਰਥਿਕਤਾ ਨੂੰ ਪਛਾਣਦੇ ਹੋਏ, ਇਸ ਵਿਧੀ ਨੂੰ ਅੰਤਰ-ਅਨੁਸ਼ਾਸਨੀ ਵਿਧੀ ਦਾ ਨਾਂ ਦਿਤਾ ਜਾ ਸਕਦਾ ਹੈ, ਜਿਸਦੇ ਅੰਤਰਗਤ ਖੋਜ-ਵਿਸ਼ੇ ਨੂੰ ਵਿਚਾਰਿਆ ਗਿਆ ਹੈ।

## ਅਧਿਆਇ ਵੰਡ

ਅਧਿਆਇ ਪਹਿਲਾ : ਸਿੱਖ ਧਾਰਮਿਕ ਅਸਥਾਨ : ਸਿਧਾਂਤਕ ਪਰਿਪੇਖ

ਅਧਿਆਇ ਦੂਜਾ : ਸਿੱਖ ਧਾਰਮਿਕ ਅਸਥਾਨ : ਇਤਿਹਾਸਕ ਪਿਛੋਕੜ

ਅਧਿਆਇ ਤੀਜਾ : ਪੁਆਧ ਖੇਤਰ ਦੇ ਸਿੱਖ ਧਾਰਮਿਕ ਅਸਥਾਨ : ਸਰਵੇਖਣ

ਅਧਿਆਇ ਚੌਥਾ : ਪੁਆਧ ਖੇਤਰ ਦੇ ਸਿੱਖ ਧਾਰਮਿਕ ਅਸਥਾਨਾਂ ਦਾ ਯੋਗਦਾਨ ਅਤੇ ਵਰਤਮਾਨ ਪ੍ਰਸੰਗਿਕਤਾ

: ਨਿਸ਼ਕਰਸ਼ ਅਤੇ ਸਥਾਪਨਾਵਾਂ

: ਅੰਤਿਕਾ

ਖੋਜ ਪ੍ਰਬੰਧ ਦੇ ਪਹਿਲੇ ਅਧਿਆਇ ਵਿਚ ਸਿੱਖ ਧਾਰਮਿਕ ਅਸਥਾਨ ਦੇ ਸਿਧਾਂਤਕ ਪਰਿਪੇਖ ਨੂੰ ਦ੍ਰਿਸ਼ਟੀਗੋਚਰ ਕੀਤਾ ਗਿਆ ਹੈ। ਇਸ ਅਧਿਆਇ ਵਿਚ ਸਭ ਤੋਂ ਪਹਿਲਾਂ ਹਰ ਧਰਮ ਵਿਚ 'ਧਾਰਮਿਕ ਅਸਥਾਨ' ਦੇ ਮਹੱਤਵ ਦਾ ਅਧਿਐਨ ਕਰਦਿਆਂ, ਇਸ ਨੂੰ ਪਰਿਭਾਸ਼ਿਤ ਕੀਤਾ ਗਿਆ ਹੈ। ਉਪਰੰਤ ਵਿਸ਼ਵ ਦੇ ਧਰਮਾਂ ਨੂੰ ਦੋ ਹਿੱਸਿਆਂ (ਸਾਮੀ ਅਤੇ ਭਾਰਤੀ) ਦੀ ਵੰਡ ਅਨੁਸਾਰ, ਉਹਨਾਂ ਧਰਮਾਂ ਵਿਚ ਧਾਰਮਿਕ ਅਸਥਾਨ ਦਾ ਮਹੱਤਵ ਦਰਸਾਇਆ ਗਿਆ ਹੈ। ਸਾਮੀ ਧਰਮਾਂ ਵਿਚ ਯਹੂਦੀ ਧਰਮ ਦੇ ਧਾਰਮਿਕ ਅਸਥਾਨ ਨੂੰ 'ਸਿਨਾਗਾਗ', ਈਸਾਈ ਧਰਮ ਦੇ ਧਾਰਮਿਕ ਅਸਥਾਨ ਨੂੰ 'ਚਰਚ' ਅਤੇ ਇਸਲਾਮ ਧਰਮ ਦੇ ਧਾਰਮਿਕ ਅਸਥਾਨ ਨੂੰ 'ਮਸਜਿਦ ਜਾਂ ਮਸੀਤ' ਆਖਿਆ ਜਾਂਦਾ ਹੈ। ਭਾਰਤੀ ਧਰਮ ਪਰੰਪਰਾ ਵਿਚ ਸਭ ਤੋਂ ਪਹਿਲਾਂ ਜੈਨ ਧਰਮ ਦਾ ਸ਼ੁਮਾਰ ਹੁੰਦਾ ਹੈ, ਇਸਦੇ ਧਾਰਮਿਕ ਅਸਥਾਨ ਨੂੰ 'ਜੈਨ ਮੰਦਰ' ਜਾਂ ਕੁਝ ਇਲਾਕਿਆਂ ਵਿਚ 'ਡੇਰਾਸਰ' ਵੀ ਕਿਹਾ ਜਾਂਦਾ ਹੈ। ਬੁੱਧ ਧਰਮ ਦੇ ਧਾਰਮਿਕ ਅਸਥਾਨ ਨੂੰ 'ਪੈਗੋਡਾ', ਹਿੰਦੂ ਧਰਮ ਦੇ ਅਸਥਾਨ ਨੂੰ 'ਮੰਦਿਰ' ਕਿਹਾ ਜਾਂਦਾ ਹੈ। ਇਸ ਤੋਂ ਇਲਾਵਾ ਅਖਾੜੇ, ਸ਼ਿਵਾਲਯ, ਜੋਤਿਰਲਿੰਗ, ਸ਼ਕਤੀਪੀਠ, ਚਾਰ ਧਾਮ, ਮਠ, ਪੀਠ ਆਦਿ ਵੀ ਇਸ ਧਰਮ ਦੇ ਧਾਰਮਿਕ ਅਸਥਾਨ ਹਨ। ਇਸ ਅਧਿਆਇ ਵਿਚ ਅੱਗੇ ਸਿੱਖ ਧਰਮ ਦੇ ਧਾਰਮਿਕ ਅਸਥਾਨ ਦੇ ਮੁਢਲੇ ਰੂਪ 'ਧਰਮਸਾਲ' ਦਾ ਵਿਸਥਾਰਿਤ ਵਰਣਨ ਕੀਤਾ ਗਿਆ ਹੈ। ਇਸ ਤੋਂ ਉਪਰੰਤ ਸਿੱਖ ਧਾਰਮਿਕ ਅਸਥਾਨ ਦੇ ਸ਼ਾਬਦਿਕ ਅਰਥ, ਪਰਿਭਾਸ਼ਾ ਅਤੇ ਸਰੂਪ ਦਾ ਵਰਣਨ ਕੀਤਾ ਗਿਆ ਹੈ। ਸਿੱਖ ਧਾਰਮਿਕ ਅਸਥਾਨਾਂ ਦੀਆਂ ਕਿਸਮਾਂ ਦਾ ਵਰਣਨ ਵੀ ਕੀਤਾ ਗਿਆ ਹੈ, ਜਿਵੇਂ ਕਿ ਗੁਰੂ ਸਾਹਿਬਾਨ ਦੇ ਜਨਮ ਅਸਥਾਨ, ਵਿਆਹ ਨਾਲ ਸੰਬੰਧਿਤ ਅਸਥਾਨ, ਗੁਰਿਆਈ ਅਸਥਾਨ, ਜੋਤੀ-ਜੋਤਿ ਸਮਾਉਣ ਦੇ ਅਸਥਾਨ, ਗੁਰੂ-ਸਪੁੱਤਰਾਂ ਦੇ, ਗੁਰੂ-ਸਪੁੱਤਰੀਆਂ ਦੇ, ਗੁਰੂ ਮਹਿਲਾਂ, ਗੁਰੂ ਸਾਹਿਬਾਨ ਦੇ ਸਸ਼ਤਰਾਂ ਨਾਲ ਸੰਬੰਧਿਤ ਅਸਥਾਨ, ਗੁਰਸਿੱਖਾਂ, ਗੁਰੂ ਸਾਹਿਬਾਨ ਦੇ ਹਿੰਦੂ ਅਤੇ ਮੁਸਲਮਾਨ ਸ਼ਰਧਾਲੂਆਂ ਦੇ ਅਸਥਾਨ, ਸ਼ਹੀਦ ਸਿੰਘਾਂ, ਭਗਤ ਸਾਹਿਬਾਨ ਅਤੇ ਪਵਿੱਤਰ ਦਰੱਖਤਾਂ ਦੇ ਨਾਂ 'ਤੇ ਬਣੇ ਅਸਥਾਨ, ਆਦਿ।

ਗੁਰਦੁਆਰੇ ਦਾ ਸਰੂਪ ਅਨੁਭਵ ਅਤੇ ਵਿਵਹਾਰਕ ਪੱਖ ਤੋਂ ਵੀ ਬਿਆਨ ਕੀਤਾ ਗਿਆ ਹੈ। ਗੁਰਬਾਣੀ ਵਿਚ ਸਰੀਰ ਨੂੰ ਵੀ 'ਹਰਿਮੰਦਿਰ' ਦਾ ਦਰਜਾ ਦਿੱਤਾ ਗਿਆ ਹੈ ਅਤੇ ਗੁਰਦੁਆਰੇ ਦੀ ਵਿਵਹਾਰਕਤਾ ਨੂੰ

ਭਾਈ ਗੁਰਦਾਸ ਜੀ ਨੇ ਵਾਰਾਂ ਅੰਦਰ ਬਾਖੂਬੀ ਵਰਣਨ ਕੀਤਾ ਹੈ ਕਿ ਹਰ ਗੁਰਸਿੱਖ ਦਾ ਘਰ ਧਰਮਸਾਲ ਰੂਪ ਹੈ, ਜਿਥੇ ਕੀਰਤਨ ਹੋਣ ਕਰਕੇ ਸਦਾ ਵਿਸਾਖ ਬਣਿਆ ਰਹਿੰਦਾ ਹੈ। ਗੁਰੂ ਦੇ ਉਪਦੇਸ਼ ਨੂੰ ਜੀਵਨ ਵਿਚ ਢਾਲਦਿਆਂ, ਰੱਬੀ ਉਸਤਤਿ ਕਰਦਿਆਂ, ਹਰ ਜਗਿਆਸੂ ਦਾ ਘਰ, ਪਰਮਾਤਮਾ ਦੀ ਸਿਫਤ-ਸਾਲਾਹ ਕਰਨ ਲਈ ਧਰਮਸਾਲ ਬਣ ਜਾਂਦਾ ਹੈ। ਇਸ ਤੋਂ ਇਲਾਵਾ ਗੁਰਬਾਣੀ ਵਿਚ ਗੁਰਦੁਆਰੇ ਦੇ ਵੱਖ-ਵੱਖ ਸ਼ਬਦ-ਰੂਪ ਦ੍ਰਿਸ਼ਟੀਗੋਚਰ ਹੁੰਦੇ ਹਨ ; ਜਿਵੇਂ ਕਿ ਗੁਰਦੁਆਰੁ, ਗੁਰਦੁਆਰੈ, ਗੁਰੂਦੁਆਰੇ, ਗੁਰੂਦੁਆਰੈ ਆਦਿ।

ਹਰ ਸਿੱਖ ਦਾ ਆਪਣੇ ਧਾਰਮਿਕ ਅਸਥਾਨ ਨਾਲ ਜਿਸ ਤਰ੍ਹਾਂ ਦਾ ਸੰਬੰਧ ਹੁੰਦਾ ਹੈ, ਉਸ ਦਾ ਜ਼ਿਕਰ ਵੀ ਇਸ ਅਧਿਆਇ ਵਿਚ ਕੀਤਾ ਗਿਆ ਹੈ, ਕਿ ਕਿਵੇਂ ਇਕ ਸਿੱਖ ਦਾ ਸੰਬੰਧ ਵਿਅਕਤੀਗਤ ਅਤੇ ਸਮੂਹਿਕ ਤਰੀਕੇ ਨਾਲ ਗੁਰਦੁਆਰੇ ਨਾਲ ਜੁੜਿਆ ਹੁੰਦਾ ਹੈ। ਗੁਰਦੁਆਰੇ ਵਿਚਲੇ ਸੰਗਤੀ ਵਿਧਾਨ ਜਾਂ ਵਿਵਹਾਰਕ ਪੱਖ ਦਾ ਵਰਣਨ ਕਰਦਿਆਂ ਦੱਸਿਆ ਹੈ ਕਿ ਸਤਿਸੰਗਤ, ਨਿਤਨੇਮ, ਕੀਰਤਨ, ਕਥਾ, ਅਰਦਾਸ, ਗੁਰਪੁਰਬ, ਤਿਉਹਾਰ ਤੇ ਹੋਰ ਸਮਾਗਮ ਆਦਿ ਇਸਦਾ ਹਿੱਸਾ ਹੁੰਦੇ ਹਨ।

ਦੂਜੇ ਅਧਿਆਇ ਵਿਚ ਸਿੱਖ ਧਾਰਮਿਕ ਅਸਥਾਨ ਦੇ ਇਤਿਹਾਸਕ ਪਿਛੋਕੜ ਦਾ ਵਰਣਨ ਕੀਤਾ ਗਿਆ ਹੈ। ਧਾਰਮਿਕ ਅਸਥਾਨ ਦੇ ਇਤਿਹਾਸਕ ਪਿਛੋਕੜ ਦਾ ਅਧਿਐਨ ਕਰਨ ਲਈ ਇਸ ਅਧਿਆਇ ਨੂੰ ਚਾਰ ਭਾਗਾਂ ਵਿਚ ਵਰਗੀਕ੍ਰਿਤ ਕੀਤਾ ਗਿਆ ਹੈ, ਜਿਵੇਂ ਕਿ (1) ਗੁਰੂ ਸਾਹਿਬਾਨ ਦੇ ਸਮੇਂ (2) ਸਿੱਖ ਮਿਸਲਾਂ ਦੇ ਸਮੇਂ (3) ਸਿੱਖ ਰਾਜ ਸਮੇਂ (4) ਸਿੱਖ ਰਾਜ ਤੋਂ ਬਾਅਦ ਮੌਜੂਦਾ ਸਮੇਂ ਤੱਕ। ਇਹਨਾਂ ਚਾਰਾਂ ਸਮਿਆਂ ਵਿਚ ਕਿਸ ਤਰ੍ਹਾਂ ਸਿੱਖ ਧਾਰਮਿਕ ਅਸਥਾਨ ਹੋਂਦ ਵਿਚ ਆਏ ਅਤੇ ਕਿਸ ਤਰ੍ਹਾਂ ਪੜਾਅਵਾਰ ਵਿਸਥਾਰ ਹੋਇਆ ਹੈ, ਇਸਦਾ ਵਰਣਨ ਇਸ ਅਧਿਆਇ ਵਿਚ ਕੀਤਾ ਗਿਆ ਹੈ।

ਇਸ ਅਧਿਆਇ ਵਿਚ ਦੱਸਿਆ ਗਿਆ ਹੈ ਕਿ ਸਿੱਖ ਧਾਰਮਿਕ ਅਸਥਾਨ ਦੀ ਆਰੰਭਤਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਹੋ ਗਈ ਸੀ। ਗੁਰੂ ਨਾਨਕ ਦੇਵ ਜੀ ਦੇ ਸਮੇਂ ਵਿਚ ਇਸ ਦੀ ਸੰਗਿਆ 'ਧਰਮਸਾਲ' ਸੀ। ਗੁਰੂ ਨਾਨਕ ਦੇਵ ਜੀ ਨੇ ਧਰਮ ਦੇ ਪ੍ਰਚਾਰ ਲਈ ਸਮੇਂ-ਸਮੇਂ ਚਾਰ ਉਦਾਸੀਆਂ ਕੀਤੀਆਂ। ਗੁਰੂ ਜੀ ਜਿਥੇ ਵੀ ਜਾਂਦੇ ਤਾਂ ਲੋਕਾਂ ਨੂੰ ਸੰਗਤ ਵਿਚ ਜੁੜਨ ਅਤੇ ਨਾਮ-ਸਿਮਰਨ ਕਰਨ ਦਾ ਉਪਦੇਸ਼ ਕਰਨ ਉਪਰੰਤ ਧਰਮਸਾਲ ਸਥਾਪਿਤ ਕਰਨ ਦਾ ਆਦੇਸ਼ ਕਰਦੇ। *'ਪੁਰਾਤਨ ਜਨਮਸਾਖੀ'* ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਸਭ ਤੋਂ ਪਹਿਲੀ ਧਰਮਸਾਲ, ਮਲਿਕ ਭਾਗੋ ਨੂੰ ਸਿੱਧੇ ਰਸਤੇ ਉਤੇ ਪਾਉਣ ਤੋਂ ਬਾਅਦ, ਉਸ ਦੇ

ਘਰ ਵਿਚ ਸਥਾਪਿਤ ਕੀਤੀ ਸੀ। ਗੁਰੂ ਅੰਗਦ ਦੇਵ ਜੀ ਨੇ ਗੁਰਿਆਈ ਪ੍ਰਾਪਤ ਕਰਨ ਤੋਂ ਬਾਅਦ ਨਵੇਂ ਧਾਰਮਿਕ ਕੇਂਦਰ ਖਡੂਰ ਸਾਹਿਬ ਦੀ ਸਥਾਪਨਾ ਕੀਤੀ। ਤੀਜੇ ਪਾਤਸ਼ਾਹ ਗੁਰੂ ਅਮਰਦਾਸ ਜੀ ਨੇ ਸਿੱਖੀ ਦਾ ਨਵਾਂ ਪ੍ਰਚਾਰ ਕੇਂਦਰ ਗੋਇੰਦਵਾਲ ਵਿਖੇ ਸਥਾਪਿਤ ਕੀਤਾ। ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਨੇ ਨਵਾਂ ਨਗਰ 'ਚੱਕ ਰਾਮਦਾਸਪੁਰ' ਵਸਾਇਆ ਅਤੇ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਇਥੇ ਹਰਿਮੰਦਿਰ ਸਾਹਿਬ ਦੀ ਸਥਾਪਨਾ ਕਰਕੇ ਮਨੁੱਖਤਾ ਨੂੰ ਸਰਬ ਸਾਂਝਾ ਧਰਮ ਅਸਥਾਨ ਦਿੰਦਿਆਂ, ਲੋਕਾਈ ਨੂੰ 'ਏਕ ਪਿਤਾ ਏਕਸੁ ਕੇ ਹਮ ਬਾਰਿਕ' ਦਾ ਸੰਕਲਪ ਦ੍ਰਿੜ ਕਰਵਾਇਆ। ਪਹਿਲੇ ਪੰਜ ਗੁਰੂ ਸਾਹਿਬਾਨ ਦੇ ਸਮੇਂ ਸਿੱਖ ਧਾਰਮਿਕ ਅਸਥਾਨ ਦੀ ਸੰਗਿਆ 'ਧਰਮਸਾਲ' ਹੀ ਰਹੀ ਪਰ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਇਸਦੀ ਸੰਗਿਆ 'ਗੁਰਦੁਆਰਾ' ਹੋ ਗਈ।

ਸਿੱਖ ਧਾਰਮਿਕ ਅਸਥਾਨਾਂ ਦੀ ਉਸਾਰੀ ਦੇ ਸੰਬੰਧ ਵਿਚ ਕਿਹਾ ਜਾ ਸਕਦਾ ਹੈ ਕਿ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਕੁਝ ਗੁਰਦੁਆਰਿਆਂ ਦਾ ਨਿਰਮਾਣ ਖੁਦ ਗੁਰੂ ਹਰਿਗੋਬਿੰਦ ਜੀ ਨੇ ਕਰਵਾਇਆ। ਇਸ ਤੋਂ ਬਾਅਦ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ ਕੁਝ ਗੁਰਦੁਆਰੇ ਬਣਵਾਏ। ਸਿੱਖ ਮਿਸਲਾਂ ਦੇ ਸਮੇਂ ਬਹੁਤ ਸਾਰੇ ਗੁਰਦੁਆਰੇ ਬਣਵਾਏ ਗਏ। ਵੱਖ-ਵੱਖ ਮਿਸਲਦਾਰਾਂ ਨੇ ਗੁਰੂ ਸਾਹਿਬਾਨ ਨਾਲ ਸੰਬੰਧਿਤ ਪਵਿੱਤਰ ਅਸਥਾਨਾਂ ਉਤੇ ਗੁਰਦੁਆਰੇ ਉਸਾਰਨੇ ਆਰੰਭ ਕਰ ਦਿੱਤੇ। ਇਸ ਉਪਰੰਤ ਵੱਖ-ਵੱਖ ਮਿਸਲਾਂ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਇਕ ਝੰਡੇ ਹੇਠ ਇਕੱਤਰ ਕਰਕੇ ਇਕ ਵੱਡਾ ਰਾਜ ਸਥਾਪਿਤ ਕਰ ਲਿਆ। ਇਸ ਰਾਜ ਨੂੰ ਕੁਝ ਇਤਿਹਾਸਕਾਰਾਂ ਨੇ ਸਿੱਖ ਰਾਜ/ਖਾਲਸਾ ਰਾਜ ਦਾ ਨਾਂ ਵੀ ਦਿੱਤਾ ਹੈ। ਮਹਾਰਾਜਾ ਰਣਜੀਤ ਸਿੰਘ ਸਾਰੇ ਧਰਮਾਂ ਦਾ ਸਤਿਕਾਰ ਕਰਨ ਦੇ ਨਾਲ ਹੀ ਆਪਣੇ ਧਰਮ ਦਾ ਬਹੁਤ ਜਿਆਦਾ ਸਤਿਕਾਰ ਕਰਦਾ ਸੀ। ਜਿਸ ਕਾਰਨ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ-ਕਾਲ ਵਿਚ ਅਨੇਕਾਂ ਗੁਰਦੁਆਰਿਆਂ ਦੀ ਉਸਾਰੀ ਕਰਵਾਉਣ ਦੇ ਨਾਲ, ਉਹਨਾਂ ਦੇ ਨਾਂ ਜਾਗੀਰਾਂ ਵੀ ਲਗਵਾਈਆਂ। ਮਹਾਰਾਜੇ ਨੇ ਸ੍ਰੀ ਹਰਿਮੰਦਿਰ ਸਾਹਿਬ ਉਤੇ ਸੋਨੇ ਦੇ ਪੱਤਰੇ ਚੜ੍ਹਾਉਣ ਦੀ ਸੇਵਾ ਵੀ ਕਰਵਾਈ। ਇਸਤੋਂ ਬਾਅਦ ਸਿੱਖ ਰਿਆਸਤਾਂ ਦੇ ਰਾਜਿਆਂ ਨੇ ਵੀ ਬਹੁਤ ਸਾਰੇ ਗੁਰਦੁਅਰਿਆਂ ਦੀ ਉਸਾਰੀ ਕਰਵਾਈ ਅਤੇ ਜਾਗੀਰਾਂ ਵੀ ਲਗਵਾਈਆਂ। ਇਸ ਤਰ੍ਹਾਂ ਹੌਲੀ-ਹੌਲੀ ਗੁਰਦੁਆਰਿਆਂ ਦੀ ਆਮਦਨ ਵਿਚ ਵਾਧਾ ਹੋਣ ਲੱਗਾ। ਅਠਾਰਵੀਂ ਸਦੀ ਦਾ ਸਮਾਂ ਸਿੱਖਾਂ ਲਈ ਮੁਸ਼ਕਿਲ ਹੋਣ ਕਾਰਨ ਉਦਾਸੀ ਮਹੰਤ ਇਹਨਾਂ

ਅਸਥਾਨਾਂ ਦੀ ਸੇਵਾ-ਸੰਭਾਲ ਕਰਨ ਲੱਗੇ। ਆਮਦਨ ਵਿਚ ਵਾਧਾ ਹੋਣ ਕਾਰਨ ਕੁਝ ਮਹੰਤਾਂ ਨੇ ਇਹਨਾਂ ਧਾਰਮਿਕ ਅਸਥਾਨਾਂ ਨੂੰ ਆਪਣੀ ਨਿੱਜੀ ਜਾਇਦਾਦ ਸਮਝਣਾ ਆਰੰਭ ਕਰ ਦਿੱਤਾ ਸੀ ਅਤੇ ਮਰਿਆਦਾ ਤੋਂ ਉਲਟ ਕੰਮ ਕਰਨੇ ਸ਼ੁਰੂ ਕਰ ਦਿੱਤੇ ਸਨ। ਜਿਸਦੇ ਸਿੱਟੇ ਵਜੋਂ ਸਿੱਖਾਂ ਨੂੰ ਆਪਣੇ ਧਾਰਮਿਕ ਅਸਥਾਨਾਂ ਦਾ ਪ੍ਰਬੰਧ ਆਪਣੇ ਹੱਥਾਂ ਵਿਚ ਲੈਣ ਲਈ ਅਨੇਕਾਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ, ਮੋਰਚੇ ਲਗਾਉਣੇ ਪਏ ਅਤੇ ਅਨੇਕ ਕੁਰਬਾਨੀਆਂ ਕਰਨੀਆਂ ਪਈਆਂ। ਅੰਤ 15 ਨਵੰਬਰ, 1920 ਈਸਵੀ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿਚ ਆਈ, ਜਿਸ ਨੇ ਸਾਰੇ ਗੁਰਦੁਆਰਿਆਂ ਦੀ ਸੇਵਾ ਸੰਭਾਲ ਦਾ ਕਾਰਜ ਸਿੱਖ ਮਰਿਆਦਾ ਅਨੁਸਾਰ ਕਰਨਾ ਆਰੰਭ ਕਰ ਦਿੱਤਾ। ਮੌਜਦਾ ਸਮੇਂ ਵਿਚ ਅਨੇਕਾਂ ਗੁਰਦੁਆਰਿਆਂ ਦਾ ਪ੍ਰਬੰਧ ਬਹੁਤ ਹੀ ਸੁਚੱਜੇ ਢੰਗ ਨਾਲ ਸਿੱਖਾਂ ਦੀ ਨੁਮਾਇੰਦਾ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤਾ ਜਾ ਰਿਹਾ ਹੈ।

ਤੀਜੇ ਅਧਿਆਇ ਵਿਚ ਪੁਆਧ ਖੇਤਰ ਦੇ ਧਾਰਮਿਕ ਅਸਥਾਨਾਂ: ਸਰਵੇਖਣ ਕੀਤਾ ਗਿਆ ਹੈ। ਇਸ ਅਧਿਆਇ ਵਿਚ ਸਭ ਤੋਂ ਪਹਿਲਾਂ ਪੁਆਧ ਖੇਤਰ ਨਾਲ ਸੰਬੰਧਿਤ ਵਿਭਿੰਨ ਵਿਦਵਾਨਾਂ ਦੇ ਵਿਚਾਰਾਂ ਨੂੰ ਅੰਕਿਤ ਕੀਤਾ ਗਿਆ ਹੈ, ਜਿਹਨਾਂ ਨੂੰ ਪਰਿਭਾਸ਼ਾ ਦੀ ਸੰਗਿਆ ਦਿੱਤੀ ਜਾਂਦੀ ਹੈ। ਇਸ ਖੇਤਰ ਦੀ ਨਿਸ਼ਾਨਦੇਹੀ ਕਰਦਿਆਂ, ਇਸ ਦੀ ਵਿਸ਼ਾਲਤਾ ਨੂੰ ਦੇਖਦਿਆਂ ਅਸੀਂ ਹਥਲੇ ਖੋਜ ਪ੍ਰਬੰਧ ਦਾ ਘੇਰਾ ਜ਼ਿਲ੍ਹਾ ਰੂਪਨਗਰ ਅਤੇ ਐਸ. ਏ. ਐਸ. ਨਗਰ (ਮੁਹਾਲੀ) ਤੱਕ ਨਿਰਧਾਰਿਤ ਕੀਤਾ ਹੈ। ਪੁਆਧ ਖੇਤਰ ਦੇ ਇਹਨਾਂ ਦੋ ਜ਼ਿਲ੍ਹਿਆਂ ਦੇ ਸਿੱਖ ਧਾਰਮਿਕ ਅਸਥਾਨਾਂ ਸੰਬੰਧੀ ਇਤਿਹਾਸਕ ਸ੍ਰੋਤਾਂ ਵਿਚੋਂ ਸਮੱਗਰੀ ਪ੍ਰਾਪਤ ਕਰਨ ਦੇ ਨਾਲ ਹੀ ਗੁਰਦੁਆਰਿਆਂ ਦਾ ਸਰਵੇਖਣ ਕਰਕੇ ਸਮੱਗਰੀ ਇਕੱਤਰ ਕੀਤੀ ਗਈ ਹੈ। ਇਸ ਸਰਵੇਖਣ ਦੌਰਾਨ ਸਿੱਖ ਧਾਰਮਿਕ ਅਸਥਾਨਾਂ ਦੀ ਮੌਜੂਦਾ ਸਥਿਤੀ, ਉਥੇ ਮੌਜੂਦ ਵਸਤਾਂ, ਨਿਸ਼ਾਨੀਆਂ ਆਦਿ ਦਾ ਵੀ ਵੇਰਵਾ ਦਰਜ ਕੀਤਾ ਗਿਆ ਹੈ। ਇਸ ਤੋਂ ਇਲਾਵਾ ਉਥੇ ਮੌਜੂਦ ਧਾਰਮਿਕ ਸਖ਼ਸ਼ੀਅਤਾਂ ਅਤੇ ਪਿੰਡਾਂ ਦੇ ਬਜੁਰਗ ਵਿਅਕਤੀਆਂ ਨਾਲ ਰਾਬਤਾ ਕਰਕੇ ਵੀ ਰਵਾਇਤੀ ਇਤਿਹਾਸਕ ਸਮੱਗਰੀ (ਮੌਖਿਕ ਇਤਿਹਾਸ) ਵੀ ਪ੍ਰਾਪਤ ਕਰਨ ਦਾ ਯਤਨ ਰਿਹਾ ਹੈ।

ਇਸ ਅਧਿਆਇ ਵਿਚ ਪਹਿਲਾਂ ਪਿੰਡ/ਨਗਰ/ ਸ਼ਹਿਰ ਆਦਿ ਦਾ ਵੇਰਵਾ ਦਿੱਤਾ ਗਿਆ ਹੈ, ਜਿਥੇ ਸੰਬੰਧਿਤ ਅਸਥਾਨ ਸੁਸ਼ੋਭਿਤ ਹੈ। ਇਸ ਸਰਵੇਖਣ ਵਿਚ ਪਹਿਲਾਂ ਰੂਪਨਗਰ ਜ਼ਿਲ੍ਹੇ ਵਿਚ ਸ਼ਹਿਰ ਰੋਪੜ੍ਹ

ਵਿਚਲੇ ਅਸਥਾਨ, ਫਿਰ ਅਨੰਦਪੁਰ ਸਾਹਿਬ ਵਿਚਲੇ ਸਾਰੇ ਅਸਥਾਨ, ਫਿਰ ਇਥੋਂ ਕੀਰਤਪੁਰ ਸਾਹਿਬ ਤੱਕ ਦੇ ਅਸਥਾਨ, ਚਮਕੌਰ ਸਾਹਿਬ ਤੱਕ ਦੇ ਰਸਤੇ ਵਿਚਲੇ ਸਾਰੇ ਅਸਥਾਨ ਦਰਜ ਕੀਤੇ ਹਨ। ਇਸਦੇ ਨਾਲ ਹੀ ਮਾਤਾ ਗੁਜਰੀ ਜੀ ਅਤੇ ਦੋਵੇਂ ਛੋਟੇ ਸਾਹਿਬਜ਼ਾਦਿਆਂ ਨਾਲ ਸੰਬੰਧਿਤ ਅਸਥਾਨ ਵੀ ਘਟਨਾਕ੍ਰਮ ਅਨੁਸਾਰ ਇਸ ਅਧਿਆਇ ਵਿਚ ਦਰਜ ਕੀਤੇ ਗਏ ਹਨ।

ਪੁਆਧ ਖੇਤਰ ਦੇ ਇਹਨਾਂ ਅਸਥਾਨਾਂ ਵਿਚ ਸਿੱਖ ਗੁਰੂ ਸਾਹਿਬਾਨ ਨਾਲ ਸੰਬੰਧਿਤ ਅਸਥਾਨ, ਗੁਰੂ ਪੁੱਤਰਾਂ-ਪੁੱਤਰੀਆਂ, ਗੁਰੂ-ਮਹਿਲਾਂ ਅਤੇ ਗੁਰਸਿੱਖਾਂ ਨਾਲ ਸੰਬੰਧਿਤ ਅਸਥਾਨਾਂ ਉਤੇ ਮੌਜੂਦਾ ਸਮੇਂ ਵਿਚ ਸੁੰਦਰ ਗੁਰਦੁਆਰੇ ਸੁਸ਼ੋਭਿਤ ਹਨ, ਜਿਹਨਾਂ ਨੂੰ ਅਧਿਐਨ ਦਾ ਹਿੱਸਾ ਬਣਾਇਆ ਗਿਆ ਹੈ।

ਚੌਥੇ ਅਧਿਆਇ ਵਿਚ ਪੁਆਧ ਖੇਤਰ ਦੇ ਸਿੱਖ ਧਾਰਮਿਕ ਅਸਥਾਨਾਂ ਦੇ ਯੋਗਦਾਨ ਅਤੇ ਵਰਤਮਾਨ ਪ੍ਰਸੰਗਿਕਤਾ ਸੰਬੰਧੀ ਵਰਣਨ ਕੀਤਾ ਗਿਆ ਹੈ। ਇਹਨਾਂ ਅਸਥਾਨਾਂ ਨੇ ਸਿੱਖ ਧਰਮ ਦੇ ਪ੍ਰਚਾਰ-ਪਾਸਾਰ ਵਿਚ ਜਿਸ ਤਰ੍ਹਾਂ ਦਾ ਯੋਗਦਾਨ ਪਾਇਆ ਅਤੇ ਵਰਤਮਾਨ ਪ੍ਰਸੰਗਿਕਤਾ ਅਨੁਸਾਰ, ਇਹ ਅਸਥਾਨ ਹੁਣ ਸੰਗਤਾਂ ਨੂੰ ਜੋ ਸੰਦੇਸ਼ ਦੇ ਰਹੇ ਹਨ, ਦਾ ਵਿਸਤ੍ਰਿਤ ਜ਼ਿਕਰ ਕੀਤਾ ਗਿਆ ਹੈ।

ਪੁਆਧ ਖੇਤਰ ਦੇ ਧਾਰਮਿਕ ਅਸਥਾਨਾਂ ਦੇ ਯੋਗਦਾਨ ਸੰਬੰਧੀ ਇਸ ਅਧਿਆਇ ਨੂੰ ਧਾਰਮਿਕ, ਸਮਾਜਿਕ, ਵਿਦਿਅਕ ਅਤੇ ਵਿਰਾਸਤੀ, ਚਾਰ ਹਿੱਸਿਆ ਵਿਚ ਵੰਡ ਕੇ ਅਧਿਐਨ ਕੀਤਾ ਗਿਆ ਹੈ। ਇਸ ਖੇਤਰ ਦਾ ਧਾਰਮਿਕ ਖੇਤਰ ਵਿਚ ਬਹੁਤ ਵੱਡਾ ਯੋਗਦਾਨ ਰਿਹਾ ਹੈ, ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਕੀਰਤਪੁਰ ਵਿਚ ਨਿਵਾਸ ਕਰਨ ਤੋਂ ਬਾਅਦ ਇਹ ਖੇਤਰ ਸਿੱਖੀ ਪ੍ਰਚਾਰ ਦਾ ਕੇਂਦਰ ਬਣ ਗਿਆ ਸੀ। ਇਸ ਖੇਤਰ ਵਿਚ ਗੁਰੂ ਤੇਗ ਬਹਾਦਰ ਜੀ ਨੇ 'ਚੱਕ ਨਾਨਕੀ' ਨਾਂ ਦਾ ਨਵਾਂ ਨਗਰ ਵਸਾਇਆ। ਇਸੇ ਨਗਰ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਾਜਨਾ ਕਰਕੇ ਸਿੱਖਾਂ ਨੂੰ ਇਕ ਵਿਲੱਖਣ ਪਛਾਣ ਬਖ਼ਸ਼ੀ। ਇਸ ਤੋਂ ਇਲਾਵਾ ਗੁਰੂ ਗੋਬਿੰਦ ਸਿੰਘ ਜੀ ਨੇ ਇਥੇ ਹੋਲਾ-ਮਹੱਲਾ ਮਨਾਉਣ ਦੀ ਰਵਾਇਤ ਵੀ ਆਰੰਭ ਕੀਤੀ ਸੀ, ਜਿਹੜੀ ਕਿ ਮੌਜੂਦਾ ਸਮੇਂ ਤੱਕ ਵੀ ਬਰਕਰਾਰ ਹੈ।

ਇਸ ਖੇਤਰ ਦਾ ਸਮਾਜਿਕ ਵਿਕਾਸ ਵਿਚ ਵੱਡਾ ਯੋਗਦਾਨ ਰਿਹਾ ਹੈ। ਸਮਾਜਿਕ ਵੰਡੀਆਂ ਨੂੰ ਖਤਮ ਕਰਕੇ ਲੋਕਾਂ ਵਿਚ ਏਕੇ ਦੀ ਭਾਵਨਾ ਪੈਦਾ ਕਰਨ ਅਤੇ ਸਾਂਝੀਵਾਲਤਾ ਦਾ ਸੰਦੇਸ਼ ਇਸ ਖੇਤਰ ਦੇ ਧਾਰਮਿਕ ਅਸਥਾਨਾਂ ਰਾਹੀਂ ਵਿਸਥਾਰਿਤ ਹੁੰਦਾ ਹੈ। ਵਿਦਿਅਕ ਖੇਤਰ ਵਿਚ ਇਸ ਇਲਾਕੇ ਦੇ ਧਾਰਮਿਕ ਅਸਥਾਨਾਂ ਦਾ

ਬਹੁਤ ਯੋਗਦਾਨ ਰਿਹਾ ਹੈ। ਇਸ ਖੇਤਰ ਵਿਚ ਇਥੋਂ ਦੇ ਇਤਿਹਾਸ ਨਾਲ ਸੰਬੰਧਿਤ ਗੁਰੂ ਸਾਹਿਬਾਨ, ਸਿੱਖ ਸਖ਼ਸ਼ੀਅਤਾਂ, ਗੁਰਸਿੱਖਾਂ ਅਤੇ ਸ਼ਹੀਦ ਸਿੰਘਾਂ ਆਦਿ ਦੇ ਨਾਂ ਉਤੇ ਬਹੁਤ ਸਾਰੇ ਗੁਰਮਤਿ ਸੰਗੀਤ ਵਿਦਿਆਲੇ, ਧਾਰਮਿਕ ਸੰਸਥਾਵਾਂ ਵੱਲੋਂ ਸਕੂਲ, ਕਾਲਜ ਆਦਿ ਖੋਲੇ ਗਏ ਹਨ। ਵਿਰਾਸਤੀ ਖੇਤਰ ਵਿਚ ਵੀ ਇਸ ਖੇਤਰ ਨੇ ਬਹੁਤ ਦੇਣ ਦਿੱਤੀ ਹੈ। ਇਸ ਖੇਤਰ ਦੇ ਸ਼ਹਿਰ ਅਨੰਦਪੁਰ ਸਾਹਿਬ ਵਿਚ ਪੰਜਾਬ ਸਰਕਾਰ ਨੇ 'ਵਿਰਾਸਤ-ਏ-ਖਾਲਸਾ' ਨਾਂ ਦਾ ਬਹੁਤ ਵਿਸ਼ਾਲ ਅਜਾਇਬ ਘਰ (Museum) ਸਥਾਪਿਤ ਕੀਤਾ ਹੈ, ਜਿਸਨੂੰ ਵੇਖਣ ਲਈ ਦੇਸ਼-ਵਿਦੇਸ਼ ਦੇ ਲੋਕ ਆਉਂਦੇ ਹਨ। ਇਸ ਤੋਂ ਇਲਾਵਾ 'ਚੱਪੜ-ਚਿੜੀ' ਪਿੰਡ ਵਿਚ ਵੀ ਬਾਬਾ ਬੰਦਾ ਸਿੰਘ ਬਹਾਦਰ ਦੀ ਸਰਹੰਦ ਫ਼ਤਹਿ ਦੀ ਯਾਦ ਵਿਚ 'ਫ਼ਤਹਿ ਬੁਰਜ' ਦੀ ਸਥਾਪਨਾ ਵੀ ਕੀਤੀ ਗਈ ਹੈ। ਇਹ ਬੁਰਜ, ਸਿੱਖ ਇਤਿਹਾਸ ਦੀ ਉਸ ਘਟਨਾ ਦੀ ਯਾਦ ਦਿਵਾਉਂਦਾ ਹੈ, ਜਦੋਂ ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਨੂੰ ਫ਼ਤਿਹ ਕਰਨ ਲਈ ਕੂਚ ਕੀਤਾ ਅਤੇ ਸੂਬਾ ਸਰਹਿੰਦ ਵਜੀਰ ਖਾਂ ਆਪਣੀ ਸੈਨਾ ਸਹਿਤ ਚੱਪੜ-ਚਿੜੀ ਦੇ ਮੈਦਾਨ ਵਿਚ ਪਹੁੰਚ ਗਿਆ। ਇਥੇ ਬਹੁਤ ਭਾਰੀ ਜੰਗ ਹੋਈ, ਜਿਸ ਵਿਚ ਬਾਬਾ ਬੰਦਾ ਸਿੰਘ ਦੀ ਅਗਵਾਈ ਵਿਚ ਸਿੱਖ ਸੈਨਾ ਜੇਤੂ ਰਹੀ ਸੀ। ਇਹਨਾਂ ਤੋਂ ਇਲਾਵਾ ਚਮਕੌਰ ਸਾਹਿਬ ਵਿਚ ਵੀ ਪੰਜਾਬ ਸਰਕਾਰ ਵੱਲੋਂ ਸਿੱਖ ਇਤਿਹਾਸ ਨੂੰ ਦਰਸਾਉਂਦਾ 'ਥੀਮ ਪਾਰਕ' ਬਣਾਇਆ ਜਾ ਰਿਹਾ ਹੈ, ਜਿਹੜਾ ਕਿ ਕੁਝ ਸਮੇਂ ਬਾਅਦ ਸੰਗਤਾਂ ਲਈ ਖੋਲ੍ਹਿਆ ਜਾਵੇਗਾ। ਇਹ ਥੀਮ ਪਾਰਕ ਵੀ ਸੰਗਤਾਂ ਨੂੰ ਸਿੱਖ ਸਿਧਾਂਤਾਂ, ਸਿੱਖ ਇਤਿਹਾਸ ਅਤੇ ਅਮੀਰ ਸਿੱਖ ਵਿਰਸੇ ਤੋਂ ਜਾਣੂੰ ਕਰਵਾਏਗਾ।

ਇਸ ਅਧਿਆਇ ਤੋਂ ਉਪਰੰਤ ਨਿਸ਼ਕਰਸ਼ ਅਤੇ ਸਥਾਪਨਾਵਾਂ ਸਿਰਲੇਖ ਅਧੀਨ, ਸਾਰੇ ਖੋਜ ਪ੍ਰਬੰਧ ਦਾ ਨਿਸ਼ਕਰਸ਼ ਲਿਖਿਆ ਹੈ ਅਤੇ ਨਾਲ ਹੀ ਸਥਾਪਨਾਵਾਂ ਦਾ ਵਰਣਨ ਵੀ ਕੀਤਾ ਹੈ।

ਇਸ ਖੋਜ ਪ੍ਰਬੰਧ ਦੀ ਅੰਤਿਕਾ ਵਿਚ ਪੁਆਧ ਖੇਤਰ ਦੇ ਪ੍ਰਮੁਖ ਗੁਰਦੁਆਰਿਆਂ ਦੀਆਂ ਮੌਜੂਦਾ ਸਮੇਂ ਦੀਆਂ ਤਸਵੀਰਾਂ ਵੀ ਲਗਾਈਆਂ ਹਨ, ਜੋ ਕਿ ਸਰਵੇਖਣ ਦੌਰਾਨ ਮੇਰੇ ਦੁਆਰਾ ਲਈਆਂ ਗਈਆਂ ਸਨ। ਇਨ੍ਹਾਂ ਤਸਵੀਰਾਂ ਵਾਲੇ ਗੁਰਦੁਆਰਿਆਂ ਦੀ ਵਿਸਥਾਰਿਤ ਜਾਣਕਾਰੀ ਤੀਜੇ ਅਧਿਆਇ 'ਪੁਆਧ ਖੇਤਰ ਦੇ ਧਾਰਮਿਕ ਅਸਥਾਨ : ਸਰਵੇਖਣ' ਵਿਚ ਦਰਜ ਕੀਤੀ ਗਈ ਹੈ।

**ਖੋਜ ਸਮੱਸਿਆਵਾਂ**

ਖੋਜ ਪ੍ਰਬੰਧ ਦਾ ਵਿਸ਼ਾ ਮੇਰਾ ਪਸੰਦੀਦਾ ਹੋਣ ਕਾਰਨ ਇਸਦਾ ਅਧਿਐਨ ਕਰਨਾ ਬਹੁਤ ਹੀ ਸੁਖੈਨ

ਅਹਿਸਾਸ ਰਿਹਾ ਹੈ। ਇਸ ਖੋਜ ਪ੍ਰਬੰਧ ਨੂੰ ਕਰਦਿਆਂ ਕੁਝ ਸਮੱਸਿਆਵਾਂ ਵੀ ਦਰਪੇਸ਼ ਆਈਆਂ ਸਨ। ਸਭ ਤੋਂ ਵੱਡੀ ਸਮੱਸਿਆ ਧਾਰਮਿਕ ਅਸਥਾਨ ਨਾਲ ਸਬੰਧਿਤ ਜਾਣਕਾਰੀ ਹਾਸਿਲ ਕਰਨਾ ਰਿਹਾ ਹੈ। ਜਿਸ ਤਹਿਤ ਪੁਆਧ ਖੇਤਰ ਦੇ ਗੁਰਦੁਆਰਿਆਂ ਦਾ ਸਰਵੇਖਣ ਕਰਦੇ ਸਮੇਂ ਸਮੱਗਰੀ ਦੇ ਇਕੱਤਰੀਕਰਨ ਲਈ ਢੁਕਵੇਂ ਵਿਅਕਤੀ ਤੱਕ ਪਹੁੰਚ ਬਣਾਉਣ ਲਈ ਕਾਫੀ ਮੁਸ਼ਕਿਲ ਹੋਈ। ਗੁਰਦੁਆਰਿਆਂ ਵਿਚ ਪਈਆਂ ਨਿਸ਼ਾਨੀਆਂ ਦੀ ਜਾਣਕਾਰੀ ਅਤੇ ਫੋਟੋ ਕਰਨ ਲਈ ਗੁਰਦੁਆਰਾ ਕਮੇਟੀਆਂ ਵੱਲੋਂ ਬਹੁਤ ਰੋਕਾਂ ਵੀ ਲਗਾਈਆਂ ਜਾਦੀਆਂ ਰਹੀਆਂ ਹਨ, ਕਈ ਵਾਰੀ ਬਾਹਰੋਂ ਹੀ ਦਰਸ਼ਨ ਕਰਵਾਏ ਜਾਂਦੇ, ਫੋਟੋ ਜਾਂ ਹੋਰ ਜਾਣਕਾਰੀ ਵੀ ਪੂਰਨ ਰੂਪ ਵਿਚ ਮੁਹੱਈਆ ਨਹੀਂ ਕਰਵਾਈ ਜਾਂਦੀ। ਕੁਝ ਸਿੱਖ ਧਾਰਮਿਕ ਅਸਥਾਨ ਅਜਿਹੇ ਹਨ, ਜਿਹਨਾਂ ਦਾ ਵਰਣਨ ਸਿੱਖ ਸਰੋਤਾਂ ਜਾਂ ਹੋਰ ਸਰੋਤਾਂ ਵਿਚ ਨਹੀਂ ਮਿਲਦਾ। ਉਸ ਸੰਬੰਧ ਵਿਚ ਅਜਿਹੇ ਅਸਥਾਨ ਦੇ ਇਤਿਹਾਸ ਲਈ ਸਿਰਫ ਲਿਖਤੀ ਬੋਰਡ ਜਾਂ ਅਸਥਾਨ ਨਾਲ ਸੰਬੰਧਿਤ ਵਿਅਕਤੀ ਦੁਆਰਾ ਦਿੱਤੀ ਜਾਣਕਾਰੀ, 'ਤੇ ਹੀ ਨਿਰਭਰ ਕਰਨਾ ਪੈਂਦਾ ਹੈ। ਕੁਝ ਅਸਥਾਨਾਂ ਦੇ ਬੋਰਡਾਂ ਉਤੇ ਲਿਖੇ ਇਤਿਹਾਸ ਵਿਚ ਬਹੁਤ ਸਾਰੀਆਂ ਊਣਤਾਈਆਂ ਵੀ ਮਿਲਦੀਆਂ ਹਨ, ਇਤਿਹਾਸਕ ਸ੍ਰੋਤਾਂ ਦੀਆਂ ਟੂਕਾਂ ਦੇ ਹਵਾਲੇ ਵੀ ਕਈ ਥਾਵਾਂ ਤੇ ਗਲਤ ਦਿੱਤੇ ਗਏ ਹਨ। ਇਹਨਾਂ ਸਮੱਸਿਆਵਾਂ ਦੇ ਬਾਵਜੂਦ ਵੀ ਇਹ ਖੋਜ ਪ੍ਰਬੰਧ ਕਰਨਾ ਬਹੁਤ ਹੀ ਚੰਗਾ ਅਨੁਭਵ ਰਿਹਾ ਹੈ।

ਇਸ ਖੋਜ-ਪ੍ਰਬੰਧ ਨੂੰ ਪ੍ਰਸਤੁਤ ਕਰਦਿਆਂ ਸਭ ਤੋਂ ਪਹਿਲਾਂ ਅਕਾਲ ਪੁਰਖ ਜੀ ਦਾ ਕੋਟਾਨ-ਕੋਟਿ ਧੰਨਵਾਦ ਕਰਦਾ ਹਾਂ, ਜਿਹਨਾਂ ਦੀ ਰਹਿਮਤ ਸਦਕਾ ਮੈਂ ਇਸ ਖੋਜ ਪ੍ਰਬੰਧ ਨੂੰ ਕਰਨ ਦੇ ਯੋਗ ਹੋ ਸਕਿਆ ਹਾਂ। ਮੈਂ ਆਪਣੇ ਖੋਜ ਪ੍ਰਬੰਧ ਦੇ ਨਿਗਰਾਨ ਸਤਿਕਾਰਯੋਗ ਡਾ. ਬਲਵਿੰਦਰਜੀਤ ਕੌਰ ਭੱਟੀ ਜੀ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦਾ ਹਾਂ, ਜਿਹਨਾਂ ਨੇ ਵਿਸ਼ੇ ਦੀ ਚੋਣ ਤੋਂ ਲੈ ਕੇ ਖੋਜ ਪ੍ਰਬੰਧ ਦੀ ਮੁਕੰਮਲਤਾ ਤੱਕ ਹਰ ਕਦਮ ਉਤੇ ਮੇਰੀ ਸੁਯੋਗ ਅਗਵਾਈ ਕੀਤੀ। ਇਸਦੇ ਨਾਲ ਹੀ ਮੈਂ ਆਪਣੇ ਵਿਭਾਗ ਦੇ ਮੁਖੀ ਡਾ. ਮਲਕਿੰਦਰ ਕੌਰ ਜੀ ਦਾ ਵੀ ਰਿਣੀ ਹਾਂ, ਜਿਹਨਾਂ ਨੇ ਮੈਨੂੰ ਇਸ ਵਿਸ਼ੇ 'ਤੇ ਖੋਜ ਪ੍ਰਬੰਧ ਕਰਨ ਦੀ ਇਜਾਜ਼ਤ ਦੇ ਨਾਲ-ਨਾਲ ਹੱਲਾਸ਼ੇਰੀ ਵੀ ਦਿਤੀ। ਇਸਦੇ ਨਾਲ ਹੀ ਮੈਂ, ਆਪਣੇ ਵਿਭਾਗ ਦੇ ਪ੍ਰੋਫੈਸਰ ਡਾ. ਸਰਬਜਿੰਦਰ ਸਿੰਘ ਜੀ ਦਾ ਵੀ ਬਹੁਤ ਰਿਣੀ ਹਾਂ, ਜੋ ਕਿ ਮੈਨੂੰ ਇਸ ਖੋਜ ਵਿਸ਼ੇ ਤੇ ਕਾਰਜ ਕਰਨ ਲਈ ਸਮੇਂ-ਸਮੇਂ ਤੇ ਪ੍ਰੇਰਣਾ, ਉਤਸ਼ਾਹ ਅਤੇ ਹੌਸਲਾ ਅਫਜ਼ਾਈ ਕਰਦੇ ਰਹੇ ਹਨ। ਇਸਦੇ ਨਾਲ ਹੀ ਸਤਿਕਾਰਯੋਗ ਡਾ.

ਦਰਸ਼ਨ ਸਿੰਘ ਜੀ (ਰਿਟਾਇਰਡ ਪ੍ਰੋਫ਼ੈਸਰ, ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ) ਦਾ ਵੀ ਇਸ ਖੋਜ ਪ੍ਰਬੰਧ ਲਈ ਵਡਮੁੱਲੇ ਸੁਝਾਅ ਦੇਣ ਲਈ ਬਹੁਤ ਧੰਨਵਾਦ ਕਰਦਾ ਹਾਂ।

ਮੈਂ ਆਪਣੇ ਪਿਤਾ ਸ. ਮੁਖਤਿਆਰ ਸਿੰਘ ਅਤੇ ਮਾਤਾ ਸ੍ਰੀਮਤੀ ਸੁਰਿੰਦਰ ਕੌਰ ਦਾ ਸਦਾ ਹੀ ਰਿਣੀ ਹਾਂ, ਜਿਹਨਾਂ ਨੇ ਮੈਨੂੰ ਵਿੱਦਿਆ ਦਿਵਾ ਕੇ ਇਸ ਮੁਕਾਮ ਤੱਕ ਪਹੁੰਚਣ ਦੇ ਯੋਗ ਬਣਾਇਆ ਹੈ। ਮੇਰੇ ਸਹੁਰਾ ਸਵ. ਸ. ਹਰਬੰਸ ਸਿੰਘ ਅਤੇ ਸੱਸ ਸਵ. ਸ੍ਰੀਮਤੀ ਅੰਮ੍ਰਿਤ ਕੌਰ ਦੀਆਂ ਸ਼ੁਭ ਇੱਛਾਵਾਂ ਵੀ ਮੇਰੇ ਨਾਲ ਰਹੀਆਂ ਹਨ, ਮੈਂ ਉਹਨਾਂ ਦੋਵੇਂ ਵਿਛੜੀਆਂ ਰੂਹਾਂ ਦਾ ਧੰਨਵਾਦ ਕਰਦਾ ਹਾਂ। ਮੈਂ ਆਪਣੀ ਪਤਨੀ ਸ੍ਰੀਮਤੀ ਰਣਬੀਰ ਕੌਰ ਅਤੇ ਪੁੱਤਰ ਨਵਕਿਰਨ ਸਿੰਘ ਦਾ ਵੀ ਧੰਨਵਾਦੀ ਹਾਂ, ਜਿਹਨਾਂ ਦੇ ਸਹਿਯੋਗ ਕਾਰਨ ਮੈਂ ਇਹ ਕਾਰਜ ਕਰਨ ਵਿਚ ਸਫਲ ਹੋ ਸਕਿਆ ਹਾਂ।

ਮੈਂ ਆਪਣੇ ਮਿੱਤਰ ਸ. ਹਰਪ੍ਰੀਤ ਸਿੰਘ ਨਾਜ਼ ਦਾ ਵੀ ਵਿਸ਼ੇਸ਼ ਧੰਨਵਾਦ ਕਰਦਾ ਹਾਂ, ਜਿਹਨਾਂ ਨੇ ਸਿੱਖ ਧਾਰਮਿਕ ਅਸਥਾਨਾਂ ਦਾ ਸਰਵੇਖਣ ਕਰਨ ਤੋਂ ਲੈ ਕੇ ਹੋਰ ਸਮੱਗਰੀ ਇਕੱਤਰ ਕਰਨ, ਵਿਚਾਰ ਚਰਚਾ ਕਰਕੇ ਸਮੱਗਰੀ ਨੂੰ ਮੰਥਨ ਕਰਕੇ ਨਵੇਂ ਤੱਥ ਸਾਹਮਣੇ ਲਿਆਉਣ ਵਿਚ ਬਹੁਤ ਸਹਿਯੋਗ ਦਿੱਤਾ। ਇਹਨਾਂ ਤੋਂ ਇਲਾਵਾ ਡਾ. ਦਿਲਵਰ ਸਿੰਘ, ਡਾ. ਜੋਗਿੰਦਰ ਸਿੰਘ ਅਤੇ ਡਾ. ਪਲਵਿੰਦਰ ਕੌਰ ਦਾ ਵੀ ਧੰਨਵਾਦ ਕਰਦਾ ਹਾਂ, ਜਿਹਨਾਂ ਨੇ ਇਸ ਕਾਰਜ ਵਿਚ ਮੇਰੀ ਸੁਯੋਗ ਮਦਦ ਕੀਤੀ। ਇਹਨਾਂ ਤੋਂ ਇਲਾਵਾ ਲਾਇਬ੍ਰੇਰੀਆਂ ਦੇ ਸਮੂਹ ਸਟਾਫ ਦਾ ਵੀ ਬਹੁਤ ਧੰਨਵਾਦ ਕਰਦਾ ਹਾਂ, ਜਿਹਨਾਂ ਨੇ ਮੇਰੇ ਖੋਜ ਪ੍ਰਬੰਧ ਨਾਲ ਸੰਬੰਧਿਤ ਪੁਸਤਕਾਂ ਲੱਭਣ ਵਿਚ ਸੁਯੋਗ ਮੱਦਦ ਕੀਤੀ।

ਇਸ ਦੇ ਨਾਲ ਹੀ ਉਹਨਾਂ ਵਿਅਕਤੀਆਂ ਦਾ ਵੀ ਧੰਨਵਾਦ ਕਰਦੇ ਹਾਂ, ਜਿਹਨਾਂ ਨੇ ਸਰਵੇਖਣ ਦੌਰਾਨ ਸਾਨੂੰ ਮੁਲਾਕਾਤ ਲਈ ਸਮਾਂ ਦਿੱਤਾ ਅਤੇ ਗੁਰਦੁਆਰਿਆਂ ਦੇ ਮੌਖਿਕ ਇਤਿਹਾਸ ਤੇ ਮਾਨਤਾਵਾਂ ਤੋਂ ਜਾਣੂੰ ਕਰਵਾਇਆ। ਇਸ ਖੋਜ ਪ੍ਰਬੰਧ ਵਿਚ ਅਨੇਕਾਂ ਸੰਭਾਵਨਾਵਾਂ ਰਹਿ ਗਈਆ ਹੋਣਗੀਆਂ, ਇਸ ਲਈ ਅਕਾਦਮਿਕਤਾ ਵਿਚ ਇਸ ਵਿਸ਼ੇ ਸੰਬੰਧੀ ਅਧਿਐਨ ਕਰਨ ਲਈ ਅਗਲੇਰੇ ਕਦਮ ਪੁੱਟੇ ਜਾ ਸਕਣ ਦੀ ਆਸ ਬਣੀ ਰਹੇਗੀ।

**ਅਧਿਆਇ ਪਹਿਲਾ**

# ਸਿੱਖ ਧਾਰਮਿਕ ਅਸਥਾਨ : ਸਿਧਾਂਤਕ ਪਰਿਪੇਖ

ਕਿਸੇ ਵੀ ਧਰਮ/ਕੌਮ ਵਿਚ ਅਨੇਕਾਂ ਅਸਥਾਨ ਅਜਿਹੇ ਹੁੰਦੇ ਹਨ, ਜਿਹੜੇ ਕਿ ਉਹਨਾਂ ਦੀ ਚੇਤਨਾ ਦਾ ਸਦੀਵੀ ਹਿੱਸਾ ਬਣ ਜਾਂਦੇ ਹਨ। ਉਸ ਧਰਮ/ਕੌਮ ਵਿਚ ਧਾਰਮਿਕ ਅਸਥਾਨ, ਇਤਿਹਾਸਕ ਅਸਥਾਨ ਅਤੇ ਹੋਰ ਪੂਜਣਯੋਗ ਅਸਥਾਨ ਆਦਿ ਹੁੰਦੇ ਹਨ, ਜਿਹੜੇ ਕਿ ਉਸ ਧਰਮ ਦੇ ਅਨੁਯਾਈਆਂ ਲਈ ਬਹੁਤ ਅਹਿਮੀਅਤ ਰੱਖਦੇ ਹਨ। ਇਹਨਾਂ ਵਿਚੋਂ ਧਾਰਮਿਕ ਅਸਥਾਨਾਂ ਉਤੇ ਉਸ ਧਰਮ ਦੇ ਪੈਰੋਕਾਰ ਆਪਣੇ ਪੈਗ਼ੰਬਰ, ਇਸ਼ਟ ਜਾਂ ਗੁਰੂ ਲਈ ਆਪਣੀ ਆਸਥਾ ਦਾ ਪ੍ਰਗਟਾਵਾ ਕਰਨ ਲਈ ਜਾਂਦੇ ਹਨ ਅਤੇ ਉਹਨਾਂ ਅਸਥਾਨਾਂ ਤੋਂ ਉਹ ਧਾਰਮਿਕ, ਅਧਿਆਤਮਕ ਅਤੇ ਸਦਾਚਾਰਕ ਗਿਆਨ ਗ੍ਰਹਿਣ ਕਰਦੇ ਹਨ। ਇਤਿਹਾਸਕ ਅਸਥਾਨਾਂ ਵਿਚ ਉਹਨਾਂ ਅਸਥਾਨਾਂ ਦਾ ਸ਼ੁਮਾਰ ਹੁੰਦਾ ਹੈ, ਜਿਹੜੇ ਭਾਵੇਂ ਸਿੱਧੇ ਤੌਰ 'ਤੇ ਪੈਗ਼ੰਬਰ, ਇਸ਼ਟ ਜਾਂ ਗੁਰੂ ਨਾਲ ਸੰਬੰਧਿਤ ਨਾ ਹੋਣ ਪਰ ਉਥੇ ਉਸ ਧਰਮ ਦੀ ਕੋਈ ਇਤਿਹਾਸਕ ਘਟਨਾ ਵਾਪਰੀ ਹੋਵੇ, ਜਿਸ ਕਰਕੇ ਉਹ ਅਸਥਾਨ ਵੀ ਪੂਜਣਯੋਗ ਹੋ ਜਾਂਦਾ ਹੈ। ਪੈਗ਼ੰਬਰ, ਇਸ਼ਟ ਜਾਂ ਗੁਰੂ ਨਾਲ ਸੰਬੰਧਿਤ ਅਸਥਾਨ ਵੀ ਇਤਿਹਾਸਕ ਅਸਥਾਨਾਂ ਦੇ ਵਰਗ ਵਿਚ ਆਉਂਦੇ ਹਨ, ਕਿਉਂਕਿ ਇਹਨਾਂ ਦਾ ਸੰਬੰਧ ਇਸ਼ਟ ਦੇ ਇਤਿਹਾਸਕ ਘਟਨਾ-ਕ੍ਰਮ ਨਾਲ ਹੁੰਦਾ ਹੈ। ਇਸ ਤੋਂ ਇਲਾਵਾ ਜਿਹੜੇ ਹੋਰ ਪੂਜਣਯੋਗ ਅਸਥਾਨ ਹੁੰਦੇ ਹਨ ਉਹ ਭਾਵੇਂ ਕਿ ਉਸ ਧਰਮ ਦੇ ਪੈਗ਼ੰਬਰ, ਇਸ਼ਟ ਜਾਂ ਗੁਰੂ ਨਾਲ ਸਿੱਧੇ ਤੌਰ 'ਤੇ ਸੰਬੰਧਿਤ ਨਾ ਹੋਣ, ਪਰ ਕਿਸੇ ਪੈਰੋਕਾਰ ਜਾਂ ਉਸ ਧਰਮ ਨੂੰ ਮੰਨਣ ਵਾਲੀ ਧਾਰਮਿਕ ਸ਼ਖ਼ਸੀਅਤ ਨਾਲ ਸੰਬੰਧਿਤ ਹੋਣ, ਜਿਸਦਾ ਉਸ ਧਰਮ ਵਿਚ ਉਚਾ ਪੂਜਣਯੋਗ ਰੁਤਬਾ ਹੋਵੇ, ਅਜਿਹੇ ਅਸਥਾਨ ਵੀ ਉਸ ਧਰਮ ਦੇ ਅਨੁਯਾਈਆਂ ਲਈ ਪੂਜਣਯੋਗ ਹੁੰਦੇ ਹਨ।

## ਅਸਥਾਨ : ਪਰਿਭਾਸ਼ਿਕ ਸੰਦਰਭ

ਧਾਰਮਿਕ ਅਸਥਾਨ ਬਾਰੇ ਵਿਚਾਰ ਕਰਨ ਤੋਂ ਪਹਿਲਾਂ 'ਅਸਥਾਨ' ਸ਼ਬਦ ਬਾਰੇ ਜਾਣਨਾ ਬਹੁਤ ਜਰੂਰੀ ਹੈ ਤਾਂ ਕਿ ਵਿਸ਼ੇ ਸੰਬੰਧੀ ਸਪੱਸ਼ਟਤਾ ਲਿਆਂਦੀ ਜਾ ਸਕੇ ;

ਭਾਈ ਕਾਨ੍ਹ ਸਿੰਘ ਨਾਭਾ ਨੇ 'ਅਸਥਾਨ' ਸ਼ਬਦ ਦੇ ਅਰਥ, "ਠਿਕਾਣਾ, ਠਹਿਰਨ ਅਥਵਾ ਰਹਿਣ ਦੀ

ਜਗਾ।" ਕੀਤੇ ਹਨ।[1]

ਗੁਰਚਰਨ ਸਿੰਘ 'ਅਸਥਾਨ ਦੇ "ਥਾਂ. ਜਗਾ, ਟਿਕਾਨਾ" ਆਦਿ ਅਰਥ ਕਰਦੇ ਹਨ।[2]

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਆਨਲਾਈਨ ਐਪ *ਪੰਜਾਬੀਪੀਡੀਆ* ਅਨੁਸਾਰ 'ਅਸਥਾਨ' ਦਾ ਅਰਥ, "ਪੂਜਣਯੋਗ ਥਾਂ, ਜਗ੍ਹਾ, ਸਥਾਨ, ਇਤਿਹਾਸਕ ਸਥਾਨ" ਆਦਿ ਹੈ।[3]

ਉਕਤ ਅਰਥਾਂ ਨੂੰ ਵਾਚਦਿਆਂ ਸਪੱਸ਼ਟ ਹੁੰਦਾ ਹੈ ਕਿ 'ਅਸਥਾਨ' ਤੋਂ ਭਾਵ ਕੋਈ ਵਿਸ਼ੇਸ਼ ਜਗ੍ਹਾ, ਥਾਂ, ਸਥਾਨ, ਧਾਰਮਿਕ ਅਸਥਾਨ ਜਾਂ ਇਤਿਹਾਸਕ ਅਸਥਾਨ ਆਦਿ ਹੈ। ਇਸ ਤਰ੍ਹਾਂ ਸਪੱਸ਼ਟ ਹੋ ਜਾਂਦਾ ਹੈ ਕਿ ਜਦੋਂ ਅਸਥਾਨ ਕਿਹਾ ਜਾਂਦਾ ਹੈ ਤਾਂ ਉਸ ਵਿਚ ਕਹਿਣ ਵਾਲੇ ਦੀ ਸ਼ਰਧਾ ਦੇ ਭਾਵ ਵੀ ਪ੍ਰਗਟ ਹੁੰਦੇ ਹਨ ਭਾਵ ਕਿਸੇ ਪੂਜਣਯੋਗ, ਧਾਰਮਿਕ ਥਾਂ ਨੂੰ ਅਸਥਾਨ ਦੀ ਸੰਗਿਆ ਦਿੱਤੀ ਜਾਂਦੀ ਹੈ।

ਹਰੇਕ ਧਰਮ ਦੇ ਪ੍ਰਚਾਰ-ਪਸਾਰ ਲਈ ਧਾਰਮਿਕ ਅਸਥਾਨ ਦਾ ਬਹੁਤ ਮਹੱਤਵ ਹੁੰਦਾ ਹੈ। ਹਰ ਧਰਮ ਦਾ ਆਪਣਾ ਇਕ ਕੇਂਦਰੀ ਅਸਥਾਨ ਹੁੰਦਾ ਹੈ, ਜਿਥੇ ਸੰਬੰਧਿਤ ਧਰਮ ਦੇ ਅਨੁਯਾਈ ਆਪਣੇ ਇਸ਼ਟ ਪ੍ਰਤੀ ਸ਼ਰਧਾ-ਸਤਿਕਾਰ ਸਹਿਤ ਧਾਰਮਿਕ ਕਿਰਿਆਵਾਂ ਕਰਦੇ ਅਤੇ ਆਪਣੀ ਅਧਿਆਤਮਕ ਯਾਤਰਾ ਨਿਰਵਿਘਨ ਸੰਪੂਰਨ ਹੋਣ ਲਈ ਅਰਦਾਸ ਕਰਦੇ ਹਨ। ਇਹਨਾਂ ਧਾਰਮਿਕ ਅਸਥਾਨਾਂ ਤੋਂ ਹੀ ਆਪਣੇ ਮੁਰਸ਼ਦ, ਗੁਰੂ, ਪੈਗ਼ੰਬਰ ਦੀਆਂ ਸਿਖਿਆਵਾਂ ਨੂੰ ਹਰੇਕ ਅਨੁਯਾਈ ਤੱਕ ਪਹੁੰਚਾਉਣ ਦਾ ਕਾਰਜ ਕੀਤਾ ਜਾਂਦਾ ਹੈ ਅਤੇ ਧਰਮ ਦੇ ਅਨੁਯਾਈ ਉਹਨਾਂ ਸਿਖਿਆਵਾਂ ਅਨੁਸਾਰ ਆਪਣਾ ਜੀਵਨ ਜੀਉਣ ਦੀ ਕੋਸ਼ਿਸ਼ ਕਰਦੇ ਹਨ।

ਸਾਰੇ ਧਰਮਾਂ ਵਿਚ ਇਤਿਹਾਸਕ ਅਸਥਾਨ ਦੀ ਮਹੱਤਤਾ ਸੰਬੰਧੀ ਹਰੀ ਰਾਮ ਗੁਪਤਾ ਲਿਖਦੇ ਹਨ, "Hinduism has its temples, Buddhism its stupas, Christianity its churches and Islam its mosques. For a religion scriptures and temples are essential. The religions

---

1 ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, 2006 (ਸੱਤਵੀਂ ਵਾਰ), ਪੰਨਾ 27.

2 ਗੁਰਚਰਨ ਸਿੰਘ (ਸੰਪਾ.), *ਸ੍ਰੀ ਗੁਰੂ ਗ੍ਰੰਥ ਕੋਸ਼* (ਜਿਲਦ-1), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002 (ਪਹਿਲੀ ਵਾਰ), ਪੰਨਾ 50.

3 https://punjabipedia.org/index.aspx?txt=ਅਸਥਾਨ&k=4. Dated 8 January, 2021.

without one or the other become extinct or survive only in name like the cults of great Goarkh Nath and Kabir." [4] ਭਾਵ ਹਿੰਦੂ ਧਰਮ ਦੇ ਮੰਦਰ ਹਨ, ਬੁੱਧ ਧਰਮ ਦੇ ਸਤੂਪ ਹਨ, ਈਸਾਈ ਧਰਮ ਦੇ ਚਰਚ ਹਨ ਅਤੇ ਇਸਲਾਮ ਧਰਮ ਦੀਆਂ ਮਸਜਿਦਾਂ ਹਨ। ਇਕ ਧਰਮ ਲਈ ਧਰਮ ਗ੍ਰੰਥ ਅਤੇ ਧਾਰਮਿਕ ਅਸਥਾਨ ਬਹੁਤ ਜ਼ਰੂਰੀ ਹਨ। ਉਹ ਧਰਮ ਜੋ ਇਨ੍ਹਾਂ ਵਿਚੋਂ ਇਕ ਜਾਂ ਦੂਸਰੇ ਪੱਖ ਦੀ ਪੂਰਤੀ ਨਹੀਂ ਕਰਦੇ, ਉਹ ਧਰਮ ਨਾਸ਼ ਹੋ ਜਾਂਦੇ ਹਨ ਜਾਂ ਸਿਰਫ ਨਾਂ ਹੀ ਬਚ ਜਾਂਦੇ ਹਨ ਜਿਵੇਂ ਕਿ ਗੋਰਖ ਨਾਥ ਦਾ ਪੰਥ ਅਤੇ ਕਬੀਰ ਪੰਥ ਹਨ।

ਇਸ ਤਰ੍ਹਾਂ ਇਹ ਸਪਸ਼ਟ ਹੁੰਦਾ ਹੈ ਕਿ ਵਿਸ਼ਵ ਦੇ ਹਰੇਕ ਧਰਮ ਵਿਚ ਉਸਦਾ ਧਾਰਮਿਕ ਅਸਥਾਨ ਮੌਜੂਦ ਹੈ। ਮਨੁੱਖ ਜਦੋਂ ਕਿਸੇ ਵੀ ਧਰਮ ਨੂੰ ਅਪਨਾਉਂਦਾ ਹੈ, ਤਾਂ ਉਸਦਾ ਧਾਰਮਿਕ ਅਸਥਾਨ ਉਤੇ ਜਾਣ ਦਾ ਮਕਸਦ ਹੁੰਦਾ ਹੈ ਕਿ ਉਸਦੀ ਆਪਣੇ ਅਸਲੇ ਨੂੰ ਖੋਜਣ ਦੀ ਤਲਾਸ਼ ਦੀ ਉਥੋਂ ਪੂਰਤੀ ਹੋ ਸਕੇ। ਉਸ ਜਗਿਆਸੂ ਮਨੁੱਖ ਦੀ ਇਸ ਤਲਾਸ਼ ਪੂਰਤੀ ਵਿਚ ਧਾਰਮਿਕ ਅਸਥਾਨ ਬਹੁਤ ਸਹਾਈ ਹੁੰਦੇ ਹਨ। ਧਰਮ ਦੇ ਮਾਰਗ ਨੂੰ ਅਪਨਾਉਣ ਦੇ ਪਿੱਛੇ ਉਕਤ ਤੋਂ ਇਲਾਵਾ ਵੀ ਅਨੇਕਾਂ ਕਾਰਨ ਹੁੰਦੇ ਹਨ। ਮੋਟੇ ਤੌਰ 'ਤੇ ਆਤਮਕ/ਅਧਿਆਤਮਕ ਅਤੇ ਪਦਾਰਥਕ ਕਾਮਨਾਵਾਂ ਜਾਂ ਇਸ ਜਗਤ ਵਿਚਲੀਆਂ ਲੋੜਾਂ ਆਦਿ। ਕੋਈ ਵੀ ਮਨੁੱਖ ਧਰਮ ਨੂੰ ਅਪਨਾਉਣ ਤੋਂ ਬਾਅਦ, ਇਕ ਖ਼ਾਸ ਮਰਿਆਦਾ ਦਾ ਧਾਰਨੀ ਬਣ ਜਾਂਦਾ ਹੈ। ਉਹ ਮਰਿਆਦਾ ਹੀ ਉਸਨੂੰ ਧਾਰਮਿਕ ਅਸਥਾਨ ਨਾਲ ਜੋੜਦੀ ਹੈ। ਈਸਾਈ ਚਰਚ ਨਾਲ, ਮੁਸਲਮਾਨ ਮਸਜਿਦ ਨਾਲ, ਹਿੰਦੂ ਮੰਦਿਰ ਨਾਲ ਅਤੇ ਸਿੱਖ ਗੁਰਦੁਆਰੇ ਨਾਲ ਜੁੜ ਕੇ ਆਪਣੀ ਆਤਮਿਕ ਅਤੇ ਸਮਾਜਿਕ ਉਨਤੀ ਦੇ ਰਾਹ ਤਲਾਸ਼ਦਾ ਹੈ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਹਰ ਇਕ ਧਾਰਮਿਕ ਮਨੁੱਖ ਦੀ ਆਸਥਾ ਦੇ ਪ੍ਰਗਟਾਵੇ ਦਾ ਕੇਂਦਰ ਉਸਦਾ ਆਪਣਾ ਧਾਰਮਿਕ ਅਸਥਾਨ ਬਣ ਜਾਂਦਾ ਹੈ।

ਖੋਜ ਕਾਰਜ ਦੇ ਇਸ ਅਧਿਆਇ ਵਿਚ ਅਸੀਂ ਸਿੱਖ ਧਾਰਮਿਕ ਅਸਥਾਨ (ਗੁਰਦੁਆਰਾ) ਨੂੰ ਅਧਿਐਨ ਦਾ ਵਿਸ਼ਾ ਬਣਾਇਆ ਹੈ। ਵਰਤਮਾਨ ਵਿਚ ਸਿੱਖ ਧਾਰਮਿਕ ਅਸਥਾਨ ਲਈ 'ਗੁਰਦੁਆਰਾ' ਸ਼ਬਦ ਵਰਤਿਆ ਜਾਣ ਲੱਗ ਪਿਆ ਹੈ। ਇਸ ਕਰਕੇ ਅਸੀਂ ਸਿੱਖ ਧਾਰਮਿਕ ਅਸਥਾਨ ਲਈ ਇਸ ਖੋਜ ਪ੍ਰਬੰਧ ਵਿਚ

---

[4] Hari Ram Gupta, *History of the Sikhs,* (Vol. I), Munshiram Manoharlal Publishers Pvt. Ltd., New Delhi, 2014, Page 390.

ਗੁਰਦੁਆਰਾ ਅਤੇ ਧਰਮਸਾਲ/ਧਰਮਸਾਲਾ ਸੰਗਯਾ ਦੀ ਵਰਤੋਂ ਵੀ ਕਰਾਂਗੇ। ਸਿੱਖ ਧਾਰਮਿਕ ਅਸਥਾਨ ਦਾ ਅਧਿਐਨ ਕਰਨ ਤੋਂ ਪਹਿਲਾਂ ਇਹ ਸਮਝਣਾ ਅਹਿਮ ਹੋ ਜਾਂਦਾ ਹੈ ਕਿ 'ਧਾਰਮਿਕ ਅਸਥਾਨਾਂ' ਦਾ ਵਿਸ਼ਵ ਧਰਮਾਂ ਵਿਚ ਕੀ ਸਥਾਨ ਹੈ ? ਇਸ ਲਈ ਅਸੀਂ ਸੰਸਾਰ ਦੇ ਧਰਮਾਂ ਨੂੰ ਦੋ ਹਿਸਿਆਂ ਵਿਚ ਵਰਗੀਕ੍ਰਿਤ ਕਰ ਕੇ ਅਧਿਐਨ ਕਰਨ ਦਾ ਯਤਨ ਕਰਾਂਗੇ- ਸਾਮੀ (ਪੱਛਮੀ, Western, Semitic) ਧਰਮ ਅਤੇ ਭਾਰਤੀ (ਪੂਰਬੀ, Eastern, Asian) ਧਰਮ।

## 1. ਸਾਮੀ ਧਰਮ : ਧਾਰਮਿਕ ਅਸਥਾਨ

ਸਾਮੀ ਧਰਮ ਪਰੰਪਰਾ ਵਿਚ ਤਿੰਨ ਪ੍ਰਮੁੱਖ ਧਰਮਾਂ ਦਾ ਸ਼ੁਮਾਰ ਹੁੰਦਾ ਹੈ, ਯਹੂਦੀ, ਈਸਾਈ ਅਤੇ ਇਸਲਾਮ। **ਇਹਨਾਂ** ਧਰਮਾਂ ਦੇ ਧਾਰਮਿਕ ਅਸਥਾਨਾਂ ਦਾ ਵੇਰਵਾ ਨਿਮਨ ਅਨੁਸਾਰ ਹੈ ;

### 1.1 ਯਹੂਦੀ ਧਰਮ

ਸਾਮੀ ਧਰਮ ਪਰੰਪਰਾ ਵਿਚੋਂ ਸਭ ਤੋਂ ਪਹਿਲਾ ਯਹੂਦੀ ਧਰਮ ਮੰਨਿਆ ਗਿਆ ਹੈ। ਇਸ ਧਰਮ ਦੇ ਪੈਗੰਬਰ 'ਹਜ਼ਰਤ ਮੂਸਾ' ਹਨ। ਉਹਨਾਂ ਨੇ ਯਹੂਦੀ ਕੌਮ ਨੂੰ ਹਾਰੂਨ ਬਾਦਸ਼ਾਹ ਦੀ ਕੈਦ ਵਿਚੋਂ ਆਜ਼ਾਦ ਕਰਵਾਇਆ ਸੀ। ਉਹਨਾਂ ਨੇ ਯਹੂਦੀਆਂ ਨੂੰ ਯਹੋਵਾ (ਪਰਮੇਸ਼ਰ) ਦੁਆਰਾ ਕੀਤੇ ਹੋਏ ਬਚਨਾਂ ਨੂੰ ਯਾਦ ਕਰਵਾਇਆ, ਜਿਹਨਾਂ ਨੂੰ 'ਦਸ ਨੇਮ' (Ten Commandments) ਆਖਿਆ ਜਾਂਦਾ ਹੈ। ਯਹੂਦੀ ਧਰਮ ਦਾ ਪ੍ਰਮੁੱਖ ਧਾਰਮਿਕ ਅਸਥਾਨ ਯੇਰੂਸ਼ਲਮ ਵਿਚ ਹੈ।

According to *Encyclopedia of Religion* that Jews religious place is called synagogue. It is called synagogc in Greek, which means assembly. In Hebrew it is called *beit kenesset,* meaning house of assembly, or beit tefila, or house of prayer. Similarly, in the Yiddish language, the synagogue is called *shul*; In the Portuguese language *Ladino*, it is called *esnoga* or *kahal*, which also means house of worship.[5] ਭਾਵ ਯਹੂਦੀ ਧਰਮ ਦੇ ਧਾਰਮਿਕ ਅਸਥਾਨ ਨੂੰ 'ਸਿਨਾਗਾਗ' (Synagogue) ਕਿਹਾ ਜਾਂਦਾ ਹੈ। ਇਸ ਨੂੰ

---

[5] Lindsay Jones (Edtior in Chief), *Encyclopedia of Religion,* Vol.13, Thomson Gale, Farmington Hills, USA. Page 8920-26.

ਯੂਨਾਨੀ ਭਾਸ਼ਾ ਵਿਚ ਸਿਨਾਗਾਗ (Synagogc) ਕਿਹਾ ਜਾਂਦਾ ਹੈ, ਜਿਸ ਦਾ ਅਰਥ ਹੈ ਜੁੜਨਾ (assembly)। ਇਬਰਾਨੀ (Hebrew) ਭਾਸ਼ਾ ਵਿਚ ਇਸ ਨੂੰ ਬੈੱਟ ਐਨਸੈਟ (bet kenesset), ਭਾਵ ਪੂਜਾ ਦਾ ਘਰ (house of assembly) ਜਾਂ ਬੈਟ ਟੈਫੀਲਾ (bet tefila), ਭਾਵ ਪੂਜਾ ਦਾ ਘਰ (house of prayer) ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਯਿੱਦੀਸ਼ (Yiddish) ਭਾਸ਼ਾ ਵਿਚ ਸਿਨਾਗਾਗ ਨੂੰ ਸ਼ੁਲ (shul); ਪੁਰਤਗਾਲੀ ਭਾਸ਼ਾ ਲਡੀਨੋ (Ladino) ਵਿਚ ਇਸ ਨੂੰ ਇਸਨੋਗਾ (esnoga) ਜਾਂ ਕਹਾਲ (kahal) ਕਿਹਾ ਜਾਂਦਾ ਹੈ, ਜਿਹਨਾਂ ਤੋਂ ਭਾਵ ਵੀ ਪੂਜਾ ਘਰ ਹੀ ਹੈ।

ਸਿਨਾਗਾਗ ਵਿਚ ਯਹੂਦੀ ਧਰਮ ਨੂੰ ਮੰਨਣ ਵਾਲੇ ਅਨੁਯਾਈ ਪ੍ਰਾਰਥਨਾ ਕਰਨ ਦੇ ਨਾਲ-ਨਾਲ ਪਵਿੱਤਰ ਕਿਤਾਬਾਂ ਦਾ ਅਧਿਐਨ ਕਰਨ ਲਈ ਇਕੱਠੇ ਹੁੰਦੇ ਹਨ। ਆਮ ਕਰਕੇ ਸਿਨਾਗਾਗ ਦੀ ਵਰਤੋਂ ਤਿੰਨ ਰਵਾਇਤੀ ਕਾਰਜਾਂ ਲਈ ਹੁੰਦੀ ਹੈ :

(1) ਪ੍ਰਾਰਥਨਾ ਘਰ ਵਜੋਂ (House of Prayer)

(2) ਧਾਰਮਿਕ ਰਸਮਾਂ ਲਈ ਇਕੱਤਰ ਹੋਣ ਦਾ ਸਥਾਨ (House of Assembly)

(3) ਅਧਿਐਨ ਕਰਨ ਦਾ ਸਥਾਨ (House of Study)

ਸਿਨਾਗਾਗ ਵਿਚ ਸਮੂਹਿਕ ਪ੍ਰਾਰਥਨਾ ਕਰਨ ਲਈ ਇਕ ਵੱਡਾ ਹਾਲ ਹੁੰਦਾ ਹੈ, ਅਧਿਐਨ ਲਈ ਛੋਟੇ ਕਮਰੇ ਅਤੇ ਕਈ ਵਾਰ ਸਮਾਜਿਕ ਹਾਲ ਤੇ ਦਫ਼ਤਰ ਵੀ ਹੁੰਦੇ ਹਨ। ਕਈ ਸਿਨਾਗਾਗਾਂ ਵਿਚ ਤੌਰੇਤ ਦੇ ਅਧਿਐਨ ਲਈ ਵੱਖਰਾ ਕਮਰਾ ਹੁੰਦਾ ਹੈ, ਜਿਸਨੂੰ ਬੈਥ ਮਿਦਰਸ਼ (beth midrash) ਭਾਵ 'ਅਧਿਐਨ ਘਰ' ਕਿਹਾ ਜਾਂਦਾ ਹੈ।[6]

ਸਿਨਾਗਾਗ ਦੀ ਮਰਿਆਦਾ ਅਤੇ ਇਸ ਵਿਚ ਔਰਤਾਂ ਦੀ ਭੂਮਿਕਾ *The Encyclopedia of Jewish Knowledge* ਵਿਚ ਇਸ ਤਰ੍ਹਾਂ ਦਰਸਾਈ ਗਈ ਹੈ, "At least ten adult male persons were required for the holding of public worship in the synagog, known as 'Minyan' a Quorum. According to the Oriental custom, women were not counted as members of

[6] ਸਰਬਜਿੰਦਰ ਸਿੰਘ (ਸੰਪਾ.), *ਧਰਮ ਅਧਿਐਨ 3*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2019, ਪੰਨਾ 14.

the congregation, although in Synagog of ancient Rome the title, 'Master Synagog' would indicate a title of special honor for women, and although in the modern Reform synagog women are eligible for membership and office."[7] ਭਾਵ ਕਿ ਘੱਟੋ-ਘੱਟ ਦਸ ਬਾਲਗ ਵਿਅਕਤੀ ਪ੍ਰਾਰਥਨਾ ਸਥਾਨ ਵਿਚ ਜਨਤਕ ਪੂਜਾ ਲਈ ਚਾਹੀਦੇ ਹਨ, ਜਿਸਨੂੰ 'ਮਿਨਯਾਨ' ਆਖਿਆ ਜਾਂਦਾ ਹੈ। ਪੂਰਬੀ ਰੋਮ ਦੀ ਰੀਤ ਅਨੁਸਾਰ ਔਰਤਾਂ ਨੂੰ ਕਲੀਸੀਆ ਦੇ ਮੈਂਬਰਾਂ ਵਜੋਂ ਨਹੀਂ ਗਿਣਿਆ ਜਾਂਦਾ। ਪ੍ਰਾਚੀਨ ਰੋਮ ਦੇ ਸਿਨਾਗਾਗ ਵਿਚ 'ਮਾਸਟਰ ਸਿਨਾਗਾਗ' ਦਾ ਔਰਤਾਂ ਦੇ ਸਨਮਾਨ ਨੂੰ ਇਕ ਸਿਰਲੇਖ ਦਰਸਾਉਂਦਾ ਸੀ। ਆਧੁਨਿਕ ਸੁਧਾਰ ਔਰਤਾਂ ਨੂੰ ਸਿਨਾਗਾਗ ਦੀ ਮੈਂਬਰਸ਼ਿਪ ਅਤੇ ਦਫਤਰ ਵਿਚ ਕੰਮ ਕਰਨ ਲਈ ਪ੍ਰਵਾਨਗੀ ਦਾ ਹਾਮੀ ਹੈ।

ਸਮਾਜਿਕ ਇਕੱਤਰਤਾ ਵਜੋਂ ਸਿਨਾਗਾਗ ਦੀ ਵਰਤੋਂ ਦਾ ਸਭ ਤੋਂ ਪੁਰਾਣਾ ਸਬੂਤ ਤੀਸਰੀ ਈਸਵੀ ਪੂਰਵ ਦਾ ਮਿਲਦਾ ਹੈ ਪਰ ਸਿਨਾਗਾਗ ਦਾ ਇਤਿਹਾਸ ਇਸ ਤੋਂ ਵੀ ਪੁਰਾਣਾ ਮੰਨਿਆ ਜਾਂਦਾ ਹੈ। ਭਾਵੇਂ ਕਿ ਧਾਰਮਿਕ ਗ੍ਰੰਥ ਤੋਰਾਹ ਵਿਚ ਸਿਨਾਗਾਗ ਦਾ ਕੋਈ ਜ਼ਿਕਰ ਪ੍ਰਾਪਤ ਨਹੀਂ ਹੁੰਦਾ ਪਰ ਬਾਅਦ ਵਿਚ ਇਸਦਾ ਉਥਾਨ ਯਹੂਦੀ ਕੌਮ ਲਈ ਸਮੂਹਿਕ ਪ੍ਰਾਰਥਨਾ ਕਰਨ ਦੇ ਸਥਾਨ ਵਜੋਂ ਹੋਇਆ। ਇਸ ਤੋਂ ਪਹਿਲਾਂ ਮੂਸਾ ਦੇ ਸਮੇਂ ਵਿਚ ਪ੍ਰਾਰਥਨਾ ਨੂੰ ਵਿਅਕਤੀਗਤ ਤੌਰ ਤੇ ਹੀ ਨਿਭਾਇਆ ਜਾਂਦਾ ਸੀ। ਆਧੁਨਿਕ ਸਮੇਂ ਵਿਚ ਸਿਨਾਗਾਗ ਨਾਲ ਕੁਝ ਸਮਾਜਿਕ, ਪਰਉਪਕਾਰੀ ਕਾਰਜ ਆਦਿਕ ਵੀ ਜੋੜੇ ਗਏ ਹਨ।

### 1.2 ਈਸਾਈ ਧਰਮ

ਈਸਾਈ ਧਰਮ ਦਾ ਕੇਂਦਰੀ ਅਸਥਾਨ ਈਸਾ ਮਸੀਹ ਦਾ ਜਨਮ ਅਸਥਾਨ 'ਯੇਰੂਸ਼ਲਮ' ਵਿਚ ਹੈ। ਇਸ ਧਰਮ ਦੇ ਧਾਰਮਿਕ ਅਸਥਾਨ ਨੂੰ 'ਚਰਚ' (Church) ਜਾਂ 'ਗਿਰਜਾ' ਕਿਹਾ ਜਾਂਦਾ ਹੈ।

According to *Encyclopedia of Religion,* "The English word *church* translates the New Testament (NT) Greek *ekklesia* (assembly), the commonest equivalent for the Hebrew *qahal* (assembly, gathering, or congregation) in the Septuagint or Greek

[7] Jacob De Haas, *The encyclopedia of Jewish Knowldge*, Page 546.

translation of Jewish Scripture the Bible of the NT writers. It is possible that *ekklesia* was used of early church gatherings to distinguished them from the Jewish synagogues to which many early Christians still belonged. The term *ekklesia* in this scnse is found amoung the earliest Christian writings."[8]

*ਪੰਜਾਬੀ ਵਿਸ਼ਵ ਕੋਸ਼* ਅਨੁਸਾਰ, " 'ਚਰਚ' ਸ਼ਬਦ ਈਸਾਈ ਧਾਰਮਕ ਸੰਗਠਨ ਅਤੇ ਈਸਾਈਆਂ ਦੀ ਪੂਜਾ ਲਈ ਵਰਤੀ ਜਾਂਦੀ ਇਮਾਰਤ (ਗਿਰਜਾਘਰ) ਦੋਹਾਂ ਦਾ ਨਿਰੂਪਣ ਕਰਦਾ ਹੈ।...ਇਹ ਯੂਨਾਨੀ ਸ਼ਬਦ 'ਇਕਲੀਜ਼ੀਆ' (ecclesia) ਦਾ ਵਿਕਰਿਤ ਰੂਪ ਹੈ। ...ਓਲਡ ਟੈਸਟਾਮੈਂਟ ਵਿਚ ਇਕਲੀਜ਼ੀਆ ਸ਼ਬਦ ਦੀ ਵਰਤੋਂ ਧਾਰਮਕ ਮੰਤਵ ਲਈ ਯਹੂਦੀ ਲੋਕਾਂ ਦੀ ਆਮ ਸਭਾ ਤੱਕ ਸੀਮਿਤ ਰਹੀ। ਨਿਊ ਟੈਸਟਾਮੈਂਟ ਵਿਚ ਇਹ ਸ਼ਬਦ ਸੰਸਾਰ-ਭਰ ਦੇ ਸ਼ਰਧਾਲੂ ਈਸਾਈਆਂ ਦੀ ਸਮੁੱਚੀ ਸਭਾ ਲਈ ਵਰਤਿਆ ਗਿਆ ਹੈ। ਅਜਿਹੀ ਸਭਾ ਦੀ ਇਕੱਤਰਤਾ ਲਈ ਉਹ ਆਪਣੇ ਇਲਾਕੇ ਵਿਚ ਇਕ ਖਾਸ ਸਥਾਨ ਜਾਂ ਇਮਾਰਤ ਵਿਚ ਮਿਲਦੇ ਹਨ, ਜਿਸ ਨੂੰ ਗਿਰਜਾ ਜਾਂ ਚਰਚ ਕਿਹਾ ਜਾਂਦਾ ਹੈ।"[9]

ਚਰਚ ਦਾ ਇਤਿਹਾਸ ਵੀ ਕਾਫੀ ਪੁਰਾਣਾ ਹੈ ਪਰ ਫਿਰ ਵੀ ਇਹ ਕਹਿਣਾ ਮੁਸ਼ਕਿਲ ਹੈ ਕਿ ਸਭ ਤੋਂ ਪਹਿਲਾ ਚਰਚ ਕਦੋਂ ਹੋਂਦ ਵਿਚ ਆਇਆ ਸੀ। ਇਹ ਮੰਨਿਆ ਜਾਂਦਾ ਹੈ ਕਿ ਚਰਚ ਦੀ ਸਥਾਪਨਾ ਲਗਪਗ ਪਹਿਲੀ ਸਦੀ ਈਸਵੀ ਵਿਚ ਹੋਈ, ਜਿਸਦਾ ਮੁੱਖ ਮੰਤਵ ਪੈਗ਼ੰਬਰ ਯਿਸੂ ਮਸੀਹ ਦੀਆਂ ਸਿਖਿਆਵਾਂ ਦਾ ਪ੍ਰਚਾਰ ਕਰਨਾ ਸੀ। ਈਸਾਈ ਧਰਮ ਦੇ ਗ੍ਰੰਥਾਂ ਅਨੁਸਾਰ ਯਿਸੂ ਨੇ ਆਪਣੇ ਚੇਲਿਆਂ ਨੂੰ ਹੁਕਮ ਕੀਤਾ ਸੀ ਕਿ ਉਹ ਉਸਦੀਆਂ ਸਿਖਿਆਵਾਂ ਸੰਸਾਰ ਵਿਚ ਫੈਲਾਉਣ। ਅਜੋਕੇ ਸਮੇਂ ਵਿਚ ਚਰਚ ਯਿਸੂ ਦੀਆਂ ਸਿਖਿਆਵਾਂ ਨੂੰ ਪ੍ਰਚਾਰਨ ਅਤੇ ਬਪਤਿਸਮਾ ਦੇ ਕੇ ਲੋਕਾਂ ਨੂੰ ਆਪਣੇ ਧਰਮ ਦੇ ਅਨੁਯਾਈ ਬਨਾਉਣ ਦਾ ਕਾਰਜ ਕਰਦਾ ਹੈ।

### 1.3 ਇਸਲਾਮ ਧਰਮ

ਸਾਮੀ ਧਰਮ ਪਰੰਪਰਾ ਦੀ ਲੜੀ ਵਿਚ ਇਸਲਾਮ ਦਾ ਸ਼ੁਮਾਰ ਤੀਜੇ ਨੰਬਰ ਉਤੇ ਹੁੰਦਾ ਹੈ।

8 Lindsay Jones (Edtior in Chief), *Encyclopedia of Religion,* Page 1770.

9 ਰਛਪਾਲ ਸਿੰਘ ਗਿੱਲ (ਮੁੱਖ ਸੰਪਾ.) ਅਤੇ ਹੋਰ, *ਪੰਜਾਬੀ ਵਿਸ਼ਵ ਕੋਸ਼*, ਜਿਲਦ ਨੌਵੀਂ, ਭਾਸ਼ਾ ਵਿਭਾਗ, ਪੰਜਾਬ, 2001 (ਤੀਜੀ ਐਡੀਸ਼ਨ). ਪੰਨੇ 399-400.

ਇਸਲਾਮ ਦੇ ਧਾਰਮਿਕ ਅਸਥਾਨ ਲਈ ਪ੍ਰਚਲਿਤ ਨਾਮ 'ਮਸਜਿਦ' (Mosque) ਜਾਂ 'ਮਸੀਤ' ਹੈ।

Meaning of Mosque according to *Encyclopedia of Religion,* "The original Arabic word for mosque is *masjid* (plural, *masajid*), meaning a place of *sujud,* the highly symbolic act of prostration (before God) during *salat* (ritual prayer), when the whole body reaches its lowest position and the forehead is placed on the earth in a prescribed manner."[10] ਭਾਵ ਮਸੀਤ ਦਾ ਅਸਲ ਅਰਬੀ ਸ਼ਬਦ ਮਸਜਿਦ ਹੈ, ਜਿਸਦਾ ਅਰਥ ਹੈ ਸੁਜਦ (ਸਿਜ਼ਦਾ ਕਰਨ ਦੀ ਥਾਂ), ਨਮਾਜ਼ ਦੇ ਦੌਰਾਨ ਪ੍ਰਤੀਕਾਤਮਕ ਰੂਪ ਵਿਚ ਰੱਬ ਅੱਗੇ ਮੱਥਾ ਟੇਕਣ ਦੀ ਥਾਂ।

*ਫ਼ਾਰਸੀ-ਪੰਜਾਬੀ ਕੋਸ਼* ਅਨੁਸਾਰ 'ਮਸਜਿਦ' "ਸਿਜਦਾ ਕਰਨ ਦੀ ਥਾਂ, ਮੁਸਲਮਾਨਾਂ ਦਾ ਪੂਜਾ-ਘਰ"[11] ਹੈ।

*ਪੰਜਾਬੀ ਪੀਡੀਆ* ਅਨੁਸਾਰ 'ਮਸਜਿਦ' ਦੇ ਸ਼ਾਬਦਿਕ ਅਰਥ ਹਨ, "ਮੁਸਲਮਾਨਾਂ ਦੁਆਰਾ ਇਕੱਠੇ ਹੋ ਕੇ ਨਮਾਜ ਪੜਨ ਲਈ ਬਣਾਈ ਥਾਂ।"[12]

ਜਿਥੇ ਵੀ ਮੁਸਲਮਾਨਾਂ ਦੀ ਵਸੋਂ ਹੈ, ਉਥੇ ਮਸਜਿਦਾਂ ਵੀ ਬਣੀਆਂ ਹੁੰਦੀਆਂ ਹਨ। ਮਸਜਿਦ ਵਿਚ ਜਾ ਕੇ ਮੁਸਲਮਾਨ ਪੰਜੇ ਵਕਤ ਦੀਆਂ ਨਮਾਜਾਂ ਅਦਾ ਕਰਦੇ ਹਨ। ਇਸ ਤੋਂ ਇਲਾਵਾ ਹਰ ਸ਼ੁੱਕਰਵਾਰ ਨੂੰ ਜਮਾਤ (ਸਮੂਹਿਕ) ਰੂਪ ਵਿਚ ਨਮਾਜ ਅਦਾ ਕੀਤੀ ਜਾਂਦੀ ਹੈ, ਇਸ ਖਾਸ ਅਸਥਾਨ ਨੂੰ 'ਜਾਮਾ ਮਸਜਿਦ' ਦੇ ਨਾਂ ਨਾਲ ਜਾਇਆ ਜਾਂਦਾ ਹੈ। ਮੁਸਲਮਾਨਾਂ ਦੁਆਰਾ ਇਸ ਦਿਨ ਪੜ੍ਹੀ ਜਾਣ ਵਾਲੀ ਨਮਾਜ ਨੂੰ 'ਜੁਮੇ ਦੀ ਨਮਾਜ' ਕਿਹਾ ਜਾਂਦਾ ਹੈ।

ਇਸਲਾਮ ਦਾ ਸਭ ਤੋਂ ਵੱਧ ਪਵਿੱਤਰ ਸ਼ਹਿਰ 'ਮੱਕਾ' ਹੈ, ਜਿਥੇ ਪੈਗ਼ੰਬਰ 'ਹਜ਼ਰਤ ਮੁਹੰਮਦ' ਸਾਹਿਬ ਦਾ ਜਨਮ ਹੋਇਆ ਸੀ। ਇਸ ਲਈ ਮੱਕਾ ਹਰ ਮੁਸਲਮਾਨ ਲਈ ਬਹੁਤ ਮਹੱਤਵ ਰੱਖਦਾ ਹੈ। ਮੱਕੇ

10 Lindsay Jones (Edtior in Chief), *Encyclopedia of Religion,* Page 6204.

11 ਰਾਜਿੰਦਰ ਸਿੰਘ ਲਾਂਬਾ (ਮੁੱਖ ਸੰਪਾ.), *ਫ਼ਾਰਸੀ-ਪੰਜਾਬੀ ਕੋਸ਼,* ਪੰਨਾ 634.

12 https://punjabipedia.org/index.aspx?txt=मसजिद&k=4. Dated 8 January, 2021.

ਵਿਚ ਹੀ ਸਥਿਤ 'ਕਾਅਬਾ' ਨਾਂ ਦਾ ਧਾਰਮਿਕ ਅਸਥਾਨ ਹਰ ਮੁਸਲਮਾਨ ਲਈ ਕੇਂਦਰੀ ਅਸਥਾਨ ਵਜੋਂ ਮਹੱਤਵ ਰੱਖਦਾ ਹੈ। ਮੱਕੇ ਦੇ ਨਜ਼ਦੀਕ ਹੀ ਆਬੇ-ਜ਼ਮਜ਼ਮ ਹੈ, ਉਹ ਵੀ ਉਹਨਾਂ ਲਈ ਇਕ ਪਵਿੱਤਰ ਅਸਥਾਨ ਦਾ ਦਰਜਾ ਰੱਖਦਾ ਹੈ, ਕਿਉਂਕਿ ਇਸ ਦਾ ਸੰਬੰਧ ਹਜ਼ਰਤ ਇਬਰਾਹੀਮ ਦੇ ਪੁੱਤਰਾਂ ਨਾਲ ਜੁੜਦਾ ਹੈ। ਇਸ ਤੋਂ ਬਾਅਦ ਮਦੀਨਾ ਨਾਂ ਦਾ ਅਸਥਾਨ ਵੀ ਹਰ ਮੁਸਲਮਾਨ ਲਈ ਪੂਜਣਯੋਗ ਹੈ, ਇੱਥੇ ਪੈਗ਼ੰਬਰ ਹਜ਼ਰਤ ਮੁਹੰਮਦ ਸਾਹਿਬ ਨੇ ਹਿਜ਼ਰਤ ਸਮੇਂ ਕਾਫ਼ੀ ਦੇਰ ਤੱਕ ਟਿਕਾਣਾ ਕੀਤਾ ਸੀ। ਇੱਥੇ ਹੀ ਉਹਨਾਂ ਦਾ ਦੇਹਾਂਤ ਹੋਇਆ ਸੀ। ਜਿਥੇ ਹਜ਼ਰਤ ਮੁਹੰਮਦ ਸਾਹਿਬ ਨੇ ਬੰਦਗੀ ਕੀਤੀ ਅਤੇ ਕੁਰਾਨ ਦੀ ਪਹਿਲੀ ਸੂਰਤ ਨਾਜ਼ਿਲ ਹੋਈ ਸੀ, ਉਹ 'ਹਿਰਾ'[13] ਨਾਮੀ ਗੁਫ਼ਾ ਵੀ ਮੁਸਲਮਾਨਾਂ ਲਈ ਪਵਿੱਤਰ ਅਸਥਾਨ ਦਾ ਦਰਜਾ ਰੱਖਦੀ ਹੈ। 'ਕਰਬਲਾ' ਨਾਂ ਦਾ ਅਸਥਾਨ ਵੀ ਮੁਸਲਮਾਨਾਂ ਦੀ ਯਾਦ ਦਾ ਸਦੀਵੀ ਹਿੱਸਾ ਹੈ, ਜਿਥੇ ਕਿ ਇਸਲਾਮ ਦੀ ਪ੍ਰਸਿੱਧ ਜੰਗ ਕਰਬਲਾ ਦੇ ਮੈਦਾਨ ਵਿਚ ਹੋਈ ਸੀ। ਇਸ ਜੰਗ ਵਿਚ ਹਜ਼ਰਤ ਮੁਹੰਮਦ ਸਾਹਿਬ ਦੇ ਦੋਹਤੇ 'ਹਸਨ' ਅਤੇ 'ਹੁਸੈਨ' ਸ਼ਹੀਦ ਹੋਏ ਸਨ। ਇਸ ਤੋਂ ਇਲਾਵਾ ਜਿੰਨੇ ਵੀ ਪੀਰ, ਔਲੀਏ ਹੋਏ, ਉਹਨਾਂ ਦੇ ਮਜਾਰ ਵੀ ਮੁਸਲਮਾਨਾਂ ਲਈ ਪਵਿੱਤਰ ਅਸਥਾਨ ਦਾ ਦਰਜਾ ਰੱਖਦੇ ਹਨ, ਜਿਹਨਾਂ ਵਿਚ ਹਜ਼ਰਤ ਰਾਬੀਆ, ਸ਼ਮਸ ਤਬਰੇਜ਼, ਮੌਲਾਨਾ ਰੂਮੀ, ਮਨਸੂਰ, ਇਮਾਮ ਗੱਜ਼ਾਲੀ, ਭਾਰਤ ਵਿਚਲੇ ਖ਼ਵਾਜ਼ਾ ਮੁਈਨਉਦੀਨ ਚਿਸ਼ਤੀ, ਅਜਮੇਰ (ਰਾਜਸਥਾਨ), ਬਾਬਾ ਸ਼ੇਖ਼ ਫ਼ਰੀਦ (ਫ਼ਰੀਦਕੋਟ), ਨਿਜ਼ਾਮੁਦੀਨ ਔਲੀਆ, (ਦਿੱਲੀ), ਸ਼ੇਖ਼ ਅਹਿਮਦ ਸਰਹੰਦੀ (ਸਰਹਿੰਦ) ਆਦਿ। ਉਪਰੋਕਤ ਵਿਚ ਇਹ ਦਰਸਾਇਆ ਗਿਆ ਹੈ ਕਿ ਮਸਜਿਦ ਤੋਂ ਇਲਾਵਾ ਮੁਸਲਮਾਨਾਂ ਵਿਚ ਜਿਹੜੇ ਵੀ ਅਸਥਾਨ ਪਵਿੱਤਰਤਾ ਦਾ ਦਰਜਾ ਰੱਖਦੇ ਹਨ, ਦਾ ਸ਼ੁਮਾਰ ਵੀ ਧਾਰਮਿਕ ਅਸਥਾਨਾਂ ਵਿਚ ਕੀਤਾ ਜਾਂਦਾ ਹੈ।

## 2. ਭਾਰਤੀ ਧਰਮ ਪਰੰਪਰਾ

ਭਾਰਤੀ ਧਰਮ ਪਰੰਪਰਾ ਵਿਚ ਚਾਰ ਪ੍ਰਮੁਖ ਧਰਮਾਂ ਦਾ ਸ਼ੁਮਾਰ ਹੁੰਦਾ ਹੈ, ਹਿੰਦੂ, ਜੈਨ, ਬੁੱਧ ਅਤੇ ਸਿੱਖ।

### 2.1 ਹਿੰਦੂ ਧਰਮ

ਭਾਰਤੀ ਧਰਮ ਪਰੰਪਰਾ ਅਨੁਸਾਰ ਹਿੰਦੂ ਧਰਮ ਦੇ ਧਾਰਮਿਕ ਅਸਥਾਨ ਨੂੰ ਆਮ ਕਰਕੇ 'ਮੰਦਿਰ'

13 ਮੁਹੰਮਦ ਇਰਸ਼ਾਦ, *ਹਜ਼ਰਤ ਮੁਹੰਮਦ : ਜੀਵਨ ਅਤੇ ਸਿੱਖਿਆਵਾਂ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011, ਪੰਨਾ 36.

(Temple) ਕਿਹਾ ਜਾਂਦਾ ਹੈ। ਹਿੰਦੂ ਮੰਦਿਰ ਵਿਚ ਵੱਖ-ਵੱਖ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਸਥਾਪਿਤ ਕੀਤੀਆਂ ਹੁੰਦੀਆਂ ਹਨ। ਹਿੰਦੂ ਧਰਮ ਦੇ ਅਨੁਯਾਈ ਉਹਨਾਂ ਅੱਗੇ ਆਪਣੀਆਂ ਭੇਟਾਵਾਂ ਅਰਪਣ ਕਰਦੇ ਹਨ ਅਤੇ ਆਪਣੀਆਂ ਕਾਮਨਾਵਾਂ ਦੀ ਪੂਰਤੀ ਲਈ ਮੰਨਤ ਵੀ ਮੰਗਦੇ ਹਨ। ਮੰਦਿਰ ਵਿਚ ਧਾਰਮਿਕ ਰਸਮਾਂ ਨਿਭਾਉਣ ਲਈ ਇਕ ਮੁੱਖ ਪੁਜਾਰੀ ਹੁੰਦਾ ਹੈ। ਭਾਰਤ ਵਿਚ ਅਨੇਕਾਂ ਮੰਦਿਰ ਅਜਿਹੇ ਹਨ, ਜਿਥੇ ਔਰਤ ਅਤੇ ਨੀਵੀਆਂ ਜਾਤਾਂ ਦੇ ਲੋਕਾਂ ਦੇ ਦਾਖਲੇ 'ਤੇ ਪਾਬੰਦੀ ਵੀ ਲਗਾਈ ਹੋਈ ਹੈ।

According of *Encyclopedia of Hinduism,* "The temple is the center of Hindu worship. It can vary in size from a small shrine with a simple thatched roof to vast complexes of stone and masonary. During most times of the year the temple is devoted to individual or family worship or to greeting of the divinity. Since many houses in India have their own shrines set up for worship, the temple is reserved for speical worship or for requests to the divinity, often by people who have made PILGRIMAGES. …Often the inner sanctum of the temple, its most holy spot, holds a small, typically modest icon. The more elaborate statues and images are usually located in the larger temple precincts. Larger temples often boast a huge array of images of gods and goddesses, usually depicting a particular event in their story."[14] ਭਾਵ ਮੰਦਿਰ ਹਿੰਦੂ ਪੂਜਾ ਦਾ ਕੇਂਦਰ ਹੈ। ਇਹ ਆਕਾਰ ਵਿਚ ਸਧਾਰਨ ਛੱਤ ਵਾਲੇ ਛੋਟੇ ਮੰਦਿਰ ਤੋਂ ਲੈ ਕੇ ਪੱਥਰ ਦੇ ਵਿਸ਼ਾਲ ਕੰਪਲੈਕਸਾਂ ਤੱਕ ਆਕਾਰ ਵਿੱਚ ਭਿੰਨ-ਭਿੰਨ ਹੋ ਸਕਦੇ ਹਨ। ਜ਼ਿਆਦਾਤਰ ਮੰਦਰ ਵਿਅਕਤੀਗਤ ਜਾਂ ਪਰਿਵਾਰਕ ਪੂਜਾ ਲਈ ਬਣਾਏ ਹੁੰਦੇ ਹਨ। ਭਾਰਤ ਵਿੱਚ ਬਹੁਤ ਸਾਰੇ ਘਰਾਂ ਵਿੱਚ ਪੂਜਾ ਲਈ ਆਪਣੇ ਮੰਦਿਰ ਸਥਾਪਤ ਕੀਤੇ ਗਏ ਹਨ, ਇਹ ਮੰਦਿਰ ਉਨ੍ਹਾਂ ਲੋਕਾਂ ਵਿਸ਼ੇਸ਼ ਪੂਜਾ ਰਾਖਵਾਂ ਹੁੰਦਾ ਹੈ, ਜਿਹਨਾਂ ਨੇ ਤੀਰਥ ਯਾਤਰਾਵਾਂ ਕੀਤੀਆਂ ਹਨ। … ਅਕਸਰ ਮੰਦਿਰ ਦਾ ਅੰਦਰਲਾ ਅਸਥਾਨ ਭਾਵ ਗਰਭ-

[14] A. Jones and James D. Ryan, *Encyclopedia of Hinduism*, Facts on Files, New York, 2007. Pages 440-41.

ਗ੍ਰਹਿ, ਇਸਦਾ ਸਭ ਤੋਂ ਪਵਿੱਤਰ ਸਥਾਨ ਹੁੰਦਾ ਹੈ। ਵੱਡੇ ਮੰਦਿਰਾਂ ਵਿਚ ਮੂਰਤੀਆਂ ਅਤੇ ਚਿੱਤਰ ਲਗਾਏ ਹੁੰਦੇ ਹੁੰਦੇ ਹਨ। ਵੱਡੇ ਮੰਦਿਰਾਂ ਵਿਚ ਅਕਸਰ ਦੇਵੀ-ਦੇਵਤਿਆਂ ਦੀਆਂ ਤਸਵੀਰਾਂ ਦੀਆਂ ਉਹ ਤਸਵੀਰਾਂ ਲਗਾਈਆਂ ਹੁੰਦੀਆਂ ਹਨ, ਜਿਹੜੀਆਂ ਕਿਸੇ ਖਾਸ ਘਟਨਾ ਨੂੰ ਦਰਸਾਉਂਦੀਆਂ ਹਨ।

ਮੰਦਰ ਜਾਂ ਮੰਦਿਰ ਹਿੰਦੂ ਧਰਮ ਦੇ ਧਾਰਮਿਕ ਅਸਥਾਨ ਨੂੰ ਆਖਦੇ ਹਨ। ਇਹ ਅਰਾਧਨਾ ਅਤੇ ਪੂਜਾ-ਅਰਚਨਾ ਲਈ ਨਿਸ਼ਚਿਤ ਕੀਤੀ ਹੋਈ ਥਾਂ ਜਾਂ ਦੇਵਸਥਾਨ ਹੈ। ਭਾਵ ਜਿਸ ਥਾਂ ਤੇ ਕਿਸੇ ਆਰਾਧਯ ਦੇਵ ਦੇ ਪ੍ਰਤੀ ਧਿਆਨ ਜਾਂ ਚਿੰਤਨ ਕੀਤਾ ਜਾਵੇ ਜਾਂ ਉੱਥੇ ਮੂਰਤੀ ਰੱਖ ਕੇ ਪੂਜਾ-ਅਰਚਨਾ ਕੀਤੀ ਜਾਵੇ, ਉਸਨੂੰ ਮੰਦਰ ਕਹਿੰਦੇ ਹਨ। ਮੰਦਰ ਦਾ ਸ਼ਾਬਦਿਕ ਅਰਥ 'ਘਰ' ਹੈ ਅਤੇ ਸਹੀ ਸ਼ਬਦ, 'ਦੇਵਮੰਦਰ' 'ਸ਼ਿਵਮੰਦਰ', 'ਕਾਲੀਮੰਦਰ' ਆਦਿ ਹਨ। ਮੱਠ ਉਹ ਥਾਂ ਹੈ, ਜਿਥੇ ਕਿਸੇ ਸੰਪ੍ਰਦਾਏ, ਧਰਮ ਜਾਂ ਪਰੰਪਰਾ ਵਿਸ਼ੇਸ਼ ਵਿਚ ਸ਼ਰਧਾ ਰੱਖਣ ਵਾਲੇ ਆਚਾਰੀਆ ਜਾਂ ਧਰਮਗੁਰੂ ਆਪਣੇ ਸੰਪ੍ਰਦਾਏ ਦੇ ਪ੍ਰਚਾਰ ਦੇ ਉਦੇਸ਼ ਨਾਲ ਧਰਮ ਗ੍ਰੰਥਾਂ 'ਤੇ ਵਿਚਾਰ ਵਿਮਰਸ਼ ਕਰਦੇ ਹਨ ਜਾਂ ਉਹਨਾਂ ਦੀ ਵਿਆਖਿਆ ਕਰਦੇ ਹਨ, ਜਿਸਦੇ ਨਾਲ ਉਸ ਸੰਪ੍ਰਦਾਏ ਦੇ ਮੰਨਣ ਵਾਲਿਆਂ ਦਾ ਹਿੱਤ ਹੋਵੇ ਅਤੇ ਉਹਨਾਂ ਨੂੰ ਪਤਾ ਲੱਗ ਸਕੇ ਕਿ ਉਹਨਾਂ ਦੇ ਧਰਮ ਵਿਚ ਕੀ ਹੈ। ਉਦਾਹਰਨ ਲਈ ਬੋਧੀ ਵਿਹਾਰਾਂ ਦੀ ਤੁਲਨਾ ਹਿੰਦੂ ਮੱਠਾਂ ਜਾਂ ਈਸਾਈ ਮੋਨੇਸਟਰੀਜ ਨਾਲ ਕੀਤੀ ਜਾ ਸਕਦੀ ਹੈ। ਪਰ ਮੱਠ ਸ਼ਬਦ ਦਾ ਪ੍ਰਯੋਗ ਸ਼ੰਕਰਾਚਾਰੀਆ ਦੇ ਕਾਲ ਯਾਨੀ ਸੱਤਵੀਂ ਜਾਂ ਅਠਵੀਂ ਸ਼ਤਾਬਦੀ ਤੋਂ ਸ਼ੁਰੂ ਹੋਇਆ ਮੰਨਿਆ ਜਾਂਦਾ ਹੈ।[15]

ਹਿੰਦੂ ਧਰਮ ਦੇ ਮੰਦਿਰ ਤੋਂ ਇਲਾਵਾ ਹੋਰ ਵੀ ਧਾਰਮਿਕ ਅਸਥਾਨ ਹਨ ਜਿਵੇਂ ਅਖਾੜੇ, ਸ਼ਿਵਾਲਯ, ਠਾਕੁਰਦੁਆਰੇ, ਜੋਤਿਰਲਿੰਗ, ਸ਼ਕਤੀਪੀਠ, ਅਠਾਹਠ ਤੀਰਥ, ਚਾਰ ਧਾਮ, ਮਠ, ਪੀਠ, ਟਿੱਲੇ, ਕੈਲਾਸ਼ ਪਰਬਤ, ਅਮਰਨਾਥ ਗੁਫਾ ਆਦਿ।

ਹਿੰਦੂ ਧਰਮ ਦੇ ਧਾਰਮਿਕ ਅਸਥਾਨ ਮੰਦਿਰ ਵਿਚ ਸਾਰੇ ਧਰਮਾਂ ਜਾਂ ਵਰਣਾਂ ਦੇ ਲੋਕਾਂ ਨੂੰ ਜਾਣ ਦੀ ਇਜਾਜਤ ਨਹੀਂ ਹੁੰਦੀ। ਭਾਵੇਂ ਕਿ ਭਾਰਤੀ ਸੰਵਿਧਾਨ ਅਨੁਸਾਰ ਸਾਰੀਆਂ ਜਾਤਾਂ-ਵਰਣਾਂ ਦੇ ਲੋਕਾਂ ਨੂੰ ਸਾਮਾਨ ਅਧਿਕਾਰ ਹਨ ਅਤੇ ਕੋਈ ਵੀ ਬਿਨ੍ਹਾਂ ਕਿਸੇ ਭੇਦ-ਭਾਵ ਦੇ ਮੰਦਿਰ ਵਿਚ ਜਾ ਸਕਦਾ ਹੈ ਪਰ ਹਕੀਕਤ ਵਿਚ ਅਨੇਕਾਂ ਮੰਦਿਰਾਂ ਵਿਚ ਬਹੁਤ ਸਾਰੀਆਂ ਰੋਕਾਂ ਕਾਰਨ ਛੋਟੀਆਂ ਜਾਤਾਂ ਤੇ ਹੋਰ ਧਰਮਾਂ ਦੇ ਲੋਕਾਂ, ਔਰਤਾਂ

[15] https://pa.wikipedia.org/wiki/ ਮੰਦਰ. Dated 8 January, 2021.

ਆਦਿ ਨੂੰ ਮੰਦਿਰਾਂ ਵਿਚ ਜਾਣ ਦੀ ਇਜਾਜਤ ਨਹੀਂ ਹੁੰਦੀ। ਇਸ ਬਾਰੇ *ਇਨਸਾਈਕਲੋਪੀਡੀਆ ਆਫ ਹਿੰਦੂਇਜ਼ਮ* ਦਾ ਕਥਨ ਹੈ, "Most temples in India, including all of the well-known temples, allow only Brahmins to perform the rituals. There are smaller and larger shrines all over the country, however, who have non-Brahmin and even Shudra (low-caste) priests. These are usually temples serving a smaller local community. By law, any member of any caste may enter any temple in India. Nevertheless, in practics Dalits (Untouchables) are often barred. Certain temples admit only Hindus; Muslims and Christians will be excluded if they are identified. A famous case of temple exclusion took place when Indira Gandhi, prime minister of India, visited the JAGANNATH temple at Puri. She was excluded because she was married to a non-Hindu."[16] ਭਾਵ ਭਾਰਤ ਦੇ ਬਹੁਤ ਸਾਰੇ ਪ੍ਰਸਿੱਧ ਮੰਦਰ ਸਿਰਫ ਬ੍ਰਾਹਮਣਾਂ ਨੂੰ ਹੀ ਧਾਰਮਿਕ ਰਸਮਾਂ ਨਿਭਾਉਣ ਦੀ ਆਗਿਆ ਦਿੰਦੇ ਹਨ। ਸਾਰੇ ਦੇਸ਼ ਵਿਚ ਛੋਟੇ ਅਤੇ ਵੱਡੇ ਮੰਦਿਰ ਹਨ, ਜਿਹਨਾਂ ਵਿਚ ਗੈਰ ਬ੍ਰਾਹਮਣ ਅਤੇ ਇਥੋਂ ਤਕ ਕਿ ਸ਼ੂਦਰ (ਨੀਵੀਂ ਜਾਤੀ) ਦੇ ਪੁਜਾਰੀ ਵੀ ਹਨ। ਆਮ ਤੌਰ 'ਤੇ ਉਹ ਸਿਰਫ ਛੋਟੇ ਇਲਾਕੇ ਦੇ ਮੰਦਿਰ ਹੁੰਦੇ ਹਨ। ਕਾਨੂੰਨ ਅਨੁਸਾਰ, ਕਿਸੇ ਵੀ ਜਾਤੀ ਦਾ ਮੈਂਬਰ ਭਾਰਤ ਦੇ ਕਿਸੇ ਵੀ ਮੰਦਰ ਵਿੱਚ ਦਾਖਲ ਹੋ ਸਕਦਾ ਹੈ। ਫਿਰ ਵੀ, ਦਲਿਤ (ਅਛੂਤ) ਨੂੰ ਅਕਸਰ ਵਰਜਿਆ ਜਾਂਦਾ ਹੈ। ਕੁਝ ਮੰਦਰ ਸਿਰਫ ਹਿੰਦੂਆਂ ਨੂੰ ਹੀ ਪ੍ਰਵੇਸ਼ ਦੀ ਆਗਿਆ ਦਿੰਦੇ ਹਨ, ਹੋਰਨਾਂ ਧਰਮਾਂ (ਮੁਸਲਿਮ ਅਤੇ ਈਸਾਈਆਂ) ਦੇ ਲੋਕਾਂ ਨੂੰ ਨਹੀਂ। ਮੰਦਰ ਵਿਚੋਂ ਬਾਹਰ ਕੱਢਣ ਦਾ ਇੱਕ ਮਸ਼ਹੂਰ ਮਾਮਲਾ ਉਦੋਂ ਵਾਪਰਿਆ ਜਦੋਂ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਪੁਰੀ ਦੇ ਜਗਨਨਾਥ ਮੰਦਿਰ ਗਈ ਅਤੇ ਉਸ ਨੂੰ ਮੰਦਿਰ ਵਿਚੋਂ ਬਾਹਰ ਕੱਢ ਦਿੱਤਾ ਗਿਆ ਸੀ ਕਿਉਂਕਿ ਉਸਦਾ ਵਿਆਹ ਇਕ ਗੈਰ-ਹਿੰਦੂ ਨਾਲ ਹੋਇਆ ਸੀ।

---

16 A. Jones and James D. Ryan, *Encyclopedia of Hinduism*, p.441.

## 2.2 ਜੈਨ ਧਰਮ

ਭਾਰਤੀ ਧਰਮਾਂ ਵਿਚੋਂ ਜੈਨ ਧਰਮ ਦਾ ਧਾਰਮਿਕ ਅਸਥਾਨ 'ਜੈਨ ਮੰਦਿਰ' ਹੈ। ਇਸਨੂੰ ਗੁਜਰਾਤ ਅਤੇ ਰਾਜਸਥਾਨ ਵਿਚ 'ਡੇਰਾਸਰ (Dearsar)' ਵੀ ਆਖਿਆ ਜਾਂਦਾ ਹੈ। ਵਿਕੀਪੀਡੀਆ ਅਨੁਸਾਰ, "A Jain temple or Derasar is the place of worship for Jains, the followers of Jainism. Derasar is a word used for a Jain temple in Gujarat and southern Rajasthan. Basadi is a Jain shrine or temple in Karnataka. The word is generally used in South India. Its historical use in North India is preserved in the names of the Vimala Vasahi and Luna Vasahi temples of Mount Abu. The Sanskrit word is vasati, it implies an institution including residences of scholars attached to the shrine."[17] ਭਾਵ ਜੈਨ ਮੰਦਿਰ ਜਾਂ ਡੇਰਾਸਰ ਜੈਨ ਧਰਮ ਦੇ ਪੈਰੋਕਾਰਾਂ ਲਈ ਪੂਜਾ ਕਰਨ ਦਾ ਸਥਾਨ ਹੈ। ਡੇਰਾਸਰ ਗੁਜਰਾਤ ਅਤੇ ਦੱਖਣੀ ਰਾਜਸਥਾਨ ਦੇ ਜੈਨ ਮੰਦਰ ਲਈ ਵਰਤਿਆ ਜਾਂਦਾ ਸ਼ਬਦ ਹੈ। ਬਸਾਦੀ ਨਾਂ ਦਾ ਇੱਕ ਜੈਨ ਮੰਦਰ ਕਰਨਾਟਕ ਵਿਚ ਹੈ। ਇਹ ਸ਼ਬਦ ਆਮ ਤੌਰ 'ਤੇ ਦੱਖਣੀ ਭਾਰਤ ਵਿਚ ਵਰਤਿਆ ਜਾਂਦਾ ਹੈ। ਇਤਿਹਾਸਕ ਤੌਰ 'ਤੇ ਇਸਦੀ ਵਰਤੋਂ ਉੱਤਰੀ ਭਾਰਤ ਵਿਚ ਵਿਮਲਾ ਵਸਾਹੀ ਅਤੇ ਮਾਊਂਟ ਆਬੂ ਵਿਚ ਲੂਨਾ ਵਸਾਹੀ ਮੰਦਰਾਂ ਦੇ ਨਾਮ ਵਜੋਂ ਕੀਤੀ ਜਾਂਦੀ ਹੈ। 'ਵਸਤੀ' ਸੰਸਕ੍ਰਿਤ ਦਾ ਸ਼ਬਦ ਹੈ, ਜਿਹੜਾ ਕਿ ਇਕ ਸੰਸਥਾ ਨੂੰ ਦਰਸਾਉਂਦਾ ਹੈ, ਜਿਸ ਵਿਚ ਜੈਨ ਮੰਦਿਰ ਨਾਲ ਵਿਦਵਾਨਾਂ ਦੇ ਰਿਹਾਇਸ਼ੀ ਘਰ ਵੀ ਜੁੜੇ ਹੁੰਦੇ ਹਨ।

ਜੈਨ ਮੰਦਿਰਾਂ ਦੇ ਅੰਦਰ ਮਹਾਂਵੀਰ ਜੈਨ ਅਤੇ ਹੋਰ ਤੀਰਥੰਕਰਾਂ ਦੀਆਂ ਪ੍ਰਤਿਮਾਵਾਂ ਸਥਾਪਿਤ ਕੀਤੀਆਂ ਹੁੰਦੀਆਂ ਹਨ। ਜੈਨ ਧਰਮ ਦੇ ਅਨੁਯਾਈ ਉਥੇ ਜਾ ਕੇ ਉਪਾਸ਼ਨਾ ਕਰਨ ਦੇ ਨਾਲ ਹੀ ਹੋਰ ਧਾਰਮਿਕ ਰਸਮਾਂ ਵੀ ਨਿਭਾਉਂਦੇ ਹਨ। ਜੈਨ ਧਰਮ ਦੇ ਧਾਰਮਿਕ ਅਸਥਾਨ ਵਿਚ ਧਾਰਮਿਕ ਆਸਥਾ ਪ੍ਰਗਟ ਕਰਨ ਸੰਬੰਧੀ *Encyclopedia of Hinduism* ਵਿਚ ਲਿਖਿਆ ਹੈ ਕਿ, "Most Jains also worship at temples. These can be quite elaborate, as at Mt. Abu, or smaller buildings. The puja

[17] https://en.wikipedia.org/wiki/Jain_temple. Dated 8 January, 2021.

is similar to the Hindu puja in these Jain context, but since the TIRTHANKARAS, the exalted personages who are worshipped, are not gods, but human being, technically no blessing can be given by the image or personage. Instead, worship is aimed largely at instilling values that will lead devotees toward the yogic perfection of the Tirthankara being worshipped." [18] ਜਿਆਦਾਤਰ ਜੈਨ ਮੰਦਰਾਂ ਵਿੱਚ ਪੂਜਾ ਵੀ ਕੀਤੀ ਜਾਂਦੀ ਹੈ। ਇਹ ਮੰਦਿਰ ਕਾਫ਼ੀ ਵਿਸਤ੍ਰਿਤ ਹੋ ਸਕਦੇ ਹਨ, ਜਿਵੇਂ ਕਿ ਮਾਉਂਟ ਆਬੂ ਵਿਚ ਜਾਂ ਕੋਈ ਹੋਰ ਛੋਟੀ ਇਮਾਰਤ ਦੇ ਰੂਪ ਵਿਚ। ਜੈਨ ਮਤ ਦੀ ਪੂਜਾ ਵੀ ਹਿੰਦੂ ਧਰਮ ਦੀ ਪੂਜਾ ਦੇ ਸਮਾਨ ਹੈ, ਕਿਉਂਕਿ ਇਥੇ ਤੀਰਥਕਰ ਦੀ ਉੱਤਮ ਸ਼ਖਸੀਅਤ ਵਜੋਂ ਪੂਜਾ ਕੀਤੀ ਜਾਂਦੀ ਹੈ, ਭਾਵੇਂ ਕਿ ਉਹ ਦੇਵਤੇ ਨਹੀਂ ਹਨ, ਪਰ ਮਨੁੱਖ ਹਨ, ਭਾਵੇਂ ਕਿ ਉਹਨਾਂ ਦੁਆਰਾ ਕੋਈ ਅਸ਼ੀਰਵਾਦ ਨਹੀਂ ਦਿੱਤਾ ਜਾ ਸਕਦਾ। ਅਸਲ ਵਿਚ ਇਸ ਦੀ ਪੂਜਾ ਦਾ ਉਦੇਸ਼ ਮੁੱਖ ਤੌਰ 'ਤੇ ਉਨ੍ਹਾਂ ਕਦਰਾਂ ਕੀਮਤਾਂ ਨੂੰ ਪੈਦਾ ਕਰਨਾ ਹੈ, ਜਿਹਨਾਂ ਰਾਹੀਂ ਤੀਰਥੰਕਰ ਸ਼ਰਧਾਲੂਆਂ ਨੂੰ ਸੰਪੂਰਨਤਾ ਵੱਲ ਲੈ ਜਾਣ।

## 2.3 ਬੁੱਧ ਧਰਮ

ਬੁੱਧ ਧਰਮ ਦੇ ਧਾਰਮਿਕ ਅਸਥਾਨ ਨੂੰ ਵੱਖ-ਵੱਖ ਖੇਤਰਾਂ ਜਾਂ ਭਾਸ਼ਾਵਾਂ ਵਿਚ ਵਿਭਿੰਨ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ ਜਿਵੇਂ ਕਿ 'ਵਿਹਾਰ', 'ਸਤੂਪ', 'ਮਠ', 'ਪੈਗੋਡਾ' (Pagoda) ਜਾਂ 'ਬੁੱਧ ਮੰਦਿਰ' ਆਦਿ। ਜਿਆਦਾਤਰ ਬੁੱਧ ਧਾਰਮਿਕ ਅਸਥਾਨਾਂ ਵਿਚ ਮੁੱਖ ਸਥਾਨ ਉਤੇ ਮਹਾਤਮਾ ਬੁੱਧ ਦੀ ਮੂਰਤੀ ਲਗਾਈ ਗਈ ਹੁੰਦੀ ਹੈ ਜਦੋਂਕਿ ਮਹਾਤਮਾ ਬੁੱਧ ਮੂਰਤੀ ਪੂਜਾ ਦੇ ਸਖਤ ਵਿਰੋਧੀ ਸਨ। ਇਹਨਾਂ ਅਸਥਾਨਾਂ ਵਿਚ ਸਭ ਲੋਕਾਂ ਲਈ ਦਾਖਲਾ ਖੁੱਲਾ ਹੁੰਦਾ ਹੈ, ਇਥੇ ਕਿਸੇ ਵੀ ਜਾਤ, ਧਰਮ, ਵਰਗ ਦੇ ਲੋਕ ਆਪਣੀ ਆਸਥਾ ਵਿਅਕਤ ਕਰਨ ਲਈ ਜਾ ਸਕਦੇ ਹਨ।

According to *wikipedia*, "A Buddhist temple or Buddhist monastery, is the place of worship for Buddhists, the followers of Buddhism. They include the

[18] A. Jones and James D. Ryan, *Encyclopedia of Hinduism*, Page 441.

structures called vihara, chaitya, stupa, wat and pagoda in different regions and languages. Temples in Buddhism represent the pure land or pure environment of a Buddha."[19] ਭਾਵ ਇੱਕ ਬੋਧੀ ਮੰਦਰ ਜਾਂ ਬੋਧੀ ਮੱਠ, ਬੁੱਧ ਧਰਮ ਦੇ ਪੈਰੋਕਾਰਾਂ, ਬੋਧੀਆਂ ਲਈ ਪੂਜਾ ਸਥਾਨ ਹੈ। ਇਹਨਾਂ ਵਿਚ ਉਹ ਇਮਾਰਤਾਂ ਵੀ ਸ਼ਾਮਿਲ ਹੁੰਦੀਆਂ ਹਨ, ਜਿਹਨਾਂ ਵੱਖ-ਵੱਖ ਖੇਤਰਾਂ ਅਤੇ ਭਾਸ਼ਾਵਾਂ ਵਿਚ ਵਿਹਾਰ, ਚੈਤਿਆ, ਸਤੂਪ, ਵਾਟ ਅਤੇ ਪੈਗੋਡਾ ਆਦਿ ਕਿਹਾ ਜਾਂਦਾ ਹੈ। ਬੁੱਧ ਧਰਮ ਦੇ ਮੰਦਰ ਬੁੱਧ ਦੀ ਸ਼ੁੱਧ ਧਰਤੀ ਜਾਂ ਸ਼ੁੱਧ ਵਾਤਾਵਰਣ ਨੂੰ ਦਰਸਾਉਂਦੇ ਹਨ।

## 3. ਸਿੱਖ ਧਾਰਮਿਕ ਅਸਥਾਨ (ਗੁਰਦੁਆਰਾ)

ਸਿੱਖ ਪੰਥ ਦੇ ਧਾਰਮਿਕ ਅਸਥਾਨ ਲਈ 'ਗੁਰਦੁਆਰਾ'(Gurdwara) ਸੰਗਿਆ ਪ੍ਰਚਲਿਤ ਹੈ। ਇਸ ਤੋਂ ਇਲਾਵਾ ਗੁਰਬਾਣੀ ਵਿਚ ਸਿੱਖ ਧਾਰਮਿਕ ਅਸਥਾਨ ਲਈ 'ਥਾਨ' ਅਤੇ 'ਥਾਵ' ਸ਼ਬਦਾਂ ਦੀ ਵਰਤੋਂ ਵੀ ਹੋਈ ਹੈ। ਇਸ ਸੰਬੰਧੀ ਗੁਰਬਾਣੀ ਦਾ ਫੁਰਮਾਨ ਹੈ ;

*ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ।।*

*ਗੁਰਸਿੰਖੀ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ।।* [20]

ਅਤੇ

*ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ।।* [21]

ਇਸ ਤੋਂ ਇਲਾਵਾ ਸਿੱਖ ਧਰਮ ਵਿਚ ਹੋਰ ਵੀ ਅਨੇਕਾਂ ਧਾਰਮਿਕ ਅਸਥਾਨ ਹਨ, ਜਿਹਨਾਂ ਦੀ ਮਰਿਆਦਾ ਵੀ ਗੁਰਦੁਆਰੇ ਵਾਲੀ ਹੀ ਹੁੰਦੀ ਹੈ, ਉਹਨਾਂ ਵਿਚ ਉਦਾਸੀ ਮਠ, ਨਾਨਕਸਰ ਠਾਠ, ਡੇਰੇ (ਨਿਰਮਲ ਸੰਪਰਦਾ, ਸੇਵਾ ਪੰਥੀਆਂ ਅਤੇ ਕਾਰ ਸੇਵਾ ਵਾਲੇ ਡੇਰੇ) ਆਦਿ ਨੂੰ ਸ਼ਾਮਿਲ ਕੀਤਾ ਜਾ ਸਕਦਾ ਹੈ।

ਸਿੱਖ ਧਾਰਮਿਕ ਅਸਥਾਨ 'ਗੁਰਦੁਆਰਾ' ਇਕੱਲਾ ਸਿੱਖਾਂ ਲਈ ਹੀ ਨਹੀਂ ਬਲਕਿ ਹਰ ਧਰਮ, ਵਰਗ ਅਤੇ ਜਾਤੀ ਦੇ ਲੋਕਾਂ ਲਈ ਸਾਂਝੇ ਕੇਂਦਰ ਵਜੋਂ ਸਥਾਪਿਤ ਹੈ। ਕਿਉਂਕਿ ਇਹ ਸਿਰਫ ਸਿੱਖਾਂ ਲਈ ਹੀ

---

[19] https://en.wikipedia.org/wiki/Buddhist_temple. Dated 8 January, 2021.

[20] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 450.

[21] ਉਹੀ, ਪੰਨਾ 1362.

ਅਧਿਆਤਮਿਕ ਅਤੇ ਸਮਾਜਿਕ ਅਗਵਾਈ ਦਾ ਕਾਰਜ ਨਹੀਂ ਕਰਦਾ ਸਗੋਂ ਸਮੁੱਚੀ ਮਨੁੱਖਤਾ ਲਈ ਰਾਹ ਦਸੇਰੇ ਵਜੋਂ ਇਕ ਸੋਮੇ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। ਗੁਰਦੁਆਰਾ, ਹਲਤ ਅਤੇ ਪਲਤ ਦੇ ਸੰਕਲਪਾਂ ਦਾ ਵਿਵਹਾਰਕ ਰੂਪ ਪੇਸ਼ ਕਰਦਾ ਹੈ। ਗੁਰਦੁਆਰੇ ਨਾਲ ਜੁੜ ਕੇ ਹਰ ਇਕ ਜਗਿਆਸੂ ਦੇ ਮਨ ਦੀ ਆਸ ਪੂਰੀ ਹੁੰਦੀ ਹੈ, ਜਿਸ ਤਹਿਤ ਮਨੁੱਖ ਦੀ ਅਧਿਆਤਮਿਕ ਅਤੇ ਸੰਸਾਰਿਕ ਉੱਨਤੀ ਜੁੜੀ ਹੋਈ ਹੈ। ਅਧਿਆਤਮਕ ਜਗਿਆਸੂ ਮਨੁੱਖ ਨੂੰ ਪਰਮਾਤਮਾ ਦੀ ਪ੍ਰਾਪਤੀ ਦਾ ਰਾਹ ਅਤੇ ਸਮਾਜਿਕ ਜੀਵਨ ਵਿਚ ਉਚੀਆਂ ਕਦਰਾਂ-ਕੀਮਤਾਂ ਦੇ ਨਾਲ-ਨਾਲ ਜੀਵਨ ਦੀਆਂ ਬੁਨਿਆਦੀ ਲੋੜਾਂ ਜਿਵੇਂ ਕਿ ਭੋਜਨ, ਰਿਹਾਇਸ਼, ਬਸਤਰ, ਸਿਹਤ ਸਹੂਲਤਾਂ, ਸਿੱਖਿਆ ਆਦਿ ਮੁਹੱਈਆ ਕਰਵਾਉਣਾ ਗੁਰਦੁਆਰੇ ਦਾ ਪ੍ਰਮੁਖ ਕਾਰਜ ਗਿਣਿਆ ਜਾ ਸਕਦਾ ਹੈ। ਇਸੇ ਵਿਚਾਰਧਾਰਾ ਤਹਿਤ ਹੀ ਇਹ ਧਾਰਮਿਕ ਅਸਥਾਨ 'ਗੁਰਦੁਆਰਾ' ਸਾਰੀ ਮਨੁੱਖਤਾ ਦੇ ਸਾਂਝੇ ਕੇਂਦਰ ਵਜੋਂ ਸਥਾਪਿਤ ਹੋਇਆ ਹੈ।

### 3.1 ਸਿੱਖ ਧਾਰਮਿਕ ਅਸਥਾਨ ਦਾ ਮੁਢਲਾ ਰੂਪ 'ਧਰਮਸਾਲ'

ਸਿੱਖ ਧਾਰਮਿਕ ਅਸਥਾਨ 'ਗੁਰਦੁਆਰਾ' ਦਾ ਮੁਢਲਾ ਰੂਪ 'ਧਰਮਸਾਲ' ਸੀ, ਜਿਸਦੀ ਸਥਾਪਨਾ ਗੁਰੂ ਨਾਨਕ ਦੇਵ ਜੀ ਨੇ ਕੀਤੀ। ਗੁਰੂ ਨਾਨਕ ਦੇਵ ਜੀ ਉਦਾਸੀਆਂ ਦੌਰਾਨ ਜਿਥੇ ਵੀ ਗਏ, ਉਥੇ ਉਹਨਾਂ ਨੇ ਸੰਗਤ ਨੂੰ ਨਾਮ ਜਪਣ, ਪਰਮਾਤਮਾ ਦੀ ਸਿਫਤ-ਸਾਲਾਹ ਕਰਨ ਅਤੇ ਉਚੀ ਜੀਵਨ-ਜਾਚ ਦਾ ਉਪਦੇਸ਼ ਦਿਤਾ। ਜਿਸ ਅਸਥਾਨ 'ਤੇ ਵੀ ਗੁਰੂ ਨਾਨਕ ਦੇਵ ਜੀ ਦੇ ਚਰਨ ਪਏ, ਉਹ ਅਸਥਾਨ ਸੰਗਤਾਂ ਲਈ ਪੂਜਣਯੋਗ ਹੋ ਗਿਆ। ਗੁਰੂ ਜੀ ਦੇ ਪਾਵਨ ਉਪਦੇਸ਼ ਸਰਵਣ ਕਰਨ ਲਈ ਸੰਗਤ ਗੁਰੂ ਜੀ ਦੇ ਦੁਆਲੇ ਜੁੜ ਜਾਂਦੀ। ਜਿਸ ਥਾਂ ਤੇ ਸੰਗਤ ਜੁੜਦੀ ਉਸ ਨੂੰ ਗੁਰੂ ਜੀ ਧਰਮਸਾਲ ਵਜੋਂ ਸਥਾਪਿਤ ਕਰ ਦਿੰਦੇ। ਉਹ ਸਾਂਝਾ ਅਸਥਾਨ ਜਿਆਦਾਤਰ ਕਿਸੇ ਸ਼ਰਧਾਲੂ ਦਾ ਘਰ ਹੀ ਹੁੰਦਾ ਸੀ। ਗੁਰੂ ਸਾਹਿਬ ਦੀ ਉਥੇ ਮੌਜੂਦਗੀ ਦੌਰਾਨ ਅਤੇ ਉਥੋਂ ਚਲੇ ਜਾਣ ਤੋਂ ਬਾਅਦ, ਉਹ ਅਸਥਾਨ ਸਿੱਖੀ ਦੇ ਪ੍ਰਚਾਰ ਦਾ ਕੇਂਦਰ ਬਣ ਜਾਂਦਾ ਸੀ। ਗੁਰੂ ਨਾਨਕ ਦੇਵ ਜੀ ਦੁਆਰਾ ਵਰੋਸਾਈ ਹੋਈ ਸਿੱਖ ਸੰਗਤ ਉਸ ਅਸਥਾਨ 'ਤੇ ਇਕੱਤਰ ਹੋ ਕੇ, ਗੁਰੂ ਸਾਹਿਬ ਦੇ ਉਪਦੇਸ਼ਾਂ ਦਾ ਪ੍ਰਚਾਰ ਅਤੇ ਬਾਣੀ ਦਾ ਕੀਰਤਨ ਕਰਦੀ। ਪੰਜਾਬ ਤੋਂ ਬਾਹਰ ਦੇ ਰਾਜਾਂ (ਬਿਹਾਰ, ਮੱਧ ਪ੍ਰਦੇਸ਼ ਆਦਿ) ਵਿਚ ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਿਤ ਕੀਤੀਆਂ ਹੋਈਆਂ ਸੰਗਤਾਂ ਹਨ, ਜਿਹਨਾਂ ਨੂੰ ਅੱਜ

ਵੀ ਬੜੀ ਅਤੇ ਛੋਟੀ ਸੰਗਤ ਆਖਿਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਿਤ ਕੀਤੀ ਧਰਮਸਾਲ ਸੰਸਥਾ ਨੂੰ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਵਿਚ 'ਗੁਰਦੁਆਰਾ' ਕਿਹਾ ਜਾਣ ਲੱਗ ਪਿਆ।

ਇਥੇ ਅਸੀਂ ਗੁਰਦੁਆਰਾ ਸੰਸਥਾ ਦੇ ਸਿਧਾਂਤਕ ਪਰਿਪੇਖ ਨੂੰ ਵਿਸਥਾਰ ਪੂਰਵਕ ਸਮਝਣ ਤੋਂ ਪਹਿਲਾਂ, ਇਸਦੇ ਸ਼ਾਬਦਿਕ ਅਰਥ ਅਤੇ ਪਰਿਭਾਸ਼ਾ ਬਾਰੇ ਵਿਚਾਰ-ਚਰਚਾ ਕਰਨੀ ਜਰੂਰੀ ਸਮਝਦੇ ਹਾਂ, ਤਾਂ ਕਿ ਵਿਸ਼ੇ ਦੇ ਹਰ ਇਕ ਪਹਿਲੂ ਨੂੰ ਵਿਸਥਾਰ ਪੂਰਵਕ ਸਮਝਿਆ ਜਾ ਸਕੇ ;

## 4. ਧਰਮਸਾਲ ਅਤੇ ਗੁਰਦੁਆਰਾ : ਸ਼ਾਬਦਿਕ ਅਰਥ, ਪਰਿਭਾਸ਼ਾ ਅਤੇ ਸਰੂਪ

ਜਿਵੇਂ ਕਿ ਪਿੱਛੇ ਦਸਿਆ ਜਾ ਚੁੱਕਾ ਹੈ ਸਿੱਖ ਧਾਰਮਿਕ ਅਸਥਾਨ ਦਾ ਮੁਢਲਾ ਨਾਮ ਧਰਮਸਾਲ ਸੀ ਅਤੇ ਉਸ ਤੋਂ ਉਪਰੰਤ ਗੁਰਦੁਆਰਾ ਨਾਮਕਰਨ ਹੋ ਗਿਆ। ਸਭ ਤੋਂ ਪਹਿਲਾਂ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਆਏ ਹੋਏ ਧਰਮਸਾਲ ਦੇ ਸਰੂਪ ਅਤੇ ਅਰਥਾਂ ਦਾ ਅਧਿਐਨ ਕਰਾਂਗੇ ਤਾਂ ਕਿ ਉਪਰੋਕਤ ਸੰਦਰਭ ਨੂੰ ਪੂਰਨ ਰੂਪ ਵਿਚ ਸਮਝਿਆ ਜਾ ਸਕੇ। ਕਿਸੇ ਵੀ ਵਿਚਾਰ ਨੂੰ ਚੰਗੀ ਤਰ੍ਹਾਂ ਸਮਝਣ ਲਈ ਇਹ ਜਰੂਰੀ ਬਣ ਜਾਂਦਾ ਹੈ ਕਿ ਉਸ ਸੰਬੰਧੀ ਸਿਧਾਂਤਗਤ ਵਿਸ਼ਲੇਸ਼ਣ ਅਤੇ ਸੇਧ ਧਰਮ ਗ੍ਰੰਥ ਤੋਂ ਹੀ ਪ੍ਰਾਪਤ ਕੀਤੀ ਜਾਵੇ। ਇਸ ਲਈ ਇਥੇ ਅਸੀਂ ਧਰਮਸਾਲ ਦੇ ਸੰਦਰਭ ਨੂੰ ਸਮਝਣ ਲਈ ਗੁਰਬਾਣੀ ਦੇ ਨਾਲ-ਨਾਲ ਮੁਢਲੇ ਗੁਰਮੁਖੀ ਸਰੋਤਾਂ ਦਾ ਅਧਿਐਨ ਵੀ ਕਰਾਂਗੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਰੋੜਾਂ ਬ੍ਰਹਮੰਡਾਂ ਨੂੰ ਧਰਮਸਾਲ ਦੇ ਸਰੂਪ ਵਜੋਂ ਪ੍ਰਭਾਸ਼ਿਤ ਕੀਤਾ ਗਿਆ ਹੈ :

*ਕੋਟਿ ਬ੍ਰਹਮੰਡ ਜਾ ਕੇ ਧ੍ਰਮਸਾਲ॥* [22]

ਇਸ ਤੋਂ ਇਲਾਵਾ ਗੁਰਬਾਣੀ ਵਿਚ ਸਮੁੱਚੀ ਧਰਤੀ ਨੂੰ ਵੀ ਧਰਮ ਕਮਾਉਣ ਦੀ ਜਗ੍ਹਾ ਭਾਵ ਧਰਮਸਾਲ ਆਖਿਆ ਗਿਆ ਹੈ। ਗੁਰਮਤਿ ਅਨੁਸਾਰ ਮਨੁੱਖਾ ਜੀਵਨ ਦਾ ਮਨੋਰਥ ਹੀ ਪਰਮਾਤਮਾ ਦਾ ਨਾਮ ਜਪਣਾ ਹੈ, ਇਸ ਲਈ ਗੁਰਬਾਣੀ ਵਿਚ ਸਗਲੀ ਧਰਤੀ ਨੂੰ ਹੀ ਧਰਮਸਾਲ ਦੀ ਸੰਗਿਆ ਦਿੱਤੀ ਗਈ ਹੈ :

---

[22] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1156.

*ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ।।* [23]

ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਮੈਂ ਸੱਚੀ ਧਰਮਸਾਲ ਬਣਾਈ ਹੈ, ਗੁਰਸਿੱਖਾਂ ਨੂੰ ਭਾਲ ਕੇ ਇਸ ਵਿਚ ਲਿਆਇਆ ਹਾਂ :

*ਮੈ ਬਧੀ ਸਚੁ ਧਰਮ ਸਾਲ ਹੈ।। ਗੁਰਸਿਖਾ ਲਹਦਾ ਭਾਲਿ ਕੈ।।*[24]

ਸਿੱਖੀ ਦੇ ਪਹਿਲੇ ਵਿਆਖਿਆਕਾਰ ਭਾਈ ਗੁਰਦਾਸ ਜੀ ਧਰਮਸਾਲ ਸੰਬੰਧੀ ਲਿਖਦੇ ਹਨ ਕਿ ਧਰਮ ਕਮਾਉਣ ਲਈ ਸਾਰੀ ਧਰਤੀ ਹੀ ਸੱਚੀ ਧਰਮਸਾਲ ਹੈ :

*ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ।।* [25]

### 4.1 'ਧਰਮਸਾਲ' ਸ਼ਬਦ ਦੇ ਅਰਥ

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਅਰਜਨ ਦੇਵ ਤਕ ਸਿੱਖਾਂ ਦੇ ਧਰਮਮੰਦਿਰ ਦਾ ਨਾਮ 'ਧਰਮਸਾਲਾ' ਰਿਹਾ ਹੈ।" ਅਤੇ ਉਹਨਾਂ ਨੇ ਇਸਦੇ ਅਰਥ, "ਧਰਮਸ਼ਾਲਾ, ਧਰਮਮੰਦਿਰ। 2. ਬਿਨਾ ਕਰਾਇਆ ਲੈਣ ਦੇ ਜਿਸ ਮਕਾਨ ਵਿਚ ਮੁਸਾਫ਼ਿਰਾਂ ਨੂੰ ਨਿਵਾਸ ਦਿੱਤਾ ਜਾਵੇ। 3. ਸਿੱਖਾਂ ਦਾ ਧਰਮਅਸਥਾਨ, ਜਿਸ ਵਿਚ ਸ੍ਰੀ ਗੁਰੂ ਗ੍ਰੰਥਸਾਹਿਬ ਜੀ ਦਾ ਪ੍ਰਕਾਸ਼ ਹੋਵੇ, ਅਤਿਥਿ ਨੂੰ ਅੰਨ ਮਿਲੇ, ਅਰ ਵਿਦਯਾ ਸਿਖਾਈ ਜਾਵੇ। 4. ਧਰਮ ਕਮਾਉਣ ਦੀ ਥਾਂ" [26] ਕੀਤੇ ਹਨ।

ਭਾਈ ਕਾਨ੍ਹ ਸਿੰਘ ਨਾਭਾ *ਗੁਰਮਤਿ ਮਾਰਤੰਡ* ਵਿਚ ਧਰਮਸਾਲ ਦੇ ਅਰਥ ਕਰਦੇ ਲਿਖਦੇ ਹਨ ਕਿ, "ਗੌਣ ਅਰਥ ਧਰਮਸਾਲਾ ਦਾ ਧਰਮ ਅਸਥਾਨ ਹੈ, ਪਰ ਖ਼ਾਸ ਕਰ ਕੇ ਸਿੱਖ ਧਰਮ ਮੰਦਿਰ ਦੀ ਇਹ ਸੰਗਯਾ ਹੈ, ਗੁਰਦਵਾਰਾ ਸ਼ਬਦ ਦੀ ਵਰਤੋਂ ਤੋਂ ਪਹਿਲਾਂ 'ਧਰਮਸ਼ਾਲਾ' ਸ਼ਬਦ ਹੀ ਪੁਰਾਣੇ ਗ੍ਰੰਥਾਂ ਵਿਚ ਵਰਤਿਆ ਗਿਆ ਹੈ।" [27]

---

[23] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 7.

[24] ਉਹੀ, ਪੰਨਾ 73.

[25] ਅਮਰ ਸਿੰਘ ਚਾਕਰ (ਸੰਪਾ.), *ਵਾਰਾਂ ਭਾਈ ਗੁਰਦਾਸ ਜੀ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2011, ਵਾਰ 34, ਪਉੜੀ 1, ਪੰਨਾ 363.

[26] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 662.

[27] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਮਤ ਮਾਰਤੰਡ* (*ਭਾਗ ਦੂਜਾ*), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2008, ਪੰਨਾ 604.

According to *Encyclopedia of Sikhism,* "Dharamsala or Dharamsal from Sanskrit *dharamsala,* lit., court of justice, tribunal, charitable asylum, religious asylum, stands in Punjabi for a place of worship or the village hospice. *Dharamsala* as a Sikh institution is the precursor of *gurdwara.*"[28] ਭਾਵ ਧਰਮਸ਼ਾਲਾ ਜਾਂ ਧਰਮਸ਼ਾਲ ਸੰਸਕ੍ਰਿਤ ਧਰਮਸ਼ਾਲਾ ਬਣਿਆ ਹੈ ਜਿਸ ਤੋਂ ਭਾਵ ਨਿਆਇਕ ਅਦਾਲਤ, ਟ੍ਰਿਬਿਊਨਲ, ਉਪਕਾਰੀ ਸ਼ਰਣ, ਧਾਰਮਿਕ ਆਸਰਾ ਨੂੰ ਪੰਜਾਬੀ ਵਿਚ ਪੂਜਾ ਸਥਾਨ ਜਾਂ ਪਿੰਡ ਦੀ ਧਰਮਸ਼ਾਲਾ ਦੇ ਅਰਥਾਂ ਲਈ ਵੀ ਵਰਤਿਆ ਜਾਂਦਾ ਹੈ। ਸਿੱਖ ਧਾਰਮਿਕ ਅਸਥਾਨ ਨੂੰ ਪਹਿਲਾਂ ਧਰਮਸ਼ਾਲਾ ਕਿਹਾ ਜਾਂਦਾ ਸੀ।

ਭਾਈ ਵੀਰ ਸਿੰਘ ਅਨੁਸਾਰ, "ਧਰਮ ਦੀ ਥਾਂ, ਜਿਥੇ ਧਰਮ ਅਧਰਮ ਦਾ ਵਿਚਾਰ ਹੋਵੇ, ਜਿਥੇ ਕੀਰਤਨ, ਭਜਨ ਬੰਦਗੀ, ਨੇਕੀ ਦਾ ਸਾਮਾਨ ਤੇ ਸਿਖਯਾ ਦਾ ਪ੍ਰਬੰਧ ਹੋਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇ ਤੇ ਸਿਖ ਮਰਯਾਦਾ ਅਨੁਸਾਰ ਉਪਾਸ਼ਨਾ ਹੁੰਦੀ ਹੋਵੇ।"[29]

According to Hari Ram Gupta, "Thus a *dharamsal* implied a meeting place of the Sikhs for the purpose of recitation of Guru's hymns. In the beginning a religious congregation was held at the residence of a devoted Sikh. A special room was reserved for this purpose. When the number of devotees grew larger, the assemblies were held in a *Dharamsal.*"[30] ਭਾਵ ਧਰਮਸਾਲ ਉਹ ਸਥਾਨ ਹੈ ਜਿਥੇ ਸਿੱਖ ਇਕੱਤਰ ਹੋ ਕੇ ਗੁਰਬਾਣੀ ਪੜ੍ਹਦੇ ਹਨ। ਸ਼ੁਰੂ-ਸ਼ੁਰੂ ਵਿਚ ਇਹ ਧਾਰਮਿਕ ਇਕੱਤਰਤਾ ਕਿਸੇ ਸ਼ਰਧਾਲੂ ਸਿੱਖ ਦੇ ਘਰ ਹੁੰਦੀ ਸੀ। ਇਸ ਮਕਸਦ ਲਈ ਇਕ ਵਿਸ਼ੇਸ਼ ਕਮਰਾ ਰੱਖਿਆ ਹੁੰਦਾ ਸੀ। ਜਦੋਂ ਸਿੱਖ ਸੰਗਤਾਂ ਦੀ ਗਿਣਤੀ ਵਧਣ ਲੱਗੀ ਤਾਂ ਸੰਗਤਾਂ ਧਰਮਸਾਲ ਵਿਚ ਇਕੱਤਰ ਹੋਣ ਲੱਗ ਪਈਆਂ।

---

28 Harbans Singh (Editor-in-Chief), *The Encyclopedia of Sikhism,* Punjabi University, Patiala, 2012 (Fifth Reprint). Page 571.

29 ਭਾਈ ਵੀਰ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2003 (ਸੱਤਵੀਂ ਵਾਰ), ਪੰਨਾ 359.

30 Hari Ram Gupta, *History of the Sikhs,* vol.1, Munshiram Manoharlal Publishers Pvt. Ltd., New Delhi, 2014, Page 391.

ਡਾ. ਜਸਵੰਤ ਸਿੰਘ ਨੇਕੀ ਧਰਮਸਾਲ/ਸੰਗਤ ਬਾਰੇ ਇੰਞ ਲਿਖਦੇ ਹਨ, "ਸ੍ਰੀ ਗੁਰੂ ਨਾਨਕ ਦੇਵ ਜੀ ਜਿਥੇ-ਜਿਥੇ ਜਾਂਦੇ ਰਹੇ, ਸੰਗਤਾਂ ਸਥਾਪਿਤ ਕਰਦੇ ਰਹੇ। ਧਰਮਸਾਲ ਇਹਨਾਂ ਦੇ ਮਿਲ ਬੈਠਣ ਦਾ ਅਸਥਾਨ ਸੀ। ਜਦ ਤਕ ਧਰਮਸਾਲ ਨਹੀਂ ਸੀ ਹੁੰਦੀ, ਸੰਗਤ ਕਦੇ ਕਿਸੇ ਘਰ, ਕਦੇ ਕਿਸੇ ਘਰ, ਮਿਲ ਬੈਠਦੀ ਸੀ। ਇਸ ਨੂੰ ਛੋਟੀ ਸੰਗਤ ਆਖਦੇ ਸਨ। ਜਦੋਂ ਧਰਮਸਾਲ ਸਥਾਪਿਤ ਹੋ ਜਾਂਦੀ ਤਾਂ ਉਹ ਬੜੀ ਸੰਗਤ ਅਖਵਾਉਂਦੀ ਸੀ। ਜਦੋਂ ਸੰਗਤ ਦਾ ਸੰਬੰਧ ਧਰਮਸਾਲ ਨਾਲ ਪੱਕੀ ਤਰ੍ਹਾਂ ਜੁੜ ਜਾਂਦਾ ਤੇ ਸੰਗਤੀਏ ਉਥੇ ਹਾਜ਼ਰੀ ਭਰਨੀ ਅਨਿਵਾਰੀ ਜਾਣਨ ਲਗ ਪੈਂਦੇ, ਤੇ ਉਥੋਂ ਦੀ ਸੇਵਾ-ਸੰਭਾਲ ਵਡੀ ਲਗਨ ਨਾਲ ਕਰਨ ਲਗਦੇ ਤਾਂ ਉਹ ਪੱਕੀ ਸੰਗਤ ਕਹਾਉਂਦੀ ਸੀ।"[31]

ਰਤਨ ਸਿੰਘ ਜੱਗੀ ਅਨੁਸਾਰ ਧਰਮਸਾਲ ਤੋਂ ਭਾਵ, 'ਧਰਮ ਕਮਾਉਣ ਦਾ ਸਥਾਨ' ਹੈ। 'ਜਪੁਜੀ' ਵਿਚ ਗੁਰੂ ਨਾਨਕ ਦੇਵ ਜੀ ਨੇ ਧਰਤੀ ਨੂੰ 'ਧਰਮਸਾਲ' ਕਿਹਾ ਹੈ ਕਿਉਂਕਿ ਇਹੀ ਸਥਾਨ ਹੈ ਜਿਥੇ ਮਨੁੱਖ ਦੇਹ ਧਾਰਣ ਕਰਕੇ ਧਰਮ-ਕਰਮ ਕਰਦਾ ਹੈ।"[32]

## 4.2 'ਗੁਰਦੁਆਰਾ' ਸ਼ਬਦ ਦੇ ਅਰਥ

ਧਰਮਸਾਲਾ ਦੇ ਅਰਥਾਂ ਵਾਂਗ ਹੀ ਵੱਖ-ਵੱਖ ਵਿਦਵਾਨਾਂ ਦੁਆਰਾ 'ਗੁਰਦੁਆਰਾ' ਸ਼ਬਦ ਦੇ ਅਰਥ ਕੀਤੇ ਗਏ ਹਨ, ਜਿਹੜੇ ਕਿ ਨਿਮਨ ਅਨੁਸਾਰ ਹਨ ;

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ 'ਗੁਰਦੁਆਰਾ', 1. "ਗੁਰੂ ਦਾ ਮਾਰਫਤ, ਗੁਰੂ ਦੇ ਜਿਰੀਏ। 2. ਗੁਰੂ ਦਾ ਘਰ। 3. ਸਿੱਖਾਂ ਦਾ ਧਰਮ ਮੰਦਿਰ"[33] ਹੈ।

ਰਤਨ ਸਿੰਘ ਜੱਗੀ ਅਨੁਸਾਰ ਗੁਰਦੁਆਰਾ ਦਾ ਅਰਥ ਹੈ, "ਗੁਰੂ ਦਾ ਘਰ"।[34]

ਪ੍ਰੋ. ਬ੍ਰਹਮਜਗਦੀਸ਼ ਸਿੰਘ ਅਨੁਸਾਰ, "'ਗੁਰਦੁਆਰਾ' ਸ਼ਬਦ ਵਿਭਿੰਨ ਅਰਥਾਂ ਵਿਚ ਵਰਤਿਆ ਜਾਂਦਾ ਹੈ, ਜਿਵੇਂ 1. ਗੁਰੂ ਦੇ ਜ਼ਰੀਏ (ਰਾਹੀਂ), ਗੁਰੂ ਦੀ ਕਿਰਪਾ ਦੁਆਰਾ, 2. ਗੁਰੂ ਦਾ ਦੁਆਰਾ ਅਰਥਾਤ

---

31 ਜਸਵੰਤ ਸਿੰਘ ਨੇਕੀ, *ਅਰਦਾਸ : ਦਰਸ਼ਨ, ਰੂਪ ਤੇ ਅਭਿਆਸ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2012, (ਛੇਵੀਂ ਵਾਰ), ਪੰਨਾ 149.

32 ਰਤਨ ਸਿੰਘ ਜੱਗੀ, *ਗੁਰੂ ਗ੍ਰੰਥ ਵਿਸ਼ਵਕੋਸ਼* (ਭਾਗ ਦੂਜਾ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਪੰਨਾ 129.

33 ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 416.

34 ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼* (ਭਾਗ ਪਹਿਲਾ), ਗੁਰ ਰਤਨ ਪਬਲੀਕੇਸ਼ਨ, ਪਟਿਆਲਾ, 2005, ਪੰਨਾ 608.

ਘਰ, 3. ਸਿੱਖਾਂ ਦਾ ਧਰਮ-ਮੰਦਰ ਆਦਿਕ।[35]

ਗਿਆਨੀ ਭਜਨ ਸਿੰਘ ਅਨੁਸਾਰ, "ਗੁਰਦੁਆਰਾ ਦੋ ਸ਼ਬਦਾਂ ਦੀ ਸਾਂਝ ਤੋਂ ਬਣਿਆ ਹੈ। ਇਕ ਪਹਿਲਾ ਸ਼ਬਦ ਗੁਰ ਹੈ ਅਤੇ ਦੂਜਾ ਦੁਆਰਾ ਜਾਂ ਦਵਾਰਾ ਅਰਥਾਤ ਗੁਰੂ ਦਾ ਨਿਵਾਸ-ਅਸਥਾਨ ਜਿਥੇ ਗੁਰੂ ਦਾ ਨਿਵਾਸ ਹੈ,...।"[36]

ਵੱਖ-ਵੱਖ ਵਿਦਵਾਨਾਂ ਦੁਆਰਾ ਦਰਸਾਏ ਗੁਰਦੁਆਰਾ ਦੇ ਸ਼ਾਬਦਿਕ ਅਰਥਾਂ ਨੂੰ ਵਾਚਦੇ ਹੋਏ ਕਿਹਾ ਜਾ ਸਕਦਾ ਹੈ ਕਿ ਗੁਰਦੁਆਰਾ ਸਿੱਖ ਧਰਮ ਦਾ ਕੇਂਦਰੀ ਧਾਰਮਿਕ ਅਸਥਾਨ ਹੈ। ਜਿਹੜਾ ਕਿ ਦੋ ਸ਼ਬਦਾਂ 'ਗੁਰ' ਅਤੇ 'ਦੁਆਰਾ' ਦੇ ਸੁਮੇਲ ਤੋਂ ਬਣਿਆ ਹੈ, ਜਿਸਦਾ ਅਰਥ ਹੈ ਗੁਰੂ ਦਾ ਘਰ, ਭਾਵ ਜਿਥੋਂ ਮਨੁੱਖ ਨੂੰ ਗੁਰਮਤਿ ਦੀ ਸੋਝੀ ਪ੍ਰਾਪਤ ਹੁੰਦੀ ਹੈ।

### 4.3 ਧਰਮਸਾਲ ਅਤੇ ਗੁਰਦੁਆਰਾ : ਪਰਿਭਾਸ਼ਿਕ ਸੰਦਰਭ

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਸਿੱਖ ਧਾਰਮਿਕ ਅਸਥਾਨ (ਗੁਰਦਆਰੇ) ਨੂੰ ਵਿਭਿੰਨ ਪ੍ਰਸੰਗਾਂ ਵਿਚ ਪਰਿਭਾਸ਼ਿਤ ਕੀਤਾ ਗਿਆ ਹੈ ਜਿਵੇਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ 'ਗਉੜੀ ਮਹਲਾ ੧' ਵਿਚ ਫੁਰਮਾਉਂਦੇ ਹਨ ਕਿ ਗੁਰੂ ਦੇ ਹੁਕਮ ਉਪਰ ਚੱਲ ਕੇ ਮਨੁੱਖ ਪੰਜ ਵਿਕਾਰਾਂ ਅਤੇ ਮਨ ਦੀ ਅਸਥਿਰਤਾ ਤੋਂ ਬਚ ਸਕਦਾ ਹੈ, ਜੇਕਰ ਮਨੁੱਖ ਨੇ ਅਧਿਆਤਮ ਦੇ ਰਾਹ ਤੇ ਤੁਰਨਾ ਹੈ ਅਤੇ ਸਮਾਜਿਕ ਵਿਵਹਾਰ ਵਿਚ ਸੰਤੁਲਨ ਪੈਦਾ ਕਰਨਾ ਹੈ ਤਾਂ ਉਸ ਲਈ ਗੁਰੂ ਦਾ ਸ਼ਬਦ ਹਰ ਘੜੀ ਚਿਤ ਵਿਚ ਰੱਖਣਾ ਜਰੂਰੀ ਹੈ। ਮਨੁੱਖ ਨੂੰ ਚੰਗੇ-ਮਾੜੇ ਦੀ ਸੋਝੀ ਅਤੇ ਅਧਿਆਤਮ ਦੇ ਰਾਹ ਦੀ ਨਿਸ਼ਾਨਦੇਹੀ ਗੁਰਦੁਆਰੇ ਵਿਚ ਸੰਗਤ ਕਰ ਕੇ ਅਤੇ ਪਰਮਾਤਮਾ ਦੀ ਕੀਰਤੀ ਦੁਆਰਾ ਹੀ ਪਰਾਪਤ ਹੁੰਦੀ ਹੈ :

*ਸਚੁ ਸਾਲਾਹੀ ਧੰਨੁ ਗੁਰਦੁਆਰੁ॥* [37]

ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਗੁਰ ਦਾ ਦੁਆਰ ਮਨੁੱਖ ਲਈ ਮਨ ਦੀ ਸਵੱਛਤਾ ਦੀ

---

35 ਬ੍ਰਹਮਜਗਦੀਸ਼ ਸਿੰਘ, *ਗੁਰੂ ਗ੍ਰੰਥ ਸੰਕਲਪ ਕੋਸ਼,* ਵਾਰਿਸ ਸ਼ਾਹ ਫ਼ਾਉਂਡੇਸ਼ਨ, ਅੰਮ੍ਰਿਤਸਰ, 2013 (ਪਹਿਲੀ ਵਾਰ), ਪੰਨਾ 209.

36 ਗਿਆਨੀ ਭਜਨ ਸਿੰਘ, *ਸਾਡੇ ਇਤਿਹਾਸਕ ਗੁਰਧਾਮ, (ਮਾਝਾ, ਮਾਲਵਾ, ਦੁਆਬਾ ਅਤੇ ਹਿਮਾਚਲ ਪ੍ਰਦੇਸ਼ ਦੇ ਗੁਰਦੁਆਰੇ),* ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2012 (ਤੀਜੀ ਐਡੀਸ਼ਨ), ਪੰਨਾ 3.

37 *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 153.

ਸੋਝੀ ਪੈਦਾ ਕਰਨ ਵਾਲੇ ਮਾਰਗ ਵਜੋਂ ਪਰਿਭਾਸ਼ਿਤ ਹੋਇਆ ਹੈ। ਗੁਰੂ ਜੀ ਇਸ ਸ਼ਬਦ ਵਿਚ ਮਨੁੱਖੀ ਮਨ ਰੂਪੀ ਭਾਂਡੇ ਦੀ ਸਵੱਛਤਾ ਬਾਰੇ ਮਾਰਗ ਦਰਸ਼ਨ ਕਰਦੇ ਹਨ, ਮਨ ਰੂਪੀ ਭਾਂਡਾ ਜਿਹੜਾ ਕਿ ਵਿਕਾਰਾਂ ਕਰਕੇ ਮਲੀਨ ਹੋ ਗਿਆ। ਉਸ ਨੂੰ ਮਨੁੱਖ ਆਪਣੇ ਉਦਮ ਨਾਲ ਸਵੱਛ ਨਹੀਂ ਕਰ ਸਕਦਾ। ਗੁਰੂ ਦਾ ਦੁਆਰ ਹੀ ਮਨੁੱਖੀ ਮਨ ਰੂਪੀ ਭਾਂਡੇ ਨੂੰ ਸਾਫ ਕਰਨ ਦੀ ਸੋਝੀ ਬਖਸ਼ਦਾ ਹੈ। ਗੁਰੂ ਦੇ ਦੁਆਰ ਤੋਂ ਮਿਲੀ ਹੋਈ ਸੋਝੀ ਰਾਹੀਂ ਮਨ ਰੂਪੀ ਭਾਂਡਾ ਪਵਿੱਤਰ ਹੋ ਜਾਂਦਾ ਹੈ :

*ਗੁਰੂ ਦੁਆਰੈ ਹੋਇ ਸੋਝੀ ਪਾਇਸੀ॥ ਏਤੁ ਦੁਆਰੈ ਧੋਇ ਹਛਾ ਹੋਇਸੀ॥* [38]

ਭਾਈ ਗੁਰਦਾਸ ਜੀ ਅਨੁਸਾਰ ਧਰਮਸਾਲ ਮਾਨਸਰੋਵਰ ਵਾਂਗ ਹੁੰਦੀ ਹੈ, ਜਿਥੇ ਧੰਨਤਾ ਯੋਗ ਹੰਸ ਰੂਪ ਗੁਰਸਿਖ ਹੁੰਦੇ ਹਨ ਜਿਹੜੇ ਗੁਰੂ ਸ਼ਬਦ ਦੇ ਰਤਨ-ਪਦਾਰਥ ਰੂਪੀ ਕੀਰਤਨ ਦਾ ਅਨੰਦ ਮਾਣਦੇ ਹਨ :

*ਧਰਮਸਾਲ ਹੈ ਮਾਨਸਰੁ ਹੰਸ ਗੁਰਸਿਖ ਵਾਹੁ।।*

*ਰਤਨ ਪਦਾਰਥ ਗੁਰ ਸਬਦੁ ਕਰਿ ਕੀਰਤਨੁ ਖਾਹੁ।।* [39]

ਕਵੀ ਸੈਨਾਪਤਿ ਨੇ ਧਰਮਸਾਲ ਦੀ ਉਸਤਤਿ ਵਿਚ ਲਿਖਿਆ ਹੈ ਕਿ ਜਿਹੜੀ ਸੰਗਤ ਧਰਮਸਾਲ ਵਿਚ ਆਉਂਦੀ ਹੈ, ਉਥੇ ਉਹ ਪਾਰਬ੍ਰਹਮ ਦਾ ਦਰਸ਼ਨ ਕਰਦੀ ਹੈ। ਗੁਰੂ ਅਤੇ ਸੰਗਤ ਵਿਚ ਕੋਈ ਭੇਦ ਨਹੀਂ ਹੁੰਦਾ। ਮੁਨੀ ਜਨ ਇਸ ਕਥਾ ਦਾ ਵਖਿਆਨ ਕਰਦੇ ਹਨ। ਧਰਮਸਾਲ ਅੰਦਰ ਗੁਰੂ ਦੇ ਦਰਸ਼ਨ ਕਰਨ ਨਾਲ ਦੁਰਮਤਿ ਦੀ ਮੈਲ ਉਤਰਦੀ ਹੈ ਅਤੇ ਗਿਆਨ ਉਪਜਦਾ ਹੈ। ਜੋ ਮਨ ਵਿਚ ਇੱਛਾ ਹੁੰਦੀ ਹੈ, ਉਸਦੀ ਪੂਰਤੀ ਅਰਦਾਸ ਕਰਨ ਨਾਲ ਹੋ ਜਾਂਦੀ ਹੈ :

*ਧਰਮਸਾਲ ਸੰਗਤਿ ਜਬਿ ਆਵੈ। ਦਰਸਨ ਪਾਰਬ੍ਰਹਮ ਕੋ ਪਾਵੈ।*

*ਗੁਰ ਸੰਗਤਿ ਕਛੁ ਭੇਦ ਨਾ ਹੋਈ। ਮੁਨ ਜਨ ਕਥਾ ਬਖਾਨਤ ਸੋਈ ।12।207।*

*ਕਰ ਦਰਸਨ ਦੁਰਮਤਿ ਮਲ ਛੀਜੈ। ਉਪਜੈ ਗਿਆਨ ਭਲਾ ਕਛੁ ਕੀਜੈ।*

*ਇੱਛਾ ਮਨ ਮੈ ਜੋ ਕਛੁ ਆਵੈ। ਕਰਿ ਅਰਦਾਸ ਤੁਰਤ ਹੀ ਪਾਵੈ।13।208।* [40]

---

[38] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 730.

[39] *ਵਾਰਾਂ ਭਾਈ ਗੁਰਦਾਸ ਜੀ,* ਵਾਰ 9, ਪਉੜੀ 14, ਪੰਨਾ 98.

[40] ਕਵੀ ਸੈਨਾਪਤਿ, *ਸ੍ਰੀ ਗੁਰ ਸੋਭਾ,* ਗੰਡਾ ਸਿੰਘ (ਸੰਪਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988 (ਤੀਜੀ ਵਾਰ), ਪੰਨਾ 89.

ਭਾਈ ਸੰਤੋਖ ਸਿੰਘ ਨੇ ਧਰਮਸਾਲ (ਧਾਰਮਿਕ ਅਸਥਾਨ) ਨੂੰ ਹੇਠ ਲਿਖੇ ਅਨੁਸਾਰ ਪਰਿਭਾਸ਼ਿਤ ਕੀਤਾ ਹੈ ਕਿ ਜਿਥੇ ਸਤਿਸੰਗਤਿ ਇਕੱਠੀ ਹੋਵੇ, ਕਥਾ-ਕੀਰਤਨ ਹੁੰਦਾ ਹੋਵੇ, ਉਥੇ ਸਵੇਰੇ-ਸ਼ਾਮ ਨੂੰ ਜਾਵੋ ਅਤੇ ਆਪਣੀ ਬੁੱਧੀ ਨੂੰ ਪ੍ਰੀਤ ਧਾਰ ਕੇ ਰੰਗ ਲਾਵੋ। ਜਿਸ ਸਿੱਖ ਵਿਚ ਯੋਗ ਸਮਰੱਥਾ ਹੋਵੇ, ਉਹ ਆਪ ਧਰਮਸ਼ਾਲਾ ਬਣਵਾਏ ਅਤੇ ਉਸ ਵਿਚ ਸਿੱਖਾਂ ਨੂੰ ਟਿਕਾਵੇ ਅਤੇ ਮੁਸਾਫਰਾਂ ਨੂੰ ਭੋਜਨ ਛਕਾਵੇ :

*ਜਹਿਂ ਸਤਿਸੰਗਤਿ ਕੋ ਸਮੁਦਾਇ। ਕਥਾ ਕੀਰਤਨ ਕਰਹਿਂ ਬਨਾਇ।*

*ਤਹਾਂ ਜਾਇ ਸੰਧਯਾ ਅਰੁ ਪ੍ਰਾਤੀ। ਧਰਹੁ ਪ੍ਰੀਤ ਕਰਿ ਮਤਿ ਕੋ ਰਾਤੀ।।24।।*

*ਜਿਸ ਮਹਿਂ ਯਥਾ ਸ਼ਕਤਿ ਹੁਇ ਆਵਹਿ। ਧਰਮਸਾਲ ਆਪੇ ਬਨਵਾਵਹਿ।*

*ਤਿਸ ਮੈਂ ਰਾਖਹਿ ਸਿੱਖ ਟਿਕਾਇ। ਪੰਥੀ ਕੋ ਭੋਜਨ ਮਿਲਿ ਜਾਇ।।25।।*

*ਇਕ ਸਿਖ ਦੇਹਿ, ਕਿ ਸਭਿ ਮਿਲ ਦੇਵੈਂ। ਸਿਮਰਹਿਂ ਨਾਮ ਸੁਜਨ ਕੋ ਸੇਵੈਂ।*

*ਕਹਾਂ ਮਹਾਤਮ ਇਸ ਕੋ ਕਹਿਯਹਿ। ਪੁੰਨ ਪਦਾਰਥ ਸਮ ਨਹਿਂ ਲਹਯਹਿ।*

*ਇਸ ਜਗ ਮਹਿਂ ਸੁਖ ਪਾਇ ਘਨੇਰਾ। ਅੰਤ ਗੁਰੂ ਢਿਗ ਲਹੈ ਬਸੇਰਾ।*[41]

ਇਸਦੇ ਨਾਲ ਹੀ ਵੱਖ-ਵੱਖ ਵਿਦਵਾਨਾਂ ਨੇ ਸਿੱਖ ਧਾਰਮਿਕ ਅਸਥਾਨ ਗੁਰਦੁਆਰੇ ਨੂੰ ਵਿਭਿੰਨ ਅਰਥਾਂ ਵਿਚ ਨਿਮਨਲਿਖਤ ਅਨੁਸਾਰ ਪਰਿਭਾਸ਼ਿਤ ਕੀਤਾ ਹੈ ;

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਸਿੱਖਾਂ ਦਾ ਧਰਮਮੰਦਿਰ। ਉਹ ਅਸਥਾਨ, ਜਿਸਨੂੰ ਦਸ ਸਤਿਗੁਰਾਂ ਵਿਚੋਂ ਕਿਸੇ ਨੇ ਧਰਮ ਪ੍ਰਚਾਰ ਲਈ ਬਣਾਇਆ ਅਥਵਾ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਤੋਂ ਲੈ ਕੇ ਗੁਰੂ ਅਰਜਨ ਦੇਵ ਤਕ ਸਿੱਖਾਂ ਦੇ ਧਰਮ ਮੰਦਿਰ ਦਾ ਨਾਮ 'ਧਰਮਸਾਲਾ' ਰਿਹਾ ਹੈ। ਸ੍ਰੀ ਗੁਰੂ ਅਰਜਨ ਦੇਵ ਨੇ ਸਭ ਤੋਂ ਪਹਿਲਾਂ ਅਮ੍ਰਿਤ ਸਰੋਵਰ ਦੇ ਧਰਮ ਮੰਦਿਰ ਦੀ 'ਹਰਿਮੰਦਿਰ' ਸੰਗਯਾ ਥਾਪੀ ਅਰ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਧਰਮਸਾਲਾ ਦੀ 'ਗੁਰਦੁਆਰਾ' ਸੰਗਯਾ ਹੋਈ ਹੈ। ਸਿੱਖਾਂ ਦਾ ਗੁਰਦੁਆਰਾ ਵਿਦਯਾਰਥੀਆਂ ਲਈ ਸਕੂਲ, ਆਤਮਜਿਗਯਾਸਾ ਵਾਲਿਆਂ ਲਈ ਗਯਾਨ ਉਪਦੇਸ਼ਕ ਆਚਾਰਯ, ਰੋਗੀਆਂ ਲਈ ਸ਼ਫ਼ਾਖ਼ਾਨਾ, ਭੁੱਖਿਆਂ ਲਈ ਅੰਨਪੂਰਣਾ, ਇਸਤ੍ਰੀ ਜਾਤਿ ਦੀ ਪਤ ਰੱਖਣ

[41] ਭਾਈ ਸੰਤੋਖ ਸਿੰਘ, *ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ,* (ਜਿਲਦ ਪੰਜਵੀਂ), ਭਾਈ ਵੀਰ ਸਿੰਘ (ਸੰਪਾ.), ਭਾਸ਼ਾ ਵਿਭਾਗ, ਪੰਜਾਬ, 2011, ਪੰਨੇ 1715-16.

ਲਈ ਲੋਹਮਈ ਦੁਰਗਾ ਅਤੇ ਮੁਸਾਫਰਾਂ ਲਈ ਵਿਸ਼੍ਰਾਮ ਦਾ ਅਸਥਾਨ ਹੈ।..."[42]

ਇਸਦੇ ਨਾਲ ਹੀ ਭਾਈ ਕਾਨ੍ਹ ਸਿੰਘ ਨਾਭਾ ਨੇ *ਗੁਰੁਮਤ ਮਾਰਤੰਡ* ਵਿਚ ਗੁਰਦੁਆਰੇ ਨੂੰ ਵੱਖਰੇ ਢੰਗ ਨਾਲ ਪਰਿਭਾਸ਼ਿਤ ਕੀਤਾ ਹੈ, "ਜਿਸ ਥਾਂ ਸਤਿਗੁਰਾਂ ਦੇ ਦਸ ਸਰੂਪਾਂ ਵਿਚੋਂ ਕਿਸੇ ਦੇ ਚਰਣ ਪਏ ਅਤੇ ਇਤਿਹਾਸਿਕ (ਐਤਿਹਾਸਕ) ਘਟਨਾ ਹੋਈ ਹੈ, ਅਥਵਾ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ ਸਿੱਖ ਧਰਮ ਦੇ ਨਿਯਮਾਂ ਦਾ ਪ੍ਰਚਾਰ ਕੀਤਾ ਜਾਂਦਾ ਹੈ ਅਤੇ ਵਿਸ਼੍ਰਾਮ, ਲੰਗਰ, ਵਿਦਯਾ, ਕੀਰਤਨ ਆਦਿ ਦਾ ਗੁਰੂ ਮਰਯਾਦਾ ਅਨੁਸਾਰ ਪ੍ਰਬੰਧ ਹੈ, ਉਸਦੀ ਗੁਰਦ੍ਵਾਰਾ ਸੰਗਯਾ ਹੈ।"[43]

ਹਰਿਭਜਨ ਸਿੰਘ ਨੇ ਆਪਣੀ ਪੁਸਤਕ *ਗੁਰਮਤਿ ਵਿਆਖਿਆਨ* ਵਿਚ 'ਗੁਰਦੁਆਰੇ' ਨੂੰ ਪਰਿਭਾਸ਼ਤ ਕਰਦੇ ਹੋਏ ਲਿਖਿਆ ਹੈ ਕਿ, "ਸਤਿਗੁਰੂ ਨਾਨਕ ਦੇਵ ਜੀ ਜਦ ਪ੍ਰਭੂ ਨਾਲ ਇਕ-ਸੁਰ ਹੋਏ ਤਾਂ ਉਹਨਾਂ ਨੇ ਮਨੁੱਖ ਦੀ ਸੁਖ-ਸ਼ਾਂਤੀ ਤੇ ਕਲਿਆਣ ਲਈ 'ਸਗਲੀ ਚਿੰਤਾ' ਮਿਟਾ ਦੇਣ ਵਾਲੀ 'ਧੁਰ ਕੀ ਬਾਣੀ' ਰਚੀ; ਇਸ ਬਾਣੀ ਦੇ ਪਠਨ-ਪਾਠ ਅਤੇ ਵੀਚਾਰ ਲਈ ਸੰਗਤਾਂ ਕਾਇਮ ਕੀਤੀਆਂ। ਇਹਨਾਂ ਸੰਗਤਾਂ ਦੇ ਮਿਲ ਬੈਠਣ ਲਈ ਕਿਸੇ ਸਾਂਝੇ ਅਸਥਾਨ ਦੀ ਲੋੜ ਪਈ, ਜਿਸ ਨੂੰ ਧਰਮਸਾਲ ਅਥਵਾ ਗੁਰਦੁਆਰੇ ਦੀ ਸੰਗਿਆ ਦਿਤੀ ਗਈ।"[44]

ਰਤਨ ਸਿੰਘ ਜੱਗੀ ਅਨੁਸਾਰ, "ਜਿਸ ਸਰਬ ਸਾਂਝੇ ਸਥਾਨ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੋਵੇ, ਉਸ ਨੂੰ ਸਿੱਖ ਸ਼ਬਦਾਵਲੀ ਵਿਚ ਗੁਰਦੁਆਰਾ ਕਿਹਾ ਜਾਂਦਾ ਹੈ।"[45]

ਪ੍ਰੋ. ਬ੍ਰਹਮਜਗਦੀਸ਼ ਸਿੰਘ ਨੇ 'ਗੁਰਦੁਆਰਾ' ਸੰਸਥਾ ਨੂੰ ਪਰਿਭਾਸ਼ਿਤ ਕਰਦਿਆਂ ਕਿਹਾ ਹੈ ਕਿ, "ਸਾਧਾਰਣ ਤੌਰ ਉੱਤੇ ਇਹ ਸ਼ਬਦ ਉਸ ਪਵਿੱਤਰ ਸਥਾਨ ਲਈ ਵਰਤਿਆ ਜਾਂਦਾ ਹੈ, ਜੋ ਦਸਾਂ ਗੁਰੂ ਸਾਹਿਬਾਨ ਵਿਚੋਂ ਕਿਸੇ ਇਕ ਨੇ ਸਥਾਪਿਤ ਕੀਤਾ ਹੋਵੇ ਅਤੇ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਵੇ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਰਾਮਦਾਸ ਜੀ ਤਕ ਸਿੱਖਾਂ ਦੇ ਧਰਮ ਮੰਦਰ ਦਾ ਨਾਮ 'ਧਰਮਸਾਲਾ'

---

[42] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨੇ 416-17.

[43] ਭਾਈ ਕਾਨ੍ਹ ਸਿੰਘ ਨਾਭਾ, *ਗੁਰਮਤ ਮਾਰਤੰਡ (ਭਾਗ ਪਹਿਲਾ),* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2005 (ਸੱਤਵੀਂ ਐਡੀਸ਼ਨ), ਪੰਨਾ 380.

[44] ਹਰਿਭਜਨ ਸਿੰਘ, *ਗੁਰਮਤਿ ਵਿਆਖਿਆਨ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2001 (ਪੰਜਵੀਂ ਵਾਰ), ਪੰਨਾ 97.

[45] ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼* (ਭਾਗ ਪਹਿਲਾ), ਗੁਰ ਰਤਨ ਪਬਲਿਸ਼ਰਜ਼, ਪਟਿਆਲਾ, 2005, *ਪੰਨਾ* 608.

ਹੁੰਦਾ ਸੀ। ਗੁਰੂ ਅਰਜਨ ਦੇਵ ਨੇ ਸਭ ਤੋਂ ਪਹਿਲਾਂ ਹਰਿਮੰਦਰ ਸਾਹਿਬ ਦੀ ਸਥਾਪਨਾ ਕੀਤੀ ਸੀ। ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਤੋਂ ਧਰਮਸਾਲਾ ਨੂੰ ਗੁਰਦੁਆਰਾ ਕਿਹਾ ਜਾਣ ਲੱਗਾ। ਸਿੱਖਾਂ ਦਾ ਗੁਰਦੁਆਰਾ ਵਿਦਿਆਰਥੀਆਂ ਲਈ ਸਕੂਲ, ਇਸਤਰੀ ਜਾਤੀ ਦੀ ਸੁਰੱਖਿਆ ਲਈ ਲੋਹ-ਦੁਰਗ ਅਤੇ ਮੁਸਾਫਰਾਂ ਲਈ ਵਿਸ਼ਰਾਮ-ਸਥਾਨ ਹੁੰਦਾ ਹੈ।"[46]

ਉਕਤ ਪਰਿਭਾਸ਼ਾਵਾਂ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਗੁਰਦੁਆਰਾ ਸਿੱਖ ਧਰਮ ਦੀ ਉਹ ਮਹੱਤਵਪੂਰਨ ਸੰਸਥਾ ਹੈ ਜਿਥੇ ਕਿ ਸਮੁੱਚੀ ਮਨੁੱਖਤਾ ਦੀਆਂ ਧਾਰਮਿਕ ਅਤੇ ਅਧਿਆਤਮਕ ਖੇਤਰ ਵਿਚ ਰਹਿਨੁਮਾਈ ਦੇ ਨਾਲ-ਨਾਲ ਸਮਾਜਿਕ ਲੋੜਾਂ ਦੀ ਪੂਰਤੀ ਵੀ ਹੁੰਦੀ ਹੈ।

## 5. ਸਿੱਖ ਧਾਰਮਿਕ ਅਸਥਾਨ (ਗੁਰਦੁਆਰਾ) : ਵਿਭਿੰਨ ਪ੍ਰਕਾਰ

ਸਿੱਖ ਧਰਮ ਦਾ ਕੇਂਦਰੀ ਅਸਥਾਨ ਗੁਰਦੁਆਰਾ ਹੈ। ਵੱਖ-ਵੱਖ ਗੁਰਦੁਆਰੇ, ਗੁਰੂ ਸਾਹਿਬਾਨ ਤੇ ਉਹਨਾਂ ਦੇ ਪਰਿਵਾਰ ਅਤੇ ਸਿੱਖਾਂ ਨਾਲ ਵਾਪਰੀਆਂ ਘਟਨਾਵਾਂ ਨਾਲ ਸੰਬੰਧਿਤ ਹਨ। ਜਿਹਨਾਂ ਵਿਚ ਗੁਰੂ ਸਾਹਿਬਾਨ ਦੇ ਜਨਮ ਅਸਥਾਨ, ਵਿਆਹ ਅਸਥਾਨ, ਜੋਤੀ-ਜੋਤਿ ਸਮਾਉਣ ਦੇ ਅਸਥਾਨ, ਗੁਰੂ ਪੁੱਤਰਾਂ, ਗੁਰੂ ਕੇ ਮਹਿਲਾਂ (ਪਤਨੀਆਂ), ਗੁਰਸਿੱਖਾਂ, ਸ਼ਹੀਦਾਂ, ਭਗਤ ਸਾਹਿਬਾਨ, ਗੁਰੂ ਸਾਹਿਬਾਨ ਦੇ ਮੁਸਲਿਮ ਤੇ ਹਿੰਦੂ ਸ਼ਰਧਾਲੂਆਂ ਅਤੇ ਇਸ ਤੋਂ ਇਲਾਵਾ ਵਿਭਿੰਨ ਇਤਿਹਾਸਕ ਘਟਨਾਵਾਂ ਨਾਲ ਸੰਬੰਧਿਤ ਹਨ। ਪੰਡਿਤ ਤਾਰਾ ਸਿੰਘ ਨਰੋਤਮ ਗੁਰਦੁਆਰਿਆਂ ਦੀਆਂ ਵਿਭਿੰਨ ਵੰਨਗੀਆਂ ਸੰਬੰਧੀ ਲਿਖਦੇ ਹਨ, "...ਕਹੀਂ ਗੁਰੋਂ ਕੇ ਜਨਮ ਹੈਂ ਜੈਸੇ ਨਨਕਾਣਾ ਗੁਰੂ ਨਾਨਕ ਜੀ ਕਾ ਜਨਮ ਸਥਾਨ ਹੈ। ਪਟਨਾ ਗੁਰੂ ਸਾਹਿਬ ਦਸਮ ਕਾ ਜਨਮ ਸਥਾਨ ਹੈ। ਕਹੀਂ ਲੀਲ੍ਹਾ ਹੈ ਜੈਸੇ ਨਨਕਾਣੇ ਮੇਂ ਨਾਨਕਸਰ ਇਸ਼ਨਾਨ ਲੀਲ੍ਹਾ ਕਾ ਸਥਾਨ ਹੈ। ਪਟਣੇ ਮੇਂ ਮੈਣੀ ਸੰਗਤ ਬਾਲ ਲੀਲ੍ਹਾ ਕਾ ਸਥਾਨ ਹੈ। ਕਹੀਂ ਕਹੀਂ ਸਥਾਨ ਆਪਣੀ ਸ਼ਕਤੀ ਕਾ ਦਿਖਾਵਨਾ ਹੈ ਜੈਸੇ ਨਨਕਾਣੇ ਮੇਂ 'ਕਿਆਰਾ ਸਾਹਿਬ' ਜਹਾਂ ਮਹਖੀਓਂ (ਗਊਆਂ ਮੱਝਾਂ) ਕਾ ਖਾਇਆ ਖੇਤ ਹਰਾ ਕੀਆ ਹੈ। ਕਹੀਂ ਤਪ ਕਰਨਾ ਹੈ ਜੈਸੇ ਰਾਵੀ ਕਿਨਾਰੇ ਕਰਤਾਰਪੁਰ ਮੇਂ ਰੋੜਾਂ ਕਾ ਬਿਸਤਰ ਕਰਕੇ ਤਪ ਕੀਆ। ਕਹੀਂ 'ਬਿਵਾਹ' ਹੈ ਜੈਸੇ ਬਟਾਲੇ ਮੇਂ ਗੁਰੂ ਨਾਨਕ ਜੀ ਕਾ ਬਿਵਾਹ ਥਾਨ ਹੈ। ਕਹੀਂ 'ਗੋਸ਼ਟ' ਹੈ ਜੈਸੇ ਅਚਲ ਮੇਂ ਸਿੱਧਾਂ ਸਾਥ ਗੋਸ਼ਟ

[46] ਬ੍ਰਹਮਜਗਦੀਸ਼ ਸਿੰਘ, *ਗੁਰੂ ਗ੍ਰੰਥ ਸੰਕਲਪ ਕੋਸ਼,* ਵਾਰਿਸ ਸ਼ਾਹ ਫ਼ਾਉਂਡੇਸ਼ਨ, ਅੰਮ੍ਰਿਤਸਰ, 2013, ਪੰਨਾ 209.

ਹੂਈ। ਐਸੇ ਔਰ ਭੀ ਕਾਰਨ ਹੈ...।"[47]

ਪਹਿਲਾ, ਗੁਰਦੁਆਰਿਆਂ ਦੇ ਵੱਖ-ਵੱਖ ਪ੍ਰਕਾਰਾਂ ਦਾ ਵਿਸਥਾਰਪੂਰਵਕ ਵਰਣਨ ਕਰਨ ਦਾ ਮੂਲ ਮਨੋਰਥ ਗੁਰਦੁਆਰੇ ਦੇ ਵਿਭਿੰਨ ਪ੍ਰਕਾਰਾਂ ਨੂੰ ਇਤਿਹਾਸਕ ਅਤੇ ਸਿਧਾਂਤਕ ਪ੍ਰਸੰਗ ਅਨੁਸਾਰ ਵਰਗੀਕ੍ਰਿਤ ਕਰਕੇ ਸਮਝਣ ਦਾ ਯਤਨ ਕੀਤਾ ਗਿਆ ਹੈ। ਦੂਜਾ, ਅਸੀਂ ਗੁਰਦੁਆਰੇ ਦੇ ਅਨੁਭਵੀ ਪੱਖ, ਜਿਸਨੂੰ ਗੁਰਬਾਣੀ ਅਤੇ ਵਾਰਾਂ ਭਾਈ ਗੁਰਦਾਸ, ਅੰਦਰ ਰੂਪਮਾਨ ਕੀਤਾ ਗਿਆ ਹੈ, ਅਨੁਸਾਰ ਗੁਰਦੁਆਰੇ ਦੇ ਸਰੂਪ ਸੰਬੰਧੀ ਵੀ ਅਧਿਐਨ ਕਰਨ ਦਾ ਯਤਨ ਕਰ ਰਹੇ ਹਾਂ। ਗੁਰਦੁਆਰਿਆਂ ਦੇ ਵਿਭਿੰਨ ਪ੍ਰਕਾਰਾਂ ਅਤੇ ਕਿਸਮਾਂ ਅਤੇ ਅਨੁਭਵੀ ਤੇ ਵਿਵਹਾਰਕ ਰੂਪਾਂ ਨੂੰ ਵਿਸਤਰਿਤ ਰੂਪ ਵਿਚ ਨਿਮਨ ਅਨੁਸਾਰ ਵਿਉਂਤਿਆ ਗਿਆ ਹੈ ;

### 5.1.1 ਗੁਰੂ ਸਾਹਿਬਾਨ ਦੇ ਜਨਮ ਅਸਥਾਨ

'ਸਿੱਖ ਧਾਰਮਿਕ ਅਸਥਾਨਾਂ' ਵਿਚ ਪ੍ਰਮੁੱਖ ਰੂਪ ਵਿਚ ਸਭ ਤੋਂ ਪਹਿਲਾ ਅਸਥਾਨ (ਗੁਰਦੁਆਰਾ) ਉਹ ਹੈ, ਜਿਥੇ ਗੁਰੂ ਸਾਹਿਬਾਨ ਦਾ ਜਨਮ ਹੋਇਆ। ਜਿਸ ਅਸਥਾਨ ਉਤੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਦਸ ਗੁਰੂ ਸਾਹਿਬਾਨ ਦਾ ਜਨਮ (ਪ੍ਰਕਾਸ਼) ਹੋਇਆ, ਉਹ ਅਸਥਾਨ ਸੰਗਤਾਂ ਲਈ ਪੂਜਣਯੋਗ ਹੋ ਗਿਆ। ਇਤਿਹਾਸਕ ਮਹੱਤਤਾ ਅਤੇ ਅਧਿਆਤਮਕ ਆਸਥਾ ਕਰਕੇ ਉਹ ਅਸਥਾਨ ਗੁਰਦੁਆਰੇ ਦਾ ਰੂਪ ਧਾਰਨ ਕਰ ਗਏ। ਜਿਵੇਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਅਸਥਾਨ 'ਸ੍ਰੀ ਨਨਕਾਣਾ ਸਾਹਿਬ (ਪਾਕਿਸਤਾਨ)', ਗੁਰੂ ਅੰਗਦ ਦੇਵ ਜੀ ਦਾ 'ਸਰਾਇ ਨਾਗਾ (ਜ਼ਿਲ੍ਹਾ ਮੁਕਤਸਰ)', ਗੁਰੂ ਅਮਰਦਾਸ ਜੀ ਦਾ 'ਬਾਸਰਕੇ (ਜ਼ਿਲ੍ਹਾ ਤਰਨਤਾਰਨ)', ਗੁਰੂ ਰਾਮਦਾਸ ਜੀ ਦਾ 'ਚੂਨਾ ਮੰਡੀ, ਲਾਹੌਰ (ਪਾਕਿਸਤਾਨ)', ਗੁਰੂ ਅਰਜਨ ਦੇਵ ਜੀ ਦਾ 'ਗੋਇੰਦਵਾਲ ਸਾਹਿਬ (ਜ਼ਿਲ੍ਹਾ ਤਰਨਤਾਰਨ)', ਗੁਰੂ ਹਰਿਗੋਬਿੰਦ ਸਾਹਿਬ ਜੀ ਦਾ 'ਗੁਰੂ ਕੀ ਵਡਾਲੀ (ਜ਼ਿਲ੍ਹਾ ਅੰਮ੍ਰਿਤਸਰ)', ਗੁਰੂ ਹਰਿਰਾਇ ਜੀ ਦਾ 'ਕੀਰਤਪੁਰ ਸਾਹਿਬ (ਜ਼ਿਲ੍ਹਾ ਰੂਪਨਗਰ)', ਗੁਰੂ ਹਰਿਕ੍ਰਿਸ਼ਨ ਜੀ ਦਾ 'ਕੀਰਤਪੁਰ ਸਾਹਿਬ (ਜ਼ਿਲ੍ਹਾ ਰੂਪਨਗਰ)', ਗੁਰੂ ਤੇਗ ਬਹਾਦਰ ਜੀ ਦਾ 'ਗੁਰੂ ਕੇ ਮਹਿਲ, (ਸ੍ਰੀ ਅੰਮ੍ਰਿਤਸਰ)' ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 'ਸ੍ਰੀ ਪਟਨਾ ਸਾਹਿਬ (ਬਿਹਾਰ)' ਵਿਖੇ ਗੁਰਦੁਆਰੇ ਸੁਸ਼ੋਭਿਤ ਹਨ।

[47] ਪੰਡਿਤ ਤਾਰਾ ਸਿੰਘ ਨਰੋਤਮ, *ਸ੍ਰੀ ਗੁਰਤੀਰਥ ਸੰਗ੍ਰਹਿ,* ਕਨਖਲ, 1884, ਪੰਨੇ 8-9.

### 5.1.2 ਗੁਰੂ ਸਾਹਿਬਾਨ ਦੇ ਵਿਆਹ ਨਾਲ ਸੰਬੰਧਿਤ ਅਸਥਾਨ

ਸਿੱਖ ਪੰਥ ਲਈ ਉਹ ਸਾਰੀਆਂ ਥਾਵਾਂ ਵੀ ਪੂਜਣਯੋਗ ਬਣ ਗਈਆਂ, ਜਿਥੇ ਗੁਰੂ ਸਾਹਿਬਾਨ ਦੇ ਜੀਵਨ ਨਾਲ ਸੰਬੰਧਿਤ ਕੋਈ ਵੀ ਰਸਮ ਨਿਭਾਈ ਗਈ ਹੋਵੇ। ਇਥੇ ਅਸੀਂ ਉਹਨਾਂ ਧਾਰਮਿਕ ਅਸਥਾਨਾਂ ਦਾ ਜ਼ਿਕਰ ਕਰ ਰਹੇ ਹਾਂ, ਜਿਥੇ ਗੁਰੂ ਸਾਹਿਬਾਨ ਦਾ ਵਿਆਹ ਹੋਇਆ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਆਹ ਬਟਾਲਾ ਵਿਖੇ ਹੋਇਆ ਸੀ, ਉਥੇ 'ਗੁਰਦੁਆਰਾ ਕੰਧ ਸਾਹਿਬ' ਸੁਸ਼ੋਭਿਤ ਹੈ। ਗੁਰੂ ਅਰਜਨ ਦੇਵ ਜੀ ਦੇ ਵਿਆਹ ਵਾਲੇ ਅਸਥਾਨ ਉਤੇ 'ਗੁਰਦੁਆਰਾ ਮੌ ਸਾਹਿਬ, ਪਿੰਡ ਮਉ, ਜ਼ਿਲ੍ਹਾ ਜਲੰਧਰ', ਗੁਰੂ ਹਰਿਗੋਬਿੰਦ ਸਾਹਿਬ ਦਾ 'ਗੁਰਦੁਆਰਾ ਸਿਹਰਾ ਸਾਹਿਬ, ਪਿੰਡ ਡੱਲਾ (ਸੁਲਤਾਨਪੁਰ ਲੋਧੀ)' ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਵਿਆਹ ਨਾਲ ਸੰਬੰਧਿਤ 'ਗੁਰਦੁਆਰਾ ਸਿਹਰਾ ਸਾਹਿਬ, ਗੁਰੂ ਕੀ ਲਾਹੌਰ, (ਹਿਮਾਚਲ ਪ੍ਰਦੇਸ਼)' ਵਿਚ ਸੁਸ਼ੋਭਿਤ ਹਨ।

### 5.1.3 ਗੁਰੂ ਸਾਹਿਬਾਨ ਦੇ ਜੋਤੀ-ਜੋਤਿ ਸਮਾਉਣ ਨਾਲ ਸੰਬੰਧਿਤ ਅਸਥਾਨ

ਇਥੇ ਵਰਣਨਯੋਗ ਹੈ ਕਿ ਸਿੱਖ ਧਾਰਮਿਕ ਅਸਥਾਨ ਗੁਰੂ ਸਾਹਿਬਾਨ ਦੇ ਸੰਪੂਰਨ ਜੀਵਨ ਨਾਲ ਜੁੜੇ ਹੋਏ ਹਨ, ਜਿਵੇਂ ਕਿ ਗੁਰੂ ਜੀ ਦੇ ਜਨਮ ਅਤੇ ਜੀਵਨ ਦੇ ਹੋਰਨਾਂ ਸੰਸਕਾਰਾਂ ਨਾਲ ਸੰਬੰਧਿਤ ਅਸਥਾਨ ਜੋ ਕਿ ਸਿੱਖ ਆਸਥਾ ਦਾ ਕੇਂਦਰ ਬਣੇ ਹੋਏ ਹਨ, ਬਾਰੇ ਪਹਿਲਾਂ ਚਰਚਾ ਕੀਤੀ ਜਾ ਚੁੱਕੀ ਹੈ। ਇਸੇ ਤਹਿਤ ਗੁਰੂ ਸਾਹਿਬਾਨ ਨਾਲ ਸੰਬੰਧਿਤ ਉਹ ਅਸਥਾਨ, ਜਿਥੇ ਗੁਰੂ ਜੀ ਜੋਤੀ-ਜੋਤਿ ਸਮਾਏ, ਵੀ ਆਸਥਾ ਅਤੇ ਸ਼ਰਧਾ-ਸਤਿਕਾਰ ਦੇ ਕੇਂਦਰ ਹਨ ; ਜਿਵੇਂ ਕਿ ਗੁਰੂ ਨਾਨਕ ਦੇਵ ਜੀ ਦੇ ਜੋਤੀ-ਜੋਤਿ ਸਮਾਉਣ ਦੀ ਯਾਦਗਾਰ ਵਜੋਂ 'ਗੁਰਦੁਆਰਾ ਸ੍ਰੀ ਦਰਬਾਰ ਸਾਹਿਬ, ਕਰਤਾਰਪੁਰ ਸਾਹਿਬ (ਪਾਕਿਸਤਾਨ), ਗੁਰੂ ਅੰਗਦ ਦੇਵ ਜੀ ਦੇ ਜੋਤੀ-ਜੋਤਿ ਸਮਾਉਣ ਦਾ ਅਸਥਾਨ 'ਖਡੂਰ ਸਾਹਿਬ', ਗੁਰੂ ਅਮਰਦਾਸ ਜੀ ਦੇ ਜੋਤੀ-ਜੋਤਿ ਸਮਾਉਣ ਦਾ ਅਸਥਾਨ 'ਗੋਇੰਦਵਾਲ ਸਾਹਿਬ', ਗੁਰੂ ਰਾਮਦਾਸ ਜੀ ਦੇ ਜੋਤੀ-ਜੋਤਿ ਸਮਾਉਣ ਦਾ ਅਸਥਾਨ ਗੋਇੰਦਵਾਲ ਸਾਹਿਬ, ਗੁਰੂ ਹਰਿਗੋਬਿੰਦ ਜੀ ਦੇ ਜੋਤੀ-ਜੋਤਿ ਸਮਾਉਣ ਦਾ ਅਸਥਾਨ 'ਗੁਰਦੁਆਰਾ ਪਤਾਲਪੁਰੀ ਸਾਹਿਬ, ਕੀਰਤਪੁਰ (ਜ਼ਿਲ੍ਹਾ ਰੂਪਨਗਰ)', ਗੁਰੂ ਹਰਿਰਾਇ ਜੀ ਦੇ ਜੋਤੀ-ਜੋਤਿ ਸਮਾਉਣ ਦਾ ਅਸਥਾਨ ਕੀਰਤਪੁਰ, ਗੁਰੂ ਹਰਿਕ੍ਰਿਸ਼ਨ ਜੀ ਦੇ ਜੋਤੀ-ਜੋਤਿ ਸਮਾਉਣ ਦਾ ਅਸਥਾਨ 'ਗੁਰਦੁਆਰਾ ਬੰਗਲਾ ਸਾਹਿਬ, ਦਿੱਲੀ', ਅਤੇ

ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤਿ ਸਮਾਉਣ ਦਾ ਅਸਥਾਨ 'ਤਖ਼ਤ ਸ੍ਰੀ ਹਜ਼ੂਰ ਸਾਹਿਬ, ਨਾਂਦੇੜ (ਮਹਾਂਰਾਸਟਰ)', ਵਿਚ ਬਣੇ ਹੋਏ ਹਨ।

ਇਸਦੇ ਨਾਲ ਹੀ ਸਿੱਖ ਪੰਥ ਉਹਨਾਂ ਅਸਥਾਨਾਂ ਤੋਂ ਵੀ ਪ੍ਰੇਰਣਾ ਲੈਂਦਾ ਹੈ, ਜਿਥੇ ਪੰਜਵੇਂ ਅਤੇ ਨੌਵੇਂ ਗੁਰੂ ਸਾਹਿਬਾਨ ਸ਼ਹੀਦ ਹੋਏ ; ਜਿਵੇਂ ਕਿ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਅਸਥਾਨ 'ਗੁਰਦੁਆਰਾ ਡੇਹਰਾ ਸਾਹਿਬ, ਲਾਹੌਰ (ਪਾਕਿਸਤਾਨ)' ਅਤੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਅਸਥਾਨ 'ਗੁਰਦੁਆਰਾ ਸੀਸਗੰਜ ਸਾਹਿਬ, ਚਾਂਦਨੀ ਚੌਂਕ, ਦਿੱਲੀ' ਹੈ। ਇਹਨਾਂ ਅਸਥਾਨਾਂ ਤੋਂ ਸੰਗਤਾਂ ਧਰਮ ਪ੍ਰਤੀ ਦ੍ਰਿੜਤਾ ਅਤੇ ਪਰਉਪਕਾਰ ਦੀ ਭਾਵਨਾ ਗ੍ਰਹਿਣ ਕਰਦੀਆਂ ਹਨ।

### 5.1.4 ਗੁਰੂ ਸਾਹਿਬਾਨ ਦੇ ਜੀਵਨ ਵਿਚਲੀਆਂ ਪ੍ਰਮੁੱਖ ਘਟਨਾਵਾਂ ਨਾਲ ਸੰਬੰਧਿਤ ਅਸਥਾਨ

ਗੁਰੂ ਸਾਹਿਬਾਨ ਦੇ ਜੀਵਨ ਵਿਚ ਅਨੇਕਾਂ ਘਟਨਾਵਾਂ ਵਾਪਰੀਆਂ, ਜਿਥੇ ਬਾਅਦ ਵਿਚ ਧਾਰਮਿਕ ਅਸਥਾਨ ਬਣਾਏ ਗਏ। ਜਿਵੇਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭੁੱਖੇ ਸਾਧੂਆਂ ਨੂੰ ਵੀਹ ਰੁਪਈਆ ਦਾ ਲੰਗਰ ਛਕਾਇਆ, ਉਥੇ 'ਗੁਰਦੁਆਰਾ ਸੱਚਾ ਸੌਦਾ ਸਾਹਿਬ' ਸੁਸ਼ੋਭਿਤ ਹੈ। ਇਹ ਕਾਰਜ ਬਾਅਦ ਵਿਚ ਲੰਗਰ ਸੰਸਥਾ ਵਜੋਂ ਸਿੱਖ ਪੰਥ ਦਾ ਅਨਿੱਖੜਵਾਂ ਅੰਗ ਬਣ ਗਿਆ। ਗੁਰੂ ਅੰਗਦ ਦੇਵ ਜੀ ਨੇ ਇਸ ਸੰਸਥਾ ਨੂੰ ਪ੍ਰਫੁਲਿਤ ਕੀਤਾ ਅਤੇ ਮਾਤਾ ਖੀਵੀ ਜੀ ਨੂੰ ਸੁਚਾਰੂ ਢੰਗ ਨਾਲ ਲੰਗਰ ਚਲਾਉਣ ਲਈ ਜਿੰਮੇਵਾਰੀ ਸੌਂਪੀ ਜਿਸਦਾ ਕਿ ਜ਼ਿਕਰ ਭਾਈ ਸੱਤਾ ਜੀ ਅਤੇ ਭਾਈ ਬਲਵੰਡ ਜੀ ਰਚਿਤ ਵਾਰ[48] ਵਿਚ ਮਿਲਦਾ ਹੈ। ਇਸੇ ਤਰ੍ਹਾਂ ਹੀ ਸਾਰੇ ਗੁਰੂ ਸਾਹਿਬਾਨ ਨੇ ਲੰਗਰ ਸੰਸਥਾ ਨੂੰ ਵਿਵਸਥਿਤ ਸਰੂਪ ਪ੍ਰਦਾਨ ਕੀਤਾ ਅਤੇ ਇਹ ਸੰਸਥਾ ਗੁਰੂ ਅਮਲ ਰਾਹੀਂ ਸਿੱਖ ਪੰਥ ਦਾ ਅਨਿੱਖੜਵਾਂ ਅੰਗ ਬਣ ਗਈ।

ਇਸਦੇ ਨਾਲ ਹੀ ਜਿਸ ਅਸਥਾਨ ਤੇ ਗੁਰੂ ਨਾਨਕ ਦੇਵ ਜੀ ਨੇ ਤੇਰਾਂ-ਤੇਰਾਂ ਤੋਲਿਆ, ਉਥੇ 'ਗੁਰਦੁਆਰਾ ਮਾਲ ਸਾਹਿਬ' ਬਣਿਆ ਹੋਇਆ ਹੈ। ਇਸ ਅਸਥਾਨ ਰਾਹੀਂ ਸਿੱਖ ਚੇਤਨਾ ਵਿਚ ਵੰਡ ਛਕਣ ਵਾਲਾ ਸਿਧਾਂਤ ਵਿਵਹਾਰਕ ਰੂਪ ਵਿਚ ਕਾਰਜਸ਼ੀਲ ਹੋ ਗਿਆ। ਜਿਥੇ ਗੁਰੂ ਅਰਜਨ ਦੇਵ ਜੀ ਨੇ 'ਸ੍ਰੀ ਆਦਿ ਗ੍ਰੰਥ ਸਾਹਿਬ' ਦਾ ਸੰਪਾਦਨ ਕੀਤਾ, ਉਥੇ 'ਗੁਰਦੁਆਰਾ ਰਾਮਸਰ ਸਾਹਿਬ, ਅੰਮ੍ਰਿਤਸਰ ਸੁਸ਼ੋਭਿਤ ਹੈ। ਜਿਸ

---

48 *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 967.

ਅਸਥਾਨ ਉਤੇ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਦੀ ਸਾਜਨਾ ਕੀਤੀ, ਉਥੇ 'ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ' ਸੁਸ਼ੋਭਿਤ ਹੈ। ਇਹ ਅਸਥਾਨ ਸਿੱਖ ਚੇਤਨਾ ਦਾ ਸਦੀਵੀ ਹਿੱਸਾ ਬਣੇ ਹੋਏ ਹਨ ਅਤੇ ਸਿੱਖਾਂ ਲਈ ਪੂਜਣਯੋਗ ਅਸਥਾਨ ਹਨ।

### 5.1.5 ਗੁਰੂ-ਮਹਿਲਾਂ (ਸੁਪਤਨੀਆਂ) ਨਾਲ ਸੰਬੰਧਿਤ ਅਸਥਾਨ

ਗੁਰੂ ਸਾਹਿਬਾਨ ਤੋਂ ਇਲਾਵਾ ਗੁਰੂ-ਮਹਿਲਾਂ (ਭਾਵ ਗੁਰੂ ਸਾਹਿਬਾਨ ਦੀਆਂ ਧਰਮ-ਪਤਨੀਆਂ) ਨਾਲ ਸੰਬੰਧਿਤ ਵੀ ਅਨੇਕਾਂ ਅਸਥਾਨ ਬਣੇ ਹੋਏ ਹਨ, ਜਿਵੇਂ ; ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਮਹਿਲ ਮਾਤਾ ਗੁਜਰੀ ਜੀ ਦੀ ਯਾਦ ਵਿਚ 'ਗੁਰਦੁਆਰਾ ਕੁੰਮਾ ਮਾਛਕੀ ਦੀ ਛੰਨ ਸਾਹਿਬ, ਪਿੰਡ ਚੱਕ ਢੇਰਾ (ਰੂਪਨਗਰ), ''ਗੁਰਦੁਆਰਾ ਕੋਤਵਾਲੀ ਸਾਹਿਬ, ਮੋਰਿੰਡਾ', 'ਗੁਰਦੁਆਰਾ ਠੰਢਾ ਬੁਰਜ' ਤੇ 'ਗੁਰਦੁਆਰਾ ਜੋਤੀ ਸਰੂਪ ਸਾਹਿਬ, ਫ਼ਤਹਿਗੜ੍ਹ ਸਾਹਿਬ', ਗੁਰੂ ਗੋਬਿੰਦ ਸਿੰਘ ਜੀ ਦੇ ਮਹਿਲ ਮਾਤਾ ਸੁੰਦਰੀ ਜੀ ਨਾਲ ਸੰਬੰਧਿਤ ਗੁਰਦੁਆਰੇ 'ਗੁਰਦੁਆਰਾ ਮਾਤਾ ਸੁੰਦਰੀ ਜੀ, ਬਜਵਾੜਾ', 'ਗੁਰਦੁਆਰਾ ਮਾਤਾ ਸੁੰਦਰੀ ਜੀ, ਸੋਹਾਣਾ, ਮੁਹਾਲੀ' ਅਤੇ 'ਗੁਰਦੁਆਰਾ ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਦੇਵਾਂ ਜੀ ਦਾ ਸਾਂਝਾ ਗੁਰਦੁਆਰਾ, ਤਲਵੰਡੀ ਸਾਬੋ' ਵਿਖੇ ਬਣਿਆ ਹੋਇਆ ਹੈ। ਇਸ ਤੋਂ ਇਲਾਵਾ ਮਾਤਾ ਸਾਹਿਬ ਦੇਵਾਂ ਜੀ ਨਾਲ ਸੰਬੰਧਿਤ ਅਸਥਾਨ 'ਗੁਰਦੁਆਰਾ ਮਾਤਾ ਸਾਹਿਬ ਦੇਵਾਂ ਜੀ, ਨਾਂਦੇੜ' ਵਿਖੇ ਵੀ ਸੁਸ਼ੋਭਿਤ ਹੈ।

### 5.1.6 ਗੁਰੂ ਪੁੱਤਰਾਂ ਅਤੇ ਪੁੱਤਰੀਆਂ ਨਾਲ ਸੰਬੰਧਿਤ ਅਸਥਾਨ

ਉਹ ਸਿੱਖ ਧਾਰਮਿਕ ਅਸਥਾਨ ਵੀ ਸਿੱਖਾਂ ਲਈ ਪੂਜਣਯੋਗ ਹਨ, ਜਿਹੜੇ ਗੁਰੂ ਸਾਹਿਬਾਨ ਦੇ ਪੁੱਤਰਾਂ ਅਤੇ ਪੁੱਤਰੀਆਂ ਨਾਲ ਸੰਬੰਧਿਤ ਹਨ। ਇਹਨਾਂ ਅਸਥਾਨਾਂ ਵਿਚ ਬਾਬਾ ਸ੍ਰੀਚੰਦ ਜੀ ਨਾਲ ਸੰਬੰਧਿਤ 'ਬਾਰਠ ਸਾਹਿਬ, ਦੀਨਾਨਗਰ (ਗੁਰਦਾਸਪੁਰ)' ਤੇ 'ਕੀਰਤਪੁਰ ਸਾਹਿਬ, (ਰੂਪਨਗਰ)', 'ਬਾਬਾ ਮੋਹਨ ਜੀ ਨਾਲ ਸੰਬੰਧਿਤ ਅਸਥਾਨ, ਗੋਇੰਦਵਾਲ ਸਾਹਿਬ' ,ਗੁਰੂ ਹਰਿਗੋਬਿੰਦ ਜੀ ਦੇ ਸਪੁੱਤਰਾਂ ਬਾਬਾ ਅਟੱਲ ਰਾਇ ਜੀ ਦਾ 'ਗੁਰਦੁਆਰਾ ਬਾਬਾ ਅਟੱਲ ਰਾਏ ਸਾਹਿਬ ਜੀ, ਸ੍ਰੀ ਅੰਮ੍ਰਿਤਸਰ', ਬਾਬਾ ਗੁਰਦਿੱਤਾ ਜੀ ਦੇ ਦੇਹੁਰੇ ਵਾਲੇ ਅਸਥਾਨ ਉਤੇ 'ਗੁਰਦੁਆਰਾ ਬਾਬਾ ਗੁਰਦਿੱਤਾ ਜੀ, ਕੀਰਤਪੁਰ ਸਾਹਿਬ' ਅਤੇ ਸਪੁੱਤਰੀ ਬੀਬੀ ਵੀਰੋ ਜੀ ਨਾਲ ਸੰਬੰਧਿਤ ਅਸਥਾਨ 'ਝਬਾਲ' ਵਿਚ ਹੈ। ਇਸ ਦੇ ਨਾਲ ਹੀ ਗੁਰੂ ਗੋਬਿੰਦ ਸਿੰਘ ਜੀ ਦੇ

ਚਾਰ ਸਪੁੱਤਰਾਂ ਦੇ ਸ਼ਹੀਦੀ ਅਸਥਾਨਾਂ ਉਤੇ ਵੀ ਗੁਰਦੁਆਰੇ ਬਣੇ ਹੋਏ ਹਨ, ਜਿਵੇਂ ; ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਦਾ ਸ਼ਹੀਦੀ ਅਸਥਾਨ 'ਗੁਰਦੁਆਰਾ ਕਤਲਗੜ੍ਹ ਸਾਹਿਬ, ਚਮਕੌਰ ਸਾਹਿਬ' ਅਤੇ ਛੋਟੇ ਸਾਹਿਬਜ਼ਾਦਿਆਂ ਬਾਬਾ ਜੋਰਾਵਰ ਸਿੰਘ ਤੇ ਬਾਬਾ ਫ਼ਤਿਹ ਸਿੰਘ ਦੇ ਸ਼ਹੀਦੀ ਅਸਥਾਨ ਉਤੇ 'ਗੁਰਦੁਆਰਾ ਫ਼ਤਿਹਗੜ੍ਹ ਸਾਹਿਬ' ਤੇ 'ਗੁਰਦੁਆਰਾ ਜੋਤੀ ਸਰੂਪ ਸਾਹਿਬ, ਫ਼ਤਿਹਗੜ੍ਹ ਸਾਹਿਬ' ਵਿਖੇ ਬਣੇ ਹੋਏ ਹਨ।

### 5.1.7 ਗੁਰੂ ਸਾਹਿਬਾਨ ਦੀਆਂ ਨਿਸ਼ਾਨੀਆਂ ਨਾਲ ਸੰਬੰਧਿਤ ਅਸਥਾਨ

ਇਸ ਲਈ ਗੁਰੂ ਸਾਹਿਬਾਨ ਦੀ ਹਰ ਨਿਸ਼ਾਨੀ ਸਿੱਖਾਂ ਲਈ ਬਹੁਤ ਸਤਿਕਾਰਯੋਗ ਹੈ। ਇਸ ਲਈ ਗੁਰੂ ਸਾਹਿਬਾਨ ਦੀਆਂ ਨਿਸ਼ਾਨੀਆਂ ਨਾਲ ਸੰਬੰਧਿਤ ਵੀ ਧਾਰਮਿਕ ਅਸਥਾਨ ਬਣੇ ਹੋਏ ਹਨ, ਜਿਵੇਂ ਗੁਰੂ ਨਾਨਕ ਦੇਵ ਜੀ ਜਿਹਨਾਂ ਵੱਟਿਆਂ ਨਾਲ ਤੇਰਾਂ-ਤੇਰਾਂ ਤੋਲਿਆ ਕਰਦੇ ਸਨ, ਉਹ 'ਗੁਰਦੁਆਰਾ ਮਾਲ ਸਾਹਿਬ, ਸੁਲਤਾਨਪੁਰ ਲੋਧੀ', ਗੁਰੂ ਗੋਬਿੰਦ ਸਿੰਘ ਜੀ ਨਾਲ ਸਬੰਧਿਤ 'ਗੁਰਦੁਆਰਾ ਸਿਹਰਾ ਸਾਹਿਬ (ਗੁਰੂ ਕੀ ਲਾਹੌਰ)', ਗੁਰਦੁਆਰਾ ਜੋੜਾ ਸਾਹਿਬ (ਕੁਰੂਕੁਸ਼ੇਤਰ, ਹਰਿਆਣਾ) ਆਦਿ।

### 5.1.8 ਗੁਰੂ ਜੀ ਦੇ ਸ਼ਸਤਰਾਂ ਨਾਲ ਸੰਬੰਧਿਤ ਅਸਥਾਨ

ਸਿੱਖ ਧਰਮ ਵਿਚ ਸ਼ਸ਼ਤਰਾਂ ਦਾ ਵੀ ਬਹੁਤ ਮਹੱਤਵਪੂਰਨ ਸਥਾਨ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਇਹਨਾਂ ਦੀ ਉਪਮਾ ਪੀਰ ਕਹਿ ਕੇ ਵੀ ਕੀਤੀ ਹੈ। ਇਸ ਲਈ ਗੁਰੂ ਜੀ ਦੇ ਸ਼ਸ਼ਤਰਾਂ ਨਾਲ ਸੰਬੰਧਿਤ ਵੀ ਕਈ ਧਾਰਮਿਕ ਅਸਥਾਨ ਬਣੇ ਹੋਏ ਹਨ, ਜਿਵੇਂ ਕਿ ਗੁਰਦੁਆਰਾ ਤੀਰ ਸਾਹਿਬ (ਕੀਰਤਪੁਰ ਸਾਹਿਬ), ਗੁਰਦੁਆਰਾ ਕਿਰਪਾਨ ਭੇਟ ਸਾਹਿਬ (ਮਾਛੀਵਾੜਾ), ਆਦਿ।

### 5.1.9 ਗੁਰੂ ਸਾਹਿਬ ਨਾਲ ਸੰਬੰਧਿਤ ਜਾਨਵਰਾਂ/ ਪੰਛੀਆਂ ਦੇ ਨਾਂ 'ਤੇ ਸਥਾਪਿਤ ਅਸਥਾਨ

ਗੁਰੂ ਸਾਹਿਬ ਨਾਲ ਸੰਬੰਧਿਤ ਜਾਨਵਰਾਂ/ਪੰਛੀਆਂ ਦੇ ਵੀ ਗੁਰਦੁਆਰੇ ਬਣੇ ਹੋਏ ਹਨ। ਇਹਨਾਂ ਵਿਚ ਉਹ ਗੁਰਦੁਆਰੇ ਸ਼ਾਮਿਲ ਹਨ ਜਿਹੜੇ ਗੁਰੂ ਸਾਹਿਬਾਨ ਦੇ ਜਾਨਵਰਾਂ/ਪੰਛੀਆਂ ਨਾਲ ਸੰਬੰਧਿਤ ਹਨ ਜਾਂ ਉਹ ਥਾਵਾਂ ਜਿਥੇ ਗੁਰੂ ਜੀ ਨੇ ਸ਼ਿਕਾਰ ਕਰਕੇ ਜਾਨਵਰਾਂ ਨੂੰ ਮੁਕਤ ਕੀਤਾ। ਇਹਨਾਂ ਵਿਚ ਜਿਸ ਅਸਥਾਨ ਉਤੇ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਦਾ ਘੋੜਾ ਚਲਾਣਾ ਕਰ ਗਿਆ ਸੀ, ਉਸ

ਅਸਥਾਨ ਉਤੇ 'ਗੁਰਦੁਆਰਾ ਸੁਹੇਲਾ ਘੋੜਾ ਸਾਹਿਬ' (ਜ਼ਿਲ੍ਹਾ ਰੂਪਨਗਰ), ਗੁਰਦੁਆਰਾ ਤਿੱਤਰਸਰ ਸਾਹਿਬ (ਜ਼ਿਲ੍ਹਾ ਬਠਿੰਡਾ), ਗੁਰਦੁਆਰਾ ਸ਼ੇਰਗਾਹ ਸਾਹਿਬ (ਭੰਗਾਣੀ ਸਾਹਿਬ) ਆਦਿ ਬਣੇ ਹੋਏ ਹੈ।

### 5.1.10 ਪਵਿੱਤਰ ਦਰੱਖਤਾਂ ਦੇ ਨਾਮ ਤੇ ਬਣੇ ਹੋਏ ਅਸਥਾਨ

ਸਿੱਖ ਧਰਮ ਵਿਚ ਅਨੇਕਾਂ ਗੁਰਦੁਆਰੇ ਅਜਿਹੇ ਵੀ ਹਨ ਜੋ ਕਿ ਦਰੱਖਤਾਂ ਦੇ ਨਾਂ ਤੇ ਬਣੇ ਹੋਏ ਹਨ। ਇਹਨਾਂ ਅਸਥਾਨਾਂ ਅੰਦਰ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦਾ ਪ੍ਰਕਾਸ਼ ਕੀਤਾ ਹੁੰਦਾ ਹੈ ਅਤੇ ਪੂਰਨ ਗੁਰ ਮਰਿਆਦਾ ਅਨੁਸਾਰ ਸਾਰੇ ਕਾਰਜ ਨਿਭਾਏ ਜਾਂਦੇ ਹਨ। ਇਹ ਗੁਰਦੁਆਰੇ ਉਹ ਹਨ, ਜਿਹੜੇ ਗੁਰੂ ਸਾਹਿਬਾਨ ਨਾਲ ਸੰਬੰਧਿਤ ਦਰੱਖਤਾਂ ਦੇ ਨਾਂ ਤੇ ਬਣੇ ਹੋਏ ਹਨ; ਜਿਵੇਂ ਗੁਰਦੁਆਰਾ ਬੇਰ ਸਾਹਿਬ (ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ), ਗੁਰਦੁਆਰਾ ਪਿਪਲੀ ਸਾਹਿਬ (ਜ਼ਿਲ੍ਹਾ ਅੰਮ੍ਰਿਤਸਰ), ਗੁਰਦੁਆਰਾ ਅੰਬ ਸਾਹਿਬ (ਮੁਹਾਲੀ), ਗੁਰਦੁਆਰਾ ਨਿੰਮ ਸਾਹਿਬ (ਜ਼ਿਲ੍ਹਾ ਪਟਿਆਲਾ), ਗੁਰਦੁਆਰਾ ਜੰਡ ਸਾਹਿਬ (ਜ਼ਿਲ੍ਹਾ ਰੂਪਨਗਰ), ਗੁਰਦੁਆਰਾ ਟਾਹਲੀਆਣਾ ਸਾਹਿਬ (ਰਾਏਕੋਟ), ਗੁਰਦੁਆਰਾ ਝਾੜ ਸਾਹਿਬ (ਜ਼ਿਲ੍ਹਾ ਲੁਧਿਆਣਾ), ਆਦਿ। ਇਹਨਾਂ ਤੋਂ ਇਲਾਵਾ 'ਗੁਰਦੁਆਰਾ ਗੁਰੂ ਕਾ ਬਾਗ' ਵੀ ਕਈ ਥਾਵਾਂ (ਸੁਲਤਾਨਪੁਰ ਲੋਧੀ ; ਘੁਕੇਵਾਲੀ, ਜ਼ਿਲ੍ਹਾ ਅੰਮ੍ਰਿਤਸਰ ਆਦਿ) 'ਤੇ ਸੁਸ਼ੋਭਿਤ ਹਨ।

### 5.1.11 ਗੁਰਸਿੱਖਾਂ ਨਾਲ ਸੰਬੰਧਿਤ ਅਸਥਾਨ

ਜਿਹੜੇ ਗੁਰਸਿੱਖਾਂ ਨੇ ਗੁਰੂ ਸਾਹਿਬਾਨ ਦੇ ਦਰਸਾਏ ਮਾਰਗ ਉਤੇ ਚਲਦਿਆਂ ਆਪਣਾ ਜੀਵਨ ਬਸਰ ਕੀਤਾ ਅਤੇ ਉਹ ਗੁਰਸਿੱਖ ਜਿਨਾਂ ਨੇ ਗੁਰੂ ਸਿਧਾਂਤਾਂ ਉਤੇ ਚਲਦਿਆਂ ਆਪਣਾ ਸੰਪੂਰਨ ਜੀਵਨ ਸਮਰਪਿਤ ਕਰ ਦਿੱਤਾ, ਉਹਨਾਂ ਨਾਲ ਸੰਬੰਧਿਤ ਗੁਰਦੁਆਰੇ ਬਣੇ ਹੋਏ ਹਨ; ਜਿਵੇਂ ਕਿ 'ਬਾਬਾ ਬੁੱਢਾ ਜੀ ਨਾਲ ਸੰਬੰਧਿਤ ਅਸਥਾਨ (ਕੱਥੂਨੰਗਲ, ਬੀੜ ਬਾਬਾ ਬੁੱਢਾ ਜੀ, ਰਮਦਾਸ, ਬੇਰੀ ਬਾਬਾ ਬੁੱਢਾ ਜੀ, ਅੰਮ੍ਰਿਤਸਰ)' ,ਭਾਈ ਮੰਝ ਜੀ ਨਾਲ ਸੰਬੰਧਿਤ ਅਸਥਾਨ 'ਕੰਗ ਮਾਈ (ਹੁਸ਼ਿਆਰਪੁਰ), ਸ੍ਰੀ ਹਰਿਗੋਬਿੰਦਪੁਰ ਦੇ ਨੇੜੇ', ਭਾਈ ਸਾਲੋ ਦੀ ਯਾਦ ਨਾਲ ਸੰਬੰਧਿਤ 'ਗੁਰਦੁਆਰਾ ਟੋਭਾ ਭਾਈ ਸਾਲੋ ਜੀ, (ਅੰਮ੍ਰਿਤਸਰ ਸਾਹਿਬ)', ਆਦਿ।

### 5.1.12 ਸਿੱਖ ਸ਼ਹੀਦਾਂ ਨਾਲ ਸੰਬੰਧਿਤ ਅਸਥਾਨ

ਸਿੱਖ ਧਰਮ ਵਿਚ ਅਨੇਕਾਂ ਅਜਿਹੇ ਸੂਰਬੀਰ-ਯੋਧੇ ਹੋਏ ਹਨ, ਜਿਹਨਾਂ ਨੇ ਗੁਰੂ ਸਾਹਿਬਾਨ ਦੇ

ਬਚਨਾਂ ਉਤੇ ਚਲਦਿਆਂ ਆਪਣੇ ਜੀਵਨ ਵੀ ਕੁਰਬਾਨ ਕਰ ਦਿਤੇ, ਉਹਨਾਂ ਸ਼ਹੀਦਾਂ ਦੇ ਅਸਥਾਨਾਂ ਉਤੇ ਗੁਰਦੁਆਰੇ/ਯਾਦਗਾਰਾਂ ਆਦਿ ਸੁਸ਼ੋਭਿਤ ਹਨ, ਸੰਗਤਾਂ ਉਹਨਾਂ ਅਸਥਾਨਾਂ ਉਤੇ ਸ਼ਰਧਾ ਨਾਲ ਨਤਮਸਤਕ ਹੋਣ ਲਈ ਜਾਂਦੀਆਂ ਹਨ, ਜਿਵੇਂ ; ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਨਾਲ ਸੰਬੰਧਿਤ ਅਸਥਾਨ 'ਚਾਂਦਨੀ ਚੌਂਕ, ਦਿੱਲੀ', ਸ਼ਹੀਦ ਬਾਬਾ ਦੀਪ ਸਿੰਘ ਜੀ ਨਾਲ ਸੰਬੰਧਿਤ 'ਗੁਰਦੁਆਰਾ ਸ਼ਹੀਦ ਗੰਜ ਸਾਹਿਬ, ਅੰਮ੍ਰਿਤਸਰ', ਭਾਈ ਬਚਿੱਤਰ ਸਿੰਘ ਜੀ ਦਾ ਅਸਥਾਨ 'ਗੁਰਦੁਆਰਾ ਭਾਈ ਬਚਿੱਤਰ ਸਿੰਘ, ਕੋਟਲਾ ਨਿਹੰਗ, (ਜ਼ਿਲ੍ਹਾ ਰੂਪਨਗਰ)', ਸ਼ਹੀਦ ਭਾਈ ਤਾਰੂ ਸਿੰਘ ਦਾ ਸ਼ਹੀਦੀ ਅਸਥਾਨ 'ਗੁਰਦੁਆਰਾ ਸ਼ਹੀਦ ਭਾਈ ਤਾਰੂ ਸਿੰਘ, ਪਿੰਡ ਧੁਨ (ਜ਼ਿਲ੍ਹਾ ਤਰਨਤਾਰਨ), ਬਾਬਾ ਬੋਤਾ ਸਿੰਘ ਤੇ ਬਾਬਾ ਗਰਜਾ ਸਿੰਘ ਦਾ ਅਸਥਾਨ (ਜ਼ਿਲ੍ਹਾ ਤਰਨਤਾਰਨ) ਆਦਿ। ਇਸ ਦੇ ਨਾਲ ਹੀ ਚਮਕੌਰ ਸਾਹਿਬ ਦੀ ਜੰਗ ਵਿਚ ਸ਼ਹੀਦ ਹੋਣ ਵਾਲੇ ਸਿੰਘਾਂ ਦਾ ਸ਼ਹੀਦੀ ਅਸਥਾਨ 'ਗੁਰਦੁਆਰਾ ਕਤਲਗੜ੍ਹ ਸਾਹਿਬ', ਚਾਲੀ ਮੁਕਤਿਆਂ ਦਾ ਸ਼ਹੀਦੀ ਅਸਥਾਨ 'ਮੁਕਤਸਰ ਸਾਹਿਬ', 'ਗੁਰਦੁਆਰਾ ਸੀਸਗੰਜ ਸਾਹਿਬ (ਫ਼ਤਹਿਗੜ੍ਹ ਸਾਹਿਬ)' ਬਾਬਾ ਬੰਦਾ ਸਿੰਘ ਬਹਾਦਰ, ਕੋਤਵਾਲੀ ਦਿੱਲੀ', ਛੋਟੇ ਘੱਲੂਘਾਰੇ ਵਾਲਾ ਅਸਥਾਨ 'ਕਾਹਨੂੰਵਾਨ (ਜ਼ਿਲ੍ਹਾ ਗੁਰਦਾਸਪੁਰ)' ਅਤੇ ਵੱਡੇ ਘੱਲੂਘਾਰੇ ਵਾਲਾ ਸ਼ਹੀਦੀ ਅਸਥਾਨ 'ਕੁੱਪ ਰੋਹੀੜਾ' ਆਦਿ।

### 5.1.13 ਭਗਤ ਸਾਹਿਬਾਨ ਨਾਲ ਸੰਬੰਧਿਤ ਅਸਥਾਨ

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰ ਭਗਤ ਸਾਹਿਬਾਨ ਨਾਲ ਸੰਬੰਧਿਤ ਅਸਥਾਨਾਂ ਨਾਲ ਵੀ ਸਿੱਖ ਪੰਥ ਦਾ ਇਕ ਡੂੰਘਾ ਰਿਸ਼ਤਾ ਹੈ। ਪੰਜਾਬ ਵਿਚ ਭਗਤ ਸਾਹਿਬਾਨ ਨਾਲ ਸੰਬੰਧਿਤ ਕੁਝ ਅਸਥਾਨ ਪ੍ਰਾਪਤ ਹੁੰਦੇ ਹਨ, ਜਿਥੇ ਮੌਜੂਦਾ ਸਮੇਂ ਗੁਰਦੁਆਰਾ ਸਾਹਿਬ ਸੁਸ਼ੋਭਿਤ ਹਨ ਅਤੇ ਪੰਜਾਬ ਤੋਂ ਬਾਹਰ ਕੁਝ ਭਗਤ ਸਾਹਿਬਾਨ ਦੇ ਅਸਥਾਨ ਜਿਹੜੇ ਕਿ ਮੰਦਿਰਾਂ ਦੇ ਰੂਪ ਵਿਚ ਹਨ, ਉਥੇ ਵੀ ਸਿੱਖ ਸੰਗਤਾਂ ਸ਼ਰਧਾ ਵਜੋਂ ਜਾਂਦੀਆਂ ਹਨ। ਸਿੱਖਾਂ ਦਾ ਉਹਨਾਂ ਅਸਥਾਨਾਂ ਤੇ ਜਾਣ ਦਾ ਪ੍ਰਮੁਖ ਕਾਰਨ ਇਹ ਹੈ ਕਿ ਭਗਤ ਸਾਹਿਬਾਨ ਨੂੰ ਆਪਣੀ ਅਕੀਦਤ ਭੇਟ ਕੀਤੀ ਜਾ ਸਕੇ, ਜਿਵੇਂ ਭਗਤ ਨਾਮਦੇਵ ਜੀ ਦਾ ਜਨਮ ਅਸਥਾਨ ਨਰਸੀ ਵਾਮਨੀ (ਹੁਣ ਨਰਸੀ ਨਾਮਦੇਵ, ਮਹਾਂਰਾਸਟਰ), ਭਗਤ ਕਬੀਰ ਜੀ ਦਾ ਜਨਮ, ਪਾਲਣ ਪੋਸ਼ਣ ਅਸਥਾਨ ਬਨਾਰਸ ਅਤੇ ਦੇਹਾਂਤ ਸਥਾਨ ਮਗਹਰ (ਉਤਰ ਪ੍ਰਦੇਸ਼) ਆਦਿ।

ਪੰਜਾਬ ਵਿਚ ਭਗਤ ਸਾਹਿਬਾਨ ਨਾਲ ਸੰਬੰਧਿਤ ਕਈ ਅਸਥਾਨ ਗੁਰਦੁਆਰੇ ਵਜੋਂ ਸਥਾਪਿਤ ਹੋ ਚੁੱਕੇ ਹਨ, ਜਿਹਨਾਂ ਵਿਚ ਭਗਤ ਨਾਮਦੇਵ ਜੀ ਨਾਲ ਸੰਬੰਧਿਤ ਕਈ ਗੁਰਦੁਆਰਾ ਸਾਹਿਬਾਨ, ਪਿੰਡ ਘੁਮਾਣ (ਗੁਰਦਾਸਪੁਰ), ਭਗਤ ਸੈਣ ਜੀ ਨਾਲ ਸੰਬੰਧਿਤ ਅਸਥਾਨ ਪਿੰਡ ਪਰਤਾਬਪੁਰਾ (ਨੇੜੇ ਫਿਲੌਰ) ਅਤੇ ਪਿੰਡ ਸੋਹਲ ਠੱਠੀ (ਜ਼ਿਲ੍ਹਾ ਤਰਨਤਾਰਨ), ਬਾਬਾ ਫ਼ਰੀਦ ਜੀ ਦਾ ਅਸਥਾਨ 'ਫਰੀਦਕੋਟ' ਵਿਚ ਬਣੇ ਹੋਏ ਹਨ। ਭਗਤ ਰਵਿਦਾਸ ਜੀ ਦੇ ਅਨੁਯਾਈਆਂ ਵੱਲੋਂ ਵੀ ਪੰਜਾਬ ਦੇ ਪਿੰਡਾਂ-ਸ਼ਹਿਰਾਂ ਵਿਚ ਉਹਨਾਂ ਦੀ ਯਾਦ ਨਾਲ ਸੰਬੰਧਿਤ ਗੁਰਦਆਰਾ ਸਾਹਿਬਾਨ ਬਣਾਏ ਹੋਏ ਹਨ।

ਪੰਜਾਬ ਤੋਂ ਬਾਹਰ ਉਤਰ ਪ੍ਰਦੇਸ਼ ਵਿਚ ਭਗਤ ਕਬੀਰ ਜੀ ਨਾਲ ਸੰਬੰਧਿਤ 'ਗੁਰਦੁਆਰਾ ਭਗਤ ਕਬੀਰ ਜੀ, ਮਗਹਰ (ਜ਼ਿਲ੍ਹਾ ਸੰਤ ਕਬੀਰ ਨਗਰ, ਉੱਤਰ ਪ੍ਰਦੇਸ਼), ਭਗਤ ਧੰਨਾ ਜੀ ਨਾਲ ਸੰਬੰਧਿਤ 'ਗੁਰਦੁਆਰਾ ਭਗਤ ਧੰਨਾ ਜੀ, ਪਿੰਡ ਧੁਆਂ (ਜ਼ਿਲ੍ਹਾ ਟਾਂਕ, ਰਾਜਸਥਾਨ) ਵਿਚ ਸੁਸ਼ੋਭਿਤ ਹਨ।

### 5.1.14 ਮੁਸਲਮਾਨ ਤੇ ਹਿੰਦੂ ਸ਼ਰਧਾਲੂਆਂ ਨਾਲ ਸੰਬੰਧਿਤ ਅਸਥਾਨ

ਸਿੱਖ ਗੁਰੂ ਸਾਹਿਬਾਨ ਦੇ ਅਨੇਕਾਂ ਮੁਸਲਮਾਨ ਅਤੇ ਹਿੰਦੂ ਸ਼ਰਧਾਲੂ ਵੀ ਹੋਏ ਹਨ, ਜਿਹੜੇ ਕਿ ਗੁਰੂ ਸਾਹਿਬਾਨ ਨੂੰ ਬਹੁਤ ਪਿਆਰ-ਸਤਿਕਾਰ ਦਿੰਦੇ ਸਨ। ਉਹ ਗੁਰੂ ਜੀ ਦੀ ਖਾਤਿਰ ਆਪਣੇ ਪ੍ਰਾਣ ਨਿਛਾਵਰ ਕਰਨ ਲਈ ਵੀ ਤਿਆਰ ਰਹਿੰਦੇ ਸਨ। ਇਹਨਾਂ ਸ਼ਰਧਾਲੂਆਂ ਵਿਚ ਗੁਰੂ ਅਰਜਨ ਦੇਵ ਜੀ ਨੂੰ ਘੋੜਾ ਭੇਟ ਕਰਨ ਵਾਲੇ 'ਪੀਰ ਰੌਸ਼ਨ ਵਲੀ' ਦਾ ਅਸਥਾਨ 'ਗੁਰਦੁਆਰਾ ਮੌ ਸਾਹਿਬ' ਦੀ ਹਦੂਦ ਵਿਚ ਹੈ। 'ਗੁਰਦੁਆਰਾ ਨਾਭਾ ਸਾਹਿਬ, ਜੀਰਕਪੁਰ' ਦੀ ਹਦੂਦ ਵਿਚ ਉਸ ਪੀਰ (ਦਰਗਾਹੀ ਸ਼ਾਹ ਜੀ) ਦਾ ਅਸਥਾਨ ਬਣਿਆ ਹੋਇਆ ਹੈ, ਜਿਸਨੇ ਗੁਰੂ ਤੇਗ ਬਹਾਦਰ ਜੀ ਦਾ ਸੀਸ ਲਿਆਉਣ ਵਾਲੇ ਭਾਈ ਜੈਤਾ ਜੀ ਨੂੰ ਵਿਸ਼ਰਾਮ ਕਰਨ ਲਈ ਥਾਂ ਦਿੱਤੀ ਅਤੇ ਆਪ ਗੁਰੂ ਜੀ ਦੇ ਪਵਿੱਤਰ ਸੀਸ ਦੀ ਰਾਤ ਭਰ ਦੇਖਭਾਲ ਕੀਤੀ। ਇਸਦੇ ਨਾਲ ਹੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਰਧਾਲੂ 'ਭਾਈ ਨਬੀ ਖਾਂ' ਅਤੇ 'ਭਾਈ ਗਨੀ ਖਾਂ' ਨਾਲ ਸੰਬੰਧਿਤ 'ਗੁਰਦੁਆਰਾ ਗਨੀ ਖਾਂ ਅਤੇ ਨਬੀ ਖਾਂ ਸਾਹਿਬ, ਮਾਛੀਵਾੜਾ' ਵਿਖੇ ਬਣਿਆ ਹੋਇਆ ਹੈ। ਪੀਰ ਬੁੱਧੂ ਸ਼ਾਹ ਦੀ ਯਾਦ ਵਿਚ 'ਗੁਰਦੁਆਰਾ ਸ੍ਰੀ ਜਨਮ ਅਸਥਾਨ ਪੀਰ ਬੁੱਧੂ ਸ਼ਾਹ ਜੀ, ਸਢੌਰਾ (ਜ਼ਿਲ੍ਹਾ ਯਮੁਨਾਨਗਰ, ਹਰਿਆਣਾ)' ਵਿਖੇ ਸਿੱਖ ਸੰਗਤਾਂ ਦੁਆਰਾ ਬਣਾਇਆ ਹੋਇਆ ਹੈ। ਇਸਦੇ ਨਾਲ ਹੀ ਮੋਤੀ

ਰਾਮ ਮਹਿਰੇ ਨਾਲ ਸੰਬੰਧਿਤ ਅਸਥਾਨ 'ਗੁਰਦੁਆਰਾ ਮੋਤੀ ਰਾਮ ਮਹਿਰਾ, ਫ਼ਤਹਿਗੜ੍ਹ ਸਾਹਿਬ', ਦੀਵਾਨ ਟੋਡਰ ਮੱਲ ਜੀ ਨਾਲ ਸੰਬੰਧਿਤ ਗੁਰਦੁਆਰਾ ਉਹਨਾਂ ਦੇ ਜਨਮ ਅਸਥਾਨ ਪਿੰਡ ਕਾਕੜਾ (ਜ਼ਿਲ੍ਹਾ ਸੰਗਰੂਰ) ਵਿਚ ਬਣਿਆ ਹੋਇਆ ਹੈ।

### 5.1.15 ਸਿੰਘ ਸਭਾ ਅਤੇ ਸਥਾਨਕ ਸੰਗਤਾਂ ਵੱਲੋਂ ਸਥਾਪਿਤ ਅਸਥਾਨ

ਜੇਕਰ ਕਿਸੇ ਸਥਾਨ ਉਤੇ ਇਤਿਹਾਸਕ ਗੁਰਦੁਆਰਾ ਨਹੀਂ ਬਣਿਆ ਹੋਇਆ ਪਰ ਉਥੇ ਸਿੱਖ ਸੰਗਤਾਂ ਵਸਦੀਆਂ ਹਨ, ਉਥੇ ਉਹਨਾਂ ਨੇ ਧਾਰਮਿਕ ਅਤੇ ਅਧਿਆਤਮਕ ਕਾਰਜਾਂ ਲਈ 'ਸਿੰਘ ਸਭਾ ਗੁਰਦੁਆਰੇ' ਸਥਾਪਿਤ ਕੀਤੇ ਹੋਏ ਹਨ। ਮੌਜੂਦਾ ਸਮੇਂ ਵਿਚ ਹਰ ਇਕ ਕਸਬੇ ਅਤੇ ਸ਼ਹਿਰ ਦੀ ਕਲੋਨੀ ਵਿਚ ਸੰਗਤਾਂ ਵੱਲੋਂ ਗੁਰਦੁਆਰੇ ਬਣਾਏ ਗਏ ਹਨ। ਇਹਨਾਂ ਨੂੰ ਸਿੰਘ ਸਭਾ ਗੁਰਦੁਆਰੇ ਦੀ ਸੰਗਿਆ ਅਧੀਨ ਰੱਖਿਆ ਗਿਆ ਹੈ, ਇੱਥੇ ਸਾਰੇ ਕਾਰਜ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪਰਵਾਨਿਤ ਸਿੱਖ ਰਹਿਤ ਮਰਿਆਦਾ ਅਨੁਸਾਰ ਕੀਤੇ ਜਾਂਦੇ ਹਨ।

## 5.2 ਗੁਰਦੁਆਰੇ ਦਾ ਸਰੂਪ : ਅਨੁਭਵ ਅਤੇ ਵਿਵਹਾਰਕ

ਉਪਰੋਕਤ ਤੋਂ ਇਲਾਵਾ ਗੁਰਬਾਣੀ ਅਤੇ ਵਾਰਾਂ ਭਾਈ ਗੁਰਦਾਸ ਵਿਚ ਗੁਰਦੁਆਰੇ ਦੇ ਸਰੂਪ ਨੂੰ ਅਨੁਭਵ ਅਤੇ ਵਿਵਹਾਰਕ ਪੱਖ ਅਨੁਸਾਰ ਵੀ ਦ੍ਰਿਸ਼ਟੀਗੋਚਰ ਕੀਤਾ ਗਿਆ ਹੈ। ਇਸ ਤਰ੍ਹਾਂ ਗੁਰਦੁਆਰੇ ਦਾ ਅਧਿਐਨ ਦੋ ਰੂਪਾਂ, ਸਰੀਰ ਰੂਪੀ ਹਰਿਮੰਦਿਰ ਅਤੇ ਘਰ ਰੂਪੀ ਧਰਮਸਾਲ ਦੇ ਰੂਪ ਵਿਚ ਵੀ ਕੀਤਾ ਜਾ ਸਕਦਾ ਹੈ ;

### 5.2.1 ਸਰੀਰ ਰੂਪੀ ਹਰਿਮੰਦਿਰ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਨੁੱਖੀ ਸਰੀਰ ਨੂੰ ਹਰਿਮੰਦਿਰ ਦੀ ਸੰਗਿਆ ਵੀ ਦਿੱਤੀ ਗਈ ਹੈ। ਗੁਰੂ ਦੀ ਕਿਰਪਾ ਨਾਲ ਹੀ ਮਨੁੱਖ ਨੂੰ ਸਰੀਰ ਰੂਪੀ ਹਰਿਮੰਦਿਰ ਵਿਚ ਹਰੀ/ਪਰਮਾਤਮਾ ਦੇ ਦਰਸ਼ਨ ਹੁੰਦੇ ਹਨ। ਡਾ. ਸ਼ੇਰ ਸਿੰਘ ਅਨੁਸਾਰ, "ਹਰ ਇਕ ਸਰੀਰ ਹਰੀਮੰਦਿਰ ਹੈ, ਜਿਸ ਵਿਚ ਹਰੀ ਨਿਵਾਸ ਕਰਦਾ ਹੈ। ਘਟ ਘਟ ਵਿਚ ਹਰ ਜੀ ਵੱਸ ਰਹੇ ਹਨ। ਸੁ ਘਰ ਦੇ ਗੁਰਦੁਆਰੇ ਤੋਂ ਅਸੀਂ ਆਪਣੇ ਅੰਦਰਲੇ ਗੁਰਦੁਆਰੇ ਵੱਲ

ਆਉਂਦੇ ਹਾਂ।"[49] ਇਸ ਸੰਬੰਧੀ ਗੁਰਬਾਣੀ ਦਾ ਫੁਰਮਾਨ ਹੈ :

*ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ।।*

*ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ।।* [50]

ਗੁਰਬਾਣੀ ਦਾ ਫੁਰਮਾਨ ਹੈ ਕਿ ਹਰਿਮੰਦਿਰ ਨੂੰ ਗੁਰੂ ਦੇ ਸ਼ਬਦ ਰਾਹੀਂ ਹੀ ਖੋਜਿਆ ਜਾ ਸਕਦਾ ਹੈ। ਮਨੁੱਖ ਆਪਣੇ ਮਨ ਨੂੰ ਗੁਰੂ ਦੇ ਸ਼ਬਦ ਵਿਚ ਰੰਗ ਲਵੇ, ਉਦੋਂ ਉਸਨੂੰ ਪਰਮਾਤਮਾ ਦੀ ਭਗਤੀ ਦਾ ਰੰਗ ਚੜ੍ਹ ਜਾਂਦਾ ਹੈ। ਜਿਸ ਦੇ ਭੀਤਰ ਸੱਚੀ ਭਗਤੀ ਹੈ, ਉਹੀ ਸਰੀਰ ਰੂਪ ਹਰਿਮੰਦਿਰ ਸਫਲਾ ਹੈ:

*ਗੁਰ ਪਰਸਾਦੀ ਵੇਖੁ ਤੂ ਹਰਿ ਮੰਦਰੁ ਤੇਰੈ ਨਾਲਿ ॥*

*ਹਰਿ ਮੰਦਰੁ ਸਬਦੇ ਖੋਜੀਐ ਹਰਿ ਨਾਮੋ ਲੇਹੁ ਸਮ੍ਹਾਲਿ ॥੧॥*

*ਮਨ ਮੇਰੇ ਸਬਦਿ ਰਪੈ ਰੰਗੁ ਹੋਇ ॥*

*ਸਚੀ ਭਗਤਿ ਸਚਾ ਹਰਿ ਮੰਦਰੁ ਪ੍ਰਗਟੀ ਸਾਚੀ ਸੋਇ ॥੧॥ ਰਹਾਉ ॥* [51]

ਇਹਨਾਂ ਤੁਕਾਂ ਵਿਚ ਹਰਿ ਮੰਦਿਰ ਬਾਰੇ ਦੱਸਿਆ ਗਿਆ ਹੈ ਕਿ ਮਨੁੱਖ ਦਾ ਸਰੀਰ ਹਰਿ ਮੰਦਿਰ ਹੈ ਕਿਉਂਕਿ ਇਸ ਵਿਚੋਂ ਹੀ ਗਿਆਨ ਆਦਿਕ ਰਤਨ ਪ੍ਰਗਟ ਹੁੰਦੇ ਹਨ। ਮਨੁੱਖੀ ਦੇਹ ਹਰਿਮੰਦਿਰ ਰੂਪ ਉਸ ਸਮੇਂ ਹੁੰਦੀ ਹੈ ਜਦੋਂ ਮਨੁੱਖ ਅਧਿਆਤਮਕ ਸਾਧਨਾ ਰਾਹੀਂ ਅੰਦਰਲੀ ਜੋਤ ਜਗਾ ਲੈਂਦਾ ਹੈ। ਆਪਣੇ ਮਨ ਦੇ ਪਿੱਛੇ ਲੱਗਣ ਵਾਲੇ ਮਨਮੁਖ ਇਸ ਨੂੰ ਨਹੀਂ ਜਾਣਦੇ, ਉਹ ਕਹਿੰਦੇ ਹਨ ਕਿ ਇਹ ਕਦਾਚਿਤ ਨਹੀਂ ਹੋ ਸਕਦਾ। ਇਹ ਮਨੁੱਖਾ ਸਰੀਰ ਰੂਪ ਹਰਿਮੰਦਿਰ ਪਰਮਾਤਮਾ ਨੇ ਆਪ ਸਾਜਿਆ ਹੈ ਅਤੇ ਆਪਣੇ ਹੁਕਮ ਨਾਲ ਹੀ ਸਵਾਰ ਕੇ ਰਖਿਆ ਹੈ। ਜੋ ਵੀ ਧੁਰ ਦਰਗਾਹ ਤੋਂ ਲਿਖਿਆ ਹੈ, ਮਨੁੱਖ ਨੇ ਉਹੋ ਹੀ ਕਰਮ ਕਮਾਉਣੇ ਹਨ, ਉਸ ਲਿਖਤ ਨੂੰ ਕੋਈ ਵੀ ਮੇਟ ਨਹੀਂ ਸਕਦਾ :

*ਹਰਿ ਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ ॥*

*ਮਨਮੁਖ ਮੂਲੁ ਨ ਜਾਣਨੀ ਮਾਣਸਿ ਹਰਿ ਮੰਦਰੁ ਨ ਹੋਇ ॥੨॥*

---

[49] ਸ਼ੇਰ ਸਿੰਘ (ਡਾ.), *ਵਿਚਾਰ ਮਾਲਾ,* ਲਾਹੌਰ ਬੁਕ ਸ਼ਾਪ, ਲੁਧਿਆਣਾ (ਮਿਤੀਹੀਣ), ਪੰਨਾ 116.

[50] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1427.

[51] ਉਹੀ, ਪੰਨਾ 1346.

*ਹਰਿ ਮੰਦਰੁ ਹਰਿ ਜੀਉ ਸਾਜਿਆ ਰਖਿਆ ਹੁਕਮਿ ਸਵਾਰਿ ॥*

*ਧੁਰਿ ਲੇਖੁ ਲਿਖਿਆ ਸੁ ਕਮਾਵਣਾ ਕੋਇ ਨ ਮੇਟਣਹਾਰੁ ॥੩॥* [52]

ਜਦੋਂ ਮਨੁੱਖ ਸੱਚੇ ਸ਼ਬਦ ਨੂੰ ਜਾਣ ਕੇ ਉਸ ਨਾਲ ਪਿਆਰ ਪਾਉਂਦਾ ਹੈ ਤਾਂ ਉਸਦਾ ਸਰੀਰ ਰੂਪ ਹਰਿਮੰਦਿਰ ਸੋਹਣਾ ਸੋਨੇ ਦੇ ਕਿਲ੍ਹੇ ਵਾਂਗ ਹੋ ਜਾਂਦਾ ਹੈ। ਇਸਦੇ ਨਾਲ ਹੀ ਇਸ ਜਗਤ ਨੂੰ ਵੀ ਹਰਿਮੰਦਿਰ ਦੀ ਸੰਗਿਆ ਦਿੱਤੀ ਗਈ ਹੈ ਕਿ ਇਹ ਸਾਰਾ ਸੰਸਾਰ ਵੀ ਹਰਿਮੰਦਿਰ ਰੂਪ ਭਾਵ ਪਰਮਾਤਮਾ ਦਾ ਨਿਵਾਸ ਅਸਥਾਨ ਹੈ। ਗੁਰੂ ਦੀ ਕਿਰਪਾ ਤੋਂ ਬਿਨ੍ਹਾਂ ਇਹ ਜਗਤ ਭੈਅਦਾਇਕ ਘੁੱਪ ਹਨੇਰਾ ਹੈ :

*ਸਬਦੁ ਚੀਨਿ੍ ਸੁਖੁ ਪਾਇਆ ਸਚੈ ਨਾਇ ਪਿਆਰ ॥*

*ਹਰਿ ਮੰਦਰੁ ਸਬਦੇ ਸੋਹਣਾ ਕੰਚਨੁ ਕੋਟੁ ਅਪਾਰ ॥੪॥*

*ਹਰਿ ਮੰਦਰੁ ਏਹੁ ਜਗਤੁ ਹੈ ਗੁਰ ਬਿਨੁ ਘੋਰੰਧਾਰ ॥*

*ਦੂਜਾ ਭਾਉ ਕਰਿ ਪੂਜਦੇ ਮਨਮੁਖ ਅੰਧ ਗਵਾਰ ॥੫॥* [53]

ਇਸ ਸਰੀਰ ਰੂਪ ਹਰਿਮੰਦਿਰ ਵਿਚ ਪਰਮਾਤਮਾ ਦੇ ਨਾਮ ਰੂਪੀ ਖਜਾਨਾ ਹੈ ਜਿਸਨੂੰ ਮੂਰਖ ਬੰਦੇ ਨਹੀਂ ਸਮਝ ਪਾਉਂਦੇ। ਜਿਹਨਾਂ ਨੇ ਗੁਰੂ ਦੀ ਕਿਰਪਾ ਨਾਲ ਇਹ ਗੱਲ ਜਾਣ ਲਈ ਹੈ, ਉਹਨਾਂ ਨੇ ਪਰਮਾਤਮਾ ਦਾ ਨਾਮ ਆਪਣੇ ਹਿਰਦੇ ਵਿਚ ਸਾਂਭ ਕੇ ਰੱਖ ਲਿਆ ਹੈ :

*ਹਰਿ ਮੰਦਰ ਮਹਿ ਨਾਮੁ ਨਿਧਾਨੁ ਹੈ ਨਾ ਬੂਝਹਿ ਮੁਗਧ ਗਵਾਰ ॥*

*ਗੁਰ ਪਰਸਾਦੀ ਚੀਨਿ੍ਆ ਹਰਿ ਰਾਖਿਆ ਉਰਿ ਧਾਰਿ ॥* [54]

ਇਹ ਮਨੁੱਖੀ ਸਰੀਰ ਰੂਪੀ ਹਰਿਮੰਦਿਰ ਪਰਮਾਤਮਾ ਦੇ ਨਾਮ ਦੀ ਹੱਟ ਹੈ ਗੁਰੂ ਦੇ ਸ਼ਬਦ ਨਾਲ ਇਸ ਨੂੰ ਸਵਾਰ ਕੇ ਰੱਖਿਆ ਹੈ। ਇਸ ਹਰਿਮੰਦਿਰ ਵਿਚ ਇਕੋ-ਇਕ ਸੌਦਾ ਪਰਮਾਤਮਾ ਦਾ ਨਾਮ ਹੈ, ਜਿਸ ਨਾਲ ਗੁਰਮੁਖ ਆਪਣੇ ਜੀਵਨ ਨੂੰ ਸਵਾਰ ਲੈਂਦੇ ਹਨ :

*ਹਰਿ ਮੰਦਰੁ ਹਰਿ ਕਾ ਹਾਟੁ ਹੈ ਰਖਿਆ ਸਬਦਿ ਸਵਾਰਿ ॥*

---

52 *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1346.

53 ਉਹੀ, ਪੰਨਾ 1346.

54 ਉਹੀ, ਪੰਨਾ 1346.

*ਤਿਸੁ ਵਿਚਿ ਸਉਦਾ ਏਕੁ ਨਾਮੁ ਗੁਰਮੁਖਿ ਲੈਨਿ ਸਵਾਰਿ ॥* [55]

ਇਸ ਸਰੀਰ ਰੂਪ ਹਰਿਮੰਦਿਰ ਵਿਚ ਪਰਮਾਤਮਾ ਆਪ ਵਸਦਾ ਹੈ, ਉਹੀ ਪਰਮਾਤਮਾ ਸਾਰੇ ਜੀਵਾਂ ਵਿਚ ਵਸਦਾ ਹੈ। ਗੁਰੂ ਜੀ ਫੁਰਮਾਉਂਦੇ ਹਨ ਕਿ ਪਰਮਾਤਮਾ ਦੇ ਨਾਮ ਰੂਪੀ ਸੌਦਾ ਗੁਰੂ ਰਾਹੀਂ ਵਣਜਿਆ ਜਾ ਸਕਦਾ ਹੈ :

*ਹਰਿ ਮੰਦਰ ਮਹਿ ਹਰਿ ਵਸੈ ਸਰਬ ਨਿਰੰਤਰਿ ਸੋਇ ॥*

*ਨਾਨਕ ਗੁਰਮੁਖਿ ਵਣਜੀਐ ਸਚਾ ਸਉਦਾ ਹੋਇ ॥* [56]

ਗੁਰੂ ਸਾਹਿਬ ਮਨੁੱਖ ਨੂੰ ਸਮਝਾਉਂਦੇ ਹਨ ਕਿ ਇਹ ਸਰੀਰ ਰੂਪੀ ਪਰਮਾਤਮਾ ਦਾ ਨਿਵਾਸ ਸਥਾਨ ਸੋਹਣਾ ਹੈ, ਇਸ ਲਈ ਮਨ ਕਰਕੇ ਪਰਮਾਤਮਾ ਦੇ ਨਾਮ ਨੂੰ ਹੀ ਦ੍ਰਿੜ ਕਰ :

*ਹਰਿ ਕਾ ਮੰਦਰੁ ਸਰੀਰੁ ਅਤਿ ਸੋਹਣਾ ਹਰਿ ਹਰਿ ਨਾਮ ਦਿੜ॥* [57]

ਇਸਦੇ ਨਾਲ ਹੀ ਗੁਰੂ ਜੀ ਮਨੁੱਖੀ ਸਰੀਰ ਵਿਚ ਸਤਿਗੁਰੂ ਦਾ ਵਾਸਾ ਹੋਣ ਸੰਬੰਧੀ ਫੁਰਮਾਉਂਦੇ ਹਨ ਕਿ ਉਹ ਸਰੀਰ ਰੂਪੀ ਸਥਾਨ ਧੰਨ ਹੈ, ਸੁੰਦਰ ਹੈ, ਜਿਥੇ ਪਿਆਰਾ ਸਤਿਗੁਰੂ ਪੈਰ ਰੱਖਦਾ ਹੈ :

*ਧਨੁ ਧੰਨੁ ਸੁਹਾਵਾ ਸੋ ਸਰੀਰ ਥਾਨੁ ਹੈ ਜਿਥੈ ਮੇਰਾ ਗੁਰੁ ਧਰੇ ਵਿਖਾ॥* [58]

### 5.2.2 ਘਰ ਰੂਪੀ ਧਰਮਸਾਲ

ਦੂਜੀ ਕਿਸਮ ਦਾ ਗੁਰਦੁਆਰਾ 'ਘਰ' ਨੂੰ ਆਖਿਆ ਗਿਆ ਹੈ, ਜਿਥੇ ਮਨੁੱਖ ਆਪਣੇ ਪਰਿਵਾਰ ਸਹਿਤ ਪਰਮਾਤਮਾ ਦੇ ਨਾਮ ਦੀ ਸਿਫਤ-ਸਾਲਾਹ ਕਰ ਸਕਦਾ ਹੈ ਅਤੇ ਕਥਾ-ਕੀਰਤਨ ਕਰ ਸਕਦਾ ਹੈ। ਗੁਰਬਾਣੀ ਦਾ ਫੁਰਮਾਨ ਹੈ ਕਿ ਉਹ ਘਰ-ਮੰਦਰ ਸਫਲੇ ਹਨ ਅਤੇ ਖੁਸ਼ੀਆਂ ਵੀ ਉਥੇ ਹੀ ਹਨ, ਜਿਹੜੇ ਘਰ ਵਿਚ ਪਰਮਾਤਮਾ ਦਾ ਨਾਮ ਯਾਦ ਆਉਂਦਾ ਹੈ :

*ਘਰ ਮੰਦਰ ਖੁਸੀਆ ਤਹੀ ਜਹ ਤੂ ਆਵਹਿ ਚਿਤਿ॥* [59]

---

[55] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1346.

[56] ਉਹੀ, ਪੰਨਾ 1346.

[57] ਉਹੀ, ਪੰਨਾ 952.

[58] ਉਹੀ, ਪੰਨਾ 650.

[59] ਉਹੀ, ਪੰਨਾ 319.

ਇਸੇ ਤਰ੍ਹਾਂ ਭਾਈ ਗੁਰਦਾਸ ਜੀ ਕਥਨ ਕਰਦੇ ਹਨ ਕਿ ਹਰੇਕ ਘਰ ਧਰਮਸ਼ਾਲ ਰੂਪ ਬਣ ਗਿਆ ਅਤੇ ਉਥੇ ਪਰਮਾਤਮਾ ਦਾ ਕੀਰਤਨ ਹੋਣ ਕਾਰਨ ਮਾਨੋ ਸਦਾ ਹੀ ਵੈਸਾਖੀ ਰਹਿੰਦੀ ਹੋਵੇ :

*ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ॥* [60]

ਡਾ. ਸ਼ੇਰ ਸਿੰਘ ਇਸ ਸੰਬੰਧੀ ਲਿਖਦੇ ਹਨ ਕਿ ਇਸ ਕਿਸਮ ਦਾ ਗੁਰਦੁਆਰਾ 'ਘਰ ਘਰ ਅੰਦਰ ਧਰਮਸਾਲ' ਹੈ, ਜਿਥੇ ਗੁਰਸਿੱਖ ਪਿਛਲੀ ਰਾਤੀ ਉਠਕੇ ਅੰਮ੍ਰਿਤ ਵੇਲੇ ਇਸ਼ਨਾਨ ਕਰਦਾ ਹੈ, ਇਕ ਮਨ ਹੋ ਕੇ ਸਿਮਰਨ ਕਰਦਾ ਹੈ। ਸਾਧਸੰਗਤਿ ਵਿਚ ਜੁੜ ਬੈਠਦਾ ਹੈ ਅਤੇ ਗੁਰਬਾਣੀ ਨਿਤ ਗਾਉਂਦਾ ਸੁਣਦਾ ਹੈ।[61]

## 6. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਗੁਰਦੁਆਰਾ' ਸ਼ਬਦ ਦੇ ਪ੍ਰਾਪਤ ਵਿਭਿੰਨ ਸਰੂਪ

ਜਿਵੇਂ ਕਿ ਅਸੀਂ ਪਹਿਲਾਂ ਵੀ ਜ਼ਿਕਰ ਕਰ ਚੁੱਕੇ ਹਾਂ ਕਿ ਸਿੱਖ ਧਾਰਮਿਕ ਅਸਥਾਨ ਦੀ 'ਗੁਰਦੁਆਰਾ' ਸੰਗਯਾ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਹੋਈ ਪਰ ਫਿਰ ਵੀ *ਸ੍ਰੀ ਗੁਰੂ ਗ੍ਰੰਥ ਸਾਹਿਬ* ਵਿਚ 'ਗੁਰਦੁਆਰਾ' ਸ਼ਬਦ ਨਾਲ ਸੰਬੰਧਿਤ ਕਈ ਸ਼ਬਦ-ਰੂਪ ਸਾਹਮਣੇ ਆਉਂਦੇ ਹਨ, ਜਿਵੇਂ ਗੁਰਦੁਆਰਿ, ਗੁਰਦੁਆਰੁ, ਗੁਰ ਦੁਆਰੈ, ਗੁਰੂ ਦੁਆਰੇ, ਗੁਰੂ ਦੁਆਰੈ, ਗੁਰ ਦੁਆਰੋ ਆਦਿ। ਇਹਨਾਂ ਸ਼ਬਦ-ਰੂਪਾਂ ਵਿਚ ਗੁਰੂ ਦੇ ਦੁਆਰੇ ਦਾ ਸੰਕਲਪਮਈ ਰੂਪ ਵੇਖਣ ਨੂੰ ਮਿਲਦਾ ਹੈ :

### 6.1 ਗੁਰਦੁਆਰਿ

*ਸਭਿ ਰਸ ਭੋਗਣ ਬਾਦਿ ਹਹਿ ਸਭਿ ਸੀਗਾਰ ਵਿਕਾਰ।।*

*ਜਬ ਲਗੁ ਸਬਦਿ ਨ ਭੇਦੀਐ ਕਿਉ ਸੋਹੈ ਗੁਰਦੁਆਰਿ॥* [62]

ਭਾਵ ਅਜਿਹੇ ਮਨੁੱਖ ਦੁਆਰਾ ਸਾਰੇ ਪਦਾਰਥ ਵਰਤਣੇ ਵਿਅਰਥ ਹਨ ਅਤੇ ਉਸਦੇ ਸਭ ਸ਼ਿੰਗਾਰ ਬੇਕਾਰ ਹੀ ਹਨ। ਜਦੋਂ ਤੱਕ ਉਸ ਮਨੁੱਖ ਦਾ ਮਨ ਗੁਰੂ ਦੇ ਸ਼ਬਦ ਨਾਲ ਵਿੰਨਿਆ ਨਹੀਂ ਜਾਂਦਾ, ਉਸ ਨੂੰ ਉਦੋਂ ਤੱਕ ਗੁਰੂ ਦੇ ਦੁਆਰ ਉਤੇ ਸੋਭਾ ਨਹੀਂ ਮਿਲਦੀ।

---

60 *ਵਾਰਾਂ ਭਾਈ ਗੁਰਦਾਸ ਜੀ,* ਵਾਰ 1, ਪਉੜੀ 27, ਪੰਨਾ 14.

61 ਸ਼ੇਰ ਸਿੰਘ (ਡਾ.), *ਵਿਚਾਰਮਾਲਾ,* ਪੰਨਾ 115.

62 *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 19.

### 6.2 ਗੁਰਦੁਆਰੁ

*ਸਚੁ ਸਾਲਾਹੀ ਧੰਨੁ ਗੁਰਦੁਆਰੁ।।*

*ਨਾਨਕ ਦਰਿ ਘਰਿ ਏਕੰਕਾਰੁ।।* [63]

ਭਾਵ ਗੁਰੂ ਦਾ ਦੁਆਰ ਸਭ ਤੋਂ ਸ੍ਰੇਸ਼ਟ ਹੈ ਜਿਥੇ ਸੱਚੇ ਸਾਹਿਬ ਦੀ ਸਿਫਤ-ਸਾਲਾਹ ਕੀਤੀ ਜਾ ਸਕਦੀ ਹੈ। ਗੁਰੂ ਦੇ ਦਰ 'ਤੇ ਰਹਿਣ ਨਾਲ ਹਿਰਦੇ ਵਿਚ ਪਰਮਾਤਮਾ ਦੇ ਦਰਸ਼ਨ ਹੁੰਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਭਾਈ ਗੁਰਦਾਸ ਜੀ ਦੀਆਂ ਰਚਨਾਵਾਂ ਵਿਚ ਵੀ ਗੁਰਦੁਆਰੇ ਦੇ ਕੁਝ ਸ਼ਬਦ ਰੂਪ ਪ੍ਰਾਪਤ ਹੁੰਦੇ ਹਨ :

*ਪਰਮ ਨਿਧਾਨ ਪ੍ਰੇਮ ਨੇਮ ਗੁਰਦੁਆਰ ਹੈ।।* [64]

ਭਾਵ ਗੁਰੂ ਦੇ ਦੁਆਰ ਤੋਂ ਪਿਆਰ ਸਹਿਤ ਰੱਬੀ ਨਿਯਮਾਂ ਨੂੰ ਪਾਲਣ ਕਰਨ ਵਾਲਾ ਵੱਡਾ ਖ਼ਜ਼ਾਨਾ ਪ੍ਰਾਪਤ ਹੁੰਦਾ ਹੈ।

### 6.3 ਗੁਰਦੁਆਰੈ

*ਜਿਸ ਨੋ ਕਥਾ ਸੁਣਾਇਹਿ ਆਪਣੀ ਸਿ ਗੁਰਦੁਆਰੈ ਸੁਖੁ ਪਾਵਹੇ।।* [65]

ਭਾਵ ਜਿਸ ਵੀ ਮਨੁੱਖ ਨੂੰ ਆਪਣੀ ਸਿਫਤ-ਸਾਲਾਹ ਦੀ ਕਥਾ ਭਾਵ ਵਿਚਾਰ ਸੁਣਾਉਂਦਾ ਹੈ, ਉਹ ਗੁਰੂ ਦੇ ਦੁਆਰ 'ਤੇ ਪਹੁੰਚ ਕੇ ਆਤਮਕ ਅਨੰਦ ਮਾਣਦੇ ਹਨ।

*ਗੁਰਦੁਆਰੈ ਲਾਇ ਭਾਵਨੀ ਇਕਨਾ ਦਸਵਾ ਦੁਆਰੁ ਦਿਖਾਇਆ।।* [66]

ਭਾਵ ਪਰਮਾਤਮਾ ਨੇ ਗੁਰੂ ਦੇ ਦੁਆਰ ਤੇ ਪਹੁੰਚਾ ਕੇ ਨਾਮ ਦੀ ਸ਼ਰਧਾ ਬਖਸ਼ੀ ਅਤੇ ਦਸਵਾਂ ਦੁਆਰ ਵੀ ਦਿਖਾ ਦਿੱਤਾ।

---

63 *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 153.

64 *ਕਬਿੱਤ ਭਾਈ ਗੁਰਦਾਸ ਜੀ,* ਕਬਿੱਤ 67.

65 *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 919.

66 ਉਹੀ, ਪੰਨਾ 922.

### 6.4 ਗੁਰ ਦੁਆਰੈ

*ਗੁਰ ਦੁਆਰੈ ਨਾਉ ਪਾਈਐ ਬਿਨੁ ਸਤਿਗੁਰ ਪਲੈ ਨ ਪਾਇ।।*

*ਸਤਿਗੁਰ ਕੈ ਭਾਣੈ ਮਨਿ ਵਸੈ ਤਾ ਅਹਿਨਿਸ ਰਹੈ ਲਿਵ ਲਾਇ।।* [67]

ਭਾਵ ਪਰਮਾਤਮਾ ਦਾ ਨਾਮ ਗੁਰੂ ਦੇ ਦੁਆਰ ਤੋਂ ਪ੍ਰਾਪਤ ਹੁੰਦਾ ਹੈ, ਸੱਚੇ ਗੁਰੂ ਤੋਂ ਬਿਨ੍ਹਾਂ ਪਰਮਾਤਮਾ ਦਾ ਨਾਮ ਪ੍ਰਾਪਤ ਨਹੀਂ ਹੁੰਦਾ। ਜੇ ਮਨੁੱਖ ਦਾ ਮਨ ਗੁਰੂ ਦੇ ਭਾਣੇ ਵਿਚ ਰਹਿਣ ਲੱਗ ਪਏ ਤਾਂ ਉਹ ਦਿਨ ਰਾਤ ਪਰਮਾਤਮਾ ਦੇ ਨਾਮ ਵਿਚ ਲਿਵ ਜੋੜੀ ਰੱਖਦਾ ਹੈ।

*ਗੁਰ ਦੁਆਰੈ ਹਰਿ ਕੀਰਤਨੁ ਸੁਣੀਐ।।*

*ਸਤਿਗੁਰ ਭੇਟਿ ਹਰਿ ਜਸੁ ਮੁਖਿ ਭਣੀਐ।।* [68]

ਭਾਵ ਗੁਰੂ ਦੇ ਦੁਆਰ ਤੇ ਰਹਿ ਕੇ ਪਰਮਾਤਮਾ ਦੀ ਸਿਫਤ-ਸਾਲਾਹ ਸੁਣਨੀ ਚਾਹੀਦੀ ਹੈ। ਸਤਿਗੁਰੁ ਦੇ ਮਿਲਣ ਨਾਲ ਹਰੀ ਜਸ ਮੂੰਹੋਂ ਉਚਾਰਨਾ ਚਾਹੀਦਾ ਹੈ।

### 6.5 ਗੁਰੂ ਦੁਆਰੈ

*ਗੁਰੂ ਦੁਆਰੈ ਹੋਇ ਸੋਝੀ ਪਾਇਸੀ॥*

*ਏਤੁ ਦੁਆਰੈ ਧੋਇ ਹਛਾ ਹੋਇਸੀ।।* [69]

ਭਾਵ ਗੁਰੂ ਦੇ ਦੁਆਰ 'ਤੇ ਹਾਜ਼ਰ ਹੋ ਕੇ ਹਿਰਦੇ ਨੂੰ ਸ਼ੁੱਧ ਕਰਨ ਦੀ ਸੋਝੀ ਪ੍ਰਾਪਤ ਹੁੰਦੀ ਹੈ ਅਤੇ ਗੁਰੂ ਦੇ ਦੁਆਰ ਤੇ ਰਹਿ ਕੇ ਵਿਕਾਰਾਂ ਦੀ ਮੈਲ ਧੋਣ ਨਾਲ ਹਿਰਦਾ ਪਵਿੱਤਰ ਹੁੰਦਾ ਹੈ।

*ਸਤਿਗੁਰੂ ਫੁਰਮਾਇਆ ਕਾਰੀ ਏਹ ਕਰੇਹੁ।।*

*ਗੁਰੂ ਦੁਆਰੈ ਹੋਇ ਕੈ ਸਾਹਿਬੁ ਸੰਮਾਲੇਹੁ।।* [70]

ਭਾਵ ਸਤਿਗੁਰੂ ਨੇ ਇਹ ਕੰਮ ਕਰਨ ਦਾ ਹੁਕਮ ਕੀਤਾ ਹੈ, ਗੁਰੂ ਦੇ ਦੁਆਰ ਤੇ ਜਾ ਕੇ ਪਰਮਾਤਮਾ ਨੂੰ ਯਾਦ ਕਰੋ।

---

[67] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1015.

[68] ਉਹੀ, ਪੰਨਾ 1075.

[69] ਉਹੀ, ਪੰਨਾ 730.

[70] ਉਹੀ, ਪੰਨਾ 554.

### 6.6 ਗੁਰ ਦੁਆਰੋ

*ਰੋਸੁ ਨ ਕੀਜੈ ਉਤਰੁ ਦੀਜੈ ਕਿਉ ਪਾਈਐ ਗੁਰ ਦੁਆਰੋ।।*

*ਇਹ ਮਨ ਚਲਤਉ ਸਚ ਘਰਿ ਬੈਸੈ ਨਾਨਕ ਨਾਮੁ ਅਧਾਰੋ।।*[71]

ਭਾਵ ਇਹਨਾਂ ਤੁਕਾਂ ਵਿਚ ਜੋਗੀ ਚਰਪਟ ਨਾਥ ਗੁਰੂ ਨਾਨਕ ਦੇਵ ਜੀ ਨੂੰ ਬੇਨਤੀ ਕਰਦਾ ਹੈ ਕਿ ਹੇ ਸੁਆਮੀ! ਮੇਰੀ ਬੇਨਤੀ ਸੁਣੋ, ਮੈਂ ਸਹੀ ਵਿਚਾਰ ਪੁੱਛਦਾ ਹਾਂ, ਗੁੱਸਾ ਨਾ ਕਰਨਾ, ਇਹ ਉਤਰ ਦੇਣਾ ਕਿ ਗੁਰੂ ਦਾ ਦਰ ਕਿਵੇਂ ਪ੍ਰਾਪਤ ਹੁੰਦਾ ਹੈ। ਗੁਰੂ ਜੀ ਫੁਰਮਾਉਂਦੇ ਹਨ ਕਿ ਜਦੋਂ ਇਹ ਚੰਚਲ ਮਨ ਪਰਮਾਤਮਾ ਦੀ ਯਾਦ ਵਿਚ ਜੁੜ ਜਾਂਦਾ ਹੈ ਅਤੇ ਨਾਮ ਹੀ ਜ਼ਿੰਦਗੀ ਦਾ ਆਸਰਾ ਹੋ ਜਾਂਦਾ ਹੈ, ਉਦੋਂ ਫਿਰ ਗੁਰੂ ਦਾ ਦੁਆਰ ਪ੍ਰਾਪਤ ਹੋ ਜਾਂਦਾ ਹੈ।

ਉਕਤ ਵਿਭਿੰਨ ਤਰ੍ਹਾਂ ਦੇ ਸ਼ਬਦ-ਰੂਪ ਜਿਹੜੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕਰਦਿਆਂ ਸਾਹਮਣੇ ਆਉਂਦੇ ਹਨ, ਉਹਨਾਂ ਸਮੁੱਚੇ ਰੂਪਾਂ ਦਾ ਭਾਵ ਗੁਰੂ ਦਾ ਦੁਆਰ ਜਾਂ ਗੁਰੂ ਦਾ ਦਰ ਹੀ ਹੈ।

## 7. ਧਾਰਮਿਕ ਅਸਥਾਨ / ਗੁਰਦੁਆਰੇ ਨਾਲ ਮਨੁੱਖ ਦਾ ਸੰਬੰਧ

ਧਾਰਮਿਕ ਅਸਥਾਨ/ਗੁਰਦੁਆਰੇ ਨਾਲ ਹਰ ਸਿੱਖ ਜਾਂ ਵਿਅਕਤੀ ਦਾ ਸੰਬੰਧ ਜੁੜਿਆ ਹੁੰਦਾ ਹੈ। ਇਹ ਸੰਬੰਧ ਦੋ ਤਰ੍ਹਾਂ ਦਾ ਹੋ ਸਕਦਾ ਹੈ ; ਵਿਅਕਤੀਗਤ ਅਤੇ ਸਮੂਹਿਕ। ਮਨੁੱਖ ਦੇ ਗੁਰਦੁਆਰੇ ਨਾਲ ਸਬੰਧਾਂ ਦਾ ਵਰਣਨ ਨਿਮਨ ਅਨੁਸਾਰ ਹੈ :

### 7.1 ਵਿਅਕਤੀਗਤ

ਗੁਰਦੁਆਰੇ ਨਾਲ ਹਰ ਸਿੱਖ ਦਾ ਵਿਅਕਤੀਗਤ ਰੂਪ ਵਿਚ ਸੰਬੰਧ ਬਹੁਤ ਗੂੜਾ ਹੈ। ਆਪਣੀ ਖੁਸ਼ੀ-ਗਮੀ ਸੰਬੰਧੀ ਮਨੁੱਖ ਗੁਰਦੁਆਰੇ ਵਿਚ ਜਾ ਕੇ ਗੁਰੂ ਪਾਸ ਅਰਦਾਸ ਕਰਦਾ ਹੈ। ਡਾ. ਬਲਵਿੰਦਰਜੀਤ ਕੌਰ ਭੱਟੀ ਇਸ ਸੰਬੰਧੀ ਲਿਖਦੇ ਹਨ ਕਿ ਗੁਰਦੁਆਰਾ ਬਿਨਾ ਕਿਸੇ ਭੇਦ-ਭਾਵ ਤੋਂ ਸਾਰੇ ਸ਼ਰਧਾਲੂਆਂ ਲਈ ਖੁੱਲ੍ਹਾ ਅਤੇ ਇਕ ਜਨਤਕ ਸਥਾਨ ਹੈ। ਜਿਸ ਵਿਚ ਕੋਈ ਵੀ ਇਨਸਾਨ ਵਿਅਕਤੀਗਤ ਰੂਪ ਵਿਚ ਇਕੱਲੇ

[71] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 938.

ਇਕੱਲੇ ਜਾਂ ਸਮੂਹਿਕ ਰੂਪ ਵਿਚ 'ਸੰਗਤ' ਵਜੋਂ ਜਾ ਕੇ ਆਪਣੀ ਸ਼ਰਧਾ ਦਾ ਪ੍ਰਗਟਾਵਾ ਕਰ ਸਕਦਾ ਹੈ।[72]

ਹਰ ਸਿੱਖ ਜਨਮ ਤੋਂ ਮਰਨ ਤੱਕ ਸਾਰੀਆਂ ਰਸਮਾਂ ਨਿਭਾਉਣ ਲਈ ਗੁਰਦੁਆਰਾ ਸਾਹਿਬ ਦੀ ਓਟ ਲੈਂਦਾ ਹੈ। ਮਨੁੱਖ ਆਪਣੀਆਂ ਕਾਮਨਾਵਾਂ ਦੀ ਪੂਰਤੀ ਲਈ ਜਦੋਂ ਆਪਣੇ ਇਸਟ ਅੱਗੇ ਅਰਦਾਸ ਕਰਦਾ ਹੈ ਤਾਂ ਉਸ ਦਾ ਇਹ ਕਰਮ ਵਿਅਕਤੀਗਤ ਹੀ ਹੁੰਦਾ ਹੈ। ਹਰ ਸਿੱਖ ਵਿਅਕਤੀਗਤ ਤੌਰ 'ਤੇ ਆਪਣੇ ਗੁਰੂ ਦੇ ਦਰਸ਼ਨ ਕਰਨ ਲਈ ਅਤੇ ਆਪਣੇ ਜੀਵਨ ਦੇ ਅੰਤਿਮ ਮਨੋਰਥ ਦੀ ਪੂਰਤੀ ਭਾਵ ਪਰਮਾਤਮਾ ਦੀ ਪ੍ਰਾਪਤੀ ਲਈ ਧਾਰਮਿਕ ਅਸਥਾਨ 'ਤੇ ਜਾਂਦਾ ਹੈ। ਇਸ ਤੋਂ ਇਲਾਵਾ ਆਪਣੀਆਂ ਲੋੜਾਂ ਸੰਬੰਧੀ ਗੁਰੂ ਅੱਗੇ ਬੇਨਤੀ ਕਰਨ ਲਈ ਵੀ ਆਪਣੇ ਮਨ ਦੇ ਭਾਵ ਗੁਰੂ ਅੱਗੇ ਵਿਅਕਤ ਕਰਦਾ ਹੈ।

ਭਾਈ ਗੁਰਦਾਸ ਜੀ ਗੁਰਸਿੱਖ ਦੇ ਵਿਅਕਤੀਗਤ ਨਿੱਤ ਕਰਮ ਵਿਚ ਗੁਰਦੁਆਰੇ ਨਾਲ ਸਾਂਝ ਦਾ ਜ਼ਿਕਰ ਕਰਦੇ ਹਨ :

*ਗੁਰਸਿਖ ਭਲਕੇ ਉਠ ਕਰਿ ਅੰਮ੍ਰਿਤ ਵੇਲੇ ਸਰੁ ਨ੍ਾਵੰਦਾ।*  
*ਗੁਰੁ ਕੈ ਬਚਨ ਉਚਾਰਿ ਕੈ ਧਰਮਸਾਲ ਦੀ ਸੁਰਤਿ ਕਰੰਦਾ।*  
*ਸਾਧਸੰਗਤਿ ਵਿਚਿ ਜਾਇ ਕੈ ਗੁਰਬਾਣੀ ਦੇ ਪ੍ਰੀਤਿ ਸੁਣੰਦਾ।*  
*ਸੰਕਾ ਮਨਹੁਂ ਮਿਟਾਇ ਕੈ ਗੁਰੁ ਸਿਖਾਂ ਦੀ ਸੇਵ ਕਰੰਦਾ।*  
*ਕਿਰਤ ਵਿਰਤ ਕਰਿ ਧਰਮੁ ਦੀ ਲੈ ਪਰਸਾਦ ਆਣਿ ਵਰਤੰਦਾ।*  
*ਗੁਰਸਿਖਾਂ ਨੋ ਦੇਇ ਕਰਿ ਪਿਛੋਂ ਬਚਿਆ ਆਪੁ ਖਵੰਦਾ।*  
*ਕਲੀ ਕਾਲ ਪਰਗਾਸ ਕਰਿ ਗੁਰੁ ਚੇਲਾ ਚੇਲਾ ਗੁਰੁ ਸੰਦਾ।*  
*ਗੁਰਮੁਖ ਗਾਡੀ ਰਾਹੁ ਚਲੰਦਾ॥11॥* [73]

ਭਾਵ ਗੁਰੂ ਦਾ ਸਿੱਖ ਭਲਕੇ ਉਠ ਕੇ ਅੰਮ੍ਰਿਤ ਵੇਲੇ ਸਰੋਵਰ ਵਿਚ ਇਸ਼ਨਾਨ ਕਰਦਾ ਹੈ। ਗੁਰੂ ਦੇ ਬਚਨ ਭਾਵ ਨਿਤਨੇਮ ਕਰਕੇ ਫਿਰ ਧਰਮਸਾਲਾ ਦੀ ਸਿਮਰਤੀ ਕਰਦਾ ਭਾਵ ਗੁਰਦੁਆਰੇ ਜਾਂਦਾ ਹੈ। ਸਾਧ

[72] ਬਲਵਿੰਦਰਜੀਤ ਕੌਰ ਭੱਟੀ, *ਸ੍ਰੀ ਗੁਰੂ ਗ੍ਰੰਥ ਸਾਹਿਬ : ਸਮਾਜਕ ਸਰੋਕਾਰ,* ਚੇਤਨਾ ਪ੍ਰਕਾਸ਼ਨ, ਲੁਧਿਆਣਾ, 2011, ਪੰਨਾ 63.

[73] *ਵਾਰਾਂ ਭਾਈ ਗੁਰਦਾਸ ਜੀ,* ਵਾਰ 40, ਪਉੜੀ 11, ਪੰਨਾ 429.

ਸੰਗਤ ਵਿਚ ਜਾ ਕੇ ਗੁਰਬਾਣੀ ਸੁਣਦਾ ਹੈ ਅਤੇ ਮਨ ਦੇ ਸ਼ੰਕੇ ਦੂਰ ਕਰਕੇ ਸੇਵਾ ਕਰਦਾ ਹੈ। ਕਿਰਤ ਕਰਕੇ, ਭੋਜਨ ਆਦਿ ਪਹਿਲਾਂ ਸੰਗਤ ਵਿਚ ਵਰਤਾਉਂਦਾ ਹੈ ਅਤੇ ਫਿਰ ਆਪ ਛਕਦਾ ਹੈ। ਕਲਯੁੱਗ ਵਿਚ ਪਰਗਾਸ ਕਰਕੇ ਗੁਰੂ ਚੇਲਾ ਅਤੇ ਚੇਲਾ ਗੁਰੂ ਰੂਪ ਹੋ ਜਾਂਦਾ ਹੈ। ਇਸ ਤਰ੍ਹਾਂ ਗੁਰਮੁਖ ਗੁਰੂ ਦੁਆਰਾ ਦਰਸਾਏ ਹੋਏ ਰਾਹ ਤੇ ਚਲਦਾ ਹੈ। ਇਸ ਤਰ੍ਹਾਂ ਗੁਰਮੁਖ ਵਿਅਕਤੀਗਤ ਰੂਪ ਵਿਚ ਗੁਰਦੁਆਰੇ ਨਾਲ ਜੁੜ ਕੇ ਸਰਬੱਤ ਦੇ ਭਲੇ ਅਤੇ ਆਪਣੇ ਜਨਮ ਸੁਆਰਨ ਲਈ ਯਤਨ ਕਰਦਾ ਹੈ।

### 7.2 ਸਮੂਹਿਕ / ਸੰਗਤੀ

ਹਰ ਸਿੱਖ ਸਮੂਹਿਕ ਰੂਪ ਵਿਚ ਵੀ ਗੁਰਦੁਆਰੇ ਵਿਚ ਜਾ ਕੇ ਸ਼ਰਧਾ ਸਹਿਤ ਧਾਰਮਿਕ ਕਿਰਿਆਵਾਂ ਵਿਚ ਹਾਜ਼ਰੀ ਭਰਦਾ ਹੈ। ਉਹ ਉਥੇ ਸਤਿਸੰਗਤਿ ਵਿਚ ਬੈਠ ਕੇ ਕੀਰਤਨ-ਕਥਾ ਸਰਵਣ ਕਰਦਾ ਹੈ ਅਤੇ ਕੌਮੀ ਤੌਰ 'ਤੇ ਆਪਣੇ ਧਾਰਮਿਕ ਤਿਉਹਾਰ, ਗੁਰਪੁਰਬ ਅਤੇ ਹੋਰ ਰਸਮਾਂ ਨੂੰ ਮਨਾਉਂਦਾ/ਨਿਭਾਉਂਦਾ ਹੈ, ਉਸਦੇ ਇਹ ਕਾਰਜ ਉਸਦੀ ਧਾਰਮਿਕ ਅਸਥਾਨ ਨਾਲ ਸਮੂਹਿਕ ਸਾਂਝ ਨੂੰ ਹੋਰ ਪੀਢਾ ਕਰਦੇ ਹਨ। ਗੁਰਦੁਆਰੇ ਵਿਚ ਹੋਰ ਧਰਮਾਂ ਦੇ ਲੋਕ ਵੀ ਆਪਣੀਆਂ ਲੋੜਾਂ ਦੀ ਪੂਰਤੀ ਲਈ ਨਿਸ਼ਚਾ ਧਾਰਨ ਕਰਕੇ ਆਉਂਦੇ ਹਨ। ਇਸ ਤੋਂ ਇਲਾਵਾ ਹਰ ਸਿੱਖ ਦੇ ਜੀਵਨ ਨਾਲ ਸੰਬੰਧਿਤ ਕਈ ਧਾਰਮਿਕ ਸੰਸਕਾਰ ਜੁੜੇ ਹੋਏ ਹਨ, ਜਿਹਨਾਂ ਨੂੰ ਸਿੱਖਾਂ ਦੁਆਰਾ ਗੁਰਦੁਆਰਾ ਸਾਹਿਬ ਦੇ ਅੰਦਰ ਨਿਭਾਇਆ ਜਾਂਦਾ ਹੈ। ਇਹਨਾਂ ਸੰਸਕਾਰਾਂ ਵਿਚ ਬਾਲਕ ਦੇ ਜਨਮ ਨਾਲ ਸੰਬੰਧਿਤ 'ਨਾਮਕਰਨ ਸੰਸਕਾਰ', ਵਿਆਹ ਨਾਲ ਸੰਬੰਧਿਤ ਸੰਸਕਾਰ 'ਅਨੰਦ ਕਾਰਜ' ਅਤੇ ਮੌਤ ਨਾਲ ਸੰਬੰਧਿਤ ਸੰਸਕਾਰ ਅਲਾਹੁਣੀਆਂ ਦਾ ਪਾਠ ਅਤੇ ਅੰਤਿਮ ਅਰਦਾਸ ਆਦਿ ਨੂੰ ਹਰ ਸਿੱਖ ਵੱਲੋਂ ਗੁਰਦੁਆਰਾ ਸਾਹਿਬ ਵਿਚ ਗੁਰੂ ਦੀ ਹਜ਼ੂਰੀ ਅਤੇ ਸੰਗਤ ਦੀ ਹਾਜ਼ਰੀ ਵਿਚ ਸਮੂਹਿਕ ਤੌਰ 'ਤੇ ਨਿਭਾਇਆ ਜਾਂਦਾ ਹੈ।

## 8. ਗੁਰਦੁਆਰਾ ਸਾਹਿਬ ਦਾ ਸੰਗਤੀ ਵਿਧਾਨ / ਵਿਵਹਾਰਕ ਪੱਖ

ਗੁਰਦੁਆਰਾ ਸਾਹਿਬ ਅੰਦਰ ਸਿੱਖ ਰਹਿਤ ਮਰਿਯਾਦਾ ਅਨੁਸਾਰ ਕਾਰਜ ਨਿਭਾਏ ਜਾਂਦੇ ਹਨ, ਜਿਹਨਾਂ ਨੂੰ ਗੁਰਦੁਆਰਾ ਸਾਹਿਬ ਸੰਗਤੀ ਵਿਧਾਨ ਜਾਂ ਵਿਵਹਾਰਕ ਪੱਖ ਵੀ ਆਖਿਆ ਜਾ ਸਕਦਾ ਹੈ। ਇਸ ਵਿਚ ਗੁਰਦੁਆਰਾ ਸਾਹਿਬ ਵਿਚ ਹੋਣ ਵਾਲੀਆਂ ਧਾਰਮਿਕ ਗਤੀਵਿਧੀਆਂ ਦਾ ਸ਼ੁਮਾਰ ਹੁੰਦਾ ਹੈ, ਜਿਹਨਾਂ ਦਾ ਜ਼ਿਕਰ ਨਿਮਨ ਅਨੁਸਾਰ ਹੈ :

### 8.1 ਸਤਿਸੰਗਤ ਅਤੇ ਉਸ ਵਿਚ ਕੀਤੇ ਜਾਣ ਵਾਲੇ ਧਾਰਮਿਕ ਕਰਮ

ਗੁਰਦੁਆਰੇ ਦਾ ਇਕ ਮਹੱਤਵਪੂਰਨ ਅੰਗ ਸਤਿਸੰਗਤਿ ਹੈ। ਜਿਥੇ ਦੋ ਜਾਂ ਦੋ ਤੋਂ ਵਧੇਰੇ ਲੋਕ ਮਿਲ ਬੈਠ ਕੇ ਇਕ ਪਰਮਾਤਮਾ ਦੇ ਨਾਮ ਦੀ ਚਰਚਾ, ਗੁਰੂ ਜਸ ਜਾਂ ਗੁਰਮਤਿ ਸੰਬੰਧੀ ਵਿਚਾਰਾਂ ਕਰਦੇ ਹਨ, ਸਿੱਖ ਧਰਮ ਵਿਚ ਉਸ ਨੂੰ ਸਤਿਸੰਗਤ ਆਖਿਆ ਜਾਂਦਾ ਹੈ :

*ਸਤਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥*[74]

ਭਾਈ ਕਾਨ੍ਹ ਸਿੰਘ ਨਾਭਾ 'ਸਤ ਸੰਗਤਿ' ਦੇ ਸ਼ਾਬਦਿਕ ਅਰਥ ਕਰਦੇ ਹਨ ਕਿ, "ਸੰਤਾਂ ਦੀ ਸੁਹਬਤ. ਭਲੇ ਲੋਕਾਂ ਦੀ ਸੰਗਤਿ। 2. ਭਲੇ ਲੋਕਾਂ ਦੀ ਮਜਲਿਸ."[75]

ਭਾਈ ਗੁਰਦਾਸ ਜੀ ਸਤਿਸੰਗਤ ਨੂੰ ਮਾਨਸਰੋਵਰ ਦੀ ਤਸ਼ਬੀਹ ਦਿੰਦੇ ਹੋਏ ਫੁਰਮਾਉਂਦੇ ਹਨ ਕਿ ਜਿਵੇਂ ਮਾਨਸਰੋਵਰ ਉਤੇ ਹੰਸਾਂ ਦੀ ਡਾਰ ਬੈਠਦੀ ਹੈ ਅਤੇ ਮੋਤੀ ਖਾ ਕੇ ਅਨੰਦ ਮਾਣਦੀ ਹੈ, ਜਿਵੇਂ ਸ੍ਰੇਸ਼ਟ-ਜਨ ਰਸੋਈ ਵਿਚ ਬੈਠਦੇ ਹਨ ਤੇ ਰਸਦਾਇਕ ਭੋਜਨ ਛਕਦੇ ਹਨ, ਜਿਵੇਂ ਦਰੱਖਤ ਉਤੇ ਪੰਛੀ ਬੈਠਦੇ ਹਨ ਅਤੇ ਉਸ ਦੇ ਫ਼ਲ ਖਾ ਕੇ ਮਧੁਰ ਬੋਲੀ ਬੋਲਦੇ ਹਨ, ਉਸੇ ਤਰ੍ਹਾਂ ਹੀ ਜਦੋਂ ਗੁਰਸਿੱਖ ਧਰਮਸਾਲ ਅੰਦਰ ਸਤਿਸੰਗਤ ਵਿਚ ਜੁੜ ਬੈਠਦੇ ਹਨ ਤਾਂ ਉਹ ਸ਼ਬਦ ਦਾ ਅੰਮ੍ਰਿਤ ਰਸ ਚੱਖਦੇ ਹਨ ਅਤੇ ਤ੍ਰਿਪਤ ਹੁੰਦੇ ਹਨ :

*ਜੈਸੇ ਤੌ ਮਰਾਲ ਮਿਲਿ ਬੈਠਤ ਹੈ ਮਾਨਸਰ*
*ਮੁਕਤਾ ਅਮੋਲ ਖਾਇ ਖਾਇ ਬਿਗਸਾਤ ਹੈ।*
*ਜੈਸੇ ਤੌ ਸੁਜਾਨ ਮਿਲਿ ਬੈਠਤ ਹੈ ਪਾਕਸਾਲ*
*ਅਨਿਕ ਪ੍ਰਕਾਰ ਬਿੰਜਨਾਦਿ ਰਸ ਖਾਤ ਹੈ।*
*ਜੈਸੇ ਦ੍ਰੁਮ ਛਾਯਾ ਮਿਲਿ ਬੈਠਤ ਅਨੇਕ ਪੰਖੀ*
*ਖਾਇ ਫਲ ਮਧੁਰ ਬਚਨ ਕੈ ਸੁਹਾਤ ਹੈਂ।*
*ਤੈਸੇ ਗੁਰ ਸਿਖ ਮਿਲਿ ਬੈਠਤ ਧਰਮਸਾਲ*
*ਸਹਜ ਸਬਦ ਰਸ ਅੰਮ੍ਰਿਤ ਅਘਾਤ ਹੈਂ।*[76]

---

74 *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 72.

75 ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 146.

76 *ਕਬਿੱਤ ਭਾਈ ਗੁਰਦਾਸ ਜੀ,* ਕਬਿੱਤ 559.

ਭਾਈ ਗੁਰਦਾਸ ਜੀ ਫੁਰਮਾਉਂਦੇ ਹਨ ਕਿ ਗੁਰਮੁਖਾਂ ਦੇ ਪੈਰ ਸਫਲ ਹਨ, ਜਿਹੜੇ ਗੁਰਮੁਖ ਮਾਰਗ ਉੱਤੇ ਚਲ ਕੇ ਜਾਂਦੇ ਹਨ। ਉਹ ਗੁਰਮੁਖ ਜਨ ਗੁਰਦੁਆਰੇ ਵਿਚ ਜਾ ਕੇ ਸਤਿਸੰਗਤ ਵਿਚ ਬੈਠਦੇ ਭਾਵ ਹਾਜਰੀ ਭਰਦੇ ਹਨ :

*ਗੁਰਮੁਖਿ ਪੈਰ ਸਕਾਰਥੇ ਗੁਰਮੁਖਿ ਮਾਰਗਿ ਚਾਲ ਚਲੰਦੇ॥*

*ਗੁਰੂ ਦੁਆਰੈ ਜਾਨਿ ਚਲਿ ਸਾਧਸੰਗਤਿ ਚਲਿ ਜਾਇ ਬਹੰਦੇ॥* [77]

ਜਿਹਨਾਂ ਮਨੁੱਖਾਂ ਨੇ ਸਤਿਸੰਗਤਿ ਵਿਚ ਮਿਲ ਕੇ ਉਚੀ ਮਤਿ ਤੇ ਬੁੱਧੀ ਪ੍ਰਾਪਤ ਕਰ ਲਈ ਹੈ ਉਹਨਾਂ ਵਿਚੋਂ ਹਉਮੈਂ ਖ਼ਤਮ ਹੋ ਜਾਂਦੀ ਹੈ ਅਤੇ ਮਾਇਆ ਦਾ ਮੋਹ ਨਾਸ਼ ਹੋ ਜਾਂਦਾ ਹੈ :

*ਸਤਸੰਗਤਿ ਮਿਲਿ ਮਤਿ ਬੁਧਿ ਪਾਈ ਹਉ ਛੂਟੇ ਮਮਤਾ ਜਾਲ॥* [78]

ਸਤਿਸੰਗਤਿ ਹੀ ਪਰਮਾਤਮਾ ਦਾ ਨਾਮ ਰੂਪ ਖ਼ਜਾਨਾ ਹੈ ਅਤੇ ਅਜਿਹੀ ਥਾਂ ਹੈ ਜਿਸ ਵਿਚੋਂ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ :

*ਸਤਸੰਗਤਿ ਨਾਮੁ ਨਿਧਾਨੁ ਹੈ ਜਿਥਹੁ ਹਰਿ ਪਾਇਆ॥* [79]

ਸਤਸੰਗਤਿ ਦੀ ਇਹ ਮਹਿਮਾ ਹੈ ਕਿ ਜਿਹੜਾ ਵੀ ਵਿਅਕਤੀ ਸਤਸੰਗਤਿ ਕਰਦਾ ਹੈ ਉਹ ਭਵਸਾਗਰ ਤੋਂ ਪਾਰ ਹੋ ਜਾਂਦਾ ਹੈ :

*ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸਿ ਤਰਿਆ॥* [80]

ਭਾਈ ਗੁਰਦਾਸ ਜੀ ਸਤਿਸੰਗਤਿ ਦੀ ਉਪਮਾ ਚੰਦਨ ਦੇ ਰੁੱਖ ਨਾਲ ਕਰਦੇ ਹੋਏ ਲਿਖਦੇ ਹਨ ਕਿ ਜਿਹੜੇ ਮਨੁੱਖ ਸਾਧਸੰਗਤਿ ਰੂਪੀ ਚੰਦਨ ਦਾ ਮਿਲਾਪ ਕਰਦੇ ਹਨ ਉਹ ਖੁਦ ਵੀ ਚੰਦਨ ਦਾ ਰੂਪ ਹੀ ਹੋ ਜਾਂਦੇ ਹਨ :

*ਸਾਧਸੰਗਤਿ ਚੰਨਣ ਬਿਰਖੁ ਮਿਲਿ ਚੰਨਣੁ ਹੋਈ॥* [81]

---

[77] *ਵਾਰਾਂ ਭਾਈ ਗੁਰਦਾਸ ਜੀ,* ਵਾਰ 6,ਪਉੜੀ 13, ਪੰਨਾ 67.

[78] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1335.

[79] ਉਹੀ, ਪੰਨੇ 1244-45.

[80] ਉਹੀ, ਪੰਨਾ 495..

[81] *ਵਾਰਾਂ ਭਾਈ ਗੁਰਦਾਸ ਜੀ,* ਵਾਰ 9, ਪਉੜੀ 12, ਪੰਨਾ 97.

ਸਤਸੰਗਤਿ ਉਹ ਸੱਚਾ ਅਸਥਾਨ ਹੈ, ਜਿਥੇ ਸ਼ਬਦ ਦੀ ਵਿਚਾਰ ਕੀਤੀ ਜਾਂਦੀ ਹੈ :

*ਸਾਧਸੰਗਤਿ ਸਚੁ ਥਾਉ ਸਬਦਿ ਵਖਾਣੀਐ।* [82]

ਗੁਰਬਾਣੀ ਵਿਚ ਸਤਸੰਗਤਿ ਦੀ ਬਹੁਤ ਮਹਾਨਤਾ ਦਰਸਾਈ ਗਈ ਹੈ ਕਿ ਸਤਸੰਗਤਿ ਵਿਚ ਜਾਣ ਨਾਲ ਮਨੁੱਖ ਦੇ ਮਨ ਅੰਦਰੋਂ ਬਿਗਾਨੇਪਨ ਦੀ ਭਾਵਨਾ ਮੁੱਕ ਜਾਂਦੀ ਹੈ :

*ਬਿਸਰਿ ਗਈ ਸਭ ਤਾਤਿ ਪਰਾਈ॥*

*ਜਬ ਤੇ ਸਾਧਸੰਗਤਿ ਮੋਹਿ ਪਾਈ॥* [83]

ਭਾਈ ਨੰਦ ਲਾਲ ਜੀ ਨੇ *ਤਨਖਾਹਨਾਮੇ* ਵਿਚ ਸਤਿਸੰਗਤ ਦਾ ਮਹੱਤਵ ਇੰਞ ਦਰਸਾਇਆ ਹੈ ਕਿ ਜੋ ਵਿਅਕਤੀ ਅੰਮ੍ਰਿਤ ਵੇਲੇ ਸਤਿਸੰਗਤਿ ਵਿਚ ਨਹੀਂ ਜਾਂਦਾ, ਉਹ ਵੱਡਾ ਤਨਖਾਹਦਾਰ ਹੈ। ਜੋ ਵਿਅਕਤੀ ਸਤਿਸੰਗਤਿ ਵਿਚ ਜਾ ਕੇ ਆਪਣਾ ਚਿਤ ਇਕਾਗਰ ਨਹੀਂ ਰੱਖਦਾ, ਉਹ ਇਸ ਜਹਾਨ ਅਤੇ ਅਗਲੇ ਜਹਾਨ ਵਿਚ ਸਥਿਤ ਨਹੀਂ ਰਹਿ ਸਕਦਾ :

*ਪ੍ਰਾਤਹ ਕਾਲ ਸਤਿਸੰਗ ਨ ਜਾਵਹਿ। ਤਨਖਾਹਦਾਰ ਵਹ ਵਡਾ ਕਹਾਵਹਿ।*

*ਸਤਿਸੰਗ ਜਾਇ ਕਰਿ ਚਿਤ ਡੁਲਾਵਹਿ। ਈਹਾਂ ਊਹਾਂ ਠਉਰ ਨ ਪਾਵਹਿ।3।* [84]

ਭਾਈ ਕੇਸਰ ਸਿੰਘ ਛਿੱਬਰ ਵੀ ਧਰਮਸਾਲ ਵਿਚ ਜਾ ਕੇ ਸਤਿਸੰਗਤ ਕਰਨ, ਪ੍ਰੇਮ ਸਹਿਤ ਗੁਰਬਾਣੀ ਪਾਠ-ਕਥਾ ਸੁਣਨ ਨੂੰ ਗੁਰਸਿੱਖ ਦੇ ਨਿਤ ਕਰਮ ਵਜੋਂ ਜਰੂਰੀ ਦੱਸਦਾ ਹੈ :

*ਵਾਸੀ ਵਿਚਿ ਜਿਥੈ ਹੋਵੈ ਧਰਮਸਾਲ। ਸਿਖ ਮਿਲਿ ਬੈਠਣ ਰਸ-ਮੁਹਬਤਿ ਨਾਲ।*

*ਸਬਦ ਸਾਖੀ ਗ੍ਰੰਥ ਪੋਥੀ ਪੜ੍ਹੀਐ। ਕੀਰਤਨੁ, ਕਥਾ ਗੁਰ-ਚਰਚਾ ਕਰੀਐ।।110।।*

*ਜਿਸ ਨੂੰ ਸਿਖ ਹੋਵਨ ਦੀ ਹੋਵੈ ਅਤਿ ਚਾਹ।*

*ਸੋ ਉਥੇ ਚਲ ਜਾਵੈ ਖਾਹ ਮਖਾਹ।...।।111।।* [85]

---

[82] *ਵਾਰਾਂ ਭਾਈ ਗੁਰਦਾਸ ਜੀ,* ਵਾਰ 14, ਪਉੜੀ 1, ਪੰਨਾ 149.

[83] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1299.

[84] ਪਿਆਰਾ ਸਿੰਘ ਪਦਮ (ਸੰਪਾ.), *ਰਹਿਤਨਾਮੇ,* ਤਨਖਾਹਨਾਮਾ ਭਾਈ ਨੰਦ ਲਾਲ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2000, (ਸੱਤਵੀਂ ਵਾਰ), ਪੰਨਾ 57.

[85] ਕੇਸਰ ਸਿੰਘ ਛਿੱਬਰ, (ਸੰਪਾ.), *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ,* ਪਿਆਰਾ ਸਿੰਘ ਪਦਮ (ਸੰਪਾ.), ਸਿੰਘ ਬ੍ਰਦਰਜ਼, ਅੰਮ੍ਰਿਤਸਰ, 2005, ਪੰਨੇ 96-97.

According to *Encyclopedia of Sikhism : Religion and Culture,* "Sangat is a group of persons, men, women and children with similar feelings, ideas and values, to stay for a while in the company of the Guru. Sangat is a holy assembly on account of the belief that the Guru lived and moved among them, and would bestow happiness on them."[86] ਭਾਵ ਇਕੋ ਜਿਹੀਆਂ ਭਾਵਨਾਵਾਂ, ਵਿਚਾਰਾਂ ਅਤੇ ਕਦਰਾਂ ਕੀਮਤਾਂ ਵਾਲੇ, ਪੁਰਸ਼ਾਂ, ਔਰਤਾਂ ਅਤੇ ਬੱਚਿਆਂ ਦੇ ਸਮੂਹ ਨੂੰ ਗੁਰੂ ਦੀ ਸੰਗਤ ਆਖਿਆ ਜਾਂਦਾ ਹੈ। ਇਹ ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਸੰਗਤ ਉਹ ਪਵਿੱਤਰ ਇਕੱਠ ਹੈ, ਜਿਸ ਵਿਚ ਗੁਰੂ ਸਾਹਿਬਾਨ ਵਸਦੇ, ਵਿਚਰਦੇ ਅਤੇ ਸੰਗਤ ਨੂੰ ਖੁਸ਼ੀਆਂ ਬਖਸ਼ਦੇ ਹਨ।

ਡਾ. ਰਾਜਿੰਦਰ ਕੌਰ ਰੋਹੀ ਅਨੁਸਾਰ, "ਗੁਰੂ ਗ੍ਰੰਥ ਸਾਹਿਬ ਦੀ ਹਜੂਰੀ ਵਿਚ ਇਕੱਤਰ ਹੋਇਆ ਜਨ ਸਮੂਹ ਜਿਸ ਦਾ ਇਕੋ ਹੀ ਨਿਸ਼ਾਨਾ ਜਾਂ ਉਦੇਸ਼ ਹੋਵੇ ਕਿ ਉਹਨਾਂ ਨੇ ਕੇਵਲ ਗੁਰ-ਸ਼ਬਦ ਦੀ ਵਿਚਾਰ ਅਤੇ ਗੁਰ ਇਤਿਹਾਸ ਦੇ ਵਿਖਿਆਨ ਨੂੰ ਸੁਣ ਕੇ, ਸਮਝ ਕੇ ਅਤੇ ਧਾਰਨ ਕਰਕੇ ਪ੍ਰਭੂ-ਭਗਤੀ ਵਿਚ ਵਿਲੀਨ ਹੋਣਾ ਹੈ। ਕੇਵਲ ਉਸੇ ਜਨ ਸਮੂਹ ਨੂੰ ਅਸਲ ਵਿਚ ਸੱਚੀ ਸਾਧ-ਸੰਗਤ ਕਿਹਾ ਜਾਂਦਾ ਹੈ ਜਿਸ ਨੇ ਸਿਰਫ ਇੱਕੋ ਹੀ ਅਧਿਆਤਮਿਕ ਨਿਸ਼ਾਨੇ ਜਾਂ ਉਦੇਸ਼ ਨੂੰ ਪ੍ਰਾਪਤ ਕਰਨ ਲਈ ਆਪਣੇ ਮਨ ਦੀਆਂ ਸਾਰੀਆਂ ਬ੍ਰਿਤੀਆਂ ਨੂੰ ਸਿਰਫ ਇਕ ਥਾਂ ਇਕਾਗਰ ਕਰਨ ਵਾਲੇ ਜਨ ਸਮੂਹ ਨੂੰ ਗੁਰੂ ਦਾ ਰੂਪ ਮੰਨ ਲਿਆ ਜਾਂਦਾ ਹੈ।"[87]

ਡਾ. ਬਲਵਿੰਦਰਜੀਤ ਕੌਰ ਭੱਟੀ ਨੇ ਸਤਿਸੰਗਤ ਬਾਰੇ ਲਿਖਿਆ ਹੈ ਕਿ "ਸਮਾਜਕ ਤੌਰ 'ਤੇ ਗੁਰਮਤਿ ਵਿਚਾਰਧਾਰਾ ਤਿੰਨ ਥੰਮਾਂ ਉਪਰ ਉਸਾਰੀ ਗਈ ਹੈ। ਇਹ ਹਨ ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ। ਗੁਰਦੁਆਰੇ ਦੀ ਸੰਸਥਾ ਸਭ ਤੋਂ ਪਹਿਲਾਂ ਕਿਰਤ ਕਰਨ ਦੀ ਸਲਾਹ ਦਿੰਦੀ ਹੈ। ਨਿਰਾ ਕਿਰਤ ਕਰਨ ਦਾ ਹੀ ਨਹੀਂ ਬਲਕਿ ਕੀਤੀ ਕਿਰਤ ਦੇ ਫਲ ਜਾਂ ਉਤਪਾਦਨ ਨੂੰ ਵੰਡ ਕੇ ਛਕਣ ਦੀ ਸਿੱਖਿਆ ਵੀ ਦਿੰਦੀ ਹੈ- ਗੁਰਦੁਆਰਾ- ਸਿੱਖ-ਸੰਗਤ ਨੂੰ ਨਾਮ-ਜਪਣ ਦਾ ਮੌਕਾ ਪ੍ਰਦਾਨ ਕਰਦਾ ਹੈ। ਸੰਗਤ ਉਦੋਂ ਹੀ ਸਤਿਸੰਗਤ ਦਾ

---

86 O.P. Ralhan, *Encyclopedia of Sikhism: Religion and Culture* (Vol 2), Page 399.

87 ਰਾਜਿੰਦਰ ਕੌਰ ਰੋਹੀ, *ਸ੍ਰੀ ਗੁਰੂ ਗ੍ਰੰਥ ਸਾਹਿਬ : ਅਧਿਆਤਮ ਤੇ ਵਿਵਹਾਰ*, ਪੰਜਾਬੀ ਯੂਨੀਵਰਸਿਟੀ, ਪਟਿਆਲਾ 2012, ਪੰਨਾ 74.

ਰੂਪ ਧਾਰਦੀ ਹੈ।"[88]

ਉਕਤ ਦੇ ਸੰਦਰਭ ਵਿਚ ਇਹ ਸਪੱਸ਼ਟ ਹੁੰਦਾ ਹੈ ਕਿ ਸਿੱਖ ਧਰਮ ਵਿਚ ਸਤਿਸੰਗਤ ਦਾ ਬਹੁਤ ਮਹੱਤਵ ਹੈ। ਹਰ ਸਿੱਖ ਆਪਣੇ ਧਾਰਮਿਕ ਅਸਥਾਨ ਤੇ ਜਾ ਕੇ ਸਤਿਸੰਗਤ ਵਿਚ ਜੁੜ ਕੇ ਬੈਠਦਾ ਹੈ। ਸਿੱਖ ਧਰਮ ਵਿਚ ਸਤਿਸੰਗਤ ਨਾਲ ਹੋਰ ਵੀ ਕਈ ਧਾਰਮਿਕ ਕਾਰਜ ਜੁੜੇ ਹੋਏ ਹਨ, ਜਿਹਨਾਂ ਦਾ ਵੇਰਵਾ ਨਿਮਨ ਅਨੁਸਾਰ ਹੈ ;

**(ੳ) ਨਿਤਨੇਮ**

ਧਾਰਮਿਕ ਭਾਸ਼ਾ ਵਿਚ ਨਿਤਨੇਮ ਦਾ ਅਰਥ ਹੈ ਉਹ ਕਰਮ ਜੋ ਰੋਜ਼ਾਨਾ ਕੀਤਾ ਜਾਵੇ। ਹਰ ਧਰਮ ਵਿਚ ਰੋਜ ਕਰਨ ਵਾਲੇ ਧਾਰਮਿਕ ਕਾਰਜਾਂ ਬਾਰੇ ਨਿਯਮ ਬਣੇ ਹੁੰਦੇ ਹਨ। ਇਸੇ ਤਰ੍ਹਾਂ ਹੀ ਸਿੱਖ ਧਰਮ ਦੇ ਪੈਰੋਕਾਰਾਂ ਲਈ ਨਿਤਨੇਮ ਸੰਬੰਧੀ ਨਿਯਮ ਬਣੇ ਹੋਏ ਹਨ। ਇਹ ਨਿਯਮ ਦੋ ਤਰ੍ਹਾਂ ਦੇ ਹਨ : ਵਿਅਕਤੀਗਤ ਅਤੇ ਸੰਗਤੀ। ਵਿਅਕਤੀਗਤ ਨਿਯਮਾਂ ਵਿਚ ਸਵੇਰੇ, ਸ਼ਾਮ ਅਤੇ ਰਾਤ ਵੇਲੇ ਪੜ੍ਹੀਆਂ ਜਾਣ ਵਾਲੀਆਂ ਬਾਣੀਆਂ ਦਾ ਵੇਰਵਾ ਸਿੱਖ ਰਹਿਤ ਮਰਿਆਦਾ ਵਿਚ ਦ੍ਰਿੜ ਕਰਵਾਇਆ ਗਿਆ ਹੈ ਅਤੇ ਸੰਗਤੀ ਨਿਤਨੇਮ ਵਿਚ ਗੁਰਬਾਣੀ ਕੀਰਤਨ ਦੇ ਨਾਲ-ਨਾਲ ਗੁਰਬਾਣੀ ਦੀ ਕਥਾ/ਵੀਚਾਰ ਆਦਿ ਸ਼ਾਮਿਲ ਹੈ। ਜਿਆਦਾਤਰ ਗੁਰਦੁਆਰਿਆਂ ਵਿਚ ਅੰਮ੍ਰਿਤ ਵੇਲੇ ਅਤੇ ਸੰਧਿਆ ਵੇਲੇ ਦੇ ਨਿਤਨੇਮ ਵਿਚ ਪੜ੍ਹੀਆਂ ਜਾਣ ਵਾਲੀਆਂ ਬਾਣੀਆਂ ਦੇ ਪਾਠ ਕਰਨ ਦਾ ਵੀ ਵਿਧਾਨ ਹੈ। ਗੁਰਦੁਆਰਾ ਸਾਹਿਬ ਵਿਚ ਅੰਮ੍ਰਿਤ ਵੇਲੇ ਜਪੁ, ਜਾਪੁ, ਸਵੈਯੇ, ਚੌਪਈ ਅਤੇ ਅਨੰਦੁ ਸਾਹਿਬ ਬਾਣੀਆਂ ਦਾ ਪਾਠ ਕੀਤਾ ਜਾਂਦਾ ਹੈ ਅਤੇ ਸ਼ਾਮ ਵੇਲੇ ਰਹਿਰਾਸਿ ਸਾਹਿਬ ਅਤੇ ਰਾਤ ਵੇਲੇ 'ਸੋਹਿਲਾ' ਬਾਣੀ ਦਾ ਪਾਠ ਕੀਤਾ ਜਾਂਦਾ ਹੈ।

ਜਦੋਂ ਗੁਰੂ ਨਾਨਕ ਦੇਵ ਜੀ ਉਦਾਸੀਆਂ ਤੋਂ ਬਾਅਦ ਆਪਣਾ ਨਿਵਾਸ ਕਰਤਾਰਪੁਰ ਵਿਖੇ ਕੀਤਾ ਤਾਂ ਉਸ ਸਮੇਂ ਨਿਤਨੇਮ ਸੰਬੰਧੀ ਜਿਹੜੀ ਮਰਿਆਦਾ ਦੀ ਸਥਾਪਨਾ ਕੀਤੀ, ਉਸ ਬਾਰੇ ਭਾਈ ਗੁਰਦਾਸ ਜੀ ਲਿਖਦੇ ਹਨ ਕਿ ਕਰਤਾਰਪੁਰ ਵਿਖੇ ਗੁਰੂ ਜੀ ਨੇ ਮੁਖੋਂ ਬਾਣੀ ਉਚਾਰੀ ਤਾਂ ਕਿ ਗਿਆਨ ਦਾ ਚਾਨਣ ਹੋ ਜਾਵੇ ਅਤੇ ਅਗਿਆਨ ਦਾ ਅੰਧੇਰਾ ਮਿਟ ਜਾਵੇ। ਗਿਆਨ-ਗੋਸਟਿ ਤੇ ਸੰਤਾਂ ਦੀਆਂ ਵਿਚਾਰ-ਚਰਚਾਵਾਂ ਹੋਣ

---

[88] ਬਲਵਿੰਦਰਜੀਤ ਕੌਰ ਭੱਟੀ, *ਸ੍ਰੀ ਗੁਰੂ ਗ੍ਰੰਥ ਸਾਹਿਬ : ਸਮਾਜਕ ਸਰੋਕਾਰ,* ਚੇਤਨਾ ਪ੍ਰਕਾਸ਼ਨ, ਲੁਧਿਆਣਾ, 2011, ਪੰਨਾ 67.

ਲੱਗੀਆਂ। ਇਕ ਰਸ ਸ਼ਬਦ ਦੀ ਧੁਨੀ ਹੋਣ ਲੱਗੀ। ਸੰਧਿਆ ਸਮੇਂ ਸੋਦਰ ਤੇ ਆਰਤੀ ਗਾਈ ਜਾਣ ਲੱਗੀ ਅਤੇ ਅੰਮ੍ਰਿਤ ਵੇਲੇ ਜਪੁਜੀ ਦੇ ਪਾਠ ਦਾ ਉਚਾਰਨ ਹੋਣ ਲੱਗਿਆ :

*ਬਾਣੀ ਮੁਖਹੁ ਉਚਾਰੀਐ ਹੁਇ ਰੁਸਨਾਈ ਮਿਟੈ ਅੰਧਾਰਾ।*

*ਗਿਆਨੁ ਗੋਸਟਿ ਚਰਚਾ ਸਦਾ ਅਨਹਦਿ ਸਬਦਿ ਉਠੇ ਧੁਨਕਾਰਾ।।*

*ਸੋਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ।।* [89]

ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਹਰ ਗੁਰਸਿੱਖ ਲਈ ਅੰਮ੍ਰਿਤ ਵੇਲੇ ਓਤੇ ਸੰਧਿਆ ਵੇਲੇ ਦੇ ਨਿਤਨੇਮ ਬਾਰੇ ਰਹਿਤ ਪੂਰਨ ਤੌਰ ਤੇ ਲਾਜ਼ਮੀ ਕਰ ਦਿੱਤੀ, ਜਿਸ ਸੰਬੰਧੀ ਭਾਈ ਨੰਦ ਲਾਲ ਜੀ ਨੇ ਰਹਿਤਨਾਮੇ ਵਿਚ ਜ਼ਿਕਰ ਇੰਞ ਕੀਤਾ ਹੈ :

*ਗੁਰਸਿਖ ਰਹਿਤ ਸੁਨਹੁ ਮੇਰੇ ਮੀਤ। ਉਠਿ ਪ੍ਰਭਾਤ ਕਰੇ ਹਿਤ ਚੀਤ।*

*ਵਾਹਿਗੁਰੂ ਪੁਨ ਮੰਤ੍ਰ ਸੁ ਜਾਪ। ਕਰ ਇਸਨਾਨ ਪੜ੍ਹੇ ਜਪੁ ਜਾਪ।1।*

*ਦਰਸ਼ਨ ਕਰੇ ਮੇਰਾ ਪੁਨ ਆਇ। ਅਦਬ ਸਿਉਂ ਬੈਠ ਰਹਹਿ ਚਿਤ ਲਾਇ।*

*ਤੀਨ ਪਹਿਰ ਜਬ ਬੀਤੇ ਜਾਨ। ਕਥਾ ਸੁਨੇ ਗੁਰ ਹਿਤ ਚਿਤ ਠਾਨ।2।*

*ਸੰਧਿਆ ਸਮੇਂ ਸੁਨੇ ਰਹਰਾਸਿ। ਕੀਰਤਨ ਕਥਾ ਸੁਨੈ ਹਰਿ ਜਾਸ। ...*

*ਸਬਦ ਸੁਨੈ ਗੁਰ ਹਿਤ ਚਿਤ ਲਾਇ। ਗਿਆਨ ਸ਼ਬਦ ਗੁਰ ਸੁਨੈ ਸੁਨਾਇ।* [90]

**(ਅ) ਕੀਰਤਨ**

ਸਿੱਖ ਧਰਮ ਵਿਚ ਗੁਰਬਾਣੀ ਕੀਰਤਨ ਦਾ ਬਹੁਤ ਮਹੱਤਵ ਹੈ। ਗੁਰਬਾਣੀ ਨੂੰ ਗਾਇਣ ਕਰਨ ਦੀ ਸ਼ੈਲੀ ਨੂੰ ਕੀਰਤਨ ਆਖਿਆ ਜਾਂਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, 1. "ਕਥਨ. ਵਯਾਖਯਾਨ। 2. ਗੁਰੁਮਤ ਵਿੱਚ ਰਾਗ ਸਹਿਤ ਕਰਤਾਰ ਦੇ ਗੁਣ ਗਾਉਣ ਦਾ ਨਾਉਂ 'ਕੀਰਤਨ' ਹੈ।"[91]

ਗੁਰੂ ਅਰਜਨ ਦੇਵ ਜੀ ਕੀਰਤਨ ਨੂੰ ਨਿਰਮੋਲਕ ਹੀਰਾ ਆਖ ਕੇ ਇਸਦੀ ਵਡਿਆਈ ਕਰਦੇ ਹਨ,

---

89 *ਵਾਰਾਂ ਭਾਈ ਗੁਰਦਾਸ ਜੀ,* ਵਾਰ 1, ਪਉੜੀ 38, ਪੰਨਾ 19.

90 ਪਿਆਰਾ ਸਿੰਘ ਪਦਮ (ਸੰਪਾ.), *ਰਹਿਤਨਾਮੇ,* ਰਹਿਤਨਾਮਾ ਭਾਈ ਨੰਦ ਲਾਲ, ਪੰਨਾ 55.

91 ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 332.

ਜਿਸ ਦੇ ਕਰਨ ਨਾਲ ਗੁਣਾਂ ਦੇ ਸਾਗਰ ਪਰਮਾਤਮਾ ਦਾ ਮਿਲਾਪ ਰੂਪੀ ਅਨੰਦ ਪ੍ਰਾਪਤ ਹੋ ਜਾਂਦਾ ਹੈ :

*ਕੀਰਤਨੁ ਨਿਰਮੋਲਕ ਹੀਰਾ।। ਆਨੰਦ ਗੁਣੀ ਗਹੀਰਾ।।* [92]

ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਗੁਰਦੁਆਰੇ ਵਿਚ ਹਾਜਰ ਹੋ ਕੇ ਮਨੁੱਖ ਨੂੰ ਕੀਰਤਨ ਸੁਣਨਾ ਚਾਹੀਦਾ ਹੈ। ਸਤਿਗੁਰੂ ਨੂੰ ਮਿਲਣ ਤੇ ਹਰੀ ਦਾ ਜਸ ਮੁੱਖ ਤੋਂ ਉਚਾਰਨ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਕਰਨ ਨਾਲ ਸਤਿਗੁਰੂ ਮਨੁੱਖ ਦੇ ਸਾਰੇ ਕਲਹ-ਕਲੇਸ਼ ਮਿਟਾ ਦਿੰਦਾ ਹੈ ਅਤੇ ਪਰਮਾਤਮਾ ਦੀ ਹਜੂਰੀ ਵਿਚ ਮਾਣ ਬਖਸ਼ਦਾ ਹੈ :

*ਗੁਰ ਦੁਆਰੈ ਹਰਿ ਕੀਰਤਨੁ ਸੁਣੀਐ।।*

*ਸਤਿਗੁਰੁ ਭੇਟਿ ਹਰਿ ਜਸੁ ਮੁਖਿ ਭਣੀਐ।।*

*ਕਲਿ ਕਲੇਸ ਮਿਟਾਏ ਸਤਿਗੁਰੁ ਹਰਿ ਦਰਗਹ ਦੇਵੈ ਮਾਨਾਂ ਹੇ।।* [93]

ਗੁਰਬਾਣੀ ਦਾ ਫੁਰਮਾਨ ਹੈ ਕਿ ਜਿਹੜਾ ਵਿਅਕਤੀ ਸ੍ਰਿਸ਼ਟੀ ਦੇ ਰੱਖਿਅਕ ਪਰਮਾਤਮਾ ਦਾ ਕੀਰਤਨ ਕਰਦਾ ਹੈ, ਉਸ ਨੂੰ ਕਦੇ ਵੀ ਜਮਕਾਲ ਨਹੀਂ ਪੋਹ ਸਕਦਾ। ਉਸ ਮਨੁੱਖ ਦਾ ਜਗਤ ਵਿਚ ਆਇਆ ਸਫਲ ਹੋ ਜਾਂਦਾ ਹੈ, ਜਿਸ ਨੇ ਗੁਰੂ ਦੀ ਸ਼ਰਨ ਵਿਚ ਪੈ ਕੇ ਆਪਣੇ ਮਾਲਕ ਪਰਮਾਤਮਾ ਦੀ ਪਛਾਣ ਕਰ ਲਈ ਹੈ :

*ਜੋ ਜਨੁ ਕਰੈ ਕੀਰਤਨੁ ਗੋਪਾਲ।। ਤਿਸ ਕਉ ਪੋਹਿ ਨ ਸਕੈ ਜਮਕਾਲੁ।।*

*ਜਗ ਮਹਿ ਆਇਆ ਸੋ ਪਰਵਾਣੁ।। ਗੁਰਮੁਖਿ ਅਪਨਾ ਖਸਮੁ ਪਛਾਣੁ।।* [94]

ਕੀਰਤਨ ਭਾਵ ਪਰਮਾਤਮਾ ਦੀ ਕੀਰਤੀ ਗਾਉਣ ਨਾਲ ਮਨੁੱਖ ਦੇ ਆਵਾਗਵਣ ਦਾ ਚੱਕਰ ਖਤਮ ਹੋ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਦਾ ਫੁਰਮਾਣ ਹੈ ਕਿ ਦਿਨ-ਰਾਤ ਭਾਵ ਹਰ ਵੇਲੇ ਪਰਮਾਤਮਾ ਦੀ ਸਿਫਤ-ਸਲਾਹ ਦਾ ਕੀਰਤਨ ਕਰਨ ਨਾਲ, ਮਨੁੱਖ ਮੁੜ ਕੇ ਜੂਨਾਂ ਭਾਵ ਜਨਮ-ਮਰਨ ਦੇ ਗੇੜ ਵਿਚ ਨਹੀਂ ਪੈਂਦਾ :

*ਹਰਿ ਦਿਨੁ ਰੈਨਿ ਕੀਰਤਨੁ ਗਾਈਐ।। ਬਹੁੜਿ ਨ ਜੋਨੀ ਪਾਈਐ।।* [95]

---

[92] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 893.

[93] ਉਹੀ, ਪੰਨਾ 1075.

[94] ਉਹੀ, ਪੰਨਾ 867.

[95] ਉਹੀ, ਪੰਨਾ 623.

ਗੁਰੂ ਜੀ ਆਪਣੇ ਮਨ ਨੂੰ ਸੰਬੋਧਨ ਹੁੰਦਿਆਂ ਮਨੁੱਖ ਨੂੰ ਉਪਦੇਸ਼ ਕਰਦੇ ਹਨ ਕਿ ਹੇ ਮੇਰੇ ਮਨ ! ਪਰਮਾਤਮਾ ਦਾ ਕੀਰਤਨ ਕਰਨ ਨਾਲ ਤੇਰਾ ਉਧਾਰ ਹੋਵੇਗਾ :

*ਨਾਨਕੁ ਕਹੈ ਸੁਨਿ ਰੇ ਮਨਾ ਕਰਿ ਕੀਰਤਨੁ ਹੋਇ ਉਧਾਰੁ।।* [96]

ਰਤਨ ਸਿੰਘ ਜੱਗੀ ਅਨੁਸਾਰ, "ਭਗਤੀ-ਭਾਵਨਾ ਨੂੰ ਪ੍ਰਗਟ ਕਰਨ ਲਈ ਕੀਰਤਨ ਦਾ ਵਿਸ਼ੇਸ਼ ਮਹੱਤਵ ਹੈ। 'ਕੀਰਤਨ' ਤੋਂ ਭਾਵ ਹੈ ਪਰਮਾਤਮਾ ਦੇ ਗੁਣਾਂ ਦਾ ਯਸ਼ ਗਾਉਣਾ।...ਗੁਰਮਤਿ ਵਿਚ ਕੀਰਤਨ ਨੂੰ ਉਚੇਰਾ ਮਹੱਤਵ ਅਤੇ ਸਥਾਨ ਪ੍ਰਾਪਤ ਹੈ। ਇਸਨੂੰ ਮਨੁੱਖ ਦੀ ਅਧਿਆਤਮਕ ਅਗਵਾਈ ਦਾ ਸਰਬੋਤਮ ਸਾਧਨ ਦਸਿਆ ਗਿਆ ਹੈ।"[97]

ਸਿੱਖ ਧਰਮ ਵਿਚ ਗੁਰਬਾਣੀ ਕੀਰਤਨ ਦਾ ਇਕ ਵਿਧਾਨ ਹੈ। ਵਿਅਕਤੀਗਤ ਰੂਪ ਵਿਚ ਕੀਰਤਨ ਭਾਵੇਂ ਕੋਈ ਵੀ ਕਰ ਸਕਦਾ ਹੈ ਪਰ ਗੁਰਦੁਆਰੇ ਅੰਦਰ ਸਤਿਸੰਗਤ ਵਿਚ ਕੀਰਤਨ ਕਰਨ ਦੀ ਇਕ ਮਰਿਆਦਾ ਹੈ। ਇਸ ਸੰਬੰਧੀ ਸਿੱਖ ਰਹਿਤ ਮਰਿਆਦਾ ਵਿਚ ਲਿਖਿਆ ਹੈ ਕਿ, "ਸੰਗਤ ਵਿਚ ਕੀਰਤਨ ਕੇਵਲ ਸਿੱਖ ਹੀ ਕਰ ਸਕਦਾ ਹੈ। ਕੀਰਤਨ ਗੁਰਬਾਣੀ ਨੂੰ ਰਾਗਾਂ ਵਿਚ ਉਚਾਰਨ ਕਰਨ ਨੂੰ ਕਹਿੰਦੇ ਹਨ। ਸੰਗਤ ਵਿਚ ਕੀਰਤਨ ਕੇਵਲ ਗੁਰਬਾਣੀ ਜਾਂ ਇਸ ਦੀ ਵਿਆਖਿਆ-ਸਰੂਪ ਰਚਨਾ ਭਾਈ ਗੁਰਦਾਸ ਜੀ ਤੇ ਭਾਈ ਨੰਦ ਲਾਲ ਜੀ ਦੀ ਬਾਣੀ ਦਾ ਹੋ ਸਕਦਾ ਹੈ।"[98]

**(ੲ) ਕਥਾ**

ਸਿੱਖ ਧਰਮ ਵਿਚ ਕਥਾ ਤੋਂ ਭਾਵ ਗੁਰਬਾਣੀ ਦੇ ਅਰਥ-ਵਿਚਾਰ, ਇਤਿਹਾਸਕ ਪ੍ਰਸੰਗਾਂ ਅਤੇ ਉਥਾਨਕਾਵਾਂ ਸਹਿਤ ਸਪੱਸ਼ਟ ਕਰਨ ਤੋਂ ਹੈ। ਗੁਰਦੁਆਰਿਆਂ ਵਿਚ ਗੁਰਬਾਣੀ ਅਤੇ ਗੁਰ-ਇਤਿਹਾਸ ਦੀ ਕਥਾ ਦੀ ਪਰੰਪਰਾ ਕਾਇਮ ਹੈ। ਭਾਈ ਕਾਨ੍ਹ ਸਿੰਘ ਨਾਭਾ ਕਥਾ ਦੇ ਅਰਥ, "ਬਾਤ. ਪ੍ਰਸੰਗ. ਬਿਆਨ. ਵਯਾਖਯਾ। ਕਿਸੇ ਵਾਕ ਦੇ ਅਰਥ ਦਾ ਵਰਣਨ"[99] ਲਿਖਦੇ ਹਨ।

ਰਤਨ ਸਿੰਘ ਜੱਗੀ ਕਥਾ ਬਾਰੇ ਲਿਖਦੇ ਹਨ ਕਿ, "ਇਸ ਦਾ ਸ਼ਾਬਦਿਕ ਅਰਥ ਹੈ ਵਰਣਨ ਜਾਂ

96 *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 214.

97 ਰਤਨ ਸਿੰਘ ਜੱਗੀ, *ਗੁਰੂ ਗ੍ਰੰਥ ਵਿਸ਼ਵਕੋਸ਼* (ਭਾਗ ਪਹਿਲਾ), ਪੰਨਾ 340.

98 *ਸਿੱਖ ਰਹਿਤ ਮਰਿਆਦਾ,* ਪੰਨਾ 11.

99 ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 293.

ਵਿਆਖਿਆ। ਧਾਰਮਿਕ ਰਮਜ਼ਾਂ ਜਾਂ ਵਿਸ਼ਿਆਂ ਨੂੰ ਜੋ ਕਈ ਵਾਰ ਸੰਖਿਪਤ ਜਾਂ ਸੰਕੇਤਿਕ ਰੂਪ ਵਿਚ ਹੁੰਦੇ ਹਨ, ਸਪੱਸ਼ਟ ਕਰਨ ਲਈ ਜੋ ਬ੍ਰਿੱਤਾਂਤ ਦਿੱਤਾ ਜਾਂਦਾ ਹੈ, ਉਸਨੂੰ ਵੀ 'ਕਥਾ' ਕਿਹਾ ਜਾਂਦਾ ਹੈ।"[100]

ਡਾ. ਬਲਵਿੰਦਰਜੀਤ ਕੌਰ ਭੱਟੀ ਗੁਰਦੁਆਰਿਆਂ ਵਿਚ 'ਕਥਾ' ਕਰਨ ਦੇ ਮਨੋਰਥ ਸੰਬੰਧੀ ਲਿਖਦੇ ਹਨ ਕਿ, "ਸਿੱਖ ਧਰਮ, ਸਿੱਖ ਗੁਰੂ ਸਾਹਿਬਾਨ ਅਤੇ ਸਿੱਖ ਇਤਿਹਾਸ ਨਾਲ ਸੰਬੰਧਿਤ ਘਟਨਾਵਾਂ ਦੀ 'ਕਥਾ' ਕਰਕੇ ਸੰਗਤਾਂ ਵਿਚ ਸਿੱਖ ਧਰਮ ਪ੍ਰਤੀ ਸਤਿਕਾਰ ਅਤੇ ਸ਼ਰਧਾ ਪੈਦਾ ਕਰਨ ਅਤੇ ਆਪਣੀ ਇਤਿਹਾਸਕ ਵਿਰਾਸਤ ਨੂੰ ਸੰਗਤ ਤੀਕ ਪਹੁੰਚਾਉਣ ਦਾ ਯਤਨ ਕੀਤਾ ਜਾਂਦਾ ਹੈ।"[101]

ਸਿੱਖ ਧਰਮ ਵਿਚ ਕਥਾ ਵਿਚਾਰ ਦੀ ਬਹੁਤ ਮਹੱਤਤਾ ਹੈ। ਗੁਰੂ ਰਾਮਦਾਸ ਜੀ ਦਾ ਫ਼ੁਰਮਾਨ ਹੈ ਕਿ ਪਰਮਾਤਮਾ ਦੇ ਗੁਣਾਂ ਨੂੰ ਪੜ੍ਹਨਾ ਚਾਹੀਦਾ ਹੈ ਅਤੇ ਉਹਨਾਂ ਗੁਣਾਂ ਦੀ ਵਿਚਾਰ ਕਰਨੀ ਚਾਹੀਦੀ ਹੈ। ਪਰਮਾਤਮਾ ਦੇ ਨਾਮ ਦੀ ਕਥਾ ਸਦੀਵ ਸਰਵਣ ਕਰਨੀ ਚਾਹੀਦੀ ਹੈ। ਸਾਧਸੰਗਤਿ ਵਿਚ ਜੁੜ ਕੇ ਪਰਮਾਤਮਾ ਦੇ ਗੁਣ ਗਾਉਣ ਨਾਲ ਕਠਿਨ ਤੇ ਭੈਅਦਾਇਕ ਸੰਸਾਰ ਸਮੁੰਦਰ ਤੋਂ ਪਾਰ ਹੋਣਾ ਸੁਖਾਲਾ ਹੋ ਜਾਂਦਾ ਹੈ :

*ਹਰਿ ਗੁਣ ਪੜੀਐ ਹਰਿ ਗੁਣ ਗੁਣੀਐ।। ਹਰਿ ਹਰਿ ਨਾਮ ਕਥਾ ਨਿਤ ਸੁਣੀਐ।।*

*ਮਿਲਿ ਸਤਸੰਗਤਿ ਹਰਿ ਗੁਣ ਗਾਏ ਜਗੁ ਭਉਜਲੁ ਦੁਤਰੁ ਤਰੀਐ ਜੀਉ।।*[102]

ਪਰਮਾਤਮਾ ਦੇ ਗੁਣਾਂ ਦਾ ਗਾਇਣ ਰੂਪ ਕਥਾ ਕਰਨ ਨਾਲ ਆਤਮਕ ਤੌਰ ਤੇ ਸੁੱਕਾ ਹੋਇਆ ਮਨ ਹਰਾ ਹੋ ਜਾਂਦਾ ਹੈ। ਪਰਮਾਤਮਾ ਦੀ ਸਿਫਤ-ਸਾਲਾਹ ਦੀ ਕਥਾ ਸੁਣਨ ਨਾਲ ਵਿਕਾਰਾਂ ਰੂਪੀ ਸਾਰੀ ਮੈਲ ਦੂਰ ਹੋ ਜਾਂਦੀ ਹੈ :

*ਗੁਣ ਗਾਵਤ ਮਨੁ ਹਰਿਆ ਹੋਵੈ।। ਕਥਾ ਸੁਣਤ ਮਲੁ ਸਗਲੀ ਖੋਵੈ।।*[103]

ਜੇ ਕਥਾ ਦੇ ਇਤਿਹਾਸ ਦੀ ਗੱਲ ਕਰੀਏ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦੇ ਨਾਲ ਹੀ

---

[100] ਰਤਨ ਸਿੰਘ ਜੱਗੀ, *ਗੁਰੂ ਗ੍ਰੰਥ ਵਿਸ਼ਵਕੋਸ਼* (ਭਾਗ ਪਹਿਲਾ), ਪੰਨਾ 298.

[101] ਗੁਰਸ਼ਰਨਜੀਤ ਸਿੰਘ (ਸੰਪਾ.), *ਗੁਰੂ ਨਾਨਕ ਦੇਵ ਜੀ ਅਤੇ ਗੁਰਦੁਆਰਾ ਸੰਸਥਾ,* ਬਲਵਿੰਦਰਜੀਤ ਕੌਰ ਭੱਟੀ, ਗੁਰਦੁਆਰਿਆਂ ਦੀ ਸੰਸਥਾ ਦੀ ਉਤਪਤੀ ਅਤੇ ਇਸ ਦਾ ਸਮਾਜਕ ਮਹੱਤਵ, ਪੰਨਾ 202. (ਅਪ੍ਰਕਾਸ਼ਿਤ ਪ੍ਰੋਸੀਡਿੰਗ).

[102] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 95.

[103] ਉਹੀ, ਪੰਨਾ 104.

ਇਸਦੀ ਵਿਆਖਿਆ ਕਰਨ ਦੀ ਪਰੰਪਰਾ ਦਾ ਆਰੰਭ ਹੋ ਗਿਆ ਸੀ। ਗੁਰਬਾਣੀ ਵਿਚਲੇ ਗੂੜ ਰਹੱਸਾਂ ਨੂੰ ਆਮ ਸ਼ਰਧਾਲੂਆਂ ਨੂੰ ਸਮਝਾਉਣ ਲਈ ਕਥਾ ਕਰਨ ਦੀ ਵਿਧੀ ਦਾ ਆਰੰਭ ਹੋਇਆ। ਜਦੋਂ ਕੋਈ ਕਥਾਕਾਰ ਗੁਰਬਾਣੀ ਵਿਚਲੇ ਕਿਸੇ ਸ਼ਬਦ ਦੀ ਕਥਾ ਕਰਦਾ ਹੈ ਤਾਂ ਉਹ ਉਸ ਸ਼ਬਦ ਦੇ ਰਹੱਸਾਂ ਨੂੰ ਗੁਰਬਾਣੀ ਦੇ ਪ੍ਰਮਾਣ ਜਾਂ ਸਿੱਖ ਇਤਿਹਾਸ ਵਿਚਲੇ ਹਵਾਲਿਆਂ ਸਹਿਤ ਸੰਗਤ ਸਾਹਮਣੇ ਉਜਾਗਰ ਕਰਦਾ ਹੈ। ਹੁਣ ਵੀ ਗੁਰਦੁਆਰਿਆਂ ਵਿਚ ਸਵੇਰ ਵੇਲੇ ਗੁਰਬਾਣੀ ਦੇ ਹੁਕਮਨਾਮੇ ਦੀ ਅਤੇ ਸ਼ਾਮ ਨੂੰ *'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ'* ਦੀ ਕਥਾ ਕਰਨ ਦੀ ਪਰੰਪਰਾ ਹੈ।

**(ਸ) ਅਰਦਾਸ**

ਸਿੱਖ ਧਰਮ ਵਿਚ ਅਰਦਾਸ ਦਾ ਬਹੁਤ ਮਹਤਵ ਹੈ। ਭਾਈ ਕਾਨ੍ਹ ਸਿੰਘ ਨਾਭਾ 'ਅਰਦਾਸ' ਦੇ ਅਰਥ, "ਪ੍ਰਾਰਥਨਾ. ਬੇਨਤੀ. ਵਿਨਯ" ਆਦਿ ਕਰਦੇ ਹਨ। ਸਿੱਖ ਧਰਮ ਵਿਚ ਨਿੱਤ ਨੇਮ ਦੀ ਬਾਣੀ ਦਾ ਪਾਠ ਕਰਕੇ ਅਤੇ ਹੋਰ ਅਨੇਕ ਕਾਰਜਾਂ ਦੀ ਨਿਰਵਿਘਨ ਪੂਰਤੀ ਲਈ, ਕੇਵਲ ਕਰਤਾਰ ਅੱਗੇ ਅਰਦਾਸ ਕਰਨੀ ਵਿਧਾਨ ਹੈ।[104]

ਅਰਦਾਸ ਦੇ ਦੋ ਵਿਧਾਨ ਹਨ: ਵਿਅਕਤੀਗਤ ਅਤੇ ਸੰਗਤੀ। ਵਿਅਕਤੀਗਤ ਅਰਦਾਸ ਵਿਚ ਵਿਅਕਤੀ ਆਪਣੇ ਭਾਵਾਂ ਦਾ ਪ੍ਰਗਟਾਵਾ ਪਰਮਾਤਮਾ ਅੱਗੇ ਕਰਦਾ ਹੈ। ਵਿਅਕਤੀਗਤ ਅਰਦਾਸ ਵਿਚ ਸ਼ਬਦਾਂ ਦੀ ਕੋਈ ਸੀਮਾ ਨਹੀਂ ਹੁੰਦੀ। ਮਨੁੱਖ ਕਿਸੇ ਵੀ ਤਰੀਕੇ ਆਪਣੇ ਇਸ਼ਟ ਅੱਗੇ ਅਰਦਾਸ ਕਰ ਸਕਦਾ ਹੈ। ਗੁਰਦੁਆਰੇ ਅੰਦਰ ਹਰ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਆਪਣੀ ਵੇਦਨਾ ਵੀ ਅਰਦਾਸ ਦੇ ਰੂਪ ਵਿਚ ਜਾਹਰ ਕਰਦਾ ਹੈ, ਉਹ ਅਰਦਾਸ ਦਾ ਵਿਅਕਤੀਗਤ ਸਰੂਪ ਹੁੰਦਾ ਹੈ। ਸੰਗਤੀ ਅਰਦਾਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਖੜ੍ਹੇ ਹੋ ਕੇ ਅਰਦਾਸ ਕਰਨ ਦਾ ਵਿਧਾਨ ਹੈ। ਇਸ ਤਰ੍ਹਾਂ ਸੰਗਤੀ ਰੂਪ ਵਿਚ ਕੀਤੀ ਜਾਣ ਵਾਲੀ ਅਰਦਾਸ 'ਸਿੱਖ ਰਹਿਤ ਮਰਿਆਦਾ' ਵਿਚ ਅੰਕਿਤ ਹੈ। ਇਸ ਤੋਂ ਇਲਾਵਾ ਜਿਸ ਮਕਸਦ ਲਈ ਅਰਦਾਸ ਕੀਤੀ ਜਾਣੀ ਹੈ, ਉਸਦਾ ਵੇਰਵਾ ਉਸ ਅਰਦਾਸ ਵਿਚ ਸ਼ਾਮਿਲ ਕਰ ਲਿਆ ਜਾਂਦਾ ਹੈ।

ਗੁਰੂ ਅੰਗਦ ਦੇਵ ਜੀ ਦਾ ਫ਼ੁਰਮਾਨ ਹੈ ਕਿ ਪਰਮਾਤਮਾ ਨੇ ਆਪ ਜੀਵ ਪੈਦਾ ਕੀਤੇ ਹਨ, ਉਹਨਾਂ ਦੀ

---

[104] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 81.

ਅਵਸਥਾ ਆਪ ਹੀ ਜਾਣਦਾ ਹੈ ਅਤੇ ਆਪ ਹੀ ਉਹਨਾਂ ਦੇ ਕਾਰਜ ਸੰਪੂਰਨ ਕਰਦਾ ਹੈ। ਗੁਰੂ ਜੀ ਫੁਰਮਾਉਂਦੇ ਹਨ ਕਿ ਐਸੇ ਸਮਰਥ ਪਰਮਾਤਮਾ ਦੇ ਅੱਗੇ ਖੜੇ ਹੋ ਕੇ ਅਦਬ ਨਾਲ ਅਰਦਾਸ ਕਰਨੀ ਚਾਹੀਦੀ ਹੈ :

*ਆਪੇ ਜਾਣੈ ਕਰੇ ਆਪਿ ਆਪੇ ਆਣੈ ਰਾਸਿ।।*

*ਤਿਸੈ ਅਗੈ ਨਾਨਕਾ ਖਲਿਇ ਕੀਚੈ ਅਰਦਾਸਿ।।* [105]

ਗੁਰੂ ਅਰਜਨ ਦੇਵ ਜੀ ਫੁਰਮਾਨ ਕਰਦੇ ਹਨ ਕਿ ਅਰਦਾਸ ਕਰਨਾ ਜਗਿਆਸੂ ਦਾ ਕਰਮ ਹੈ ਅਤੇ ਉਸਨੂੰ ਸੰਪੂਰਨ ਕਰਨਾ ਪਰਮਾਤਮਾ ਦੀ ਮਿਹਰ ਉਤੇ ਨਿਰਭਰ ਕਰਦਾ ਹੈ। ਗੁਰੂ ਜੀ ਫੁਰਮਾਉਂਦੇ ਹਨ ਕਿ ਹੇ ਪਰਮਾਤਮਾ ! ਮੈਂ ਆਪਣੇ ਦੋਵੇਂ ਹੱਥ ਜੋੜ ਕੇ ਤੇਰੇ ਅੱਗੇ ਅਰਦਾਸ ਕਰਦਾ ਹਾਂ, ਜਦੋਂ ਤੇਰੀ ਰਜ਼ਾ ਹੋਵੇ ਤਾਂ ਉਹ ਰਾਸਿ ਭਾਵ ਸੰਪੂਰਨ ਹੁੰਦੀ ਹੈ :

*ਦੁਇ ਕਰ ਜੋੜਿ ਕਰਉ ਅਰਦਾਸਿ।।*

*ਤੁਧੁ ਭਾਵੈ ਤਾ ਆਣਹਿ ਰਾਸਿ।।* [106]

ਗੁਰਬਾਣੀ ਦਾ ਫੁਰਮਾਨ ਹੈ ਕਿ ਜਿਹੜਾ ਪਰਮਾਤਮਾ ਸਾਰੇ ਸੁੱਖਾਂ ਨੂੰ ਦੇਣ ਵਾਲਾ ਹੈ ਅਤੇ ਸਭ ਤਰ੍ਹਾਂ ਦੇ ਭੈਅ ਦਾ ਨਾਸ਼ ਕਰਤਾ ਹੈ, ਉਸ ਪਰਮੇਸ਼ਰ ਦੇ ਅੱਗੇ ਅਰਦਾਸ ਕਰ। ਮਿਹਰਵਾਨ, ਕਿਰਪਾਲੂ ਪਰਮਾਤਮਾ ਜਿਸ ਮਨੁੱਖ ਤੇ ਆਪਣੀ ਮਿਹਰ ਭਰੀ ਦ੍ਰਿਸ਼ਟੀ ਕਰਦਾ ਹੈ, ਉਸ ਦੇ ਸਾਰੇ ਕਾਰਜ ਰਾਸ ਹੋ ਜਾਂਦੇ ਹਨ :

*ਸੁਖਦਾਤਾ ਭੈ ਭੰਜਨੋ ਤਿਸੁ ਆਗੈ ਕਰਿ ਅਰਦਾਸਿ।।*

*ਮਿਹਰ ਕਰੇ ਜਿਸੁ ਮਿਹਰਵਾਨੁ ਤਾਂ ਕਾਰਜੁ ਆਵੈ ਰਾਸਿ।।* [107]

ਜਿਹੜੇ ਮਨੁੱਖ ਸਾਧਸੰਗਤਿ ਵਿਚ ਆ ਕੇ ਆਪਣੇ ਗੁਰੂ ਅੱਗੇ ਅਰਦਾਸ ਕਰਦੇ ਹਨ, ਉਹਨਾਂ ਦੇ ਜੀਵਨ ਦੇ ਰਸਤੇ ਵਿਚ ਕੋਈ ਰੁਕਾਵਟ ਨਹੀਂ ਪੈਂਦੀ। ਪਰਮਾਤਮਾ ਆਪਣੇ ਭਗਤਾਂ ਦਾ ਰਖਵਾਲਾ ਹੈ ਅਤੇ ਉਸਦਾ ਨਾਮ ਸੰਤ ਜਨਾਂ ਦੀ ਰਾਸਿ ਹੈ :

*ਬਿਘਨੁ ਨ ਕੋਊ ਲਾਗਤਾ ਗੁਰ ਪਹਿ ਅਰਦਾਸਿ।।*

*ਰਖਵਾਲਾ ਗੋਬਿੰਦ ਰਾਇ ਭਗਤਨ ਕੀ ਰਾਸਿ।।* [108]

---

[105] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1093.

[106] ਉਹੀ, ਪੰਨਾ 737.

[107] ਉਹੀ, ਪੰਨਾ 44.

[108] ਉਹੀ, ਪੰਨੇ 816-17.

ਪਰਮਾਤਮਾ ਦਾ ਨਾਮ ਮਨੁੱਖ ਦੇ ਅੰਦਰੋਂ ਤਿੰਨੇ ਤਰ੍ਹਾਂ ਦੇ ਤਾਪ (ਆਧਿ, ਬਿਆਧਿ ਅਤੇ ਉਪਾਧਿ) ਨੂੰ ਦੂਰ ਕਰਨ ਵਾਲਾ ਹੈ, ਸਾਰੇ ਦੁੱਖਾਂ ਦਾ ਨਾਸ਼ ਕਰਨ ਵਾਲਾ ਹੈ ਅਤੇ ਸੁੱਖਾਂ ਦੀ ਰਾਸ ਹੈ। ਉਸ ਮਨੁੱਖ ਨੂੰ ਕੋਈ ਵੀ ਬਿਘਨ ਨਹੀਂ ਲੱਗਦਾ। ਉਸ ਦੇ ਜੀਵਨ ਦੇ ਰਸਤੇ ਵਿਚ ਕੋਈ ਵੀ ਰੁਕਾਵਟ ਨਹੀਂ ਆਉਂਦੀ। ਇਸ ਸੰਬੰਧੀ ਗੁਰਬਾਣੀ ਦਾ ਫੁਰਮਾਨ ਹੈ :

*ਤੀਨੇ ਤਾਪ ਨਿਵਾਰਣਹਾਰਾ ਦੁਖ ਹੰਤਾ ਸੁਖ ਰਾਸਿ।।*

*ਤਾ ਕਉ ਬਿਘਨੁ ਨ ਕੋਊ ਲਾਗੈ ਜਾ ਕੀ ਪ੍ਰਭ ਆਗੈ ਅਰਦਾਸਿ।।* [109]

ਪਰਮਾਤਮਾ ਦਾ ਨਾਮ ਜਪਣ ਵਾਲੇ ਮਨੁੱਖ ਦੀ ਇਕ ਸਮੇਂ ਅਧਿਆਤਮਕ ਅਵਸਥਾ ਅਜਿਹੀ ਬਣ ਜਾਂਦੀ ਹੈ ਜਦੋਂ ਪਰਮਾਤਮਾ ਉਸਦੀ ਭਾਵਨਾ ਉਸਦੇ ਬੋਲਣ ਤੋਂ ਬਿਨ੍ਹਾਂ ਹੀ ਭਾਵ ਬਿਨ੍ਹਾਂ ਅਰਦਾਸ, ਬੇਨਤੀ ਕੀਤਿਆਂ ਹੀ ਜਾਣ ਜਾਂਦਾ ਹੈ। ਇਸ ਲਈ ਉਸ ਪਰਮਾਤਮਾ ਨੂੰ ਛੱਡ ਕੇ ਹੋਰ ਕਿਸ ਅੱਗੇ ਅਰਦਾਸ ਕੀਤੀ ਜਾ ਸਕਦੀ ਹੈ :

*ਵਿਣੁ ਬੋਲਿਆ ਸਭੁ ਕਿਛੁ ਜਾਣਦਾ ਕਿਸੁ ਆਗੈ ਕੀਚੈ ਅਰਦਾਸਿ।।* [110]

ਇਸ ਤਰ੍ਹਾਂ ਅਰਦਾਸ ਹਰ ਸਿੱਖ ਦੇ ਜੀਵਨ ਦਾ ਅਹਿਮ ਹਿੱਸਾ ਹੈ। ਹਰ ਗੁਰਦੁਆਰੇ ਅੰਦਰ ਸੰਗਤੀ ਅਰਦਾਸ ਹਰ ਸਵੇਰ-ਸ਼ਾਮ ਦੇ ਨਿਤਨੇਮ ਤੋਂ ਬਾਅਦ ਅਤੇ ਹੋਰ ਕਿਸੇ ਵੀ ਤਰ੍ਹਾਂ ਦੇ ਕਾਰਜ ਦੀ ਆਰੰਭਤਾ ਅਤੇ ਸਮਾਪਤੀ ਉਤੇ ਕੀਤੀ ਜਾਂਦੀ ਹੈ। ਇਸ ਤਰ੍ਹਾਂ ਸਾਰੇ ਗੁਰਦੁਆਰਾ ਸਾਹਿਬਾਨ ਦੇ ਅੰਦਰ ਅਰਦਾਸ ਰੋਜਾਨਾ ਦੇ ਨਿਤਨੇਮ ਦਾ ਹੀ ਹਿੱਸਾ ਹੁੰਦੀ ਹੈ।

### 8.2 ਸਮੂਹਿਕ ਕਾਰਜ / ਪੰਥ ਨਾਲ ਸੰਬੰਧਿਤ ਕਾਰਜ

ਸਿੱਖ ਧਰਮ ਵਿਚ ਬਹੁਤ ਸਾਰੇ ਕਾਰਜ ਅਜਿਹੇ ਹਨ ਜਿਹੜੇ ਗੁਰਦੁਆਰੇ ਵਿਚ ਸਮੁੱਚਾ ਪੰਥ ਇਕੱਠਾ ਹੋ ਕੇ ਨਿਭਾਉਂਦਾ ਹੈ। ਇਹਨਾਂ ਕਾਰਜਾਂ ਦਾ ਵਰਣਨ ਨਿਮਨ ਅਨੁਸਾਰ ਹੈ :

#### (ੳ) ਗੁਰਪੁਰਬ

ਸਿੱਖ ਧਰਮ ਵਿਚ ਦਸ ਗੁਰੂ ਸਾਹਿਬਾਨ ਦੇ ਪ੍ਰਕਾਸ਼ ਪੁਰਬ, ਗੁਰਤਾ ਗੱਦੀ ਉਤੇ ਬਿਰਾਜਮਾਨ ਹੋਣ

---

109 *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 714.

110 ਉਹੀ, ਪੰਨਾ 1420.

ਦੇ ਦਿਵਸ, ਜੋਤੀ-ਜੋਤਿ ਜਾਂ ਸ਼ਹੀਦੀ ਦਿਵਸ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪੂਰਨਤਾ ਦਿਵਸ ਅਤੇ ਪਹਿਲਾ ਪ੍ਰਕਾਸ਼ ਪੁਰਬ ਆਦਿ ਗੁਰਪੁਰਬ ਗੁਰਦੁਆਰਿਆਂ ਅੰਦਰ ਪੰਥਕ ਰੂਪ ਵਿਚ ਮਨਾਉਣ ਦੀ ਰਵਾਇਤ ਹੈ।

ਭਾਈ ਕਾਨ੍ਹ ਸਿੰਘ 'ਗੁਰਪੁਰਬ' ਦੇ ਅਰਥ ਲਿਖਦੇ ਹਨ ਕਿ, "ਉਹ ਤਯੋਹਾਰ, ਜਿਸਦਾ ਗੁਰੂ ਨਾਲ ਸੰਬੰਧ ਹੈ।"[111]

ਭਾਈ ਗੁਰਦਾਸ ਜੀ ਗੁਰਪੁਰਬ ਸੰਬੰਧੀ ਇਸ ਤਰ੍ਹਾਂ ਫੁਰਮਾਉਂਦੇ ਹਨ ਕਿ ਪਹਿਲਾਂ ਗੁਰੂ ਜੀ ਸਿੱਖ ਨੂੰ ਆਪਣੇ ਚਰਨੀਂ ਲਗਾ ਕੇ ਉਪਦੇਸ਼ ਦਿੰਦੇ ਹਨ ਅਤੇ ਫਿਰ ਧਰਮਸਾਲਾ ਵਿਚ ਸਾਧ ਸੰਗਤਿ ਦੀ ਸੇਵਾ ਲਾਉਂਦੇ ਹਨ। ਸਿੱਖ ਪ੍ਰੇਮਾ ਭਗਤੀ ਨਾਲ ਪਰਮਾਤਮਾ ਨੂੰ ਸੇਂਵਦੇ ਅਤੇ ਗੁਰਪੁਰਬ ਮਨਾਉਂਦੇ ਹਨ। ਸ਼ਬਦ ਦਾ ਧਿਆਨ ਕਰਕੇ ਸੱਚੇ ਵਿਚ ਸੁਰਤਿ ਜੋੜ ਕੇ ਕੀਰਤਨ ਵਿਚ ਸੱਚੇ ਦੇ ਮੇਲ ਲਈ ਸਿੱਖ ਮਿਲਦੇ ਹਨ :

*ਪਹਿਲੇ ਗੁਰਿ ਉਪਦੇਸ ਦੇ ਸਿਖ ਪੈਰੀ ਪਾਏ।*

*ਸਾਧਸੰਗਤਿ ਕਰਿ ਧਰਮਸਾਲ ਸਿਖ ਸੇਵਾ ਲਾਏ।*

*ਭਾਇ ਭਗਤਿ ਭੈ ਸੇਵਦੇ ਗੁਰਪੁਰਬ ਕਰਾਏ।*

*ਸਬਦ ਸੁਰਤਿ ਲਿਵ ਕੀਰਤਨੁ ਸਚਿ ਮੇਲਿ ਮਿਲਾਏ।*[112]

**(ਅ) ਸਿੱਖ ਤਿਉਹਾਰ / ਸਮਾਗਮ**

ਗੁਰਦੁਆਰੇ ਅੰਦਰ ਸਿੱਖ ਪੰਥ ਨਾਲ ਸੰਬੰਧਿਤ ਧਾਰਮਿਕ ਤਿਉਹਾਰ ਵੀ ਸਮੂਹ ਸੰਗਤ ਦੁਆਰਾ ਮਿਲ-ਜੁਲ ਕੇ ਮਨਾਏ ਜਾਂਦੇ ਹਨ। ਇਹਨਾਂ ਤਿਉਹਾਰਾਂ ਵਿਚ 'ਹੋਲਾ-ਮਹੱਲਾ' ਅਨੰਦਪੁਰ ਸਾਹਿਬ ਵਿਚ, 'ਰੱਖੜ ਪੁੰਨਿਆ' ਬਾਬਾ ਬਕਾਲਾ ਵਿਖੇ, 'ਦੁਸ਼ਹਿਰਾ' ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਅਤੇ ਚਮਕੌਰ ਸਾਹਿਬ ਵਿਚ, 'ਦੀਵਾਲੀ/ਬੰਦੀ ਛੋੜ ਦਿਵਸ' ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਸਿੱਖ ਸੰਗਤਾਂ ਵੱਲੋਂ ਪੂਰੀ ਸ਼ਰਧਾ-ਭਾਵਨਾ ਸਹਿਤ ਮਨਾਏ ਜਾਂਦੇ ਹਨ। ਇਸ ਤਰ੍ਹਾਂ ਇਹ ਗੁਰਦੁਆਰਿਆਂ ਵਿਚ ਸਮੂਹਿਕ ਰੂਪ ਵਿਚ ਮਨਾਏ ਜਾਣ ਵਾਲੇ ਪੰਥਕ ਤਿਉਹਾਰ ਹਨ।

ਇਸ ਤੋਂ ਇਲਾਵਾ ਗੁਰਦੁਆਰਿਆਂ ਵਿਚ ਸਿੱਖ ਸੰਗਤਾਂ ਵੱਲੋਂ ਸਮੇਂ-ਸਮੇਂ ਤੇ ਹੋਰ ਵੀ ਅਨੇਕਾਂ

---

[111] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 420.

[112] *ਵਾਰਾਂ ਭਾਈ ਗੁਰਦਾਸ ਜੀ,* ਵਾਰ 9, ਪਉੜੀ 17, ਪੰਨਾ 99.

ਧਾਰਮਿਕ ਸਮਾਗਮ ਕਰਵਾਏ ਜਾਂਦੇ ਹਨ। ਜਿਸ ਵਿਚ ਦੂਰੋ-ਨੇੜਿਉਂ ਸੰਗਤਾਂ ਸ਼ਾਮਿਲ ਹੋਣ ਲਈ ਪਹੁੰਚਦੀਆਂ ਹਨ, ਉਦਾਹਰਨ ਵਜੋਂ ਇਹਨਾਂ ਸਮਾਗਮਾਂ ਵਿਚ ਸ਼ਹੀਦੀ ਜੋੜ ਮੇਲ, ਸ੍ਰੀ ਫ਼ਤਹਿਗੜ੍ਹ ਸਾਹਿਬ ਅਤੇ ਚਮਕੌਰ ਸਾਹਿਬ ਦਾ ਸ਼ੁਮਾਰ ਹੁੰਦਾ ਹੈ। ਇਸ ਤੋਂ ਇਲਾਵਾ ਗੁਰਦੁਆਰਿਆਂ ਵਿਚ ਵੱਡੇ ਪੱਧਰ ਉਤੇ ਕੀਰਤਨ ਦਰਬਾਰ ਵੀ ਸਮੂਹ ਸੰਗਤ ਦੇ ਸਹਿਯੋਗ ਨਾਲ ਕਰਵਾਏ ਜਾਂਦੇ ਹਨ। ਇਸ ਤਰ੍ਹਾਂ ਗੁਰਦੁਆਰੇ ਨਾਲ ਸੰਬੰਧਿਤ ਸਮੂਹਿਕ ਜਾਂ ਪੰਥਕ ਕਾਰਜ ਵੀ ਜੁੜੇ ਹੋਏ ਹਨ।

**(ੲ) ਗੁਰਮਤਾ**

ਸਿੱਖ ਧਰਮ ਵਿਚ ਪੰਥਕ ਤੌਰ ’ਤੇ ਕਿਸੇ ਮਸਲੇ ਉਤੇ ਕੋਈ ਫੈਸਲਾ ਕਰਨ ਦੀ ਵਿਧੀ ਨੂੰ ਗੁਰਮਤੇ ਦਾ ਨਾਂ ਦਿੱਤਾ ਗਿਆ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, “ਗੁਰੁਮਤ ਅਨੁਸਾਰ ਕੀਤਾ ਹੋਇਆ ਮੰਤ੍ਰ। ਪੁਰਾਣੇ ਸਿੰਘ ਸੰਸਾਰ ਅਤੇ ਧਰਮ ਦੇ ਕੰਮਾਂ ਨੂੰ ਆਰੰਭ ਕਰਨ ਤੋਂ ਪਹਿਲਾਂ ਦੀਵਾਨ ਵਿਚ ਸਲਾਹ ਕਰਦੇ ਸਨ, ਜੋ ਗੁਰੁਨਿਯਮਾਂ ਅਨੁਸਾਰ ਸਾਰੇ ਦੀਵਾਨ ਦੀ ਸੰਮਤੀ ਹੁੰਦੀ, ਉਸ ਦਾ ਨਾਉਂ ‘ਗੁਰੁਮਤਾ’ ਕਿਹਾ ਜਾਂਦਾ। ਜੋ ਗੁਰੁਮਤੇ ਦੇ ਵਿਰੁਧ ਕੋਈ ਕਰਮ ਕਰੇ ਉਹ ਤਨਖਾਹੀਆ ਹੁੰਦਾ ਸੀ। ਖ਼ਾਲਸੇ ਦੇ ਗੁਰੁਮਤੇ ਅਕਾਲਬੁੰਗੇ ਸਾਹਿਬ ਦੇ ਦੀਵਾਨ ਵਿਚ ਖਾਸ ਕਰਕੇ ਅਤੇ ਹੋਲੇ ਮਹੱਲੇ ਦੇ ਸਮੇਂ ਤਖ਼ਤ ਕੇਸਗੜ੍ਹ ਹੋਇਆ ਕਰਦੇ ਸਨ। ਗੁਰੁਮਤੇ ਲਈ ਜਾਤੀ ਵੈਰ-ਵਿਰੋਧ ਦੂਰ ਕਰਕੇ ਸਿੰਘ ਦੀਵਾਨ ਵਿਚ ਬੈਠਿਆ ਕਰਦੇ ਸਨ।”[113]

ਰਤਨ ਸਿੰਘ ਜੱਗੀ ਗੁਰਮਤਾ ਦੇ ਅਰਥ ਅਤੇ ਇਸਦੀ ਵਿਧੀ ਬਾਰੇ ਲਿਖਦੇ ਹਨ ਕਿ, “ਇਸ ਤੋਂ ਭਾਵ ਹੈ ਗੁਰੂ ਦੀ ਮਤ ਅਨੁਸਾਰ ਕੀਤਾ ਫ਼ੈਸਲਾ ਜਾਂ ਸਮੁੱਚਾ ਮਸ਼ਵਰਾ।...ਆਮ ਤੌਰ ’ਤੇ ਗੁਰਮੱਤਾ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕੀਤਾ ਜਾਂਦਾ, ਪਰ ਕਈ ਵਾਰ ਕੇਵਲ ਪੰਜ ਸਿੰਘਾਂ ਦੀ ਮੌਜੂਦਗੀ ਵਿਚ ਵੀ ਕਰ ਲਿਆ ਜਾਂਦਾ ਹੈ।”[114]

ਇਸ ਤਰ੍ਹਾਂ ਗੁਰਮਤਾ ਵੀ ਗੁਰਦੁਆਰਾ ਸਾਹਿਬ ਤੋਂ ਬਿਨ੍ਹਾਂ ਨਹੀਂ ਕੀਤਾ ਜਾ ਸਕਦਾ ਭਾਵ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਖਾਲਸਾ ਪੰਥ ਵੱਲੋਂ ਕੀਤਾ ਜਾਂਦਾ ਹੈ।

---

[113] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨੇ 420-21.

[114] ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼* (ਭਾਗ ਪਹਿਲਾ), ਪੰਨਾ 631.

## 9. ਗੁਰਦੁਆਰੇ ਵੱਲੋਂ ਮਨੁੱਖਤਾ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ

ਸਿੱਖ ਧਾਰਮਿਕ ਅਸਥਾਨ ਗੁਰਦੁਆਰਾ ਸਾਹਿਬ ਵਿਚ ਕੁਝ ਸਹੂਲਤਾਂ ਅਤੇ ਕਾਰਜ ਅਜਿਹੇ ਕੀਤੇ ਜਾਂਦੇ ਹਨ ਜਿਹਨਾਂ ਦਾ ਹਰੇਕ ਵਿਅਕਤੀ ਨੂੰ ਕਿਸੇ ਨਾ ਕਿਸੇ ਰੂਪ ਵਿਚ ਲਾਭ ਜਰੂਰ ਹੁੰਦਾ ਹੈ। ਸਿੱਖ ਧਾਰਮਿਕ ਅਸਥਾਨ ਵੱਲੋਂ ਮਨੁੱਖਤਾ ਦੀ ਭਲਾਈ ਲਈ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਦਾ ਵੇਰਵਾ ਨਿਮਨ ਅਨੁਸਾਰ ਹੈ :

### 9.1 ਪੰਗਤ / ਲੰਗਰ

ਪੰਗਤ ਸੰਸਥਾ ਗੁਰਦੁਆਰੇ ਦਾ ਇਕ ਅਹਿਮ ਹਿੱਸਾ ਹੈ। ਪੰਗਤ ਨੂੰ 'ਲੰਗਰ' ਵੀ ਕਿਹਾ ਜਾਂਦਾ ਹੈ। ਲੰਗਰ ਵਿਚ ਇਕ ਕਤਾਰ ਵਿਚ ਬੈਠ ਕੇ ਭੋਜਨ ਛਕਣ ਕਾਰਨ ਹੀ ਇਸ ਨੂੰ ਪੰਗਤ ਵੀ ਕਿਹਾ ਜਾਣ ਲੱਗਾ। ਜਿਹੜਾ ਵਿਅਕਤੀ ਸਤਿਸੰਗਤ ਵਿਚ ਬੈਠ ਕੇ ਆਤਮਿਕ ਭੋਜਨ ਨਾਲ ਤ੍ਰਿਪਤ ਹੁੰਦਾ ਹੈ, ਉਥੇ ਹੀ ਉਸ ਦੀ ਸਰੀਰਕ ਭੁੱਖ ਲਈ ਭੋਜਨ ਦੀ ਪੂਰਤੀ ਵੀ ਗੁਰਦੁਆਰੇ ਵਿਚਲੇ ਲੰਗਰ ਤੋਂ ਹੁੰਦੀ ਹੈ।

ਭਾਈ ਕਾਨ੍ਹ ਸਿੰਘ ਨਾਭਾ ਨੇ ਲੰਗਰ ਦੇ ਅਰਥ ਇੰਞ ਲਿਖੇ ਹਨ, "ਅਨਲਗ੍ਰਿਹ, ਪਾਕਸ਼ਾਲਾ, ਰਸੋਈ ਦਾ ਘਰ"।[115]

ਰਤਨ ਸਿੰਘ ਜੱਗੀ ਅਨੁਸਾਰ, "ਸੰਸਕ੍ਰਿਤ ਦੀ 'ਪੰਕਤਿ' (ਅਰਥਾਤ ਕਤਾਰ) ਸ਼ਬਦ ਤੋਂ ਬਣੇ ਇਸ ਸ਼ਬਦ ਦਾ ਸਿੱਖ ਜਗਤ ਵਿਚ ਪਰਿਭਾਸ਼ਿਕ ਸਥਾਨ ਹੈ। ਇਸ ਦਾ ਮੂਲ ਸੰਬੰਧ 'ਗੁਰੂ ਕਾ ਲੰਗਰ' ਨਾਲ ਹੈ।"[116]

ਪੰਗਤ ਦਾ ਆਰੰਭ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਹੋ ਗਿਆ ਸੀ ਅਤੇ ਕਰਤਾਰਪੁਰ ਵਿਖੇ ਇਸਨੂੰ ਵਿਧੀਵਤ ਰੂਪ ਦਿੱਤਾ ਗਿਆ। ਗੁਰੂ ਅੰਗਦ ਦੇਵ ਜੀ ਦੇ ਸਮੇਂ ਇਸ ਸੰਸਥਾ ਦਾ ਹੋਰ ਵਿਸਥਾਰ ਹੋਇਆ। ਗੁਰੂ ਜੀ ਨੇ ਆਪਣੀ ਧਰਮ-ਸੁਪਤਨੀ ਮਾਤਾ ਖੀਵੀ ਜੀ ਨੂੰ ਲੰਗਰ ਦੀ ਸਾਰੀ ਜਿੰਮੇਵਾਰੀ ਸੌਂਪ ਦਿੱਤੀ। ਉਹਨਾਂ ਨੇ ਇਹ ਜਿੰਮੇਵਾਰੀ ਤਹਿ ਦਿਲੋਂ ਨਿਭਾਈ।

ਗੁਰੂ ਅਮਰਦਾਸ ਜੀ ਨੇ ਲੋਕਾਂ ਵਿਚ ਸਮ-ਭਾਵਨਾ ਪੈਦਾ ਕਰਨ ਲਈ ਗੁਰੂ-ਦਰਬਾਰ ਆਉਣ ਵਾਲੇ

---

[115] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 1076.

[116] ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼* (ਭਾਗ ਦੂਜਾ), ਪੰਨਾ 1151.

ਹਰ ਵਿਅਕਤੀ ਲਈ *'ਪਹਿਲੇ ਪੰਗਤ ਪਾਛੈ ਸੰਗਤ'* ਆਦੇਸ਼ ਜਾਰੀ ਕਰ ਦਿਤਾ ਸੀ ਕਿ ਹਰ ਵਿਅਕਤੀ ਪਹਿਲਾਂ ਪੰਗਤ ਵਿਚ ਬੈਠ ਕੇ ਪਰਸ਼ਾਦਾ ਛਕੇਗਾ ਅਤੇ ਬਾਅਦ ਵਿਚ ਹੀ ਗੁਰੂ ਜੀ ਦੇ ਦਰਸ਼ਨ ਕਰ ਸਕੇਗਾ। ਉਸ ਸਮੇਂ ਦੇ ਮੁਗਲ ਬਾਦਸ਼ਾਹ ਅਕਬਰ ਨੇ ਵੀ ਗੁਰੂ ਜੀ ਦੇ ਇਸ ਬਚਨ ਨੂੰ ਮੰਨਦੇ ਹੋਏ ਪੰਗਤ ਵਿਚ ਬੈਠ ਕੇ ਪਹਿਲਾਂ ਲੰਗਰ ਛਕਿਆ ਅਤੇ ਫਿਰ ਗੁਰੂ ਜੀ ਦੇ ਦਰਸ਼ਨ ਕੀਤੇ।

ਡਾ. ਬਲਵਿੰਦਰਜੀਤ ਕੌਰ ਭੱਟੀ ਲੰਗਰ ਸੰਸਥਾ ਦੁਆਰਾ ਸਮਾਜ ਉਤੇ ਪਏ ਪ੍ਰਭਾਵ ਸੰਬੰਧੀ ਲਿਖਦੇ ਹਨ ਕਿ ਲੰਗਰ ਦੀ ਸੰਸਥਾ ਨੇ ਭਾਰਤ ਦੀ ਚਹੁੰ-ਵਰਣਾਂ ਵਾਲੀ ਊਚ ਨੀਚ ਉਤੇ ਉਸਰੀ ਸਮਾਜਕ ਬਣਤਰ ਨੂੰ ਵੰਗਾਰਦਿਆਂ ਸਭ ਨੂੰ ਇਕੋ ਪੰਗਤ ਵਿਚ ਬਰਾਬਰੀ ਦੀ ਭਾਵਨਾ ਨਾਲ ਬੈਠਣ ਅਤੇ ਲੰਗਰ ਛਕਣ ਦੀ ਨਵੀਂ ਸਮਾਜਕ ਮਰਿਆਦਾ ਦਾ ਆਰੰਭ ਕੀਤਾ। ਇਸ ਸੰਸਥਾ ਨੇ ਬ੍ਰਾਹਮਣਵਾਦ ਵਲੋਂ ਚਲਾਈ ਜਾਤ-ਪਾਤ ਦੀ ਪ੍ਰਥਾ ਉਪਰ ਕਰਾਰੀ ਸੱਟ ਮਾਰੀ।[117]

ਲੰਗਰ ਛਕਣ ਦੀ ਇਸ ਪ੍ਰਕਿਰਿਆ ਨਾਲ ਜਿਥੇ ਮਨੁੱਖ ਦੀ ਸਰੀਰਕ ਭੁੱਖ ਮਿਟਦੀ ਹੈ, ਉਥੇ ਨਾਲ ਹੀ ਸਮਾਜਿਕ ਬਰਾਬਰੀ ਦੀ ਭਾਵਨਾ ਵੀ ਪੈਦਾ ਹੁੰਦੀ ਹੈ। ਜਿਸ ਨਾਲ ਹੀ ਹਉਮੈਂ ਦਾ ਨਾਸ਼ ਹੁੰਦਾ ਹੈ। ਭਾਰਤੀ ਸਮਾਜ ਚਾਰ ਵਰਣਾਂ ਅਤੇ ਅਨੇਕਾਂ ਜਾਤਾਂ ਵਿਚ ਵੰਡਿਆ ਹੋਇਆ ਸੀ। ਸਮਾਜ ਵਿਚਲੀਆਂ ਉਚੀਆਂ ਜਾਤਾਂ ਦੇ ਲੋਕਾਂ ਦੇ ਮਨਾਂ ਵਿਚ ਜਾਤ-ਅਭਿਮਾਨ ਹੁੰਦਾ ਸੀ, ਜਿਸ ਕਾਰਨ ਉਹ ਨਿਮਨ ਜਾਤਾਂ ਦੇ ਲੋਕਾਂ ਨੂੰ ਨਫਰਤ ਦੀ ਭਾਵਨਾ ਨਾਲ ਦੇਖਦੇ ਸਨ। ਗੁਰੂ ਸਾਹਿਬਾਨ ਨੇ ਇਸ ਸਮਾਜਿਕ ਬੁਰਾਈ ਦਾ ਖਾਤਮਾ ਕਰਨ ਲਈ ਪੰਗਤ/ਲੰਗਰ ਸੰਸਥਾ ਦੀ ਆਰੰਭਤਾ ਕੀਤੀ। ਗੁਰੂ ਸਾਹਿਬਾਨ ਤੋਂ ਲੈ ਕੇ ਮੌਜੂਦਾ ਸਮੇਂ ਤੱਕ ਹਰੇਕ ਗੁਰਦੁਆਰਾ ਸਾਹਿਬ ਵਿਚ ਲੰਗਰ ਸੰਸਥਾ ਨਿਰਵਿਘਨ ਚੱਲ ਰਹੀ ਹੈ।

### 9.2 ਦਵਾਖਾਨਾ

ਗੁਰਦੁਆਰਿਆਂ ਵਿਚ ਵਿਅਕਤੀ ਦੀ ਆਤਮਕ ਉਚਤਾ ਦੇ ਯਤਨਾਂ ਦੇ ਨਾਲ ਹੀ, ਸਰੀਰਕ ਤੌਰ 'ਤੇ ਬਿਮਾਰਾਂ ਦੀ ਤੀਮਾਰਦਾਰੀ ਦਾ ਪ੍ਰਬੰਧ ਵੀ ਹੁੰਦਾ ਹੈ। ਗੁਰੂ ਅੰਗਦ ਦੇਵ ਜੀ ਦੇ ਸਮੇਂ ਵਿਚ ਵੀ ਬਿਮਾਰਾਂ-ਕੋੜ੍ਹੀਆਂ ਦੇ ਇਲਾਜ ਕਰਨ ਦਾ ਵਰਣਨ ਮਿਲਦਾ ਹੈ ਕਿ ਗੁਰੂ ਜੀ ਨਿਤਨੇਮ ਤੋਂ ਬਾਅਦ ਬਿਮਾਰ ਆਦਮੀਆਂ

---

[117] ਗੁਰਸ਼ਰਨਜੀਤ ਸਿੰਘ (ਸੰਪਾ.), *ਗੁਰੂ ਨਾਨਕ ਦੇਵ ਜੀ ਅਤੇ ਗੁਰਦੁਆਰਾ ਸੰਸਥਾ,* ਬਲਵਿੰਦਰਜੀਤ ਕੌਰ ਭੱਟੀ, ਗੁਰਦੁਆਰਿਆਂ ਦੀ ਸੰਸਥਾ ਦੀ ਉਤਪਤੀ ਅਤੇ ਇਸ ਦਾ ਸਮਾਜਕ ਮਹੱਤਵ, ਪੰਨਾ 204. (ਅਪ੍ਰਕਾਸ਼ਿਤ ਪ੍ਰੋਸੀਡਿੰਗ).

ਨੂੰ ਦਰਸ਼ਨ ਦਿੰਦੇ ਸਨ। ਇਸ ਤਰ੍ਹਾਂ ਦੇ ਲੋਕ ਖਾਸ ਕਰਕੇ ਕੋੜ੍ਹੀ, ਗੁਰੂ ਜੀ ਤੋਂ ਇਲਾਜ ਕਰਵਾਉਣ ਲਈ ਵੱਖ-ਵੱਖ ਥਾਵਾਂ ਤੋਂ ਆਉਂਦੇ ਸਨ।[118]

ਡਾ. ਬਲਵਿੰਦਰਜੀਤ ਕੌਰ ਭੱਟੀ ਇਸ ਸੰਬੰਧੀ ਕਥਨ ਕਰਦੇ ਹਨ ਕਿ, "ਗੁਰੂ ਅਰਜਨ ਸਾਹਿਬ ਨੇ ਤਰਨਤਾਰਨ ਵਿਖੇ ਬਿਮਾਰਾਂ ਅਤੇ ਲੋੜਵੰਦਾਂ ਲਈ ਔਸ਼ਧਾਲਿਯ ਜਾਂ ਦਵਾਈ ਖਾਨਾ ਖੋਹਲਣ ਦੇ ਨਾਲ-ਨਾਲ ਪਿੰਗਲਵਾੜਿਆਂ ਦੀ ਸਥਾਪਨਾ ਵੀ ਕੀਤੀ। ਇਉਂ ਗੁਰਦੁਆਰਿਆਂ ਦੀ ਸੰਸਥਾ ਨੇ ਬਾਹਰੋਂ ਅਤੇ ਦੂਰੋਂ ਆਉਣ ਵਾਲੇ ਯਾਤਰੀਆਂ ਲਈ ਸਰਾਵਾਂ ਅਤੇ ਲੋੜਵੰਦ ਬਿਮਾਰਾਂ ਅਤੇ ਪਿੰਗਲਿਆਂ ਲਈ ਪਿੰਗਲਵਾੜੇ ਅਤੇ ਹਸਪਤਾਲਾਂ ਦਾ ਪ੍ਰਬੰਧ ਕਰਕੇ ਧਰਮ ਨੂੰ ਸਮਾਜ ਅਤੇ ਨਿਮਾਣੇ ਤੇ ਨਿਤਾਣੇ ਲੋਕਾਂ ਦੀਆਂ ਲੋੜਾਂ ਨੂੰ ਪੂਰਿਆਂ ਕਰਨ ਦੀ ਇਤਿਹਾਸਕ ਜ਼ਿੰਮੇਵਾਰੀ ਵੀ ਨਿਭਾਈ। ਇਸ ਨੂੰ ਇਕ ਪਰੰਪਰਾ ਵਜੋਂ ਸਿੱਖ ਧਰਮ ਦਾ ਅਟੁੱਟ ਅੰਗ ਬਣਾਉਣ ਦਾ ਇਤਿਹਾਸਕ ਕਾਰਜ ਵੀ ਕੀਤਾ।" [119]

ਗੁਰਦੁਆਰਿਆਂ ਵਿਚ ਵਿਧੀਵਤ ਰੂਪ ਵਿਚ ਦਵਾਖਾਨਾ ਖੋਲਣ ਦੀ ਆਰੰਭਤਾ ਗੁਰੂ ਹਰਿਰਾਇ ਜੀ ਦੇ ਸਮੇਂ ਕੀਰਤਪੁਰ ਨਾਮਕ ਸਥਾਨ ਤੋਂ ਆਰੰਭ ਹੋਈ ਸੀ। ਗੁਰੂ ਜੀ ਦੇ ਇਸ ਦਵਾਖਾਨੇ ਵਿਚਲੀਆਂ ਦਵਾਈ ਵਿਚ ਵਰਤੀਆਂ ਜਾਂਦੀਆਂ ਜੜ੍ਹੀਆਂ-ਬੂਟੀਆਂ ਦੀ ਪੂਰਤੀ ਉਥੇ ਲਗਾਏ ਬਾਗ ਵਿਚੋਂ ਹੁੰਦੀ ਸੀ। ਗੁਰੂ ਜੀ ਦੇ ਇਸ ਦਵਾਖਾਨੇ ਵਿਚ ਬਹੁਤ ਦੂਰੋਂ-ਦੂਰੋਂ ਲੋਕ ਇਲਾਜ ਕਰਵਾਉਣ ਲਈ ਪਹੁੰਚ ਦੇ ਸਨ। ਗੁਰੂ ਜੀ ਦੇ ਇਸ ਦਵਾਖਾਨੇ ਵਿਚੋਂ ਹੀ ਬਾਦਸ਼ਾਹ ਸ਼ਾਹਜਹਾਨ ਦੇ ਪੁੱਤਰ ਦਾਰਾ ਸਿਕੋਹ ਦਾ ਇਲਾਜ ਹੋਇਆ ਸੀ। ਉਸਨੂੰ ਰਾਜਗੱਦੀ ਪ੍ਰਾਪਤ ਕਰਨ ਦੇ ਲਾਲਚ ਵਿਚ ਔਰੰਗਜ਼ੇਬ ਨੇ ਸ਼ੇਰ ਦੀ ਮੁੱਛ ਦਾ ਵਾਲ ਖੁਆ ਦਿੱਤਾ ਸੀ :

*ਦਾਰ ਸ਼ਕੋਹ ਬਿਸਾਲ ਸੋਂ ਕਰਿ ਕੈ ਉਰ ਦ੍ਰੋਹਾ।*

*ਨੌਰੰਗ ਨੇ ਤਿਹ ਬੁਰਾ ਕਿਯ ਮਨ ਧਾਰਯੋ ਕ੍ਰੋਹਾ।*

*ਸ਼ੇਰ ਮੁੱਛ ਕਤਰਾਇ ਕੈ ਚਾਵਰ ਮਹਿਂ ਪਾਈ।*

---

[118] ਜੋਧ ਸਿੰਘ (ਮੁੱਖ ਸੰਪਾ.), *ਸਿੱਖ ਧਰਮ ਵਿਸ਼ਵਕੋਸ਼* (ਪਹਿਲੀ ਸੈਂਚੀ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008, ਪੰਨਾ 73.

[119] ਗੁਰਸ਼ਰਨਜੀਤ ਸਿੰਘ (ਸੰਪਾ.), *ਗੁਰੂ ਨਾਨਕ ਦੇਵ ਜੀ ਅਤੇ ਗੁਰਦੁਆਰਾ ਸੰਸਥਾ,* ਬਲਵਿੰਦਰਜੀਤ ਕੌਰ ਭੱਟੀ, ਗੁਰਦੁਆਰਿਆਂ ਦੀ ਸੰਸਥਾ ਦੀ ਉਤਪਤੀ ਅਤੇ ਇਸ ਦਾ ਸਮਾਜਕ ਮਹੱਤਵ, ਪੰਨੇ 205-06. (ਅਪ੍ਰਕਾਸ਼ਿਤ ਪ੍ਰੋਸੀਡਿੰਗ).

*ਕਹਿ ਕੈ ਤਿਸ ਕੇ ਦਾਸ ਕੋ ਕਰਿ ਦਰ਼ਗਾ ਖੁਲਾਈ।।4।।*[120]

ਦਾਰਾ ਸ਼ਿਕੋਹ ਨੂੰ ਵੈਦਾਂ ਨੇ ਕਿਹਾ ਕਿ ਜੇਕਰ ਕਿਤੋਂ ਦਸ ਤੋਲੇ ਦੀ ਹਰੜ ਅਤੇ ਇਕ ਮਾਸੇ ਦਾ ਲੌਂਗ ਮਿਲੇ ਤਾਂ ਉਸਦਾ ਇਲਾਜ ਹੋ ਸਕਦਾ ਹੈ। ਉਸਨੂੰ ਇਹ ਵਸਤਾਂ ਗੁਰੂ ਹਰਿਰਾਇ ਜੀ ਦੇ ਦਵਾਖਾਨੇ ਵਿਚੋਂ ਪ੍ਰਾਪਤ ਹੋਈਆਂ ਅਤੇ ਇਹਨਾਂ ਵਸਤਾਂ ਨੂੰ ਖਾਣ ਨਾਲ ਉਹ ਬਿਲਕੁਲ ਤੰਦਰੁਸਤ ਹੋ ਗਿਆ ਸੀ।[121]

ਮੌਜੂਦਾ ਸਮੇਂ ਵਿਚ ਵੀ ਕਈ ਗੁਰਦਆਰਿਆਂ ਵਿਚ ਵੱਖ-ਵੱਖ ਤਰ੍ਹਾਂ ਦੇ ਦਵਾਖਾਨੇ (ਐਲੋਪੈਥੀ, ਹੋਮੋਪੈਥੀ ਅਤੇ ਆਯੁਰਵੈਦ ਆਦਿ) ਚੱਲਦੇ ਹਨ, ਜਿਥੇ ਮਾਨਵਤਾ ਦੀ ਭਲਾਈ ਲਈ ਮੁਫਤ ਵਿਚ ਇਲਾਜ ਕੀਤੇ ਜਾਂਦੇ ਹਨ। ਇਸਦੇ ਨਾਲ ਹੀ ਹੋਰ ਬਹੁਤ ਸਾਰੇ ਗੁਰਦੁਆਰਿਆਂ ਵਿਚ ਲੈਬਾਰਟਰੀਆਂ ਵੀ ਬਣੀਆਂ ਹੋਈਆਂ ਹਨ, ਜਿਥੇ ਲੋੜਵੰਦ ਲੋਕ ਆਪਣੇ ਮੈਡੀਕਲ ਸੰਬੰਧੀ ਟੈਸਟ ਬਹੁਤ ਘੱਟ ਕੀਮਤਾਂ ਉਤੇ ਕਰਵਾਉਂਦੇ ਹਨ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਿੱਲੀ ਵਿਖੇ ਗੁਰਦਿਆਂ ਦੇ ਰੋਗੀਆਂ ਦਾ ਮੁਫ਼ਤ ਵਿਚ ਡਾਇਲਸਿਜ਼ ਕਰਨ ਦਾ ਬਹੁਤ ਵੱਡਾ ਸੈਂਟਰ 8 ਮਾਰਚ, 2021 ਨੂੰ ਖੋਲਿਆ ਗਿਆ ਹੈ। ਇਸ ਤਰ੍ਹਾਂ ਗੁਰਦੁਆਰੇ ਮਨੁੱਖਤਾ ਨੂੰ ਸਿਹਤ ਸੰਬੰਧੀ ਅਨੇਕਾਂ ਤਰ੍ਹਾਂ ਦੀਆਂ ਸਹੂਲਤਾਂ ਵੀ ਮੁਹੱਈਆ ਕਰਵਾਉਂਦੇ ਹਨ। ਡਾ. ਬਲਵਿੰਦਰਜੀਤ ਕੌਰ ਭੱਟੀ ਇਸ ਸੰਬੰਧੀ ਲਿਖਦੇ ਹਨ ਕਿ, "ਅੱਜ ਤਕਰੀਬਨ ਸਾਰੇ ਇਤਿਹਾਸਕ ਧਰਮ ਅਸਥਾਨਾਂ ਦੇ ਨਾਲ ਸਰਾਵਾਂ, ਹਸਪਤਾਲਾਂ, ਡਿਸਪੈਂਸਰੀਆਂ ਅਤੇ ਪਿੰਗਲਵਾੜਿਆਂ ਦਾ ਇਕ ਨਿਰੰਤਰ ਸਿਲਸਿਲਾ, ਗੁਰੂ ਸਾਹਿਬਾਨ ਦੀ ਦੂਰ-ਅੰਦੇਸ਼ ਸਮਾਜਕ ਸੋਚ ਅਤੇ ਲੋਕਾਂ ਪ੍ਰਤੀ ਪਿਆਰ ਦਾ ਹੀ ਇਕ ਪ੍ਰਗਟਾਵਾ ਹੈ।"[122]

ਅਜੋਕੇ ਸਮੇਂ ਵਿਚ ਫੈਲੀ ਭਿਆਨਕ ਬਿਮਾਰੀ ਕਰੋਨਾ ਦੇ ਦੌਰਾਨ ਵੀ ਗੁਰਦੁਆਰਿਆਂ ਵਿਚ ਪੀੜਤ ਲੋਕਾਂ ਦੇ ਇਲਾਜ ਲਈ ਬਹੁਤ ਵੱਡੇ ਪੱਧਰ ਉਤੇ ਉੱਦਮ ਕੀਤੇ ਹਨ। ਬਹੁਤ ਸਾਰੇ ਗੁਰਦੁਆਰਿਆਂ ਵਿਚ ਆਕਸੀਜਨ ਦੀ ਕਮੀ ਵਾਲੇ ਮਰੀਜਾਂ ਨੂੰ ਮੁਫ਼ਤ ਆਕਸੀਜਨ ਮੁਹੱਈਆ ਕਰਵਾਈ ਗਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅਨੇਕਾਂ ਗੁਰਦੁਆਰਿਆਂ ਵਿਚ 'ਕੋਵਿਡ ਕੇਅਰ ਸੈਂਟਰ' ਖੋਲੇ ਗਏ ਹਨ

[120] ਭਾਈ ਸੰਤੋਖ ਸਿੰਘ, *ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ* (ਜਿਲਦ ਨੌਵੀਂ), ਪੰਨਾ 3547.

[121] ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ,* ਪੰਨਾ 619.

[122] ਬਲਵਿੰਦਰਜੀਤ ਕੌਰ ਭੱਟੀ, *ਸ੍ਰੀ ਗੁਰੂ ਗ੍ਰੰਥ ਸਾਹਿਬ : ਸਮਾਜਕ ਸਰੋਕਾਰ,* ਪੰਨਾ 70.

ਤਾਂ ਜੋ ਹਸਪਤਾਲਾਂ ਵਿਚ ਬੈਡਾਂ ਦੀ ਕਮੀ ਨਾਲ ਜੂਝ ਰਹੇ ਮਰੀਜਾਂ ਨੂੰ ਬੈਡ ਅਤੇ ਆਕਸੀਜਨ ਸਿਲੰਡਰ ਮੁਹੱਈਆ ਕਰਵਾ ਕੇ ਉਹਨਾਂ ਦਾ ਸਹੀ ਇਲਾਜ ਕੀਤਾ ਜਾ ਸਕੇ। ਇਹਨਾਂ ਸੈਟਰਾਂ ਵਿਚ 'ਗੁਰਦੁਆਰਾ ਮੋਤੀਬਾਗ ਸਾਹਿਬ, ਪਟਿਆਲਾ', 'ਗੁਰਦੁਆਰਾ ਮੰਜੀ ਸਾਹਿਬ, ਕੋਟਾਂ', 'ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ', 'ਭੁਲੱਥ, ਕਪੂਰਥਲਾ', 'ਗੁਰਦੁਆਰਾ ਜਾਮਨੀਵਾਲਾ ਸਾਹਿਬ, ਫ਼ਿਰੋਜ਼ਪੁਰ', ਪਿੰਡ ਕਾਲੜਾ (ਨੇੜੇ ਆਦਮਪੁਰ, ਜਲੰਧਰ), ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ, ਬਹਾਦਰਗੜ੍ਹ, ਪਟਿਆਲਾ ਆਦਿ ਖੋਲੇ ਗਏ।

ਇਹਨਾਂ ਤੋਂ ਇਲਾਵਾ ਪੁਆਧ ਖੇਤਰ ਦੇ 'ਗੁਰਦੁਆਰਾ ਭੱਠਾ ਸਾਹਿਬ, ਰੋਪੜ੍ਹ' ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 'ਇੰਡੀਅਨ ਮੈਡੀਕਲ ਐਸੋਸੀਏਸ਼ਨ' ਦੇ ਸਹਿਯੋਗ ਨਾਲ 23 ਮਈ, 2021 ਨੂੰ 25 ਬੈਡਾਂ ਵਾਲਾ 'ਕੋਵਿਡ ਕੇਅਰ ਸੈਂਟਰ' ਆਰੰਭ ਕੀਤਾ ਗਿਆ ਹੈ। ਇਸਦੇ ਨਾਲ ਹੀ ਬਹੁਤ ਸਾਰੇ ਥਾਵਾਂ ਉਤੇ ਕੋਵਿਡ ਦੇ ਪਾਜੀਟਿਵ ਇਕਾਂਤਵਾਸ ਕੀਤੇ ਹੋਏ ਮਰੀਜਾਂ ਨੂੰ ਉਹਨਾਂ ਦੇ ਘਰਾਂ ਵਿਚ ਗੁਰਦੁਆਰਿਆਂ ਵੱਲੋਂ ਤਿੰਨ ਵੇਲੇ ਮੁਫ਼ਤ ਲੰਗਰ ਪਹੁੰਚਾਇਆ ਜਾਂਦਾ ਰਿਹਾ ਹੈ। ਇਸ ਤਰ੍ਹਾਂ ਗੁਰਦੁਆਰੇ ਗੁਰੂ ਸਾਹਿਬਾਨ ਤੋਂ ਲੈ ਕੇ ਅੱਜ ਤੱਕ ਬਿਮਾਰਾਂ, ਲੋੜਵੰਦਾਂ ਦੀ ਤੀਮਾਰਦਾਰੀ ਲਈ ਹਮੇਸ਼ਾਂ ਅੱਗੇ ਵਧ ਕੇ ਸੇਵਾ ਕਰਦੇ ਰਹੇ ਹਨ।

### 9.3 ਵਿਦਿਆ ਕੇਂਦਰ

ਗੁਰੂ ਅੰਗਦ ਦੇਵ ਜੀ ਦੇ ਗੁਰਿਆਈ-ਕਾਲ ਤੋਂ ਹੀ ਗੁਰਦੁਆਰੇ ਵਿਦਿਆ ਕੇਂਦਰ ਵਜੋਂ ਸਥਾਪਿਤ ਹੋ ਗਏ ਸਨ। ਗੁਰੂ ਅੰਗਦ ਦੇਵ ਜੀ ਨੇ ਪੰਜਾਬ ਵਿਚ ਪ੍ਰਚਲਿਤ ਅਵਿਵਸਥਿਤ (ਅਵਿਕਸਿਤ) ਲਿੱਪੀ ਨੂੰ ਸੋਧ ਕੇ ਨਵਾਂ ਰੂਪ ਦਿੱਤਾ ਜੋ ਕਿ ਗੁਰਮੁਖੀ ਦੇ ਨਾਂ ਨਾਲ ਪ੍ਰਸਿੱਧ ਹੋਈ।[123] ਗੁਰੂ ਅੰਗਦ ਦੇਵ ਜੀ ਦੁਆਰਾ ਗੁਰਮੁਖੀ ਵਿਦਿਆ ਦੇਣ ਸੰਬੰਧੀ ਭਾਈ ਕਾਨ੍ਹ ਸਿੰਘ ਨਾਭਾ ਨੇ ਲਿਖਿਆ ਹੈ ਕਿ, "ਗੁਰਮੁਖੀ ਅੱਖਰਾਂ ਵਿੱਚ ਵਿਦਯਾ ਦਾ ਪ੍ਰਚਾਰ ਜਾਤਿ ਪਾਤਿ ਦੇ ਲਿਹਾਜ ਬਿਨਾ ਅਰੰਭਿਆ।"[124] ਗੁਰੂ ਅੰਗਦ ਦੇਵ ਜੀ ਦੁਪਿਹਰ ਵੇਲੇ ਬੱਚਿਆਂ ਨੂੰ ਗੁਰਮੁਖੀ ਅੱਖਰ ਪੜਾਉਂਦੇ ਹੁੰਦੇ ਸਨ। ਗੁਰੂ ਜੀ ਪਾਸ ਦੂਰੋਂ-ਨੇੜਿਉਂ ਸਿੱਖ ਵਿਦਿਆ ਲੈਣ ਅਤੇ ਧਰਮ ਦ੍ਰਿੜ

[123] ਰਤਨ ਸਿੰਘ ਜੱਗੀ, *ਗੁਰੂ ਗ੍ਰੰਥ ਵਿਸ਼ਵਕੋਸ਼* (ਭਾਗ ਪਹਿਲਾ), ਪੰਨਾ 106.

[124] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 111.

ਕਰਨ ਲਈ ਆਉਂਦੇ ਸਨ।[125]

ਮੌਜੂਦਾ ਸਮੇਂ ਤੱਕ ਗੁਰਦਆਰਿਆਂ ਦਾ ਵਿਦਿਆ ਦੇ ਖੇਤਰ ਵਿਚ ਅਹਿਮ ਯੋਗਦਾਨ ਰਿਹਾ ਹੈ। ਇਸ ਸੰਬੰਧੀ ਗਿਆਨੀ ਭਜਨ ਸਿੰਘ ਲਿਖਦੇ ਹਨ, "ਗੁਰੂ ਸਾਹਿਬ ਦੇ ਸਮੇਂ ਤੋਂ ਹੀ ਗੁਰਦੁਆਰੇ, ਧਰਮਸਾਲਾ ਵਿਦਿਆ ਪਸਾਰ ਵਿਚ ਯਥਾ-ਸ਼ਕਤ ਯੋਗਦਾਨ ਪਾ ਰਹੇ ਹਨ। ਜਦੋਂ ਅਜੇ ਵਰਤਮਾਨ ਵਿਦਿਅਕ ਪ੍ਰਣਾਲੀ ਨਹੀਂ ਸੀ ਸ਼ੁਰੂ ਹੋਈ ਤਾਂ ਉਦੋਂ ਵੀ ਗੁਰਦੁਆਰਿਆਂ ਨਾਲ ਵਿਦਿਆਲੇ ਚਲਾਏ ਜਾ ਰਹੇ ਸਨ। ਸਾਡੇ ਸਤਿਕਾਰਯੋਗ ਗ੍ਰੰਥੀ ਸਾਹਿਬ ਤੇ ਗੁਣੀ ਗਿਆਨੀ ਇਹਨਾਂ ਵਿਦਿਆਲਿਆਂ ਵਿਚ ਲੋਕਾਂ ਨੂੰ ਖਾਸ ਕਰਕੇ ਬਾਲਕ ਤੇ ਬਾਲਕਾਵਾਂ ਨੂੰ ਭਾਸ਼ਾ ਗਿਆਨ ਤੇ ਲਿੱਪੀ ਗਿਆਨ ਦਿਆ ਕਰਦੇ ਸਨ। ਨਾਲ ਨਾਲ ਸ਼ੁੱਧ ਗੁਰਬਾਣੀ ਪੜ੍ਹਨ, ਬਾਣੀ ਕੰਠ ਕਰਨ, ਗੁਰਬਾਣੀ ਦੇ ਅਰਥ ਭਾਵ ਸਮਝਣ ਤੇ ਗੁਰੂ ਗ੍ਰੰਥ ਸਾਹਿਬ ਦੇ ਸ਼ੁੱਧ ਪਾਠ ਕਰਨ ਵਿਚ ਵੀ ਅਗਵਾਈ ਦਿੰਦੇ ਸਨ।...ਜਦੋਂ ਪੱਛਮੀ ਵਿਦਿਆ ਦੇ ਪ੍ਰਭਾਵ ਨਾਲ ਸਕੂਲ ਤੇ ਕਾਲਜ ਬਣਨੇ ਸ਼ੁਰੂ ਹੋਏ ਤੇ ਦੁਨਿਆਵੀ ਵਿਦਿਆ ਲਈ ਯੂਨੀਵਰਸਿਟੀਆਂ ਦੀ ਸਥਾਪਨਾ ਹੋਈ ਤਾਂ ਸਾਡੇ ਗੁਰਧਾਮਾਂ ਨਾਲ, ਗੁਰੂ ਦੀ ਗੋਲਕ ਦੀ ਮਾਇਆ ਨਾਲ ਸਕੂਲ ਕਾਲਜ ਬਣਨੇ ਤੇ ਵਿਦਿਆ ਦੀ ਸੇਵਾ ਦੇ ਕੇਂਦਰ ਸਥਾਪਤ ਹੋਣ ਲੱਗ ਪਏ। ਅੱਜ ਸੈਂਕੜੇ ਸੀਨੀਅਰ ਸੈਕੰਡਰੀ ਸਕੂਲ ਅਤੇ ਕਾਲਜ ਗੁਰਦੁਆਰਿਆਂ ਦੇ ਪ੍ਰਬੰਧਕ ਚਲਾ ਰਹੇ ਹਨ।"[126]

### 9.4 ਲਾਇਬ੍ਰੇਰੀਆਂ

ਮੌਜੂਦਾ ਸਮੇਂ ਵਿਚ ਬਹੁਤ ਸਾਰੇ ਗੁਰਦੁਆਰਿਆਂ ਵਿਚ ਲੋਕਾਂ ਨੂੰ ਗਿਆਨ ਵੰਡਣ ਦਾ ਇਕ ਹੋਰ ਸਾਧਨ ਲਾਇਬ੍ਰੇਰੀਆਂ ਵੀ ਸਥਾਪਿਤ ਕੀਤੀਆਂ ਹੁੰਦੀਆਂ ਹਨ, ਜਿਥੋਂ ਕੋਈ ਵੀ ਗਿਆਨ ਪ੍ਰਾਪਤ ਕਰਨ ਦਾ ਇਛੁੱਕ ਵਿਅਕਤੀ ਧਾਰਮਿਕ ਅਤੇ ਅਧਿਆਤਮਕ ਵਿਸ਼ਿਆਂ ਨਾਲ ਸੰਬੰਧਿਤ ਪੁਸਤਕਾਂ ਪੜ੍ਹ ਕੇ ਗਿਆਨ ਪ੍ਰਾਪਤ ਕਰ ਸਕਦਾ ਹੈ। ਗੁਰਦੁਆਰਾ ਸਾਹਿਬਾਨ ਵਿਚਲੀਆਂ ਇਹਨਾਂ ਲਾਇਬ੍ਰੇਰੀਆਂ ਵਿਚ ਗੁਰਬਾਣੀ ਵਿਚਾਰ, ਗੁਰ-ਇਤਿਹਾਸ, ਸਿੱਖ ਇਤਿਹਾਸ, ਸਿੱਖ ਫਿਲਾਸਫੀ ਦੇ ਨਾਲ ਹੀ ਹੋਰਨਾਂ ਵਿਸ਼ਿਆਂ ਦੀਆਂ ਪੁਸਤਕਾਂ ਵੀ ਉਪਲਬਧ ਹੁੰਦੀਆਂ ਹਨ। ਇਸ ਤੋਂ ਇਲਾਵਾ ਹੋਰਨਾਂ ਧਰਮਾਂ ਨਾਲ ਸੰਬੰਧਿਤ ਪੁਸਤਕਾਂ ਵੀ

---

125 ਜੋਧ ਸਿੰਘ (ਮੁੱਖ ਸੰਪਾ.), *ਸਿੱਖ ਧਰਮ ਵਿਸ਼ਵਕੋਸ਼* (ਪਹਿਲੀ ਸੈਂਚੀ), ਪੰਨਾ 73.

126 ਗਿਆਨੀ ਭਜਨ ਸਿੰਘ, *ਸਾਡੇ ਇਤਿਹਾਸਕ ਗੁਰਧਾਮ,* ਪੰਨਾ 6.

ਗਿਆਨ ਵਿਚ ਵਾਧਾ ਕਰਨ ਦੇ ਮਕਸਦ ਨਾਲ, ਜਗਿਆਸੂਆਂ ਦੇ ਅਧਿਐਨ ਕਰਨ ਹਿੱਤ ਰੱਖੀਆਂ ਹੁੰਦੀਆਂ ਹਨ।

ਸਿੱਖਾਂ ਦੀ ਸਿਰਮੌਰ ਸੰਸਥਾ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਨੇ 27 ਅਕਤੂਬਰ, 1946 ਈਸਵੀ ਨੂੰ ਸ੍ਰੀ ਹਰਿਮੰਦਿਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਕੰਪਲੈਕਸ ਅੰਦਰ ਸਿੱਖ ਪੰਥ ਦੀ ਸਭ ਤੋਂ ਮਸ਼ਹੂਰ ਲਾਇਬ੍ਰੇਰੀ 'ਸਿੱਖ ਰੈਫਰੈਂਸ ਲਾਇਬ੍ਰੇਰੀ' ਸਥਾਪਿਤ ਕੀਤੀ ਸੀ। ਇਸ ਲਾਇਬ੍ਰੇਰੀ ਨੂੰ ਕਾਇਮ ਕਰਨ ਦਾ ਮਕਸਦ ਗੁਰੂ ਸਾਹਿਬਾਨ, ਸਿੱਖ ਧਰਮ ਅਤੇ ਸਿੱਖ ਇਤਿਹਾਸ ਨਾਲ ਸੰਬੰਧਿਤ ਪੋਥੀਆਂ, ਬੀੜਾਂ, ਦਸਤਾਵੇਜਾਂ ਤੇ ਹੋਰ ਪੁਸਤਕਾਂ ਨੂੰ ਸੰਭਾਲਣਾ ਅਤੇ ਖੋਜਾਰਥੀਆਂ ਨੂੰ ਇਕੋ ਥਾਂ ਤੇ ਸਮੱਗਰੀ ਉਪਲੱਬਧ ਕਰਵਾਉਣਾ ਸੀ।[127] ਹੁਣ ਇਸ ਲਾਇਬ੍ਰੇਰੀ ਵਿਚ ਅਨੇਕਾਂ ਹੱਥ-ਲਿਖਿਤ ਖਰੜੇ, ਧਾਰਮਿਕ ਅਤੇ ਇਤਿਹਾਸਕ ਗ੍ਰੰਥ, ਦੁਰਲਭ ਪੁਸਤਕਾਂ ਆਦਿ ਵੀ ਪਾਠਕਾਂ-ਖੋਜਾਰਥੀਆਂ ਲਈ ਮੁਹੱਈਆ ਹਨ, ਜਿਥੇ ਬੈਠ ਕੇ ਉਹ ਸਿੱਖ ਧਰਮ ਸੰਬੰਧੀ ਪੜ੍ਹ ਅਤੇ ਖੋਜ ਕਰ ਸਕਦੇ ਹਨ। ਇਸ ਤਰ੍ਹਾਂ ਸਿੱਖ ਧਾਰਮਿਕ ਅਸਥਾਨ ਮਨੁੱਖਤਾ ਨੂੰ ਗਿਆਨ ਵੰਡਣ ਲਈ ਲਾਇਬ੍ਰੇਰੀਆਂ ਦੀ ਸਹੂਲਤ ਵੀ ਮੁਹੱਈਆ ਕਰਵਾਉਂਦੇ ਹਨ।

### 9.5 ਰੈਣ ਬਸੇਰਾ / ਸਰਾਵਾਂ

ਗੁਰਦੁਆਰਾ ਸਾਹਿਬ ਵਿਚਲੇ ਵਿਸ਼ਰਾਮ ਘਰ ਨੂੰ 'ਸਰਾਂ' ਵੀ ਆਖਿਆ ਜਾਂਦਾ ਹੈ, ਜਿਥੇ ਲੋੜਵੰਦਾਂ ਦੇ ਰਾਤ ਨੂੰ ਵਿਸ਼ਰਾਮ ਕਰਨ ਲਈ ਪ੍ਰਬੰਧ ਕੀਤਾ ਜਾਂਦਾ ਹੈ। ਗੁਰੂ ਸਾਹਿਬਾਨ ਦੇ ਸਮੇਂ ਤੋਂ ਹੀ ਗੁਰੂ-ਦਰਬਾਰ ਵਿਚ ਦਰਸ਼ਨ ਕਰਨ ਆਉਣ ਵਾਲੀਆਂ ਸੰਗਤਾਂ ਦੇ ਠਹਿਰਨ ਲਈ ਰੈਣ-ਬਸੇਰਿਆਂ ਦਾ ਪ੍ਰਬੰਧ ਵੀ ਹੁੰਦਾ ਸੀ ਭਾਵ ਗੁਰਦੁਆਰਾ ਸਾਹਿਬ ਆਰੰਭ ਤੋਂ ਹੀ ਮੁਸਾਫਿਰਾਂ ਲਈ ਰੈਣ-ਬਸੇਰਾ ਦੀ ਸੁਵਿਧਾ ਵੀ ਮੁਹੱਈਆ ਕਰਵਾਉਦੇ ਰਹੇ ਹਨ। ਜਦੋਂ ਕੋਈ ਮੁਸਾਫਿਰ ਵਿਅਕਤੀ ਨੂੰ ਘਰੋਂ ਬਾਹਰ ਹੀ ਕਿਤੇ ਰਾਤ ਪੈ ਜਾਂਦੀ ਤਾਂ ਉਹ ਵਿਸ਼ਰਾਮ ਕਰਨ ਲਈ ਨਜਦੀਕ ਦੇ ਗੁਰਦੁਆਰਾ ਸਾਹਿਬ ਵਿਚ ਜਾ ਸਕਦਾ ਹੈ, ਜਿਥੇ ਉਸਨੂੰ ਵਿਸ਼ਰਾਮ ਕਰਨ ਲਈ ਥਾਂ ਦੇ ਨਾਲ-ਨਾਲ ਛਕਣ ਲਈ ਲੰਗਰ ਵੀ ਪ੍ਰਾਪਤ ਹੋ ਜਾਂਦਾ ਸੀ। ਮੌਜੂਦਾ ਸਮੇ ਵਿਚ ਲਗਪਗ ਹਰੇਕ ਗੁਰਦਆਰਾ ਸਾਹਿਬ ਵਿਚ ਸੰਗਤ ਦੇ ਠਹਿਰਨ ਦੇ ਲਈ ਸਰਾਵਾਂ ਬਣੀਆਂ ਹੋਈਆਂ ਹਨ। ਅੱਜਕੱਲ

[127] ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼* (ਭਾਗ ਪਹਿਲਾ), ਪੰਨਾ 280.

ਗੁਰਦੁਆਰਾ ਸਾਹਿਬਾਨ ਵਿਚਲੀਆਂ ਸਰਾਵਾਂ ਗੁਰੂ ਸਾਹਿਬਾਨ, ਗੁਰੂ ਮਹਿਲਾਂ, ਗੁਰਸਿੱਖਾਂ ਅਤੇ ਸ਼ਹੀਦ ਸਿੱਖਾਂ ਦੇ ਨਾਂ 'ਤੇ ਬਣੀਆਂ ਹੁੰਦੀਆਂ ਹਨ।

ਗਿਆਨੀ ਭਜਨ ਸਿੰਘ ਅਨੁਸਾਰ, "ਗੁਰਦੁਆਰਿਆਂ ਨਾਲ ਸਰਾਵਾਂ ਤੇ ਯਾਤਰੂਆਂ ਦੇ ਠਹਿਰਣ ਦਾ ਪ੍ਰਬੰਧ ਵੀ ਸੰਸਾਰ ਵਿਚ ਆਪਣੇ ਕਿਸਮ ਦੀ ਮਾਨਵ-ਸੇਵਾ ਹੈ। ਪੰਜ ਸੌ ਸਾਲ ਤੋਂ ਇਹ ਪ੍ਰਥਾ ਚੱਲੀ ਆ ਰਹੀ ਏ ਕਿ ਗੁਰਦੁਆਰਿਆਂ ਵਿਚ ਯਾਤਰੂ, ਮਸਾਫਿਰ ਤੇ ਰਾਹ ਗੁਜਰੂ ਬਿਸ਼ਰਾਮ ਕਰਨ ਲਈ ਤੇ ਰਾਤਾਂ ਕੱਟਣ ਲਈ ਗੁਰਦੁਆਰੇ ਆ ਸਕਦਾ ਹੈ। ਜਿੱਥੇ ਉਸਨੂੰ ਬਿਨਾ ਕੁਝ ਖਰਚ ਕੀਤੇ ਸਰੀਰਕ ਭੁੱਖ ਮਿਟਾਣ ਲਈ ਜਿੱਥੇ ਲੰਗਰ ਮਿਲ ਸਕਦਾ ਹੈ ਉਥੇ ਬਿਸ਼ਰਾਮ ਲਈ ਥਾਂ ਵੀ ਮਿਲ ਸਕਦੀ ਹੈ। ਅਨੇਕਾਂ ਗੁਰਦੁਆਰਿਆਂ ਨਾਲ ਬਹੁਤ ਵੱਡੀਆਂ ਸਰਾਵਾਂ ਹਨ, ਜਿਹਨਾਂ ਵਿਚ ਕਿਸੇ ਵੀ ਜਾਤੀ, ਧਰਮ ਤੇ ਨਸਲ ਦਾ ਮਨੁੱਖ ਬਿਨਾ ਝਿਜਕ ਆ ਕੇ ਸੁੱਖ ਨਾਲ ਸਮਾਂ ਬਿਤਾ ਸਕਦਾ ਹੈ। ਧਨਾਢ ਲੋਕ ਰਕਮਾਂ ਖਰਚ ਕੇ ਹੋਟਲਾਂ ਵਿਚ ਵੀ ਰਹਿ ਸਕਦੇ ਹਨ ਪਰ ਜਨ ਸਾਧਾਰਨ ਲਈ ਗੁਰਦੁਆਰੇ ਹੀ ਅਜਿਹੀ ਥਾਂ ਹਨ, ਜਿੱਥੇ ਉਹਨਾਂ ਨੂੰ ਸਤਿਕਾਰ ਤੇ ਸਨਮਾਨ ਨਾਲ ਦੋ ਤਿੰਨ ਦਿਨ ਠਹਿਰਣ ਲਈ ਕਮਰਾ ਜਾਂ ਥਾਂ ਮਿਲ ਸਕਦੀ ਏ।"[128] ਇਸ ਤਰ੍ਹਾਂ ਗੁਰਦੁਆਰੇ ਸੰਗਤ ਦੀ ਸੁਵਿਧਾ ਲਈ ਸਰਾਵਾਂ ਵਿਚ ਰਿਹਾਇਸ਼ ਵੀ ਉਪਲਬਧ ਕਰਵਾਉਂਦੇ ਹਨ।

### 9.6 ਗੁਰਮਤਿ ਸੰਗੀਤ ਵਿਦਿਆਲਾ ਅਤੇ ਮਿਸ਼ਨਰੀ ਕਾਲਜ

ਬਹੁਤ ਸਾਰੇ ਗੁਰਦੁਆਰਿਆਂ ਵਿਚ ਬੱਚਿਆਂ ਨੂੰ ਗੁਰਬਾਣੀ ਕੀਰਤਨ ਦੀ ਸਿਖਲਾਈ ਦੇਣ ਦਾ ਕਾਰਜ ਵੀ ਕੀਤਾ ਜਾਂਦਾ ਹੈ। ਪਹਿਲਾਂ-ਪਹਿਲ ਤਾਂ ਗੁਰਦੁਆਰਿਆਂ ਵਿਚਲੇ ਰਾਗੀ ਹੀ ਬੱਚਿਆਂ ਨੂੰ ਕੀਰਤਨ ਦੀ ਸਿਖਲਾਈ ਦੇਣ ਦਾ ਕਾਰਜ ਕਰਦੇ ਸਨ, ਪਰ ਬਾਅਦ ਵਿਚ ਗੁਰਬਾਣੀ ਕੀਰਤਨ ਦੀ ਸਿਖਲਾਈ ਦੇਣ ਲਈ ਵੱਖਰੇ ਰੂਪ ਵਿਚ ਹੀ 'ਗੁਰਮਤਿ ਸੰਗੀਤ ਵਿਦਿਆਲਾ' ਹੋਂਦ ਵਿਚ ਆਏ। ਇਸ ਸੰਬੰਧੀ ਗਿਆਨੀ ਭਜਨ ਸਿੰਘ ਲਿਖਦੇ ਹਨ ਕਿ ਕੀਰਤਨ ਦੀ ਮਹੱਤਤਾ ਨੂੰ ਜਾਣਦਿਆਂ ਗੁਰਦੁਆਰਿਆਂ ਵਿਚ ਸਿਆਣੇ ਕੀਰਤਨੀਏ ਸਿੰਘ ਕੀਰਤਨ ਸਿਖਾਉਣ ਦਾ ਕਾਰਜ ਵੀ ਕਰਦੇ ਸਨ। ਅਨੇਕਾਂ ਗੁਰਦੁਆਰਿਆਂ ਵਿਚ ਕੀਰਤਨ ਵਿਦਿਆਲੇ ਪਿਛਲੀਆਂ ਸਦੀਆਂ ਤੋਂ ਚਲਦੇ ਆ ਰਹੇ ਹਨ।[129]

---

128 ਗਿਆਨੀ ਭਜਨ ਸਿੰਘ, *ਸਾਡੇ ਇਤਿਹਾਸਕ ਗੁਰਧਾਮ,* ਪੰਨਾ 6.

129 ਉਹੀ, ਪੰਨਾ 7.

ਮੌਜੂਦਾ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਅਨੇਕਾਂ ਮਿਸ਼ਨਰੀ ਕਾਲਜ ਚੱਲਦੇ ਹਨ, ਜਿਥੇ ਵਿਦਿਆਰਥੀਆਂ ਨੂੰ ਗੁਰਮਤਿ ਸੰਗੀਤ ਦੀ ਸਿਖਲਾਈ ਲਈ ਕੋਰਸ ਕਰਵਾਏ ਜਾਂਦੇ ਹਨ। ਇਹਨਾਂ ਕਾਲਜਾਂ ਵਿਚ ਵਿਦਿਆਰਥੀਆਂ ਨੂੰ ਤੰਤੀ ਸਾਜਾਂ ਦੇ ਨਾਲ ਸੰਗੀਤ ਦੀ ਸਿਖਲਾਈ ਦੇਣ ਦੇ ਨਾਲ-ਨਾਲ ਰਹਿਣ, ਖਾਣ-ਪੀਣ ਦੀ ਮੁਫਤ ਸਹੂਲਤ ਦੇ ਨਾਲ ਵਜੀਫਾ ਵੀ ਦਿੱਤਾ ਜਾਂਦਾ ਹੈ। ਇਹਨਾਂ ਕਾਲਜਾਂ ਵਿਚੋਂ ਗੁਰਮਤਿ ਸੰਗੀਤ ਦੀ ਵਿਦਿਆ ਪ੍ਰਾਪਤ ਕਰਕੇ ਵਿਦਿਆਰਥੀ, ਦੇਸ਼-ਵਿਦੇਸ਼ ਦੇ ਗੁਰਦੁਆਰਿਆਂ ਵਿਚ ਸੇਵਾ ਕਰਨ ਲਈ ਨਿਯੁਕਤ ਕੀਤੇ ਜਾਂਦੇ ਹਨ। ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਵੀ ਗੁਰਮਤਿ ਕੀਰਤਨ ਸਿਖਲਾਈ ਹਿੱਤ ਉਪਰਾਲੇ ਕਰਦੀਆਂ ਰਹਿੰਦੀਆਂ ਹਨ। ਇਸ ਤਰ੍ਹਾਂ ਗੁਰਦੁਆਰੇ ਗੁਰਮਤਿ ਸੰਗੀਤ ਦੀ ਸਿਖਲਾਈ ਦੇਣ ਦੇ ਕਾਰਜ ਵਜੋਂ ਵੀ ਸੇਵਾਵਾਂ ਨਿਭਾਉਂਦੇ ਹਨ।

## 10. ਗੁਰਦੁਆਰਾ ਸਾਹਿਬ ਵਿਚਲੀਆਂ ਵਸਤਾਂ / ਨਿਸ਼ਾਨੀਆਂ

ਗੁਰਦੁਆਰਾ ਸਾਹਿਬ ਵਿਚ ਕਈ ਵਸਤਾਂ ਅਜਿਹੀਆਂ ਹਨ ਜੋ ਕਿ ਗੁਰਦੁਆਰੇ ਦਾ ਅਹਿਮ ਅੰਗ ਬਣ ਗਈਆਂ ਹਨ। ਉਹਨਾਂ ਵਸਤਾਂ/ਨਿਸ਼ਾਨੀਆਂ ਦਾ ਵਰਣਨ ਨਿਮਨ ਅਨੁਸਾਰ ਹੈ :

### 10.1 ਨਿਸ਼ਾਨ ਸਾਹਿਬ

ਗੁਰਦੁਆਰਾ ਸਾਹਿਬ ਵਿਚ ਇਕ ਵਿਸ਼ੇਸ਼ ਨਿਸ਼ਾਨੀ ਵਜੋਂ 'ਨਿਸ਼ਾਨ ਸਾਹਿਬ' ਸਥਾਪਿਤ ਕੀਤਾ ਜਾਂਦਾ ਹੈ ਤਾਂ ਕਿ ਆਉਣ ਵਾਲੀ ਸੰਗਤ ਨੂੰ ਦੂਰੋਂ ਹੀ ਗੁਰਦੁਆਰਾ ਸਾਹਿਬ ਆਉਣ ਦੀ ਅਗਵਾਈ ਪ੍ਰਾਪਤ ਹੋ ਸਕੇ। ਦੂਜਾ ਇਹ ਕਾਰਨ ਵੀ ਮੰਨਿਆ ਜਾਂਦਾ ਹੈ ਕਿ ਕਿਸੇ ਵੀ ਪ੍ਰਕਾਰ ਦੇ ਲੋੜਵੰਦ ਨੂੰ ਨਿਸ਼ਾਨ ਸਾਹਿਬ ਨੂੰ ਵੇਖਕੇ ਹੀ, ਇਹ ਪਤਾ ਲੱਗ ਸਕੇ ਕਿ ਇਸ ਪਿੰਡ/ਨਗਰ ਵਿਚ ਗੁਰਦੁਆਰਾ ਸਾਹਿਬ ਕਿਸ ਪਾਸੇ ਵੱਲ ਹੈ ਅਤੇ ਉਥੋਂ ਉਸਦੀ ਲੰਗਰ/ਵਿਸ਼ਰਾਮ ਆਦਿਕ ਹਰ ਲੋੜ ਦੀ ਪੂਰਤੀ ਹੋ ਸਕਦੀ ਹੈ।

ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ ਕਿ ਗੁਰੂ ਹਰਿਗੋਬਿੰਦ ਜੀ ਨੇ ਨਿਸ਼ਾਨ ਸਾਹਿਬ ਗੁਰੂ-ਘਰ ਵਿਚ ਪਰਵਿਰਤ ਕੀਤਾ। ਸਭ ਤੋਂ ਪਹਿਲਾ ਨਿਸ਼ਾਨ ਸਾਹਿਬ ਸੰਮਤ 1665 ਵਿਚ ਅਕਾਲ ਬੁੰਗੇ ਦੇ ਉਪਰ ਛੇਵੇਂ ਪਾਤਸ਼ਾਹ ਜੀ ਨੇ ਫਹਿਰਾਇਆ। ਸੰਮਤ 1829 ਵਿਚ ਭੰਗੀ ਮਿਸਲ ਦੇ ਜਥੇਦਾਰ ਝੰਡਾ ਸਿੰਘ ਨੇ

ਹਰਿਮੰਦਿਰ ਸਾਹਿਬ ਤੇ ਨਿਸ਼ਾਨ ਸਾਹਿਬ ਸਥਾਪਿਤ ਕੀਤਾ।[130]

ਰਤਨ ਸਿੰਘ ਜੱਗੀ ਅਨੁਸਾਰ 'ਨਿਸ਼ਾਨ' ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸਦਾ ਅਰਥ ਹੈ ਝੰਡਾ, ਧ੍ਵਜ। 'ਸਾਹਿਬ' ਵੀ ਅਰਬੀ ਭਾਸ਼ਾ ਦਾ ਸ਼ਬਦ ਹੈ ਅਤੇ ਇਥੇ ਇਹ 'ਨਿਸ਼ਾਨ' ਸ਼ਬਦ ਨਾਲ ਸਤਿਕਾਰ ਵਜੋਂ ਵਰਤਿਆ ਜਾਂਦਾ ਹੈ। ਇਸ ਤਰ੍ਹਾਂ 'ਨਿਸ਼ਾਨ ਸਾਹਿਬ' ਉਹ ਧ੍ਵਜ ਹੈ, ਜੋ ਗੁਰੂ-ਧਾਮਾਂ, ਗੁਰਦੁਆਰਿਆਂ ਆਦਿ ਵਿਚ ਲਗਾਇਆ ਜਾਂਦਾ ਹੈ। ਇਸ ਤੋਂ ਇਲਾਵਾ ਨਗਰ ਕੀਰਤਨਾਂ ਵਿਚ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਅੱਗੇ ਜਾਂ ਸੈਨਿਕ ਦਲਾਂ ਦੇ ਅੱਗੇ ਵੀ ਨਿਸ਼ਾਨ ਸਾਹਿਬ ਲੈ ਕੇ ਚਲਣ ਦੀ ਪਰੰਪਰਾ ਹੈ। ਸਿੱਖ ਧਰਮ ਵਿਚ ਨਿਸ਼ਾਨ ਸਾਹਿਬ ਦੀ ਪਰੰਪਰਾ ਗੁਰੂ ਹਰਿਗੋਬਿੰਦ ਸਾਹਿਬ ਨੇ ਆਰੰਭ ਕੀਤੀ।[131] ਹੁਣ ਨਿਸ਼ਾਨ ਸਾਹਿਬ ਹਰੇਕ ਗੁਰਦੁਆਰੇ ਦਾ ਅਹਿਮ ਹਿੱਸਾ ਹੈ। ਇਸ ਦੇ ਬਸਤਰਾਂ ਦਾ ਰੰਗ ਕੇਸਰੀ ਜਾਂ ਸੁਰਮਈ ਹੋ ਸਕਦਾ ਹੈ।

### 10.2 ਨਗਾਰਾ

ਗੁਰਦੁਆਰਾ ਸਾਹਿਬ ਵਿਚ 'ਨਗਾਰਾ' ਵੀ ਰੱਖਿਆ ਹੁੰਦਾ ਹੈ। ਨਗਾਰੇ ਦੀ ਬਣਤਰ- ਇਕ ਵੱਡੇ ਗੋਲ ਖੋਲ ਉਤੇ ਮੋਟਾ ਚਮੜਾ ਮੜ੍ਹਿਆ ਹੁੰਦਾ ਹੈ, ਇਸਨੂੰ ਦੋ ਡੰਡਿਆਂ ਦੀ ਚੋਟ ਨਾਲ ਵਜਾਇਆ ਜਾਂਦਾ ਹੈ ਅਤੇ ਇਹ ਭਾਰੀ ਆਵਾਜ਼ ਪੈਦਾ ਕਰਨ ਵਾਲਾ ਸਾਜ਼ ਹੈ।

ਗੁਰੂ ਗੋਬਿੰਦ ਸਿੰਘ ਜੀ ਦੁਆਰਾ ਤਿਆਰ ਕਰਵਾਇਆ ਰਣਜੀਤ ਨਗਾਰਾ ਬਹੁਤ ਪ੍ਰਸਿੱਧ ਹੈ ਜਿਸਦੀ ਧਾਂਕ ਦੂਰ-ਦੂਰ ਦੇ ਪਹਾੜੀ ਰਾਜਾਂ ਤਕ ਸੀ। ਡਾ. ਰਤਨ ਸਿੰਘ ਜੱਗੀ 'ਰਣਜੀਤ ਨਗਾਰੇ' ਬਾਰੇ ਲਿਖਦੇ ਹਨ ਕਿ ਗੁਰੂ ਹਰਿਗੋਬਿੰਦ ਸਾਹਿਬ ਤੋਂ ਸਿੱਖ ਸਮਾਜ ਵਿਚ ਮੀਰੀ ਦੀ ਬਿਰਤੀ ਵਿਕਸਿਤ ਹੋਈ ਸੀ, ਉਸਦਾ ਇਕ ਚਿੰਨ੍ਹ ਨਗਾਰਾ ਵੀ ਸੀ। ਜਦੋਂ ਗੁਰੂ ਗੋਬਿੰਦ ਸਿੰਘ ਜੀ ਗੁਰੂ-ਗੱਦੀ ਉਤੇ ਬੈਠੇ ਤਾਂ ਉਨਾਂ ਨੇ ਫ਼ਕੀਰੀ ਦੇ ਨਾਲ ਸ਼ਾਹੀ ਠਾਠ ਨੂੰ ਕਾਇਮ ਰੱਖਿਆ। ਸੱਤਾ ਦੇ ਚਿੰਨ੍ਹ ਵਜੋਂ ਗੁਰੂ ਜੀ ਦੀ ਆਗਿਆ ਨਾਲ ਸੰਨ 1684 ਈ. ਵਿਚ ਗੁਰੂ-ਘਰ ਦੇ ਦੀਵਾਨ ਨੰਦ ਚੰਦ ਨੇ ਇਕ ਨਗਾਰਾ ਬਣਵਾਇਆ, ਜਿਸਦਾ ਨਾਂ ਗੁਰੂ ਜੀ ਨੇ 'ਰਣਜੀਤ ਨਗਾਰਾ' ਰਖਿਆ। ਸਿੱਖ ਇਤਿਹਾਸ ਅਨੁਸਾਰ ਗੁਰੂ ਜੀ ਜਦੋਂ ਸ਼ਿਕਾਰ ਖੇਡਣ ਚੜ੍ਹਦੇ ਤਾਂ ਉਹਨਾਂ

---

130 ਭਾਈ ਕਾਨ੍ਹ ਸਿੰਘ ਨਾਭਾ, *ਗੁਰੁਮਤ ਮਾਰਤੰਡ* (ਭਾਗ ਦੂਜਾ), ਪੰਨਾ 616.

131 ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼* (ਭਾਗ ਦੂਜਾ), ਪੰਨਾ 1066.

ਦੀ ਸਵਾਰੀ ਅਗੇ ਇਹ ਨਗਾਰਾ ਵਜਾਇਆ ਜਾਂਦਾ ਸੀ।[132]

ਮੌਜੂਦਾ ਸਮੇਂ ਵਿਚ ਵੀ ਬਹੁਤ ਸਾਰੇ ਗੁਰਦੁਆਰਿਆਂ ਵਿਚ ਅੱਜ ਵੀ ਨਗਾਰਾ ਰੱਖਿਆ ਹੁੰਦਾ ਹੈ ਜੋ ਕਿ ਅਰਦਾਸ ਕਰਨ ਸਮੇਂ ਵਜਾਇਆ ਜਾਂਦਾ ਹੈ। ਵੱਖ-ਵੱਖ ਗੁਰਪੁਰਬਾਂ ਜਾਂ ਹੋਰ ਧਾਰਮਿਕ ਸਮਾਗਮਾਂ ਮੌਕੇ ’ਤੇ ਨਗਰ ਕੀਰਤਨ ਕੱਢਿਆ ਜਾਂਦਾ ਹੈ ਤਾਂ ਉਸਦੇ ਅੱਗੇ ਅੱਗੇ ਵੀ ਨਗਾਰਾ ਬਜਾਉਣ ਦੀ ਪਰੰਪਰਾ ਹੈ।

## ਸਾਰ

ਉਕਤ ਦੇ ਸਾਰ ਵਜੋਂ ਆਖਿਆ ਜਾ ਸਕਦਾ ਹੈ ਕਿ ਧਾਰਮਿਕ ਅਸਥਾਨ ਦਾ ਹਰ ਧਰਮ ਵਿਚ ਬਹੁਤ ਮਹੱਤਵ ਹੁੰਦਾ ਹੈ। ਸਿੱਖ ਧਾਰਮਿਕ ਅਸਥਾਨ ਬਾਕੀ ਧਰਮਾਂ ਨਾਲੋਂ ਵਿਭਿੰਨਤਾ ਦਾ ਧਾਰਨੀ ਹੈ ਕਿਉਂਕਿ ਇਹ ਸਿਰਫ ਸਿੱਖ ਧਰਮ ਦੇ ਅਨੁਯਾਈਆਂ ਲਈ ਹੀ ਨਹੀਂ ਬਲਕਿ ਸਾਰੇ ਧਰਮਾਂ, ਵਰਗਾਂ, ਜਾਤਾਂ ਦੇ ਲੋਕਾਂ ਲਈ ਸਦਾ ਹੀ ਖੁੱਲਾ ਹੈ। ਸਿੱਖ ਧਾਰਮਿਕ ਅਸਥਾਨ ਦਾ ਮੁਢਲਾ ਰੂਪ ਧਰਮਸਾਲ ਹੈ ਅਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਤੋਂ ਇਸ ਦਾ ਨਾਮ ਗੁਰਦੁਆਰਾ ਹੋ ਗਿਆ ਹੈ। ਸਿੱਖਾਂ ਦੁਆਰਾ ਮੌਜੂਦਾ ਸਮੇਂ ਵਿਚ ਅਨੇਕਾਂ ਪ੍ਰਕਾਰਾਂ ਦੇ ਗੁਰਦੁਆਰੇ ਸਥਾਪਿਤ ਕੀਤੇ ਹੋਏ ਹਨ। ਗੁਰਦੁਆਰਿਆਂ ਦਾ ਇਕ ਵਿਲੱਖਣ ਪੱਖ ਇਹ ਵੀ ਹੈ ਕਿ ਇਹ ਇਨਸਾਨ ਦੀਆਂ ਆਤਮਕ ਅਤੇ ਸਰੀਰਕ ਦੋਵੇਂ ਕਿਸਮ ਦੀਆਂ ਲੋੜਾਂ ਦੀ ਪੂਰਤੀ ਕਰਦਾ ਹੈ। ਜਿਥੇ ਜਗਿਆਸੂ ਦੀ ਆਤਮਕ ਤ੍ਰਿਪਤੀ ਗੁਰਬਾਣੀ ਪਠਨ-ਪਾਠਨ ਕਰਨ ਅਤੇ ਕਥਾ-ਕੀਰਤਨ ਸਰਵਣ ਕਰਨ ਨਾਲ ਹੁੰਦੀ ਹੈ, ਉਥੇ ਹੀ ਸਰੀਰਕ ਲੋੜਾਂ ਦੀ ਪੂਰਤੀ ਲੰਗਰ, ਵਿਸ਼ਰਾਮ ਲਈ ਰਿਹਾਇਸ਼, ਦਵਾਖਾਨਾ, ਵਿਦਿਆ ਆਦਿਕ ਤੋਂ ਹੁੰਦੀ ਹੈ। ਇਸ ਤਰ੍ਹਾਂ ਸਿੱਖ ਧਾਰਮਿਕ ਅਸਥਾਨ ਸਾਰੀ ਮਨੁੱਖਤਾ ਦੇ ਸਾਂਝੇ ਧਾਰਮਿਕ ਅਸਥਾਨ ਵਜੋਂ ਵਿਸ਼ਵ ਭਰ ਵਿਚ ਸਥਾਪਿਤ ਹੋਏ ਹਨ।

---

[132] ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼* (ਭਾਗ ਦੂਜਾ), ਪੰਨਾ 1485.

**ਅਧਿਆਇ ਦੂਜਾ**

# ਸਿੱਖ ਧਾਰਮਿਕ ਅਸਥਾਨ : ਇਤਿਹਾਸਕ ਪਿਛੋਕੜ

ਸਿੱਖ ਧਾਰਮਿਕ ਅਸਥਾਨ ਲਈ ਵਰਤਮਾਨ ਵਿਚ 'ਗੁਰਦੁਆਰਾ' ਸੰਗਯਾ ਪ੍ਰਚਲਿਤ ਹੋ ਚੁੱਕੀ ਹੈ। ਸਿੱਖ ਧਾਰਮਿਕ ਅਸਥਾਨ ਦੇ ਸਭ ਤੋਂ ਮੁਢਲੇ ਰੂਪ ਲਈ 'ਧਰਮਸਾਲ' ਸ਼ਬਦ ਦੀ ਵਰਤੋਂ ਕੀਤੀ ਜਾਂਦੀ ਸੀ। ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਧਰਮਸਾਲ ਦਾ ਮੁੱਢ ਬੱਝਾ ਹੈ। ਹਰੇਕ ਧਰਮਸਾਲ ਦੀ ਆਰੰਭਤਾ ਜਾਂ ਹੋਂਦ ਵਿਚ ਆਉਣ ਦੇ ਵੱਖ-ਵੱਖ ਕਾਰਨ ਰਹੇ ਹਨ। ਪਹਿਲਾ, ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀਆਂ ਪ੍ਰਚਾਰ ਯਾਤਰਾਵਾਂ ਦੌਰਾਨ ਜਿੱਥੇ ਵੀ ਗਏ, ਉਥੇ ਸੰਗਤ ਸਥਾਪਿਤ ਕੀਤੀ। ਭਾਵ ਜਿਸ ਅਸਥਾਨ ਉਤੇ ਸੰਗਤਾਂ ਇਕੱਤਰ ਹੁੰਦੀਆਂ, ਉਸ ਨੂੰ 'ਧਰਮਸਾਲ' ਆਖਿਆ ਜਾਣ ਲੱਗਾ। ਦੂਜਾ, ਗੁਰੂ ਅਮਰਦਾਸ ਜੀ ਨੇ ਸਿੱਖ ਧਰਮ ਦੇ ਪ੍ਰਚਾਰ ਲਈ 'ਮੰਜੀ ਸੰਸਥਾ' ਦੀ ਸਥਾਪਨਾ ਕੀਤੀ। ਗੁਰੂ ਅਮਰਦਾਸ ਜੀ ਨੇ ਇਸ ਨੂੰ ਵਿਵਹਾਰਕ ਰੂਪ ਦਿੰਦਿਆਂ, 22 ਪ੍ਰਚਾਰਕ ਚੁਣਕੇ ਉਹਨਾਂ ਨੂੰ ਮੰਜੀਆਂ ਦੀ ਬਖਸ਼ਿਸ਼ ਕੀਤੀ ਭਾਵ 22 ਮੰਜੀਆਂ ਸਥਾਪਿਤ ਕੀਤੀਆਂ। ਮੰਜੀਦਾਰਾਂ ਨੇ ਜਿਥੇ ਵੀ ਆਪੋ-ਆਪਣੇ ਖੇਤਰਾਂ ਵਿਚ ਸੰਗਤਾਂ ਸਥਾਪਿਤ ਕਰਕੇ, ਗੁਰੂ ਉਪਦੇਸ਼ਾਂ ਦਾ ਪ੍ਰਚਾਰ ਕਰਨਾ ਆਰੰਭ ਕੀਤਾ, ਉਹਨਾਂ ਅਸਥਾਨਾਂ ਉਤੇ ਵੀ ਧਰਮਸਾਲਾਵਾਂ ਸਥਾਪਿਤ ਹੋ ਗਈਆਂ। ਤੀਜਾ, ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਨੇ ਸਿੱਖ ਧਰਮ ਦੇ ਪ੍ਰਚਾਰ-ਪਾਸਾਰ ਲਈ 'ਮਸੰਦ ਸੰਸਥਾ' ਦੀ ਆਰੰਭਤਾ ਕੀਤੀ। 'ਮਸੰਦ' ਆਪੋ-ਆਪਣੇ ਖੇਤਰਾਂ ਵਿਚ ਸਿੱਖ ਧਰਮ ਦਾ ਪ੍ਰਚਾਰ ਕਰਨ ਦੇ ਨਾਲ-ਨਾਲ ਸਿੱਖ-ਸੰਗਤਾਂ ਦੀਆਂ ਭੇਟਾਵਾਂ ਗੁਰੂ ਦਰਬਾਰ ਵਿਚ ਪਹੁੰਚਾਉਣ ਦਾ ਕਾਰਜ ਵੀ ਕਰਦੇ ਸਨ। ਉਹ ਜਿਸ ਅਸਥਾਨ 'ਤੇ ਸੰਗਤ ਇਕੱਤਰ ਕਰਕੇ ਗੁਰੂ ਜਸ ਕਰਦੇ, ਉਥੇ ਧਰਮਸਾਲ ਸਥਾਪਿਤ ਹੋ ਜਾਂਦੀ। ਇਸ ਤੋਂ ਇਲਾਵਾ ਜਿਸ ਵੀ ਅਸਥਾਨ ਉਤੇ ਗੁਰੂ ਸਾਹਿਬਾਨ ਨੇ ਆਪਣੇ ਪਵਿੱਤਰ ਚਰਨ ਪਾਏ, ਉਹ ਅਸਥਾਨ ਹੀ ਪੂਜਣਯੋਗ ਬਣ ਗਿਆ ਭਾਵ ਉਥੇ ਧਰਮਸਾਲ ਸਥਾਪਿਤ ਹੋ ਜਾਂਦੀ। ਇਸ ਸੰਬੰਧੀ *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਦਾ ਫੁਰਮਾਨ ਹੈ :

*ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ॥*

*ਗੁਰਸਿੰਖੀ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ।।* [1]

ਭਾਈ ਗੁਰਦਾਸ ਜੀ ਦਾ ਇਸ ਸੰਬੰਧੀ ਫੁਰਮਾਨ ਹੈ :

*ਜਿਥੇ ਬਾਬਾ ਪੈਰੁ ਧਰਿ ਪੂਜਾ ਆਸਣੁ ਥਾਪਣਿ ਸੋਆ ।।* [2]

ਗੁਰੂ ਸਾਹਿਬਾਨ ਨਾਲ ਸੰਬੰਧਿਤ ਜਿਹੜੇ ਅਸਥਾਨ ਸਨ, ਉਹਨਾਂ ਦੀ ਸੇਵਾ-ਸੰਭਾਲ ਦੇ ਕਾਰਜ ਦਾ ਸਿਲਸਿਲਾ ਆਰੰਭ ਹੋਇਆ। ਪਹਿਲਾ, ਪੂਰਬਲੇ ਗੁਰੂ ਸਾਹਿਬਾਨ ਦੇ ਚਰਨ-ਛੁਹ ਪ੍ਰਾਪਤ ਅਸਥਾਨਾਂ ਦੀ ਸੇਵਾ ਉਹਨਾਂ ਦੇ ਉਤਰਾਧਿਕਾਰੀ ਗੁਰੂ ਸਾਹਿਬਾਨ ਦੁਆਰਾ ਕਰਵਾਉਣ ਸੰਬੰਧੀ ਵੀ ਵੇਰਵਾ ਪ੍ਰਾਪਤ ਹੁੰਦਾ ਹੈ। ਦੂਜਾ, ਗੁਰੂ ਸਾਹਿਬਾਨ ਨਾਲ ਸੰਬੰਧਿਤ ਕੁਝ ਅਸਥਾਨਾਂ ਦੀ ਸੇਵਾ ਸਿੱਖ ਮਿਸਲ ਕਾਲ ਸਮੇਂ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਸਮੇਂ ਵੀ ਕਰਵਾਈ ਗਈ ਸੀ। ਤੀਜਾ, 'ਸਿੰਘ ਸਭਾ ਲਹਿਰ' ਦੇ ਹੋਂਦ ਵਿਚ ਆਉਣ ਤੋਂ ਬਾਅਦ ਅਨੇਕਾਂ ਗੁਰਦੁਆਰੇ ਹੋਂਦ ਵਿਚ ਆਏ। ਉਹਨਾਂ ਗੁਰਦੁਆਰਿਆਂ ਦਾ ਪ੍ਰਬੰਧ ਸੰਭਾਲਣ ਲਈ ਇਕ ਵੱਖਰੀ ਸੰਸਥਾ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਵੀ ਹੋਂਦ ਵਿਚ ਆਈ, ਜੋ ਕਿ ਹੁਣ ਤੱਕ ਨਿਰੰਤਰ ਗੁਰਦੁਆਰਾ ਸਾਹਿਬਾਨ ਦੀ ਸੇਵਾ-ਸੰਭਾਲ ਦਾ ਕਾਰਜ ਕਰ ਰਹੀ ਹੈ।

ਹਥਲੇ ਅਧਿਆਇ ਵਿਚ 'ਸਿੱਖ ਧਾਰਮਿਕ ਅਸਥਾਨ' ਦੇ ਇਤਿਹਾਸਕ ਪਿਛੋਕੜ ਦਾ ਅਧਿਐਨ ਕਰਨ ਦਾ ਯਤਨ ਕੀਤਾ ਗਿਆ ਹੈ। ਇਥੇ ਅਸੀਂ 'ਸਿੱਖ ਧਾਰਮਿਕ ਅਸਥਾਨ' ਦੇ ਸਮਾਨਾਰਥੀ ਸ਼ਬਦ 'ਧਰਮਸਾਲ' ਅਤੇ 'ਗੁਰਦੁਆਰਾ' ਦੀ ਵਰਤੋਂ ਵੀ ਕਰਾਂਗੇ। ਇਸ ਅਧਿਆਇ ਦੀ ਉਸਾਰੀ ਲਈ ਅਧਿਐਨ ਸਮੱਗਰੀ ਨੂੰ ਨਿਮਨ ਚਾਰ ਭਾਗਾਂ ਵਿਚ ਵਰਗੀਕ੍ਰਿਤ ਕੀਤਾ ਗਿਆ ਹੈ :

1. ਗੁਰੂ ਸਾਹਿਬਾਨ ਦੇ ਸਮੇਂ
2. ਸਿੱਖ ਮਿਸਲਾਂ ਦੇ ਸਮੇਂ
3. ਸਿੱਖ ਰਾਜ ਸਮੇਂ
4. ਸਿੱਖ ਰਾਜ ਤੋਂ ਬਾਅਦ ਮੌਜੂਦਾ ਸਮੇਂ ਤੱਕ

---

[1] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 450.

[2] ਅਮਰ ਸਿੰਘ ਚਾਕਰ (ਸੰਪਾ.), *ਵਾਰਾਂ ਭਾਈ ਗੁਰਦਾਸ ਜੀ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2011, ਵਾਰ 1, ਪਉੜੀ 27.

ਉਕਤ ਵੱਖ-ਵੱਖ ਕਾਲਾਂ ਵਿਚ ਅਨੇਕਾਂ ਸਿੱਖ ਧਾਰਮਿਕ ਅਸਥਾਨਾਂ ਦੀ ਸਥਾਪਨਾ ਹੋਈ। ਇਹ ਅਸਥਾਨ ਸਮਾਂ ਪਾ ਕੇ ਅਧਿਆਤਮਕ ਅਤੇ ਧਾਰਮਿਕ ਗਤੀਵਿਧੀਆਂ ਜਾਂ ਸਿੱਖ ਧਰਮ ਦਾ ਪ੍ਰਚਾਰ ਕਰਨ ਦੇ ਨਾਲ-ਨਾਲ ਰਾਜਨੀਤਕ ਰਹਿਨੁਮਾਈ ਅਤੇ ਹੋਰਨਾਂ ਸਮਾਜਿਕ ਸਹੂਲਤਾਂ ਦਾ ਕੇਂਦਰ ਵੀ ਬਣਦੇ ਗਏ। ਭਾਵ ਕਿ ਇਹ ਅਸਥਾਨ ਸਿਰਫ ਧਾਰਮਿਕ ਜਾਂ ਅਧਿਆਤਮਕ ਗਤੀਵਿਧੀਆਂ ਦਾ ਕੇਂਦਰ ਹੀ ਨਹੀਂ ਰਹਿ ਗਏ ਬਲਕਿ ਸਮੁੱਚੀ ਮਾਨਵਤਾ ਦਾ ਆਸਰਾ ਕੇਂਦਰ ਬਣ ਗਏ। ਇਹਨਾਂ ਸਿੱਖ ਧਾਰਮਿਕ ਅਸਥਾਨਾਂ ਦੇ ਇਤਿਹਾਸਕ ਪਿਛੋਕੜ ਦਾ ਵੱਖ-ਵੱਖ ਕਾਲਾਂ ਵਿਚਲਾ ਵੇਰਵਾ ਨਿਮਨ ਅਨੁਸਾਰ ਹੈ :

## 1. ਗੁਰੂ ਸਾਹਿਬਾਨ ਦੇ ਸਮੇਂ

ਜਿਵੇਂ ਕਿ ਪਿਛੇ ਦਸਿਆ ਜਾ ਚੁੱਕਾ ਹੈ ਕਿ ਸਿੱਖ ਧਾਰਮਿਕ ਅਸਥਾਨ ਦੇ ਮੁਢਲੇ ਰੂਪ ਨੂੰ 'ਧਰਮਸਾਲ' ਆਖਿਆ ਜਾਂਦਾ ਸੀ। ਭਾਵੇਂ ਕਿ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ 'ਗੁਰਦੁਆਰਾ' ਸ਼ਬਦ ਦੀ ਵਰਤੋਂ ਵੀ ਹੋਈ ਮਿਲਦੀ ਹੈ ਪਰ ਆਮ ਤੌਰ 'ਤੇ ਸਿੱਖ ਧਾਰਮਿਕ ਅਸਥਾਨ ਲਈ ਧਰਮਸਾਲ ਸ਼ਬਦ ਦੀ ਹੀ ਵਰਤੋਂ ਕੀਤੀ ਜਾਂਦੀ ਸੀ। ਧਰਮਸਾਲ ਤੋਂ ਭਾਵ ਉਹ ਅਸਥਾਨ ਹੈ ਜਿਥੇ ਗੁਰੂ ਨਾਨਕ ਦੇਵ ਜੀ ਤੋਂ ਵਰੋਸਾਈ ਸੰਗਤ ਇਕੱਤਰ ਹੋ ਕੇ ਗੁਰੂ-ਜਸ ਅਤੇ ਪਰਮਾਤਮਾ ਦੀ ਸਿਫਤ-ਸਾਲਾਹ ਕਰਿਆ ਕਰਦੀ ਸੀ। ਪਹਿਲਾਂ-ਪਹਿਲ ਤਾਂ ਧਰਮਸਾਲ ਕਿਸੇ ਗੁਰਸਿੱਖ ਦਾ ਘਰ ਹੀ ਹੋਇਆ ਕਰਦੀ ਸੀ, ਬਾਅਦ ਵਿਚ ਹੋਰ ਧਰਮਸਾਲਾਵਾਂ ਵੀ ਹੋਂਦ ਵਿਚ ਆਉਣ ਲੱਗੀਆਂ। ਧਰਮਸ਼ਾਲ ਸਿਰਫ ਉਸ ਅਸਥਾਨ ਨੂੰ ਹੀ ਆਖਿਆ ਜਾ ਸਕਦਾ ਸੀ, ਜਿਥੇ ਇਕ ਪਰਮਾਤਮਾ ਦੀ ਮਹਿਮਾ ਦਾ ਗਾਇਨ ਹੁੰਦਾ ਹੋਵੇ।

ਸਿੱਖ ਧਰਮ ਵਿਚ ਧਰਮਸਾਲ ਦੀ ਸਥਾਪਤੀ ਗੁਰੂ ਨਾਨਕ ਦੇਵ ਜੀ ਦੀਆਂ ਪ੍ਰਚਾਰ ਯਾਤਰਾਵਾਂ ਨਾਲ ਹੀ ਹੋ ਗਈ ਸੀ। ਗੁਰੂ ਨਾਨਕ ਦੇਵ ਜੀ ਨੇ *ਚੜਿਆ ਸੋਧਣ ਧਰਤਿ ਲੋਕਾਈ* ਦੇ ਮਿਸ਼ਨ ਭਾਵ ਸੰਸਾਰ ਦੇ ਲੋਕਾਂ ਨੂੰ ਕਰਮ-ਕਾਂਡਾਂ ਅਤੇ ਅੰਧਵਿਸ਼ਵਾਸ਼ਾਂ ਤੋਂ ਨਿਜਾਤ ਦਿਵਾਉਣ ਲਈ ਧਰਮ ਪ੍ਰਚਾਰ ਯਾਤਰਾਵਾਂ ਆਰੰਭ ਕੀਤੀਆਂ, ਜਿਹਨਾਂ ਨੂੰ ਉਦਾਸੀਆਂ ਕਿਹਾ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਦੁਆਰਾ ਸਭ ਤੋਂ ਪਹਿਲਾਂ ਸਥਾਪਿਤ ਕੀਤੀ ਗਈ ਧਰਮਸਾਲ ਬਾਰੇ 'ਪੁਰਾਤਨ ਜਨਮ ਸਾਖੀ' ਤੋਂ ਪਤਾ ਚਲਦਾ ਹੈ ਕਿ ਗੁਰੂ ਜੀ ਨੇ ਸਭ

ਤੋਂ ਪਹਿਲੀ ਧਰਮਸਾਲ ਸੱਜਣ ਠੱਗ[3] ਦੇ ਘਰ ਸਥਾਪਿਤ ਕੀਤੀ ਸੀ। ਜਦੋਂ ਗੁਰੂ ਨਾਨਕ ਦੇਵ ਜੀ ਨੇ 'ਸੱਜਣ' ਨਾਂ ਦੇ ਵਿਅਕਤੀ ਦੇ ਘਰ ਆਪਣਾ ਟਿਕਾਣਾ ਕੀਤਾ ਤਾਂ ਆਪ ਜੀ ਨੇ ਉਪਦੇਸ਼ ਦੇ ਕੇ ਉਸ ਨੂੰ ਗਲਤ ਰਸਤੇ ਤੋਂ ਵਰਜ ਕੇ, ਸਚ ਦੇ ਮਾਰਗ ਦਾ ਪਾਂਧੀ ਬਣਾ ਦਿੱਤਾ ਅਤੇ ਉਸ ਦੇ ਘਰ ਵਿਚ ਪਹਿਲੀ ਧਰਮਸਾਲ ਦੀ ਸਥਾਪਨਾ ਕੀਤੀ।[4] ਜਿਥੇ-ਜਿਥੇ ਵੀ ਗੁਰੂ ਨਾਨਕ ਦੇਵ ਜੀ ਆਪਣੇ ਪ੍ਰਚਾਰ ਦੌਰਿਆਂ ਉਤੇ ਜਾਂਦੇ, ਉਥੇ ਲੋਕਾਂ ਨੂੰ ਧਰਮਸਾਲ ਦੀ ਸਥਾਪਨਾ ਕਰਕੇ ਸੰਗਤ ਕਰਨ ਦਾ ਆਦੇਸ਼ ਕਰਦੇ। *The Encyclopedia of Sikhism* ਵਿਚ ਇਸ ਬਾਰੇ ਲਿਖਿਆ ਹੈ, "Guru Nanak wherever he went, called upon his followers to establish *dharamsalas* and congregate in them to repeat God's Name, and to recite His praise."[5]

ਗੁਰੂ ਨਾਨਕ ਦੇਵ ਜੀ ਉਦਾਸੀਆਂ ਦੌਰਾਨ ਜਿਸ ਵੀ ਸਥਾਨ ਉਤੇ ਗਏ, ਉਥੇ ਲੋਕਾਂ ਨੂੰ ਆਪਣੇ ਸ਼ਿਸ਼ ਬਣਾਉਣ ਉਪਰੰਤ ਧਰਮਸਾਲ ਸਥਾਪਿਤ ਕਰਨ ਦਾ ਉਪਦੇਸ਼ ਕੀਤਾ ਅਤੇ ਸਤਿਸੰਗਤ ਕਰਨ ਲਈ ਪ੍ਰੇਰਿਤ ਕੀਤਾ। ਇਸ ਸੰਬੰਧੀ *ਸ੍ਰੀ ਗੁਰ ਨਾਨਕ ਪ੍ਰਕਾਸ਼* ਵਿਚ ਜਿਕਰ ਪ੍ਰਾਪਤ ਹੁੰਦਾ ਹੈ ਕਿ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਕਾਮਰੂਪ (ਆਸਾਮ) ਨਾਂ ਦੇ ਅਸਥਾਨ 'ਤੇ ਗਏ ਤਾਂ ਉਥੋਂ ਦੀਆਂ ਜਾਦੂਗਰ ਔਰਤਾਂ ਨੂੰ ਆਤਮਿਕ ਉਪਦੇਸ਼ ਦੇ ਕੇ ਗੁਰਸਿੱਖੀ ਧਾਰਨ ਕਰਨ ਲਈ ਆਖਿਆ। ਇਸਦੇ ਨਾਲ ਹੀ ਉਹਨਾਂ ਨੂੰ ਧਰਮਸਾਲ ਬਣਵਾਉਣ ਅਤੇ ਪਰਮਾਤਮਾ ਦੇ ਨਾਮ-ਸਿਮਰਨ ਦਾ ਆਦੇਸ਼ ਕੀਤਾ :

*ਗੁਰ ਨਾਨਕ ਆਨਨ ਬੈਨ ਭਨੈਂ 'ਗੁਰ ਸਿਖੀ ਮਨਜ਼ੂਰ ਕਰੋ ਮਨ ਮਾਂਹੀ।*

---

[3] ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਤੁਲੰਬਾ ਅਥਵਾ ਤੁਲੰਭਾ ਪਿੰਡ (ਜਿਲਾ ਮੁਲਤਾਨ) ਦਾ ਵਸਨੀਕ ਬਗੁਲਸਮਾਧੀ ਇੱਕ ਠਗ ਸੀ, ਜਿਸ ਨੇ ਧਰਮਮੰਦਿਰ ਬਣਾਕੇ ਲੋਕਾਂ ਦੇ ਫਸਾਉਣ ਲਈ ਅਨੇਕ ਉਪਾਇ ਰਚ ਰੱਖੇ ਸਨ। ਜੋ ਮੁਸਾਫਰ ਇਸ ਦੇ ਪੰਜੇ ਵਿੱਚ ਆਉਂਦਾ, ਉਸ ਦਾ ਧਨ ਪ੍ਰਾਣਾਂ ਸਮੇਤ ਲੈਂਦਾ। ਸਤਿਗੁਰ ਨਾਨਕ ਦੇਵ ਜਦ ਇਸ ਪਾਸ ਪਹੁੰਚੇ ਤਾਂ ਉਨ੍ਹਾਂ ਨੂੰ ਭੀ ਇਸ ਨੇ ਆਪਣਾ ਸ਼ਿਕਾਰ ਬਣਾਉਣਾ ਚਾਹਿਆ, ਪਰ ਜਗਤਗੁਰੂ ਦੇ ਸ਼ਬਦਬਾਣ ਤੋਂ ਵੇਧਨ ਹੋ ਕੇ ਆਪ ਹੀ ਸ਼ਿਕਾਰ ਬਣ ਗਿਆ। ਗੁਰੂ ਸਾਹਿਬ ਨੇ ਇਸ ਨੂੰ ਸੱਚਾ ਸੱਜਣ ਬਣਾਕੇ ਗੁਰਸਿੱਖਾਂ ਦੀ ਪੰਗਤਿ ਵਿੱਚ ਮਿਲਾਇਆ ਅਤੇ ਪ੍ਰਚਾਰਕ ਥਾਪਿਆ।" -ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਭਾਸ਼ਾ ਵਿਭਾਗ, ਪੰਜਾਬ, 2006, ਪੰਨਾ 145.

[4] ਭਾਈ ਵੀਰ ਸਿੰਘ, *ਪੁਰਾਤਨ ਜਨਮ ਸਾਖੀ,* ਭਾਈ ਵੀਰ ਸਿੰਘ ਸਾਹਿਤ ਸਦਨ, ਨਵੀ ਦਿੱਲੀ, 2012, ਪੰਨਾ 51.

[5] Harbans Singh (Ed. In Chief), *The Encyclopedia of Sikhism* (Vol. II), Punjabi University, Patiala, 2011, Page 147.

*ਧ੍ਰਮਸਾਲ ਕਰੋ, ਹਰਿਨਾਮ ਰਰੋ, ਉਰ ਭਾਉ ਧਰੋ, ਹਰਿ ਕੈ ਕ੍ਰਿਤ ਯਾਹੀ।...।44।'* [6]

ਗੁਰੂ ਜੀ ਨੇ ਉਥੇ ਸੰਗਤਾਂ ਨੂੰ ਉਪਦੇਸ਼ ਦਿਤਾ ਅਤੇ ਚਰਨ-ਪਾਹੁਲ ਦੇ ਕੇ ਉਹਨਾਂ ਨੂੰ ਕ੍ਰਿਤਾਰਥ ਕੀਤਾ। ਗੁਰੂ ਜੀ ਦਾ ਹੁਕਮ ਮੰਨ ਕੇ ਉਹਨਾਂ ਲੋਕਾਂ ਨੇ ਬਹੁਤ ਵੱਡੀ ਧਰਮਸਾਲਾ ਬਣਾਈ ਅਤੇ ਗੁਰੂ ਜੀ ਦਾ ਜਸ-ਵਡਿਆਈ ਕਰਨ ਲੱਗੇ :

*ਪਗ ਪਾਹੁਲ ਦੀਨਿ ਕ੍ਰਿਤਾਰਥ ਕੀਨਿ, ਭਏ ਅਘ ਹੀਨ ਵਡੇ ਵਡਭਾਗੇ।*

*ਧ੍ਰਮਸਾਲ ਬਿਸਾਲ ਰਚੀ ਤਿਹਂ ਕਾਲ ਦਯਾਲ ਕੀ ਕੀਰਤਿ ਮੈਂ ਮਤਿ ਪਾਗੇ॥46॥* [7]

ਗੁਰੂ ਨਾਨਕ ਦੇਵ ਜੀ ਨਵੇਂ ਧਰਮ ਦੇ ਪ੍ਰਚਾਰ ਲਈ ਜਿਥੇ ਵੀ ਜਾਂਦੇ, ਉਥੇ ਧਰਮਸਾਲ ਸਥਾਪਿਤ ਕਰਨ ਦਾ ਆਦੇਸ਼ ਜਰੂਰ ਕਰਦੇ। ਗੁਰੂ ਜੀ ਜਦੋਂ ਸੰਗਲਾਦੀਪ ਦੇ ਰਾਜੇ 'ਸ਼ਿਵਨਾਭ' ਕੋਲ ਗਏ ਤਾਂ ਉਸ ਦੇ ਬਾਗ ਵਿਚ ਠਹਿਰੇ। ਜਦੋਂ ਰਾਜੇ ਨੇ ਗੁਰੂ ਜੀ ਨੂੰ ਆਪਣੇ ਘਰ ਜਾਣ ਲਈ ਬੇਨਤੀ ਕੀਤੀ ਤਾਂ ਗੁਰੂ ਜੀ ਨੇ ਉਸ ਨੂੰ ਕਿਹਾ ਕਿ ਪਹਿਲਾਂ ਜਾ ਕੇ ਧਰਮਸਾਲ ਤਿਆਰ ਕਰਵਾਉ, ਫਿਰ ਆ ਕੇ ਸਾਨੂੰ ਲੈ ਜਾਣਾ। ਰਾਜਾ ਸ਼ਿਵਨਾਭ ਗੁਰੂ ਜੀ ਦਾ ਹੁਕਮ ਮੰਨ ਕੇ ਆਪਣੇ ਮਹਿਲਾਂ ਵਿਚ ਪਰਤ ਆਇਆ ਅਤੇ ਧਰਮਸਾਲ ਦੀ ਉਸਾਰੀ ਆਰੰਭ ਕਰਵਾ ਦਿੱਤੀ :

*"ਪੂਰਬ ਧਰਮਸਾਲ ਬਨਿਵਾਵਹੁ। ਬਹੁਰ ਆਇ ਹਮ ਕੋ ਲੈ ਜਾਵਹੁ"।*

*ਸੁਨਿ ਕਰਿ ਭੂਪਤਿ ਸਦਨ ਸਿਧਾਯੋ। ਕਹਯੋ ਜੁ ਗੁਰ ਸੁ ਅਰੰਭ ਕਰਾਯੋ॥81॥* [8]

ਗੁਰੂ ਨਾਨਕ ਦੇਵ ਜੀ ਸੰਗਲਾਦੀਪ ਦੇ ਰਾਜੇ ਸ਼ਿਵਨਾਭ ਦੁਆਰਾ ਬਣਵਾਈ ਧਰਮਸਾਲ ਵਿਚ ਜਾ ਕੇ ਠਹਿਰੇ। ਗੁਰੂ ਜੀ ਦੇ ਉਪਦੇਸ਼ ਸੁਣ ਕੇ ਰਾਜਾ ਅਤੇ ਉਸਦੇ ਨਗਰ ਦੇ ਸਾਰੇ ਨਿਵਾਸੀ ਗੁਰੂ ਜੀ ਦੇ ਸੇਵਕ ਬਣ ਗਏ :

*ਧਰਮਸਾਲ ਮਹਿਂ ਕੀਨ ਬਸੇਰਾ। ਸਰਬ ਦੇਸ ਹੋਵਤਿ ਭਾ ਚੇਰਾ॥5॥* [9]

---

6 ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਤੀਜੀ), ਭਾਈ ਵੀਰ ਸਿੰਘ (ਸੰਪਾ.), ਭਾਸ਼ਾ ਵਿਭਾਗ, ਪੰਜਾਬ, 2011, ਪੰਨਾ 516.

7 ਉਹੀ, ਪੰਨਾ 517.

8 ਉਹੀ, ਪੰਨਾ 527.

9 ਉਹੀ, ਪੰਨਾ 537.

ਗੁਰੂ ਨਾਨਕ ਦੇਵ ਜੀ ਦੁਆਰਾ ਇਥੇ ਹੀ ਧਰਮਸਾਲ ਵਿਚ ਲੰਗਰ ਸੰਸਥਾ ਨੂੰ ਆਰੰਭ ਕਰਨ ਦਾ ਵੀ ਪਤਾ ਚਲਦਾ ਹੈ ਕਿ ਉਥੇ ਸਾਰੀ ਸੰਗਤ ਲਈ ਧਰਮਸਾਲ ਵਿਚ ਬਹੁਤ ਵਿਸ਼ਾਲ ਲੰਗਰ ਤਿਆਰ ਕੀਤਾ ਜਾਂਦਾ, ਜਿਸਨੂੰ ਖੁਦ ਗੁਰੂ ਜੀ ਵੀ ਵਰਤਾਉਂਦੇ ਸਨ। ਇਹ ਲੰਗਰ ਇੰਨਾਂ ਵਿਸ਼ਾਲ ਹੁੰਦਾ ਸੀ, ਕਿ ਇਸ ਵਿਚ ਇੱਕੀ ਮਣ ਨਮਕ ਦੀ ਵਰਤੋਂ ਹੋਣ ਦਾ ਜਿਕਰ ਮਿਲਦਾ ਹੈ :

*ਧਰਮ ਸਾਲ ਮਹਿਂ ਦੇਗ ਬਿਸਾਲਾ। ਕਰਵਾਵਹਿਂ ਸਤਿਗੁਰੂ ਕ੍ਰਿਪਾਲਾ।*

*ਮਨ ਇਕੀਸ ਜਹਿਂ ਲੌਨ ਮਿਲਾਏ। ਇਤੋ ਅਹਾਰ ਹੋਇ ਸਭਿ ਖਾਏਂ॥10॥* [10]

ਇਸ ਤੋਂ ਇਲਾਵਾ ਜਦੋਂ ਗੁਰੂ ਨਾਨਕ ਦੇਵ ਜੀ ਉਦਾਸੀਆਂ ਦੌਰਾਨ ਬ੍ਰਹਮਪੁਰ ਨਾਮਕ ਸਥਾਨ ’ਤੇ ਗਏ ਤਾਂ ਉਥੇ ਦੇ ਰਾਜੇ ਮਧੁਰਬੈਨ ਨੇ ਗੁਰੂ ਜੀ ਦੀ ਬਹੁਤ ਸੇਵਾ ਕੀਤੀ ਅਤੇ ਗੁਰੂ ਜੀ ਨੂੰ ਉਪਦੇਸ਼ ਦੇਣ ਲਈ ਬੇਨਤੀ ਕੀਤੀ। ਗੁਰੂ ਜੀ ਨੇ ਉਸ ਨੂੰ ਹਉਮੈ ਦਾ ਤਿਆਗ ਕਰਕੇ, ਨਾਮ-ਸਿਮਰਨ ਕਰਨ ਦਾ ਉਪਦੇਸ਼ ਕਰਨ ਦੇ ਨਾਲ ਹੀ ਉਸ ਨੂੰ ਧਰਮਸਾਲਾ ਬਣਵਾਉਣ ਦਾ ਆਦੇਸ਼ ਵੀ ਕੀਤਾ। ਰਾਜੇ ਨੇ ਗੁਰੂ ਜੀ ਦਾ ਹੁਕਮ ਮੰਨ ਕੇ ਧਰਮਸ਼ਾਲਾ ਬਣਵਾਈ ਅਤੇ ਅਤੁੱਟ ਲੰਗਰ ਚਲਾਉਣ ਲਗ ਪਿਆ :

*ਮਧੁਰਬੈਨ ਤਜਿ ਹਉਮੈਂ ਰੀਤਾ। ਸੇਵਹਿ ਸਤਿਗੁਰ ਚਰਨ ਸਪ੍ਰੀਤਾ।*

*ਜਗਤ ਕੁਬੰਧਨ ਸਗਰੇ ਨਾਸ਼ੇ। ਹਿਰਦੇ ਆਤਮਗਯਾਨ ਪ੍ਰਕਾਸ਼ੇ।।42।।*

*ਕਰਨਾ ਪਾਇ ਬਿਸਾਲ ਨਿਹਾਲਾ। ਬਨਿਵਾਈ ਪੁਰਿ ਮਹਿਂ ਧ੍ਰਮਸਾਲਾ*

*ਦੇਗ ਚਲਾਵਨ ਲਗਯੋ ਅਭੰਗਾ। ਭੋਜਨ ਸੰਗਤਿ ਅਚਹਿ ਨਿਸੰਗਾ।।43।।* [11]

ਗੁਰੂ ਨਾਨਕ ਦੇਵ ਜੀ ਨੇ ਉਦਾਸੀਆਂ ਦੀ ਸੰਪੂਰਨਤਾ ਤੋਂ ਬਾਅਦ ਕਰਤਾਰਪੁਰ ਵਿਖੇ ਟਿਕਾਣਾ ਕਰ ਲਿਆ ਸੀ। ਉਥੇ ਗੁਰੂ ਜੀ ਨੇ ਆਪਣੇ ਹੱਥੀਂ ਖੇਤੀ ਕੀਤੀ, ਧਰਮ ਪ੍ਰਚਾਰ ਦਾ ਕੇਂਦਰ ਸਥਾਪਿਤ ਕੀਤਾ ਅਤੇ ਕਈ ਬਾਣੀਆਂ ਦੀ ਰਚਨਾ ਕੀਤੀ।[12] ਗੁਰੂ ਨਾਨਕ ਦੇਵ ਜੀ ਦੁਆਰਾ ਕਰਤਾਰਪੁਰ ਵਿਖੇ ਧਰਮਸਾਲ ਸਥਾਪਿਤ ਕਰਨ ਅਤੇ ਸਾਧਸੰਗਤਿ ਰੂਪੀ ਸਚਖੰਡ ਵਸਾਉਣ ਬਾਰੇ ਭਾਈ ਗੁਰਦਾਸ ਜੀ ਨੇ ਫੁਰਮਾਇਆ ਹੈ:

---

10 ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਤੀਜੀ), ਭਾਈ ਵੀਰ ਸਿੰਘ (ਸੰਪਾ.), ਪੰਨਾ 539.

11 ਉਹੀ, ਪੰਨਾ 588.

12 ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼* (ਭਾਗ ਪਹਿਲਾ), ਗੁਰ ਰਤਨ ਪਬਲਿਸ਼ਰਜ਼, ਪਟਿਆਲਾ, 2005, ਪੰਨਾ 471.

*ਸਤਿ ਰੂਪੁ ਸਤਿ ਨਾਮੁ ਕਰਿ ਸਤਿਗੁਰ ਨਾਨਕ ਦੇਉ ਜਪਾਇਆ।*

*ਧਰਮਸਾਲ ਕਰਤਾਰਪੁਰੁ ਸਾਧਸੰਗਤਿ ਸਚ ਖੰਡੁ ਵਸਾਇਆ।*

*ਵਾਹਿਗੁਰੂ ਗੁਰ ਸਬਦੁ ਸੁਣਾਇਆ।।* [13]

ਜਦੋਂ ਗੁਰੂ ਨਾਨਕ ਦੇਵ ਜੀ ਉਦਾਸੀਆਂ ਤੋਂ ਬਾਅਦ ਕਰਤਾਰਪੁਰ ਵਿਖੇ ਆ ਗਏ ਤਾਂ ਆਪ ਜੀ ਨੇ ਉਦਾਸੀ ਭੇਖ ਉਤਾਰ ਦਿੱਤਾ। ਫਿਰ ਕਰਤਾਰਪੁਰ ਵਿਚ ਹੀ ਨਿਵਾਸ ਕਰ ਲਿਆ ਅਤੇ ਉਥੇ ਧਰਮਸਾਲ ਸਥਾਪਿਤ ਕਰਨ ਉਪਰੰਤ ਰੋਜਾਨਾ ਕੀਤੇ ਜਾਣ ਵਾਲੇ ਕਾਰਜਾਂ ਸੰਬੰਧੀ ਇਕ ਮਰਿਆਦਾ ਨਿਰਧਾਰਿਤ ਕੀਤੀ, ਜਿਸ ਸੰਬੰਧੀ ਭਾਈ ਗੁਰਦਾਸ ਜੀ ਬਿਆਨ ਕਰਦੇ ਹਨ :

*ਫਿਰਿ ਬਾਬਾ ਆਇਆ ਕਰਤਾਰਪੁਰਿ ਭੇਖੁ ਉਦਾਸੀ ਸਗਲ ਉਤਾਰਾ।*

*ਪਹਿਰਿ ਸੰਸਾਰੀ ਕਪੜੇ ਮੰਜੀ ਬੈਠਿ ਕੀਆ ਅਵਤਾਰਾ।*

*...ਬਾਣੀ ਮੁਖਹੁ ਉਚਾਰੀਐ ਹੁਇ ਰੁਸਨਾਈ ਮਿਟੈ ਅੰਧਾਰਾ।।*

*ਗਿਆਨੁ ਗੋਸਟਿ ਚਰਚਾ ਸਦਾ ਅਨਹਦਿ ਸਬਦਿ ਉਠੇ ਧੁਨਕਾਰਾ।।*

*ਸੋਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ।।* [14]

ਗੁਰੂ ਨਾਨਕ ਦੇਵ ਜੀ ਨੇ ਧਰਮਸਾਲ ਦੀ ਸਥਾਪਤੀ ਕਰਨ ਦੇ ਨਾਲ-ਨਾਲ ਇਕ ਗੁਰਮੁਖ ਦੀ ਜੀਵਨ-ਸ਼ੈਲੀ ਨੂੰ ਨਿਰਧਾਰਿਤ ਕਰਨ ਲਈ ਉਸ ਤਰ੍ਹਾਂ ਦੀ ਜੀਵਨ-ਜਾਚ ਖੁਦ ਅਪਣਾ ਕੇ ਆਪਣੇ ਅਨੁਯਾਈਆਂ ਦਾ ਮਾਰਗ ਦਰਸ਼ਨ ਕੀਤਾ। ਗੁਰੂ ਜੀ ਨੇ ਗੁਰਸਿੱਖੀ ਦੇ ਮੁਢਲੇ ਸਿਧਾਂਤ ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ ਨੂੰ ਵਿਵਹਾਰਕ ਰੂਪ ਦਿੰਦਿਆਂ, ਖੁਦ ਵੀ ਖੇਤੀ ਕਰਨ ਨੂੰ ਆਪਣੀ ਕਿਰਤ ਵਜੋਂ ਨਿਭਾਇਆ। ਵੰਡ ਛਕਣ ਦੇ ਸਿਧਾਂਤ ਨੂੰ ਅਮਲੀ ਰੂਪ ਦਿੰਦਿਆਂ, ਲੰਗਰ ਚਲਾਇਆ ਅਤੇ ਸੰਗਤ ਦੀ ਸਥਾਪਨਾ ਕਰਕੇ ਆਪ ਵੀ ਪਰਮਾਤਮਾ ਦਾ ਨਾਮ ਸਿਮਰਨ ਕੀਤਾ ਅਤੇ ਹੋਰਨਾਂ ਨੂੰ ਵੀ ਨਾਮ ਜਪਣ ਦਾ ਉਪਦੇਸ਼ ਦ੍ਰਿੜ ਕਰਵਾਇਆ। ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਧਰਮਸਾਲ ਦਾ ਸਮੁੱਚਾ ਮਨੋਰਥ

---

[13] *ਵਾਰਾਂ ਭਾਈ ਗੁਰਦਾਸ ਜੀ,* ਵਾਰ 24, ਪਉੜੀ 1, ਪੰਨਾ 254.

[14] ਉਹੀ, ਵਾਰ 1, ਪਉੜੀ 38, ਪੰਨਾ 19.

ਮਨੁੱਖਤਾ ਸਾਹਮਣੇ ਪੇਸ਼ ਕੀਤਾ। ਹਰ ਸਿੱਖ ਗੁਰੂ ਸਾਹਿਬ ਦਾ ਆਦੇਸ਼ ਮੰਨ ਕੇ ਧਰਮਸਾਲ ਵਿਚ ਮਿਲ ਕੇ ਬੈਠਦਾ ਅਤੇ ਸਤਿਸੰਗਤ ਵਿਚ ਗੁਰੂ-ਜਸ ਗਾਇਨ ਕਰਦਾ। ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਿਤ ਕੀਤੇ ਗਏ ਨਵੇਂ ਸਿਧਾਤਾਂ ਕਾਰਨ ਘਰ-ਘਰ ਅੰਦਰ ਰੱਬੀ ਨਾਮ ਦਾ ਪਰਵਾਹ ਚੱਲਣ ਲੱਗ ਪਿਆ ਸੀ। ਇਸ ਸੰਬੰਧੀ ਭਾਈ ਗੁਰਦਾਸ ਜੀ ਦਾ ਕਥਨ ਹੈ ਕਿ ਹਰ ਸਿੱਖ ਦਾ ਘਰ, ਧਰਮ ਦੇ ਪਰਚਾਰ ਕੇਂਦਰ ਵਜੋਂ ਕਾਰਜਸ਼ੀਲ ਹੋ ਗਿਆ ਸੀ ਭਾਵ ਕਿ ਹਰ ਸਿੱਖ ਦੇ ਘਰ ਪਰਮਾਤਮਾ ਦੀ ਕੀਰਤੀ ਗਾਈ ਜਾਂਦੀ ਅਤੇ ਗੁਰਮਤਿ ਵਿਚਾਰਾਂ ਕੀਤੀਆਂ ਜਾਣ ਲੱਗੀਆਂ :

*ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨ ਸਦਾ ਵਿਸੋਆ ॥*[15]

ਭਾਈ ਗੁਰਦਾਸ ਜੀ ਨੇ ਸਿੱਖ ਧਰਮ ਦੀ ਸ੍ਰੇਸ਼ਟ ਸੰਸਥਾ ਧਰਮਸਾਲ ਦੀ ਤੁਲਨਾ ਮਾਨਸਰੋਵਰ ਨਾਲ ਕੀਤੀ ਹੈ, ਅਤੇ ਉਸ ਵਿਚ ਜੁੜ ਬੈਠਣ ਵਾਲੇ ਗੁਰਸਿੱਖਾਂ ਨੂੰ ਹੰਸ ਨਾਲ ਤਸ਼ਬੀਹ ਦਿੱਤੀ ਹੈ, ਭਾਵ ਉਹ ਗੁਰਸਿੱਖ ਰੂਪੀ ਹੰਸ ਧੰਨ ਹਨ, ਜੋ ਧਰਮਸਾਲ ਵਿਚ ਵਸਦੇ ਹਨ :

*ਧਰਮਸਾਲ ਹੈ ਮਾਨਸਰ ਹੰਸ ਗੁਰਸਿਖ ਵਾਹੁ ॥*[16]

ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਿਤ ਕੀਤੀ ਧਰਮਸਾਲ ਵਿਚ, ਉਹਨਾਂ ਦੇ ਉਤਰਾਧਿਕਾਰੀਆਂ ਦੇ ਸਮੇਂ ਇਸ ਵਿਚ ਹੋਰ ਵਿਸਥਾਰ ਹੁੰਦਾ ਰਿਹਾ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਤੱਕ ਸਿੱਖਾਂ ਦੇ ਧਾਰਮਿਕ ਅਸਥਾਨ ਨੂੰ 'ਧਰਮਸਾਲਾ' ਹੀ ਕਿਹਾ ਜਾਂਦਾ ਸੀ।[17] ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤ ਸਰੋਵਰ ਦੇ ਵਿਚਕਾਰ ਧਰਮ ਅਸਥਾਨ 'ਸ੍ਰੀ ਹਰਿਮੰਦਿਰ ਸਾਹਿਬ' ਦੀ ਸਥਾਪਨਾ ਕੀਤੀ। ਉਸ ਤੋਂ ਬਾਅਦ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਮੇਂ ਤੋਂ ਸਿੱਖ ਧਾਰਮਿਕ ਅਸਥਾਨ ਲਈ 'ਗੁਰਦੁਆਰਾ' ਸ਼ਬਦ ਪ੍ਰਚਲਿਤ ਹੋ ਗਿਆ।[18] ਇਸ ਸੰਬੰਧੀ *The Encyclopedia of Sikhism* ਵਿੱਚ ਲਿਖਿਆ ਹੈ ਕਿ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਤੋਂ ਧਰਮਸਾਲ ਨੂੰ

---

15 *ਵਾਰਾਂ ਭਾਈ ਗੁਰਦਾਸ ਜੀ,* ਵਾਰ 1, ਪਉੜੀ 27, ਪੰਨਾ 14.

16 ਉਹੀ, ਵਾਰ 9, ਪਉੜੀ 14, ਪੰਨਾ 98.

17 ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼* (ਭਾਗ ਪਹਿਲਾ), ਪੰਨਾ 608.

18 ਉਹੀ, ਪੰਨਾ 608.

ਗੁਰਦੁਆਰਾ ਆਖਿਆ ਜਾਣ ਲੱਗਾ, "In the time of Guru Hargobind (1595-1644), *dharamsals* began to be called *gurdwaras.*"[19]

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉੱਤਰਾਧਿਕਾਰੀ ਗੁਰੂ ਸਾਹਿਬਾਨ ਦੇ ਸਮੇਂ ਵੱਖ-ਵੱਖ ਸਥਾਨਾਂ ਉਤੇ ਧਰਮਸਾਲਾਵਾਂ ਸਥਾਪਿਤ ਹੋਣ ਲੱਗ ਪਈਆਂ। ਗੁਰੂ ਨਾਨਕ ਦੇਵ ਜੀ ਨੇ 17 ਹਾੜ, ਸੰਮਤ 1596 ਨੂੰ ਗੁਰੂ ਅੰਗਦ ਦੇਵ ਜੀ ਨੂੰ ਗੁਰਿਆਈ ਬਖ਼ਸ਼ ਕੇ ਆਪਣਾ ਉੱਤਰਾਧਿਕਾਰੀ ਬਣਾ ਦਿੱਤਾ।[20] ਗੁਰਗੱਦੀ ਉਤੇ ਬੈਠਣ ਤੋਂ ਬਾਅਦ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸਿੱਖ ਧਰਮ ਦੇ ਪ੍ਰਚਾਰ ਤੇ ਪਾਸਾਰ ਲਈ ਖਡੂਰ ਸਾਹਿਬ ਵਿਖੇ ਆਪਣਾ ਨਿਵਾਸ ਕਰ ਲਿਆ ਸੀ। ਇਸ ਸੰਬੰਧੀ ਭਾਈ ਸਤਾ ਜੀ ਅਤੇ ਬਲਵੰਡ ਜੀ ਨੇ 'ਰਾਮਕਲੀ ਕੀ ਵਾਰ' ਵਿਚ ਫੁਰਮਾਇਆ ਹੈ :

*ਫੇਰਿ ਵਸਾਇਆ ਫੇਰੁਆਣਿ ਸਤਿਗੁਰਿ ਖਾਡੂਰੁ।।* [21]

ਗੁਰੂ ਅੰਗਦ ਦੇਵ ਜੀ ਦੇ ਖਡੂਰ ਸਾਹਿਬ ਆਉਣ ਨਾਲ ਸੰਗਤ ਗੁਰੂ-ਦਰਬਾਰ ਵਿਚ ਜੁੜਨ ਲੱਗੀ। ਖਡੂਰ ਸਾਹਿਬ ਸਿੱਖੀ ਪਰਚਾਰ ਦਾ ਨਵਾਂ ਕੇਂਦਰ ਬਣ ਗਿਆ ਅਤੇ ਇਥੇ ਧਰਮਸਾਲ ਸਥਾਪਿਤ ਹੋ ਗਈ ਸੀ। ਗੁਰੂ ਅੰਗਦ ਦੇਵ ਜੀ ਨੇ ਧਰਮਸਾਲ ਦੇ ਨਾਲ ਹੀ ਲੰਗਰ ਸੰਸਥਾ ਦਾ ਵਿਸਥਾਰ ਕਰਨ ਅਤੇ ਵਿਵਸਥਿਤ ਢੰਗ ਨਾਲ ਚਲਾਉਣ ਲਈ ਆਪਣੀ ਧਰਮ ਸੁਪਤਨੀ ਮਾਤਾ ਖੀਵੀ ਜੀ ਨੂੰ ਲੰਗਰ ਦੀ ਪ੍ਰਬੰਧਕ ਥਾਪ ਦਿੱਤਾ। ਮਾਤਾ ਖੀਵੀ ਜੀ ਦੁਆਰਾ ਲੰਗਰ ਵਿਚ ਘਿਉ ਵਾਲੀ ਖੀਰ ਵਰਤਾਉਣ ਦਾ ਵਰਣਨ *ਸ੍ਰੀ ਗੁਰੂ ਗ੍ਰੰਥ ਸਾਹਿਬ* ਵਿਚ ਦਰਜ 'ਰਾਮਕਲੀ ਕੀ ਵਾਰ' ਵਿਚ ਵੀ ਮਿਲਦਾ ਹੈ :

*ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ।।*

*ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ।।* [22]

ਇਸਦੇ ਨਾਲ ਹੀ ਗੁਰੂ ਅੰਗਦ ਦੇਵ ਜੀ ਨੇ ਧਰਮਸਾਲ ਦੇ ਕਾਰਜ-ਖੇਤਰ ਦਾ ਵਿਸਥਾਰ ਕਰਦਿਆਂ, ਗੁਰਮੁਖੀ ਲਿੱਪੀ ਨੂੰ ਵਿਵਸਥਿਤ ਕਰਕੇ ਬੱਚਿਆਂ ਨੂੰ ਵਿਦਿਆ ਦੇਣ ਦਾ ਪਰਬੰਧ ਵੀ ਕੀਤਾ। ਸਿੱਖ ਧਾਰਮਿਕ

---

19 Harbans Singh (Ed. In Chief), *The Encyclopedia of Sikhism* (Vol. 2), Page 147.

20 ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 111.

21 *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨੇ 967-68.

22 ਉਹੀ, ਪੰਨਾ 967.

ਅਸਥਾਨ ਨਾਲ ਵਿਦਿਆ ਦੇਣ ਦਾ ਸੰਕਲਪ ਵੀ ਸਦਾ ਲਈ ਜੁੜ ਗਿਆ। ਗੁਰੂ ਜੀ ਨੇ ਸਿੱਖਾਂ ਨੂੰ ਅਧਿਆਤਮਿਕ ਤੌਰ 'ਤੇ ਬਲਵਾਨ ਬਣਾਉਣ ਦੇ ਨਾਲ ਹੀ ਉਹਨਾਂ ਨੂੰ ਸਰੀਰਕ ਤੌਰ 'ਤੇ ਤੰਦਰੁਸਤ ਬਣਾਉਣ ਲਈ ਮੱਲ-ਅਖਾੜਿਆਂ ਦੀ ਸਥਾਪਨਾ ਵੀ ਕੀਤੀ।[23] ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਜੀਵਨ-ਇਤਿਹਾਸ ਨੂੰ ਲਿਖਤੀ ਰੂਪ ਵਿਚ ਸੰਭਾਲਣ ਲਈ 'ਜਨਮਸਾਖੀ' ਲਿਖਵਾਉਣ ਦਾ ਕਾਰਜ ਵੀ ਕੀਤਾ[24] ਤਾਂ ਜੋ ਸਿੱਖ ਸੰਗਤ ਗੁਰੂ ਨਾਨਕ ਦੇਵ ਜੀ ਦੇ ਸਾਰੇ ਜੀਵਨ-ਬਿਰਤਾਂਤ ਤੋਂ ਜਾਣੂੰ ਹੋ ਸਕੇ। ਜਨਮਸਾਖੀਆਂ ਤੋਂ ਹੀ ਗੁਰੂ ਇਤਿਹਾਸ ਰਚਣ ਦੀ ਪਿਰਤ ਆਰੰਭ ਹੋਈ, ਜੋ ਕਿ ਬਾਅਦ ਵਿਚ ਗੁਰ ਇਤਿਹਾਸ ਦੀ ਕਥਾ ਦੇ ਰੂਪ ਵਿਚ ਗੁਰਦੁਆਰਿਆਂ ਦੇ ਨਿਤਨੇਮ ਦਾ ਅੰਗ ਬਣੀ।

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਸ੍ਰੀ ਗੁਰੂ ਅਮਰਦਾਸ ਜੀ ਨੂੰ 3 ਵੈਸਾਖ, ਸੰਮਤ 1609 ਨੂੰ ਗੁਰਿਆਈ ਦੀ ਬਖ਼ਸ਼ਿਸ਼ ਕਰਕੇ, ਆਪਣਾ ਉਤਰਾਧਿਕਾਰੀ ਥਾਪਿਆ।[25] ਸ੍ਰੀ ਗੁਰੂ ਅਮਰਦਾਸ ਜੀ ਨੇ ਖਡੂਰ ਸਾਹਿਬ ਦੀ ਬਜਾਏ ਸ੍ਰੀ ਗੋਇੰਦਵਾਲ ਸਾਹਿਬ ਨੂੰ ਆਪਣਾ ਨਿਵਾਸ ਅਸਥਾਨ ਬਣਾ ਲਿਆ। ਗੁਰੂ ਜੀ ਨੇ ਆਪਣੇ ਗੁਰਿਆਈ-ਕਾਲ ਦੌਰਾਨ ਗੋਇੰਦਵਾਲ ਵਿਖੇ ਧਰਮਸਾਲ ਦੀ ਸਥਾਪਨਾ ਕੀਤੀ ਅਤੇ ਇਸ ਤਰ੍ਹਾਂ ਗੋਇੰਦਵਾਲ ਸਾਹਿਬ ਸਿੱਖੀ ਦੇ ਪ੍ਰਚਾਰ ਦਾ ਨਵਾਂ ਕੇਂਦਰ ਬਣ ਗਿਆ। ਭੱਟ ਸਾਹਿਬਾਨ ਦੇ ਸਵਈਆਂ ਵਿਚ ਗੋਇੰਦਵਾਲ ਦੀ ਤਸ਼ਬੀਹ ਬੈਕੁੰਠ ਨਾਲ ਦਿੱਤੀ ਹੈ :

*ਗੋਬਿੰਦ ਵਾਲੁ ਗੋਬਿੰਦ ਪੁਰੀ ਸਮ ਜਲ੍ਨ ਤੀਰਿ ਬਿਪਾਸ ਬਨਾਯਉ॥* [26]

ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਨ ਲਈ ਸੰਗਤ ਦੂਰੋਂ-ਨੇੜਿਓਂ ਆਉਣ ਲੱਗੀ। ਗੁਰੂ ਜੀ ਨੇ ਇਸ ਨਗਰ ਵਿਚ ਸੰਗਤਾਂ ਦੀ ਪਾਣੀ ਦੀ ਜਰੂਰਤ ਨੂੰ ਪੂਰਾ ਕਰਨ ਲਈ ਅਤੇ ਧਰਮਸਾਲ ਵਿਚ ਇਸ਼ਨਾਨ ਕਰਨ ਹਿਤ ਇਕ ਬਾਉਲੀ ਦਾ ਨਿਰਮਾਣ ਕਰਵਾਇਆ :

*ਧਰਮ ਧੁਰੰਧਰ ਅਮਰ ਗੁਰੁ ਸਦਾ ਚਹਿਤਿ ਉਪਕਾਰ।*

---

[23] ਸਰਬਜਿੰਦਰ ਸਿੰਘ (ਸੰਪਾ.), *ਵਿਸ਼ਵ ਧਰਮ ਬਾਨੀ ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ,* ਮਲਕਿੰਦਰ ਕੌਰ, *ਸ੍ਰੀ ਗੁਰੂ ਅੰਗਦ ਦੇਵ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008, ਪੰਨਾ 204.

[24] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 111.

[25] ਉਹੀ, ਪੰਨਾ 74.

[26] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1400.

*ਰਚਿਬੇ ਤੀਰਥ ਬਾਵਲੀ ਸਿੱਖਜਨਿ ਹੇਤੁ ਉਧਾਰ।।1।।*

*ਇਕ ਦਿਨ ਸਭਾ ਮਝਾਰ ਉਚਾਰਾ। ਇਹਾਂ ਬਾਵਲੀ ਲਗਹਿ ਉਦਾਰਾ।*

*ਸਿਖ ਸੰਗਤਿ ਦਰਸ਼ਨ ਕੋ ਆਵਹਿਂ। ਸਭਿ ਮਿਲਿ ਗੁਰ ਤੀਰਥ ਜਲ ਨਾਵਹਿਂ।।2।।'* [27]

ਗੁਰੂ ਅਮਰਦਾਸ ਜੀ ਨੇ ਸਮਾਜਿਕ ਸਮਾਨਤਾ ਲਿਆਉਣ ਦੇ ਨਾਲ ਹੀ ਸਮਾਜਿਕ ਬੁਰਾਈਆਂ ਨੂੰ ਵੀ ਦੂਰ ਕਰਨ ਲਈ ਅਨੇਕਾਂ ਕਾਰਜ ਕੀਤੇ। ਭਾਵੇਂ ਕਿ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਜਾਤ-ਪਾਤ ਦੀ ਸਮਾਜਿਕ ਬੁਰਾਈ ਨੂੰ ਦੂਰ ਕਰਨ ਲਈ ਸੰਗਤ ਅਤੇ ਪੰਗਤ ਰਾਹੀਂ ਯਤਨ ਸ਼ੁਰੂ ਹੋ ਚੁੱਕੇ ਸਨ ਪਰ ਗੁਰੂ ਅਮਰਦਾਸ ਜੀ ਨੇ ਇਸ ਨੂੰ ਦੂਰ ਕਰਨ ਲਈ ਲੰਗਰ ਸੰਸਥਾ ਨੂੰ ਹੋਰ ਵੀ ਵਿਵਸਥਿਤ ਕੀਤਾ। ਗੁਰੂ ਅਮਰਦਾਸ ਜੀ ਦੇ ਸਮੇਂ ਵਿਚ ਗੁਰੂ ਕਾ ਲੰਗਰ ਹੋਰ ਜਿਆਦਾ ਪ੍ਰਸਿੱਧ ਹੋ ਗਿਆ ਕਿਉਂਕਿ ਗੁਰੂ ਜੀ ਨੇ ਆਦੇਸ਼ ਕਰ ਦਿੱਤਾ ਸੀ ਕਿ ਗੁਰੂ ਦਰਬਾਰ ਵਿਚ ਆਉਣ ਵਾਲਾ ਹਰ ਵਿਅਕਤੀ, ਦਰਸ਼ਨ ਕਰਨ ਤੋਂ ਪਹਿਲਾਂ ਲੰਗਰ ਵਿਚੋਂ ਭੋਜਨ ਜਰੂਰ ਛਕੇ। ਇਸ ਦਾ ਮਨੋਰਥ ਲੋਕਾਂ ਦੇ ਮਨਾਂ ਵਿਚੋਂ ਉੱਚੀ ਜਾਤ ਦੇ ਅਭਿਮਾਨ ਅਤੇ ਅਹੁਦੇ ਦੀ ਭਾਵਨਾ ਨੂੰ ਘਟਾਉਣਾ ਸੀ। ਇਕ ਵਾਰੀ ਗੋਇੰਦਵਾਲ ਆਏ ਬਾਦਸ਼ਾਹ ਅਕਬਰ ਬਾਰੇ ਕਿਹਾ ਜਾਂਦਾ ਹੈ ਕਿ ਉਸ ਨੇ ਇਕ ਆਮ ਆਦਮੀ ਦੀ ਤਰ੍ਹਾਂ ਲੰਗਰ ਵਿਚ ਬੈਠ ਕੇ ਪ੍ਰਸ਼ਾਦਾ ਛਕਿਆ।[28]

ਗੁਰੂ ਨਾਨਕ ਦੇਵ ਜੀ ਦੁਆਰਾ ਉਦਾਸੀਆਂ ਦੌਰਾਨ ਸੰਗਤ ਸਥਾਪਿਤ ਕੀਤੀ ਗਈ ਸੀ। ਗੁਰੂ ਅਮਰਦਾਸ ਜੀ ਵੀ ਮਹਿਸੂਸ ਕਰਦੇ ਸਨ ਕਿ ਗੁਰੂ ਨਾਨਕ ਦੇਵ ਜੀ ਦੁਆਰਾ ਵਰੋਸਾਈ ਸੰਗਤ ਨੂੰ ਗੁਰਮਤਿ ਦੇ ਮਾਰਗ ਨਾਲ ਜੋੜੀ ਰੱਖਣਾ ਅਤਿ ਜਰੂਰੀ ਹੈ। ਇਸ ਮਕਸਦ ਨੂੰ ਅਮਲੀ ਜਾਮਾ ਪਹਿਨਾਉਣ ਲਈ ਗੁਰੂ ਜੀ ਨੇ ਸਿੱਖ ਧਰਮ ਦਾ ਪ੍ਰਚਾਰ-ਪਾਸਾਰ ਕਰਨ ਲਈ 22 ਮੰਜੀਦਾਰ ਨਿਯੁਕਤ ਕੀਤੇ ਅਤੇ ਇਸਦੇ ਨਾਲ ਹੀ 52 ਪੀੜ੍ਹੇ ਵੀ ਸਥਾਪਿਤ ਕੀਤੇ।[29] ਗੁਰੂ ਅਮਰਦਾਸ ਜੀ ਦੁਆਰਾ ਥਾਪੇ ਇਹਨਾਂ 22 ਮੰਜੀਦਾਰਾਂ ਦੇ ਨਾਂ ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਤਰ੍ਹਾਂ ਲਿਖੇ ਹਨ-ਅੱਲਾਯਾਰ, ਸੱਚਨਸੱਚ, ਸਾਧਾਰਣ, ਸਾਵਣਮੱਲ, ਸੁੱਖਣ,

[27] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਪੰਜਵੀਂ), ਪੰਨਾ 1541.

[28] ਜੋਧ ਸਿੰਘ (ਮੁੱਖ ਸੰਪਾ.), *ਸਿੱਖ ਧਰਮ ਵਿਸ਼ਵਕੋਸ਼* (ਪਹਿਲੀ ਸੈਂਚੀ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008, ਪੰਨਾ 156.

[29] ਸਰਬਜਿੰਦਰ ਸਿੰਘ (ਸੰਪਾ.), *ਵਿਸ਼ਵ ਧਰਮ ਬਾਨੀ ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ,* ਪਰਮਵੀਰ ਸਿੰਘ, ਸ੍ਰੀ ਗੁਰੂ ਅਮਰਦਾਸ, ਪੰਨਾ 212.

ਹੰਦਾਲ, ਕੇਦਾਰੀ, ਖੇਡਾ, ਗੰਗੂਸ਼ਾਹ, ਦਰਬਾਰੀ, ਪਾਰੋ, ਫੇਰਾ, ਬੂਆ, ਬੇਣੀ, ਮਹੇਸਾ, ਮਾਈਦਾਸ, ਮਾਣਕਚੰਦ, ਮੁਰਾਰੀ, ਰਾਜਾਰਾਮ, ਰੰਗਸ਼ਾਹ, ਰੰਗਦਾਸ ਅਤੇ ਲਾਲੋ।[30] ਇਹ ਮੰਜੀਦਾਰ ਗੁਰੂ-ਉਪਦੇਸ਼ ਨੂੰ ਸੰਗਤਾਂ ਵਿਚ ਪ੍ਰਚਾਰਨ ਦਾ ਕਾਰਜ ਕਰਦੇ ਸਨ। ਇਹ ਮੰਜੀਦਾਰ ਆਪੋ-ਆਪਣੇ ਇਲਾਕੇ ਵਿਚ ਗੁਰਮਤਿ ਦਾ ਪਰਚਾਰ ਕਰਦੇ, ਉਥੇ ਸੰਗਤ ਇਕੱਤਰ ਹੁੰਦੀ ਅਤੇ ਉਹ ਅਸਥਾਨ ਧਰਮਸਾਲ ਦਾ ਰੂਪ ਧਾਰਨ ਕਰ ਲੈਂਦਾ ਸੀ।

ਗੁਰੂ ਅਮਰਦਾਸ ਜੀ ਦੇ (2 ਅੱਸੂ, ਸੰਮਤ 1631 ਨੂੰ)[31] ਜੋਤੀ-ਜੋਤਿ ਸਮਾਉਣ ਉਪਰੰਤ ਗੁਰੂ ਰਾਮਦਾਸ ਜੀ ਸਿੱਖ ਧਰਮ ਦੇ ਚੌਥੇ ਗੁਰੂ ਵਜੋਂ (2 ਅੱਸੂ, ਸੰਮਤ 1631 ਨੂੰ)[32] ਗੁਰਗੱਦੀ ਉਤੇ ਬਿਰਾਜਮਾਨ ਹੋਏ। ਆਪ ਜੀ ਨੇ ਆਪਣੇ ਗੁਰਿਆਈ-ਕਾਲ ਵਿਚ ਇੱਕ ਨਵਾਂ ਨਗਰ 'ਚੱਕ ਰਾਮਦਾਸਪੁਰ' ਵਸਾਇਆ। ਇੱਥੇ ਗੁਰੂ ਜੀ ਨੇ ਅੰਮ੍ਰਿਤ ਸਰੋਵਰ ਬਣਵਾਇਆ, ਜਿਸ ਕਾਰਨ ਇਸ ਸ਼ਹਿਰ ਨੂੰ 'ਅੰਮ੍ਰਿਤਸਰ' ਆਖਿਆ ਜਾਣ ਲੱਗਾ। ਗੁਰੂ ਰਾਮਦਾਸ ਜੀ ਦੇ ਸਮੇਂ ਵੀ ਅੰਮ੍ਰਿਤਸਰ ਨਗਰ ਵਿਚ ਸੰਗਤ ਜੁੜਦੀ ਅਤੇ ਗੁਰੂ ਸਾਹਿਬ ਦੇ ਦਰਸ਼ਨ-ਦੀਦਾਰ ਕਰਦੇ ਅਤੇ ਗੁਰੂ-ਉਪਦੇਸ਼ ਸਰਵਣ ਕਰਦੇ। ਸ੍ਰੀ ਅੰਮ੍ਰਿਤਸਰ ਸਰੋਵਰ ਬਣਨ ਤੋਂ ਬਾਅਦ ਸਰੋਵਰ ਅਤੇ ਇਸ਼ਨਾਨ ਸਿੱਖ ਜੀਵਨ-ਜਾਚ ਦਾ ਲਗਪਗ ਜਰੂਰੀ ਅੰਗ ਬਣ ਗਿਆ ਸੀ :

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥*

*ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥* [33]

ਇਸ ਦੇ ਨਾਲ ਹੀ ਗੁਰੂ ਰਾਮਦਾਸ ਜੀ ਨੇ ਸਿੱਖ ਧਰਮ ਦੇ ਪ੍ਰਚਾਰ-ਪਾਸਾਰ ਲਈ 'ਮਸੰਦ ਸੰਸਥਾ' ਦਾ ਆਰੰਭ ਵੀ ਕੀਤਾ। ਇਹ ਮਸੰਦ ਜਿਥੇ ਵੀ ਰਹਿੰਦੇ, ਉਥੇ ਧਰਮਸਾਲ ਸਥਾਪਿਤ ਕਰਦੇ ਅਤੇ ਗੁਰੂ ਉਪਦੇਸ਼ ਰਾਹੀਂ ਸੰਗਤਾਂ ਨੂੰ ਗੁਰੂ-ਦਰਬਾਰ ਨਾਲ ਜੋੜਨ ਦਾ ਕੰਮ ਕਰਦੇ ਸਨ। ਡਾ. ਰਤਨ ਸਿੰਘ ਜੱਗੀ ਅਨੁਸਾਰ ਮਸੰਦ ਅਰਬੀ ਭਾਸ਼ਾ ਦੇ ਸ਼ਬਦ 'ਮਸਨਦ' ਦਾ ਤਦਭਵ ਰੂਪ ਹੈ। ਸਿੱਖ ਧਰਮ ਵਿਚ ਇਸ ਦਾ ਅਰਥ ਹੈ 'ਗੱਦੀ ਉਤੇ ਬੈਠਣ ਵਾਲਾ' ਭਾਵ ਧਰਮਸਾਲ ਵਿਚ ਮੁਖ ਗੱਦੀ ਤੇ ਬੈਠ ਕੇ ਪ੍ਰਚਾਰ ਕਰਨ ਵਾਲੇ ਨੂੰ

[30] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨੇ 846-47.

[31] ਉਹੀ, ਪੰਨਾ 74.

[32] ਉਹੀ, ਪੰਨਾ 1035.

[33] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 305.

ਮਸੰਦ ਕਿਹਾ ਜਾਂਦਾ ਸੀ। ਇਹ ਮਸੰਦ ਸਿੱਖ ਧਰਮ ਦਾ ਪ੍ਰਚਾਰ ਕਰਦੇ ਅਤੇ ਸਿੱਖਾਂ ਤੋਂ ਧਨ ਅਤੇ ਹੋਰ ਭੇਟਾਵਾਂ ਲੈ ਕੇ ਗੁਰੂ ਦਰਬਾਰ ਤੱਕ ਪਹੁੰਚਾਉਂਦੇ। ਮਸੰਦ ਲੋਕ ਸੰਗਤਾਂ ਜਾਂ ਧਰਮਸਾਲਾਂ ਵਿਚ ਸਿੱਖੀ ਦਾ ਪ੍ਰਚਾਰ ਕਰਦੇ ਅਤੇ ਦੂਰ-ਦੁਰਾਡੇ ਦੀਆਂ ਸੰਗਤਾਂ ਨੂੰ ਮੁੱਖ ਧਾਰਾ ਨਾਲ ਜੋੜੀ ਰੱਖਦੇ ਸਨ।[34] ਧਰਮਸਾਲਾਵਾਂ ਵਿਚ ਬੈਠ ਕੇ ਮਸੰਦਾਂ ਦੁਆਰਾ ਸਿੱਖ ਧਰਮ ਦਾ ਚੰਗਾ ਪ੍ਰਚਾਰ-ਪਸਾਰ ਕੀਤਾ ਗਿਆ ਸੀ। ਇਸ ਤਰ੍ਹਾਂ ਸ੍ਰੀ ਗੁਰੂ ਰਾਮਦਾਸ ਜੀ ਦੇ ਗੁਰਿਆਈ-ਕਾਲ ਵਿਚ ਮਸੰਦਾਂ ਦੇ ਮਾਧਿਅਮ ਦੁਆਰਾ ਵੀ ਸਿੱਖ ਧਰਮ ਵਿਚ ਅਨੇਕਾਂ ਧਾਰਮਿਕ ਅਸਥਾਨ ਭਾਵ ਧਰਮਸਾਲਾਵਾਂ ਸਿੱਖੀ ਪ੍ਰਚਾਰ ਦਾ ਸੋਮਾ ਬਣੀਆਂ।

ਗੁਰੂ ਰਾਮਦਾਸ ਜੀ ਦੇ ਸਪੁੱਤਰ ਸ੍ਰੀ ਗੁਰੂ ਅਰਜਨ ਦੇਵ ਜੀ 2 ਅੱਸੂ, ਸੰਮਤ 1638 ਨੂੰ ਸਿੱਖ ਧਰਮ ਦੇ ਪੰਜਵੇਂ ਗੁਰੂ ਵਜੋਂ ਗੁਰਗੱਦੀ ਉਤੇ ਬੈਠੇ।[35] ਉਹਨਾਂ ਨੇ ਅੰਮ੍ਰਿਤਸਰ ਸਰੋਵਰ ਦੇ ਵਿਚਕਾਰ 'ਸ੍ਰੀ ਹਰਿਮੰਦਰ ਸਾਹਿਬ' ਦਾ ਨਿਰਮਾਣ ਕਰਵਾਇਆ। ਸ੍ਰੀ ਹਰਿਮੰਦਰ ਸਾਹਿਬ ਸਿੱਖਾਂ ਦਾ ਇੱਕ ਨਵਾਂ ਕੇਂਦਰੀ ਧਾਰਮਿਕ ਅਸਥਾਨ ਹੋਂਦ ਵਿਚ ਆ ਗਿਆ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ *'ਸ੍ਰੀ ਆਦਿ ਗ੍ਰੰਥ ਸਾਹਿਬ'* ਦੀ ਸੰਪਾਦਨਾ ਕਰਨ ਉਪਰੰਤ ਸਭ ਤੋਂ ਪਹਿਲਾਂ ਪ੍ਰਕਾਸ਼ ਸੰਮਤ 1661 ਬਿਕਰਮੀ ਵਿੱਚ ਇੱਥੇ ਹੀ ਕਰਵਾਇਆ ਅਤੇ ਬਾਬਾ ਬੁੱਢਾ ਜੀ ਨੂੰ ਇਸਦੇ ਪਹਿਲੇ ਮੁੱਖ ਗ੍ਰੰਥੀ ਥਾਪਿਆ।[36] *ਸ੍ਰੀ ਗੁਰੂ ਗ੍ਰੰਥ ਸਾਹਿਬ* ਨੂੰ ਸਿੱਖਾਂ ਦੇ ਸ਼ਬਦ ਗੁਰੂ ਵਜੋਂ ਗੁਰਿਆਈ ਮਿਲਣ ਤੋਂ ਉਪਰੰਤ ਸਾਰੇ ਗੁਰਦੁਆਰਾ ਸਾਹਿਬਾਨ ਵਿਚ *ਸ੍ਰੀ ਗੁਰੂ ਗ੍ਰੰਥ ਸਾਹਿਬ* ਦਾ ਪ੍ਰਕਾਸ਼ ਕਰਨ ਦੀ ਰੀਤ ਪ੍ਰਚਲਿਤ ਹੋ ਗਈ ਸੀ। *ਇਨਸਾਈਕਲੋਪੀਡੀਆ ਆਫ ਸਿੱਖਇਜ਼ਮ* ਵਿਚ ਇਸ ਸੰਬੰਧੀ ਲਿਖਿਆ ਹੈ ਕਿ, "...first copy of the Granth, he (Guru Arjan Dev ji) installed in the central Sikh shrine, the Harimandar, at Amritsar, Copies of the Granth began to be piously transcribed. ...The *dharamsal* where Granth Sahib was kept came to be called *gurdwara.*"[37] ਭਾਵ ਕਿ ਇਸ *ਸ੍ਰੀ ਆਦਿ ਗ੍ਰੰਥ ਸਾਹਿਬ* ਦਾ ਪ੍ਰਕਾਸ਼ ਗੁਰੂ ਅਰਜਨ ਦੇਵ ਜੀ ਨੇ ਕੇਂਦਰੀ ਸਿੱਖ ਅਸਥਾਨ ਸ੍ਰੀ ਹਰਿਮੰਦਿਰ ਸਾਹਿਬ ਵਿਖੇ ਕੀਤਾ। *ਸ੍ਰੀ ਆਦਿ ਗ੍ਰੰਥ ਸਾਹਿਬ* ਦੇ ਉਤਾਰੇ ਕੀਤੇ

---

[34] ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼* (ਭਾਗ ਦੂਜਾ), ਪੰਨਾ 1371.

[35] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 80.

[36] ਉਹੀ, ਪੰਨਾ 80.

[37] Harbans Singh (Ed. In Chief), *The Encyclopedia of Sikhism* (Vol. 2), Page 147.

ਜਾਣ ਲੱਗੇ। ਜਿੱਥੇ ਵੀ ਧਰਮਸਾਲ ਵਿਚ *ਸ੍ਰੀ ਆਦਿ ਗ੍ਰੰਥ ਸਾਹਿਬ* ਦਾ ਪ੍ਰਕਾਸ਼ ਕੀਤਾ ਹੁੰਦਾ ਸੀ, ਉਸਨੂੰ ਗੁਰਦੁਆਰਾ ਆਖਿਆ ਜਾਣ ਲੱਗਾ।

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਉਪਰੰਤ ਸਿੱਖ ਧਰਮ ਲਈ ਹਾਲਾਤ ਬਦਲ ਗਏ ਸਨ। ਗੁਰੂ ਅਰਜਨ ਦੇਵ ਜੀ ਨੇ ਸ਼ਹਾਦਤ ਤੋਂ ਪਹਿਲਾਂ ਆਪਣੇ ਸਪੁੱਤਰ ਹਰਿਗੋਬਿੰਦ ਸਾਹਿਬ ਜੀ ਨੂੰ ਆਦੇਸ਼ ਕਰ ਦਿਤਾ ਸੀ ਕਿ ਗੁਰਗੱਦੀ ਉਤੇ ਬਿਰਾਜਮਾਨ ਹੋਣ ਸਮੇਂ ਸ਼ਸਤਰ ਜਰੂਰ ਧਾਰਨ ਕਰਨ। ਇਸ ਲਈ ਗੁਰੂ ਹਰਿਗੋਬਿੰਦ ਜੀ ਨੂੰ 29 ਜੇਠ (ਵਦੀ 14), ਸੰਮਤ 1662 (25 ਮਈ, ਸਨ 1606) ਵਿਚ ਗੁਰਿਆਈ ਦੀ ਪ੍ਰਾਪਤੀ ਹੋਈ,[38] ਉਸ ਸਮੇਂ ਗੁਰੂ ਜੀ ਨੇ ਮੀਰੀ-ਪੀਰੀ ਨਾਂ ਦੀਆਂ ਦੋਂ ਤਲਵਾਰਾਂ ਧਾਰਨ ਕੀਤੀਆਂ। ਗੁਰੂ ਹਰਿਗੋਬਿੰਦ ਸਾਹਿਬ ਨੇ ਧਾਰਮਿਕ ਤੇ ਅਧਿਆਤਮਿਕ ਅਗਵਾਈ ਦੇ ਨਾਲ-ਨਾਲ, ਸਿੱਖ ਸੰਗਤਾਂ ਦੀ ਰਾਜਨੀਤਕ ਖੇਤਰ ਵਿਚ ਵੀ ਅਗਵਾਈ ਕਰਨੀ ਆਰੰਭ ਕਰ ਦਿਤੀ। ਇਸ ਮਕਸਦ ਲਈ ਆਪ ਜੀ ਨੇ 'ਅਕਾਲ ਬੁੰਗੇ' ਦਾ ਨਿਰਮਾਣ ਵੀ ਕਰਵਾਇਆ।

ਭਾਈ ਕਾਨ੍ਹ ਸਿੰਘ ਨਾਭਾ ਨੇ 'ਅਕਾਲਬੁੰਗੇ' ਬਾਰੇ ਲਿਖਿਆ ਹੈ ਕਿ, "ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਸੰਮਤ 1665 ਵਿੱਚ ਸ੍ਰੀ ਅੰਮ੍ਰਿਤਸਰ ਹਰਿਮੰਦਿਰ ਦੇ ਸਾਹਮਣੇ ਇੱਕ ਉੱਚਾ ਰਾਜਸਿੰਘਾਸਨ (ਸ਼ਾਹੀ ਤਖ਼ਤ) ਤਿਆਰ ਕਰਵਾਕੇ ਉਸ ਦਾ ਨਾਉਂ 'ਅਕਾਲਬੁੰਗਾ' ਰੱਖਿਆ, ਜਿਸ ਥਾਂ ਸਵੇਰੇ ਅਤੇ ਸੰਝ ਨੂੰ ਦੀਵਾਨ ਲਗਾਕੇ ਸੰਗਤਾਂ ਨੂੰ ਨਿਹਾਲ ਕਰਦੇ ਸਨ। ਅਕਾਲਬੁੰਗਾ ਪੰਥਕ ਜਥੇਬੰਦੀ ਦਾ ਕੇਂਦ੍ਰ ਹੈ। ਪੰਥ ਇਸ ਥਾਂ ਮੁੱਢ ਤੋਂ ਗੁਰੁਮਤੇ ਸੋਧਦਾ ਆਇਆ ਹੈ। ਇਹ ਗੁਰਦ੍ਵਾਰਾ ਸਿੱਖਾਂ ਦਾ ਪਹਿਲਾ ਤਖ਼ਤ ਹੈ।"[39] ਅੱਜ ਕਲ ਇਸ ਨੂੰ 'ਸ੍ਰੀ ਅਕਾਲ ਤਖ਼ਤ ਸਾਹਿਬ' ਆਖਿਆ ਜਾਂਦਾ ਹੈ। ਇਸਦੀ ਸਥਾਪਤੀ ਤੋਂ ਬਾਅਦ ਗੁਰਦੁਆਰੇ ਨਾਲ ਰਾਜਨੀਤਕ ਪੱਖ ਹਮੇਸ਼ਾਂ ਲਈ ਜੁੜ ਗਿਆ।

ਇਸਦੇ ਨਾਲ ਹੀ ਗੁਰੂ ਹਰਿਗੋਬਿੰਦ ਜੀ ਨੇ ਅੰਮ੍ਰਿਤਸਰ ਸ਼ਹਿਰ ਦੀ ਸੁਰੱਖਿਆ ਲਈ 'ਲੋਹਗੜ੍ਹ' ਨਾਂ ਦਾ ਕਿਲ੍ਹਾ ਬਣਵਾਇਆ, ਜਿਸ ਸੰਬੰਧੀ ਰਤਨ ਸਿੰਘ ਜੱਗੀ ਨੇ ਲਿਖਿਆ ਹੈ ਕਿ ਇਸ ਸਥਾਨ ਉਤੇ ਗੁਰੂ ਹਰਿਗੋਬਿੰਦ ਸਾਹਿਬ ਨੇ ਅੰਮ੍ਰਿਤਸਰ ਨਗਰ ਦੀ ਰਖਿਆ ਲਈ ਇਕ ਕਿਲ੍ਹਾ ਬਣਵਾਇਆ। ਇਥੇ ਹੀ ਸੰਨ

[38] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 265.

[39] ਉਹੀ, ਪੰਨਾ 36.

1629 ਈਸਵੀ ਵਿਚ ਗੁਰੂ ਜੀ ਨੇ ਸ਼ਾਹੀ ਫ਼ੌਜ ਨਾਲ ਯੁੱਧ ਕਰਕੇ ਉਸ ਨੂੰ ਪਰਾਜਿਤ ਕੀਤਾ। ...ਉਸ ਕਿਲ੍ਹੇ ਵਾਲੇ ਸਥਾਨ ਉਤੇ ਬਾਅਦ ਵਿਚ 'ਗੁਰਦੁਆਰਾ ਲੋਹਗੜ੍ਹ ਸਾਹਿਬ' ਦੀ ਉਸਾਰੀ ਕੀਤੀ ਗਈ ਸੀ।[40]

ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਪੂਰਬਲੇ ਗੁਰੂ ਸਾਹਿਬਾਨ ਦੇ ਅਸਥਾਨਾਂ ਦੀ ਸਥਾਪਨਾ ਕਰਵਾਈ ਅਤੇ ਸੇਵਾ-ਸੰਭਾਲ ਕਰਨ ਦਾ ਕਾਰਜ ਵੀ ਕੀਤਾ। ਜਿਸਦੇ ਬਾਰੇ ਡਾ. ਕਿਰਪਾਲ ਸਿੰਘ ਨੇ ਲਿਖਿਆ ਹੈ, "ਗੁਰੂ ਸਾਹਿਬ ਦੇ ਇਤਿਹਾਸਕ ਗੁਰਦੁਆਰਿਆਂ ਦੀ ਭਾਲ ਅਤੇ ਸੇਵਾ ਸੰਭਾਲ ਦਾ ਕੰਮ ਸਭ ਤੋਂ ਪਹਿਲਾਂ ਗੁਰੂ ਹਰਿਗੋਬਿੰਦ ਜੀ ਨੇ ਆਰੰਭਿਆ ਸੀ।"[41] ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰੂ ਨਾਨਕ ਸਾਹਿਬ ਦੇ ਜਨਮ ਅਸਥਾਨ ਨਨਕਾਣਾ ਸਾਹਿਬ ਅਤੇ ਲਾਹੌਰ ਵਿਖੇ ਗੁਰੂ ਰਾਮਦਾਸ ਜੀ ਦੇ ਜਨਮ ਅਸਥਾਨ ਵਿਖੇ ਗੁਰਦੁਆਰੇ ਬਣਵਾਏ ਸਨ।[42] ਇਸਦੇ ਨਾਲ ਹੀ ਗੁਰੂ ਹਰਿਗੋਬਿੰਦ ਜੀ ਦੁਆਰਾ ਭਾਈ ਲੰਗਾਹ[43] ਨੂੰ ਲਾਹੌਰ ਵਿਖੇ ਧਰਮਸਾਲਾ ਦੀ ਸੇਵਾ-ਸੰਭਾਲ ਕਰਨ ਦੀ ਜਿੰਮੇਵਾਰੀ ਸੌਂਪਣ ਸੰਬੰਧੀ ਜਿਕਰ ਵੀ ਮਿਲਦਾ ਹੈ।[44]

ਇਸ ਤੋ ਇਲਾਵਾ ਗੁਰੂ ਹਰਿਗੋਬਿੰਦ ਜੀ ਨੇ ਪੁਆਧ ਖੇਤਰ ਵਿਚ 'ਕੀਰਤਪੁਰ' ਨਾਂ ਦਾ ਨਗਰ ਵਸਾਇਆ ਅਤੇ ਆਪਣੀ ਜਿੰਦਗੀ ਦੇ ਲਗਪਗ ਆਖਰੀ ਦਸ ਸਾਲ ਇਸੇ ਅਸਥਾਨ 'ਤੇ ਭਗਤੀ ਅਤੇ ਸਿੱਖੀ ਪ੍ਰਚਾਰ-ਪਾਸਾਰ ਵਿਚ ਬਿਤਾਏ ਸਨ। ਗੁਰੂ ਹਰਿਗੋਬਿੰਦ ਜੀ ਅਤੇ ਉਹਨਾਂ ਤੋਂ ਬਾਅਦ ਕੀਰਤਪੁਰ ਨਾਮਕ ਅਸਥਾਨ ਵੀ ਸਿੱਖ ਧਰਮ ਦਾ ਬਹੁਤ ਵੱਡਾ ਪ੍ਰਚਾਰ ਕੇਂਦਰ ਬਣ ਗਿਆ। ਭਾਈ ਕਾਨ੍ਹ ਸਿੰਘ ਨਾਭਾ ਨੇ ਕੀਰਤਪੁਰ ਵਸਾਉਣ ਅਤੇ ਫਿਰ ਉਥੇ ਹੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੋਤੀ-ਜੋਤਿ ਸਮਾਉਣ ਸੰਬੰਧੀ ਲਿਖਿਆ ਹੈ ਕਿ, "...ਸੰਮਤ 1683 ਵਿੱਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਕਹਲੂਰ ਦੇ ਰਾਜਾ ਤਾਰਾਚੰਦ ਤੋਂ ਜ਼ਮੀਨ ਖਰੀਦਕੇ ਬਾਬਾ ਗੁਰਦਿੱਤਾ ਜੀ ਦੀ ਮਾਰਫਤ ਆਬਾਦ ਕਰਵਾਇਆ। ਇਸ ਦੇ ਵਸਣ ਦਾ ਵਰ ਸ੍ਰੀ

---

[40] ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼* (ਭਾਗ ਪਹਿਲਾ), ਪੰਨਾ 143.

[41] ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ: ਇਤਿਹਾਸਕ ਦ੍ਰਿਸ਼ਟੀਕੋਣ ਤੋਂ,* ਪਰਵੇਸ਼ਕਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990, ਪੰਨਾ xxxix.

[42] ਸੁਖਦਿਆਲ ਸਿੰਘ, *ਗੁਰੂ ਹਰਿਗੋਬਿੰਦ ਸਾਹਿਬ : ਜੀਵਨ, ਯੁੱਧ ਅਤੇ ਯਾਤਰਾਵਾਂ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998, ਪੰਨੇ 56, 110.

[43] ਰਤਨ ਸਿੰਘ ਜੱਗੀ ਇਸਨੂੰ ਝਬਾਲ ਦਾ ਚੌਧਰੀ ਲਿਖਦੇ ਹਨ ਅਤੇ ਗੁਰੂ ਹਰਿਗੋਬਿੰਦ ਜੀ ਨੇ ਇਸਨੂੰ ਗੁਰੂ ਅਰਜਨ ਦੇਵ ਜੀ ਦੇ ਦੇਹਰੇ ਦੀ ਸੇਵਾ ਸੰਭਾਲ ਸੌਂਪੀ ਸੀ ਜਦੋਂਕਿ *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼* ਵਿਚ ਇਸਨੂੰ ਨਾਨੋਕੀ ਪਿੰਡ ਵਸਨੀਕ ਦੱਸਿਆ ਗਿਆ ਹੈ ਅਤੇ ਗੁਰੂ ਜੀ ਦੁਆਰਾ ਇਸਨੂੰ ਗੁਰੂ ਰਾਮਦਾਸ ਜੀ ਦੇ ਸਥਾਨ ਦਾ ਮਹੰਤ ਥਾਪਿਆ ਗਿਆ ਸੀ।

[44] ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼* (ਭਾਗ ਦੂਜਾ), ਪੰਨਾ 1569.

ਗੁਰੂ ਨਾਨਕ ਦੇਵ ਨੇ ਹੀ ਦਿੱਤਾ ਸੀ।"[45] ਗੁਰੂ ਹਰਿਗੋਬਿੰਦ ਜੀ ਕੀਰਤਪੁਰ ਵਿਖੇ ਹੀ 3 ਮਾਰਚ, 1644 ਈ. ਨੂੰ ਜੋਤੀ-ਜੋਤਿ ਸਮਾਏ ਅਤੇ ਜਿਸ ਅਸਥਾਨ ਉਤੇ ਗੁਰੂ ਜੀ ਦਾ ਸਸਕਾਰ ਕੀਤਾ ਗਿਆ ਹੈ, ਉਸ ਅੰਗੀਠੇ ਵਾਲੇ ਅਸਥਾਨ ਦਾ ਨਾਂ ਅਜ ਕਲ 'ਗੁਰਦੁਆਰਾ ਪਤਾਲਪੁਰੀ ਸਾਹਿਬ' ਹੈ।[46]

ਸਿੱਖ ਧਰਮ ਦੇ ਸੱਤਵੇਂ ਗੁਰੂ, ਸ੍ਰੀ ਗੁਰੂ ਹਰਿਰਾਇ ਜੀ ਦਾ ਜਨਮ ਵੀ ਕੀਰਤਪੁਰ ਨਗਰ ਵਿਖੇ ਪਿਤਾ ਬਾਬਾ ਗੁਰਦਿੱਤਾ ਜੀ ਦੇ ਘਰ ਵਿਖੇ ਮਾਤਾ ਨਿਹਾਲ ਕੌਰ ਦੀ ਕੁੱਖੋਂ ਹੋਇਆ ਸੀ। ਆਪ ਜੀ 12 ਚੇਤ, ਸੁਦੀ 10, ਸੰਮਤ 1701 ਨੂੰ ਸਿੱਖ ਧਰਮ ਦੇ ਸੱਤਵੇਂ ਗੁਰੂ ਵਜੋਂ ਗੁਰਗੱਦੀ ਉਤੇ ਬਿਰਾਜੇ।[47] ਗੁਰੂ ਹਰਿਰਾਇ ਜੀ ਨੇ ਵੀ ਆਪਣਾ ਨਿਵਾਸ ਕੀਰਤਪੁਰ ਨਾਮਕ ਅਸਥਾਨ ਵਿਖੇ ਹੀ ਰੱਖਿਆ। ਗੁਰੂ ਜੀ ਨੇ ਮਨੁੱਖ ਦੇ ਵਿਕਾਰਾਂ ਅਤੇ ਹਉਮੈ ਆਦਿ ਰੋਗਾਂ ਨੂੰ ਅਧਿਆਤਮਿਕ ਉਪਦੇਸ਼ਾਂ ਨਾਲ ਖ਼ਤਮ ਕਰਨ ਦੇ ਨਾਲ ਹੀ ਸਰੀਰਕ ਰੋਗਾਂ ਤੋਂ ਨਿਜਾਤ ਦਿਵਾਉਣ ਲਈ 'ਸ਼ਫ਼ਾਖਾਨਾ' ਦੀ ਸਥਾਪਨਾ ਕੀਤੀ। ਰਤਨ ਸਿੰਘ ਜੱਗੀ ਨੇ ਇਸ ਬਾਰੇ ਲਿਖਿਆ ਹੈ ਕਿ ਗੁਰੂ ਜੀ ਨੇ ਇਕ ਵੱਡਾ ਦਵਾਖਾਨਾ ਵੀ ਖੋਲ ਰਖਿਆ ਸੀ ਜਿਸ ਵਿਚ ਬਹੁਤ ਕੀਮਤੀ ਅਤੇ ਜੀਵਨ-ਦਾਇਕ ਦਵਾਈਆਂ ਹਰ ਸਮੇਂ ਉਪਲਬਧ ਰਹਿੰਦੀਆਂ ਸਨ।[48] ਗੁਰੂ ਜੀ ਦੇ ਇਸ ਦਵਾਖਾਨੇ ਵਿਚਲੀਆਂ ਦਵਾਈਆਂ ਵਿਚ ਵਰਤੀਆਂ ਜਾਂਦੀਆਂ ਜੜ੍ਹੀਆਂ-ਬੂਟੀਆਂ ਦੀ ਪੂਰਤੀ ਉਥੇ ਲਗਾਏ ਬਾਗ ਵਿਚੋਂ ਹੁੰਦੀ ਸੀ। ਗੁਰੂ ਜੀ ਦੇ ਇਸ ਦਵਾਖਾਨੇ ਵਿਚ ਬਹੁਤ ਦੂਰੋਂ-ਦੂਰੋਂ ਲੋਕ ਇਲਾਜ ਕਰਵਾਉਣ ਲਈ ਪਹੁੰਚਦੇ ਸਨ। ਗੁਰੂ ਜੀ ਦੇ ਇਸ ਦਵਾਖਾਨੇ ਵਿਚੋਂ ਹੀ ਬਾਦਸ਼ਾਹ ਸ਼ਾਹਜਹਾਨ ਦਾ ਪੁੱਤਰ ਦਾਰਾ ਸਿਕੋਹ ਇਲਾਜ ਕਰਵਾ ਕੇ ਤੰਦਰੁਸਤ ਹੋ ਗਿਆ ਸੀ।[49] ਗੁਰੂ ਹਰਿਰਾਇ ਜੀ ਦੇ ਗੁਰਿਆਈ-ਕਾਲ ਵਿਚ ਗੁਰਦੁਆਰਾ ਸੰਸਥਾ ਵਿਚ ਮਨੁੱਖਤਾ ਦੀ ਭਲਾਈ ਲਈ ਇਕ ਨਵੀਂ ਸਹੂਲਤ 'ਸ਼ਫ਼ਾਖਾਨਾ' ਜੁੜ ਗਈ ਸੀ।

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਜਨਮ ਵੀ ਪੁਆਧ ਖੇਤਰ ਦੇ ਨਗਰ ਕੀਰਤਪੁਰ ਵਿਚ 8 ਸਾਵਣ (ਬਦੀ 10) ਸੰਮਤ 1713 (7 ਜੁਲਾਈ, ਸੰਨ 1656 ਈਸਵੀ) ਨੂੰ ਪਿਤਾ ਸ੍ਰੀ ਗੁਰੂ ਹਰਿਰਾਇ ਜੀ ਦੇ ਘਰ

---

[45] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 332.

[46] ਉਹੀ, ਪੰਨਾ 332.

[47] ਉਹੀ, ਪੰਨਾ 267.

[48] ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼* (ਭਾਗ ਪਹਿਲਾ), ਪੰਨਾ 415.

[49] ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ* (ਭਾਗ ਪਹਿਲਾ), ਭਾਸ਼ਾ ਵਿਭਾਗ, ਪੰਜਾਬ, 2011, ਪੰਨਾ 619.

ਮਾਤਾ ਕ੍ਰਿਸ਼ਨ ਕੌਰ ਜੀ ਤੋਂ ਹੋਇਆ। ਆਪ ਜੀ 8 ਕੱਤਕ ਸੰਮਤ 1718 (7 ਅਕਤੂਬਰ, ਸੰਨ 1661 ਈਸਵੀ) ਨੂੰ ਗੁਰੁਗੱਦੀ 'ਤੇ ਵਿਰਾਜੇ। ਸ੍ਰੀ ਗੁਰੂ ਹਰਿਕ੍ਰਿਸ਼ਨ ਜੀ 2 ਸਾਲ, 5 ਮਹੀਨੇ ਅਤੇ 26 ਦਿਨ ਹੀ ਗੁਰਗੱਦੀ ਤੇ ਬਿਰਾਜਮਾਨ ਰਹੇ। ਆਪ ਜੀ ਚੇਤ ਸੁਦੀ 14 (3 ਵੈਸਾਖ) ਸੰਮਤ 1721 (30 ਮਾਰਚ, ਸੰਨ 1664) ਨੂੰ ਜੋਤੀ-ਜੋਤਿ ਸਮਾ ਗਏ।[50] ਗੁਰੂ ਹਰਿਕ੍ਰਿਸ਼ਨ ਜੀ, ਜਿਹਨਾਂ ਅਸਥਾਨਾਂ ਉਤੇ ਹੁੰਦੇ ਹੋਏ ਦਿੱਲੀ ਨੂੰ ਗਏ ਸੀ, ਉਥੇ ਉਹਨਾਂ ਦੀ ਯਾਦ ਵਿਚ ਗੁਰਦੁਆਰੇ ਬਣੇ ਹੋਏ ਜਿਵੇਂ ਪਿੰਡ ਪੰਜੋਖਰਾ (ਅੰਬਾਲਾ) ਵਿਖੇ 'ਗੁਰਦੁਆਰਾ ਪੰਜੋਖਰਾ ਸਾਹਿਬ' ਅਤੇ ਦਿੱਲੀ ਵਿਚ ਰਾਜਾ ਜੈ ਸਿੰਘ ਦੇ ਬੰਗਲੇ ਵਾਲੇ ਸਥਾਨ ਉਤੇ 'ਗੁਰਦੁਆਰਾ ਬੰਗਲਾ ਸਾਹਿਬ' ਸੁਸ਼ੋਭਿਤ ਹਨ।

ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਚੇਤ ਸੁਦੀ 14 (24 ਚੇਤ) ਸੰਮਤ 1722 (20 ਮਾਰਚ, ਸਨ 1665) ਨੂੰ ਗੁਰਿਆਈ ਪ੍ਰਾਪਤ ਹੋਈ[51] ਅਤੇ ਉਸ ਸਮੇਂ ਆਪ ਜੀ ਬਕਾਲਾ ਨਾਮਕ ਨਗਰ ਵਿਚ ਨਿਵਾਸ ਕਰਦੇ ਸਨ, ਪਰ ਬਾਅਦ ਵਿਚ ਆਪ ਜੀ ਨੇ 'ਚੱਕ ਨਾਨਕੀ' ਨਾਮ ਦਾ ਇਕ ਨਵਾਂ ਨਗਰ ਵਸਾਇਆ ਅਤੇ ਉਥੇ ਕੁਝ ਸਮੇਂ ਲਈ ਠਹਿਰੇ। ਗੁਰੂ ਤੇਗ ਬਹਾਦਰ ਜੀ ਦੁਆਰਾ ਨਵਾਂ ਨਗਰ ਵਸਾਉਣ ਬਾਰੇ ਪ੍ਰਿੰ. ਤੇਜਾ ਸਿੰਘ, ਡਾ. ਗੰਡਾ ਸਿੰਘ ਨੇ ਇੰਞ ਲਿਖਿਆ ਹੈ, "ਜਦੋਂ ਗੁਰੂ ਸਾਹਿਬ ਆਪਣੇ ਬਜ਼ੁਰਗਾਂ ਦੇ ਗੁਰਦੁਆਰੇ ਵਿਚ ਸ਼ਰਧਾ ਭੇਟ ਕਰਨ ਲਈ ਅੰਮ੍ਰਿਤਸਰ ਗਏ ਤਾਂ ਉਨ੍ਹਾਂ ਲਈ ਗੁਰਦੁਆਰੇ ਬੰਦ ਕਰ ਦਿੱਤੇ ਗਏ ਅਤੇ ਉਨ੍ਹਾਂ ਨੂੰ ਮਾਯੂਸ ਹੋ ਕੇ ਵਾਪਿਸ ਮੁੜਨਾ ਪਿਆ। ਜਦੋਂ ਉਹ ਕੀਰਤਪੁਰ ਗਏ ਤਾਂ ਉਨ੍ਹਾਂ ਨੂੰ ਧੀਰ ਮਲ ਦੀ ਪਾਰਟੀ ਵੱਲੋਂ ਈਰਖਾ ਦਾ ਸਾਹਮਣਾ ਕਰਨਾ ਪਿਆ। ਇਹਨਾਂ ਝਗੜਿਆਂ ਤੋਂ ਪਰੇ ਰਹਿਣ ਲਈ ਉਹ ਇਕ ਸੁਹਾਵਣੇ ਪਹਾੜੀ ਸਥਾਨ 'ਤੇ ਚਲੇ ਗਏ ਜੋ ਕੀਰਤਪੁਰ ਦੇ ਉਤਰ-ਪੱਛਮ ਵਿਚ ਪੰਜ ਮੀਲਾਂ ਦੀ ਵਿੱਥ 'ਤੇ ਸੀ। ਉਨ੍ਹਾਂ ਨੇ ਕਹਿਲੂਰ ਦੇ ਰਾਜੇ ਪਾਸੋਂ 500 ਰੁਪਏ ਵਿਚ ਇਕ ਜ਼ਮੀਨ ਦਾ ਟੁਕੜਾ ਖਰੀਦ ਕੇ ਨਵੇਂ ਨਗਰ ਦੀ ਨੀਂਹ ਰਖੀ, ਜਿਸ ਦਾ ਨਾਂ ਆਨੰਦਪੁਰ ਰਖਿਆ।"[52]

ਡਾ. ਸਰਬਜਿੰਦਰ ਸਿੰਘ ਅਨੁਸਾਰ, "21 ਹਾੜ, ਸੰਮਤ 1722 ਨੂੰ ਚੱਕ ਨਾਨਕੀ ਵਿਖੇ ਉਸਾਰੀ ਦਾ

---

[50] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 265.

[51] ਉਹੀ, ਪੰਨਾ 600.

[52] ਤੇਜਾ ਸਿੰਘ, ਗੰਡਾ ਸਿੰਘ, *ਸਿੱਖ ਇਤਿਹਾਸ (1469-1765),* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2006, ਪੰਨਾ 51.

ਕੰਮ ਸ਼ੁਰੂ ਕਰ ਦਿੱਤਾ। ਪਹਿਲੀ ਇਮਾਰਤ ਦੀ ਨੀਂਹ ਰੱਖਣ ਦੀ ਰਸਮ ਬਾਬਾ ਬੁੱਢਾ ਜੀ ਦੇ ਲੜਕੇ ਗੁਰਦਿੱਤਾ ਰੰਧਾਵਾ ਜੀ ਦੁਆਰਾ ਨਿਭਾਈ ਗਈ।"[53] ਗੁਰੂ ਤੇਗ ਬਹਾਦਰ ਜੀ ਨੇ ਸਭ ਤੋਂ ਪਹਿਲਾਂ ਇਕ ਧਰਮਸਾਲ ਕਾਇਮ ਕੀਤੀ, ਜਿਸਦਾ ਜਿਕਰ ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਨੇ ਵੀ ਕੀਤਾ ਹੈ:

*ਇਕ ਧ੍ਰਮਸਾਲਾ ਬਡੀ ਬਨਾਈ। ਜਿਸ ਮਹਿ ਸੰਗਤਿ ਉਤਰਹਿ ਆਈ।।38।।*

*ਰਾਖੇ ਦਰ ਅਨੇਕ ਚਹੂੰ ਓਰ। ਗ੍ਰੀਖਮ ਮਹਿ ਸਮੀਰ ਕੀ ਲੋਰ।।*[54]

ਗੁਰੂ ਤੇਗ ਬਹਾਦਰ ਜੀ ਅਨੰਦਪੁਰ ਵਿਖੇ ਕੁਝ ਸਮਾਂ ਬਿਤਾਉਣ ਤੋਂ ਬਾਅਦ ਪ੍ਰਚਾਰ ਯਾਤਰਾਵਾਂ ਤੇ ਪੂਰਬ ਦੇ ਇਲਾਕੇ ਵੱਲ ਚਲੇ ਗਏ। ਗੁਰੂ ਜੀ ਆਪਣੀਆਂ ਪ੍ਰਚਾਰ ਫੇਰੀਆਂ ਦੌਰਾਨ ਜਿਥੇ ਵੀ ਗਏ ਤਾਂ ਉਹ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਅਸਥਾਨਾਂ ਉਤੇ ਦਰਸ਼ਨ ਕਰਨ ਲਈ ਜਰੂਰ ਜਾਂਦੇ ਸਨ। ਗੁਰੂ ਜੀ ਨੇ ਧਰਮ ਪ੍ਰਚਾਰ ਲਈ ਆਗਰਾ, ਅਲਾਹਾਬਾਦ, ਬਨਾਰਸ, ਸਸਾਰਾਮ, ਗਯਾ ਅਤੇ ਪਟਨਾ ਆਦਿ ਸਥਾਨਾਂ ਦੀ ਯਾਤਰਾ ਕੀਤੀ।[55] ਜਿਥੇ ਸਿੱਖ ਧਰਮ ਦੇ ਠਿਕਾਣੇ ਪਹਿਲਾਂ ਹੀ ਸਥਾਪਿਤ ਸਨ, ਉਨ੍ਹਾਂ ਥਾਵਾਂ ਵਿਚ ਗੁਰੂ ਤੇਗ ਬਹਾਦਰ ਜੀ ਨੇ ਸਿੱਖ ਧਰਮ ਦਾ ਮੁੜ ਪ੍ਰਚਾਰ ਕਰਨ ਦਾ ਪ੍ਰੋਗਰਾਮ ਬਣਾਇਆ। ਉਨ੍ਹਾਂ ਨੇ ਸਿੱਖ ਮਤ ਦੇ ਅਸੂਲਾਂ ਨੂੰ ਉਤਰੀ ਭਾਰਤ ਵਿਚ ਪ੍ਰਚਾਰ ਕਰਨ ਦਾ ਨਿਸ਼ਾਨਾ ਵੀ ਆਪਣੇ ਸਾਹਮਣੇ ਰਖਿਆ।[56]

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ (ਮੱਘਰ ਸੁਦੀ 5, ਸੰਮਤ 1732 ਅਨੁਸਾਰ 11 ਨਵੰਬਰ, 1675)[57] ਤੋਂ ਬਾਅਦ ਉਹਨਾਂ ਦੇ ਸਪੁੱਤਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ 12 ਮੱਘਰ, ਸੰਮਤ 1732 (11 ਨਵੰਬਰ, ਸੰਨ 1675 ਈ.) ਨੂੰ ਗੁਰਗੱਦੀ 'ਤੇ ਬੈਠੇ।[58]

ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਪਟਨਾ ਸਾਹਿਬ (ਬਿਹਾਰ) ਵਿਖੇ ਹੋਇਆ ਅਤੇ ਉਹਨਾਂ ਦੇ ਜੀਵਨ ਦਾ ਕਾਫੀ ਸਮਾਂ ਅਨੰਦਪੁਰ ਸਾਹਿਬ ਵਿਖੇ ਬੀਤਿਆ। ਪਟਨਾ ਸਾਹਿਬ ਵਿਖੇ ਗੁਰੂ ਜੀ ਦਾ ਬਚਪਨ

---

53 ਸਰਬਜਿੰਦਰ ਸਿੰਘ, *ਸਿੱਖ ਤਖਤਾਂ ਦਾ ਧਰਮ-ਵਿਗਿਆਨਕ ਪਰਿਪੇਖ,* ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਪੰਨਾ 125, (ਖੋਜ ਪ੍ਰਬੰਧ).

54 ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਦਸਵੀਂ) ਪੰਨਾ 4081.

55 ਤੇਜਾ ਸਿੰਘ, ਗੰਡਾ ਸਿੰਘ, *ਸਿੱਖ ਇਤਿਹਾਸ (1469-1765),* ਪੰਨਾ 52.

56 ਉਹੀ, ਪੰਨਾ 51.

57 ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 600.

58 ਉਹੀ, ਪੰਨਾ 429.

ਬੀਤਿਆ ਅਤੇ ਉਹਨਾਂ ਦੀਆਂ ਯਾਦਾਂ ਨਾਲ ਸੰਬੰਧਿਤ ਉਥੇ ਕਈ ਧਾਰਮਿਕ ਅਸਥਾਨ ਸੁਸ਼ੋਭਿਤ ਹਨ। ਅਨੰਦਪੁਰ ਸਾਹਿਬ ਅਤੇ ਇਸ ਤੋਂ ਇਲਾਵਾ ਹੋਰ ਵੀ ਜਿਥੇ ਗੁਰੂ ਜੀ ਗਏ, ਉਹਨਾਂ ਅਨੇਕਾਂ ਅਸਥਾਨਾਂ ਉਤੇ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿਚ ਧਾਰਮਿਕ ਅਸਥਾਨ ਬਣੇ ਹੋਏ ਹਨ।

ਇਸ ਤੋਂ ਇਲਾਵਾ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਆਪਣੇ ਪੂਰਬਲੇ ਗੁਰੂ ਸਾਹਿਬਾਨ ਨਾਲ ਸੰਬੰਧਿਤ ਧਾਰਮਿਕ ਅਸਥਾਨ ਬਣਾਉਣ ਦਾ ਜਿਕਰ ਵੀ ਮਿਲਦਾ ਹੈ। ਗੁਰੂ ਜੀ ਨੇ ਸਭ ਤੋਂ ਪਹਿਲਾਂ ਗੁਰੂ ਤੇਗ ਬਹਾਦਰ ਜੀ ਦੇ ਅੰਗੀਠੇ ਵਾਲੇ ਅਸਥਾਨ ਉਤੇ ਧਾਰਮਿਕ ਅਸਥਾਨ ਦੀ ਉਸਾਰੀ ਕਰਵਾਈ, ਜਿਥੇ ਅੱਜ ਕੱਲ 'ਗੁਰਦੁਆਰਾ ਸੀਸ ਗੰਜ' ਸੁਸ਼ੋਭਿਤ ਹੈ। ਭਾਈ ਕਾਨ੍ਹ ਸਿੰਘ ਨਾਭਾ ਇਸ ਸੰਬੰਧੀ ਲਿਖਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਛੱਡਣ ਸਮੇਂ ਗੁਰੂ ਤੇਗ ਬਹਾਦਰ ਜੀ ਦੇ ਦੇਹੁਰੇ ਅਤੇ ਹੋਰ ਗੁਰਧਾਮਾਂ ਦੀ ਸੇਵਾ-ਸੰਭਾਲ ਉਦਾਸੀ ਸਾਧੂ ਭਾਈ ਗੁਰਬਖਸ਼ ਨੂੰ ਸੌਂਪੀ।[59] ਇਸ ਬਾਰੇ ਭਾਈ ਸੰਤੋਖ ਸਿੰਘ ਜੀ ਨੇ ਵੀ ਜਿਕਰ ਕੀਤਾ ਹੈ :

*ਇੱਕ ਗੁਰੁਬਖਸ਼ ਸਾਧੁ ਢਿਗ ਖਰਜੋ। ਤਿਸੈ ਬਿਲੋਕਤ ਵਾਕ ਉਚਰਜੋ।*

*ਬਸਹੁ ਇਹਾਂ ਤੁਮ ਸੇਵਾ ਕਰੋ। ਕਰ ਸੇਵਾ ਨਿਜ ਜਨਮ ਸੁਧਰੋ।* [60]

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਅਨੰਦਪੁਰ ਸਾਹਿਬ ਛੱਡਣ ਤੋਂ ਬਾਅਦ ਗੁਰੂ ਜੀ ਦਾ ਸਾਰਾ ਪਰਿਵਾਰ ਵਿੱਛੜ ਗਿਆ ਸੀ। ਜਿਥੇ-ਜਿਥੇ ਵੀ ਗੁਰੂ ਜੀ ਅਤੇ ਉਹਨਾਂ ਦੇ ਪਰਿਵਾਰਕ ਮੈਂਬਰ ਗਏ, ਉਹਨਾਂ ਥਾਵਾਂ ਉਤੇ ਯਾਦਗਾਰਾਂ ਦੇ ਰੂਪ ਵਿਚ ਧਾਰਮਿਕ ਅਸਥਾਨ ਸੁਸ਼ੋਭਿਤ ਹਨ। ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ ਰੋਪੜ੍ਹ, ਬੂਰਮਾਜਰਾ, ਚਮਕੌਰ ਸਾਹਿਬ, ਮਾਛੀਵਾੜਾ, ਰਾਏਕੋਟ, ਆਦਿ ਅਸਥਾਨਾਂ ਉਤੇ ਗੁਰਦੁਆਰਾ ਸਾਹਿਬਾਨ ਬਣੇ ਹੋਏ ਹਨ। ਗੁਰੂ ਜੀ ਕੁਝ ਸਮੇਂ ਲਈ ਦਮਦਮਾ ਸਾਹਿਬ, ਤਲਵੰਡੀ ਸਾਬੋ ਠਹਿਰੇ। ਜਦੋਂ ਇਥੋਂ ਦੱਖਣ ਨੂੰ ਜਾਣ ਲੱਗੇ ਤਾਂ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ

---

59 ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 420.

60 ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* (ਜਿਲਦ ਤੇਰਵੀਂ), ਪੰਨਾ 5857.

ਅਸਥਾਨ[61] ਦੀ ਸੇਵਾ-ਸੰਭਾਲ ਦੀ ਜਿੰਮੇਦਾਰੀ ਬਾਬਾ ਦੀਪ ਸਿੰਘ ਜੀ ਨੂੰ ਸੌਂਪੀ ਸੀ। ਗਿਆਨੀ ਬਲਵੰਤ ਸਿੰਘ ਕੋਠਾਗੁਰੂ ਨੇ ਇਸ ਸੰਬੰਧੀ ਲਿਖਿਆ ਹੈ ਕਿ ਇਸ ਸਮੇਂ ਸਤਿਗੁਰੂ ਜੀ ਨੇ ਬਾਬਾ ਦੀਪ ਸਿੰਘ ਜੀ ਨੂੰ ਇਹ ਵੀ ਆਗਿਆ ਕੀਤੀ ਇਕ ਵਾਰ ਘਰ ਜਾ ਕੇ ਮਾਤਾ ਜੀ ਨੂੰ ਮਿਲ ਆਉ, ਫਿਰ ਗੁਰ ਕਾਸੀ ਦੀ ਸੇਵਾ ਕਰਨੀ' ਬਾਬਾ ਦੀਪ ਸਿੰਘ ਜੀ ਦੀ ਗੈਰ ਹਾਜਰੀ ਵਿਚ ਭਾਈ ਫਤਹ ਸਿੰਘ ਮਲਵਈ ਸੇਵਾਦਾਰ ਨਿਯੁਕਤ ਕੀਤੇ ਗਏ।[62]

ਇਸ ਤੋਂ ਇਲਾਵਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਿਆਈ-ਕਾਲ ਵਿਚ ਕਈ ਧਾਰਮਿਕ ਅਸਥਾਨ ਬਣਵਾਏ। ਇਸ ਸੰਬੰਧੀ ਜਿਕਰ ਪ੍ਰਾਪਤ ਹੁੰਦਾ ਹੈ ਕਿ ਜਦੋਂ ਗੁਰੂ ਗੋਬਿੰਦ ਸਿੰਘ ਜੀ ਬਾਦਸ਼ਾਹ ਬਹਾਦਰ ਸ਼ਾਹ ਦੇ ਸੱਦੇ ਉਤੇ ਦਿੱਲੀ ਗਏ ਤਾਂ ਜਿਸ ਅਸਥਾਨ ਉਤੇ ਗੁਰੂ ਤੇਗ ਬਹਾਦਰ ਜੀ ਦੇ ਧੜ ਦਾ ਸਸਕਾਰ ਕੀਤਾ ਗਿਆ ਸੀ, ਗੁਰੂ ਜੀ ਨੇ ਉਸ ਅਸਥਾਨ ਦੀ ਨਿਸ਼ਾਨਦੇਹੀ ਕੀਤੀ ਅਤੇ ਨੌਵੇਂ ਪਾਤਸ਼ਾਹ ਜੀ ਦੇ ਸ਼ਹੀਦੀ ਅਸਥਾਨ ਉਤੇ ਦਿੱਲੀ ਵਿਖੇ ਪਹਿਲੀ ਵਾਰ ਗੁਰਧਾਮ ਬਣਵਾਉਣ ਦਾ ਨਿਰਣਾ ਕੀਤਾ। ਇਸ ਸੰਬੰਧੀ ਭਾਈ ਸੰਤੋਖ ਸਿੰਘ ਨੇ ਲਿਖਿਆ ਹੈ :

*ਨੌਮੇ ਸਤਿਗੁਰ ਜਹਿਂ ਸਸਕਾਰੇ। ਤਿਸ ਥਲ ਕੌ ਕੀਜਹਿ ਨਿਰਧਾਰੇ।*
*ਆਗੇ ਅਵਰੰਗ ਤੇ ਡਰਪਾਵਹੁ। ਅਬਿ ਨ ਰਹਜੋ, ਮੰਦਰ ਬਨਵਾਵਹੁ॥32॥*
*ਸੁਨਿਕੈ ਸਿੱਖ ਗਏ ਤਬਿ ਸਜਾਨੇ। ਜਹਿਂ ਸਸਕਾਰੇ ਜੋ ਤਹਿਂ ਜਾਨੇ।*
*ਨਿਰਨੈ ਕਰਜੋ ਲਿਯੋ ਥਲ ਸੋਊ। ਬਨਵਾਯਹੁ ਮੰਦਰਿ ਸਭਿ ਕੋਊ॥33॥* [63]

---

[61] ਤਲਵੰਡੀ ਸਾਬੋ ਵਿਖੇ ਗੁਰੂ ਤੇਗ ਬਹਾਦਰ ਜੀ ਨੇ ਸਰੋਵਰ ਖੁਦਵਾਇਆ ਸੀ, ਜਿਸ ਦੀ ਸ਼ੁਰੂਆਤ ਗੁਰੂ ਜੀ ਨੇ ਖੁਦ ਆਪਣੇ ਕਰ-ਕਮਲਾਂ ਨਾਲ ਅਤੇ ਆਪਣੇ ਕੀਮਤੀ ਦੁਸ਼ਾਲੇ ਰਾਹੀਂ ਮਿੱਟੀ ਕੱਢ ਕੇ ਕੀਤੀ ਸੀ। ਇਸ ਤਰ੍ਹਾਂ ਅਸੀਂ ਸਮਝ ਸਮਦੇ ਹਾਂ ਕਿ ਤਖ਼ਤ ਸਿਰੀ ਦਮਦਮਾ ਸਾਹਿਬ ਦਾ ਅਸਥਾਨ ਗੁਰੂ ਤੇਗ ਬਹਾਦਰ ਜੀ ਵੱਲੋਂ ਹੀ ਇਸ ਇਲਾਕੇ ਦਾ ਇਕ ਸਿੱਖ ਪਰਚਾਰ ਕੇਂਦਰ ਸਥਾਪਤ ਕਰ ਦਿੱਤਾ ਗਿਆ ਸੀ। – ਸੁਖਦਿਆਲ ਸਿੰਘ, *ਗੁਰੂ ਤੇਗ ਬਹਾਦੁਰ ਮਾਰਗ ਪੰਜਾਬ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਪੰਨਾ 60.

[62] ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਸ੍ਰੀ ਦਮਦਮਾ ਗੁਰੂ ਕੀ ਕਾਸ਼ੀ,* ਗਿਆਨੀ ਕੋਰ ਸਿੰਘ ਸਾਹਿਤਯ ਸ਼ਾਸਤ੍ਰੀ ਸਦਨ, ਕੋਠਾ ਗੁਰੂ (ਬਠਿੰਡਾ), 1995, ਪੰਨਾ 76.

[63] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, (ਜਿਲਦ ਚੌਦਵੀਂ)*, ਪੰਨਾ 6182.

ਫਿਰ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਵਾਲੇ ਅਸਥਾਨ ਉਤੇ ਯਾਦਗਾਰ ਬਣਾ ਕੇ, ਸੰਗਤਾਂ ਦੇ ਜੁੜਨ ਲਈ ਅਸਥਾਨ ਸਿਰਜ ਦਿੱਤਾ :

*ਤੇਗ ਬਹਾਦਰ ਸਤਿਗੁਰੂ ਜਿਸ ਥਲ ਕਿਯ ਸਸਕਾਰ।*

*ਬਿਦਤਾਯੋ ਮੰਦਿਰ ਬਨਯੋਂ ਸੁੰਦਰ ਅਨਿਕ ਪ੍ਰਕਾਰ।।1।।*

*ਪਿਤ ਸਥਾਨ ਬਿਦਤਾਇ ਸੁਨਾਯੋ। ਸਤਿਸੰਗਤਿ ਕੋ ਜੋੜ ਕਰਾਯੋ।...।।2।।* [64]

ਜਿਸ ਸਮੇਂ ਗੁਰੂ ਗੋਬਿੰਦ ਸਿੰਘ ਜੀ ਦੱਖਣ ਵਿਚ ਨਾਂਦੇੜ ਵਿਚ ਜਾ ਬਿਰਾਜੇ, ਉਸ ਸਮੇਂ ਗੁਰੂ ਜੀ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਮੁਗਲ ਰਾਜ ਦੇ ਜ਼ੁਲਮ ਨੂੰ ਖਤਮ ਕਰਨ ਲਈ ਪੰਜਾਬ ਵੱਲ ਭੇਜਿਆ। ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ ਨਾਂਦੇੜ ਦੇ ਇਲਾਕੇ ਵਿਚ ਕਈ ਧਾਰਮਿਕ ਅਸਥਾਨ ਬਣੇ ਹੋਏ ਹਨ। ਜਿਥੇ ਗੁਰੂ ਜੀ ਜੋਤੀ-ਜੋਤਿ ਸਮਾਏ ਉਥੇ ਅੱਜ ਕੱਲ 'ਤਖ਼ਤ ਸ੍ਰੀ ਹਜ਼ੂਰ ਸਾਹਿਬ' ਨਾਂਦੇੜ ਵਿਖੇ ਸੁਸ਼ੋਭਿਤ ਹੈ।

ਗੁਰੂ ਗੋਬਿੰਦ ਸਿੰਘ ਜੀ ਤੋਂ ਆਦੇਸ਼ ਪ੍ਰਾਪਤ ਕਰਕੇ ਬਾਬਾ ਬੰਦਾ ਸਿੰਘ ਬਹਾਦਰ ਨਾਂਦੇੜ ਤੋਂ ਪੰਜਾਬ ਵੱਲ ਨੂੰ ਆ ਗਿਆ। ਉਹਨਾਂ ਨੇ ਪੰਜਾਬ ਵਿਚ ਆਉਣ ਉਪਰੰਤ ਸਰਹਿੰਦ ਦੇ ਜੁਲਮੀ ਰਾਜ ਨੂੰ ਖਤਮ ਕਰਕੇ ਪਹਿਲੇ ਸਿੱਖ ਰਾਜ ਦੀ ਸਥਾਪਨਾ ਕੀਤੀ। ਰਵਾਇਤ ਅਨੁਸਾਰ ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਜਿੱਤਣ ਉਪਰੰਤ ਛੋਟੇ ਸਾਹਿਬਜਾਦਿਆਂ ਦੇ ਸ਼ਹੀਦੀ ਅਸਥਾਨ ਦੀ ਨਿਸ਼ਾਨਦੇਹੀ ਕਰਵਾ ਕੇ ਉਸ ਦੀ ਸੇਵਾ-ਸੰਭਾਲ ਕੀਤੀ। ਇਸ ਤਰ੍ਹਾਂ ਸਿੱਖਾਂ ਵੱਲੋਂ ਇਤਿਹਾਸਕ ਅਸਥਾਨਾਂ ਦੀ ਸੰਭਾਲ ਕਰਨ ਵੱਲ ਇਹ ਪਹਿਲਾ ਕਦਮ ਹੀ ਮੰਨਿਆ ਜਾ ਸਕਦਾ ਹੈ। ਬਾਬਾ ਬੰਦਾ ਸਿੰਘ ਦੀਆਂ ਜਿੱਤਾਂ ਕਾਰਨ ਗੁਰੂ ਸਾਹਿਬਾਨ ਨਾਲ ਸੰਬੰਧਿਤ ਇਤਿਹਾਸਕ ਅਤੇ ਧਾਰਮਿਕ ਅਸਥਾਨਾਂ ਦੀ ਉਸਾਰੀ ਦਾ ਰਾਹ ਸੁਖਾਲਾ ਹੋ ਗਿਆ।

ਬਾਬਾ ਬੰਦਾ ਸਿੰਘ ਬਹਾਦਰ ਦੁਆਰਾ ਬਣਾਏ ਗੁਰਦੁਆਰੇ ਸੰਬੰਧੀ ਡਾ. ਸੁਖਦਿਆਲ ਸਿੰਘ ਲਿਖਦੇ ਹਨ ਕਿ, "ਜਦੋਂ ਸਢੌਰੇ ਦੀ ਫਤਹਿ ਪ੍ਰਾਪਤ ਕੀਤੀ ਗਈ ਤਾਂ ਸਢੌਰੇ ਦੇ ਕਿਲ੍ਹੇ ਵਿਚ ਹੀ ਬੰਦਾ ਸਿੰਘ ਬਹਾਦਰ ਨੇ ਗੁਰਦੁਆਰੇ ਦੀ ਉਸਾਰੀ ਕਰਵਾਈ। ਇਸ ਗੁਰਦੁਆਰੇ ਵਿਚ ਬੰਦਾ ਸਿੰਘ ਬਹਾਦਰ ਨੇ ਪਹਾੜੀ ਜੰਗਲਾਂ ਵਿਚੋਂ ਚੀਲ ਦੇ ਦਰੱਖਤ ਨੂੰ ਕਟਵਾ ਕੇ ਮੰਗਵਾਇਆ ਅਤੇ ਇਸ ਦਰੱਖਤ ਦੇ ਪੋਰੇ ਨੂੰ ਨਿਸ਼ਾਨ ਸਾਹਿਬ ਦੇ ਤੌਰ

---

[64] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, (ਜਿਲਦ ਚੌਦਵੀਂ)*, ਪੰਨਾ 6187.

’ਤੇ ਖੜਾ ਕੀਤਾ ਗਿਆ ਸੀ। ਇਸ ਗੁਰਦੁਆਰੇ ਨੂੰ ਅੱਜ ਕੱਲ ‘ਗੁਰਦੁਆਰਾ ਕਿਲ੍ਹਾ ਸਾਹਿਬ’ ਕਿਹਾ ਜਾਂਦਾ ਹੈ।[65]

ਇਸ ਤੋਂ ਇਲਾਵਾ ਵਰਤਮਾਨ ਵਿਚ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਹਨਾਂ ਦੇ ਸਾਥੀਆਂ ਨਾਲ ਸੰਬੰਧਿਤ ਅਸਥਾਨ ਬਣੇ ਹੋਏ ਹਨ, ਜਿਹੜੇ ਕਿ ਉਸ ਸਮੇਂ ਦੇ ਇਤਿਹਾਸ ਦੀਆਂ ਯਾਦਾਂ ਨੂੰ ਤਾਜਾ ਕਰਵਾਉਂਦੇ ਹਨ। ਬਾਬਾ ਬੰਦਾ ਸਿੰਘ ਬਹਾਦਰ ਨੂੰ ਜਿਸ ਅਸਥਾਨ (ਗੜ੍ਹੀ ਗੁਰਦਾਸ ਨੰਗਲ) ਉਤੇ ਮੁਗਲ ਸੈਨਾ ਵੱਲੋਂ ਘੇਰਾ ਪਾਇਆ ਅਤੇ ਜਿਸ ਅਸਥਾਨ ਤੇ ਉਹਨਾਂ ਦੀਆਂ ਸ਼ਹਾਦਤਾਂ ਹੋਈਆਂ, ਉਹਨਾਂ ਅਸਥਾਨਾਂ ਉਤੇ ਵੀ ਅੱਜ ਗੁਰਦੁਆਰੇ ਬਣੇ ਹੋਏ ਹਨ।

## 2. ਸਿੱਖ ਮਿਸਲਾਂ ਦੇ ਸਮੇਂ

ਬਾਬਾ ਬੰਦਾ ਸਿੰਘ ਬਹਾਦਰ ਤੋਂ ਬਾਅਦ ਪੰਜਾਬ ਉਤੇ ਇਕ ਵਾਰ ਫਿਰ ਮੁਗਲਾਂ ਨੇ ਦਬਦਬਾ ਬਣਾ ਲਿਆ ਸੀ। ਸਿੱਖਾਂ ਲਈ ਇਹ ਬੜਾ ਭਿਆਨਕ ਦੌਰ ਸੀ। ਸਿੱਖਾਂ ਨੂੰ ਖਤਮ ਕਰਨ ਦੇ ਫੁਰਮਾਨ ਸਰਕਾਰੀ ਤੌਰ ’ਤੇ ਹੋ ਗਏ ਸਨ। ਇਸ ਸੰਬੰਧੀ ਡਾ. ਗੰਡਾ ਸਿੰਘ ਲਿਖਦੇ ਹਨ ਕਿ, “ਭਾਵੇਂ ਕਿ ਜਕਰੀਆ ਖਾਨ ਨੇ ਸਿੰਘਾਂ ਨਾਲ ਅੱਗੇ ਭੀ ਕੋਈ ਘੱਟ ਨਹੀਂ ਸੀ ਕੀਤੀ, ਪਰ ਨਾਦਰ ਸ਼ਾਹ ਦੇ ਕਹਿਣ ਤੋਂ ਉਸ ਨੂੰ ਬੜੀ ਨਮੋਸ਼ੀ ਆਈ ਅਤੇ ਚਿੜ ਚੜ ਗਈ। ਸੋ ਉਸ ਨੇ ਇਕ ਵੱਢੋਂ ਹੀ ਖਾਲਸੇ ਦੀ ਕਤਲਾਮ ਆਰੰਭ ਦਿੱਤੀ। ਇਹ ਸੰਨ 1739 ਤੋਂ ਸੰਨ 1746 ਈ. (ਯਾਹੀਆ ਖ਼ਾਨ ਦੇ ਜਮਾਨੇ) ਤੱਕ ਰਹੀ। ਇਲਾਕੇ ਦੇ ਚੌਧਰੀਆਂ ਦੇ ਨਾਮ ਪਰਵਾਨੇ ਜਾਰੀ ਕਰ ਦਿੱਤੇ ਗਏ ਕਿ ਕਿਸੇ ਪਿੰਡ ਵਿਚ ਭੀ ਕੋਈ ਸਿੰਘ ਨਾ ਰਹਿ ਪਾਵੇ ਅਤੇ ਜੋ ਸਿੰਘਾਂ ਨੂੰ ਮਾਰੇਗਾ ਜਾਂ ਪਤਾ ਦੇਵੇਗਾ ਉਸ ਨੂੰ ਸਰਕਾਰੋਂ ਇਨਾਮ ਦਿੱਤਾ ਜਾਊ।”[66] ਅਜਿਹੇ ਸਮੇਂ ਵਿਚ ਸਿੱਖਾਂ ਦੁਆਰਾ ਆਪਣੇ ਗੁਰਧਾਮਾਂ ਦੀ ਸੇਵਾ-ਸੰਭਾਲ ਕਰਨਾ ਚੁਣੌਤੀ ਵਾਲਾ ਕੰਮ ਬਣ ਗਿਆ ਸੀ।

ਭਾਵੇਂ ਕਿ ਮੁਗਲਾਂ ਨੇ ਸਿੱਖਾਂ ਦਾ ਦਮਨ ਕਰਨ ਦੀ ਹਰ ਸੰਭਵ ਕੋਸ਼ਿਸ਼ ਕੀਤੀ, ਪਰ ਸਿੱਖ ਸੰਘਰਸ਼ ਵਿਚੋਂ ਸਿੱਖ ਜਥੇ ਮਿਸਲਾਂ ਦੇ ਰੂਪ ਵਿਚ ਉਭਰ ਕੇ ਸਾਹਮਣੇ ਆਏ। ਰਤਨ ਸਿੰਘ ਜੱਗੀ ਅਨੁਸਾਰ, “ਬਾਬਾ

---

[65] ਸੁਖਦਿਆਲ ਸਿੰਘ, *ਖਾਲਸਾ ਰਾਜ ਦਾ ਬਾਨੀ ਬੰਦਾ ਸਿੰਘ ਬਹਾਦਰ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2003, ਪੰਨਾ 30.

[66] ਗੰਡਾ ਸਿੰਘ, *ਸਰਦਾਰ ਜੱਸਾ ਸਿੰਘ ਆਹਲੂਵਾਲੀਆ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011, ਪੰਨਾ 29.

ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਬਾਦ ਮੁਗ਼ਲ ਸਰਕਾਰ ਦੇ ਤਸ਼ੱਦਦ ਕਾਰਣ ਸਿੱਖ ਪਹਾੜਾਂ, ਛੰਭਾਂ ਅਤੇ ਰੇਗਿਸਤਾਨਾਂ ਵਿਚ ਲੁਕ ਛਿਪ ਕੇ ਸਮਾਂ ਕਟਣ ਲਗੇ। ਸੰਨ 1734 ਈਸਵੀ ਵਿਚ ਨਵਾਬ ਕਪੂਰ ਸਿੰਘ ਨੇ ਸਿੱਖਾਂ ਨੂੰ ਦੋ ਪ੍ਰਮੁੱਖ ਦਲਾਂ -ਬੁੱਢਾ ਦਲ ਅਤੇ ਤਰੁਣਾ ਦਲ- ਵਿਚ ਵੰਡ ਦਿੱਤਾ। ਤਰੁਣਾ ਦਲ ਦਾ ਅਗੋਂ ਕਾਫੀ ਵਿਕਾਸ ਹੁੰਦਾ ਰਿਹਾ ਅਤੇ ਅਨੇਕ ਛੋਟੇ-ਛੋਟੇ ਜਥੇ ਬਣਦੇ ਗਏ। ਅਹਿਮਦ ਸ਼ਾਹ ਦੁਰਾਨੀ ਦੇ ਸੰਨ 1748 ਈਸਵੀ ਵਿਚ ਹੋਏ ਪਹਿਲੇ ਹਮਲੇ ਵੇਲੇ ਇਹਨਾਂ ਜੱਥਿਆਂ ਦੀ ਗਿਣਤੀ 65 ਤੱਕ ਪਹੁੰਚ ਗਈ। 29 ਮਾਰਚ, 1748 ਈਸਵੀ ਨੂੰ ਵਿਸਾਖੀ ਵਾਲੇ ਦਿਨ ਸਾਰੇ ਜੱਥੇ ਦਰਬਾਰ ਸਾਹਿਬ ਅੰਮ੍ਰਿਤਸਰ ਇਕੱਠੇ ਹੋਏ। ਸਰਬੱਤ ਖ਼ਾਲਸੇ ਨੇ ਗੁਰਮਤੇ ਰਾਹੀਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਸਰਦਾਰੀ ਅਧੀਨ 'ਦਲ ਖ਼ਾਲਸਾ' ਦੀ ਸਥਾਪਨਾ ਕੀਤੀ। ਇਸ ਨੂੰ ਅੱਗੋਂ ਯਾਰ੍ਹਾਂ ਮਿਸਲਾਂ ਵਿਚ ਵੰਡਿਆ ਗਿਆ, ਜਿਹਨਾਂ ਦੇ ਆਪਣੇ ਹੀ ਸਰਦਾਰ (ਮਿਸਲਦਾਰ) ਸਨ ਅਤੇ ਆਪਣੇ ਹੀ ਨਿਸ਼ਾਨ ਸਨ।"[67]

ਇਹਨਾਂ ਮਿਸਲਾਂ ਨੇ ਸਿੱਖ ਪੰਥ ਦੇ ਅਨੇਕਾਂ ਧਾਰਮਿਕ ਅਸਥਾਨਾਂ ਦੀ ਨਿਸ਼ਾਨਦੇਹੀ ਕਰਨ ਦੇ ਨਾਲ ਹੀ ਉਹਨਾਂ ਦੀ ਸੇਵਾ ਕਰਵਾਉਣ ਦਾ ਕਾਰਜ ਵੀ ਕੀਤਾ। ਇਸ ਸੰਬੰਧੀ ਡਾ. ਸੁਖਦਿਆਲ ਸਿੰਘ ਲਿਖਦੇ ਹਨ ਕਿ, "ਸਿੱਖ ਮਿਸਲਾਂ ਦਾ ਸਮਾਂ ਅਸਲ ਵਿਚ ਗੁਰਦੁਆਰਿਆਂ ਦੀ ਉਸਾਰੀ ਦਾ ਸਮਾਂ ਸੀ। ਇਸ ਵਿੱਚ ਸਿੱਖ ਮਿਸਲਦਾਰਾਂ ਦੀ ਆਪਣੇ ਗੁਰੂ ਬਾਰੇ ਸ਼ੁਕਰਾਨੇ ਦੀ ਭਾਵਨਾ ਵੀ ਸੀ ਅਤੇ ਉਨ੍ਹਾਂ ਦੀ ਇਹ ਇੱਕ ਜਿੰਮੇਵਾਰੀ ਵੀ ਸੀ।" [68]

ਬਾਬਾ ਬੰਦਾ ਸਿੰਘ ਬਹਾਦਰ ਦੁਆਰਾ ਸਰਹਿੰਦ ਨੂੰ ਉਜਾੜਨ ਤੋਂ ਬਾਅਦ ਇੱਕ ਵਾਰ ਫੇਰ ਉਥੇ ਮੁਗਲਾਂ ਨੇ ਆਪਣਾ ਅਧਿਕਾਰ ਸਥਾਪਿਤ ਕਰ ਲਿਆ ਸੀ। ਸਿੱਖ ਮਿਸਲਾਂ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿਚ ਸਰਹਿੰਦ ਦੇ ਜ਼ੁਲਮੀ ਰਾਜ ਨੂੰ ਇਕ ਵਾਰ ਫਿਰ ਉਜਾੜ ਦਿੱਤਾ। ਸਿੱਖ

---

[67] ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼,* (ਭਾਗ ਦੂਜਾ), ਪੰਨਾ 1426.

[68] ਗੁਰਸ਼ਰਨਜੀਤ ਸਿੰਘ (ਸੰਪਾ.), *ਗੁਰੂ ਨਾਨਕ ਦੇਵ ਜੀ ਅਤੇ ਗੁਰਦੁਆਰਾ ਸੰਸਥਾ,* ਸੁਖਦਿਆਲ ਸਿੰਘ, ਸਿੱਖ ਧਰਮ ਵਿਚ ਗੁਰਦੁਆਰੇ ਦੀ ਮਹੱਤਤਾ: ਇਤਿਹਾਸਕ ਦ੍ਰਿਸ਼ਟੀਕੋਣ ਤੋਂ, ਗੁਰੂ ਨਾਨਕ ਸਟੱਡੀਜ਼ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2009, ਪੰਨਾ 68. (ਅਪ੍ਰਕਾਸ਼ਿਤ ਪ੍ਰੋਸੀਡਿੰਗ).

ਸਰਦਾਰਾਂ ਨੇ ਸਰਹਿੰਦ ਵਿਚ ਛੋਟੇ ਸਾਹਿਬਜਾਦਿਆਂ ਦਾ ਸ਼ਹੀਦੀ ਅਸਥਾਨ[69] ਬਣਵਾਉਣ ਦੀ ਸੇਵਾ ਕਰਵਾਈ। ਇਸ ਸੰਬੰਧੀ ਰਤਨ ਸਿੰਘ ਭੰਗੂ ਨੇ ਇਸ ਪ੍ਰਕਾਰ ਵਰਣਨ ਕੀਤਾ ਹੈ :

*ਜਬ ਮੱਧ ਪੰਥ ਕਿਲ੍ਹੇ ਥੋ ਵੜਜੋ। ਨਿਜ ਨਿਜ ਡੇਰਨ ਬਹੁ ਕੜਾਹ ਕਰਜੋ।1।*

*ਕਿਨੇ ਮਾਤਾ ਕੈ ਬੁਰਜ ਬਰਤਾਯੋ। ਕੋਈ ਸ਼ਹੀਦਣ ਜਾਗਾ ਆਯੋ।*

*ਕੋਈ ਗਏ ਸਰ ਜੋਤੀ ਤਾਲ। ਜਹਾਂ ਗਡੇ ਥੇ ਸਤਿਗੁਰ ਲਾਲ।2।*

*ਸਭ ਖਾਲਸੈ ਮਿਲ ਮਤੋ ਠਹਿਰਾਯੋ। ਚਹੀਯਤ ਇਕ ਹੀ ਦੇਹਰੋ ਬਣਵਾਯੋ।*

*ਜਿਸ ਜਾਗਾ ਗੁਰ ਸੁਤ ਹੈਂ ਘਾਏ। ਜਿਸੈ ਠੌਰ ਉਨ ਗਲੇ ਕਟਾਏ।*

*ਜਿਸੈ ਠੌਰ ਉਨ ਵੀਟਜੋ ਰਕਤ। ਉਸੀ ਠੌਰ ਉਨ ਹੋਵਗੁ ਸ਼ਕਤਿ।*

---

[69] ਇਸ ਗੱਲ ਦਾ ਵੀ ਵਰਣਨ ਮਿਲਦਾ ਹੈ ਕਿ ਇਸ ਤੋਂ ਪਹਿਲਾਂ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਅਸਥਾਨ ਉਤੇ ਥੜਾ ਸਰਹੰਦ ਦੇ ਨਵਾਬ ਵਜੀਰ ਖਾਂ ਨੇ ਬਣਵਾਇਆ ਸੀ। ਇਸ ਸੰਬੰਧੀ ਗਿਆਨੀ ਗਿਆਨ ਸਿੰਘ ਲਿਖਦੇ ਹਨ ਕਿ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਵਾਲੇ ਸਥਾਨ ਉਤੇ ਯਾਦਗਾਰ ਸਰਹਿੰਦ ਦੇ ਹਾਕਮ ਵਜੀਰ ਖਾਂ ਨੇ ਹੀ ਬਣਵਾਈ ਸੀ। ਇਸ ਦੇ ਪਿੱਛੇ ਉਹ ਕਾਰਨ ਇਹ ਦੱਸਦੇ ਹਨ ਕਿ ਵਜੀਰ ਖਾਂ ਨੂੰ ਪਿਸ਼ਾਬ ਦਾ ਬੰਨ ਪੈ ਗਿਆ ਸੀ, ਜਿਸ ਕਾਰਨ ਉਹ ਬਹੁਤ ਦੁਖੀ ਸੀ। ਉਸ ਨੂੰ ਕਪੂਰੇ ਬਰਾੜ ਨੇ ਕਿਹਾ ਕਿ ਉਸ ਅਸਥਾਨ ਉਤੇ ਯਾਦਗਾਰ ਵਜੋਂ ਥੜਾ ਬਣਵਾ ਦੇ, ਜਿਥੇ ਦੋਵੇਂ ਸਾਹਿਬਜ਼ਾਦਿਆਂ ਨੂੰ ਸ਼ਹੀਦ ਕੀਤਾ ਗਿਆ ਸੀ। ਇਸ ਉਪਰੰਤ ਵਜੀਰ ਖਾਂ ਨੇ ਉਥੇ ਥੜਾ ਬਣਵਾ ਦਿੱਤਾ। ਉਸ ਦੀ ਪੀੜ ਖਤਮ ਹੋ ਗਈ ਅਤੇ ਉਹ ਬਿਲਕੁਲ ਠੀਕ ਹੋ ਗਿਆ ਸੀ :

*ਇਕ ਦਿਨ ਖਾਨ ਵਜੀਦ ਖਰਾਬ। ਤਿਸ ਦਿਸ ਬੈਠਾ ਕਰਨ ਪਸਾਬ।*
*ਬੰਦ ਪਸ਼ਾਬ ਭਯੋ ਤਿਸ ਕੇਰਾ। ਪਾਯੋ ਦੁਖ ਜਬ ਓਨ ਵਧੇਰਾ।*
*ਹੁਤੋ ਬਿਰਾੜ ਕਪੂਰਾ ਯਹਾ। ਓਨ ਵਜੀਦੇ ਕੋ ਇਮ ਕਹਾ।*
*ਮੰਨਤ ਕਰ ਤੂੰ ਗੁਰੁ ਸੁਤਨ ਕੀ। ਪੀੜ ਜਾਇ ਤਬ ਤੇਰੇ ਤਨ ਕੀ।*
*ਕਤਲ ਭਏ ਗੁਰੁ ਕੇ ਸੁਤ ਜਹਾਂ। ਥੜਾ ਬਨਾਇ ਦੇਹੁ ਇਕ ਤਹਾਂ।*
*ਮਾਨ ਵਜੀਦੇ ਕੀਨੀ ਸੋਈ। ਪੀੜ ਤੁਰਤ ਸਬ ਤਿਸ ਕੀ ਖੋਈ।*

– ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼,* ਪੰਨਾ ੧੧੦.

ਰਤਨ ਸਿੰਘ ਭੰਗੂ ਲਿਖਦਾ ਹੈ ਕਿ ਵਜੀਰ ਖਾਂ ਨੇ ਸਾਹਿਬਜ਼ਾਦਿਆਂ ਦੀ ਯਾਦ ਵਿਚ ਉਸਾਰੇ ਥੜੇ ਦੀ ਸੇਵਾ-ਸੰਭਾਲ ਕਰਨ ਅਤੇ ਧੂਪ-ਬੱਤੀ ਕਰਨ ਲਈ ਇਕ ਸਿੱਖ ਨੂੰ ਸੇਵਾ ਸੌਂਪ ਦਿੱਤੀ :

*ਨਿਸਾਪਰਤਿ ਨਿਤਦੀਪ ਬਲਵਾਯੋ। ਗੁਰਜਾਗਾ ਕਹਿ ਕੜਾਹੁ ਕਰਾਯੋ।*
*ਮੰਦੋ ਗੰਦੋ ਕੋਊ ਉਹਾਂ ਨ ਜਾਯੋ। ਝਾੜੂ ਦੇਇ ਸੁਧ ਠੌਰ ਰਖਾਯੋ।16।*
*ਸੁਖਨੇ ਸੁਖੈ ਤਿਸੈ ਬਰ ਆਵੈ। ਕਰੈ ਤਗਾਫਲੀ ਸੋ ਪਛੁਤਾਵੈ।*
*ਏਕ ਸਿੱਖ ਤਹਿੰ ਦਿਹੋ ਬਹਾਇ। ਸੋ ਲੇਵਗੁ ਸਭ ਬਿਧਿ ਬਨਵਾਇ।17।*

– ਰਤਨ ਸਿੰਘ ਭੰਗੂ, *ਪ੍ਰਾਚੀਨ ਪੰਥ ਪ੍ਰਕਾਸ਼,* (ਸੰਪਾ.) ਭਾਈ ਵੀਰ ਸਿੰਘ, ਪੰਨਾ ੪੦੯.

*ਬ੍ਰਿੱਧ ਪੁਰਸ਼ ਉਹਾਂ ਪੁੱਛ ਬੁਲਾਏ। ਅਸਥਾਨ ਪਤੇ ਉਨ ਸਭੈ ਬਤਾਏ।4।* [70]

ਇਸ ਤੋਂ ਇਲਾਵਾ ਮਿਸਲਾਂ ਦੁਆਰਾ ਹੀ ਸ੍ਰੀ ਨਨਕਾਣਾ ਸਾਹਿਬ ਵਿਖੇ ਗੁਰਦੁਆਰਿਆਂ ਦੀ ਉਸਾਰੀ ਦਾ ਵਰਣਨ ਵੀ ਮਿਲਦਾ ਹੈ, "ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੀ ਜਥੇਦਾਰੀ ਹੇਠਾਂ ਜਿਸ ਵੇਲੇ ਖਾਲਸਾ ਦਲ, ਕੌੜਾ ਮੱਲ ਦੀ ਸਹਾਇਤਾ ਕਰਨ ਲਈ ਮੁਲਤਾਨ ਗਿਆ ਸੀ ਤਾਂ ਦੀਵਾਨ ਸਾਹਿਬ ਨੇ ਨਨਕਾਣਾ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਦਾ ਬਾਲ-ਲੀਲਾ ਦਾ ਗੁਰਦੁਆਰਾ ਬਣਵਾ ਦੇਣ ਦਾ ਪ੍ਰਣ ਕੀਤਾ ਸੀ।" [71]

ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨਾਲ ਕੀਤੇ ਪ੍ਰਣ ਨੂੰ ਪੂਰਾ ਕਰਦਿਆਂ ਦੀਵਾਨ ਕੌੜਾ ਮੱਲ ਨੇ ਨਨਕਾਣਾ ਸਾਹਿਬ ਵਿਚਲੇ ਗੁਰਧਾਮ ਦੀ ਸੇਵਾ ਕਰਵਾਈ, ਜਿਸ ਸੰਬੰਧੀ ਡਾ. ਗੰਡਾ ਸਿੰਘ ਨੇ ਲਿਖਿਆ ਹੈ ਕਿ, "ਉਨ੍ਹਾਂ ਤਿੰਨ ਲੱਖ ਰੁਪਇਆ ਖਰਚ ਕੇ ਸ੍ਰੀ ਨਨਕਾਣਾ ਸਾਹਿਬ ਵਿਚ ਗੁਰੂ ਨਾਨਕ ਸਾਹਿਬ ਦਾ ਬਾਲ-ਲੀਲਾ ਦਾ ਗੁਰਦੁਆਰਾ ਅਤੇ ਉਸ ਦੇ ਨਾਲ ਇਕ ਬੜਾ ਵੱਡਾ ਸਰੋਵਰ ਬਣਵਾਇਆ।"[72]

ਇਸ ਤੋਂ ਇਲਾਵਾ ਇਹ ਵੀ ਵਰਣਨ ਮਿਲਦਾ ਹੈ ਕਿ ਜਦੋਂ ਅਹਿਮਦ ਸ਼ਾਹ ਅਬਦਾਲੀ ਨੇ ਸ੍ਰੀ ਹਰਿਮੰਦਿਰ ਸਾਹਿਬ ਨੂੰ ਪੂਰੀ ਤਰ੍ਹਾਂ ਢਾਹ ਦਿੱਤਾ ਸੀ ਤਾਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਹਰਿਮੰਦਿਰ ਸਾਹਿਬ ਦੀ ਮੁੜ ਉਸਾਰੀ ਚੌਦਾਂ ਲੱਖ ਰੁਪਏ ਖਰਚ ਕੇ ਕਰਵਾਈ ਸੀ।[73] ਭਾਈ ਕਾਨ੍ਹ ਸਿੰਘ ਨਾਭਾ ਇਸ ਸੰਬੰਧੀ ਲਿਖਦੇ ਹਨ ਕਿ, "ਫੱਗੁਣ ਸੰਮਤ 1818 ਵਿੱਚ ਅਹਿਮਦ ਸ਼ਾਹ ਦੁੱਰਾਨੀ ਨੇ ਹਰਿਮੰਦਿਰ ਨੂੰ ਬਾਰੂਦ ਨਾਲ ਉਡਵਾਕੇ ਤਾਲ ਭਰਵਾ ਦਿੱਤਾ, ਫੇਰ ਖਾਲਸੇ ਨੇ 11 ਵੈਸਾਖ ਸੰਮਤ 1821 ਨੂੰ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੇ ਹੱਥੋਂ ਨਿਉਂ ਰਖਵਾਈ।"[74]

ਇਸ ਉਪਰੰਤ ਸਰਦਾਰ ਬਘੇਲ ਸਿੰਘ ਅਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਕਮਾਨ ਹੇਠ ਸਿੱਖਾਂ ਨੇ 1783 ਈਸਵੀ ਵਿਚ ਦਿੱਲੀ ਫ਼ਤਿਹ ਕੀਤੀ ਤਾਂ ਸ਼ਾਹ ਆਲਮ ਦੂਜੇ ਅਤੇ ਬੇਗਮ ਸਮਰੂ ਦੇ ਕਹਿਣ

---

[70] ਰਤਨ ਸਿੰਘ ਭੰਗੂ, *ਪ੍ਰਾਚੀਨ ਪੰਥ ਪ੍ਰਕਾਸ਼,* (ਸੰਪਾ.) ਭਾਈ ਵੀਰ ਸਿੰਘ, ਖਾਲਸਾ ਸਮਾਚਾਰ, ਅੰਮ੍ਰਿਤਸਰ, 1962, ਪੰਨਾ 408.

[71] ਗੰਡਾ ਸਿੰਘ, *ਮਹਾਰਾਜਾ ਕੌੜਾ ਮੱਲ ਬਹਾਦਰ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000, ਪੰਨਾ 51.

[72] ਗੰਡਾ ਸਿੰਘ, *ਸਰਦਾਰ ਜੱਸਾ ਸਿੰਘ ਆਹਲੂਵਾਲੀਆ,* ਪੰਨਾ 64.

[73] J.C. Dua, *Misl, Sikh State and The Institution of Khalsa,* Originals Publishers, Delhi, 2006, Page 65.

[74] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 76.

ਤੇ ਇਸ ਸ਼ਰਤ ਨਾਲ ਸਿੱਖਾਂ ਨੇ ਦਿੱਲੀ ਛੱਡਣੀ ਸਵੀਕਾਰ ਕੀਤੀ ਕਿ ਉਹਨਾਂ ਨੂੰ ਦਿੱਲੀ ਦੇ ਗੁਰਧਾਮਾਂ ਦੀ ਉਸਾਰੀ ਕਰਨ ਦਿੱਤੀ ਜਾਵੇ। ਇਸ ਬਾਰੇ ਗਿਆਨੀ ਗਿਆਨ ਸਿੰਘ ਨੇ ਲਿਖਿਆ ਹੈ ਕਿ, "ਮਿਰਜਾ ਗੌਹਰ ਅਲੀਸ਼ਾਹ ਸਾਨੀ ਨੇ ਵਜ਼ੀਰ ਆਜ਼ਮ ਨੂੰ ਸੱਦਕੇ ਆਖਿਆ ਕਿ ਜਿਸ ਤਰ੍ਹਾਂ ਹੋ ਸਕੇ ਸਿੱਖਾਂ ਹੱਥੋਂ ਜਾਨ ਛੁਡਾਉ। ਸਰਦਾਰ ਬਘੇਲ ਸਿੰਘ ਨੂੰ ਸੱਦਿਆ ਗਿਆ, ਇਹਨਾਂ ਨੇ ਸਾਫ ਕਹਿ ਦਿੱਤਾ ਕਿ ਖਾਲਸਾ ਤੁਹਾਡਾ ਮੁਲਕ ਖੋਹਣਾ ਨਹੀਂ ਚਾਹੁੰਦਾ। ਤੁਸੀਂ ਜ਼ੁਲਮ ਤੇ ਅਨਯਾਇ ਕਰਨਾ ਛਡ ਦੇਵੋ, ਇਥੇ ਜੇਹੜੇ-ਜੇਹੜੇ ਸਿੰਘਾਂ ਦੇ ਗੁਰਦੁਆਰੇ ਹਨ, ਬਣਾ ਦੇਵੋ ਤੇ ਖਾਲਸੇ ਨੂੰ ਹਰਜਾਨਾ ਦੇ ਦੇਵੋ, ਇਹ ਵਾਪਸ ਚਲੇ ਜਾਣਗੇ। ਸਮਰੂ ਬੇਗਮ...ਨੇ ਵਜ਼ੀਰ ਆਜ਼ਮ ਨੂੰ ਸੱਦਕੇ ਅਤੇ ਬਘੇਲ ਸਿੰਘ ਨੂੰ ਬਿਠਾ ਕੇ ਫੈਸਲਾ ਕਰਾ ਦਿੱਤਾ।"[75] ਇਸ ਫੈਸਲੇ ਵਿਚ ਸਿੱਖਾਂ ਦੁਆਰਾ ਆਪਣੇ ਗੁਰਧਾਮਾਂ ਦੀ ਉਸਾਰੀ ਕਰਨ ਦੀ ਮੰਗ ਸਵੀਕਾਰ ਕਰ ਲਈ ਗਈ। ਇਸ ਸੰਬੰਧੀ ਹਰੀ ਰਾਮ ਗੁਪਤਾ ਲਿਖਦੇ ਹਨ ਕਿ, "The same day Begam Samru reached Delhi. She had friendly relations with Baghel Singh who had saved her during a Sikh incursion of Mirath district. The Emperor gave her full authority to settle terms with the Sikhs in order to save the city from further misery and misfortune. She called on Baghel Singh in his camp at Tis Hazari. ...The following terms were settled between her and Baghel Singh and were approved by the Emperor : Baghel Singh was allowed to build seven gurdwaras at the sacred places of the Sikhs. The construction of gurdwaras was to be finished within a year at the most."[76] ਭਾਵ ਉਸੇ ਦਿਨ ਬੇਗਮ ਸਮਰੂ ਦਿੱਲੀ ਪਹੁੰਚੀ। ਉਸ ਦੇ ਬਘੇਲ ਸਿੰਘ ਨਾਲ ਦੋਸਤਾਨਾ ਸੰਬੰਧ ਸਨ, ਜਿਸਨੇ ਉਸਨੂੰ ਮੇਰਠ ਜ਼ਿਲ੍ਹੇ ਦੇ ਸਿੱਖ ਹਮਲੇ ਦੌਰਾਨ ਬਚਾਇਆ ਸੀ। ਬਾਦਸ਼ਾਹ ਨੇ ਉਸ ਨੂੰ ਸਿੱਖਾਂ ਨਾਲ ਸਮਝੌਤੇ ਕਰਨ ਦਾ ਪੂਰਾ ਅਧਿਕਾਰ ਦਿੱਤਾ ਤਾਂ ਜੋ ਸ਼ਹਿਰ ਨੂੰ ਹੋਰ ਦੁਖਾਂ ਅਤੇ ਬਦਕਿਸਮਤੀ ਤੋਂ ਬਚਾਇਆ ਜਾ ਸਕੇ. ਉਸ ਨੇ

---

[75] ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ* (*ਭਾਗ ਦੂਜਾ*), ਭਾਸ਼ਾ ਵਿਭਾਗ, ਪੰਜਾਬ, 2003, ਪੰਨੇ 257-58.

[76] Hari Ram Gupta, *History of the Sikhs* (Vol. IV), Munshiram Manoharlal Publishers Pvt. Ltd., New Delhi, 2014, Pages 88-89.

ਬਘੇਲ ਸਿੰਘ ਨੂੰ ਤੀਸ ਹਜ਼ਾਰੀ ਸਥਿਤ ਉਸ ਦੇ ਕੈਂਪ ਵਿੱਚ ਬੁਲਾਇਆ। ... ਉਸਦੇ ਅਤੇ ਬਘੇਲ ਸਿੰਘ ਵਿਚਕਾਰ ਨਿਮਨਲਿਖਤ ਸ਼ਰਤਾਂ ਤਹਿ ਹੋਈਆਂ ਅਤੇ ਬਾਦਸ਼ਾਹ ਦੁਆਰਾ ਪ੍ਰਵਾਨਗੀ ਦਿੱਤੀ ਗਈ ਸੀ: ਬਘੇਲ ਸਿੰਘ ਨੂੰ ਸਿੱਖਾਂ ਦੇ ਪਵਿੱਤਰ ਸਥਾਨਾਂ ਤੇ ਸੱਤ ਗੁਰਦੁਆਰੇ ਬਣਾਉਣ ਦੀ ਆਗਿਆ ਸੀ। ਗੁਰਦੁਆਰਿਆਂ ਦੀ ਉਸਾਰੀ ਸਭ ਤੋਂ ਵੱਧ ਇੱਕ ਸਾਲ ਦੇ ਅੰਦਰ ਮੁਕੰਮਲ ਹੋਣੀ ਸੀ।

ਇਸ ਉਪਰੰਤ ਸਰਦਾਰ ਬਘੇਲ ਸਿੰਘ, ਚਾਰ ਹਜਾਰ ਫ਼ੌਜ ਸਮੇਤ ਦਿੱਲੀ ਵਿਚ ਹੀ ਰਿਹਾ ਤੇ ਬਾਕੀ ਸਿੱਖ ਵਾਪਸ ਆ ਗਏ। ਸਰਦਾਰ ਬਘੇਲ ਸਿੰਘ ਦਾ ਡੇਰਾ, ਦਿੱਲੀ ਵਿਖੇ ਸਬਜੀ ਮੰਡੀ ਵਿਚ ਸੀ। ਉਥੇ ਰਹਿੰਦਿਆਂ, ਉਸਨੇ ਮਾਤਾ ਸੁੰਦਰੀ ਜੀ ਦਾ (ਤੇਲੀਵਾੜਾ ਵਿਖੇ), ਬੰਗਲਾ ਸਾਹਿਬ, ਸੀਸ ਗੰਜ, ਰਕਾਬ ਗੰਜ ਆਦਿ ਕਈ ਗੁਰਦੁਆਰੇ ਬਣਵਾਏ।[77] ਇਸ ਸੰਬੰਧੀ ਗਿਆਨੀ ਗਿਆਨ ਸਿੰਘ ਵੀ ਲਿਖਦੇ ਹਨ :

*ਮਾਤ ਸੁੰਦ੍ਰੀ ਸਾਹਿਬ ਦੇਵੀ। ਰਹੋ ਮਹਿਲ ਜਿਸ ਮਾਹਿ ਅਭੇਵੀ।*
*ਪੀੜ੍ਹੇ ਦੋਨੋ ਕੇ ਰਚਵਾਏ। ਝੰਡਾ ਝੂਲਾ ਸੁਣਕੇ ਲਰਤਾਏ।*
*ਔਰ ਜੈ ਪੁਰੇ ਬਸਤੀ ਮਾਹੈ। ਅਸ਼ਟਮ ਗੁਰੁ ਤੇ ਰਹੇ ਜਹਾ ਹੈਂ।*
*ਤਹਾਂ ਬੰਗੁਲਾ ਸਾਹਿਬ ਰਚਯੋ। ਕੁਨਕਾ ਬਰਤਾ ਝੰਡਾ ਛਰਿਓ।*
*ਦੇਹ ਜਹਾਂ ਗੁਰੂ ਅਸ਼ਟਮ ਵਾਰੀ। ਔਰ ਉਭੈ ਮਾਤਾ ਕੀ ਜਾਰੀ।*
*ਰਚੇ ਦੇਹੁਰੇ ਤਹਿਠਾ ਜਾ ਹੈ। ਬਾਲਾ ਸਾਹਿਬ ਸੋ ਕਹਿਲਾ ਹੈ।*
*ਪੁਨਾ ਰਕਾਬ ਗੰਜ ਮੈਂ ਔਰੈਂ। ਨੋਮੇਂ ਗੁਰੂ ਕਾ ਤਨ ਜਿਸ ਠੋਰੈਂ।*
*ਸਸਕਾਰਿਓ ਥਾ ਸਿੱਖ ਲੁਵਾਣੇ। ਨਾਇਕ ਲਖੀ ਨਿਜ ਘਰ ਆਣੇ।...।12।* [78]

ਡਾ. ਪਰਮਵੀਰ ਸਿੰਘ ਲਿਖਦੇ ਹਨ ਕਿ ਦਿੱਲੀ ਵਿਚ ਮਾਤਾ ਸੁੰਦਰੀ ਜੀ ਦੇ ਗੁਰਦੁਆਰੇ ਨੂੰ 'ਗੁਰਦੁਆਰਾ ਮਾਤਾ ਸੁੰਦਰੀ ਜੀ' ਨਾਂ ਸਰਦਾਰ ਬਘੇਲ ਸਿੰਘ ਨੇ ਦਿੱਤਾ ਸੀ, ਇਸ ਤੋਂ ਪਹਿਲਾਂ ਇਹ ਅਸਥਾਨ 'ਹਵੇਲੀ ਸਰਦਾਰ ਜਵਾਹਰ ਸਿੰਘ ਦਿਲਵਾਲੀ' ਦੇ ਨਾਂ ਨਾਲ ਪ੍ਰਸਿੱਧ ਸੀ।[79]

---

[77] ਸੋਹਣ ਸਿੰਘ ਸੀਤਲ, *ਸਿੱਖ ਮਿਸਲਾਂ ਤੇ ਸਰਦਾਰ ਘਰਾਣੇ,* ਲਾਹੌਰ ਬੁੱਕ ਸ਼ਾਪ, ਲੁਧਿਆਣਾ, 2012, ਪੰਨਾ 77.

[78] ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼,* ਭਾਸ਼ਾ ਵਿਭਾਗ, ਪੰਜਾਬ, 1987, ਪੰਨਾ 1135.

[79] ਪਰਮਵੀਰ ਸਿੰਘ, *ਮਾਤਾ ਸੁੰਦਰੀ ਜੀ : ਸੰਘਰਸ਼ ਅਤੇ ਸ਼ਖ਼ਸੀਅਤ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2012, ਪੰਨਾ 175.

ਸਰਦਾਰ ਬਘੇਲ ਸਿੰਘ ਦੁਆਰਾ ਗੁਰੂ ਗੋਬਿੰਦ ਸਿੰਘ ਜੀ ਦੇ ਦਿੱਲੀ ਜਾਣ ਦੀ ਯਾਦ ਵਿਚ ਸਥਾਨ ਬਣਵਾਇਆ ਅਤੇ ਮਜਨੂੰ ਕਾ ਟਿੱਲਾ ਵਿਖੇ ਵੀ ਯਾਦਗਰ ਦੀ ਉਸਾਰੀ ਕਰਵਾਈ :

*ਔਰ ਬਾਗ ਮੋਤੀਏ ਮੈਂ ਦਸਮੇ ਗੁਰੂ ਕਾ ਥੜਾ।*

*ਬਨਵਾਯੋ ਜਾਨੂ ਕੇ ਟੀਲੇ ਪਰ ਔਰ ਹੈ।*

*ਆਦਿ ਗੁਰੂ ਛੀਮੇ ਰਾਮ ਰਾਇ ਜੀ ਰਹੇ ਥੇ ਤਹਾਂ*

*ਏਸ ਹੇਤ ਉਤਰਜੋ ਥਾ ਪੰਥ ਵਾਹੀਂ ਛੋਰ ਹੈ।* [80]

ਗਿਆਨੀ ਗਿਆਨ ਸਿੰਘ ਨੇ ਦਿੱਲੀ ਵਿਚਲੇ ਇਹਨਾਂ ਗੁਰਦੁਆਰਿਆਂ ਵਿਚ ਸਿੱਖ ਸਰਦਾਰਾਂ ਦੁਆਰਾ ਅਰਦਾਸ ਕਰਵਾਉਣ ਅਤੇ ਨਿਸ਼ਾਨ ਸਾਹਿਬ ਝੁਲਾਉਣ ਦਾ ਜਿਕਰ ਵੀ ਕੀਤਾ ਹੈ :

*ਦੁੰਦਭੀ ਬਜਾਇ ਅਰਦਾਸ ਕਰਵਾਇ*

*ਪ੍ਰਸਾਦ ਬਰਤਾ ਇਕੈ ਨਿਸ਼ਾਨ ਜੀ ਝੁਲਾਏ ਹੈਂ।*

*ਸਾਤੋ ਗੁਰਦ੍ਵਾਰੇ ਰਚ ਕੇਹਰ ਬਘੇਲ ਸਚ*

*ਤੁਰਕਨ ਕੇ ਘਰ ਵਿਚ ਦਿੱਲੀ ਗਦਲਾਏ ਹੈਂ।* [81]

ਮਿਸਲਾਂ ਦੇ ਸਰਦਾਰਾਂ ਨੇ ਗੁਰੂ ਸਾਹਿਬਾਨ ਦੇ ਅਸਥਾਨ ਸੰਭਾਲਣ ਤੋਂ ਇਲਾਵਾ ਭਗਤ ਸਾਹਿਬਾਨ ਦੇ ਇਤਿਹਾਸਕ ਅਸਥਾਨਾਂ ਦੀ ਸੇਵਾ ਵੀ ਕਰਵਾਈ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੁਆਰਾ ਨਗਰ ਘੁਮਾਣ ਵਿਖੇ ਭਗਤ ਨਾਮਦੇਵ ਜੀ ਦਾ ਦੇਹਰਾ ਬਣਵਾਉਣ ਦਾ ਵੀ ਜਿਕਰ ਪ੍ਰਾਪਤ ਹੁੰਦਾ ਹੈ।[82]

ਸਿੱਖ ਮਿਸਲਾਂ ਦੇ ਕਾਲ ਵਿਚ ਭਾਵੇਂ ਕਿ ਬਹੁਤ ਸਾਰੇ ਗੁਰਦੁਆਰਿਆਂ ਦੀ ਉਸਾਰੀ ਕਰਵਾਈ ਗਈ ਪਰ ਫਿਰ ਵੀ ਇਹ ਸਮਾਂ ਸਿੱਖਾਂ ਲਈ ਬਹੁਤ ਸੰਘਰਸ਼ ਭਰਿਆ ਸੀ। ਸਿੱਖਾਂ ਨੂੰ ਮੁਗਲ ਹਾਕਮਾਂ ਅਤੇ ਅਹਿਮਦ ਸ਼ਾਹ ਅਬਦਾਲੀ ਦੁਆਰਾ ਖਤਮ ਕਰਨ ਦੀ ਹਰ ਸੰਭਵ ਕੋਸ਼ਿਸ਼ ਕੀਤੀ ਗਈ, ਜਿਸ ਕਾਰਨ ਸਿੱਖਾਂ ਦੁਆਰਾ ਆਪਣੇ ਧਾਰਮਿਕ ਅਸਥਾਨਾਂ ਦੀ ਸੇਵਾ-ਸੰਭਾਲ ਕਰਨਾ ਮੁਸ਼ਕਿਲ ਹੋ ਗਿਆ। ਜਿਸਦੇ ਸਿੱਟੇ ਵਜੋਂ

---

80 ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼,* ਪੰਨਾ 1139.

81 ਉਹੀ, ਪੰਨਾ 1139.

82 ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 697.

ਇਹਨਾਂ ਅਸਥਾਨਾਂ ਦੀ ਸੇਵਾ-ਸੰਭਾਲ ਦੀ ਜਿੰਮੇਵਾਰੀ ਉਦਾਸੀਆਂ ਅਤੇ ਨਿਰਮਲੇ ਮਹੰਤਾਂ ਕੋਲ ਆ ਗਈ ਸੀ। ਇਹ ਅਜਿਹਾ ਸਮਾਂ ਸੀ ਜਿਸ ਵਿਚ ਸਿੱਖਾਂ ਨੂੰ ਆਪਣੇ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਨੇ ਵੀ ਮੁਹਾਲ ਹੋ ਗਏ ਸਨ। ਉਦਾਸੀ ਮਹੰਤ ਭਾਵੇਂ ਕਿ ਸਿੱਖ ਧਰਮ ਦਾ ਹਿੱਸਾ ਹੀ ਸਨ ਪਰ ਇਸਦੇ ਨਾਲ ਹੀ ਉਹ ਹਿੰਦੂ ਧਰਮ ਦੀਆਂ ਰਹੁ-ਰੀਤਾਂ ਦਾ ਪਾਲਣ ਵੀ ਕਰਦੇ ਸਨ। ਸਮਾਂ ਪਾ ਕੇ ਇਹਨਾਂ ਵਿਚ ਮੂਰਤੀ ਪੂਜਾ ਵੀ ਸ਼ੁਰੂ ਹੋ ਗਈ ਅਤੇ ਇਹ ਅਵਤਾਰਵਾਦ ਦੀ ਧਾਰਨਾ ਦੇ ਹਾਮੀ ਵੀ ਬਣ ਗਏ ਸਨ। ਉਹ ਗੁਰਬਾਣੀ ਦੀ ਵਿਆਖਿਆ ਵੈਦਿਕ, ਪੌਰਾਣਿਕ ਢੰਗ ਨਾਲ ਕਰਦੇ ਸਨ। ਉਹਨਾਂ ਦੇ ਪ੍ਰਬੰਧਾਂ ਅਧੀਨ ਸਿੱਖ ਧਾਰਮਿਕ ਅਸਥਾਨਾਂ ਦੀ ਮਰਿਆਦਾ ਪਹਿਲਾਂ ਵਾਂਗ ਬਰਕਰਾਰ ਨਾ ਰਹਿ ਸਕੀ ਭਾਵ ਇਸ ਦੌਰ ਵਿਚ ਸਿੱਖ ਧਾਰਮਿਕ ਅਸਥਾਨਾਂ ਦੇ ਪ੍ਰਬੰਧ ਵਿਚ ਕਮੀ ਆਉਣੀ ਸ਼ੁਰੂ ਹੋ ਗਈ ਸੀ।

## 3. ਸਿੱਖ ਰਾਜ ਦੇ ਸਮੇਂ ਵਿਚ

ਸੁਕਰਚੱਕੀਆ ਮਿਸਲ ਦੇ ਸਰਦਾਰ ਰਣਜੀਤ ਸਿੰਘ ਨੇ ਹੌਲੀ-ਹੌਲੀ ਸਾਰੀਆਂ ਮਿਸਲਾਂ ਨੂੰ ਹਰਾ ਕੇ ਆਪਣੇ ਅਧੀਨ ਕਰ ਕੇ ਸਿੱਖ ਰਾਜ ਕਾਇਮ ਕਰ ਲਿਆ। ਮਹਾਰਾਜਾ ਰਣਜੀਤ ਸਿੰਘ ਸਿੱਖ ਧਰਮ ਨੂੰ ਪ੍ਰਫੁਲਿਤ ਕਰਨਾ ਚਾਹੁੰਦਾ ਸੀ। ਉਸ ਨੇ ਇਸ ਮਕਸਦ ਦੀ ਪੂਰਤੀ ਲਈ ਅਨੇਕਾਂ ਧਾਰਮਿਕ ਅਸਥਾਨਾਂ ਦੀ ਸੇਵਾ ਕਰਵਾਈ ਅਤੇ ਉਹਨਾਂ ਦੇ ਨਾਮ ਬਹੁਤ ਵੱਡੀਆਂ ਜਾਗੀਰਾਂ ਲਗਵਾਈਆਂ।

ਮਹਾਰਾਜਾ ਰਣਜੀਤ ਸਿੰਘ ਨੇ ਸ੍ਰੀ ਹਰਿਮੰਦਿਰ ਸਾਹਿਬ, ਅੰਮ੍ਰਿਤਸਰ, ਸ੍ਰੀ ਦਰਬਾਰ ਸਾਹਿਬ, ਤਰਨਤਾਰਨ ਅਤੇ ਗੋਇੰਦਵਾਲ ਆਦਿ ਗੁਰਧਾਮਾਂ ਦੀ ਨਾ ਕੇਵਲ ਉਸਾਰੀ ਹੀ ਕਰਵਾਈ ਬਲਕਿ ਇਹਨਾਂ ਦੇ ਨਾਮ ਜਾਗੀਰਾਂ ਵੀ ਲਗਵਾਈਆਂ। ਇਸ ਤੋਂ ਇਲਾਵਾ ਮਹਾਰਾਜੇ ਦੁਆਰਾ ਗੁਰਧਾਮਾਂ ਨੂੰ ਲੰਗਰ ਚਲਾਉਣ ਲਈ ਰਾਸ਼ੀ ਵੀ ਦਿੱਤੀ ਜਾਂਦੀ ਸੀ।[83]

ਮਹਾਰਾਜਾ ਰਣਜੀਤ ਸਿੰਘ ਗੁਰੂਧਾਮਾਂ ਪ੍ਰਤੀ ਬਹੁਤ ਸ਼ਰਧਾ ਰੱਖਦਾ ਸੀ। ਉਸਨੇ ਆਪਣੇ ਰਾਜ-ਕਾਲ ਦੌਰਾਨ ਬਹੁਤ ਸਾਰੇ ਗੁਰਦੁਆਰਿਆਂ ਦੀ ਉਸਾਰੀ ਕਰਵਾਉਣ ਦੇ ਨਾਲ ਹੀ ਉਨ੍ਹਾਂ ਦਾ ਸੁੰਦਰੀਕਰਨ ਵੀ ਕਰਵਾਇਆ। ਭਾਈ ਕਾਨ੍ਹ ਸਿੰਘ ਨਾਭਾ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸੰਬੰਧੀ ਲਿਖਦੇ ਹਨ ਕਿ,

[83] ਸੰਗਤ ਸਿੰਘ, *ਇਤਿਹਾਸ 'ਚ ਸਿੱਖ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2008, ਪੰਨਾ 125.

"ਮਹਾਰਾਜਾ ਰਣਜੀਤ ਸਿੰਘ ਨੇ ਸੰਮਤ 1859 ਵਿੱਚ ਇਸ ਸ਼ਹਿਰ ਤੇ ਕਬਜਾ ਕੀਤਾ ਅਤੇ ਸੰਗਮਰਮਰ ਅਤੇ ਸੋਨੇ ਨਾਲ ਹਰਿਮੰਦਿਰ ਨੂੰ ਭੂਸ਼ਿਤ ਕੀਤਾ।"[84] ਉਹਨਾਂ ਨੇ ਇਹ ਸੇਵਾ ਬੜੇ ਨਿਸ਼ਕਾਮ ਭਾਵ ਅਤੇ ਨਿਰਮਾਣਤਾ ਨਾਲ ਕੀਤੀ, ਜਿਸਦਾ ਪਤਾ ਸ੍ਰੀ ਹਰਿਮੰਦਿਰ ਸਾਹਿਬ ਦੇ ਬਾਹਰ ਸੋਨੇ ਦੇ ਪੱਤਰੇ ਉਤੇ ਉਕਰੇ ਹੋਏ ਇਹਨਾਂ ਸ਼ਬਦਾਂ ਤੋਂ ਲੱਗਦਾ ਹੈ, "ਸ੍ਰੀ ਮਹਾਰਾਜ ਗੁਰੂ ਸਾਹਿਬ ਨੇ ਆਪਦੇ ਪਰਮ ਸੇਵਕ ਸਿੱਖ ਜਾਣ ਕਰ ਸ੍ਰੀ ਦਰਬਾਰ ਸਾਹਿਬ ਜੀ ਕੀ ਸੇਵਾ ਸ੍ਰੀ ਮਹਾਰਾਜਾ ਸਿੰਘ ਸਾਹਿਬ ਰਣਜੀਤ ਸਿੰਘ ਪਰ ਦੈਯਾ ਕਰਕੇ ਕਰਾਈ।"[85]

ਇਸ ਤੋਂ ਇਲਾਵਾ ਮਹਾਰਾਜਾ ਰਣਜੀਤ ਸਿੰਘ ਨੇ ਸ੍ਰੀ ਹਰਿਮੰਦਿਰ ਸਾਹਿਬ ਦੀ ਸ਼ਾਨ ਵਿਚ ਹੋਰ ਵੀ ਕਾਰਜ ਕੀਤੇ। ਉਸ ਨੇ ਗੁਰੂ ਦੇ ਲੰਗਰ ਵਾਸਤੇ ਜਗੀਰਾਂ ਲਾ ਦਿੱਤੀਆਂ ਅਤੇ ਬੁੰਗਿਆਂ ਦੇ ਨਿਰਮਾਣ ਲਈ ਹੁਕਮ ਦੇ ਦਿੱਤੇ। ਉਸ ਨੇ ਮਿਸਰ ਛੱਜੂ ਮੱਲ ਨੂੰ ਅੰਮ੍ਰਿਤਸਰ ਸ਼ਹਿਰ ਦਾ ਟੈਕਸ ਉਗਰਾਹਕ ਨਿਯੁਕਤ ਕੀਤਾ ਅਤੇ ਮਹਿਸੂਲ ਚੁੰਗੀ ਦੀ ਸਾਰੀ ਆਮਦਨ ਸ੍ਰੀ ਹਰਿਮੰਦਿਰ ਸਾਹਿਬ ਦੇ ਨਾਂ ਕਰ ਦਿੱਤੀ। ਇਸ ਤੋਂ ਇਲਾਵਾ ਸਮੇਂ ਸਮੇਂ ਮਹਾਰਾਜਾ ਗੁਰੂ ਘਰ ਲਈ ਲੱਖਾਂ ਰੁਪਏ ਦਾਨ ਕਰ ਦਿੰਦਾ, ਜੋ ਚੀਜ਼ ਚੰਗੀ ਲੱਗਦੀ ਉਸ ਨੂੰ ਇਥੇ ਭੇਟ ਕਰ ਦਿੰਦਾ। ਸੰਨ 1826 ਵਿਚ ਨਿਜ਼ਾਮ ਦੱਖਣ ਨੇ ਇਕ ਕੀਮਤੀ ਚਾਂਦਨੀ ਮਹਾਰਾਜੇ ਨੂੰ ਭੇਟ ਕੀਤੀ। ਜਦੋਂ ਉਹ ਚਾਂਦਨੀ ਸ਼ਾਲੀਮਾਰ ਬਾਗ ਲਾਹੌਰ ਵਿਚ ਚਾਂਦੀ ਦੀਆਂ ਚੋਭਾਂ ਨਾਲ ਤਾਣ ਕੇ ਮਹਾਰਾਜੇ ਨੂੰ ਉਸ ਦੇ ਥੱਲੇ ਬੈਠਣ ਦੀ ਬੇਨਤੀ ਕੀਤੀ ਤਾਂ ਉਸ ਨੇ ਇਹ ਕਹਿ ਕੇ ਇਸ ਥੱਲੇ ਬੈਠਣ ਤੋਂ ਨਾਂਹ ਕਰ ਦਿੱਤੀ ਕਿ ਇਹ ਸੁੰਦਰ ਚਾਂਦਨੀ ਤਾਂ ਸਤਿਗੁਰਾਂ ਦੇ ਦਰਬਾਰ ਵਿਚ ਹੀ ਸਜਣੀ ਚਾਹੀਦੀ ਹੈ। ਇਹ ਚਾਂਦਨੀ ਉਸ ਨੇ ਉਸੇ ਸਮੇਂ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਭੇਜ ਦਿਤੀ।[86]

ਮਹਾਰਾਜਾ ਰਣਜੀਤ ਸਿੰਘ ਦੇ ਕਾਲ ਵਿਚ ਸਿੱਖ ਧਾਰਮਿਕ ਅਸਥਾਨਾਂ ਦੀ ਸੰਖਿਆ ਵਧਣ ਲੱਗ ਗਈ ਸੀ, ਜਿਸ ਸੰਬੰਧੀ ਸੀਤਾ ਰਾਮ ਕੋਹਲੀ ਨੇ ਲਿਖਿਆ ਹੈ ਕਿ, "During the Maharaja's rule the number of *Dharamshalas,* (Sikh places of worship), continued to increase in the

---

[84] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 76.

[85] ਸ੍ਰੀ ਹਰਿਮੰਦਿਰ ਸਾਹਿਬ (ਅੰਮ੍ਰਿਤਸਰ) ਦੇ ਬਾਹਰ ਦਰਵਾਜੇ ਤੋਂ ਥੋੜ੍ਹਾ ਜਿਹਾ ਉਪਰ ਸੋਨੇ ਦੇ ਪੱਤਰੇ ਉਤੇ ਉਕਰੇ ਹੋਈ ਲਿਖਤ।

[86] ਕਿਰਪਾਲ ਸਿੰਘ, *ਮਹਾਰਾਜਾ ਰਣਜੀਤ ਸਿੰਘ ਜੀਵਨ ਅਤੇ ਘਾਲਣਾ,* ਸਿੱਖ ਇਤਿਹਾਸ ਰਿਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2007, ਪੰਨੇ 182-83.

towns and cities and thus more people became inclined to listen to Gurbani."[87] ਭਾਵ ਮਹਾਰਾਜੇ ਦੇ ਰਾਜ ਦੌਰਾਨ ਧਰਮਸ਼ਾਲਾਵਾਂ (ਸਿੱਖ ਧਾਰਮਿਕ ਅਸਥਾਨਾਂ) ਦੀ ਗਿਣਤੀ ਕਸਬਿਆਂ ਅਤੇ ਸ਼ਹਿਰਾਂ ਵਿੱਚ ਲਗਾਤਾਰ ਵਧਦੀ ਗਈ ਅਤੇ ਇਸ ਤਰ੍ਹਾਂ ਹੋਰ ਲੋਕ ਗੁਰਬਾਣੀ ਸੁਣਨ ਵੱਲ ਰੁਚਿਤ ਹੋ ਗਏ।

ਮਹਾਰਾਜਾ ਰਣਜੀਤ ਸਿੰਘ ਨੇ ਕੁਰਕੁਸ਼ੇਤਰ ਵਿਖੇ ਗੁਰੂ ਨਾਨਕ ਦੇਵ ਜੀ ਦੇ ਅਸਥਾਨ ਦੀ ਭਾਲ ਕਰਕੇ ਉਥੇ 'ਗੁਰਦੁਆਰਾ ਸਿੱਧ ਬਟੀ' ਬਣਵਾਇਆ। ਇਸਦੇ ਨਾਲ ਹੀ ਮਹਾਰਾਜਾ ਰਣਜੀਤ ਸਿੰਘ ਨੇ ਨਨਕਾਣਾ ਸਾਹਿਬ ਵਿਚਲੇ ਗੁਰਦੁਆਰਿਆਂ ਨੂੰ ਉਜਾਗਰ ਕਰਕੇ ਉਹਨਾਂ ਦੇ ਨਾਂ ਜਾਗੀਰਾਂ ਲਗਵਾਈਆਂ।[88] ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਗੁਰਦੁਆਰੇ ਦੀ ਇਮਾਰਤ ਵੀ ਮਹਾਰਾਜਾ ਰਣਜੀਤ ਸਿੰਘ ਨੇ ਹੀ ਬਣਵਾਈ ਸੀ। ਮਹਾਰਾਜਾ ਰਣਜੀਤ ਸਿੰਘ ਵੱਲੋਂ ਖਾਸ ਤੌਰ 'ਤੇ ਉਹਨਾਂ ਇਲਾਕਿਆਂ ਵਿਚ ਗੁਰਦੁਆਰੇ ਬਣਵਾਏ ਸਨ ਜਿਹੜੇ ਕਿ ਮੁਸਲਮਾਨੀ ਬਹੁ-ਗਿਣਤੀ ਵਾਲੇ ਸਨ ਜਿਵੇਂ ਕਿ ਰਾਵਲਪਿੰਡੀ ਅਤੇ ਪਿਸ਼ਾਵਰ। ਪਿਸ਼ਾਵਰ ਵਿਚਲਾ 'ਗੁਰਦੁਆਰਾ ਭਾਈ ਜੋਗਾ ਸਿੰਘ' ਮਹਾਰਾਜਾ ਰਣਜੀਤ ਸਿੰਘ ਨੇ ਹੀ ਬਣਵਾਇਆ ਸੀ।[89]

ਭਾਵੇਂ ਕਿ ਮਹਾਰਾਜਾ ਰਣਜੀਤ ਸਿੰਘ ਨੇ ਧਾਰਮਿਕ ਅਸਥਾਨਾਂ ਦੀ ਉਨਤੀ ਅਤੇ ਵਿਸਥਾਰ ਲਈ ਅਨੇਕਾਂ ਕਾਰਜ ਕੀਤੇ ਜਿਵੇਂ ਜਾਗੀਰਾਂ ਲਗਵਾਈਆਂ ਅਤੇ ਲੰਗਰਾਂ ਦੇ ਨਾਮ ਦਾਨ ਦਿੱਤੇ ਪਰ ਉਸ ਨੇ ਇਹਨਾਂ ਧਾਰਮਿਕ ਅਸਥਾਨਾਂ ਵਿਚਲੇ ਪ੍ਰਬੰਧਾਂ ਵੱਲ ਕੋਈ ਧਿਆਨ ਨਾ ਦਿੱਤਾ। ਜਿਸਦੇ ਨਤੀਜੇ ਵਜੋਂ ਗੁਰਦੁਆਰਿਆਂ ਉਤੇ ਕਾਬਜ ਮਹੰਤ ਵੱਡੀਆਂ ਜਾਗੀਰਾਂ ਕਾਰਨ, ਉਹਨਾਂ ਨੂੰ ਆਪਣੀ ਨਿੱਜੀ ਜਾਗੀਰ ਸਮਝਣ ਲੱਗ ਪਏ ਸਨ। ਇਹ ਸਮਾਂ ਸੀ ਜਦੋਂ ਸਿੱਖਾਂ ਦੇ ਧਾਰਮਿਕ ਅਸਥਾਨਾਂ ਦੇ ਪ੍ਰਬੰਧ ਵਿਚ ਬਹੁਤ ਸਾਰੀਆਂ ਊਣਤਾਈਆਂ ਆ ਗਈਆਂ ਸਨ।

ਮਹਾਰਾਜਾ ਰਣਜੀਤ ਸਿੰਘ ਤੋਂ ਇਲਾਵਾ ਸਿੱਖ ਰਿਆਸਤਾਂ ਦੇ ਰਾਜਿਆਂ ਵੱਲੋਂ ਵੀ ਸਿੱਖ ਧਾਰਮਿਕ ਅਸਥਾਨਾਂ ਦੀ ਭਾਲ ਕਰਕੇ ਸੇਵਾ ਕਰਵਾਈ ਗਈ। ਇਹਨਾਂ ਰਿਆਸਤਾਂ ਵਿਚ ਨਾਭਾ, ਪਟਿਆਲਾ, ਜੀਂਦ

---

87 Sita Ram Kohli, *Maharaja Ranjit Singh*, (Ed.) Prithipal Singh Kapur, Guru Nanak Dev University, Amritsar, 2002, Pages 184-85.

88 ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ: ਇਤਿਹਾਸਕ ਦ੍ਰਿਸ਼ਟੀਕੋਣ ਤੋਂ,* ਪਰਵੇਸ਼ਕਾ, ਪੰਨਾ xxxix.

89 ਗੁਰਸ਼ਰਨਜੀਤ ਸਿੰਘ (ਸੰਪਾ.), *ਗੁਰੂ ਨਾਨਕ ਦੇਵ ਜੀ ਅਤੇ ਗੁਰਦੁਆਰਾ ਸੰਸਥਾ,* ਸੁਖਦਿਆਲ ਸਿੰਘ, ਸਿੱਖ ਧਰਮ ਵਿਚ ਗੁਰਦੁਆਰੇ ਦੀ ਮਹੱਤਤਾ : ਇਤਿਹਾਸਕ ਦ੍ਰਿਸ਼ਟੀਕੋਣ ਤੋਂ, ਪੰਨਾ 69. (ਅਪ੍ਰਕਾਸ਼ਿਤ ਪ੍ਰੋਸੀਡਿੰਗ).

ਆਦਿ ਦਾ ਸ਼ੁਮਾਰ ਕੀਤਾ ਜਾਂਦਾ ਹੈ। ਪਟਿਆਲਾ ਰਿਆਸਤ ਦੇ ਮਹਾਰਾਜਾ ਕਰਮ ਸਿੰਘ ਨੇ ਆਪਣੇ ਰਾਜ ਵਿਚ ਅਨੇਕਾਂ ਗੁਰਧਾਮਾਂ ਦੀ ਉਸਾਰੀ ਕਰਵਾਈ। *ਪੰਜਾਬੀ ਵਿਸ਼ਵਕੋਸ਼* ਅਨੁਸਾਰ ਮਹਾਰਾਜਾ ਕਰਮ ਸਿੰਘ ਨੇ ਆਪਣੇ ਰਾਜ ਵਿਚ ਅਤੇ ਹੋਰ ਅਨੇਕ ਗੁਰਦੁਆਰੇ ਪੱਕੇ ਬਣਵਾਏ ਅਤੇ ਉਹਨਾਂ ਦੇ ਨਾਂ ਜਮੀਨਾਂ ਤੇ ਜਾਗੀਰਾਂ ਲਗਵਾਈਆਂ।[90] ਡਾ. ਸੁਖਦਿਆਲ ਸਿੰਘ ਲਿਖਦੇ ਹਨ ਕਿ, "ਪਟਿਆਲਾ ਰਿਆਸਤ ਦੇ ਮਹਾਰਾਜਾ ਕਰਮ ਸਿੰਘ ਦਾ ਨਾਂ ਆਪਣੀ ਰਿਆਸਤ ਵਿਚ ਗੁਰਦੁਆਰੇ ਬਣਵਾਉਣ ਨਾਲ ਜੁੜਿਆ ਹੋਇਆ ਹੈ। ਮਹਾਰਾਜਾ ਕਰਮ ਸਿੰਘ ਨੂੰ ਜਲੋਧਰ ਦੀ ਬੜੀ ਭਿਆਨਕ ਬਿਮਾਰੀ ਲੱਗੀ ਹੋਈ ਸੀ, ਉਸ ਨੇ ਵਾਹਿਗੁਰੂ ਅੱਗੇ ਅਰਦਾਸ ਕੀਤੀ ਸੀ ਕਿ ਉਹ ਆਪਣੀ ਰਿਆਸਤ ਵਿਚ ਕਿਸੇ ਵੀ ਐਸੀ ਥਾਂ ਨੂੰ ਗੁਰਦੁਆਰਾ ਉਸਾਰੀ ਬਿਨਾ ਨਹੀਂ ਰਹਿਣ ਦੇਵੇਗਾ ਜਿਥੇ ਕਿ ਕਿਸੇ ਵੀ ਗੁਰੂ ਸਾਹਿਬ ਦੇ ਚਰਨ ਪਏ ਹੋਣ। ਇਸ ਉਦੇਸ਼ ਤਹਿਤ ਉਸ ਨੇ ਆਪਣੀ ਰਿਆਸਤ ਵਿਚ ਇਹ ਹੋਕਾ ਫਿਰਵਾ ਦਿੱਤਾ ਸੀ ਕਿ ਸਿੱਖ ਉਸ ਨੂੰ ਦੱਸਣ ਜਿਥੇ ਕਿ ਕਿਸੇ ਵੀ ਗੁਰੂ ਦੇ ਆਉਣ ਦੀ ਪਰੰਪਰਾ ਹੋਵੇ। ਉਸ ਥਾਂ ਤੇ ਗੁਰਦੁਆਰੇ ਦੀ ਉਸਾਰੀ ਸਰਕਾਰ ਵੱਲੋਂ ਕੀਤੀ ਜਾਵੇਗੀ।"[91] ਮਹਾਰਾਜਾ ਹੀਰਾ ਸਿੰਘ ਨਾਭਾ ਨੇ ਆਪਣੀ ਰਿਆਸਤ ਦੇ ਕਈ ਗੁਰਧਾਮਾਂ ਦੀ ਉਸਾਰੀ ਕਰਵਾਈ।[92] ਰਾਜਾ ਉਦੇ ਸਿੰਘ ਕੈਥਲ ਵਾਲੇ ਨੇ ਗੁਰੂ ਨਾਨਕ ਸਾਹਿਬ ਦੇ ਚਰਨ ਛੁਹ ਪ੍ਰਾਪਤ ਸਥਾਨਾਂ, ਪਿਹੋਵਾ ਅਤੇ ਕਰਾ (ਮੌਜੂਦਾ ਜਿਲ੍ਹਾ ਕਰਨਾਲ) ਆਦਿ ਦੀ ਭਾਲ ਕਰਕੇ ਉਥੇ ਗੁਰਦੁਆਰੇ ਬਣਵਾਏ।[93]

## 4. ਸਿੱਖ ਰਾਜ ਤੋਂ ਬਾਅਦ ਮੌਜੂਦਾ ਸਮੇਂ ਤੱਕ

ਸਿੱਖ ਰਾਜ ਭਾਵ ਮਹਾਰਾਜਾ ਰਣਜੀਤ ਸਿੰਘ ਅਤੇ ਸਿੱਖ ਰਿਆਸਤਾਂ ਦੇ ਸਮੇਂ ਵਿਚ ਸਿੱਖ ਧਾਰਮਿਕ ਅਸਥਾਨਾਂ ਦਾ ਪ੍ਰਬੰਧ ਉਦਾਸੀ ਮਹੰਤਾਂ ਦੇ ਹੱਥ ਵਿਚ ਆ ਗਿਆ ਸੀ, ਉਹ ਅੰਗਰੇਜੀ ਸਰਕਾਰ ਦੇ ਵਫਾਦਾਰਾਂ ਵਾਲਾ ਰੋਲ ਅਦਾ ਕਰਦੇ ਸਨ। ਇਸਦਾ ਭਾਵ ਇਹ ਸੀ ਕਿ ਸਿੱਧੇ-ਅਸਿੱਧੇ ਰੂਪ ਵਿਚ ਗੁਰਦੁਆਰਿਆਂ ਦਾ

---

90 ਰਾਜਿੰਦਰ ਸਿੰਘ (ਡਾਇਰੈਕਟਰ) ਅਤੇ ਹੋਰ, *ਪੰਜਾਬੀ ਵਿਸ਼ਵਕੋਸ਼,* (ਜਿਲਦ ਸੱਤਵੀਂ), ਭਾਸ਼ਾ ਵਿਭਾਗ, ਪੰਜਾਬ, 1990, ਪੰਨਾ 31.

91 ਗੁਰਸ਼ਰਨਜੀਤ ਸਿੰਘ (ਸੰਪਾ.), *ਗੁਰੂ ਨਾਨਕ ਦੇਵ ਜੀ ਅਤੇ ਗੁਰਦੁਆਰਾ ਸੰਸਥਾ,* ਸੁਖਦਿਆਲ ਸਿੰਘ, ਸਿੱਖ ਧਰਮ ਵਿਚ ਗੁਰਦੁਆਰੇ ਦੀ ਮਹੱਤਤਾ : ਇਤਿਹਾਸਕ ਦ੍ਰਿਸ਼ਟੀਕੋਣ ਤੋਂ, ਪੰਨਾ 69. (ਅਪ੍ਰਕਾਸ਼ਿਤ ਪ੍ਰੋਸਿਡੰਗ).

92 ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 533.

93 ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ: ਇਤਿਹਾਸਕ ਦ੍ਰਿਸ਼ਟੀਕੋਣ ਤੋਂ,* ਪਰਵੇਸ਼ਕਾ, ਪੰਨਾ xl.

ਪ੍ਰਬੰਧ ਅੰਗਰੇਜ਼ ਆਪਣੇ ਹੱਥਾਂ ਵਿਚ ਲੈ ਰਹੇ ਸਨ। ਡਾ. ਕਿਰਪਾਲ ਸਿੰਘ ਅਨੁਸਾਰ, "ਜਦੋਂ ਅੰਗਰੇਜ਼ੀ ਸਰਕਾਰ ਨੇ ਪੰਜਾਬ 'ਤੇ ਕਬਜਾ ਕੀਤਾ ਤਾਂ ਉਨ੍ਹਾਂ ਸਮਝ ਲਿਆ ਕਿ ਸਿੱਖੀ ਦੇ ਮਹਾਨ ਕੇਂਦਰ ਗੁਰਦੁਆਰੇ ਹਨ। ਗੁਰਦੁਆਰਿਆਂ ਤੇ ਕਬਜਾ ਕਰਨਾ ਸਾਰੇ ਸਿੱਖ ਸੰਸਾਰ ਤੇ ਕਾਬੂ ਪਾਉਣਾ ਹੈ। ਇਹੀ ਕਾਰਨ ਸੀ ਕਿ ਮਹੰਤ ਭਾਵੇਂ ਬਦਚਲਨ ਸਨ ਪਰ ਅੰਗਰੇਜ਼ਾਂ ਦੇ ਹੱਥ-ਕੰਡੇ ਹੋਣ ਕਰਕੇ ਉਨ੍ਹਾਂ ਦੀ ਰਾਜਸੀ ਲੋੜ ਪੂਰੀ ਕਰਦੇ ਸਨ। ਅੰਗਰੇਜ਼ ਇਹ ਸਮਝਦੇ ਸਨ ਕਿ ਗੁਰਦੁਆਰਿਆਂ ਦੀ ਆਮਦਨ ਤੇ ਜਾਗੀਰਾਂ ਨੂੰ ਸਿੱਖ ਜਨਤਾ ਦੇ ਹੱਥ ਦੇਣਾ ਉਨ੍ਹਾਂ (ਅੰਗਰੇਜਾਂ) ਵਾਸਤੇ ਖਤਰਨਾਕ ਸਾਬਤ ਹੋ ਸਕਦਾ ਹੈ। ਇਸ ਕਰਕੇ ਉਹ ਮਹੰਤਾਂ ਦੇ ਰਾਹੀਂ ਗੁਰਦੁਆਰਿਆਂ ਤੇ ਆਪਣਾ ਕਬਜ਼ਾ ਹੀ ਰੱਖਣਾ ਚਾਹੁੰਦੇ ਸਨ।"[94]

ਇਸੇ ਗੱਲ ਦੀ ਪ੍ਰੋੜਤਾ ਗੁਰਦੇਵ ਸਿੰਘ ਸੰਘਾ ਇਸ ਤਰ੍ਹਾਂ ਕਰਦੇ ਹਨ ਕਿ ਅੰਗਰੇਜਾਂ ਨੇ ਪੰਜਾਬ 'ਤੇ ਕਾਬਜ ਹੁੰਦਿਆਂ ਹੀ ਇਹ ਗੱਲ ਚੰਗੀ ਤਰ੍ਹਾਂ ਭਾਂਪ ਲਈ ਸੀ ਕਿ ਗੁਰਦੁਆਰੇ, ਸਿੱਖ ਸ਼ਕਤੀ ਦਾ ਧੁਰਾ ਹਨ। ਉਹਨਾਂ ਨੇ ਇਹ ਵੀ ਜਾਣ ਲਿਆ ਸੀ ਕਿ ਜਿਸ ਤਰ੍ਹਾਂ ਪੰਜਾਬ ਉਤੇ ਰਾਜ ਕਰਨ ਲਈ ਸਿੱਖਾਂ 'ਤੇ ਰਾਜ ਕਰਨਾ ਜਰੂਰੀ ਹੈ, ਉਸੇ ਤਰ੍ਹਾਂ ਹੀ ਸਿੱਖਾਂ 'ਤੇ ਰਾਜ ਕਰਨ ਲਈ ਇਹਨਾਂ ਦੇ ਧਾਰਮਿਕ ਅਸਥਾਨ 'ਗੁਰਦੁਆਰੇ' ਦਾ ਪ੍ਰਬੰਧ ਵੀ ਅੰਗਰੇਜ ਹਕੂਮਤ ਦੇ ਅਧੀਨ ਹੋਣਾ ਚਾਹੀਦਾ ਹੈ। ਅੰਗਰੇਜ ਇਹ ਜਾਣਦੇ ਸਨ ਕਿ ਜੇ ਗੁਰਦੁਆਰਿਆਂ ਦਾ ਪ੍ਰਬੰਧ ਉਹਨਾਂ (ਅੰਗਰੇਜਾਂ) ਦੇ ਅਸਰ-ਰਸੂਖ ਹੇਠ ਆ ਜਾਏ ਤਾਂ ਸਾਰਾ ਸਿੱਖ ਸੰਸਾਰ ਉਹਨਾਂ ਦੇ ਅਸਰ ਹੇਠ ਆ ਸਕਦਾ ਹੈ। ਇਸ ਮੰਤਵ ਦੀ ਪ੍ਰਾਪਤੀ ਨੂੰ ਮੁੱਖ ਰੱਖ ਕੇ ਉਹਨਾਂ ਨੇ ਹਰ ਜਾਇਜ਼ ਅਤੇ ਨਾਜਾਇਜ਼ ਹੀਲਾ ਵਰਤਿਆ। ਬਹੁਤੇ ਇਤਿਹਾਸਕ ਗੁਰਦੁਆਰਿਆਂ ਦੇ ਨਾਮ ਵੱਡੀਆਂ-ਵੱਡੀਆਂ ਜਾਗੀਰਾਂ ਹੋਣ ਕਾਰਨ ਗੁਰਦੁਆਰਿਆਂ ਦੀ ਆਮਦਨ ਬਹੁਤ ਸੀ। ਅੰਗਰੇਜ ਸਰਕਾਰ ਨੂੰ ਇਸ ਗੱਲ ਦਾ ਵੀ ਪੂਰਾ ਇਲਮ ਸੀ ਕਿ ਗੁਰਦੁਆਰਿਆਂ 'ਤੇ ਕਾਬਜ ਮਹੰਤ ਨੈਤਿਕ ਅਤੇ ਅਧਿਆਤਮਕ ਪੱਖੋਂ ਗਿਰ ਚੁੱਕੇ ਹਨ। ਫਿਰ ਵੀ ਸਰਕਾਰ ਨੇ ਮਹੰਤਾਂ ਨੂੰ ਗੁਰਦੁਆਰਿਆਂ 'ਤੇ ਕਾਬਜ ਰੱਖਣ ਲਈ ਉਹਨਾਂ ਦੀ ਪੂਰੀ ਤਰ੍ਹਾਂ ਮਦਦ ਕੀਤੀ ਤਾਂ ਕਿ ਮਹੰਤਾਂ ਰਾਹੀਂ ਗੁਰਦੁਆਰਿਆਂ ਦੇ ਪ੍ਰਬੰਧ ਵਿਚ ਆਪਣਾ ਪ੍ਰਭਾਵ ਬਣਾਈ ਰੱਖ ਸਕੇ।[95]

---

[94] ਕਿਰਪਾਲ ਸਿੰਘ, *ਸਿੱਖ ਇਤਿਹਾਸ ਦੇ ਵਿਸ਼ੇਸ਼ ਪੱਖ,* ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1997, ਪੰਨਾ 181.

[95] ਗੁਰਦੇਵ ਸਿੰਘ ਸੰਘਾ, *ਗੁਰਦੁਆਰਾ ਸੰਕਲਪ ਅਤੇ ਸੰਸਥਾ,* ਸਿੰਘ ਬ੍ਰਦਰਜ਼, *ਅੰਮ੍ਰਿਤਸਰ,* 2011, ਪੰਨਾ 60.

ਸਿੱਖ ਧਾਰਮਿਕ ਅਸਥਾਨਾਂ ਉਤੇ ਕਾਬਜ ਉਦਾਸੀ ਸਾਧੂਆਂ ਅਤੇ ਮਹੰਤਾਂ ਨੇ ਸਿੱਖ ਰਹਿਤ ਮਰਿਆਦਾ ਨੂੰ ਢਾਹ ਲਾ ਦਿੱਤੀ ਸੀ। ਉਹ ਗੁਰਦੁਆਰਿਆਂ ਨੂੰ ਆਪਣੇ ਐਸ਼ੋ-ਆਰਾਮ ਅਤੇ ਅੱਯਾਸੀ ਲਈ ਵਰਤਣ ਲੱਗ ਪਏ ਸਨ ਅਤੇ ਉਹਨਾਂ ਦੇ ਆਚਰਨ ਵਿਚ ਗਿਰਾਵਟ ਆ ਚੁੱਕੀ ਸੀ। ਆਮ ਲੋਕ ਗੁਰਦੁਆਰਿਆਂ ਵਿਚ ਜਾਣ ਤੋਂ ਵੀ ਝਿਜਕਣ ਲੱਗ ਪਏ ਸਨ। ਗੁਰੂ ਅਰਜਨ ਦੇਵ ਜੀ ਦੇ ਗੁਰਿਆਈ-ਕਾਲ ਸਮੇਂ ਤੋਂ ਹੀ ਗੁਰਦੁਆਰਿਆਂ ਵਿਚ ਪ੍ਰਚਾਰਕ ਬਹੁਤ ਉਚੇ-ਸੁੱਚੇ ਜੀਵਨ ਵਾਲੇ ਵਿਅਕਤੀ ਹੁੰਦੇ ਸਨ ਪਰ ਇਹ ਸਮਾਂ ਅਜਿਹਾ ਸੀ ਕਿ ਜਿਸ ਵਿਚ ਗੁਰਦੁਆਰਿਆਂ ਵਿਚਲੇ ਪ੍ਰਚਾਰਕਾਂ-ਪ੍ਰਬੰਧਕਾਂ ਦਾ ਇਖਲਾਕੀ ਜੀਵਨ ਬਹੁਤ ਨਿਮਨ ਪੱਧਰ ਦਾ ਹੋ ਗਿਆ ਸੀ। ਇਸ ਸੰਬੰਧੀ ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ ਕਿ, "ਇਨ੍ਹਾਂ ਪਵਿਤ੍ਰ ਸਥਾਨਾਂ ਦਾ ਸੇਵਕ ਗੁਰਦੁਆਰੀਆ ਉਹ ਹੋਇਆ ਕਰਦਾ ਜੋ ਵਿਦ੍ਵਾਨ ਗੁਰਮਤ ਵਿੱਚ ਪੱਕਾ ਅਤੇ ਉੱਚੇ ਆਚਾਰ ਵਾਲਾ ਹੁੰਦਾ। ਜਮਾਨੇ ਦੀ ਗਰਦਿਸ਼ ਨੇ ਮਹਾਰਾਜਾ ਰਣਜੀਤ ਸਿੰਘ ਵੇਲੇ ਡੋਗਰਿਆਂ ਦੀ ਪ੍ਰਧਾਨਗੀ ਵਿੱਚ ਮੁੱਖ ਗੁਰਦੁਆਰਿਆਂ ਦਾ ਪ੍ਰਬੰਧ ਸਾਰਾ ਉਲਟ ਪੁਲਟ ਕਰ ਦਿੱਤਾ, ਜਿਸ ਦਾ ਅਸਰ ਦੇਸ਼ ਦੇ ਗੁਰਦੁਆਰਿਆਂ ਤੇ ਭੀ ਹੌਲੀ ਹੌਲੀ ਹੋਇਆ ਅਰ ਕੌਮ ਵਿੱਚੋਂ ਜਿਉਂ ਜਿਉਂ ਗੁਰਮਤ ਦਾ ਪ੍ਰਚਾਰ ਲੋਪ ਹੁੰਦਾ ਗਿਆ, ਤਿਉਂ ਤਿਉਂ ਗੁਰਦੁਆਰਿਆਂ ਦੀ ਮਰਯਾਦਾ ਬਿਗੜਦੀ ਗਈ ਅਰ ਇੱਥੋਂ ਤਕ ਦੁਰਦਸ਼ਾ ਹੋਈ ਕਿ ਸਿੱਖ ਗੁਰਦੁਆਰੇ ਕੇਵਲ ਕਹਿਣ ਨੂੰ ਗੁਰਧਾਮ ਰਹਿ ਗਏ। ਗੁਰਦੁਆਰਿਆਂ ਦੇ ਸੇਵਕਾਂ ਨੇ ਗੁਰਦੁਆਰਿਆਂ ਦੀ ਜਾਯਦਾਦ ਨੂੰ ਆਪਣੀ ਘਰੋਗੀ ਬਣਾ ਲਿਆ ਅਰ ਪਵਿਤ੍ਰ ਅਸਥਾਨਾਂ ਵਿੱਚ ਉਹ ਅਪਵਿਤ੍ਰ ਕੰਮ ਹੋਣ ਲੱਗੇ, ਜਿਨ੍ਹਾਂ ਦਾ ਜਿਕਰ ਕਰਨਾ ਲੱਜਾ ਦਾ ਕਾਰਣ ਹੈ।"[96]

ਡਾ. ਮਹਿੰਦਰ ਸਿੰਘ ਲਿਖਦੇ ਹਨ ਕਿ, "ਅੰਮ੍ਰਿਤਸਰ ਵਿਖੇ ਹਰਿਮੰਦਿਰ ਸਾਹਿਬ ਅਤੇ ਅਕਾਲ ਤਖ਼ਤ ਦੀ ਹਦੂਦ ਵਿਚ ਭ੍ਰਿਸ਼ਟਾਚਾਰ ਤੇ ਗੈਰ-ਸਿੱਖ ਰੀਤਾਂ-ਰਸਮਾਂ ਅਤੇ ਇਸ ਦੇ ਪ੍ਰਬੰਧ ਉਪਰ ਸਰਕਾਰੀ ਕੰਟਰੋਲ, ਸੁਧਾਰ ਦੀ ਲਹਿਰ ਸ਼ੁਰੂ ਹੋਣ ਤੋਂ ਬਹੁਤ ਪਹਿਲਾਂ ਸਿੱਖਾਂ ਵਿਚ ਬੜੀ ਨਿਰਾਸ਼ਾ ਦਾ ਕਾਰਨ ਸੀ। ਭਾਵੇਂ ਸੁਧਾਰਕ ਛੇਤੀ ਤੋਂ ਛੇਤੀ ਸਿੱਖ ਧਰਮ ਦੇ ਇਹਨਾਂ ਕੇਂਦਰੀ ਅਸਥਾਨਾਂ ਨੂੰ ਮਲੀਨ ਪ੍ਰਭਾਵਾਂ ਅਤੇ ਸਰਕਾਰੀ ਕੰਟਰੋਲ ਤੋਂ ਮੁਕਤ ਕਰਨ ਲਈ ਉਤਾਵਲੇ ਸਨ, ਪਰ ਪੰਜਾਬ ਵਿਚ ਬਰਤਾਨਵੀ ਹਾਕਮਾਂ ਨੇ ਚੱਲ ਰਹੇ ਪ੍ਰਬੰਧ ਵਿਚ ਕਿਸੇ

[96] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਾਰ ਮਹਾਨ ਕੋਸ਼,* ਪੰਨੇ 416-17.

ਵੀ ਐਸੇ ਸੁਧਾਰ ਜਾਂ ਪਰਿਵਰਤਨ ਦਾ ਵਿਰੋਧ ਕੀਤਾ, ਜੋ ਸਰਕਾਰ ਨੂੰ ਆਪਣੀ ਸੱਤਾ ਨੂੰ ਪੱਕੇ ਪੈਰੀਂ ਕਰਨ ਲਈ ਅਤੇ ਆਪਣੇ ਰਾਜਸੀ ਵਿਰੋਧੀਆਂ ਨੂੰ ਕਮਜੋਰ ਕਰਨ ਲਈ ਸਿੱਖ ਧਰਮ-ਅਸਥਾਨਾਂ ਦੀ ਵਰਤੋਂ (ਜਾਂ ਦੁਰ-ਵਰਤੋਂ) ਕਰਨ ਦੇ ਅਧਿਕਾਰ ਤੋਂ ਵੰਚਿਤ ਕਰਦਾ ਹੋਵੇ। ਇਤਿਹਾਸ ਵਿਚ ਅਜਿਹੀਆਂ ਬਹੁਤ ਸਾਰੀਆਂ ਮਿਸਾਲਾਂ ਹਨ, ਜਦੋਂ ਹਰਿਮੰਦਰ ਸਾਹਿਬ ਲਈ ਸਰਕਾਰ ਦੇ ਥਾਪੇ ਸਰਬਰਾਹਾਂ ਨੂੰ ਬਰਤਾਨਵੀ ਹਕੂਮਤ ਅਤੇ ਅਧਿਕਾਰੀਆਂ ਦੇ ਗੁਣ-ਗਾਣ ਲਈ ਅਕਸਰ ਵਰਤਿਆ ਜਾਂਦਾ ਸੀ। ਇਸ ਤੋਂ ਇਲਾਵਾ ਪ੍ਰਬੰਧ ਉਤੇ ਸਿੱਖਾਂ ਦਾ ਕੰਟਰੋਲ ਕਮਜੋਰ ਹੋਣ ਨਾਲ ਅਤੇ ਸਰਕਾਰੀ ਜਕੜ ਮਜਬੂਤ ਹੋਣ ਨਾਲ ਪ੍ਰਬੰਧਕਾਂ ਤੇ ਪੁਜਾਰੀਆਂ ਨੇ ਹਰਿਮੰਦਰ ਸਾਹਿਬ ਦੇ ਨਿਤ-ਦਿਹਾੜੀ ਦੇ ਕੰਮਾਂ-ਕਾਰਾਂ ਵਿਚ ਸਿੱਖਾਂ ਦੀਆਂ ਭਾਵਨਾਵਾਂ ਅਤੇ ਉਹਨਾਂ ਦੇ ਵਿਚਾਰਾਂ ਨੂੰ ਅੱਖੋਂ-ਓਹਲੇ ਕਰਕੇ ਡਿਪਟੀ ਕਮਿਸ਼ਨਰ ਤੋਂ ਨਿਰਦੇਸ਼ ਲੈਣੇ ਸ਼ੁਰੂ ਕਰ ਦਿੱਤੇ। ਸਰਕਾਰ ਦਾ ਥਾਪਿਆ ਸਰਬਰਾਹ, ਨਿਯੁਕਤੀ ਕਰਨ ਵਾਲੇ ਅਧਿਕਾਰੀਆਂ ਨੂੰ ਪ੍ਰਸੰਨ ਰੱਖ ਕੇ, ਆਪਣਾ ਵਕਤ ਧਰਮ ਅਸਥਾਨਾਂ ਦੀ ਵੱਡੀ ਜਾਇਦਾਦ ਹੜੱਪਣ ਵਿਚ ਬਿਤਾਉਂਦਾ ਸੀ ਅਤੇ ਫਲਸਰੂਪ ਆਪਣੇ ਰੋਜ਼ ਦੇ ਧਾਰਮਿਕ ਕਰਤੱਵ ਵੱਲੋਂ ਅੱਖਾਂ ਮੀਟ ਰੱਖਦਾ ਸੀ।"[97]

ਸਿੱਖ ਧਰਮ ਵਿਚ ਪੈਦਾ ਹੋਈਆਂ ਕੁਰੀਤੀਆਂ ਅਤੇ ਸਿੱਖ ਧਾਰਮਿਕ ਅਸਥਾਨਾਂ ਦੇ ਨਾਕਸ ਪ੍ਰਬੰਧਾਂ ਕਾਰਨ ਧਾਰਮਿਕ ਅਤੇ ਸਮਾਜਿਕ ਲਹਿਰਾਂ ਆਰੰਭ ਹੋਈਆਂ; ਜਿਵੇਂ ਕਿ ਨਿਰੰਕਾਰੀ ਲਹਿਰ, ਨਾਮਧਾਰੀ ਲਹਿਰ, ਸਿੰਘ ਸਭਾ ਲਹਿਰ ਅਤੇ ਅਕਾਲੀ ਲਹਿਰ ਆਦਿ। ਇਹਨਾਂ ਲਹਿਰਾਂ ਨੇ ਆਪੋ-ਆਪਣੇ ਪੱਧਰ ਉਤੇ ਗੁਰਦੁਆਰਿਆਂ ਦਾ ਪ੍ਰਬੰਧ ਉਚ-ਆਚਰਨ ਵਾਲੇ ਸਿੱਖਾਂ ਦੇ ਹੱਥਾਂ ਵਿਚ ਦੇਣ ਅਤੇ ਧਾਰਮਿਕ ਮਰਿਆਦਾ ਨੂੰ ਬਹਾਲ ਕਰਨ ਨੂੰ ਲੈ ਕੇ ਬਹੁਤ ਵੱਡਾ ਯੋਗਦਾਨ ਪਾਇਆ।

ਇਹਨਾਂ ਲਹਿਰਾਂ ਵਿਚੋਂ 'ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ' ਦਾ ਸਿੱਧਾ ਮਨੋਰਥ ਆਪਣੇ ਗੁਰਧਾਮਾਂ ਨੂੰ ਉਦਾਸੀ ਮਹੰਤਾਂ ਦੇ ਕਬਜੇ ਤੋਂ ਮੁਕਤ ਕਰਵਾਉਣਾ, ਆਪਣੇ ਪਾਵਨ-ਅਸਥਾਨਾਂ ਦਾ ਪ੍ਰਬੰਧ ਸੁਹਿਰਦ ਸਿੱਖਾਂ ਦੇ ਹੱਥਾਂ ਵਿਚ ਦੇਣਾ ਅਤੇ ਉਹਨਾਂ ਨੂੰ ਸਿੱਖ ਧਰਮ ਦੇ ਪ੍ਰਚਾਰ-ਪਸਾਰ ਲਈ ਵਰਤਣਾ ਸੀ। ਸਿੱਖਾਂ ਨੂੰ ਭ੍ਰਿਸ਼ਟ ਚਰਿੱਤਰ ਵਾਲੇ ਉਦਾਸੀ ਮਹੰਤਾਂ ਪਾਸੋਂ ਗੁਰਧਾਮਾਂ ਦਾ ਪ੍ਰਬੰਧ ਆਪਣੇ ਹੱਥਾਂ ਵਿਚ ਲੈਣ ਲਈ ਬਹੁਤ ਮੁਸ਼ਕਿਲਾਂ

[97] ਮਹਿੰਦਰ ਸਿੰਘ, *ਅਕਾਲੀ ਲਹਿਰ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2005, ਪੰਨੇ 37-38.

ਦਾ ਸਾਹਮਣਾ ਕਰਨਾ ਪਿਆ ਅਤੇ ਅਨੇਕਾਂ ਕੁਰਬਾਨੀਆਂ ਕਰਨੀਆਂ ਪਈਆਂ।

'ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ' ਦੀ ਆਰੰਭਤਾ ਅਕਾਲੀ ਜਥਿਆਂ ਨੇ ਆਪੋ-ਆਪਣੇ ਇਲਾਕਿਆਂ ਤੋਂ ਕੀਤੀ, ਪਰ ਇਸ ਲਹਿਰ ਦੇ ਸਿੱਟੇ ਵਜੋਂ ਛੇਤੀ ਹੀ ਸਿੱਖਾਂ ਦੀਆਂ ਦੋ ਪ੍ਰਤੀਨਿਧ ਜਥੇਬੰਦੀਆਂ, 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਅਤੇ 'ਸ਼੍ਰੋਮਣੀ ਅਕਾਲੀ ਦਲ' ਹੋਂਦ ਵਿਚ ਆ ਗਈਆਂ। ਇਹਨਾਂ ਦੋਹਾਂ ਜਥੇਬੰਦੀਆਂ ਦੇ ਮੁੱਖ ਉਦੇਸ਼ ਗੁਰਦੁਆਰਿਆਂ ਦਾ ਪ੍ਰਬੰਧ ਸਿੱਖ ਹੱਥਾਂ ਵਿਚ ਦੇਣਾ, ਮਹੰਤਾਂ ਦੀਆਂ ਪਦਵੀਆਂ ਅਤੇ ਸ਼ਕਤੀਆਂ ਖਤਮ ਕਰਨਾ, ਗੁਰਦੁਆਰਿਆਂ ਦੀ ਜਾਇਦਾਦ ਤੇ ਆਮਦਨ ਨੂੰ ਉਹਨਾਂ ਮਨੋਰਥਾਂ ਲਈ ਵਰਤਣਾ ਜਿਹਨਾਂ ਵਾਸਤੇ ਗੁਰਦੁਆਰੇ ਬਣਾਏ ਗਏ ਸਨ, *ਸ੍ਰੀ ਗੁਰੂ ਗ੍ਰੰਥ ਸਾਹਿਬ* ਦੀਆਂ ਸਿਖਿਆਵਾਂ ਅਤੇ ਸਿੱਖ ਇਤਿਹਾਸ ਅਨੁਸਾਰ ਜੀਵਨ-ਜਾਚ ਨੂੰ ਬਹਾਲ ਕਰਨਾ, ਆਦਿ ਸਨ।[98]

ਸਿੱਖਾਂ ਨੂੰ ਆਪਣੇ ਧਾਰਮਿਕ ਅਸਥਾਨਾਂ ਦਾ ਪ੍ਰਬੰਧ ਪ੍ਰਾਪਤ ਕਰਨ ਲਈ ਅਨੇਕਾਂ ਮੋਰਚੇ, ਜਿਵੇਂ ਗੁਰੂ ਕੇ ਬਾਗ ਦਾ ਮੋਰਚਾ, ਦਰਬਾਰ ਸਾਹਿਬ ਦੇ ਤੋਸ਼ਖਾਨੇ ਦੀਆਂ ਚਾਬੀਆਂ ਅੰਗਰੇਜਾਂ ਤੋਂ ਪ੍ਰਾਪਤ ਕਰਨ ਲਈ ਮੋਰਚਾ, ਜੈਤੋ ਦਾ ਮੋਰਚਾ ਆਦਿ ਲਗਾਉਣੇ ਪਏ। ਇਹਨਾਂ ਅਸਥਾਨਾਂ ਦਾ ਪ੍ਰਬੰਧ ਸੰਭਾਲਣ ਲਈ ਹੋਏ ਟਕਰਾਅ ਦੌਰਾਨ, ਗੁਰਦੁਆਰਾ ਨਨਕਾਣਾ ਸਾਹਿਬ ਅਤੇ ਗੁਰਦੁਆਰਾ ਪੰਜਾ ਸਾਹਿਬ ਵਿਚ ਮਹੰਤਾਂ ਦੇ ਹੱਥੋਂ ਅਨੇਕਾਂ ਸਿੰਘ ਸ਼ਹੀਦ ਹੋ ਗਏ। ਇਸ ਸਾਰੇ ਘਟਨਾਕ੍ਰਮ ਵਿਚ ਸਿੱਖਾਂ ਦਾ ਬਹੁਤ ਜਾਨੀ-ਮਾਲੀ ਨੁਕਸਾਨ ਹੋਇਆ। ਸਿੱਖਾਂ ਨੂੰ ਆਪਣੇ ਧਾਰਮਿਕ ਅਸਥਾਨਾਂ ਦਾ ਪ੍ਰਬੰਧ ਪ੍ਰਾਪਤ ਕਰਨ ਲਈ ਬਹੁਤ ਵੱਡੀ ਕੀਮਤ ਅਦਾ ਕਰਨੀ ਪਈ। ਇਸ ਸੰਬੰਧੀ ਪਤਵੰਤ ਸਿੰਘ ਨੇ ਲਿਖਿਆ ਹੈ ਕਿ, "The Sikh Gurdwara Act of 25 July, 1925 made the Sikhs custodian of their places of worship, though the price paid during this struggle was heavy: over 40,000 went to jail and 400 lost their lives."[99] ਭਾਵ ਸਿੱਖ ਗੁਰਦੁਆਰਾ ਐਕਟ ਨੇ ਸਿੱਖਾਂ ਨੂੰ ਉਨ੍ਹਾਂ ਦੇ ਧਾਰਮਿਕ ਅਸਥਾਨਾਂ ਦੇ ਪ੍ਰਬੰਧਕ ਬਣਾਇਆ, ਭਾਵੇਂ ਕਿ ਇਸ ਸੰਘਰਸ਼ ਦੌਰਾਨ ਭਾਰੀ ਕੀਮਤ ਚੁਕਾਉਣੀ ਪਈ : 40,000 ਤੋਂ ਵੱਧ ਜੇਲ੍ਹ ਗਏ ਅਤੇ 400 ਦੀ ਜਾਨ ਚਲੀ ਗਈ।

---

[98] ਮਹਿੰਦਰ ਸਿੰਘ, *ਅਕਾਲੀ ਲਹਿਰ,* ਪੰਨਾ 36.

[99] Patwant Singh, *The Sikhs,* Rupa & company, New Delhi, 2010, Page 188.

ਸਿੱਖਾਂ ਦੁਆਰਾ ਵੱਖ-ਵੱਖ ਲਹਿਰਾਂ ਦੇ ਅਧੀਨ ਕੀਤੇ ਸੰਘਰਸ਼ਾਂ ਦਾ ਸਿੱਟਾ ਇਹ ਨਿਕਲਿਆ ਕਿ ਗੁਰਦੁਆਰਿਆਂ ਦਾ ਪ੍ਰਬੰਧ ਸਿੱਖ ਸੰਗਤ ਨੂੰ ਮਿਲ ਗਿਆ ਸੀ। ਗੁਰਦੁਆਰਿਆਂ ਦੀ ਵਿਵਸਥਾ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿਚ ਆ ਗਈ। ਭਾਈ ਕਾਨ੍ਹ ਸਿੰਘ ਨਾਭਾ ਨੇ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਦੇ ਹੋਂਦ ਵਿਚ ਆਉਣ ਦਾ ਕਾਰਨ ਅਤੇ ਉਸਦੀ ਬਣਤਰ ਸੰਬੰਧੀ ਲਿਖਿਆ ਹੈ ਕਿ, "ਜਿਉਂ ਜਿਉਂ ਲੋਕਾਂ ਨੂੰ ਗੁਰਮਤ ਦਾ ਗਜਾਨ ਹੁੰਦਾ ਗਿਆ, ਤਿਉਂ ਤਿਉਂ ਉਨ੍ਹਾਂ ਨੇ ਆਪਣੇ ਸਮਾਜ ਅਤੇ ਧਰਮਮੰਦਿਰਾਂ ਦੀ ਵਿਗੜੀ ਹੋਈ ਹਾਲਤ ਨੂੰ ਵੇਖਕੇ ਸੁਧਾਰ ਕਰਨ ਦਾ ਜਤਨ ਕੀਤਾ, ਪਰ ਕੌਮ ਦੀ ਪ੍ਰਬਲ ਜਥੇਬੰਦੀ ਨਾ ਹੋਣ ਕਰਕੇ ਮਨਭਾਉਂਦਾ ਫਲ ਪ੍ਰਾਪਤ ਨਾ ਹੋਇਆ। 12 ਅਕਤੂਬਰ, ਸਨ 1920 ਨੂੰ, ਖਾਲਸਾ ਬਰਾਦਰੀ ਸ਼ਹਿਰ ਅੰਮ੍ਰਿਤਸਰ ਦੇ ਸਾਲਾਨਾ ਦੀਵਾਨ ਸਮੇਂ, ਕੁਝ ਕਹਿਣ ਮਾਤ੍ਰ ਦੇ ਅਛੂਤ ਅੰਮ੍ਰਿਤ ਛਕ ਕੇ ਕੜਾਹ ਪ੍ਰਸਾਦ ਅਤੇ ਮਾਇਆ ਲੈ ਕੇ ਸ੍ਰੀ ਹਰਿਮੰਦਿਰ ਸਾਹਿਬ ਭੇਟਾ ਕਰਨ ਗਏ, ਤਾਂ ਉੱਥੇ ਕੁਝ ਢਿੱਲ ਮੱਠ ਦੇ ਪਿੱਛੋਂ ਉਨ੍ਹਾਂ ਦਾ ਅਰਦਾਸਾ ਕੀਤਾ ਗਿਆ, ਪਰ ਜਦ ਉਹ ਪ੍ਰੇਮੀ ਸ੍ਰੀ ਅਕਾਲਤਖਤ ਹਾਜ਼ਿਰ ਹੋਏ, ਤਾਂ ਉੱਥੋਂ ਦੇ ਪੁਜਾਰੀ ਸੇਵਾ ਛੱਡਕੇ ਭੱਜ ਗਏ। ਹਾਜ਼ਿਰ ਸੰਗਤ ਨੇ ਫੈਸਲਾ ਕੀਤਾ ਕਿ ਤਖ਼ਤ ਸਾਹਿਬ ਸੁੰਞਾਂ ਨਹੀਂ ਰਹਿਣਾ ਚਾਹੀਦਾ, ਸੋ 25 ਸਿੰਘਾਂ ਦਾ ਜਥਾ ਸੇਵਾ ਲਈ ਨੀਯਤ ਕੀਤਾ ਗਿਆ ਅਤੇ ਇਸ ਦੀ ਇੱਤਲਾਹ ਸਰਬਰਾਹ ਨੂੰ ਦਿੱਤੀ ਗਈ। ਨੱਠੇ ਹੋਏ ਪੁਜਾਰੀ, ਸਰਬਰਾਹ ਅਤੇ ਡਿਪਟੀ ਕਮਿਸ਼ਨਰ ਦੇ ਕਹਿਣ ਤੇ ਭੀ ਹਾਜਿਰ ਨਾ ਹੋਏ, ਜਿਸ ਪੁਰ ਡਿਪਟੀ ਕਮਿਸ਼ਨਰ ਨੇ ਸ੍ਰੀ ਦਰਬਾਰ ਸਾਹਿਬ ਅਮ੍ਰਿਤਸਰ ਅਤੇ ਸ੍ਰੀ ਅਕਾਲਤਖ਼ਤ ਦੇ ਪ੍ਰਬੰਧ ਲਈ 9 ਆਦਮੀਆਂ ਦੀ, ਜੋ ਸਾਰੇ ਹੀ ਗੁਰਦੁਆਰਾ ਸੁਧਾਰ ਲਹਿਰ ਦੇ ਹਾਮੀ ਸਨ, ਆਰਜ਼ੀ ਕਮੇਟੀ ਬਣਾ ਦਿੱਤੀ। ਸਾਰੇ ਪੰਥ ਨੂੰ ਜਥੇਬੰਦ ਕਰਕੇ ਪੰਥ ਦੀ ਇੱਕ ਪ੍ਰਤੀਨਿਧਿ ਤੇ ਸਾਂਝੀ ਕਮੇਟੀ ਕਾਇਮ ਕਰਨ ਦੀ ਲੋੜ ਨੂੰ ਪ੍ਰਤੀਤ ਕਰਕੇ ਨਵੇਂ ਪ੍ਰਬੰਧਕਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਇੱਕ ਹੁਕਮਨਾਮਾ ਜਾਰੀ ਕੀਤਾ ਕਿ ਸਾਰਾ ਪੰਥ ਅਜਿਹੀ ਕਮੇਟੀ ਕਾਇਮ ਕਰਨ ਲਈ 15 ਨਵੰਬਰ, ਸਨ 1920 ਨੂੰ ਸ੍ਰੀ ਅਕਾਲਤਖ਼ਤ ਸਾਹਿਬ ਇਕਤ੍ਰ ਹੋਵੇ। 15-16 ਨਵੰਬਰ ਦੀ ਸਾਂਝੀ ਪੰਥਕ ਇਕਤ੍ਰਤਾ ਨੇ 175 ਮੈਂਬਰਾਂ ਦੀ ਇੱਕ ਪ੍ਰਤੀਨਿਧਿ ਕਮੇਟੀ ਚੁਣੀ, ਜਿਸ ਦਾ ਨਾਉਂ "ਸਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ" ਰੱਖਿਆ। ਇਸ ਦੀ ਪਹਿਲੀ ਇਕਤ੍ਰਤਾ 12 ਦਸੰਬਰ, ਸਨ 1920 ਨੂੰ ਸ੍ਰੀ ਅਕਾਲ ਤਖਤ ਸਾਹਿਬ ਹੋਈ। ਇਸ ਇਕਤ੍ਰਤਾ ਤੇ ਸਾਰੇ ਮੈਂਬਰਾਂ ਦੀ ਸੋਧ ਕਰਕੇ ਅਹੁਦੇਦਾਰ ਚੁਣੇ ਗਏ ਅਤੇ ਇੱਕ ਸਬ ਕਮੇਟੀ ਨਿਯਮਾਂ ਦਾ

ਖਰੜਾ ਤਿਆਰ ਕਰਨ ਲਈ ਨੀਯਤ ਕੀਤੀ ਗਈ। ਸਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 30 ਅਪ੍ਰੈਲ, 1921 ਨੂੰ ਰਜਿਸਟਰ ਕਰਾਈ ਗਈ ਅਤੇ ਨਿਯਮਾਂ ਦੇ ਬਣਨ ਪਿੱਛੋਂ ਇਸ ਦੀ ਨਵੀਂ ਚੋਣ ਜੁਲਾਈ 1921 ਵਿੱਚ ਕੀਤੀ ਗਈ। ਚੁਣੇ ਹੋਏ ਮੈਂਬਰਾਂ ਨੇ ਕੁੱਲ ਗਿਣਤੀ ਦਾ ਪੰਜਵਾਂ ਹਿੱਸਾ 14 ਅਗਸਤ ਨੂੰ ਨਾਮਜ਼ਦ ਕੀਤਾ ਅਤੇ ਮੁਕੰਮਲ ਕਮੇਟੀ ਦੀ ਇਕਤ੍ਰਤਾ 27 ਅਗਸਤ, ਸੰਨ 1921 ਨੂੰ ਹੋਈ।"[100]

ਸਿੱਖਾਂ ਦੀ ਧਾਰਮਿਕ ਨੁਮਾਇੰਦਗੀ ਕਰਨ ਵਾਲੀ ਸੰਸਥਾ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਬਣਨ ਤੋਂ ਬਾਅਦ ਇਸ ਦੁਆਰਾ ਗੁਰਦੁਆਰਿਆਂ ਦੀ ਬਿਹਤਰੀ ਲਈ ਅਨੇਕਾਂ ਕਾਰਜ ਕੀਤੇ ਜਾਣ ਲੱਗੇ। ਇਸ ਸੰਸਥਾ ਦੇ ਹੋਂਦ ਵਿਚ ਆਉਣ ਦਾ ਮੁੱਖ ਉਦੇਸ਼ ਗੁਰਦੁਆਰਿਆਂ ਨੂੰ ਸਿੱਖ ਮਰਿਆਦਾ ਦਾ ਪਾਲਨ ਨਾ ਕਰਨ ਵਾਲੇ ਪੁਜਾਰੀਆਂ ਤੋਂ ਆਜ਼ਾਦ ਕਰਾਉਣਾ, ਉਹਨਾਂ ਦੀ ਸਹੀ ਤਰੀਕੇ ਨਾਲ ਵਿਵਸਥਾ ਅਤੇ ਧਾਰਮਿਕ ਅਸਥਾਨਾਂ ਵਿਚੋਂ ਸਿੱਖੀ ਦਾ ਪ੍ਰਚਾਰ ਕਰਨਾ ਸੀ। ਇਸਦੇ ਨਾਲ ਹੀ ਕਮੇਟੀ ਦਾ ਮਨੋਰਥ ਗੁਰਦੁਆਰਿਆਂ ਦੀ ਆਮਦਨ ਨੂੰ ਵਿਵਸਥਿਤ ਢੰਗ ਨਾਲ, ਉਹਨਾਂ ਦੀ ਸੇਵਾ-ਸੰਭਾਲ ਉਤੇ ਖਰਚ, ਲੰਗਰ ਦੀ ਵਿਵਸਥਾ ਅਤੇ ਸਿੱਖ ਬੱਚਿਆਂ ਦੀ ਵਿਦਿਆ ਉਤੇ ਖਰਚ ਕਰਨਾ ਆਦਿ ਸੀ।[101] ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਨ ਨਾਲ ਗੁਰਦੁਆਰਿਆਂ ਦਾ ਪ੍ਰਬੰਧ ਹੌਲੀ-ਹੌਲੀ ਸਿੱਖ ਪੰਥ ਕੋਲ ਆ ਗਿਆ। ਇਸਦੇ ਨਾਲ ਗੁਰਦੁਆਰੇ ਮੁੜ ਤੋਂ ਸਿੱਖ ਧਰਮ ਦੇ ਪ੍ਰਚਾਰ ਤੇ ਪਾਸਾਰ ਦਾ ਕਾਰਜ ਕਰਨ ਲੱਗੇ।

## ਸਾਰ

ਉਕਤ ਦੇ ਸਾਰ ਵਜੋਂ ਅਸੀਂ ਕਹਿ ਸਕਦੇ ਹਾਂ ਕਿ ਸਿੱਖ ਧਾਰਮਿਕ ਅਸਥਾਨ ਦੀ ਆਰੰਭਤਾ ਗੁਰੂ ਨਾਨਕ ਦੇਵ ਜੀ ਨੇ ਧਰਮਸਾਲ ਵਜੋਂ ਕੀਤੀ। ਇਸ ਸੰਸਥਾ ਨੇ ਪੜਾਅਵਾਰ ਬਹੁਤ ਲੰਮਾ ਇਤਿਹਾਸਕ ਸਫਰ ਤਹਿ ਕੀਤਾ। ਗੁਰੂ ਸਾਹਿਬਾਨ ਦੇ ਸਮੇਂ ਵਿਚ ਇਸ ਸੰਸਥਾ ਵਿਚ ਹੋਰ ਵੀ ਮਨੁੱਖਤਾ ਦੀ ਭਲਾਈ ਲਈ ਸਹੂਲਤਾਂ/ਸੰਸਥਾਵਾਂ ਜੁੜਦੀਆਂ ਅਤੇ ਵਿਕਾਸ ਕਰਦੀਆਂ ਗਈਆਂ। ਗੁਰੂ ਸਾਹਿਬਾਨ ਦੇ ਸਮੇਂ ਸਿੱਖ ਮਿਸਲਾਂ ਅਤੇ ਮਹਾਰਾਜਾ ਰਣਜੀਤ ਸਿੰਘ ਕਾਲ ਵਿਚ ਅਨੇਕਾਂ ਨਵੇਂ ਇਤਿਹਾਸਕ ਗੁਰਦੁਆਰਿਆਂ ਦੀ ਸਥਾਪਨਾ ਹੋਈ

---

[100] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਾਰ ਮਹਾਨ ਕੋਸ਼*, ਪੰਨਾ 417.

[101] ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼* (ਭਾਗ ਪਹਿਲਾ), ਪੰਨਾ 387.

ਅਤੇ ਉਹਨਾਂ ਦੇ ਸੁੰਦਰੀਕਰਨ ਲਈ ਵੀ ਬਹੁਤ ਸਾਰਾ ਧਨ ਖਰਚਿਆ ਗਿਆ। ਇਸ ਸਮੇਂ ਵਿਚ ਗੁਰਦੁਆਰਿਆਂ ਕੋਲ ਜਾਇਦਾਦ ਦੀ ਬਹੁਤਾਤ ਹੋ ਗਈ ਅਤੇ ਸਿੱਖਾਂ ਉਤੇ ਮੁਸ਼ਕਿਲ ਸਮਾਂ ਹੋਣ ਕਾਰਨ ਗੁਰਦੁਆਰਿਆਂ ਦੀ ਵਿਵਸਥਾ ਉਦਾਸੀ ਮਹੰਤਾਂ ਦੁਆਰਾ ਕੀਤੀ ਜਾਣ ਲੱਗੀ। ਇਸ ਸਮੇਂ ਗੁਰਦੁਆਰਿਆਂ ਦੇ ਪ੍ਰਬੰਧ ਵਿਚ ਗਿਰਾਵਟ ਆ ਗਈ ਅਤੇ ਇਹ ਧਰਮ ਪ੍ਰਚਾਰ ਦੇ ਕੇਂਦਰ ਨਾ ਰਹਿ ਕੇ ਮਹੰਤਾਂ ਦੀ ਨਿੱਜੀ ਜਾਗੀਰ ਬਣ ਗਏ। ਇਸ ਤੋਂ ਬਾਅਦ ਸਿੱਖਾਂ ਦੁਆਰਾ ਬਹੁਤ ਜੱਦੋ-ਜਹਿਦ ਤੋਂ ਬਾਅਦ ਇਹਨਾਂ ਧਾਰਮਿਕ ਅਸਥਾਨਾਂ ਦਾ ਪ੍ਰਬੰਧ ਆਪਣੇ ਹੱਥਾਂ ਵਿਚ ਲਿਆ ਗਿਆ ਭਾਵ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਹੋਈ। ਮੌਜੂਦਾ ਸਮੇਂ ਵਿਚ ਇਸ ਕਮੇਟੀ ਦੁਆਰਾ ਗੁਰਦੁਆਰਿਆਂ ਦਾ ਪ੍ਰਬੰਧ ਬਹੁਤ ਹੀ ਸੁਚੱਜੇ ਢੰਗ ਨਾਲ ਕੀਤਾ ਜਾਂਦਾ ਹੈ। ਅੱਜ ਜਿੱਥੇ ਵੀ ਸਿੱਖ ਵਸਦੇ ਹਨ, ਉਥੇ ਉਹ ਸਤਿਸੰਗਤ ਕਰਨ ਅਤੇ ਗੁਰੂ ਦੇ ਉਪਦੇਸ਼ ਨਾਲ ਜੁੜਨ ਲਈ ਸਭ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਦੀ ਸਥਾਪਨਾ ਜਰੂਰ ਕਰਦੇ ਹਨ। ਗੁਰੂ ਸਾਹਿਬਾਨ ਦੇ ਆਦੇਸ਼ ਅਨੁਸਾਰ ਹਰ ਸਿੱਖ ਰੋਜਾਨਾ ਗੁਰਦੁਆਰੇ ਵਿਚ ਜਾ ਕੇ ਸਤਿਸੰਗਤਿ ਵਿਚ ਹਾਜਰੀ ਭਰਨ ਨੂੰ ਆਪਣਾ ਮੁਢਲਾ ਫ਼ਰਜ ਸਮਝਦਾ ਹੈ।

**ਅਧਿਆਇ ਤੀਜਾ**

# ਪੁਆਧ ਖੇਤਰ ਦੇ ਸਿੱਖ ਧਾਰਮਿਕ ਅਸਥਾਨ : ਸਰਵੇਖਣ

ਪੰਜਾਬ ਪ੍ਰਾਂਤ ਨੂੰ ਭਾਸ਼ਾ-ਵਿਗਿਆਨੀਆਂ ਨੇ ਭਾਸ਼ਾਈ ਅਧਾਰ ਉਤੇ ਚਾਰ ਖੇਤਰਾਂ ਮਾਝਾ, ਮਾਲਵਾ, ਦੁਆਬਾ ਅਤੇ ਪੁਆਧ ਵਿਚ ਵੰਡਿਆ ਹੋਇਆ ਹੈ। ਭਾਸ਼ਾਈ ਅਧਾਰ 'ਤੇ ਵਿਭਾਜਿਤ ਇਹਨਾਂ ਖੇਤਰਾਂ ਵਿਚ ਕ੍ਰਮਵਾਰ ਮਾਝੀ, ਮਲਵਈ, ਦੁਆਬੀ ਅਤੇ ਪੁਆਧੀ ਉਪ-ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। ਜਿੱਥੇ ਭਾਸ਼ਾਈ ਵੰਡ ਅਧਾਰਿਤ ਪੁਆਧ ਖੇਤਰ ਵੀ ਆਪਣਾ ਇਕ ਵਿਲੱਖਣ ਸਥਾਨ ਰੱਖਦਾ ਹੈ ਉਥੇ ਹੀ ਇਹ ਖੇਤਰ ਹੋਰਨਾਂ ਖੇਤਰਾਂ ਨਾਲੋਂ ਭੂਗੋਲਿਕ ਅਤੇ ਸਭਿਆਚਾਰਕ ਪੱਖੋਂ ਵੀ ਵੱਖਰਤਾ ਰੱਖਦਾ ਹੈ। ਪੁਆਧ ਖੇਤਰ ਸਿੱਖ ਧਰਮ ਦੀਆਂ ਗਤੀਵਿਧੀਆਂ ਦਾ ਕਾਫੀ ਲੰਮਾ ਸਮਾਂ ਕੇਂਦਰ ਰਿਹਾ ਹੈ, ਜਿਸ ਕਾਰਨ ਇਸ ਇਲਾਕੇ ਵਿਚ ਵੀ ਸਿੱਖ ਧਰਮ ਨਾਲ ਸੰਬੰਧਤ ਅਨੇਕਾਂ ਧਾਰਮਿਕ ਅਸਥਾਨ ਬਣੇ ਹੋਏ ਹਨ ਜੋ ਕਿ ਸਿੱਖ ਚੇਤਨਾ ਦਾ ਸਦੀਵੀ ਹਿੱਸਾ ਹਨ। ਇਹਨਾਂ ਧਾਰਮਿਕ ਅਸਥਾਨਾਂ ਦੇ ਸਰਵੇਖਣ ਸੰਬੰਧੀ ਅਧਿਐਨ ਕਰਨ ਤੋਂ ਪਹਿਲਾਂ ਪੁਆਧ ਖੇਤਰ ਦੀ ਜਾਣ-ਪਛਾਣ ਅਤਿ ਜਰੂਰੀ ਹੈ, ਜੋ ਕਿ ਨਿਮਨ ਅਨੁਸਾਰ ਹੈ ;

## ਪੁਆਧ ਖੇਤਰ : ਜਾਣ-ਪਛਾਣ

ਪੁਆਧ ਖੇਤਰ ਸੰਬੰਧੀ ਵੱਖ-ਵੱਖ ਵਿਦਵਾਨ ਵੱਖ-ਵੱਖ ਰਾਇ ਰੱਖਦੇ ਹਨ। ਵਿਭਿੰਨ ਸਮਿਆਂ ਵਿਚ ਸਮਕਾਲੀ ਵਿਦਵਾਨਾਂ ਦਾ ਇਸ ਖੇਤਰ ਦੇ ਭੂਗੋਲਿਕ ਇਲਾਕੇ ਸੰਬੰਧੀ ਨਜ਼ਰੀਆ ਬਦਲਦਾ ਰਿਹਾ ਹੈ, ਜਿਸ ਕਾਰਨ ਉਹ ਇਸ ਇਲਾਕੇ ਨੂੰ ਆਪੋ-ਆਪਣੇ ਤਰੀਕੇ ਨਾਲ ਪਰਿਭਾਸ਼ਿਤ ਕਰਦੇ ਰਹੇ ਹਨ। ਵਿਦਵਾਨਾਂ ਦੀਆਂ ਪੁਆਧ ਖੇਤਰ ਸੰਬੰਧੀ ਪਰਿਭਾਸ਼ਾਵਾਂ ਨਿਮਨ ਅਨੁਸਾਰ ਹਨ ;

ਭਾਈ ਕਾਨ੍ਹ ਸਿੰਘ ਨਾਭਾ *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼* ਵਿਚ ਪੁਆਧ ਬਾਰੇ ਲਿਖਦੇ ਹਨ ਕਿ "1. ਪਹਾੜ ਦੇ ਪੈਰਾਂ ਦਾ ਦੇਸ਼, ਦਾਮਨੇ ਕੋਹ 2. ਉਹ ਦੇਸ਼, ਜੋ ਖੂਹ ਦੇ ਪਾਣੀ ਨਾਲ ਸਿੰਜਿਆ ਜਾਵੇ 3. ਜ਼ਿਲ੍ਹੇ ਅੰਬਾਲੇ ਦੇ ਆਸ ਪਾਸ ਦਾ ਦੇਸ਼।"[1]

---

[1] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਭਾਸ਼ਾ ਵਿਭਾਗ, ਪੰਜਾਬ*, 2006, *(ਸੱਤਵੀਂ ਵਾਰ)*, ਪੰਨਾ 774.

ਡਾ. ਬਨਾਰਸੀ ਦਾਸ ਜੈਨ ਅਨੁਸਾਰ, "ਪੁਆਧ ਸ਼ਬਦ ਪੂਰਬਾਰਧ ਦਾ ਰੂਪਾਂਤਰ ਹੈ, ਜਿਸ ਦਾ ਅਰਥ ਹੈ ਪੂਰਬੀ ਅੱਧ ਅਰਥਾਤ ਪੰਜਾਬ ਦਾ ਪੂਰਬੀ ਹਿੱਸਾ। ਇਸ ਕਥਨ ਅਨੁਸਾਰ ਪੰਜਾਬ ਦੇ ਪੂਰਬ ਵਿਚ ਵਾਕਿਆ ਇਲਾਕਾ ਪੁਆਧ ਹੈ, ਪਰ ਹਕੀਕਤ ਇਹ ਹੈ ਕਿ 'ਪੁਆਧ' ਵਿਚ ਪੂਰਬੀ ਕਲਸੀਆ, ਨਾਲਾਗੜ੍ਹ, ਪਟਿਆਲਾ, ਜ਼ਿਲ੍ਹਾ ਲੁਧਿਆਣਾ ਦਾ ਪੂਰਬੀ ਭਾਗ ਅਤੇ ਜ਼ਿਲ੍ਹਾ ਸੰਗਰੂਰ ਦਾ ਕੁਝ ਇਲਾਕਾ ਸ਼ਾਮਲ ਹੈ।"[2]

ਗਰੀਅਰਸਨ ਨੇ ਆਪਣੀ ਪੁਸਤਕ *'ਲਿੰਗੁਇਸਟਿਕ ਸਰਵੇ ਆਫ ਇੰਡੀਆ, ਭਾਗ 1'* ਵਿਚ ਪੁਆਧ ਦੀਆਂ ਸੀਮਾਵਾਂ ਇੰਞ ਨਿਰਧਾਰਿਤ ਕੀਤੀਆਂ ਹਨ, "ਰੋਪੜ੍ਹ ਤੋਂ ਲੈ ਕੇ ਹਰੀ ਕੇ ਪੱਤਣ ਤੱਕ ਸਤਲੁਜ ਦਰਿਆ ਪੂਰਬੋਂ ਪੱਛਮ ਨੂੰ ਵਗਦਾ ਹੈ। ਇਹਦੇ ਉਤਰ ਵਾਲੇ ਪਾਸੇ ਦੁਆਬਾ ਜਲੰਧਰ ਹੈ ਅਤੇ ਦੱਖਣ ਵਾਲੇ ਪਾਸੇ ਜ਼ਿਲ੍ਹਾ ਲੁਧਿਆਣਾ ਅਤੇ ਫਿਰੋਜਪੁਰ ਹਨ। ਜ਼ਿਲ੍ਹਾ ਲੁਧਿਆਣੇ ਦਾ ਉਹ ਇਲਾਕਾ ਜੋ ਸਤਲੁਜ ਦਰਿਆ ਦੇ ਨਾਲ-ਨਾਲ ਦੋਹੀਂ ਪਾਸੀਂ ਆਉਂਦਾ ਹੈ, ਪੁਆਧ ਵਿਚ ਸ਼ਾਮਲ ਹੈ ਅਤੇ ਬਾਕੀ ਦਾ ਸਾਰਾ ਜ਼ਿਲ੍ਹਾ, ਮਾਲਵੇ ਵਿਚ ਚਲਾ ਜਾਂਦਾ ਹੈ। ਪੂਰਬ ਵਾਲੇ ਪਾਸੇ ਇਹ ਜ਼ਿਲ੍ਹਾ ਅੰਬਾਲਾ ਵਿਚਲੇ ਘੱਗਰ ਦਰਿਆ ਤਕ ਫੈਲਿਆ ਹੋਇਆ ਹੈ। ਘੱਗਰ ਤੋਂ ਪੂਰਬ ਵਾਲੇ ਪਾਸੇ ਦੀ ਬੋਲੀ ਹਿੰਦੁਸਤਾਨੀ ਹੈ, ਦੱਖਣ ਵਿਚ ਪੁਆਧ ਦੇ ਇਲਾਕੇ ਵਿਚ ਪਟਿਆਲਾ, ਨਾਭਾ ਤੇ ਜੀਂਦ ਦੇ ਇਲਾਕੇ ਸ਼ਾਮਲ ਹਨ ਜੋ 76 ਪੂਰਬੀ ਲੰਬਕਾਰ ਦੇ ਪੂਰਬ ਵਿਚ ਵਾਕਿਆ ਹਨ। ਇਸ ਪਾਸੇ ਪੁਆਧ ਉਸ ਮੁਲਕ ਤੱਕ ਫੈਲਿਆ ਹੋਇਆ ਹੈ, ਜਿਸ ਵਿਚ ਹਿੰਦੁਸਤਾਨੀ ਤੇ ਬਾਗੜੀ ਬੋਲੀਆਂ ਜਾਂਦੀਆਂ ਹਨ। ਪੁਆਧ ਵਿਚ ਜ਼ਿਲ੍ਹਾ ਹਿਸਾਰ ਦਾ ਵੀ ਕੁਝ ਬਾਹਰ ਵਾਲਾ ਹਿੱਸਾ ਸ਼ਾਮਲ ਹੈ।"[3]

ਪ੍ਰੋ. ਜੋਗਿੰਦਰ ਸਿੰਘ ਨੇ 'ਪੰਜਾਬੀ ਦੁਨੀਆਂ' ਦੇ ਉਪ-ਭਾਖਾ ਅੰਕ ਵਿਚ ਪੁਆਧ ਦੀ ਸੀਮਾ ਬਾਰੇ ਇੰਞ ਵਰਣਨ ਕੀਤਾ ਹੈ, "ਲੁਧਿਆਣੇ ਦੇ ਪੂਰਬ ਵਿਚ, ਸਾਹਨੇਵਾਲ ਦੇ ਠਾਣੇ ਤੋਂ ਜੋ ਕੱਚੀ ਸੜਕ ਡੇਹਲੋਂ ਨੂੰ ਜਾਂਦੀ ਹੈ, ਉਸ ਨੂੰ ਇਸੇ ਸੇਧ ਵਿਚ ਲੁਧਿਆਣਾ-ਧੂਰੀ-ਜਾਖਲ ਰੇਲਵੇ ਲਾਈਨ ਦੇ ਮੁਤਵਾਜੀ ਕੋਈ ਸੱਤ ਅੱਠ ਮੀਲ ਪੂਰਬਲੀ ਵਿਥ ਤੋਂ ਕੁਲਾਰਾਂ ਦੇ ਠਾਣੇ ਅਥਵਾ ਭੁਪਿੰਦਰ ਸਾਗਰ ਤੱਕ ਲੈ ਜਾਈਏ ਤਾਂ ਇਹ ਪੁਆਧ ਦੀ ਪੱਛਮੀ ਸੀਮਾ ਬਣਦੀ ਹੈ। ਉਤਰ ਵਿਚ ਸਤਲੁਜ ਦਰਿਆ, ਅਨੰਦਪੁਰ ਸਾਹਿਬ ਤੋਂ ਲੈ ਕੇ ਹਰੀ ਕੇ ਪੱਤਣ ਤੱਕ

---

[2] ਬਲਬੀਰ ਕੌਰ (ਡਾਇਰੈਕਟਰ) ਅਤੇ ਹੋਰ, *ਪੁਆਧੀ ਸ਼ਬਦ-ਕੋਸ਼,* ਭਾਸ਼ਾ ਵਿਭਾਗ, ਪੰਜਾਬ, 2008 (ਦੂਜੀ ਵਾਰ), ਪੰਨਾ 11, (ਉਧਰਿਤ).

[3] ਉਹੀ, ਪੰਨਾ 11, (ਉਧਰਿਤ).

ਪੁਆਧ ਦੀ ਹੱਦ ਕਾਇਮ ਕਰਦਾ ਹੈ ਪਰ ਜਮਾਲਪੁਰ ਤੋਂ ਅਲੀਵਾਲ ਦੇ ਜ਼ਰਾ ਹੋਰ ਪੱਛਮ ਵੱਲ ਲੁਧਿਆਣੇ ਨੂੰ ਛੱਡਦੇ ਹੋਏ ਦਰਿਆ ਦੇ ਨਾਲ-ਨਾਲ ਜੋ ਤਿਰਕ ਜਿਹੀ ਬਣਦੀ ਹੈ ਉਹ ਵੀ ਪੁਆਧ ਵਿਚ ਸ਼ਾਮਲ ਹੈ। ਦੱਖਣ ਤੇ ਪੂਰਬ ਵੱਲ ਘੱਗਰ ਦਰਿਆ ਦੇ ਨਾਲ-ਨਾਲ ਤੁਰ ਕੇ ਲਾਲੜੂ ਆਦਿ ਦੇ ਉਪਰ ਵੱਲ ਪੰਜੌਰ ਤੋਂ ਨਾਲਾਗੜ੍ਹ ਨੂੰ ਜਾਣ ਵਾਲੀ ਕੱਚੀ ਸੜਕ ਦੇ ਨਾਲ-ਨਾਲ ਆਨੰਦਪੁਰ ਸਾਹਿਬ ਤਕ ਦਾ ਇਲਾਕਾ ਪੁਆਧ ਵਿਚ ਸ਼ਾਮਲ ਹੈ।"[4]

ਮੌਜੂਦਾ ਸਮੇਂ ਦੇ ਉਘੇ ਪੁਆਧੀ ਲੇਖਕ ਮਨਮੋਹਨ ਸਿੰਘ ਦਾਊਂ ਅਨੁਸਾਰ, "...ਇਸ ਵੇਲੇ ਅਨੰਦਪੁਰ ਸਾਹਿਬ, ਰੋਪੜ੍ਹ, ਕੁਰਾਲੀ, ਮੋਰਿੰਡਾ, ਖਰੜ, ਮੋਹਾਲੀ, ਚੰਡੀਗੜ੍ਹ, ਪੰਚਕੂਲਾ, ਅੰਬਾਲਾ, ਰਾਜਪੁਰਾ, ਪਟਿਆਲਾ ਤੇ ਕੁਝ ਹਿੱਸਾ ਫ਼ਤਿਹਗੜ੍ਹ ਸਾਹਿਬ ਪੁਆਧ ਖੇਤਰ ਦੀ ਹੱਦਬੰਦੀ 'ਚ ਆਉਂਦੇ ਹਨ। ਸ਼ਿਵਾਲਿਕ ਦੀਆਂ ਪਹਾੜੀਆਂ ਦੀ ਥੱਲੜੀ ਪੱਟੀ ਪੰਜੌਰ ਤੋਂ ਨਾਲਾਗੜ੍ਹ ਪੁਆਧੀ ਭਾਸ਼ਾ ਦੀ ਰੰਗਣ ਵਾਲੀ ਮੰਨੀ ਜਾਂਦੀ ਹੈ। ਮੋਟੇ ਤੌਰ 'ਤੇ ਦਰਿਆ ਸਤਲੁਜ ਦੇ ਪੂਰਬੀ ਪਾਸੇ ਤੋਂ ਲੈ ਕੇ ਦਰਿਆ ਘੱਗਰ ਦੇ ਪੂਰਬ-ਪੱਛਮ ਤੱਕ ਫੈਲੇ ਵੱਡ ਅਕਾਰੀ ਭੂ-ਖੰਡ ਦੇ ਵਿਭਿੰਨ ਰੰਗਾਂ ਦੀ ਧਰਤੀ ਪੁਆਧ ਅਖਵਾਉਂਦੀ ਹੈ।"[5]

ਉਕਤ ਪਰਿਭਾਸ਼ਾਵਾਂ ਨੂੰ ਵਾਚਦਿਆਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਪੁਆਧ ਦਾ ਅਰਥ ਪੰਜਾਬ ਦਾ ਪੂਰਬੀ ਇਲਾਕਾ ਹੈ ਪਰ ਇਸਦੀਆਂ ਸੀਮਾਵਾਂ ਸਮੇਂ ਅਨੁਸਾਰ ਵਧਦੀਆਂ-ਘਟਦੀਆਂ ਰਹੀਆਂ ਹਨ। ਮੌਜੂਦਾ ਸਮੇਂ ਵਿਚ ਇਸ ਵਿਚ ਹਰਿਆਣੇ ਦਾ ਜ਼ਿਲ੍ਹਾ ਅੰਬਾਲਾ ਤੇ ਜੀਂਦ ਅਤੇ ਪੰਜਾਬ ਦੇ ਰੋਪੜ੍ਹ, ਐਸ. ਏ. ਐਸ. ਨਗਰ (ਮੋਹਾਲੀ), ਪਟਿਆਲਾ, ਲੁਧਿਆਣਾ ਆਦਿ ਜ਼ਿਲ੍ਹੇ ਆ ਜਾਂਦੇ ਹਨ। ਭਾਸ਼ਾਈ ਆਧਾਰ ਉਤੇ ਪੁਆਧ ਦਾ ਖੇਤਰ ਲਗਾਤਾਰ ਸੁੰਗੜਦਾ ਜਾ ਰਿਹਾ ਹੈ। ਪੁਆਧੀ ਬੋਲਣ ਵਾਲੇ ਖੇਤਰ ਵਿਚ ਹੁਣ ਰੋਪੜ੍ਹ, ਖਰੜ, ਐਸ. ਏ. ਐਸ. ਨਗਰ (ਮੋਹਾਲੀ), ਬਨੂੜ, ਜੀਰਕਪੁਰ ਆਦਿ ਦੇ ਪਿੰਡ ਹੀ ਰਹਿ ਗਏ ਹਨ।

ਇਸ ਖੇਤਰ ਦੀ ਵਿਸ਼ਾਲਤਾ ਦੇ ਮੱਦੇਨਜਰ ਅਸੀਂ ਆਪਣੇ ਖੋਜ ਕਾਰਜ ਦੀ ਸਹੂਲਤ ਲਈ ਇਸਦੀ ਸੀਮਾ ਪੁਆਧ ਖੇਤਰ ਦੇ ਦੋ ਜ਼ਿਲ੍ਹਿਆਂ, ਜ਼ਿਲ੍ਹਾ ਰੂਪਨਗਰ (ਰੋਪੜ੍ਹ) ਅਤੇ ਜ਼ਿਲ੍ਹਾ ਐਸ. ਏ. ਐਸ. ਨਗਰ

---

4 ਬਲਬੀਰ ਕੌਰ (ਡਾਇਰੈਕਟਰ) ਅਤੇ ਹੋਰ, *ਪੁਆਧੀ ਸ਼ਬਦ-ਕੋਸ਼,* ਪੰਨੇ 11-12, (ਉਧਰਿਤ).

5 ਮਨਮੋਹਨ ਸਿੰਘ ਦਾਊਂ (ਸੰਪਾ.), *ਧਰਤ ਪੁਆਧ (ਪਰਾਗਾ ਦੂਜਾ),* ਪੰਚਨਦ ਪ੍ਰਕਾਸ਼ਨ, ਲਾਂਬੜਾ, ਜਲੰਧਰ, ਪੰਜਾਬ, 2016, ਪੰਨਾ 20.

(ਮੋਹਾਲੀ) ਤੱਕ ਨਿਰਧਾਰਿਤ ਕੀਤੀ ਹੈ। ਇਸ ਲਈ ਪੁਆਧ ਖੇਤਰ ਦੇ ਇਹਨਾਂ ਦੋਵਾਂ ਜਿਲ੍ਹਿਆਂ ਦੇ ਸਿੱਖ ਧਾਰਮਿਕ ਅਸਥਾਨਾਂ ਦਾ ਅਧਿਐਨ ਨਿਮਨ ਅਨੁਸਾਰ ਕਰਨ ਦਾ ਯਤਨ ਕੀਤਾ ਹੈ :

I. ਜ਼ਿਲ੍ਹਾ ਰੂਪਨਗਰ ਦੇ ਸਿੱਖ ਧਾਰਮਿਕ ਅਸਥਾਨ

II. ਜ਼ਿਲ੍ਹਾ ਐਸ.ਏ.ਐਸ. ਨਗਰ (ਮੋਹਾਲੀ) ਦੇ ਸਿੱਖ ਧਾਰਮਿਕ ਅਸਥਾਨ

I.

## ਜ਼ਿਲ੍ਹਾ ਰੂਪਨਗਰ ਦੇ ਸਿੱਖ ਧਾਰਮਿਕ ਅਸਥਾਨ

ਰੂਪਨਗਰ ਪੰਜਾਬ ਦੇ ਪੁਰਾਣੇ ਜ਼ਿਲ੍ਹਿਆਂ ਵਿਚ ਸ਼ੁਮਾਰ ਹੁੰਦਾ ਹੈ, ਜਿਥੋਂ ਸੱਭਿਅਤਾ ਦਾ ਮੁੱਢ ਬੱਝਾ ਹੈ। ਇਸਦਾ ਕੇਂਦਰੀ ਨਗਰ ਰੋਪੜ੍ਹ ਹੈ, ਜਿੱਥੋਂ ਹੜੱਪਾ ਸਭਿਅਤਾ ਦੇ ਨਾਲ ਸੰਬੰਧਿਤ ਚਿੰਨ੍ਹ ਮਿਲੇ ਹਨ, ਜੋ ਇਸਦੇ ਪ੍ਰਾਚੀਨ ਹੋਣ ਦੀ ਸ਼ਾਹਦੀ ਭਰਦੇ ਹਨ। ਰਾਜਪੂਤੀ ਕਾਲ ਵਿਚ ਇਸਨੂੰ ਰੂਪਚੰਦ ਰਾਜਪੂਤ ਨੇ ਵਸਾਇਆ ਸੀ ਜਿਸ ਤੋਂ ਇਸਦਾ ਨਾਂ ਰੂਪਨਗਰ ਪਿਆ। ਇਸ ਬਾਰੇ *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼* ਵਿਚ ਇੰਞ ਲਿਖਿਆ ਹੈ, "ਰੂਪਨਗਰ, ਰੂਪਚੰਦ ਰਾਜਪੂਤ ਦਾ ਵਸਾਇਆ ਨਗਰ ਹੈ ਜਿਹੜਾ ਕਿ ਸਤਲੁਜ ਦੇ ਕਿਨਾਰੇ ਤੇ ਹੈ। ਸਰਦਾਰ ਹਰੀ ਸਿੰਘ ਰਈਸ ਸਿਆਲਬਾ ਨੇ ਇਸ ਨੂੰ ਸਨ 1763 ਵਿਚ ਜਿੱਤਕੇ ਆਪਣੇ ਕਬਜੇ ਵਿਚ ਕੀਤਾ। ਹਰੀ ਸਿੰਘ ਦੇ ਪੁੱਤਰ ਚੜ੍ਹਤ ਸਿੰਘ ਨੇ ਰੋਪੜ੍ਹ ਨੂੰ ਆਪਣੀ ਰਿਆਸਤ ਦਾ ਮੁੱਖ ਨਗਰ ਬਣਾਇਆ ਸੀ। ਸਨ 1831 ਵਿਚ ਇੱਥੇ ਮਹਾਰਾਜਾ ਰਣਜੀਤ ਸਿੰਘ ਅਤੇ ਲਾਰਡ ਬੈਂਟਿੰਕ ਦੀ ਸੰਧੀ ਹੋਈ ਸੀ। ਸੰਨ 1846 ਵਿਚ ਰੋਪੜ੍ਹ ਅੰਗਰੇਜ਼ੀ ਰਾਜ ਵਿਚ ਮਿਲਿਆ ਸੀ।"[6]

ਇਸ ਤਰ੍ਹਾਂ ਰੂਪਨਗਰ ਕਾਫੀ ਪੁਰਾਣਾ ਸ਼ਹਿਰ ਹੈ, ਇਸ ਨੂੰ ਰੋਪੜ੍ਹ ਵੀ ਕਿਹਾ ਜਾਂਦਾ ਹੈ। ਮੌਜੂਦਾ ਸਮੇਂ ਵਿਚ ਵੀ ਇਸ ਜ਼ਿਲ੍ਹੇ ਦਾ ਖੇਤਰ ਕਾਫੀ ਵਿਸ਼ਾਲ ਹੈ ਜਿਸ ਵਿਚ ਪੰਜ ਤਹਿਸੀਲਾਂ ਰੂਪਨਗਰ, ਨੰਗਲ, ਅਨੰਦਪੁਰ ਸਾਹਿਬ, ਚਮਕੌਰ ਸਾਹਿਬ ਅਤੇ ਮੋਰਿੰਡਾ ਹਨ। ਇਹਨਾਂ ਵਿਚੋਂ ਚਾਰ ਤਹਿਸੀਲਾਂ ਦਾ ਸ਼ੁਮਾਰ ਪੁਆਧ ਖੇਤਰ ਵਿਚ ਹੁੰਦਾ ਹੈ ਪਰ ਨੰਗਲ ਦਾ ਨਹੀਂ। ਇਸ ਲਈ ਜ਼ਿਲ੍ਹਾ ਰੂਪਨਗਰ ਵਿਚ ਅਸੀਂ ਆਪਣੇ ਅਧਿਐਨ ਖੇਤਰ ਨੂੰ ਇਹਨਾਂ ਚਾਰ ਤਹਿਸੀਲਾਂ ਤੱਕ ਨਿਸਚਿਤ ਕੀਤਾ ਹੈ।

---

[6] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 1050.

ਇਸ ਜ਼ਿਲ੍ਹੇ ਦਾ ਸੰਬੰਧ ਸਿੱਖ ਧਰਮ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਹੀ ਜੁੜ ਗਿਆ ਸੀ। ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਇਹ ਖੇਤਰ ਸਿੱਖ ਸਰਗਰਮੀਆਂ ਦਾ ਕੇਂਦਰ ਬਣ ਗਿਆ ਸੀ, ਜੋ ਕਿ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਤੱਕ ਰਿਹਾ। ਇਸ ਲਈ ਇਹ ਜ਼ਿਲ੍ਹਾ ਗੁਰੂ ਸਾਹਿਬਾਨ ਨਾਲ ਗੂੜ੍ਹਾ ਸੰਬੰਧ ਰੱਖਦਾ ਹੈ। ਗੁਰੂ ਸਾਹਿਬਾਨ ਨੇ ਇਸ ਜ਼ਿਲ੍ਹੇ ਦੇ ਕਈ ਪਿੰਡਾਂ ਵਿਚ ਆਪਣੇ ਚਰਨ ਪਾ ਕੇ ਸਿੱਖੀ ਦਾ ਪ੍ਰਚਾਰ ਕੀਤਾ। ਇਹਨਾਂ ਇਲਾਕਿਆਂ ਵਿਚ ਗੁਰੂ ਸਾਹਿਬਾਨ ਅਤੇ ਗੁਰਸਿੱਖਾਂ ਨਾਲ ਸੰਬੰਧਿਤ ਅਨੇਕਾਂ ਇਤਿਹਾਸਕ, ਧਾਰਮਿਕ ਅਸਥਾਨ ਹਨ, ਜਿਹੜੇ ਕਿ ਸਿੱਖ ਧਰਮ ਦੀਆਂ ਅਨੇਕਾਂ ਮਹੱਤਵਪੂਰਨ ਇਤਿਹਾਸਕ ਘਟਨਾਵਾਂ ਦੀ ਸ਼ਾਹਦੀ ਭਰਦੇ ਹਨ। ਇਸਦੇ ਨਾਲ ਹੀ ਬਹੁਤ ਸਾਰੇ ਅਸਥਾਨ ਅਜਿਹੇ ਵੀ ਹਨ, ਜਿਹਨਾਂ ਦਾ ਨਿਰਮਾਣ ਗੁਰੂ ਸਾਹਿਬ ਨੇ ਆਪ ਕਰਵਾਇਆ। ਇਸ ਕਰਕੇ ਇਹਨਾਂ ਅਸਥਾਨਾਂ ਦੀ ਸਮਾਜਿਕ, ਇਤਿਹਾਸਕ ਅਤੇ ਅਧਿਆਤਮਿਕ ਪੱਖ ਤੋਂ ਮਹਾਨਤਾ ਹੋਰ ਵੀ ਵਧ ਜਾਂਦੀ ਹੈ।

## ਸ਼ਹਿਰ ਰੂਪਨਗਰ

ਰੂਪਨਗਰ ਸ਼ਹਿਰ ਭਾਵੇਂ ਰਾਜਪੂਤੀ ਕਾਲ ਵਿਚ ਵਸਿਆ ਸੀ ਪਰ ਮੁਗਲ਼ ਕਾਲ ਤੱਕ ਇਹ ਕੇਂਦਰੀ ਨਗਰ ਰਿਹਾ ਹੈ। ਮੁਗਲ਼ ਕਾਲ ਵਿਚ ਇਹ ਸ਼ਹਿਰ ਸਰਹਿੰਦ ਸਰਕਾਰ ਦਾ ਇਕ ਪਰਗਣਾ ਰਿਹਾ ਹੈ। ਇਸ ਲਈ ਸਿੱਖ ਗੁਰੂ ਸਾਹਿਬਾਨ ਵੀ ਆਪਣੀਆਂ ਯਾਤਰਾਵਾਂ ਦੌਰਾਨ ਇਸ ਨਗਰ ਵਿਚ ਠਹਿਰਦੇ ਰਹੇ। ਇਸ ਸ਼ਹਿਰ ਵਿਚ ਗੁਰੂ ਹਰਿਗੋਬਿੰਦ ਜੀ, ਗੁਰੂ ਹਰਿਰਾਇ ਜੀ, ਗੁਰੂ ਹਰਿਕ੍ਰਿਸ਼ਨ ਜੀ, ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ ਧਾਰਮਿਕ ਅਸਥਾਨ ਸੁਸ਼ੋਭਿਤ ਹਨ। ਸ਼ਹਿਰ ਰੂਪਨਗਰ ਵਿਚ ਦੋ ਅਸਥਾਨ, ਪਹਿਲਾ ਗੁਰਦੁਆਰਾ ਗੁਰੂਗੜ੍ਹ ਸਾਹਿਬ, ਸਦਾਬਰਤ ਅਤੇ ਦੂਜਾ ਅਸਥਾਨ ਸ਼ਹਿਰ ਵਿਚ ਪੁਰਾਤਨ ਟਿੱਬੀ ਦੇ ਕੋਲ ਗੁਰਦਆਰਾ ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਜੀ ਦਾ ਹੈ।

### ਗੁਰਦੁਆਰਾ ਗੁਰੂਗੜ੍ਹ ਸਾਹਿਬ, ਸਦਾਬਰਤ

ਗੁਰਦੁਆਰਾ ਗੁਰੂਗੜ੍ਹ ਸਾਹਿਬ, ਸਦਾਬਰਤ ਰੋਪੜ੍ਹ-ਨੰਗਲ ਸੜਕ ਉਤੇ ਰੋਪੜ੍ਹ ਸ਼ਹਿਰ ਤੋਂ ਲਗਪਗ ਦੋ ਕਿਲੋਮੀਟਰ ਦੀ ਦੂਰੀ ’ਤੇ ਸਥਿਤ ਹੈ ਅਤੇ ਰੋਪੜ੍ਹ ਸ਼ਹਿਰ ਦੇ ਵਾਰਡ ਨੰਬਰ 14 ਵਿਚ ਸੁਸ਼ੋਭਿਤ ਹੈ।

ਰਵਾਇਤ ਅਨੁਸਾਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਇਸ ਅਸਥਾਨ ਉਤੇ, ਡਰੋਲੀ ਤੋਂ ਵਾਪਿਸ

ਆਉਂਦੇ ਸਮੇਂ ਠਹਿਰੇ ਅਤੇ ਫਿਰ ਮਹਿਰਾਜ ਦੀ ਜੰਗ ਜਿੱਤਣ ਤੋਂ ਉਪਰੰਤ ਕੀਰਤਪੁਰ ਸਾਹਿਬ ਨੂੰ ਜਾਂਦੇ ਸਮੇਂ ਸਦਾਬਰਤ ਨਾਮਕ ਅਸਥਾਨ 'ਤੇ ਰੁਕੇ ਸਨ। ਸ੍ਰੀ ਗੁਰੂ ਹਰਿਰਾਇ ਸਾਹਿਬ ਜੀ 1713 ਬਿਕਰਮੀ ਨੂੰ ਇਥੇ ਪਹੁੰਚੇ ਸਨ। ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਜਿਸ ਸਮੇਂ ਔਰੰਗਜ਼ੇਬ ਨੇ ਦਿੱਲੀ ਬੁਲਾਇਆ ਸੀ, ਉਸ ਸਮੇਂ 1720 ਬਿਕਰਮੀ ਨੂੰ ਗੁਰੂ ਜੀ ਕੀਰਤਪੁਰ ਸਾਹਿਬ ਤੋਂ ਚੱਲ ਕੇ ਰੋਪੜ੍ਹ ਹੁੰਦੇ ਹੋਏ ਹੀ ਦਿੱਲੀ ਗਏ ਸਨ।[7] *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਵਿਚ ਲਿਖਿਆ ਹੈ ਕਿ ਗੁਰੂ ਸਾਹਿਬ ਨੇ ਕੀਰਤਪੁਰ ਤੋਂ ਚੱਲ ਕੇ ਪਹਿਲਾ ਡੇਰਾ ਇਥੇ ਹੀ ਕੀਤਾ ਸੀ।[8] ਸ੍ਰੀ ਗੁਰੂ ਤੇਗ ਬਹਾਦਰ ਜੀ ਜਦੋਂ ਪਹਿਲੀ ਵਾਰ ਧਰਮ ਪ੍ਰਚਾਰ ਯਾਤਰਾਵਾਂ ਲਈ ਗਏ ਸਨ ਤਾਂ ਉਸ ਸਮੇਂ ਇਥੇ ਵੀ ਠਹਿਰੇ ਸਨ[9] ਤੇ ਦੂਸਰੀ ਵਾਰ ਆਸਾਮ ਤੋਂ ਵਾਪਸ ਅਨੰਦਪੁਰ ਸਾਹਿਬ ਵੱਲ ਜਾਂਦੇ ਸਮੇਂ ਇਥੇ ਆਏ ਸਨ।[10] ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਟਨਾ ਸਾਹਿਬ ਤੋਂ ਅਨੰਦਪੁਰ ਸਾਹਿਬ ਆਉਂਦੇ ਸਮੇਂ 7 ਸਾਲ ਦੀ ਉਮਰ ਵਿਚ ਸਦਾਬਰਤ ਵਿਖੇ ਰੁਕੇ ਸਨ। ਇਸ ਤੋਂ ਇਲਾਵਾ ਵੀ ਗੁਰੂ ਗੋਬਿੰਦ ਸਿੰਘ ਜੀ ਅਨੇਕਾਂ ਵਾਰ ਇਸ ਅਸਥਾਨ 'ਤੇ ਆਏ। ਗਿਆਨੀ ਠਾਕਰ ਸਿੰਘ, ਗੁਰੂ ਗੋਬਿੰਦ ਸਿੰਘ ਜੀ ਦੀ ਇਥੇ ਆਮਦ ਸੰਬੰਧੀ ਲਿਖਦੇ ਹਨ, "ਸ੍ਰੀ ਪਾਉਂਟੇ ਸਾਹਿਬ ਜੀ ਨੂੰ ਜਾਂਦੇ ਹੋਏ ਮਹਾਰਾਜ ਜੀ ਸ੍ਰੀ ਅਨੰਦਪੁਰ ਜੀ ਤੋਂ ਟੁਰ, ਏਥੇ ਇਕ ਦਿਨ ਰਹੇ।"[11]

ਮੇਜਰ ਗੁਰਮੁਖ ਸਿੰਘ ਇਸ ਅਸਥਾਨ ਸੰਬੰਧੀ ਲਿਖਦੇ ਹਨ, "Ropar on the southern route

---

[7] ਸ੍ਰਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ,* ਪੰਨਾ 61.

[8] *ਕੀਰਤਪੁਰਿ ਤੇ ਸਤਿਗੁਰੂ ਪ੍ਰਿਥਮ ਸਿਵਰ ਕੋ ਕੀਨਿ।*
*ਨਿਸਾ ਬਸੇ ਬਿਸ੍ਰਾਮ ਕੈ ਪੁਨ ਪ੍ਰਭਾਤਿ ਕੋ ਚੀਨ।।*
-ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਦਸਵੀਂ), ਭਾਈ ਵੀਰ ਸਿੰਘ (ਸੰਪਾ), ਭਾਸ਼ਾ ਵਿਭਾਗ, ਪੰਜਾਬ, 2011, ਪੰਨਾ 3903.

[9] *ਸਨੇ ਸਨੇ ਚਲਿ ਮਗ ਬਿਚਰੰਤੇ। ਮਿਲਹਿ ਜੁ ਸਿੱਖ ਉਧਾਰ ਕਰੰਤੇ।।43।।*
*ਜਹਾਂ ਜਾਇਂ ਸਿਖ ਸੁਨਿ ਗਨ ਆਵੈਂ। ਸਭਿ ਡੇਰੇ ਕੀ ਸੇਵ ਕਮਾਵੈਂ।*
*ਰੋਪਰ ਨਗਰ ਉਲੰਘਤਿ ਆਏ। ਇਮ ਚਲਿ ਬਸੇ ਗ੍ਰਾਮ ਸਮੁਦਾਏ।।44।।*
-ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਦਸਵੀਂ), ਪੰਨਾ 4101.

[10] *ਇਮ ਹੀ ਕਰਤਿ ਉਲੰਘਿ ਮਗ ਆਏ। ਤਰਿ ਜਮਨਾ ਕੋ ਅੱਗ੍ਰ ਸਿਧਾਏ।*
*ਸਿੱਖੀ ਬਿਸਤਾਰਤਿ ਜਹਿਂ ਕਹਾਂ। ਸੱਤਿਨਾਮ ਉਪਦੇਸ਼ਤਿ ਮਹਾਂ।।26।।*
*ਰੋਪੜ ਨਗਰ ਉਲੰਘਨਿ ਕਰਿਕੈ। ਕੀਰਤ ਪੁਰਿ ਪਹੁੰਚੇ ਮਗ ਚਰਿਕੈ।*
-ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਦਸਵੀਂ), ਪੰਨਾ 4330.

[11] ਗਿਆਨੀ ਠਾਕਰ ਸਿੰਘ, *ਸ੍ਰੀ ਗੁਰਦੁਆਰੇ ਦਰਸ਼ਨ,* ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2005, ਪੰਨੇ 221.

to Kiratpur and Anandpur, all the Gurus from Guru Hargobind to Guru Gobind Singh must have stayed here or at least passed by it at one time or the other, but no shrine had been estabilished untill Raja Bhup Singh of Ropar built a Gurdwara during the first half of the nineteenth century. It is called Gurdwara Gurugarh Sahib (Sada Vart)."[12] ਉਕਤ ਤੋਂ ਪਤਾ ਚੱਲਦਾ ਹੈ ਕਿ ਇਸ ਅਸਥਾਨ ਤੇ ਪੰਜ ਗੁਰੂ ਸਾਹਿਬਾਨ (ਸ੍ਰੀ ਗੁਰੂ ਹਰਗੋਬਿੰਦ ਸਾਹਿਬ, ਸ੍ਰੀ ਗੁਰੂ ਹਰਿਰਾਇ ਸਾਹਿਬ, ਸ੍ਰੀ ਗੁਰੂ ਹਰਿਕ੍ਰਿਸ਼ਨ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਦੇ ਪਵਿੱਤਰ ਚਰਨ ਪਏ ਹੋਣ ਕਰਕੇ, ਇਸਨੂੰ 'ਗੁਰਦੁਆਰਾ ਗੁਰੂਗੜ੍ਹ ਸਾਹਿਬ' ਆਖਿਆ ਜਾਂਦਾ ਹੈ।

ਇਸ ਗੁਰਦੁਆਰੇ ਦੀ ਉਸਾਰੀ ਰੋਪੜ੍ਹ ਦੇ ਰਾਜਾ ਭੂਪ ਸਿੰਘ ਨੇ ਕਰਵਾਈ ਅਤੇ ਉਸਨੇ ਇਥੇ ਕੜਾਹ ਪ੍ਰਸ਼ਾਦ ਦਾ ਲੰਗਰ ਸ਼ੁਰੂ ਕੀਤਾ ਸੀ। ਕੀਰਤਪੁਰ ਸਾਹਿਬ, ਅਨੰਦਪੁਰ ਸਾਹਿਬ, ਮਾਤਾ ਨੈਣਾ ਦੇਵੀ ਮੰਦਰ, ਹਿਮਾਚਲ ਪ੍ਰਦੇਸ਼ ਨੂੰ ਜਾਣ ਵਾਲੇ ਸ਼ਰਧਾਲੂ ਇਸ ਸਥਾਨ 'ਤੇ ਰੁਕਦੇ ਸਨ ਤੇ ਕੜਾਹ ਪ੍ਰਸ਼ਾਦ ਛਕਦੇ ਸਨ।

ਇਥੇ ਸਦਾ ਲੰਗਰ ਵਰਤਦਾ ਰਹਿੰਦਾ ਹੋਣ ਕਾਰਨ ਇਸਦੇ ਨਾਂ ਨਾਲ 'ਸਦਾਵਰਤ' ਸਦਾ ਲਈ ਜੁੜ ਗਿਆ ਅਤੇ ਗੁਰੂ ਸਾਹਿਬਾਨ ਦੇ ਕਈ ਵਾਰੀ ਪੜਾਅ ਕਰਨ ਕਰਕੇ ਗੁਰੂਗੜ੍ਹ, ਗੁਰੂਆਂ ਦਾ ਗੜ੍ਹ ਪੈ ਗਿਆ। ਹੁਣ ਇਸ ਨੂੰ ਗੁਰਦੁਆਰਾ ਸਦਾਵਰਤ ਹੀ ਕਿਹਾ ਜਾਂਦਾ ਹੈ।[13]

ਇਥੇ ਇਕ ਸਾਫ ਪਾਣੀ ਦਾ ਤਲਾਅ ਹੁੰਦਾ ਸੀ, ਜਿਸ ਨੂੰ ਰਾਜਾ ਭੂਪ ਸਿੰਘ ਨੇ ਗੁਰੂ ਸਾਹਿਬਾਨ ਦੀ ਬਖਸ਼ਿਸ਼ ਮੰਨ ਕੇ ਉਥੇ ਖੂਹ ਲਗਵਾ ਦਿੱਤਾ। 1959-60 ਈਸਵੀ ਨੂੰ ਬੀਬੀ ਕਰਤਾਰ ਕੌਰ, ਪ੍ਰਧਾਨ ਸਤਿਸੰਗ ਇਸਤਰੀ ਸਭਾ, ਰੋਪੜ੍ਹ ਨੇ ਸੰਗਤਾਂ ਦੇ ਸਹਿਯੋਗ ਨਾਲ ਉਸ ਖੂਹ ਨੂੰ ਬਾਉਲੀ ਦਾ ਰੂਪ ਦੇ ਦਿੱਤਾ। ਇਸ ਤੋਂ ਬਾਅਦ ਮਹੰਤ ਹਰਨਾਮ ਸਿੰਘ ਨੇ ਬਾਉਲੀ ਦੀ ਮੁਰੰਮਤ ਕਰਵਾਈ ਅਤੇ ਇਸ ਨੂੰ ਨਵੀਨ ਦਿੱਖ

---

12 Major Gurmukh Singh, *Historical Sikh Shrines,* Singh Brothers, Amritsar, 1995, Page 165.

13 ਭਾਈ ਸੁਰਿੰਦਰ ਸਿੰਘ ਖ਼ਾਲਸਾ, *ਇਤਿਹਾਸ ਬੋਲਦਾ ਹੈ,* ਪ੍ਰਕਾਸ਼ਕ ਗੁਰਦੁਆਰਾ ਮਾਤਾ ਗੁਜਰ ਕੌਰ ਜੀ ਅਤੇ ਛੋਟੇ ਸਾਹਿਬਜ਼ਾਦੇ (ਯਾਦਗਾਰ ਛੰਨ ਬਾਬਾ ਕੁੰਮਾ ਮਾਸ਼ਕੀ ਜੀ), ਪਿੰਡ ਚੱਕ ਢੇਰਾ, 2017 (ਦੂਜੀ ਵਾਰ), ਪੰਨਾ 47.

ਅਨੁਸਾਰ ਬਾਬਾ ਅਵਤਾਰ ਸਿੰਘ, ਟਿੱਬੀ ਸਾਹਿਬ (ਰੋਪੜ੍ਹ) ਵਾਲਿਆਂ ਨੇ ਸੇਵਾ ਕਰਵਾਈ ਸੀ।[14]

ਸਭ ਤੋਂ ਪਹਿਲੀ ਵਾਰ ਇਥੇ ਇਕ ਕਮਰੇ ਦੇ ਰੂਪ ਵਿਚ ਗੁਰਦੁਆਰਾ ਸਾਹਿਬ ਦੀ ਇਮਾਰਤ ਰਾਜਾ ਭੂਪ ਸਿੰਘ ਨੇ ਬਣਵਾਈ ਸੀ। 1846 ਈਸਵੀ ਵਿਚ ਰਾਜਾ ਭੂਪ ਸਿੰਘ ਦੇ ਰਾਜ ਉਤੇ ਅੰਗਰੇਜ਼ਾਂ ਨੇ ਕਬਜਾ ਕਰ ਲਿਆ ਅਤੇ ਉਸ ਨੂੰ ਸਹਾਰਨਪੁਰ ਭੇਜ ਦਿੱਤਾ। ਉਸ ਸਮੇਂ ਤੋਂ ਬਾਅਦ ਇਸ ਅਸਥਾਨ ਉਤੇ ਉਦਾਸੀ ਮਹੰਤਾਂ ਨੇ ਕਬਜਾ ਕਰ ਲਿਆ ਸੀ। ਉਪਰੰਤ 1930 ਈਸਵੀ ਵਿਚ ਬਾਬਾ ਕਰਤਾਰ ਸਿੰਘ ਨਿਹੰਗ ਨੇ ਇਸ ਅਸਥਾਨ ਨੂੰ ਗੁਰਦੁਆਰੇ ਵਜੋਂ ਮੁੜ ਉਭਾਰਿਆ। 1956 ਈਸਵੀ ਵਿਚ ਮਹੰਤ ਹਰਨਾਮ ਸਿੰਘ ਸੁਖਰਾਮਪੁਰ ਟੱਪਰੀਆਂ ਪਿੰਡ ਵਾਲੇ ਇਥੇ ਸੇਵਾ ਕਰਵਾਉਣ ਲੱਗ ਪਏ। ਉਹਨਾਂ ਦੇ ਦੇਹਾਂਤ ਤੋਂ ਉਪਰੰਤ 1994 ਈਸਵੀ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਗੁਰਦੁਆਰੇ ਦੀ ਨਵੀਂ ਇਮਾਰਤ ਦੀ ਉਸਾਰੀ ਦੀ ਸੇਵਾ ਬਾਬਾ ਅਵਤਾਰ ਸਿੰਘ, ਟਿੱਬੀ ਸਾਹਿਬ, ਰੋਪੜ੍ਹ ਵਾਲਿਆਂ ਨੂੰ ਸੌਂਪ ਦਿੱਤੀ। ਜਿਨਾਂ ਨੇ ਸੰਗਤਾਂ ਦੇ ਸਹਿਯੋਗ ਨਾਲ ਸੇਵਾ ਕਰਵਾਈ ਅਤੇ ਫਿਰ ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਇਮਾਰਤ ਨੂੰ ਪੂਰਾ ਕਰਵਾਇਆ।[15] ਇਸ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸਥਾਨਕ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਕਰਦੀ ਹੈ।

ਹਰ ਸਾਲ ਪੋਹ ਦੇ ਮਹੀਨੇ ਵਿਚ ਸ਼ਹੀਦੀ ਪੰਦਰਵਾੜੇ ਦੇ ਦਿਨਾਂ ਵਿਚ ਗੁਰਦੁਆਰਾ ਗੁਰੂਗੜ੍ਹ ਸਾਹਿਬ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਵਿਸ਼ਾਲ ਨਗਰ ਕੀਰਤਨ ਕੱਢਿਆ ਜਾਂਦਾ ਹੈ, ਜੋ ਕਿ ਇਤਿਹਾਸਕ ਗੁਰਦੁਆਰਾ ਪਾਤਸ਼ਾਹੀ ਦਸਵੀਂ ਸ੍ਰੀ ਭੱਠਾ ਸਾਹਿਬ (ਰੋਪੜ੍ਹ) ਪਹੁੰਚਦਾ ਹੈ। ਇਸ ਤੋਂ ਇਲਾਵਾ ਇਥੇ ਹਰ ਸਾਲ ਲੋਹੜੀ ਅਤੇ ਤਿੰਨ ਦਿਨ ਮਾਘੀ ਦਾ ਮੇਲਾ ਮਨਾਇਆ ਜਾਂਦਾ ਹੈ।

## ਗੁਰਦੁਆਰਾ ਗੁਰੂ ਕੇ ਮਹਿਲ (ਮਾਤਾ ਸੁੰਦਰ ਕੌਰ ਜੀ ਅਤੇ ਸਾਹਿਬ ਕੌਰ ਜੀ)

ਇਹ ਅਸਥਾਨ ਰੋਪੜ੍ਹ ਸ਼ਹਿਰ ਵਿਚ ਸਰਹਿੰਦ ਨਹਿਰ ਤੋਂ ਗਿਆਨੀ ਜੈਲ ਸਿੰਘ ਨਗਰ ਵੱਲ ਜਾਂਦਿਆਂ, ਪੁਰਾਤਨ ਟਿੱਬੀ ਦੇ ਕੋਲ ਹੀ ਉਚੇ ਅਸਥਾਨ ਉਤੇ ਤੰਗ ਗਲੀਆਂ ਵਿਚ ਬਣਿਆ ਹੋਇਆ ਹੈ। ਇਸ

---

[14] ਭਾਈ ਸੁਰਿੰਦਰ ਸਿੰਘ ਖ਼ਾਲਸਾ, *ਇਤਿਹਾਸ ਬੋਲਦਾ ਹੈ,* ਪੰਨਾ 52.

[15] ਉਹੀ, ਪੰਨੇ 45-47.

ਅਸਥਾਨ ਦੀ ਨਿਸ਼ਾਨਦੇਹੀ ਸੰਨ 2017 ਵਿਚ ਹੋਈ ਸੀ।

ਇਸ ਅਸਥਾਨ ਦੇ ਇਤਿਹਾਸ ਸੰਬੰਧੀ ਭਾਈ ਸੰਤੋਖ ਸਿੰਘ ਜੀ *ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ* ਵਿਚ ਲਿਖਦੇ ਹਨ ਕਿ ਦਿੱਲੀ ਦਾ ਇਕ ਸਿੱਖ ਅਨੰਦਪੁਰ ਛੱਡਣ ਸਮੇਂ ਗੁਰੂ ਜੀ ਦੇ ਲਸ਼ਕਰ ਵਿਚ ਸੀ ਅਤੇ ਉਸ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਸ ਦੀ ਸਮਰੱਥਾ ਵਾਲੀ ਕੋਈ ਸੇਵਾ ਬਖਸ਼ੋ। ਗੁਰੂ ਜੀ ਨੇ ਉਸ ਨੂੰ ਆਖਿਆ ਕਿ ਤੂੰ ਚੰਗੇ ਮੌਕੇ 'ਤੇ ਆਇਆ ਹੈਂ। ਵਹੀਰ ਵਿਚ ਦੋ ਡੋਲੇ (ਮਾਤਾਵਾਂ ਦੇ) ਜਾ ਰਹੇ ਹਨ, ਇਹਨਾਂ ਨੂੰ ਰੋਪੜ੍ਹ ਕਿਸੇ ਦੇ ਘਰ ਉਤਾਰਾ ਕਰਵਾ ਦੇਣਾ। ਉਸ ਸਿੱਖ ਨੇ ਗੁਰੂ ਜੀ ਨੂੰ ਦੱਸਿਆ ਕਿ ਰੋਪੜ੍ਹ ਵਿਚ ਮੇਰੇ ਰਿਸ਼ਤੇਦਾਰ ਰਹਿੰਦੇ ਹਨ, ਮੈਂ ਮਾਤਾਵਾਂ ਨੂੰ ਉਹਨਾਂ ਦੇ ਘਰ ਠਹਿਰਾ ਦੇਵਾਂਗਾ :

*ਦਿੱਲੀ ਕੋ ਬਸਨੀਕ ਏਕ ਸਿੱਖ ਲਸ਼ਕਰ ਬਿਖੈ।*
*ਔਚਕ ਆਇ ਨਜੀਕ ਕਰੀ ਚਰਨ ਗੁਰ ਬੰਦਨਾ।।28।।*
*'ਕਹੋ ਆਪ ਕੁਛ ਕਾਜ, ਜੋ ਮੋ ਤੇ ਕੁਛ ਬਨਿ ਸਕੈ।*
*ਰਾਜਨ ਕੇ ਮਹਾਰਾਜ ! ਸਕਲ ਕਲਾ ਸਮਰੱਥ ਤੁਮ '।।29।।*
*ਸ੍ਰੀ ਮੁਖ ਤੇ ਕਹਿਂ ਤਾਂਹਿ ਨੀਕੇ ਅਵਸਰ ਮਹਿਂ ਮਿਲਜੋ ।*
*ਜਾਤ ਬਿਹੀਰੈ ਮਾਂਹਿ ਜੁਗ ਡੋਰੇ ਤਿਨ ਸੋਂ ਮਿਲੋ।।30।।*
*ਪੁਨ ਰੋਪਰ ਕੇ ਬੀਚ ਕਿਸਕੇ ਸਦਨ ਉਤਾਰ ਦਿਹੁ।*
*ਲਖੈ ਉਚ ਨਹਿਂ ਨੀਚ, ਨਹਿਂ ਸ਼ੰਕਾ ਚਿਤ ਧਾਰੀਅਹਿ।।31।।*
*ਸਿੱਖ ਬੋਲਜੋ ਕਰ ਬੰਦਿ ਮਮ ਸਨਬੰਧੀ ਘਰ ਬਸਹਿਂ।*
*ਕਰਹੁ ਸਹਾਇ ਬਿਲੰਦ ਤਹਾਂ ਉਤਾਰੌਂ ਜਾਇ ਕਰਿ।।32।।*[16]

ਇਸ ਤੋਂ ਬਾਅਦ ਉਹ ਸਿੱਖ, ਮਾਤਾਵਾਂ ਨੂੰ ਇਸ ਅਸਥਾਨ ਉਤੇ ਲੈ ਆਇਆ ਅਤੇ ਇਕ ਰਾਤ ਠਹਿਰਨ ਤੋਂ ਬਾਅਦ ਦਿੱਲੀ ਵੱਲ ਨੂੰ ਚਾਲੇ ਪਾ ਦਿੱਤੇ :

*ਯੌਂ ਕਹਿਕੈ ਨਿਜ ਸੰਗ ਲਏ ਤਮ ਬ੍ਰਿੰਦ ਹੁਤੇ ਘਰ ਮਹਿਂ ਉਤਰਾਏ।*

[16] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* (ਜਿਲਦ ਤੇਰਵੀਂ), ਪੰਨੇ 5868-69.

*ਏਕ ਹੀ ਰਾਤ ਬਸੇ ਪੁਰ ਰੋਪਰ ਭੋਰ ਹ੍ਵੈ ਗਾਡੀ ਮੈਂ ਲੀਨ ਚਢਾਏ।*

*ਦਿੱਲੀ ਕੇ ਪੰਥ ਪਰੇ ਤਬਿ ਹੂੰ ਚਲਿ ਕੈ ਦਿਨ ਕੇਤਕਿ ਮਹਿਂ ਤਹਿਂ ਆਏ॥...॥36॥* [17]

ਲਗਪਗ ਤਿੰਨ ਸਦੀਆਂ ਤੱਕ ਇਸ ਅਸਥਾਨ ਬਾਰੇ ਸਿੱਖਾਂ ਦੁਆਰਾ ਕੋਈ ਵੀ ਖੋਜ ਨਾ ਕੀਤੀ ਗਈ। ਫਿਰ ਕਾਫੀ ਸਮੇਂ ਤੋਂ ਭਾਈ ਸੁਰਿੰਦਰ ਸਿੰਘ ਖ਼ਾਲਸਾ (ਖਜੂਰਲਾ ਵਾਲੇ) ਇਸ ਅਸਥਾਨ ਦੀ ਖੋਜ ਵਿਚ ਲੱਗੇ ਹੋਏ ਸਨ ਕਿ ਦੋਵੇਂ ਮਾਤਾਵਾਂ ਰੋਪੜ੍ਹ ਵਿਚ ਕਿਸ ਅਸਥਾਨ ਤੇ ਇਕ ਰਾਤ ਠਹਿਰੀਆਂ ਸਨ। ਉਹਨਾਂ ਨੇ ਕਾਫੀ ਮਿਹਨਤ ਅਤੇ ਖੋਜ ਤੋਂ ਬਾਅਦ ਇਸ ਅਸਥਾਨ ਦੀ ਭਾਲ ਕਰਕੇ ਜਸਪਾਲ ਕੌਰ ਅਰੋੜਾ ਪਤਨੀ ਸਵ. ਗੁਰਕ੍ਰਿਪਾਲ ਸਿੰਘ ਅਰੋੜਾ ਪਾਸੋਂ ਖਰੀਦ ਲਿਆ।[18]

ਗੁਰਦੁਆਰੇ ਵਿਚ ਬੋਰਡ ਉਤੇ ਲਿਖੇ ਇਤਿਹਾਸ ਅਨੁਸਾਰ ਸਰਸਾ ਨਦੀ ਦੇ ਕਿਨਾਰੇ ਤੋਂ ਵਿੱਛੜ ਕੇ **7** ਪੋਹ (**21** ਦਸੰਬਰ, **1704** ਈਸਵੀ) ਦੀ ਇਕ ਰਾਤ ਖਾਲਸੇ ਦੀਆਂ ਮਾਤਾਵਾਂ, ਮਾਤਾ ਸੁੰਦਰ ਕੌਰ ਜੀ ਅਤੇ ਮਾਤਾ ਸਾਹਿਬ ਕੌਰ ਜੀ ਨੇ ਇਸ ਅਸਥਾਨ 'ਤੇ ਬਤੀਤ ਕੀਤੀ ਸੀ। ਉਸ ਵੇਲੇ ਭਾਈ ਮਨੀ ਸਿੰਘ, ਭਾਈ ਜਵਾਹਰ ਸਿੰਘ ਅਰੋੜਾ, ਭਾਈ ਧੰਨਾ ਸਿੰਘ ਅਤੇ ਦੋ ਦਾਸੀਆਂ ਬੀਬੀ ਭਾਗੋ ਤੇ ਬੀਬੀ ਬੀਬੋ ਵੀ ਮਾਤਾਵਾਂ ਦੇ ਨਾਲ ਸਨ। ਭਾਈ ਜਵਾਹਰ ਸਿੰਘ ਅਰੋੜਾ ਦੇ ਰਿਸ਼ਤੇਦਾਰ ਏਥੇ ਵਸਦੇ ਸੀ। ਉਹ ਮਾਤਾਵਾਂ ਨੂੰ ਆਪਣੇ ਰਿਸ਼ਤੇਦਾਰਾਂ ਦੇ ਘਰ ਲੈ ਆਇਆ ਸੀ। ਬਹੁਤ ਹੀ ਲੁਕਵੇਂ ਤਰੀਕੇ ਨਾਲ ਇਕ ਰਾਤ ਇੱਥੇ ਬਤੀਤ ਕਰਕੇ **8** ਪੋਹ (**22** ਦਸੰਬਰ) ਨੂੰ ਸਵੇਰ ਚੜ੍ਹਨ ਤੋਂ ਪਹਿਲਾਂ ਮੂੰਹ-ਹਨੇਰੇ ਹੀ ਮਾਤਾਵਾਂ ਸਮੇਤ ਇਹ ਸੱਤ ਮੈਂਬਰੀ ਜਥਾ ਬੈਲ-ਗੱਡੀ ਵਿਚ ਸਵਾਰ ਹੋ ਕੇ ਅਗਲੇ ਸਫ਼ਰ ਲਈ ਚੱਲ ਪਿਆ। ਉਸ ਸਮੇਂ ਦੋਨੋਂ ਮਾਤਾਵਾਂ, ਦੋਵੇਂ ਦਾਸੀਆਂ ਅਤੇ ਤਿੰਨਾਂ ਸਿੰਘਾਂ ਨੇ ਸਥਾਨਕ ਮੁਸਲਮਾਨਾਂ ਵਰਗੇ ਮਰਦਾਵੇਂ ਪਹਿਰਾਵੇ ਪਹਿਨ ਕੇ ਭੇਸ ਵਟਾਇਆ ਹੋਇਆ ਸੀ। ਇਸ ਅਸਥਾਨ ਤੋਂ ਚੱਲਿਆ ਮਾਤਾਵਾਂ ਦਾ ਇਹ ਗੁਪਤ ਜਥਾ ਅਗਲੇ ਬਿਖੜੇ ਰਾਹਾਂ ਦੀਆਂ ਵਾਟਾਂ ਨਿਬੇੜਦਾ ਹੋਇਆ ਪੁਰਾਣੀ ਦਿੱਲੀ ਦੇ ਮੁਹੱਲਾ ਦਿਲਵਾਲੀ ਸਿੰਘਾਂ 'ਚ ਭਾਈ ਜਵਾਹਰ ਸਿੰਘ ਅਰੋੜਾ ਦੀ ਹਵੇਲੀ 'ਚ ਠਹਿਰਿਆ। ਸਿੱਖ ਸੰਗਤਾਂ ਨੇ ਇਸ ਇਤਿਹਾਸਕ ਘਰ ਨੂੰ ਬਣਦੀ ਭੇਟਾ ਦੇ ਕੇ *ਗੁਰੂ ਗ੍ਰੰਥ ਸਾਹਿਬ ਜੀ* ਦੇ ਨਾਂ ਤੇ ਲਿਖਤ ਕਰਵਾ ਲਿਆ। ਘਰ ਦੀ ਉਪਰਲੀ ਮੰਜਿਲ ਉਤੇ ਮਿਤੀ **12** ਫਰਬਰੀ, **2017** ਦਿਨ

---

[17] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* (ਜਿਲਦ ਤੇਰਵੀਂ), ਪੰਨਾ 5869.

[18] ਭਾਈ ਸੁਰਿੰਦਰ ਸਿੰਘ ਖ਼ਾਲਸਾ, *ਇਤਿਹਾਸ ਬੋਲਦਾ ਹੈ,* ਪੰਨੇ 9-30.

ਐਤਵਾਰ ਨੂੰ ਕੇਸਰੀ ਨਿਸ਼ਾਨ ਸਾਹਿਬ ਝੂਲਾ ਦਿੱਤਾ ਹੈ। ਮਿਤੀ **19** ਫਰਬਰੀ, **2017** ਦਿਨ ਐਤਵਾਰ ਨੂੰ *ਗੁਰੂ ਗ੍ਰੰਥ ਸਾਹਿਬ ਜੀ* ਦਾ ਪ੍ਰਕਾਸ਼ ਕਰਕੇ ਖਾਲਸੇ ਦੀਆਂ ਮਾਤਾਵਾਂ ਦੀ ਇਤਿਹਾਸਕ ਯਾਦਗਾਰ 'ਗੁਰਦੁਆਰਾ ਗੁਰੂ ਕੇ ਮਹਿਲ (ਮਾਤਾ ਸੁੰਦਰ ਕੌਰ ਜੀ ਅਤੇ ਮਾਤਾ ਸਾਹਿਬ ਕੌਰ ਜੀ)' ਕਾਇਮ ਕਰ ਦਿੱਤੀ ਗਈ ਹੈ।[19]

ਇਸ ਗੁਰਦਆਰੇ ਵਿਚ ਹੇਠਾਂ ਦੋ ਕਮਰੇ ਹਨ ਜਿਹਨਾਂ ਵਿਚ ਗ੍ਰੰਥੀ ਸਿੰਘ ਦੀ ਰਿਹਾਇਸ਼ ਹੈ, ਜਿਸ ਵਿਚ ਉਸਦਾ ਪਰਿਵਾਰ ਰਹਿੰਦਾ ਹੈ। ਪਹਿਲੀ ਮੰਜਿਲ ਦੇ ਇਕ ਕਮਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਹੈ ਅਤੇ ਛੱਤ ਦੇ ਉਤੇ ਛੋਟਾ ਜਿਹਾ ਨਿਸ਼ਾਨ ਸਾਹਿਬ ਲਗਾਇਆ ਹੋਇਆ ਹੈ। ਮੌਜੂਦਾ ਸਮੇਂ ਵਿਚ ਇਸ ਅਸਥਾਨ ਦੀ ਸੇਵਾ-ਸੰਭਾਲ, ਪ੍ਰਬੰਧਕ ਕਮੇਟੀ 'ਗੁਰਦੁਆਰਾ ਮਾਤਾ ਗੁਜਰ ਕੌਰ ਜੀ ਅਤੇ ਛੋਟੇ ਸਾਹਿਬਜ਼ਾਦੇ (ਯਾਦਗਾਰ ਛੰਨ ਬਾਬਾ ਕੁੰਮਾ ਮਾਸ਼ਕੀ ਜੀ)' ਹੀ ਕਰਦੀ ਹੈ।

## ਕੋਟਲਾ ਨਿਹੰਗ

ਕੋਟਲਾ ਨਿਹੰਗ ਨਾਮਕ ਅਸਥਾਨ, ਰੂਪਨਗਰ-ਚੰਡੀਗੜ੍ਹ ਸੜਕ ਉਤੇ ਰੋਪੜ੍ਹ ਸ਼ਹਿਰ ਤੋਂ ਲਗਪਗ ਦੋ ਕੁ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ, ਜੋ ਕਿ ਇਕ ਪੁਰਾਤਨ ਇਤਿਹਾਸਕ ਪਿੰਡ ਹੈ। ਅੱਜ ਕਲ੍ਹ ਰੂਪਨਗਰ ਸ਼ਹਿਰ ਦਾ ਵਿਸਥਾਰ ਹੋ ਜਾਣ ਕਾਰਨ ਇਹ ਪਿੰਡ, ਸ਼ਹਿਰ ਦੇ ਵਿਚ ਹੀ ਰਲ-ਮਿਲ ਗਿਆ ਹੈ।

ਪਿੰਡ ਕੋਟਲਾ ਨਿਹੰਗ ਖਾਂ ਇਕ ਪੁਰਾਣਾ ਪਿੰਡ ਹੈ, ਜੋ ਕਿ ਸੁਲਤਾਨੀ ਕਾਲ ਵਿਚ ਹੋਂਦ ਵਿਚ ਆਇਆ। ਰਵਾਇਤ ਅਨੁਸਾਰ ਮੁਗ਼ਲਵੰਸ਼ੀ ਸਮਰਕੰਦ ਦਾ ਬਾਦਸ਼ਾਹ ਤੈਮੂਰ, ਜਿਸ ਨੂੰ ਤਿਮਰਲੰਗ ਭੀ ਆਖਦੇ ਹਨ, ਨੇ ਸੰਨ 1398 ਈ. ਨੂੰ ਭਾਰਤ 'ਤੇ ਹਮਲਾ ਕੀਤਾ ਅਤੇ ਉਸਨੇ ਦਿੱਲੀ ਦੇ ਛੋਟੀ ਉਮਰ ਦੇ ਬਾਦਸ਼ਾਹ ਨਾਸਿਰੁੱਦੀਨ ਮਹਿਮੂਦ ਨੂੰ ਹਰਾ ਦਿੱਲੀ ਉਤੇ ਜਿੱਤ ਪ੍ਰਾਪਤ ਕਰ ਲਈ। ਜਦੋਂ ਇਹ ਕਈ ਥਾਈਂ ਕਤਲੇਆਮ ਕਰ, ਕਬਜੇ ਕਰਦਾ ਹੋਇਆ ਆਪਣੇ ਦੇਸ਼ ਨੂੰ ਵਾਪਸ ਚੱਲਿਆ ਤਾਂ ਇਸਨੇ ਵਾਪਸੀ ਸਮੇਂ ਜਿਹੜੇ ਪਠਾਣਾਂ ਨੂੰ ਵਫਾਦਾਰ ਪਾਇਆ, ਉਹਨਾਂ ਨੂੰ ਇਲਾਕੇ ਸੰਭਾਲ ਕੇ, ਜਗੀਰਾਂ ਦੇ ਦਿੱਤੀਆਂ। ਇਸਨੇ ਆਪਣੇ ਇਕ ਹਮ-ਰਕਾਬ ਸ਼ਾਹ ਸੁਲੇਮਾਨ ਨੂੰ ਇਸ ਇਲਾਕੇ ਦੇ ਛੱਪੰਜਾ ਪਿੰਡਾਂ ਦੀ ਜਗੀਰ ਦਿੱਤੀ। ਸ਼ਾਹ ਸੁਲੇਮਾਨ ਨੇ ਕੋਟਲਾ ਦੇ ਢਹੇ ਕਿਲ੍ਹੇ ਨੂੰ ਫਿਰ ਤੋਂ ਬਣਾਇਆ ਅਤੇ ਪਰਿਵਾਰ ਸਹਿਤ ਇੱਥੇ ਆਬਾਦ ਹੋ ਗਿਆ। ਪਠਾਣਾਂ ਦੇ

[19] ਗੁਰਦੁਆਰਾ ਸਾਹਿਬ ਵਿਚ ਲੱਗੇ ਬੋਰਡ 'ਤੇ ਲਿਖੇ ਹੋਏ ਇਤਿਹਾਸ ਅਨੁਸਾਰ।

ਵਸਣ ਕਰਕੇ ਇਸਦਾ ਨਾਮ ਕੋਟ ਪਠਾਣਾਂ ਪੈ ਗਿਆ। ਇੱਥੇ ਸੈਣੀ ਆਦਿ ਹੋਰ ਬਰਾਦਰੀਆਂ ਦੇ ਲੋਕ ਆ ਵਸੇ ਤੇ ਪਿੰਡ ਬੱਝ ਗਿਆ। ਮੁਗਲ ਕਾਲ ਵੇਲੇ ਇਹ ਸਰਹਿੰਦ ਸਰਕਾਰ ਦੇ ਪਰਗਨਾ ਰੋਪੜ੍ਹ ਦੇ ਅਧੀਨ ਆਉਂਦਾ ਸੀ। ਸ਼ਾਹ ਸੁਲੇਮਾਨ ਦਾ ਪੜਪੋਤਾ ਸ਼ਮਸ਼ ਖਾਂ ਹੋਇਆ ਜਿਸਦੇ ਕੋਈ ਔਲਾਦ ਨਹੀਂ ਸੀ। ਉਹ ਇਸ ਗੱਲ ਕਾਰਨ ਇਹ ਕਾਫੀ ਚਿੰਤਤ ਰਹਿੰਦਾ ਸੀ। ਜਦੋਂ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਜੀ ਗਵਾਲੀਅਰ ਤੋਂ ਮੁੜਦੇ ਹੋਏ ਇਸ ਇਲਾਕੇ ਵਿਚ ਆਏ ਤਾਂ ਨੌਰੰਗ ਖਾਂ ਦੇ ਸੰਬੰਧੀਆਂ ਨੇ ਉਸਨੂੰ ਸਲਾਹ ਦਿੱਤੀ ਕਿ ਤੂੰ ਛੇਵੇਂ ਪਾਤਸ਼ਾਹ ਦੀ ਸੇਵਾ ਕਰ ਤਾਂ ਉਹ ਜਰੂਰ ਤੈਨੂੰ ਔਲਾਦ ਦਾ ਵਰ ਦੇਣਗੇ। ਉਸਨੇ ਗੁਰੂ ਜੀ ਨੂੰ ਰਾਜਿਆਂ ਸਮੇਤ ਆਪਣੇ ਕਿਲੇ ਵਿਚ ਰਾਤ ਰੱਖਕੇ ਬੜੀ ਸੇਵਾ ਕੀਤੀ ਅਤੇ ਗੁਰੂ ਜੀ ਨੇ ਉਸਨੂੰ ਸੰਤਾਨ ਪ੍ਰਾਪਤੀ ਦਾ ਵਰਦਾਨ ਦਿੱਤਾ। ਗੁਰੂ ਜੀ ਦੇ ਬਚਨ ਸਦਕਾ ਉਸ ਦੇ ਘਰ ਇਕ ਪੁੱਤਰ ਨੇ ਜਨਮ ਲਿਆ। ਉਸ ਸਮੇਂ ਤੋਂ ਇਹ ਪਰਿਵਾਰ ਗੁਰੂ ਘਰ ਦਾ ਮੁਰੀਦ ਹੋ ਗਿਆ।

*ਗੁਰੂ ਕੀਆਂ ਸਾਖੀਆਂ* ਵਿਚ ਇਸਦਾ ਜਿਕਰ ਇਸ ਤਰ੍ਹਾਂ ਮਿਲਦਾ ਹੈ ਕਿ ਹੰਡੂਰ ਰਿਆਸਤ ਦਾ ਰਾਜਾ ਹਿੰਮਤ ਚੰਦ ਹੰਡੂਰੀ ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਸ਼ਰਧਾਲੂ ਸੀ। ਇਸਦੀ ਇਲਾਕੇ ਨੂੰ ਲੈ ਕੇ ਰੋਪੜ੍ਹ ਦੇ ਨਵਾਬ ਨਾਸਰ ਅਲੀ ਨਾਲ ਹਮੇਸ਼ਾ ਲੜਾਈ ਰਹਿੰਦੀ ਸੀ। ਸੰਮਤ 1692 ਬਿਕ੍ਰਮੀ ਵਿਚ ਰੋਪੜ੍ਹ ਦੇ ਨਵਾਬ ਨਾਸਰ ਅਲੀ ਨੇ ਰਾਜਾ ਹਿੰਮਤ ਚੰਦ ਹੰਡੂਰੀ ਦੇ ਕੁਝ ਇਲਾਕੇ 'ਤੇ ਕਬਜਾ ਕਰ ਲਿਆ, ਇਸਨੇ ਛੇਵੇਂ ਪਾਤਸ਼ਾਹ ਤੋਂ ਮਦਦ ਮੰਗੀ। ਗੁਰੂ ਜੀ ਨੇ ਉਸਦੀ ਮਦਦ ਲਈ ਬਾਬਾ ਗੁਰਦਿੱਤਾ ਜੀ ਨੂੰ ਸੌ ਅਸਵਾਰ ਦੇ ਕੇ ਭੇਜਿਆ। ਬਾਬਾ ਜੀ ਦੁਆਰਾ ਮਦਦ ਕਰਨ ਕਾਰਨ ਰਾਜਾ ਹਿੰਮਤ ਚੰਦ ਹੰਡੂਰੀ ਦੀ ਜਿੱਤ ਹੋਈ। ਹਾਰੇ ਹੋਏ ਨਵਾਬ ਨਾਸਰ ਅਲੀ ਨੇ ਗੁਰੂ ਜੀ ਨਾਲ ਮੇਲ ਕਰਨਾ ਚਾਹਿਆ। ਉਸਨੇ ਕੋਟਲਾ ਪਠਾਣਾਂ ਦੇ ਚੌਧਰੀ ਸ਼ਮਸ਼ ਖਾਂ (ਜੋ ਗੁਰੂ ਜੀ ਦਾ ਸ਼ਰਧਾਲੂ ਸੀ) ਨੂੰ ਗੁਰੂ ਜੀ ਪਾਸ ਸੁਲ੍ਹਾ ਲਈ ਭੇਜਿਆ। ਗੁਰੂ ਜੀ ਨੇ ਨਵਾਬ ਦੀ ਬੇਨਤੀ ਮੰਨ ਰੋਪੜ੍ਹ ਵਿਖੇ ਚਰਨ ਪਾਏ ਅਤੇ ਇਕ ਰਾਤ ਇੱਥੇ ਰਹੇ। ਅਗਲੇ ਦਿਨ ਸ਼ਮਸ਼ ਖਾਂ ਗੁਰੂ ਨੂੰ ਬੇਨਤੀ ਕਰਕੇ ਕੋਟਲਾ ਪਠਾਣਾਂ ਲੈ ਆਇਆ। ਗੁਰੂ ਜੀ ਨੂੰ ਦੋ ਰਾਤਾਂ ਰੱਖ ਕੇ ਖੂਬ ਸੇਵਾ ਕੀਤੀ। ਇੱਥੋਂ ਗੁਰੂ ਜੀ ਲਖਮੀਪੁਰ ਹੁੰਦੇ ਹੋਏ ਵਾਪਸ ਕੀਰਤਪੁਰ ਚਲੇ ਗਏ।[20]

[20] ਸ੍ਵਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ,* ਪਿਆਰਾ ਸਿੰਘ ਪਦਮ (ਸੰਪਾ.), ਸਿੰਘ ਬ੍ਰਦਰਜ਼, ਅੰਮ੍ਰਿਤਸਰ, 2008, (ਛੇਵੀਂ ਵਾਰ), ਪੰਨੇ 41-42.

ਰਵਾਇਤ ਅਨੁਸਾਰ ਸ਼ਮਸ਼ ਖਾਂ ਦਾ ਪੁੱਤਰ ਆਲਮ ਖਾਂ ਸੀ ਅਤੇ ਉਸਦੇ ਘਰ ਪੁੱਤਰ ਨੌਰੰਗ ਖਾਂ ਪੈਦਾ ਹੋਇਆ। ਇਹ ਵੀ ਗੁਰੂ ਘਰ ਦਾ ਬੜਾ ਸ਼ਰਧਾਲੂ ਸੀ। ਨੌਰੰਗ ਖਾਂ ਦੇ ਘਰ ਜਦੋਂ ਬੱਚੇ ਨੇ ਜਨਮ ਲਿਆ ਤਾਂ ਇਹ ਬੱਚੇ ਨੂੰ ਲੈ ਗੁਰੂ ਜੀ ਪਾਸ ਗਏ, ਗੁਰੂ ਜੀ ਨੇ ਇਸਦਾ ਨਾਮ 'ਨਿਹੰਗ ਖਾਂ' ਰੱਖਿਆ। ਨੌਰੰਗ ਖਾਂ[21] ਨੇ ਵਾਪਸ ਆ ਕੇ ਇਸ ਪਿੰਡ ਦਾ ਨਾਮ ਵੀ ਕੋਟਲਾ ਪਠਾਣਾਂ ਤੋਂ ਬਦਲ ਕੇ 'ਕੋਟਲਾ ਨਿਹੰਗ' ਰੱਖ ਦਿੱਤਾ।

**ਗੁਰਦੁਆਰਾ ਭੱਠਾ ਸਾਹਿਬ**

ਗੁਰਦੁਆਰਾ ਭੱਠਾ ਸਾਹਿਬ ਨਾਂ ਦੇ ਅਸਥਾਨ ਨਾਲ ਗੁਰੂ ਗੋਬਿੰਦ ਸਿੰਘ ਜੀ ਅਤੇ ਸੱਤਵੇਂ ਪਾਤਸ਼ਾਹ ਦੇ ਪੁੱਤਰ ਬਾਬਾ ਰਾਮਰਾਇ ਜੀ ਦੇ ਆਉਣ ਦਾ ਇਤਿਹਾਸ ਜੁੜਦਾ ਹੈ। ਇਕ ਮਾਨਤਾ ਇਹ ਵੀ ਹੈ ਕਿ ਇੱਥੇ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਜੀ ਨੇ ਵੀ ਇੱਥੇ ਚਰਨ ਪਾਏ ਸਨ।

*ਗੁਰੂ ਕੀਆਂ ਸਾਖੀਆਂ* ਅਨੁਸਾਰ ਸ੍ਰੀ ਗੁਰੂ ਹਰਿਰਾਇ ਜੀ ਦੇ ਪੁੱਤਰ ਰਾਮਰਾਇ ਜੀ ਦਿੱਲੀ ਤੋਂ ਵਾਪਸ ਆਕੇ ਕੋਟਲਾ ਪਠਾਣਾਂ ਵਿਖੇ ਠਹਿਰੇ ਸਨ।[22]

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਹਿਲੀ ਵਾਰ ਕੋਟਲਾ ਨਿਹੰਗ ਆਉਣ ਦਾ ਜ਼ਿਕਰ *ਗੁਰੂ ਕੀਆਂ ਸਾਖੀਆਂ* ਵਿਚ ਇੰਞ ਕੀਤਾ ਹੋਇਆ ਹੈ, "ਸੰਮਤ ਸਤਰਾਂ ਸੈ ਪੈਂਤਾਲੀਸ ਮੱਘਰ ਮਾਸ ਕੀ ਅਮਾਵਸ ਕੇ ਦਿਹੁੰ ਰੋਪਰ ਕੇ ਨੇੜੇ ਏਕ ਕਸਬੇ ਕੇ ਪਾਸ ਜਾਇ ਡੇਰਾ ਹੋਆ। ਕਸਬੇ ਕਾ ਮਾਲਕ ਨਿਹੰਗ ਖਾਨ ਪਠਾਨ ਥਾ। ਇਸੇ ਗੁਰੂ ਜੀ ਕਾ ਆਨਾ ਸੁਨ ਰੇਜੇ ਤੇ ਰੁਪਏ ਰਾਖ ਜਾਇ ਸਿਜਦਾ ਕੀਆ। ਇਸ ਹਾਥ ਬਾਂਧ ਬੇਨਤੀ ਕੀ, ਪੀਰ ਜੀ ! ਚਲ ਕੇ ਹਮਾਰੇ ਗ੍ਰਹਿ ਕੋ ਪਾਵਨ ਕਰੀਏ, ਸਤਿਗੁਰ ਜੀ ਏਸ ਕੀ ਭਾਵਨਾ ਕੋ ਦੇਖ ਘੋੜੇ ਤੇ ਸਵਾਰ ਹੋਇ ਲਗਾਮ ਹਿਲਾਈ, ਘੋੜੇ ਨੇ ਸਿਰ ਮਾਰਾ ਤੇ ਖਲਾ ਰਹਾ, ਆਗੇ ਨਾ ਗਿਆ। ਦੀਵਾਨ ਭਾਈ ਨੰਦ ਚੰਦ ਨੇ ਚਾਬਕ ਦਿਖਾਈ, ਘੋੜਾ ਚਾਰੇ ਪਾਉਂ ਚੱਕ ਏਕ ਜਲ ਰਹੀ ਰੋੜਾਂ ਕੀ ਭਾਠੀ ਤੇ ਜਾਇ ਖਲਾ ਹੂਆ। ਭਾਠੀ ਸ਼ਾਂਤ ਹੋਇ ਗਈ। ਗੁਰੂ ਜੀ ਘੋੜੇ ਸੇ ਉਤਰ ਦੀਵਾਨ ਜੀ ਸੇ ਕਹਾ। ਯਹਾਂ ਹਮਾਰਾ ਆਸਨ ਵਿਛਾਇ ਦਈਏ। ਗੁਰੂ ਜੀ ਚਉਕੜਾ ਮਾਰ ਆਸਨ ਤੇ ਬੈਠ ਗਏ। ਬਚਨ ਹੋਆ, ਭਾਈ ਸਿੱਖੋ ! ਯਿਹ ਥਾਂਇ ਅਜ਼ਮਤ ਵਾਲੀ ਹੈ।...ਸਮਾਂ

---

[21] ਨੌਰੰਗ ਖਾਂ ਦੀ ਲੜਕੀ 'ਉਮਰੀ' ਜੋ ਕਿ ਮਾਛੀਵਾੜੇ ਵਿਆਹੀ ਹੋਈ ਸੀ। ਉਸ ਦੇ ਪੁੱਤਰ ਨਬੀ ਖਾਂ ਤੇ ਗਨੀ ਖਾਂ ਹੋਏ ਜਿਹੜੇ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਰਧਾਲੂ ਸਨ।

– ਸ੍ਵਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ,* ਪਿਆਰਾ ਸਿੰਘ ਪਦਮ (ਸੰਪਾ.), ਪੰਨੇ 156-57.

[22] ਸ੍ਵਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ,* ਪਿਆਰਾ ਸਿੰਘ ਪਦਮ (ਸੰਪਾ.), ਪੰਨੇ 50-51.

ਪਾਇ ਯਹੀ ਅਸਥਾਨ ਫਿਰ ਜਗਤ ਮੇਂ ਉਜਾਗਰ ਹੋਇਗਾ। ਇਸ ਕੀ ਮਾਨਤਾ ਸਾਰੇ ਜਗਤ ਮੇਂ ਵਧੇਗੀ।... ਆਈ ਰੈਨ ਏਸ ਕੀ ਹਵੇਲੀ ਮੇਂ ਗੁਜ਼ਾਰ ਅਗਲੇ ਦਿਵਸ ਪਠਾਨ ਨਿਹੰਗ ਖਾਨ ਸੇ ਵਿਦਾਇਗੀ ਲੈ ਕੇ ਅਨੰਦਪੁਰ ਕੀ ਤਰਫ ਰਵਾਨਾ ਹੂਏ।"[23]

ਗੁਰੂ ਗੋਬਿੰਦ ਸਿੰਘ ਜੀ, ਦੂਜੀ ਵਾਰ ਸੂਰਜ ਗ੍ਰਹਿਣ ਦੇ ਮੌਕੇ ਕੁਰੂਕੁਸ਼ੇਤਰ ਤੋਂ ਵਾਪਸ ਆਉਂਦੇ ਹੋਏ ਕੁਝ ਸਮਾਂ ਇਥੇ ਠਹਿਰੇ ਸਨ ਅਤੇ ਤੀਜੀ ਵਾਰ ਅਨੰਦਪੁਰ ਦਾ ਕਿਲ੍ਹਾ ਛੱਡਣ ਉਪਰੰਤ ਸਰਸਾ ਨਦੀ ਤੋਂ ਪਾਰ ਹੋ ਕੇ ਇਥੇ ਰੁਕੇ ਸਨ।[24] ਪਰ *ਗੁਰੂ ਕੀਆਂ ਸਾਖੀਆਂ* ਅਨੁਸਾਰ ਗੁਰੂ ਜੀ ਦੂਜੀ ਵਾਰ ਉਸ ਸਮੇਂ ਇਥੇ ਆਏ ਜਦੋਂ 1751 ਬਿਕ੍ਰਮੀ ਵਿਚ ਨਿਹੰਗ ਖਾਂ ਨੇ ਆਪਣੇ ਪੁੱਤਰ ਆਲਮ ਖਾਂ ਦਾ ਰਿਸ਼ਤਾ ਰਾਏਕੋਟ ਦੇ ਨਵਾਬ ਰਾਏ ਕਲ੍ਹੇ ਦੀ ਸਪੁੱਤਰੀ ਨਾਲ ਤਹਿ ਕੀਤਾ। ਇਸਦੀ ਮੰਗਣੀ ਦੀ ਤਾਰੀਖ ਮਿੱਥ ਕੇ ਨਿਹੰਗ ਖਾਂ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਉਚੇਚੇ ਤੌਰ 'ਤੇ ਪਰਿਵਾਰ ਸਹਿਤ ਇਸ ਵਿਚ ਸ਼ਾਮਿਲ ਹੋਣ ਲਈ ਬੇਨਤੀ ਕੀਤੀ। ਗੁਰੂ ਜੀ 5 ਜੇਠ, 1751 ਬਿਕ੍ਰਮੀ ਨੂੰ ਪਰਿਵਾਰ ਅਤੇ ਪ੍ਰਮੁੱਖ ਗੁਰਸਿੱਖਾਂ ਨੂੰ ਨਾਲ ਲੈ ਕੇ ਆਲਮ ਖਾਂ ਦੀ ਮੰਗਣੀ ਤੇ ਕੋਟਲਾ ਨਿਹੰਗ ਆਏ ਅਤੇ ਇਥੇ ਗੁਰਸਾ ਸਿੰਘ ਗਹੂਣੀਏ ਦੇ ਘਰ ਰਹੇ। ਗੁਰੂ ਜੀ ਤਿੰਨ ਦਿਨ ਇੱਥੇ ਰਹਿ ਵਾਪਸ ਅਨੰਦਪੁਰ ਚਲੇ ਗਏ।[25]

ਗੁਰੂ ਗੋਬਿੰਦ ਸਿੰਘ ਜੀ ਤੀਜੀ ਵਾਰ ਅਨੰਦਪੁਰ ਸਾਹਿਬ ਛੱਡਣ ਤੋਂ ਬਾਅਦ ਕੋਟਲਾ ਨਿਹੰਗ ਆਏ, ਜਿਸਦਾ ਵਰਣਨ ਗਿਆਨੀ ਗਿਆਨ ਸਿੰਘ ਨੇ *ਪੰਥ ਪ੍ਰਕਾਸ਼* ਵਿਚ ਇੰਞ ਕੀਤਾ ਹੈ :

*ਸਤਗੁਰ ਗਏ ਕੋਟਲੇ ਓਰੈਂ। ਆਦਰ ਕਰਿਓ ਪਠਾਨਨ ਜੋਰੈਂ।*[26]

ਗੁਰਬਚਨ ਸਿੰਘ ਨਈਅਰ ਅਤੇ ਸੁਖਦਿਆਲ ਸਿੰਘ ਨੇ ਗੁਰੂ ਜੀ ਦੇ ਤੀਜੀ ਵਾਰ ਭੱਠਾ ਸਾਹਿਬ ਆਉਣ ਸੰਬੰਧੀ ਇੰਞ ਲਿਖਿਆ ਹੈ, "ਗੁਰੂ ਗੋਬਿੰਦ ਸਿੰਘ ਜੀ 1704 ਈਸਵੀ ਵਿਚ ਅਨੰਦਪੁਰ ਸਾਹਿਬ ਨੂੰ ਛੱਡਣ ਪਿਛੋਂ ਸਰਸਾ ਨਦੀ ਉਪਰ ਦੁਸ਼ਮਣ ਨਾਲ ਇਕ ਖੂੰਨੀ ਲੜਾਈ ਵਿਚ ਲੜਦੇ ਹੋਏ ਇਸ ਨਦੀ ਨੂੰ ਪਾਰ ਕਰ ਕੇ ਥੋੜੇ ਜਿਹੇ ਸਿੰਘਾਂ ਨਾਲ ਇਥੇ ਆਏ ਸਨ, ਇਥੇ ਉਸ ਸਮੇਂ ਇਕ ਭੱਠਾ ਸੀ। ਗੁਰੂ ਜੀ ਨੇ ਆਪਣੇ ਕੁਝ

---

23 ਸੂਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ,* ਪਿਆਰਾ ਸਿੰਘ ਪਦਮ (ਸੰਪਾ.), ਪੰਨਾ 103.

24 ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼* (ਭਾਗ ਪਹਿਲਾ), ਗੁਰ ਰਤਨ ਪਬਲਿਸ਼ਰਜ਼, ਪਟਿਆਲਾ, 2005, ਪੰਨਾ 525.

25 ਸੂਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ,* ਪਿਆਰਾ ਸਿੰਘ ਪਦਮ (ਸੰਪਾ.), ਪੰਨਾ 111.

26 ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼,* ਭਾਸ਼ਾ ਵਿਭਾਗ, ਪੰਜਾਬ, 1987, ਪੰਨਾ 277.

ਸਿੰਘਾਂ ਸਮੇਤ ਇਸ ਭੱਠੇ ਵਾਲੀ ਥਾਂ ਉਤੇ ਠਹਿਰ ਕੇ ਵਿਸ਼ਰਾਮ ਕੀਤਾ ਸੀ। ਇਸੇ ਭੱਠੇ ਵਾਲੀ ਥਾਂ ਉਤੇ ਹੀ ਕੋਟਲਾ ਨਿਹੰਗ ਦੇ ਪਠਾਣ ਭਰਾਵਾਂ ਨੇ ਗੁਰੂ ਜੀ ਦੇ ਆਣ ਕੇ ਦਰਸ਼ਨ ਕੀਤੇ ਅਤੇ ਗੁਰੂ ਜੀ ਨੂੰ ਆਪਣੇ ਘਰ ਲੈ ਗਏ। ਪਿਛੋਂ ਇਸ ਭੱਠੇ ਵਾਲੀ ਥਾਂ ਨੂੰ ਗੁਰੂ ਜੀ ਦੀ ਯਾਦ ਵਜੋਂ ਰੱਖ ਲਿਆ ਗਿਆ ਸੀ ਅਤੇ ਇਥੇ 'ਭੱਠਾ ਸਾਹਿਬ' ਦੇ ਨਾਂ ਉਪਰ ਇਕ ਸੁੰਦਰ ਗੁਰਦੁਆਰਾ ਉਸਾਰਿਆ ਗਿਆ। ਗੁਰਦੁਆਰਾ ਸਾਹਿਬ ਵਿਚ ਗੁਰੂ ਸਾਹਿਬ ਦੀਆਂ ਕੁਝ ਯਾਦਾਂ ਸੰਭਾਲ ਕੇ ਰੱਖੀਆਂ ਹਨ। ਇਨ੍ਹਾਂ ਵਿਚੋਂ ਇਕ ਯਾਦ ਗੁਰੂ ਜੀ ਦੇ ਘੋੜੇ ਦੇ ਪੈਰ ਦਾ ਨਿਸ਼ਾਨ ਹੈ।"[27]

ਗੁਰੂ ਜੀ ਨੇ ਇਥੋਂ ਜਾਣ ਸਮੇਂ ਨਿਹੰਗ ਖਾਂ ਨੂੰ ਇਕ ਤਲਵਾਰ ਅਤੇ ਢਾਲ ਦੀ ਬਖ਼ਸ਼ਿਸ਼ ਕੀਤੀ, ਜੋ ਕਿ ਅੱਜ ਵੀ ਗੁਰਦੁਆਰਾ ਭੱਠਾ ਸਹਿਬ ਵਿਖੇ ਸੁਸ਼ੋਭਿਤ ਹਨ, ਜਿਸ ਦਾ ਜਿਕਰ ਮੇਜਰ ਗੁਰਮੁਖ ਸਿੰਘ ਨੇ ਇੰਵ ਕੀਤਾ ਹੈ, "There are two relics here, a sword and a dagger which were the gifts from Guru Gobind Singh to Nihang Khan. They were preserved by the latter's descendants in their house all along, and were handed over to the Gurdwara before the migration of the family to Pakistan. The sword has an ornament golden hilt and sheath and the pharse 'Shahanshah Shah Mir Muhammad Mamur' is inscribed on it."[28]

ਇਸ ਅਸਥਾਨ ਨੂੰ ਬਾਬਾ ਜਿਊਣ ਸਿੰਘ ਬੁੱਢਾ ਭੋਰਾ ਵਾਲਿਆਂ ਨੇ ਪ੍ਰਗਟ ਕੀਤਾ ਸੀ ਅਤੇ ਸਭ ਤੋਂ ਪਹਿਲਾਂ ਸੇਵਾ ਵੀ ਉਹਨਾਂ ਨੇ ਹੀ ਕਰਵਾਈ ਸੀ। ਗਿਆਨੀ ਠਾਕਰ ਸਿੰਘ ਨੇ ਉਹਨਾਂ ਦੁਆਰਾ ਸੇਵਾ ਕਰਵਾਉਣ ਬਾਰੇ ਇੰਵ ਲਿਖਿਆ ਹੈ, "ਇਥੇ ਇਕ ਪ੍ਰੇਮੀ ਸਿੱਖ ਨੇ ਆਪਣੀ ਘਰ ਦੀ ਜ਼ਮੀਨ ਲਗਾ ਕੇ ਸੇਵਾ ਦਾ ਆਰੰਭ ਕੀਤੀ। ਉਸ ਉਪਰੰਤ ਇਸ ਅਸਥਾਨ ਦੀ ਸੇਵਾ ਸਰਦਾਰ ਹੁਕਮ ਸਿੰਘ ਜੀ ਤੇ ਸਰਦਾਰ ਮਈਆ ਸਿੰਘ ਜੀ ਰਈਸ ਛਜਲਬਡੀ ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਜੀ ਨੇ ਸੰਮਤ 1975 ਵਿਚ ਕਰਾਈ ਅਤੇ ਗੁਰਦੁਆਰੇ

[27] ਗੁਰਬਚਨ ਸਿੰਘ ਨਈਅਰ, ਸੁਖਦਿਆਲ ਸਿੰਘ, *ਗੁਰੂ ਗੋਬਿੰਦ ਸਿੰਘ : ਯਾਤਰਾ ਅਸਥਾਨ, ਪਰੰਪਰਾਵਾਂ ਅਤੇ ਯਾਦ-ਚਿੰਨ,* ਪੰਨਾ 62.

[28] Major Gurmukh Singh, *Historical Sikh Shrines,* Page 165.

ਦਾ ਨਿਸ਼ਾਨ ਸਾਹਿਬ ਚੜ੍ਹਾਇਆ।"[29] ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ ਸੀ ਉਸਾਰੀ ਸੰਤ ਬਾਬਾ ਹਰਬੰਸ ਸਿੰਘ ਦਿੱਲੀ ਵਾਲਿਆਂ ਨੇ ਕਰਵਾਈ ਸੀ। ਇਥੇ ਇਕ ਵੱਡਾ ਲੰਗਰ ਹਾਲ ਅਤੇ ਦੀਵਾਨ ਹਾਲ ਵੀ ਬਣਿਆ ਹੋਇਆ ਹੈ। ਇਥੇ ਸਾਲਾਨਾ ਸ਼ਹੀਦੀ ਜੋੜ ਮੇਲ 3,4,5 ਪੋਹ ਵਾਲੇ ਦਿਨ ਭਰਦਾ ਹੈ। ਮੌਜੂਦਾ ਸਮੇਂ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਹੈ।

**ਗੁਰਦੁਆਰਾ ਭਾਈ ਬਚਿੱਤਰ ਸਿੰਘ, ਕੋਟਲਾ ਨਿਹੰਗ ਖਾਂ**

ਕੋਟਲਾ ਨਿਹੰਗ ਵਿਚ ਭਾਈ ਬਚਿੱਤਰ ਸਿੰਘ ਨਾਲ ਸੰਬੰਧਿਤ ਇਕ ਇਤਿਹਾਸਕ ਅਸਥਾਨ ਵੀ ਹੈ। ਇਹ ਅਸਥਾਨ ਗੁਰਦੁਆਰਾ ਭੱਠਾ ਸਾਹਿਬ ਤੋਂ ਲਗਪਗ ਦੋ ਸੌ ਮੀਟਰ ਦੀ ਦੂਰੀ ਉਤੇ ਚੜਦੇ ਪਾਸੇ ਵੱਲ ਸਥਿਤ ਹੈ।

ਇਸ ਅਸਥਾਨ ਦਾ ਸੰਬੰਧ ਭਾਈ ਬਚਿੱਤਰ ਸਿੰਘ ਨਾਲ ਜੁੜਦਾ ਹੈ, ਜੋ ਸ਼ਹੀਦ ਭਾਈ ਮਨੀ ਸਿੰਘ ਜੀ ਦੇ ਸਪੁੱਤਰ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਮੁੱਖ ਸੇਵਕ ਸਨ। 1762 ਬਿਕਰਮੀ ਵਿਚ ਜਦੋਂ ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਸਾਹਿਬ ਛੱਡਣ ਉਪਰੰਤ ਸਰਸਾ ਨਦੀ ਪਾਰ ਕਰ ਰਹੇ ਸਨ ਤਾਂ ਮੁਗਲ ਅਤੇ ਪਹਾੜੀ ਫੌਜਾਂ ਨੇ ਹਮਲਾ ਕਰ ਦਿੱਤਾ ਸੀ, ਇਸ ਮੁੱਠਭੇੜ 'ਚ ਅਨੇਕਾਂ ਸਿੰਘ ਜ਼ਖਮੀ ਅਤੇ ਸ਼ਹੀਦ ਹੋ ਗਏ। ਇਸ ਲੜਾਈ ਵਿਚ ਭਾਈ ਬਚਿੱਤਰ ਸਿੰਘ ਬਹੁਤ ਸਖ਼ਤ ਜ਼ਖ਼ਮੀ ਹੋ ਗਏ ਸਨ, ਇਸ ਲਈ ਗੁਰੂ ਜੀ ਨੇ ਉਹਨਾਂ ਨੂੰ ਕੋਟਲਾ ਪਿੰਡ ਦੇ ਨਵਾਬ ਨਿਹੰਗ ਖਾਂ ਦੇ ਹਵਾਲੇ ਕਰ ਦਿਤਾ, ਤਾਂ ਕਿ ਉਹਨਾਂ ਦੀ ਸੇਵਾ-ਸੰਭਾਲ ਕੀਤੀ ਜਾ ਸਕੇ ਅਤੇ ਉਹਨਾਂ ਦੇ ਸ਼ਰੀਰ ਉਤੇ ਲੱਗੇ ਜ਼ਖ਼ਮ ਰਾਜੀ ਕੀਤੇ ਜਾ ਸਕਣ।[30]

ਭਾਈ ਬਚਿੱਤਰ ਸਿੰਘ ਨੂੰ ਕੋਟਲਾ ਦੇ ਨਵਾਬ ਨਿਹੰਗ ਖਾਂ ਦੇ ਘਰ ਹੀ ਛੱਡ ਕੇ, ਗੁਰੂ ਗੋਬਿੰਦ ਸਿੰਘ ਜੀ 38 ਸਿੰਘਾਂ ਨੂੰ ਨਾਲ ਲੈ ਕੇ ਰਾਤ ਸਮੇਂ ਹੀ ਚਮਕੌਰ ਵੱਲ ਰਵਾਨਾ ਹੋ ਗਏ। ਨਿਹੰਗ ਖਾਂ ਦਾ ਬੇਟਾ ਆਲਮ ਖਾਂ ਰਾਹ ਦਿਖਾਉਣ ਲਈ ਨਾਲ ਗਿਆ। ਇਸ ਮੌਕੇ ਕਿਸੇ ਸੂਹੀਏ ਨੇ ਰੋਪੜ੍ਹ ਦੇ ਕੋਤਵਾਲ ਜਾਫ਼ਰ ਅਲੀ ਖਾਂ ਨੂੰ ਜਾ ਸੂਹ ਦਿੱਤੀ ਕਿ ਨਿਹੰਗ ਖਾਂ ਦੇ ਕਿਲ੍ਹੇ 'ਚ ਸਿੰਘ ਲੁਕੇ ਹੋਏ ਹਨ ਤਾਂ ਕੋਤਵਾਲ ਨੇ ਭਾਰੀ ਫ਼ੌਜ ਲੈ ਕੇ ਇਸ

---

[29] ਗਿਆਨੀ ਠਾਕਰ ਸਿੰਘ, *ਸ੍ਰੀ ਗੁਰਦੁਆਰੇ ਦਰਸ਼ਨ,* ਪੰਨੇ 204-05.

[30] ਗੁਰਬਚਨ ਸਿੰਘ ਨਈਅਰ, ਸੁਖਦਿਆਲ ਸਿੰਘ, *ਗੁਰੂ ਗੋਬਿੰਦ ਸਿੰਘ: ਯਾਤਰਾ ਅਸਥਾਨ, ਪਰੰਪਰਾਵਾਂ ਅਤੇ ਯਾਦ-ਚਿੰਨ,* ਪੰਨਾ 54.

ਕਿਲ੍ਹੇ ਨੂੰ ਘੇਰਾ ਪਾ ਲਿਆ ਅਤੇ ਅੰਦਰ ਦਾਖਲ ਹੋਇਆ। ਉਸ ਨੇ ਇਸ ਕਿਲ੍ਹੇ ਦੀ ਤਲਾਸ਼ੀ ਲਈ, ਕਿਲ੍ਹੇ ਦੀ ਕੋਠੜੀ ਜਿਸ ਵਿਚ ਭਾਈ ਬਚਿੱਤਰ ਸਿੰਘ ਜ਼ਖਮੀ ਹਾਲਤ 'ਚ ਪਿਆ ਸੀ ਤੇ ਬੀਬੀ ਮੁਮਤਾਜ ਇਸ ਦੀ ਦੇਖ-ਭਾਲ ਕਰ ਰਹੀ ਸੀ। ਉਸਦਾ ਦਰਵਾਜਾ ਅੰਦਰੋਂ ਬੰਦ ਸੀ, ਕੋਤਵਾਲ ਨੇ ਜਦੋਂ ਉਸ ਬਾਰੇ ਪੁੱਛਿਆ ਤਾਂ ਪਠਾਣ ਨਿਹੰਗ ਖਾਂ ਨੇ ਕੋਤਵਾਲ ਨੂੰ ਕਿਹਾ ਕਿ ਇਸ ਕਮਰੇ ਵਿਚ ਮੇਰੀ ਬੇਟੀ ਅਤੇ ਦਾਮਾਦ ਸੁਤੇ ਹੋਏ ਹਨ। ਇਹ ਸੁਣ ਬੀਬੀ ਮੁਮਤਾਜ ਨੇ ਭਾਈ ਬਚਿੱਤਰ ਸਿੰਘ ਨੂੰ ਹੀ ਆਪਣਾ ਪਤੀ ਮੰਨ ਲਿਆ ਅਤੇ ਉਸਨੇ ਫੈਸਲਾ ਕਰ ਲਿਆ ਕਿ ਹੁਣ ਬਸੀ ਪਠਾਣਾਂ ਵਿਆਹ ਨਹੀਂ ਕਰਵਾਏਗੀ, ਜਿੱਥੇ ਉਹ ਪਹਿਲਾਂ ਹੀ ਮੰਗੀ ਹੋਈ ਸੀ। ਕੋਤਵਾਲ ਉਸ ਕਮਰੇ ਦੀ ਬਿਨ੍ਹਾਂ ਤਲਾਸ਼ੀ ਲਏ ਹੀ ਚਲਾ ਗਿਆ। ਭਾਈ ਬਚਿੱਤਰ ਸਿੰਘ ਨੇ 7 ਪੋਹ, 1762 ਬਿ. ਨੂੰ ਸਵਾਸ ਤਿਆਗ ਦਿੱਤੇ ਤੇ ਉਹਨਾਂ ਦਾ ਸੰਸਕਾਰ ਮੁਗਲ ਫੌਜਾਂ ਤੋਂ ਚੋਰੀ ਇਸੇ ਕਿਲ੍ਹੇ ਦੇ ਖੂਹ ਕੋਲ ਕਰ ਦਿੱਤਾ। ਉਸ ਜਗ੍ਹਾ ਤੇ ਹੁਣ ਭਾਈ ਬਚਿੱਤਰ ਸਿੰਘ ਜੀ ਦਾ ਅਸਥਾਨ ਬਣਿਆ ਹੋਇਆ ਹੈ।[31]

ਭਾਈ ਬਚਿੱਤਰ ਸਿੰਘ ਦੇ ਚਲਾਣੇ ਸੰਬੰਧੀ *'ਭੱਟ ਵਹੀ ਤਲਉਂਢਾ, ਪਰਗਨਾਂ ਜੀਂਦ'* ਵਿਚ ਇੰਵ ਲਿਖਿਆ ਹੈ, "ਬਚਿੱਤਰ ਸਿੰਘ ਬੇਟਾ ਮਨੀ ਸਿੰਘ ਕਾ, ਪੋਤਾ ਮਾਈਦਾਸ ਕਾ, ਪੜਪੋਤਾ ਬੱਲੂ ਕਾ, ਚੰਦਰਬੰਸੀ ਭਾਰਦਵਾਜੀ ਗੋਤਰ ਪੁਆਰ ਬੰਸ ਬੀਂਝੇ ਕਾ ਬੰਝਰਉਤ ਜਲ੍ਹਾਨਾ ਬਲਾਉਂਤ ਗੁਰੂ ਜੀ ਕਾ ਬਚਨ ਪਾਇ ਸੰਮਤ 1762 ਪੋਖ ਮਾਸੇ ਸੁਦੀ ਦੂਜ ਵੀਰਵਾਰ ਕੇ ਦਿਹੁੰ ਮਲਕਪੁਰ ਰੰਘੜਾਂ ਕੇ ਮਲਹਾਨ ਪ੍ਰਗਨਾ ਰੋਪਰ ਘਾਇਲ ਹੋਇ ਕੋਟਲਾ ਨਿਹੰਗ ਕੇ ਗ੍ਰਿਹਿ ਮੇਂ ਆਇਆ। ਪੋਖ ਮਾਸੇ ਸੁਦੀ ਚੌਥ ਸ਼ਨੀਵਾਰ ਕੇ ਦਿਵਸ ਡੇਢ ਪਹਿਰ ਰੈਣ ਗਈ ਸੁਆਸ ਪੂਰੇ ਹੋਏ।"[32]

ਮੌਜੂਦਾ ਸਮੇਂ 'ਗੁਰਦੁਆਰਾ ਭਾਈ ਬਚਿੱਤਰ ਸਿੰਘ' ਦਾ ਪ੍ਰਬੰਧ ਅਤੇ ਸੇਵਾ-ਸੰਭਾਲ ਸਥਾਨਕ ਕਮੇਟੀ ਦੀ ਦੇਖ-ਰੇਖ ਹੇਠ ਬਾਬਾ ਜੈਮਲ ਸਿੰਘ ਲਗਭਗ 45 ਸਾਲ ਤੋਂ ਕਰ ਰਹੇ ਹਨ। ਇਸ ਗੁਰਦਆਰਾ ਸਾਹਿਬ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਇਕ ਢਾਲ, ਭਾਈ ਬਚਿੱਤਰ ਸਿੰਘ ਦੇ ਤਿੰਨ ਸ਼ਸਤਰ ਛੋਟੀ ਕਿਰਪਾਨ ਜਾਂ ਕਰਦ, ਇਕ ਬਾਟਾ ਤੇ ਇਕ ਵੱਡੀ ਕਿਰਪਾਨ ਅੱਜ ਵੀ ਮੌਜੂਦ ਹੈ। ਭਾਈ ਬਚਿੱਤਰ ਸਿੰਘ ਦੇ ਨਾਲ ਸੰਬੰਧਤ ਸ਼ਸਤਰ ਉਹਨਾਂ ਦੇ ਅੰਗੀਠੇ ਵਿੱਚੋਂ ਨਿਕਲੇ ਸਨ।

---

[31] ਸ੍ਵਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ,* ਪਿਆਰਾ ਸਿੰਘ ਪਦਮ (ਸੰਪਾ.), ਪੰਨੇ 154-58.

[32] ਉਹੀ, ਪੰਨਾ 158.

ਸੰਨ 1947 ਈਸਵੀ ਵਿਚ ਭਾਰਤ ਦੀ ਵੰਡ ਸਮੇਂ ਇਹ ਪਰਿਵਾਰ ਪਾਕਿਸਤਾਨ ਚਲਾ ਗਿਆ। ਪਰ ਜਾਣ ਤੋਂ ਪਹਿਲਾਂ ਇਸ ਪਰਿਵਾਰ ਦੇ ਵੱਡੇ ਖਾਨ ਸਾਹਿਬ ਸ਼ੌਕਤ ਅਲੀ ਖਾਨ ਗੁਰਦੁਆਰਾ ਭੱਠਾ ਸਾਹਿਬ ਦੇ ਮਹੰਤ ਹਰਨਾਮ ਸਿੰਘ ਨੂੰ ਗੁਰੂ ਜੀ ਨਾਲ ਸੰਬੰਧਤ ਨਿਸ਼ਾਨੀਆਂ ਸ੍ਰੀ ਸਾਹਿਬ, ਕਟਾਰ, ਗੈਂਡੇ ਦੀ ਢਾਲ ਆਦਿ ਸੌਂਪ ਗਏ।

ਨਿਹੰਗ ਖਾਂ ਦੀਆਂ ਦਸ ਪੀੜ੍ਹੀਆਂ ਗੁਰੂ ਘਰ ਨਾਲ ਜੁੜੀਆਂ ਰਹੀਆਂ। ਕਿਹਾ ਜਾਂਦਾ ਹੈ ਕਿ ਪਾਕਿਸਤਾਨ ਬਣਨ ਸਮੇਂ ਇਹ ਸ਼ਕਰਗੰਜ ਦੇ ਇਲਾਕੇ ਵਿਚ ਜਾ ਵਸੇ, ਜਿੱਥੇ ਹੁਣ ਵੀ ਨਿਹੰਗ ਖਾਂ ਦੇ ਵੰਸ਼ਜ ਰਹਿ ਰਹੇ ਹਨ। ਦੇਸ਼ ਦੀ ਵੰਡ ਤੋਂ ਬਾਅਦ ਕਿਲ੍ਹੇ ਵਾਲੀ ਇਹ ਇਤਿਹਾਸਕ ਜਗ੍ਹਾ ਸਰਕਾਰ ਵਲੋਂ ਅਲਾਟ ਕਰ ਦਿੱਤੀ ਗਈ। ਮੌਜੂਦਾ ਸਮੇਂ ਵਿਚ ਇਸ ਕਿਲ੍ਹੇ ਦਾ ਕਾਫ਼ੀ ਹਿੱਸਾ ਤਾਂ ਢਹਿ ਢੇਰੀ ਹੋ ਚੁਕਿਆ ਹੈ, ਕੇਵਲ ਇਕ ਬੁਰਜ ਖੜ੍ਹਾ ਹੈ ਅਤੇ ਅਲਾਟੀਆਂ ਦੇ ਨਿੱਜੀ ਕਬਜ਼ੇ ਵਿਚ ਹੈ। ਨਿਹੰਗ ਖਾਂ ਦੇ ਕਿਲ੍ਹੇ ਦਾ ਰਕਬਾ ਦੋ ਏਕੜ ਦੇ ਕਰੀਬ ਜਾਂ ਇਸ ਤੋਂ ਵੀ ਵੱਧ ਥਾਂ ਸੀ। ਜਿਸ ਦੀ ਡੇਢ ਏਕੜ ਥਾਂ 'ਤੇ ਅੱਜ ਵੀ ਲੋਕਾਂ ਦਾ ਕਬਜਾ ਹੈ। ਪਿਛਲੇ ਸਮੇਂ 'ਚ ਗੁਰਦੁਆਰਾ ਭਾਈ ਬਚਿੱਤਰ ਸਿੰਘ ਦੀ ਕਮੇਟੀ ਨੇ ਕਿਲ੍ਹੇ ਦੀ ਹੀ 4 ਕਨਾਲ ਥਾਂ ਲੋਕਾਂ ਕੋਲੋ 20 ਲੱਖ ਰੁਪਏ ਦੀ ਮੁੱਲ ਖ੍ਰੀਦ ਕੀਤੀ ਹੈ।

**ਗੁਰਦੁਆਰਾ ਬਾਬਾ ਜੋਰਾਵਰ ਸਿੰਘ**

ਇਹ ਅਸਥਾਨ, ਗੁਰਦੁਆਰਾ ਭੱਠਾ ਸਾਹਿਬ ਅਤੇ ਗੁਰਦੁਆਰਾ ਭਾਈ ਬਚਿੱਤਰ ਸਿੰਘ ਦੇ ਵਿਚਕਾਰ ਪਿੰਡ ਕੋਟਲਾ ਨਿਹੰਗ ਵਿਚ ਸਥਿਤ ਹੈ। ਬਾਬਾ ਜੋਰਾਵਰ ਸਿੰਘ ਗੁਰੂ ਗੋਬਿੰਦ ਸਿੰਘ ਜੀ ਦਾ ਪਾਲਿਤ ਪੁੱਤਰ ਸੀ। *ਸ੍ਰੀ ਗੁਰ ਸੋਭਾ* ਅਨੁਸਾਰ ਬਾਬਾ ਜੋਰਾਵਰ ਸਿੰਘ, ਬਸੀ ਪਠਾਣਾਂ ਦੇ ਵਸਨੀਕ ਭਾਈ ਨੱਥੂ (ਨਥੀਆ) ਤਰਖਾਣ ਦਾ ਪੁੱਤਰ ਸੀ। ਉਹਨਾਂ ਦੀ ਮਾਂ ਭਿੱਖੀ, ਮਾਤਾ ਜੀਤੋ ਜੀ ਦੀ ਸੇਵਾ ਵਿਚ ਅਨੰਦਪੁਰ ਸਾਹਿਬ ਰਹਿੰਦੀ ਸੀ। ਉਸ ਨੇ ਇਹਨਾਂ ਨੂੰ ਗੁਰੂ ਚਰਨਾਂ ਵਿਚ ਅਰਪਿਤ ਕਰ ਦਿੱਤਾ ਅਤੇ ਉਹ ਉਥੇ ਹੀ ਪਲਿਆ ਅਤੇ ਵੱਡਾ ਹੋਇਆ ਸੀ। ਇਹ ਮੰਨਿਆਂ ਜਾਂਦਾ ਹੈ ਕਿ ਇਕ ਵਾਰ ਉਹਨਾਂ ਨੇ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਨੂੰ ਘੋਲ ਵਿਚ ਹਰਾ ਦਿੱਤਾ ਸੀ ਅਤੇ ਉਸ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੇ ਆਖਿਆ ਕਿ ਇਹ ਭੀ ਮੇਰਾ ਜੋਰਾਵਰ ਸਿੰਘ

ਹੀ ਹੈ। ਉਸ ਤੋਂ ਬਾਅਦ ਇਹ ਸਾਹਿਬਜ਼ਾਦਾ ਜੋਰਾਵਰ ਸਿੰਘ ਨਾਂ ਨਾਲ ਹੀ ਜਾਣਿਆ ਜਾਣ ਲੱਗਾ।[33]

ਗੁਰੂ ਗੋਬਿੰਦ ਸਿੰਘ ਜੀ ਦੇ ਅਨੰਦਪੁਰ ਸਾਹਿਬ ਛੱਡਣ ਸਮੇਂ ਬਾਬਾ ਜੋਰਾਵਰ ਸਿੰਘ ਵੀ ਉਹਨਾਂ ਦੇ ਨਾਲ ਹੀ ਸਨ। ਇਹ ਵੀ ਗੁਰੂ ਜੀ ਦੇ ਨਾਲ ਚਮਕੌਰ ਵਿਖੇ ਪੁਜੇ ਅਤੇ ਚਮਕੌਰ ਦੀ ਜੰਗ ਵਿਚ ਇਸ ਦੇ ਬਹਾਦਰੀ ਨਾਲ ਲੜਨ ਤੇ ਉਥੋਂ ਜਿਉਂਦੇ ਨਿਕਲ ਜਾਣ ਬਾਰੇ *ਸ੍ਰੀ ਗੁਰ ਸੋਭਾ* ਤੋਂ ਪਤਾ ਚਲਦਾ ਹੈ :

*ਜੋਰ ਜੋਰਾਵਰ ਸਿੰਘ ਚੜ੍ਹੈ ਰਨ ਮੈ ਜੁ ਪਰੋ ਤਿਹ ਐਸੋ ਕਰੋ ਹੈ।*
*ਏਕ ਸੇ ਏਕ ਕੋ ਦੋਇ ਕਰੇ ਦੁਇ ਚਾਰ ਕਰੈ ਦਲ ਐਸੋ ਦਰੋ ਹੈ।*
*ਇਤ ਤੇ ਉਤ ਜਾਇ ਫਿਰੈ ਉਤ ਤੇ ਫਿਰਿ ਮਧਿ ਪਰੈ ਨਹ ਨੇਕ ਡਰੋ ਹੈ।*
*ਸਾਂਗਨ ਨੇਜ਼ਨ ਤੀਰਨ ਤੇਗ਼ਨ ਸੂਰਨ ਕੇ ਸੰਗ ਐਸੋ ਲਰੇ ਹੈ॥63॥532॥*
*ਖੈਚਤ ਖੜਗ ਜਦ ਮਾਰਤ ਸੜਕ ਗ਼ਿਰ ਪਰਤ ਤੜਕ ਅਸਵਾਰ ਆਗੇ ਤਾਹੀ ਕੇ।*
*ਗਿਰਤ ਬਿਹਾਲ ਬਿਕਰਾਲ ਸੁਧ ਨਾਹੀ ਕਛੂ ਐਸੇ ਮਾਰੇ ਅਸਵਾਰ ਏਕ ਏਕ ਝਾਰ ਝਾਰ*
*ਮਾਨੋ ਕੇ ਬੇਗ ਬਿਆਰ ਪਤਿ ਬਿਰਖਾਹੀ ਕੇ।*
*ਕੌਨ ਹੈ ਕਹੈ ਬਿਚਾਰ ਨਾਹੀ ਕਛੂ ਪਾਰਾਵਾਰ*
*ਜੁਰਾਵਰ ਸਿੰਘ ਦਲ ਮਾਰੇ ਰਾਈ ਰਾਈ ਕੇ॥64॥533॥*
*ਪਟਕ ਪਟਕ ਕੈ ਕਟਕ ਕੋ ਝਟਕ ਨਿਕਸਿ ਗਯੋ ਪਾਰ।*
*ਜੋਰਾਵਰ ਪ੍ਰਭ ਜ਼ੋਰ ਕਰਿ ਰਾਖ ਲੀਓ ਕਰਤਾਰ॥65॥534॥*[34]

ਚਮਕੌਰ ਦੀ ਜੰਗ ਵਿਚੋਂ ਬਾਬਾ ਜੋਰਾਵਰ ਸਿੰਘ ਦੁਸ਼ਮਣ ਸੈਨਾ ਨਾਲ ਲੜਦਾ ਹੋਇਆ, ਹਨੇਰਾ ਹੋ ਜਾਣ ਕਾਰਨ ਬੂਰਮਾਜਰੇ ਵੱਲ ਚਲਾ ਗਿਆ ਸੀ। ਰਾਤ ਸਮੇਂ ਉਹ ਕੋਟਲਾ ਨਿਹੰਗ ਵਿਖੇ ਭਾਈ ਬੱਗਾ ਸਿੰਘ ਤਰਖਾਣ ਦੇ ਘਰ ਜਾ ਪਹੁੰਚਾ।

ਬਾਬਾ ਜੋਰਾਵਰ ਸਿੰਘ ਦੇ ਚਮਕੌਰ ਦੀ ਜੰਗ ਵਿਚੋਂ ਬਚ ਕੇ ਨਿਕਲਣ ਸੰਬੰਧੀ *ਗੁਰੂ ਕੀਆਂ ਸਾਖੀਆਂ*

---

[33] ਕਵੀ ਸੈਨਾਪਤੀ, *ਸ੍ਰੀ ਗੁਰ ਸੋਭਾ*, ਗੰਡਾ ਸਿੰਘ (ਸੰਪਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998 (ਤੀਜੀ ਵਾਰ), ਪੰਨਾ 34.

[34] ਉਹੀ, ਪੰਨਾ 130.

ਵਿਚ ਇੰਞ ਵਰਣਨ ਕੀਤਾ ਗਿਆ ਹੈ ਕਿ ਸੂਰਜ ਅਸਤ ਹੋਣ ਕਾਰਨ ਮੁਗਲ ਸੈਨਾ ਪਿੱਛੇ ਹਟ ਚੁੱਕੀ ਸੀ। ਤੁਰਕ ਸੈਨਾ ਦਾ ਪਹਿਰਾਵਾ ਵੀ ਨੀਲੇ ਰੰਗ ਦਾ ਸੀ ਅਤੇ ਜੋਰਾਵਰ ਸਿੰਘ ਦਾ ਚੋਲਾ ਅਤੇ ਪਗੜੀ ਵੀ ਨੀਲੇ ਰੰਗ ਦੀ ਸੀ। ਦੂਸਰਾ ਕਾਰਨ ਇਹਨਾਂ ਦੀ ਉਮਰ ਛੋਟੀ ਹੋਣਾ ਅਤੇ ਮੂੰਹ ਤੇ ਦਾੜੀ-ਮੁੱਛ ਨਾ ਹੋਣਾ, ਤੀਸਰਾ ਕਾਰਨ ਮੁਗਲ ਸੈਨਿਕ ਸਾਰਾ ਦਿਨ ਜੰਗ ਕਰਕੇ ਥੱਕੇ ਹੋਣ ਕਾਰਨ ਖਾਣ-ਪੀਣ ਦੇ ਆਹਰ ਵਿਚ ਰੁਝੇ ਹੋਣ ਕਰਕੇ ਉਹਨਾਂ ਦਾ ਧਿਆਨ ਉਸ ਤੇ ਨਾ ਜਾਣਾ। ਚੌਥਾ ਕਾਰਨ ਉਸ ਦਿਨ 8 ਪੋਹ, ਸੁਦੀ ਤੀਜ ਸੀ ਤੇ ਚੰਦ ਜਲਦੀ ਅਸਤ ਹੋ ਜਾਣ ਕਾਰਨ ਹਨੇਰਾ ਜਲਦੀ ਹੋ ਗਿਆ ਸੀ।[35]

ਕੋਟਲਾ ਨਿਹੰਗ ਪਿੰਡ ਦੇ ਵਿਚਕਾਰ ਬਣੇ ਇਸ ਗੁਰਦੁਆਰਾ ਸਾਹਿਬ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਹੈ। ਇਸ ਗੁਰਦੁਆਰੇ ਦਾ ਪ੍ਰਬੰਧ 'ਗੁਰਦੁਆਰਾ ਬਾਬਾ ਜੋਰਾਵਰ ਸਿੰਘ, ਖਿਜ਼ਰਾਬਾਦ' ਵਾਲੀ ਕਮੇਟੀ ਕੋਲ ਹੀ ਹੈ।

## ਪਿੰਡ ਬੜੀ

ਇਹ ਇਤਿਹਾਸਕ ਅਸਥਾਨ, ਪਿੰਡ ਪੁਰਖਾਲੀ ਤੋਂ ਲਗਪਗ ਪੰਜ ਕਿਲੋਮੀਟਰ ਅਤੇ ਰੋਪੜ੍ਹ ਤੋਂ ਤਕਰੀਬਨ ਵੀਹ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਥੇ ਬੀਬੀ ਮੁਮਤਾਜ਼ ਦੀ ਯਾਦ ਵਿਚ 'ਗੁਰਦੁਆਰਾ ਬੀਬੀ ਮੁਮਤਾਜਗੜ੍ਹ ਸਾਹਿਬ' ਬਣਿਆ ਹੋਇਆ ਹੈ, ਜੋ ਕਿ ਕੋਟਲਾ ਪਿੰਡ ਦੇ ਨਵਾਬ ਨਿਹੰਗ ਖ਼ਾਨ ਦੀ ਲੜਕੀ ਸੀ।

### ਗੁਰਦੁਆਰਾ ਬੀਬੀ ਮੁਮਤਾਜਗੜ੍ਹ ਸਾਹਿਬ

ਭਾਈ ਬਚਿੱਤਰ ਸਿੰਘ ਨੂੰ ਜ਼ਖ਼ਮੀ ਹਾਲਤ ਵਿਚ ਜਦੋਂ ਕੋਟਲਾ ਨਿਹੰਗ ਵਿਖੇ ਲਿਆਦਾ ਗਿਆ ਸੀ ਤਾਂ ਬੀਬੀ ਮੁਮਤਾਜ ਨੇ ਆਪਣੇ ਪਿਤਾ ਨਵਾਬ ਨਿਹੰਗ ਦੇ ਬੋਲਾਂ ਅਨੁਸਾਰ ਭਾਈ ਬਚਿੱਤਰ ਸਿੰਘ ਨੂੰ ਆਪਣਾ ਪਤੀ ਮੰਨ ਲਿਆ ਸੀ। ਮਾਂ ਨੇ ਬਹੁਤ ਸਮਝਾਇਆ ਪਰ ਉਹ ਪਿਤਾ ਦੇ ਕਹੇ ਲਫ਼ਜ਼ 'ਦਾਮਾਦ' 'ਤੇ ਕਾਇਮ ਰਹੀ।[36] ਭਾਈ ਬਚਿੱਤਰ ਸਿੰਘ ਦੇ ਸ਼ਹੀਦ ਹੋਣ ਪਿੱਛੋਂ ਬੀਬੀ ਮੁਮਤਾਜ਼ ਨੇ ਸਾਰੀ ਜ਼ਿੰਦਗੀ ਬੰਦਗੀ ਕਰਦਿਆਂ

---

35 ਸ੍ਵਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ,* ਪਿਆਰਾ ਸਿੰਘ ਪਦਮ (ਸੰਪਾ.), ਪੰਨੇ 190-91.

36 ਉਹੀ, ਪੰਨੇ 157-58.

ਗੁਜ਼ਾਰੀ। ਉਹ ਤਕਰੀਬਨ 100 ਸਾਲ ਕੋਟਲਾ ਨਿਹੰਗ ਵਿਚ ਰਹਿ ਕੇ ਭੱਠਾ ਸਾਹਿਬ ਅਤੇ ਭਾਈ ਬਚਿੱਤਰ ਸਿੰਘ ਦੇ ਸਸਕਾਰ ਵਾਲੇ ਅਸਥਾਨ 'ਤੇ ਸਵੇਰੇ ਸ਼ਾਮ ਝਾੜੂ ਅਤੇ ਧੂਫ਼ ਬੱਤੀ ਕਰਦੀ ਰਹੀ।

ਇਸ ਤੋਂ ਬਾਅਦ ਨਵਾਬ ਨਿਹੰਗ ਖਾਂ ਨੇ ਆਪਣੀ ਬੇਟੀ ਮੁਮਤਾਜ ਦੀ ਅਧਿਆਤਮਕ ਬਿਰਤੀ ਨੂੰ ਵੇਖ ਕੇ ਪਿੰਡ ਨਾਰੰਗਪੁਰ ਝਾਂਡੀਆਂ (ਬੜੀ ਪਿੰਡ) ਵਿਚ ਪਹਾੜੀ ਉੱਪਰ ਕਿਲ੍ਹਾ ਬਣਵਾ ਦਿੱਤਾ, ਜਿਸ ਦੀ ਸੇਵਾ ਤੇ ਹਿਫ਼ਾਜ਼ਤ ਲਈ ਦੋ ਪਿਆਦੇ ਅਤੇ ਟਹਿਲਣਾ ਭੇਜ ਦਿੱਤੀਆਂ ਕਿਉਂਕਿ ਇਹ ਸਾਰਾ ਇਲਾਕਾ ਜੰਗਲ ਦਾ ਸੀ ਜਿੱਥੇ ਬੀਬੀ ਮੁਮਤਾਜ਼ ਵੱਲੋਂ ਹਰ ਰੋਜ਼ ਪ੍ਰਸ਼ਾਦ ਬਣਵਾ ਕੇ ਵੰਡਿਆ ਜਾਂਦਾ ਸੀ। ਤਕਰੀਬਨ 31 ਸਾਲ ਇਸ ਕਿਲ੍ਹੇ ਵਿਚ ਰਹਿ ਕੇ ਬੀਬੀ ਮੁਮਤਾਜ਼ ਨੇ ਸਰੀਰ ਤਿਆਗ ਦਿੱਤਾ, ਜਿਸ ਦਾ ਸਸਕਾਰ ਸਥਾਨ ਕਿਲ੍ਹੇ ਤੋਂ ਹੇਠਾਂ ਜੰਗਲ ਵਿਚ ਬਣਿਆ ਹੋਇਆ ਹੈ ਪਰ ਕਿਲ੍ਹਾ ਹੁਣ ਲੋਪ ਹੋ ਚੁੱਕਾ ਹੈ। ਉਸ ਜਗ੍ਹਾ ਹੁਣ ਗੁਰਦੁਆਰਾ ਸਾਹਿਬ ਦੀ ਸੁੰਦਰ ਇਮਾਰਤ ਸੁਸ਼ੋਭਿਤ ਹੈ। ਕਿਲ੍ਹੇ ਦੀ ਨਿਸ਼ਾਨੀ ਵਜੋਂ ਨਾਨਕ ਸ਼ਾਹੀ ਇੱਟਾਂ ਨਾਲ ਬਣਿਆ ਇਕ ਵੱਡਾ ਖੂਹ ਹੁਣ ਬਚਿਆ ਪਿਆ ਹੈ।

ਇਸ ਅਸਥਾਨ 'ਤੇ ਹਰ ਮਹੀਨੇ ਦੀ ਪੰਚਮੀ, ਹਰੇਕ ਗੁਰਪੁਰਬ ਤੋਂ ਇਲਾਵਾ ਸੰਤ ਕਰਤਾਰ ਸਿੰਘ ਭੈਰੋਂ ਮਾਜਰਾ ਵਾਲਿਆਂ ਦੀ ਬਰਸੀ ਮਨਾਈ ਜਾਂਦੀ ਹੈ। ਇਸ ਅਸਥਾਨ ਦੀ ਸੇਵਾ ਬੀਬੀ ਹਿੰਮਤ ਕੌਰ ਨੇ ਕਈ ਸਾਲ ਬੜੀ ਸ਼ਰਧਾ ਨਾਲ ਕੀਤੀ। ਹੁਣ ਇਸ ਅਸਥਾਨ ਦੀ ਸੇਵਾ ਨਿਹੰਗ ਸਿੰਘ ਜਥੇਬੰਦੀ ਬੁੱਢਾ ਦਲ ਦੇ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ ਕਰਵਾ ਰਹੇ ਹਨ।

## ਅਨੰਦਪੁਰ ਸਾਹਿਬ

ਅਨੰਦਪੁਰ ਸਾਹਿਬ ਪੁਆਧ ਦੇ ਜ਼ਿਲ੍ਹਾ ਰੂਪਨਗਰ ਦਾ ਬਹੁਤ ਪ੍ਰਸਿੱਧ ਇਤਿਹਾਸਕ ਸ਼ਹਿਰ ਹੈ। ਇਹ ਸ਼ਹਿਰ ਰੂਪਨਗਰ ਤੋਂ ਲਗਪਗ 40 ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ।

ਇਸ ਨਗਰ ਨੂੰ ਗੁਰੂ ਤੇਗ ਬਹਾਦਰ ਜੀ ਨੇ ਬਿਲਾਸਪੁਰ ਦੇ ਰਾਜੇ ਤੋਂ ਜਮੀਨ ਖਰੀਦ ਕੇ, 1675 ਈਸਵੀਂ ਵਿਚ ਵਸਾਇਆ ਸੀ। ਗੁਰੂ ਜੀ ਨੇ ਇਸ ਅਸਥਾਨ ਦਾ ਨਾਂ ਆਪਣੀ ਮਾਤਾ ਨਾਨਕੀ ਜੀ ਦੇ ਨਾਂ ਤੇ 'ਚੱਕ-ਨਾਨਕੀ' ਰੱਖਿਆ। ਇਸ ਤੋਂ ਪਹਿਲਾਂ ਇਸਦਾ ਨਾਂ ਮਾਖੋਵਾਲ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਇਸਦਾ ਨਾਂ ਅਨੰਦਪੁਰ ਸਾਹਿਬ ਪਿਆ। ਇਹ ਨਗਰ ਸਿੱਖ ਇਤਿਹਾਸ ਦੀਆਂ ਕਈ ਘਟਨਾਵਾਂ ਦਾ ਗਵਾਹ

ਹੈ। ਸਿੱਖ ਧਰਮ ਦੇ ਪੰਜ ਤਖ਼ਤਾਂ ਵਿਚੋਂ ਇਕ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਇਥੇ ਹੋਣ ਕਾਰਨ ਇਸ ਨਗਰ ਦੀ ਮਹੱਤਤਾ ਹੋਰ ਵੀ ਵਧ ਜਾਂਦੀ ਹੈ। ਇਥੋਂ ਦੇ ਧਾਰਮਿਕ ਅਸਥਾਨਾਂ ਦਾ ਵੇਰਵਾ ਨਿਮਨ ਅਨੁਸਾਰ ਹੈ:

**ਗੁਰਦੁਆਰਾ ਭਵਿੱਖਤਸਰ ਸਾਹਿਬ**

ਇਹ ਧਾਰਮਿਕ ਅਸਥਾਨ, ਰੂਪਨਗਰ-ਅਨੰਦਪੁਰ ਸਾਹਿਬ ਮਾਰਗ ਉਤੇ ਅਨੰਦਪੁਰ ਸਾਹਿਬ ਦੇ ਬਾਹਰਵਾਰ, ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ ਦੇ ਨਜਦੀਕ ਬਣਿਆ ਹੋਇਆ ਹੈ।

ਇਸ ਅਸਥਾਨ 'ਤੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਜੀ, ਕਰਤਾਰਪੁਰ ਦੀ ਆਖਰੀ ਜੰਗ ਤੋਂ ਬਾਅਦ ਕੀਰਤਪੁਰ ਆਉਂਦੇ ਹੋਏ ਇਕ ਰਮਣੀਕ ਸਥਾਨ ਅਤੇ ਖੂਹ ਦੇਖ ਕੇ ਠਹਿਰੇ :

*ਜਾਮ ਦਿਵਸ ਜਬਿ ਹੀ ਚਢਿ ਆਯੋ। ਛਾਯਾ ਸਹਿਤ ਕੂਪ ਦਰਸਾਯੋ।।7।।*

*ਉਤਰੇ ਹੇਰਯੋ ਰੰਮ ਸਥਾਨ। ਸੀਤਲ ਨੀਰ ਕਰਤਿ ਭੇ ਪਾਨ।*

*ਕਿਤਿਕ ਸਮੈ ਬੈਠੇ ਸੁਖ ਪਾਯੋ। ...।।8।।* [37]

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਦਸਵੇਂ ਜਾਮੇਂ ਵਿਚ (ਅਨੰਦਪੁਰ ਸਾਹਿਬ) ਨਗਰ ਵਸਾ ਕੇ ਮਹਾਨ ਬਣਾਉਣ ਦੀ ਭਵਿੱਖਬਾਣੀ ਕੀਤੀ ਸੀ, ਜਿਸ ਕਾਰਨ ਇਸ ਅਸਥਾਨ ਦਾ ਨਾਮ 'ਗੁਰਦੁਆਰਾ ਭਵਿੱਖਤਸਰ ਸਾਹਿਬ' ਰੱਖਿਆ ਗਿਆ। ਗੁਰੂ ਹਰਿਗੋਬਿੰਦ ਸਾਹਿਬ ਦੁਆਰਾ ਭਵਿੱਖਬਾਣੀ ਕਰਨ ਦਾ ਜ਼ਿਕਰ *ਗੁਰਬਿਲਾਸ ਪਾਤਿਸ਼ਾਹੀ ਛੇਵੀਂ* ਵਿਚ ਇੰਞ ਪ੍ਰਾਪਤ ਹੁੰਦਾ ਹੈ :

*ਨਾਂਘ ਸਤੁਦ੍ਰਵ ਉਤਰੇ ਪਾਰਾ। ਆਛੋ ਟਿੱਬਾ ਅਗ੍ਰ ਨਿਹਾਰਾ।*

*ਕਰੀ ਬੰਦਨਾ ਤਹਾ ਮੁਰਾਰੀ। ਬਿਧੀ ਚੰਦ ਦਿਖ ਬਿਸਮੈਂ ਧਾਰੀ।।46।।*

*ਹੇ ਪ੍ਰਭ ਏਹੁ ਠਾਂ ਔਰ ਨਾ ਕੋਈ। ਬੰਦਨ ਕਰੀ ਕਵਨ ਕੋ ਜੋਈ।*

*ਮੋਕੋ ਕਹੋ ਕਾਹਿ ਕੋ ਥਾਨਾ। ਪ੍ਰਭ ਮੁਸਕਾਏ ਬੈਨ ਬਖਾਨਾ।।47।।*

*ਦੋਹਰਾ*

*ਬਿਧੀ ਚੰਦ ਏ ਠੋਰ ਸਮ ਨਾਂਹਿ ਜਗਤ ਕੋਊ ਜਾਨ।*

[37] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* (ਜਿਲਦ ਨੌਵੀਂ), ਪੰਨਾ 3437.

*ਦਸਮ ਰੂਪ ਧਰ ਚਰਿਤ ਹਮ ਇਹ ਠਾਂ ਕਰਹਿਂ ਮਹਾਨ।।48।।*[38]

ਮੌਜੂਦਾ ਸਮੇਂ ਵਿਚ ਇਸ ਅਸਥਾਨ ਦੀ ਸੇਵਾ-ਸੰਭਾਲ ਅਤੇ ਪ੍ਰਬੰਧ ਨਿਹੰਗ ਸਿੰਘਾਂ ਦੀ ਜਥੇਬੰਦੀ ਦਲ ਬਾਬਾ ਬਿਧੀ ਚੰਦ ਦੇ ਮੁੱਖ ਸੇਵਾਦਾਰ ਬਾਬਾ ਅਵਤਾਰ ਸਿੰਘ (ਸੁਰ ਸਿੰਘ ਵਾਲਿਆਂ) ਕੋਲ ਹੈ। ਇਸ ਗੁਰਦੁਆਰੇ ਦੀ ਇਮਾਰਤ ਦੀ ਸੇਵਾ ਜਾਰੀ ਹੈ। ਸਾਹਮਣੇ ਡਿਉਢੀ ਦੇ ਨਾਲ ਕੁਝ ਦੁਕਾਨਾਂ ਵੀ ਬਣੀਆਂ ਹੋਈਆਂ ਹਨ ਅਤੇ ਗੇਟ ਦੇ ਅੰਦਰ ਜਾ ਕੇ ਕੁਝ ਰਿਹਾਇਸ਼ੀ ਕਮਰੇ ਅਤੇ ਲੰਗਰ ਹਾਲ ਵੀ ਬਣਿਆ ਹੋਇਆ ਹੈ।

**ਗੁਰਦੁਆਰਾ ਗੁਰੂ ਕੇ ਮਹਿਲ ਤੇ ਭੋਰਾ ਸਾਹਿਬ**

ਇਹ ਗੁਰਦੁਆਰਾ ਸਾਹਿਬ, ਤਖ਼ਤ ਕੇਸਗੜ੍ਹ ਸਾਹਿਬ ਤੋਂ ਲਗਪਗ ਦੋ ਸੌ ਮੀਟਰ ਦੀ ਦੂਰੀ ’ਤੇ ਪੂਰਬ ਦਿਸ਼ਾ ਵੱਲ ਅਨੰਦਪੁਰ ਸਾਹਿਬ ਸ਼ਹਿਰ ਦੇ ਵਿਚਕਾਰ ਸੁਸ਼ੋਭਿਤ ਹੈ। ਇਥੇ ਇਕ ਹੀ ਪਰਿਸਰ ਵਿਚ ਕਈ ਇਤਿਹਾਸਕ ਗੁਰਦੁਆਰੇ ਬਣੇ ਹੋਏ ਹਨ।

ਕਿਹਾ ਜਾਂਦਾ ਹੈ ਕਿ ਗੁਰੂ ਤੇਗ ਬਹਾਦਰ ਜੀ ਨੇ ਚੱਕ ਨਾਨਕੀ ਨਗਰ ਦੀ ਮੋੜ੍ਹੀ ਇਥੇ ਹੀ ਗੱਡੀ ਸੀ। ਉਸ ਉਪਰੰਤ ਆਪਣੇ ਪਰਿਵਾਰ ਦੇ ਰਹਿਣ ਲਈ ਨਿਵਾਸ ਬਣਾਉਣ ਦਾ ਕਾਰਜ ਕੀਤਾ। ਭਾਈ ਸੰਤੋਖ ਸਿੰਘ ਲਿਖਦੇ ਹਨ ਕਿ ਗੁਰੂ ਕੇ ਮਹਿਲਾਂ ਦੀ ਉਸਾਰੀ ਤੋਂ ਪਹਿਲਾਂ ਗੁਰੂ ਜੀ ਨੇ ਕਾਰੀਗਰਾਂ ਨੂੰ ਮਕਾਨ ਦੀ ਉਸਾਰੀ ਕਰਨ ਸੰਬੰਧੀ ਨਕਸ਼ਾ ਸਮਝਾਇਆ ਅਤੇ ਉਹਨਾਂ ਨੇ ਉਸ ਅਨੁਸਾਰ ਨੀਂਹਾਂ ਖੁਦਵਾ ਕੇ ਮਹਿਲ ਬਣਾਉਣੇ ਆਰੰਭ ਕੀਤੇ :

*ਪੁਨ ਸਤਿਗੁਰ ਨਿਜ ਧਾਮਨਿ ਕੇਰੀ। ਨੀਵੀ ਨੀਵ ਖੁਦਾਇ ਘਨੇਰੀ।*

*ਖਰੇ ਹੋਇ ਕਰਿ ਜੁਗਤਿ ਬਤਾਈ। ਇਮ ਚਿਨੀਯਹਿ ਨਿਕੇਤ ਸੁਖਦਾਈ॥37॥*[39]

ਗੁਰੂ ਸਾਹਿਬ ਨੇ ਇਥੇ ਹੀ ਸਿਮਰਨ ਬੰਦਗੀ ਕਰਨ ਲਈ ਭੋਰਾ ਸਾਹਿਬ, ਦੀਵਾਨ ਸਜਾਉਣ ਲਈ ਥੜਾ ਸਾਹਿਬ ਬਣਵਾਇਆ ਅਤੇ ਜਲ ਦੀ ਜਰੂਰਤ ਨੂੰ ਪੂਰਾ ਕਰਨ ਲਈ ਇਕ ਖੂਹ ਵੀ ਲਗਵਾਇਆ। ਇਹਨਾਂ ਸਭ ਥਾਵਾਂ ਉਤੇ ਹੁਣ ਵੱਖ-ਵੱਖ ਅਸਥਾਨ ਬਣੇ ਹੋਏ ਹਨ।

---

[38] ਭਗਤ ਸਿੰਘ, *ਗੁਰਬਿਲਾਸ ਪਾਤਸ਼ਾਹੀ ਛੇਵੀਂ,* ਗੁਰਮੁਖ ਸਿੰਘ, (ਸੰਪਾ.), ਪੰਨਾ 811.

[39] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਦਸਵੀਂ), ਪੰਨੇ 4080-81.

ਗੁਰਦੁਆਰਾ ਭੋਰਾ ਸਾਹਿਬ, 'ਗੁਰਦੁਆਰਾ ਗੁਰੂ ਕੇ ਮਹਿਲ' ਵਾਲੀ ਇਮਾਰਤ ਦੇ ਹੇਠਾਂ ਹੀ ਭੋਰੇ ਦੇ ਰੂਪ ਵਿਚ ਬਣਿਆ ਹੋਇਆ ਹੈ। ਇਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਹੀਂ ਕੀਤਾ ਹੋਇਆ, ਸਿਰਫ ਇਕ ਥੜ੍ਹਾ ਹੀ ਬਣਿਆ ਹੋਇਆ ਹੈ।

ਗੁਰੂ ਤੇਗ ਬਹਾਦਰ ਜੀ ਨੇ ਇਹ ਭੋਰਾ ਬਣਵਾਇਆ ਸੀ। ਇਸ ਭੋਰੇ ਵਿਚ ਗੁਰੂ ਤੇਗ ਬਹਾਦਰ ਜੀ ਨਾਮ-ਸਿਮਰਨ ਕਰਨ ਲਈ ਬੈਠਿਆ ਕਰਦੇ ਸਨ। ਗੁਰੂ ਤੇਗ ਬਹਾਦਰ ਜੀ ਇਕਾਂਤ ਵਿਚ ਪ੍ਰਭੂ ਸਿਮਰਨ ਤੇ ਚਿੰਤਨ ਵਿਚ ਰਹਿਣਾ ਪਸੰਦ ਕਰਦੇ ਸਨ।[40] ਇਸ ਲਈ ਗੁਰੂ ਜੀ ਨੇ ਆਪਣੇ ਮਹਿਲਾਂ ਵਿਚ ਭੋਰਾ (ਜਮੀਨਦੋਜ ਕਮਰਾ) ਬਣਵਾਇਆ। ਭੋਰਾ ਗਰਮੀਆਂ ਵਿਚ ਠੰਡਾ ਅਤੇ ਸਰਦੀਆਂ ਵਿਚ ਨਿੱਘਾ ਰਹਿੰਦਾ ਹੈ ਅਤੇ ਇਹ ਬਾਹਰੀ ਸ਼ੋਰ-ਸ਼ਰਾਬੇ ਤੋਂ ਰਹਿਤ ਸਥਾਨ ਬਣ ਜਾਂਦਾ ਹੈ।

ਮੌਜੂਦਾ ਸਮੇਂ ਵਿਚ ਇਥੇ ਸੁੰਦਰ ਗੁਰਦੁਆਰਾ ਸਾਹਿਬ ਦੀ ਇਮਾਰਤ ਬਣੀ ਹੋਈ ਹੈ। ਹੁਣ ਇਸਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਹੈ।

**ਗੁਰਦੁਆਰਾ ਦਮਦਮਾ ਸਾਹਿਬ (ਗੁਰਿਆਈ ਅਸਥਾਨ ਪਾ: ਦਸਵੀਂ)**

ਇਹ ਗੁਰਦੁਆਰਾ ਗੁਰੂ ਕੇ ਮਹਿਲ ਅਤੇ ਭੋਰਾ ਸਾਹਿਬ ਦੇ ਨਾਲ ਹੀ ਇਕੋ ਪਰਿਸਰ ਵਿਚ ਸਥਿਤ ਹੈ। ਗੁਰਦੁਆਰਾ ਦਮਦਮਾ ਸਾਹਿਬ ਉਸ ਜਗ੍ਹਾ ਤੇ ਸਥਿਤ ਹੈ, ਜਿਥੇ ਗੁਰੂ ਤੇਗ ਬਹਾਦਰ ਜੀ, ਗੁਰੂ ਦਰਬਾਰ ਵਿਚ ਆਈਆਂ ਸੰਗਤਾਂ ਨੂੰ ਉਪਦੇਸ਼ ਦਿੰਦੇ ਸਨ। ਇਸ ਅਸਥਾਨ ਨੂੰ 'ਗੁਰਿਆਈ ਅਸਥਾਨ ਪਾਤਸ਼ਾਹੀ ਦਸਵੀਂ' ਵੀ ਆਖਿਆ ਜਾਂਦਾ ਹੈ ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰਿਆਈ ਦੇਣ ਦੀ ਰਸਮ ਇਸੇ ਜਗ੍ਹਾ ਤੇ ਕੀਤੀ ਗਈ ਸੀ।[41]

*ਗੁਰੂ ਕੀਆਂ ਸਾਖੀਆਂ* ਅਨੁਸਾਰ, "ਗੁਰੂ ਜੀ ਕਾ ਦਰਬਾਰ ਹੋਆ, ਦੀਵਾਨ ਦਰਘਾ ਮੱਲ ਸੇ ਬਚਨ ਕੀਆ, ਤਿਆਰੀ ਕਰੀਏ! ਹਮੇਂ ਗੋਬਿੰਦ ਦਾਸ ਕੋ ਗੁਰਿਆਈ ਦੇਨੀ ਹੈ, ਦੀਵਾਨ ਜੀ! ਤੁਸੀਂ ਗੁਰਿਆਈ ਕੀ ਸਮੱਗਰੀ ਲੈ ਆਈਏ। ਸਤਿਗੁਰਾਂ ਸਾਹਿਬਜ਼ਾਦੇ ਕੋ ਸ਼ਸਤਰ ਬਸਤਰ ਸਜਾਇ ਆਪਨੇ ਆਸਨ 'ਤੇ ਲਿਆਇ

[40] ਜੋਧ ਸਿੰਘ (ਮੁੱਖ ਸੰਪਾ.), *ਸਿੱਖ ਧਰਮ ਵਿਸ਼ਵਕੋਸ਼* (ਪਹਿਲੀ ਸੈਂਚੀ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008, ਪੰਨੇ 123.

[41] ਉਹੀ, ਪੰਨਾ 123.

ਬੈਠਾਇਆ। ਦੀਵਾਨ ਦਰਘਾ ਮੱਲ ਨੇ ਗੁਰਿਆਈ ਦੀ ਸਮੱਗਰੀ ਲਿਆਇ ਸਾਹਿਬਜ਼ਾਦੇ ਕੇ ਆਗੇ ਰਾਖ ਮੱਥਾ ਟੇਕਾ। ਬਾਬੇ ਬੁੱਢੇ ਕੇ ਸ੍ਰੀ ਰਾਮ ਕੁਇਰ ਨੰਨ੍ਹੀ ਅਵਸਥਾ ਮੇਂ ਸ੍ਰੀ ਗੋਬਿੰਦ ਦਾਸ ਜੀ ਕੇ ਭਾਲ ਮੇਂ ਚੰਦਨ ਕਾ ਟੀਕਾ ਕੀਆ। ਬਚਨ ਹੋਆ, ਭਾਈ ਸਿੱਖੋ! ਆਗੇ ਸੇ ਅਸਾਂ ਕੀ ਥਾਂਇ ਸ੍ਰੀ ਗੋਬਿੰਦ ਦਾਸ ਜੀ ਕੋ ਗੁਰੂ ਜਾਨਨਾਂ, ਜੋ ਜਾਨੈਗਾ ਤਿਸ ਕੀ ਘਾਲ ਥਾਂਇ ਪਏਗੀ।"[42]

ਇਥੇ ਹੁਣ ਛੋਟਾ ਤੇ ਸੁੰਦਰ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ, ਮੌਜੂਦਾ ਸਮੇਂ ਵਿਚ ਇਸਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਹੈ।

**ਗੁਰਦੁਆਰਾ ਥੜਾ ਸਾਹਿਬ**

ਇਹ ਅਸਥਾਨ ਵੀ ਗੁਰੂ ਕੇ ਮਹਿਲ ਵਾਲੇ ਪਰਿਸਰ ਦਾ ਹੀ ਹਿੱਸਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਇਸ ਅਸਥਾਨ 'ਤੇ ਇਕ ਥੜਾ ਬਣਵਾਇਆ ਸੀ, ਜਿਥੇ ਬੈਠ ਕੇ ਨਿਤਾਪ੍ਰਤੀ ਦੀਵਾਨ ਸਜਾਉਂਦੇ ਸਨ। ਇਥੇ ਹੀ ਕਸ਼ਮੀਰੀ ਪੰਡਿਤ ਫਰਿਆਦ ਲੈ ਕੇ ਆਏ ਸਨ। ਇਸ ਦਾ ਵਰਣਨ *ਸ਼ਹੀਦ ਬਿਲਾਸ* ਵਿਚ ਇੰਵ ਕੀਤਾ ਗਿਆ ਹੈ:

*ਹਾਥ ਜੋਰ ਕਹਿਯੋ ਕਿਰਪਾ ਰਾਮ ਦੱਤ ਬ੍ਰਾਹਮਣ ਮੱਟਨ ਗ੍ਰਾਮ :*

*"ਹਮਰੋ ਬਲ ਅਬ ਰਹਯੋ ਨਹਿ ਕਾਈ। ਹੇ ਗੁਰ ਤੇਗ ਬਹਾਦਰ ਰਾਈ।*

*ਗਜ ਦੇ ਬੰਧਨ ਕਾਟਨ ਹਾਰੇ। ਤੁਮ ਗੁਰ ਨਾਨਕ ਹੈਂ ਅਵਤਾਰੇ।*

*ਜਿਮ ਦਰੋਪਤੀ ਰਾਖੀ ਲਾਜ। ਦਿਯੋ ਸਵਾਰ ਸੁਦਾਮੈ ਕਾਜ।*

*ਫਿਰਤ ਫਿਰਤ ਪ੍ਰਭ ਆਏ ਥਾਰੈ। ਥਾਕ ਪਰੈ ਹਉਂ ਤਉਂ ਦਰਬਾਰੈ।"*

*ਸੇਵਾ ਹਰੀ ਇਮ ਅਰਜ ਗੁਜ਼ਾਰੀ। "ਤੁਮ ਕਲਜੁਗ ਕੇ ਕ੍ਰਿਸ਼ਨ ਮੁਰਾਰੀ"।।35।।*

*ਗੁਰ ਦਰ ਤੇ ਇਮ ਬਿਪ੍ਰ ਨੇ ਬਿਰਥਾ ਕਹੀ ਸੁਨਾਇ।*

*ਅਵਰ ਵਾਸਨਾ ਨਾਹਿ ਪ੍ਰਭ, ਤੱਕੀ ਤਉ ਸਰਨਾਇ।।36।।* [43]

---

[42] ਸ੍ਵਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ*, ਪਿਆਰਾ ਸਿੰਘ ਪਦਮ (ਸੰਪਾ.), ਪੰਨਾ 79.

[43] ਭਾਈ ਮਨੀ ਸਿੰਘ, *ਸ਼ਹੀਦ ਬਿਲਾਸ*, ਪੰਨੇ 56-57.

ਗੁਰੂ ਤੇਗ ਬਹਾਦਰ ਜੀ ਨੇ ਸਿੱਖ-ਸੰਗਤਾਂ ਨੂੰ ਆਖਿਆ ਕਿ ਅਸਾਂ ਹੁਣ ਇਥੇ ਆਏ ਫਰਿਆਦੀ ਕਸ਼ਮੀਰੀ ਬ੍ਰਾਹਮਣੋਂ ਕੀ ਖਾਤਰ ਦਿਹਲੀ ਜਾਏਂਗੇ। ਇਹ ਸੁਣ ਸਭ ਦਾ ਧੀਰਜ ਛੁੱਟ ਗਿਆ, ਗੁਰੂ ਜੀ ਨੇ ਸਭ ਨੂੰ ਸ਼ਾਂਤ ਰਹਿਣ ਲਈ ਹੌਂਸਲਾ ਦਿੱਤਾ। ਗੁਰੂ ਜੀ ਨੇ ਦੀਵਾਨ ਦਰਗਾਹ ਮੱਲ ਅਤੇ ਚਉਪਤ ਰਾਇ ਆਦਿ ਸਿੱਖਾਂ ਨੂੰ ਸਮਝਾ ਬੁਝਾ ਦਿੱਲੀ ਜਾਣ ਦੀ ਤਿਆਰੀ ਕੀਤੀ।[44]

ਮੌਜੂਦਾ ਸਮੇਂ ਇਥੇ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਜੋਂ ਇਕ ਛੋਟਾ ਗੁਰਦੁਆਰਾ ਥੜਾ ਸਾਹਿਬ ਬਣਿਆ ਹੋਇਆ ਹੈ। ਇਸਦਾ ਪ੍ਰਬੰਧ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਹੀ ਹੈ।

**ਗੁਰਦੁਆਰਾ ਸੀਸ ਗੰਜ ਸਾਹਿਬ**

ਇਹ ਅਸਥਾਨ ਗੁਰਦੁਆਰਾ ਗੁਰੂ ਕੇ ਮਹਿਲ ਦੇ ਸਾਹਮਣੇ ਬਣਿਆ ਹੋਇਆ ਹੈ। ਇਥੇ ਇਕੋ ਪਰਿਸਰ ਜਾਂ ਚਾਰ ਦੀਵਾਰੀ ਦੇ ਅੰਦਰ, ਦੋ ਅਸਥਾਨ ਗੁਰਦੁਆਰਾ ਸੀਸ ਗੰਜ ਅਤੇ ਅਕਾਲ ਬੁੰਗਾ ਆਹਮੋ-ਸਾਹਮਣੇ ਬਣੇ ਹੋਏ ਹਨ।

ਗੁਰਦੁਆਰਾ ਸਾਹਿਬ ਵਿਚਲੇ ਬੋਰਡ ਦੀ ਲਿਖਤ ਅਨੁਸਾਰ ਮੱਘਰ ਸੁਦੀ 5 ਸੰਮਤ 1732 ਮੁਤਾਬਕ 11 ਨਵੰਬਰ, 1675 ਈਸਵੀ ਦਿਨ ਬੁੱਧਵਾਰ ਨੂੰ ਦਿੱਲੀ ਵਿਖੇ ਬਲਿਦਾਨ ਉਪਰੰਤ ਨੌਂਵੇਂ ਪਾਤਸ਼ਾਹ ਜੀ ਦਾ ਸੀਸ ਭਾਈ ਜੈਤਾ ਜੀ ਕੀਰਤਪੁਰ ਸਾਹਿਬ, ਗੁਰਦੁਆਰਾ ਬਿਬਾਣਗੜ੍ਹ ਸਾਹਿਬ ਵਾਲੀ ਥਾਂ ਤੇ ਲੈ ਕੇ ਆਏ ਤਾਂ ਗੁਰੂ ਗੋਬਿੰਦ ਸਿੰਘ, ਦਾਦੀ ਮਾਤਾ ਨਾਨਕੀ ਅਤੇ ਮਾਤਾ ਗੁਜਰੀ ਜੀ ਬੇਅੰਤ ਸੰਗਤਾਂ ਸਮੇਤ ਉਥੇ ਪੁੱਜੇ ਤਾਂ ਭਾਈ ਜੈਤਾ ਜੀ ਨੂੰ ਛਾਤੀ ਨਾਲ ਲਾ ਕੇ 'ਰੰਘਰੇਟੇ ਗੁਰੂ ਕੇ ਬੇਟੇ' ਦਾ ਵਰਦਾਨ ਬਖ਼ਸ਼ਣ ਉਪਰੰਤ ਨੌਂਵੇਂ ਗੁਰੂ ਜੀ ਦੇ ਸੀਸ ਨੂੰ ਪਾਲਕੀ ਵਿਚ ਸਜਾ ਕੇ ਸੰਗਤਾਂ ਸਮੇਤ ਇਥੇ ਪੁੱਜੇ ਤੇ ਇਸ ਪਵਿੱਤਰ ਅਸਥਾਨ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸੀਸ ਦਾ ਸਸਕਾਰ ਕੀਤਾ। ਇਸ ਅਸਥਾਨ ਦਾ ਅੰਦਰਲਾ ਹਿੱਸਾ ਦਸਮੇਸ਼ ਪਿਤਾ ਜੀ ਦੀ ਨਿਗਰਾਨੀ ਵਿਚ ਬਣਿਆ ਹੈ।[45]

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਉਹਨਾਂ ਦੇ ਸੀਸ ਨੂੰ ਭਾਈ ਜੈਤਾ ਜੀ ਦਿੱਲੀ ਤੋਂ ਲੈ ਕੇ ਅਨੰਦਪੁਰ ਸਾਹਿਬ ਪੁੱਜੇ। ਉਹਨਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਜਾ ਕੇ ਗੁਰੂ ਤੇਗ

---

[44] ਸ੍ਵਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ*, ਪਿਆਰਾ ਸਿੰਘ ਪਦਮ (ਸੰਪਾ.), ਪੰਨਾ 79.

[45] ਗੁਰਦੁਆਰਾ ਸੀਸ ਗੰਜ ਸਾਹਿਬ ਵਿਚ ਲੱਗੇ ਬੋਰਡ ਦੀ ਲਿਖਤ ਅਨੁਸਾਰ।

ਬਹਾਦਰ ਜੀ ਦਾ ਸੀਸ ਸੌਂਪ ਦਿਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਜੈਤਾ ਜੀ ਦੀ ਇਸ ਸੇਵਾ ਬਦਲੇ ਉਹਨਾਂ ਨੂੰ 'ਰੰਘਰੇਟਾ ਗੁਰੂ ਕਾ ਬੇਟਾ' ਕਹਿ ਨਿਵਾਜਿਆ ਅਤੇ ਫਿਰ ਉਹਨਾਂ ਨੇ ਸਾਰੀ ਸੰਗਤ ਨੂੰ ਦਿੱਲੀ ਵਿਚਲਾ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ ਸਾਰਾ ਬਿਰਤਾਂਤ ਸੁਣਾਇਆ।[46] ਕੇਸਰ ਸਿੰਘ ਛਿੱਬਰ ਨੇ ਉਸ ਸਮੇਂ ਦਾ ਵਰਣਨ ਇਸ ਤਰ੍ਹਾਂ ਕੀਤਾ ਹੈ ਕਿ ਗੁਰੂ ਸਾਹਿਬ ਨੇ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੀਸ ਲੈ ਕੇ ਰੁਮਾਲ ਨਾਲ ਪੂੰਝਿਆ ਅਤੇ ਨੇਤ੍ਰ ਰਸਨੀ ਲਾਇਆ। ਉਪਰੰਤ ਸ਼ਰਧਾ ਸਹਿਤ ਸੀਸ ਦਾ ਇਸ਼ਨਾਨ ਕਰਵਾਇਆ ਅਤੇ ਚੰਦਨ ਦੀ ਲੱਕੜੀ ਨਾਲ ਸਸਕਾਰ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨੇ ਉਸ ਸਮੇਂ ਆਪਣੇ ਪਿਤਾ ਦੀ ਸ਼ਹਾਦਤ ਸੰਬੰਧੀ ਨਿਮਨ ਬਚਨ ਵੀ ਕਹੇ :

*ਗੁਲਾਬ ਮੰਗਾਇ ਸੀਸੁ ਧੁਆਇਆ। ਫਿਰ ਗੰਗ ਜਲ ਨਾਲ ਨਵਾਇਆ।*

*ਚੰਦਨ ਨਾਲ ਕੀਤਾ ਸਿਸਕਾਰੁ। ਅਤੇ ਰਸਨਾ ਕੀਤਾ ਇਹ ਉਚਾਰੁ॥148॥*

*ਠੀਕਰਿ ਫੋਰਿ ਦਿਲੀਸ ਸਿਰਿ, ਪ੍ਰਭ ਪੁਰਿ ਕੀਆ ਪਯਾਨ॥*

*ਤੇਗ ਬਹਾਦਰ ਸੀ ਕ੍ਰਿਆ, ਕਰੀ ਨ ਕਿਨਹੂੰ ਆਨ॥*

*ਤੇਗ ਬਹਾਦੁਰ ਕੇ ਚਲਤ, ਭਯੋ ਜਗਤ ਮੈ ਸ਼ੋਕ॥*

*ਹੈ ਹੈ ਹੈ ਸਭ ਜਗ ਭਯੋ, ਜੈ ਜੈ ਜੈ ਸੁਰ ਲੋਕ॥150॥* [47]

ਗੁਰੂ ਗੋਬਿੰਦ ਸਿੰਘ ਜੀ ਨੇ ਆਪ ਇਥੇ ਯਾਦਗਾਰ ਵਜੋਂ ਇਕ ਗੁਰਦੁਆਰਾ ਬਣਾ ਦਿਤਾ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਦਸੰਬਰ 1705 ਵਿਚ ਅਨੰਦਪੁਰ ਸਾਹਿਬ ਛੱਡਣ ਵੇਲੇ ਇਸ ਅਸਥਾਨ ਦੀ ਸੇਵਾ ਸੰਭਾਲ ਉਦਾਸੀ ਸਾਧੂ ਗੁਰਬਖਸ਼ ਨੂੰ ਸੌਂਪੀ ਸੀ।[48]

ਇਸ ਅਸਥਾਨ ਤੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਬਣਾਈ ਉਸ ਸਮੇਂ ਦੀ ਇਮਾਰਤ ਦਾ ਕੁਝ ਹਿੱਸਾ ਅਜੇ ਵੀ ਮੌਜੂਦ ਹੈ, ਜਿਸ ਸੰਬੰਧੀ ਜਿਕਰ ਗੁਰਦੁਆਰਾ ਸਾਹਿਬ ਵਿਚ ਲਿਖੇ ਇਤਿਹਾਸ ਦੇ ਬੋਰਡ ਉਤੇ ਵੀ

---

[46] ਸ੍ਵਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ,* ਪਿਆਰਾ ਸਿੰਘ ਪਦਮ (ਸੰਪਾ.), ਪੰਨਾ 85.

[47] ਕੇਸਰ ਸਿੰਘ ਛਿੱਬਰ, *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ,* ਪਿਆਰਾ ਸਿੰਘ ਪਦਮ (ਸੰਪਾ.), ਸਿੰਘ ਬ੍ਰਦਰਜ਼, ਅੰਮ੍ਰਿਤਸਰ, 2005 (ਦੂਜੀ ਵਾਰ), ਪੰਨਾ 122.

[48] ਜੋਧ ਸਿੰਘ (ਮੁੱਖ ਸੰਪਾ.), *ਸਿੱਖ ਧਰਮ ਵਿਸ਼ਵਕੋਸ਼,* (ਪਹਿਲੀ ਸੈਂਚੀ), ਪੰਨਾ 123.

ਕੀਤਾ ਹੋਇਆ ਹੈ। ਇਸ ਪੁਰਾਣੀ ਇਮਾਰਤ ਅੰਦਰਲੇ ਦਰਵਾਜੇ ਉਤੇ ਸੁੰਦਰ ਨਕਾਸ਼ੀ ਕੀਤੀ ਹੋਈ ਹੈ, ਜਿਸਨੂੰ ਸੁਰੱਖਿਅਤ ਰੱਖਣ ਲਈ ਪਾਰਦਰਸ਼ੀ ਸ਼ੀਸ਼ੇ ਵਿਚ ਜੜਿਆ ਹੋਇਆ ਹੈ। ਹੁਣ ਇਸਦੇ ਦੁਆਲੇ ਹੋਰ ਇਮਾਰਤ ਬਣਾ ਕੇ ਗੁਰਦੁਆਰੇ ਨੂੰ ਵੱਡਾ ਕੀਤਾ ਗਿਆ ਹੈ। ਇਸ ਅਸਥਾਨ ਦੀ ਮੁਰੰਮਤ ਅਤੇ ਵੱਡਾ ਕਰਨ ਦਾ ਸੇਵਾ 1970 ਈਸਵੀ ਦੇ ਸ਼ੁਰੂ ਵਿਚ ਬਾਬਾ ਸੇਵਾ ਸਿੰਘ ਕਿਲ੍ਹਾ ਅਨੰਦਗੜ੍ਹ ਵਾਲਿਆਂ ਦੁਆਰਾ ਕੀਤੀ ਗਈ ਸੀ। ਹੁਣ ਇਸ ਅਸਥਾਨ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਹੈ।

**ਗੁਰਦੁਆਰਾ ਅਕਾਲ ਬੁੰਗਾ ਸਾਹਿਬ**

ਇਹ ਅਸਥਾਨ ਵੀ ਗੁਰਦੁਆਰਾ ਸੀਸ ਗੰਜ ਸਾਹਿਬ ਦੇ ਸਾਹਮਣੇ ਹੀ ਇਕ ਚਾਰ ਦੀਵਾਰੀ ਦੇ ਅੰਦਰ ਹੀ ਸ਼ੁਸ਼ੋਭਿਤ ਹੈ। ਇਸ ਅਸਥਾਨ 'ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸੀਸ ਦੇ ਸਸਕਾਰ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਇੱਥੇ ਹੀ ਬੈਠ ਕੇ ਸੰਗਤਾਂ ਨੂੰ ਉਪਦੇਸ਼ ਕੀਤਾ।

ਗਿਆਨੀ ਗਿਆਨ ਸਿੰਘ ਲਿਖਦੇ ਹਨ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸੀਸ ਦੇ ਸਸਕਾਰ ਤੋਂ ਬਾਅਦ ਸੰਗਤਾਂ ਬਹੁਤ ਰੁਦਨ ਕਰ ਰਹੀਆਂ ਸਨ ਤਾਂ ਸ੍ਰੀ ਦਸ਼ਮੇਸ਼ ਜੀ ਨੇ ਸੰਗਤਾਂ ਨੂੰ ਧੀਰਜ ਦਿੱਤਾ। ਗੁਰੂ ਜੀ ਨੇ ਉਪਦੇਸ਼ ਕੀਤਾ ਕਿ ਪਰਉਪਕਾਰੀ, ਧਰਮਾਤਮਾ, ਜਪੀ ਤਪੀ, ਸਤ ਪ੍ਰਤੱਗਯ, ਸਤਬ੍ਰਹਮ ਬੇਤਾ, ਸਤਸੰਗੀ, ਬਿਬੇਕੀ ਪੁਰਖ ਰੋਣ-ਪਿੱਟਣ ਯੋਗ ਨਹੀਂ ਹੁੰਦੇ। ਯਥਾ : *ਸੰਤ ਮੂਏ ਕਿਆ ਰੋਈਐ ਜੋ ਅਪੁਨੇ ਗ੍ਰਿਹਿ ਜਾਇ ॥ ਰੋਵਹੁ ਸਾਕਤ ਬਾਪੁਰੇ ਜੁ ਹਾਟੈ ਹਾਟ ਬਿਕਾਇ ॥* ਗਿਆਨ ਧਰਮ, ਨੀਤਿ ਧਰਮ, ਯੁੱਧ ਧਰਮ, ਭਗਤੀ ਧਰਮ, ਦਾਨ ਧਰਮ ਏਨ੍ਹਾਂ ਦੇ ਧਾਰਨ ਵਾਲੇ ਸਭ ਪੁਰਖ ਪ੍ਰਸ਼ੰਸਨੀਯ ਹੁੰਦੇ ਹਨ। ਤਾਂ ਤੇ ਸਾਡੇ ਪਿਤਾ ਸਤਗੁਰੂ ਜੋ ਸਰਬਧਾ ਧੰਨਯਤਾ ਦੇ ਜੋਗ ਹੋਏ ਹਨ, ਉਹਨਾਂ ਨੂੰ ਰੋਣਾ ਯੋਗ ਨਹੀਂ। ਉਹਨਾਂ ਦੇ ਨਮਿੱਤ ਭਜਨ, ਪਾਠ, ਜਪ, ਤਪ ਕਰਨ ਯੋਗ ਹੈ।[49] ਇਸ ਸੰਬੰਧੀ ਭਾਈ ਸੁੱਖਾ ਸਿੰਘ ਨੇ ਇਸ ਤਰ੍ਹਾਂ ਲਿਖਿਆ ਹੈ :

*ਗੁਰੂ ਪਾਕ ਜਾਮਾ। ਪਰੈ ਹੈ ਪਰਾਮਾ। ਜਮੈ ਮੌਤ ਨਾਹੀ। ਜਹਾਂ ਆਪ ਆਹੀਂ।47।*

*ਜਮੈ ਮੌਤ ਸਾਰਾ। ਗੁਰੂ ਸੈ ਬਿਚਾਰਾ। ਨਹੀ ਤਾਂਹਿ ਲੇਪੀ, ਗੁਰੂ ਹੈ ਅਲੇਪੀ।48।*

[49] ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖ਼ਾਲਸਾ,* ਭਾਸ਼ਾ ਵਿਭਾਗ, ਪੰਜਾਬ, 2011 (ਪੰਜਵੀਂ ਵਾਰ), ਪੰਨਾ 758.

*ਜੋਊ ਤਾਸੁ ਰੋਈ। ਮਤੀ ਮੰਦ ਹੋਈ। ਰਟੈ ਜੋਇ ਨਾਮਾ। ਸਰੈ ਤਾਹਿ ਕਾਮਾ।49।*

*ਤਿਸੈ ਦੂਖ ਭੂਖਾ। ਜੰਮ ਮੌਤ ਮੂਖਾ। ਲਹੈ ਸੁਖ ਤੋਨੈ। ਗੁਰੂ ਮਧਿ ਗੋਨੈ।50।*

*ਜਮੈ ਨਾ ਮਰਾਹੀ। ਬਿਕੁੰਠੈ ਸਿਪਾਹੀ। ਪੁਰੀ ਤਾਹਿ ਵਾਸਾ। ਭਯੋ ਸੁਧ ਖਾਸਾ।51।*

*ਪ੍ਰਭੂ ਯੌ ਅਲਾਵੈ। ਰੁਵੈ ਤੇ ਹਟਾਵੈ। ਸੁ ਨਾਮੰ ਜਪਾਵੈ। ਨਿਕਾਮੰ ਤਜਾਵੈ।52।* [50]

ਇਸ ਤਰ੍ਹਾਂ ਗੁਰੂ ਜੀ ਨੇ ਸਿੱਖਾਂ ਨੂੰ ਉਪਦੇਸ਼ ਦੇ ਕੇ ਰੁਦਨ ਕਰਨ ਦੀ ਥਾਂ ਅਕਾਲ ਪੁਰਖ ਦਾ ਨਾਮ ਦ੍ਰਿੜ੍ਹ ਕਰਵਾਇਆ। ਉਸ ਥਾਂ ਹੁਣ 'ਗੁਰਦੁਆਰਾ ਅਕਾਲ ਬੁੰਗਾ ਸਾਹਿਬ' ਬਣਿਆ ਹੋਇਆ ਹੈ। ਪੰਡਿਤ ਤਾਰਾ ਸਿੰਘ ਨਰੋਤਮ ਅਨੁਸਾਰ ਇਥੇ ਹੀ ਬੈਠ ਕੇ ਗੁਰੂ ਜੀ ਨੌਵੇਂ ਗੁਰੂ ਜੀ ਦਾ ਦੇਹੁਰਾ ਬਣਵਾਇਆ ਸੀ।[51]

ਇਸ ਅਸਥਾਨ ਉਤੇ ਸਫੈਦ ਪੱਥਰ ਲਗਾਉਣ ਦੀ ਸੇਵਾ 1889 ਈਸਵੀ ਵਿਚ ਕਰਵਾਈ ਗਈ ਜਿਸਦਾ ਜਿਕਰ ਇਥੇ ਲੱਗੀ ਹੋਈ ਸਿਲ ਉਤੇ ਇੰਞ ਕੀਤਾ ਗਿਆ ਹੈ, "ੴ ਸ੍ਰੀ ਵਾਹਿਗੁਰੂ ਜੀ ਕੀ ਫਤੇ ਹੈ ਪਾਤਿਸ਼ਾਹੀ ਦਸ, ਏ ਤਖਤ ਅਕਾਲ ਬੁੰਗੈ ਜੀ ਦੀ ਮੰਜੀ ਪਥਰ ਸੁਪੈਦ ਦੀ ਟੈਹਲ ਕਰਾਈ ਸ੍ਰੀ ਬਾਬਾ ਅਟਲ ਸਾਹਿਬ ਜੀ ਦੇਉ ਖਜਾਨੇਉ ਸ੍ਰਬਤ ਪੁਜਾਰੀਆਂ ਸਿੰਘਾਂ ਨੇ ਅਰ ਸ੍ਰਦਾਰ ਮਾਨ ਸਿੰਘ ਨੇ ਸ੍ਰਬਰਾ ਸਾਬ ਦਰੋਗਾ ਈਸ੍ਰ ਸਿੰਘ ਜੀ ਨੇ ਸੰਮਤ 1946 ਹਾੜਿ 13"[52]

ਇਹ ਗੁਰਦੁਆਰਾ ਹੁਣ ਇਕ ਛੋਟੇ ਗੁੰਬਦ ਵਾਲੀ ਇਮਾਰਤ ਦੇ ਰੂਪ ਵਿਚ ਹੈ, ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਹੈ। ਇਸ ਅਸਥਾਨ ਦੀ ਵਿਵਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ।

### ਗੁਰਦੁਆਰਾ ਮੰਜੀ ਸਾਹਿਬ / ਦੁਮਾਲਗੜ੍ਹ ਸਾਹਿਬ

ਗੁਰਦੁਆਰਾ ਦੁਮਾਲਗੜ੍ਹ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਬਾਹਰ ਖੱਬੇ ਪਾਸੇ ਵੱਲ ਮੌਜੂਦ ਹੈ। ਇਸ ਗੁਰਦੁਆਰੇ ਵਿਚ ਪਹਿਲੀ ਮੰਜਿਲ ਉਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਹੈ। ਜ਼ਮੀਨੀ ਮੰਜਿਲ 'ਤੇ ਸੰਗਤ ਦੀ ਸਹੂਲਤ ਲਈ ਗਠੜੀ ਘਰ ਬਣਾਇਆ ਹੋਇਆ ਹੈ।

---

[50] ਭਾਈ ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ 10*, ਭਾਸ਼ਾ ਵਿਭਾਗ, ਪੰਜਾਬ, 1989, ਪੰਨਾ 68.

[51] ਪੰਡਿਤ ਤਾਰਾ ਸਿੰਘ ਨਰੋਤਮ, *ਸ੍ਰੀ ਗੁਰ ਤੀਰਥ ਸੰਗ੍ਰਹਿ,* ਕਨਖਲ, 1884, ਪੰਨਾ 140.

[52] ਅਕਾਲ ਬੁੰਗਾ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਲੀ ਪਾਲਕੀ ਦੇ ਬਾਹਰ ਲੱਗੇ ਪੱਥਰ ਉਤੇ ਉਕਰੇ ਹੋਏ ਅਨੁਸਾਰ।

*ਗੁਰੂ ਕੀਆਂ ਸਾਖੀਆਂ* ਅਨੁਸਾਰ, "ਜਦੋਂ ਬਿਲਾਸਪੁਰ ਦੇ ਰਾਜਾ ਅਜਮੇਰ ਚੰਦ ਨੇ ਹੰਡੂਰ ਦੇ ਰਾਜਾ ਨਾਲ ਰਲ ਕੇ ਅਨੰਦਪੁਰ ਸਾਹਿਬ `ਤੇ ਹਮਲਾ ਕਰ ਦਿੱਤਾ ਅਤੇ ਸਖ਼ਤ ਲੜਾਈ ਹੋਈ। ਗੁਰੂ ਸਾਹਿਬ ਦੇ ਹੁਕਮ ਅਨੁਸਾਰ ਭਾਈ ਮਾਨ ਸਿੰਘ ਨਿਸ਼ਾਨਚੀ ਨੇ ਅੱਗੇ ਹੋ ਕੇ ਰਣ ਭੂਮੀ ਵਿਚ ਨਿਸ਼ਾਨ ਸਾਹਿਬ ਗੱਡ ਕੇ ਡੱਟ ਕੇ ਲੜਾਈ ਕੀਤੀ। ਭਾਈ ਮਾਨ ਸਿੰਘ ਨਿਸ਼ਾਨਚੀ ਜੂਝਦੇ ਹੋਏ ਜ਼ਖਮੀ ਹੋ ਜ਼ਮੀਨ `ਤੇ ਡਿੱਗ ਪਏ ਤੇ ਨਾਲ ਹੀ ਨਿਸ਼ਾਨ ਸਾਹਿਬ ਵੀ ਦੁਸ਼ਮਨ ਦੇ ਵਾਰ ਨਾਲ ਟੁੱਟ ਜ਼ਮੀਨ `ਤੇ ਡਿੱਗ ਗਿਆ। ਇਸ ਘਟਨਾ ਦੀ ਖਬਰ ਕਿਸੇ ਸਿੱਖ ਨੇ ਤਖਤ ਸ੍ਰੀ ਕੇਸਗੜ੍ਹ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਆ ਕੇ ਦਿੱਤੀ। ਗੁਰੂ ਸਾਹਿਬ ਨੇ ਉਸੇ ਵਕਤ ਆਪਣੀ ਵੱਡੀ ਦਸਤਾਰ ਨੂੰ ਉਤਾਰ ਹੇਠਾਂ ਬੰਨ੍ਹੀ ਕੇਸਕੀ ਵਿਚੋਂ ਨੀਲੇ ਰੰਗ ਦਾ ਫਰਾਰਾ ਕੱਢ ਕੇ ਦਸਤਾਰ ਸਜਾਈ ਅਤੇ ਬਚਨ ਕੀਤਾ, ਇਹ ਖ਼ਾਲਸਾਈ ਨਿਸ਼ਾਨ ਕਭੀ ਆਗੇ ਸੇ ਟੂਟੇਗਾ ਨਹੀਂ। ਉਪਰੰਤ ਨੇੜੇ ਬੈਠੇ ਭਾਈ ਉਦੈ ਸਿੰਘ, ਹਿੰਮਤ ਸਿੰਘ, ਸਾਹਿਬ ਸਿੰਘ, ਮੋਹਕਮ ਸਿੰਘ ਤੇ ਆਲਮ ਸਿੰਘ ਨੇ ਵੀ ਦਸਤਾਰਾਂ ਤੇ ਕੇਸਕੀ ਵਿਚੋਂ ਕੱਢ ਨੀਲੇ ਫਰਾਰੇ ਸਜਾਏ। ਉਸੀ ਸਮੇਂ ਸਾਹਿਬਜ਼ਾਦਾ ਫ਼ਤਿਹ ਸਿੰਘ ਨੇ, ਜੋ ਅਜੇ ਛੇ ਸਾਲ ਦੇ ਹੀ ਸਨ, ਪਿਤਾ ਜੀ ਨੂੰ ਦੇਖ ਫਰਾਰਾ ਸਜਾ ਲਿਆ। ਇਸ ਨੂੰ ਦੇਖ ਗੁਰੂ ਜੀ ਮੁਸਕਰਾਏ ਤੇ ਬਚਨ ਕੀਤਾ, ਬੇਟਾ, ਇਹ ਅਕਾਲੀ ਫਰਾਰਾ ਪੰਥ ਮੇਂ ਸਦੀਵ ਰਹੇਗਾ। ਇਹ ਸਰਗੁਨ ਸਰੂਪ ਸ੍ਰੀ ਮਹਾਂਕਾਲ ਕਾ ਬਾਣਾ ਹੈ, ਇਸ ਕਾ ਸਤਿਕਾਰ ਨਿਸ਼ਾਨ ਸਾਹਿਬ ਕੇ ਸਮਾਨ ਕਰਨਾ। ਸ਼ਾਮ ਹੁੰਦੇ ਹੀ ਰਾਜੇ ਭੱਜ ਗਏ ਤੇ ਲੜਾਈ ਬੰਦ ਹੋ ਗਈ।"[53]

ਇਸਦੀ ਯਾਦ ਵਜੋਂ ਗੁਰਦੁਆਰਾ ਦੁਮਾਲਗੜ੍ਹ ਸਾਹਿਬ ਬਣਿਆ ਹੋਇਆ ਹੈ ਜੋ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਨੂੰ ਸਮਰਪਿਤ ਹੈ। ਇਥੇ ਉਹ ਵਿਦਿਆ ਪ੍ਰਾਪਤ ਕਰਨ ਦੇ ਨਾਲ-ਨਾਲ ਹਥਿਆਰ ਚਲਾਉਣ ਦਾ ਵੀ ਅਭਿਆਸ ਕਰਿਆ ਕਰਦੇ ਸਨ।[54] ਇਸ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਹੈ।

**ਗੁਰਦੁਆਰਾ ਸ਼ਹੀਦੀ ਬਾਗ**

ਇਹ ਅਸਥਾਨ ਕਿਲ੍ਹਾ ਅਨੰਦਗੜ੍ਹ ਦੇ ਸਾਹਮਣੇ ਸੁਸ਼ੋਭਿਤ ਹੈ। ਰਵਾਇਤ ਅਨੁਸਾਰ ਗੁਰੂ ਸਾਹਿਬ ਨੇ

[53] ਸ੍ਵਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ,* ਪਿਆਰਾ ਸਿੰਘ ਪਦਮ (ਸੰਪਾ.), ਪੰਨੇ 148-49.

[54] ਜੋਧ ਸਿੰਘ (ਮੁੱਖ ਸੰਪਾ.), *ਸਿੱਖ ਧਰਮ ਵਿਸ਼ਵਕੋਸ਼,* (ਸੈਂਚੀ ਪਹਿਲੀ), ਪੰਨਾ 123.

ਇਥੇ ਇਕ ਬਾਗ ਲਵਾਇਆ ਹੋਇਆ ਸੀ। ਜਦੋਂ ਵੀ ਕਿਲ੍ਹਾ ਅਨੰਦਗੜ੍ਹ ਦੀ ਜੰਗ ਹੁੰਦੀ ਤਾਂ ਇਹ ਬਾਗ ਮੈਦਾਨੇ-ਜੰਗ ਦਾ ਰੂਪ ਧਾਰ ਜਾਂਦਾ ਸੀ। ਅਨੰਦਪੁਰ ਦੀ ਆਖਰੀ ਜੰਗ ਵਿਚ ਇਸ ਬਾਗ ਵਿਚ ਅਨੇਕਾਂ ਸਿੰਘ ਸ਼ਹੀਦ ਹੋਏ ਸਨ, ਇਸੇ ਲਈ ਇਸ ਦਾ ਨਾਂ 'ਸ਼ਹੀਦੀ ਬਾਗ' ਪੈ ਗਿਆ ਸੀ।

ਇਸ ਅਸਥਾਨ ਉਤੇ ਅਨੰਦਪੁਰ ਦੀ ਆਖਰੀ ਜੰਗ 1705 ਈ. ਨੂੰ ਹੋਈ, ਜਿਸ ਵਿਚ ਅਨੇਕਾਂ ਸਿੰਘ ਸ਼ਹੀਦ ਹੋਏ, ਜਿਸਦਾ ਵਰਣਨ ਇਸ ਤਰ੍ਹਾਂ ਮਿਲਦਾ ਹੈ। ਪਹਾੜੀ ਰਾਜਿਆਂ ਨੂੰ ਪੱਕਾ ਵਿਸ਼ਵਾਸ ਹੋ ਗਿਆ ਕਿ ਉਹ ਇਕੱਲਿਆਂ ਹੀ ਗੁਰੂ ਸਾਹਿਬ ਦਾ ਮੁਕਾਬਲਾ ਨਹੀਂ ਕਰ ਸਕਦੇ। ਸਾਰੇ ਰਾਜੇ ਇਕੱਠੇ ਹੋ ਕੇ ਮੁਗ਼ਲ ਹਾਕਮਾਂ ਕੋਲ ਗਏ ਕਿ ਸਾਨੂੰ ਗੁਰੂ ਸਾਹਿਬ ਪਾਸੋਂ ਕਿਲ੍ਹਾ ਅਨੰਦਗੜ੍ਹ ਲੈ ਦਿਓ। ਉਸ ਵੇਲੇ ਲਾਹੌਰ ਦਾ ਸੂਬੇਦਾਰ ਜਬਰਦਸਤ ਖਾਨ ਅਤੇ ਸਰਹਿੰਦ ਦਾ ਫੌਜਦਾਰ ਵਜੀਰ ਖਾਨ ਸੀ। ਪਹਾੜੀ ਰਾਜਿਆਂ ਦੀ ਬੇਨਤੀ ਪ੍ਰਵਾਨ ਕਰਦਿਆਂ, 1705 ਈਸਵੀ ਵਿਚ ਮੁਗਲ ਫੌਜ, ਪਠਾਣਾਂ, ਰੰਘੜਾਂ, ਗੁੱਜਰਾਂ ਨੇ ਪਹਾੜੀ ਰਾਜਿਆਂ ਦੀਆਂ ਸੈਨਾਵਾਂ ਨਾਲ ਮਿਲ ਕੇ ਅਨੰਦਪੁਰ ਸਾਹਿਬ ਨੂੰ ਘੇਰ ਲਿਆ। ਗੁਰੂ ਸਾਹਿਬ ਨੇ ਵੀ ਦੂਰ ਨੇੜੇ ਦੇ ਸਾਰੇ ਕਿਲ੍ਹਿਆਂ ਦੀ ਚੰਗੀ ਮੋਰਚਾਬੰਦੀ ਕਰਵਾ ਦਿੱਤੀ। ਇਸਦਾ ਜਿਕਰ ਕਵੀ ਸੈਨਾਪਤਿ ਨੇ ਇੰਞ ਕੀਤਾ ਹੈ :

*ਖਬਰ ਸੁਨੀ ਕਾਰਨ ਕਰਨ ਫੇਰ ਕੀਓ ਫੁਰਮਾਨ।*
*ਠਉਰ ਠਉਰ ਧਰ ਮੋਰਚੇ ਬੈਠਿ ਰਹੇ ਤਿਹ ਥਾਨ॥427।।*
*ਤੀਰ ਬਾਨ ਗੋਲੀ ਚਲੀ ਬਰਖੈ ਧੂਆਂ ਧਾਰ।*
*ਤਿਹ ਪਾਛੈ ਮਿਲ ਸੂਰਮੇ ਕਰਨ ਗਹੀ ਤਰਵਾਰ॥428।।*[55]

ਸਿੰਘ ਬਹੁਤ ਬਹਾਦਰੀ ਨਾਲ ਲੜੇ, ਦੁਸ਼ਮਣ ਸੈਨਾ ਦੀ ਕੋਈ ਪੇਸ਼ ਨਾ ਗਈ। ਇਹ ਦੇਖ ਦੁਸ਼ਮਣ ਨੇ ਸ੍ਰੀ ਅਨੰਦਪੁਰ ਦੇ ਦੁਆਲੇ ਦੀ ਘੇਰਾਬੰਦੀ ਹੋਰ ਸਖ਼ਤ ਕਰ ਦਿੱਤੀ ਤਾਂ ਜੋ ਰਸਦ ਅੰਦਰ ਨਾ ਪਹੁੰਚ ਸਕੇ ਅਤੇ ਜਿਸ ਕਾਰਨ ਭੁੱਖੇ-ਪਿਆਸੇ ਸਿੱਖ ਈਨ ਮੰਨਣ ਲਈ ਮਜ਼ਬੂਰ ਹੋ ਜਾਣ। ਇਹ ਘੇਰਾ ਕਈ ਮਹੀਨੇ ਪਿਆ ਰਿਹਾ, ਹੌਲੀ-ਹੌਲੀ ਲੰਗਰ ਮਸਤਾਨਾ ਹੋ ਗਿਆ। ਸਿੱਖਾਂ ਨੂੰ ਛੋਲਿਆਂ ਦੀ ਇਕ-ਇਕ ਮੁੱਠ ਅਤੇ ਫਿਰ ਪੱਤੇ ਖਾ ਗੁਜਾਰਾ ਕਰਨਾ ਪਿਆ :

55 ਕਵੀ ਸੈਨਾਪਤਿ, *ਸ੍ਰੀ ਗੁਰੂ ਸੋਭਾ,* ਪੰਨਾ 118.

*ਦੋ ਦੋ ਸਿਰਸਾਹ ਅਨਾਜ ਸਿੱਖਾਂ ਖਾਧਾ।*

*ਪਰ ਜੁੱਧ ਧਰਮ ਦੇ ਉਪਰਿ ਸਿੱਖਾਂ ਲੋਕ ਥਾਂਧਾ।*

*ਤੂਤਾਂ ਦੇ ਪੱਤਰ ਖਾਇ ਖਾਇ ਕੇ ਸਿਖ ਲੜੇ।*

*ਪ੍ਰਤੀਤਿ ਵਾਲੇ ਸਿਖ ਗੁਰੂ ਕੇ ਜੁੱਧ ਵਿਚ ਹੱਛੇ ਅੜੇ।551।* [56]

ਸਿੱਖਾਂ ਕੋਲ ਰਸਦ ਲਿਆਉਣ ਲਈ ਕੋਈ ਮਾਰਗ ਨਾ ਰਿਹਾ ਤਾਂ ਉਹਨਾਂ ਨੇ ਅੰਨ ਦੀ ਲੋੜ ਪੂਰੀ ਕਰਨ ਲਈ, ਇਕੋ ਵਾਰ ਜ਼ੋਰ ਦਾ ਹੱਲਾ ਕਰਕੇ ਦੁਸ਼ਮਣ ਫੌਜਾਂ ਨੂੰ ਦੂਰ ਹਟਾ ਦਿੱਤਾ। ਇਹ ਵੇਖ ਦੁਸ਼ਮਣ ਸੈਨਾ ਨੇ ਹੋਰ ਸਖਤਾਈ ਹੱਲਾ ਕੀਤਾ, ਜਿਸ ਵਿਚ ਅਨੇਕਾਂ ਸਿੰਘ ਬੜੀ ਵੀਰਤਾ ਨਾਲ ਲੜਦੇ ਹੋਏ ਸ਼ਹੀਦੀ ਪ੍ਰਾਪਤ ਕਰ ਗਏ :

*ਐਸੋ ਜੁਧ ਭਯੋ ਤਿਹ ਭਾਰਾ। ਪਰੀ ਲੋਥ ਪੈ ਲੋਥ ਅਪਾਰਾ।*

*ਜਪੈ ਖ਼ਾਲਸਾ ਸੁਰਤਿ ਨ ਔਰ। ਜੂਝੈ ਸਿੰਘ ਸਬੈ ਇਕ ਠਉਰ।* [57]

ਇਸ ਜੰਗ ਵਿਚ ਜਿੱਥੇ ਅਨੇਕ ਸਿੰਘ ਸ਼ਹੀਦੀ ਪ੍ਰਾਪਤ ਕਰ ਗਏ ਸੀ, ਉੱਥੇ ਹੁਣ ਗੁਰਦੁਆਰਾ ਸ਼ਹੀਦੀ ਬਾਗ ਸੁਸ਼ੋਭਿਤ ਹੈ। ਇਹ ਬਾਗ ਬਹੁਤ ਵੱਡਾ ਹੁੰਦਾ ਸੀ। ਹੁਣ ਇਸ ਵਿਚ ਕਈ ਸ਼ਹੀਦੀ ਬਾਗ ਨਾਂ ਦੇ ਗੁਰਦੁਆਰੇ ਬਣੇ ਹੋਏ ਹਨ, ਜਿਹਨਾਂ ਵਿਚੋਂ ਇਕ ਗੁਰਦੁਆਰੇ ਦਾ ਪ੍ਰਬੰਧ ਨਿਹੰਗ ਸਿੰਘ ਜਥੇਬੰਦੀ ਮਿਸਲ ਤਰਨਾ ਦਲ ਕੋਲ ਹੈ ਅਤੇ ਗੁਰਦੁਆਰਾ ਸ਼ਹੀਦੀ ਬਾਗ ਨਾਂ ਦੇ ਦੂਜੇ ਅਸਥਾਨ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਹੈ ਅਤੇ ਤੀਜੇ ਅਸਥਾਨ ਦਾ ਪ੍ਰਬੰਧ ਨਿਹੰਗ ਸਿੰਘ ਜਥੇਬੰਦੀ ਬੁੱਢਾ ਦਲ ਕਰਦੀ ਹੈ।

ਗੁਰਦੁਆਰਾ ਸ਼ਹੀਦੀ ਬਾਗ (ਪ੍ਰਬੰਧ ਅਧੀਨ ਤਰਨਾ ਦਲ) ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਇਕ ਪਾਸੇ ਸ੍ਰੀ ਦਸਮ ਗ੍ਰੰਥ ਅਤੇ ਦੂਜੇ ਪਾਸੇ ਸ੍ਰੀ ਸਰਬਲੋਹ ਗ੍ਰੰਥ ਦਾ ਪ੍ਰਕਾਸ਼ ਵੀ ਕੀਤਾ ਹੋਇਆ ਹੈ। ਇਸ ਗੁਰਦੁਆਰਾ ਸਾਹਿਬ ਦੀ ਇਮਾਰਤ ਬਹੁਤ ਸੁੰਦਰ ਬਣੀ ਹੋਈ ਹੈ। ਇਸਨੂੰ ਬਣਾਉਣ ਲਈ ਵਰਤੇ ਗਏ ਸੰਗਮਰਮਰ ਉਤੇ ਬਹੁਤ ਕੀਮਤੀ ਤੇ ਸੁੰਦਰ ਨਕਾਸ਼ੀ ਕੀਤੀ ਹੋਈ ਹੈ। ਇਥੇ ਇਕ ਪੁਰਾਣਾ ਬੋਹੜ ਦਾ

---

[56] ਕੇਸਰ ਸਿੰਘ ਛਿੱਬਰ, *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ,* ਪੰਨਾ 176.

[57] ਕਵੀ ਸੈਨਾਪਤਿ, *ਸ੍ਰੀ ਗੁਰੂ ਸੋਭਾ,* ਪੰਨਾ 121.

ਦਰੱਖਤ ਵੀ ਮੌਜੂਦ ਹੈ। ਲੰਗਰ ਹਾਲ ਅਤੇ ਰਿਹਾਇਸ਼ੀ ਕਮਰੇ ਵੀ ਬਣੇ ਹੋਏ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਵਾਲੇ ਗੁਰਦੁਆਰਾ ਸਾਹਿਬ ਦੀ ਇਮਾਰਤ ਪੁਰਾਣੇ ਢੰਗ ਨਾਲ ਬਣੀ ਹੋਈ ਹੈ, ਜਿਸਦੀ ਸੇਵਾ ਸੰਤ ਬਾਬਾ ਹਰਨਾਮ ਸਿੰਘ ਜਿਆਣ ਵਾਲਿਆਂ ਨੇ ਕਰਵਾਈ ਸੀ। ਇਥੇ ਵੀ ਕੁਝ ਰਿਹਾਇਸ਼ੀ ਕਮਰੇ ਅਤੇ ਲੰਗਰ ਹਾਲ ਵੀ ਬਣਿਆ ਹੋਇਆ ਹੈ।

### ਤਖ਼ਤ ਸ੍ਰੀ ਕੇਸਗੜ੍ਹ ਸਾਹਿਬ

ਅਨੰਦਪੁਰ ਸਾਹਿਬ ਵਿਚ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਇਕ ਪ੍ਰਮੁੱਖ ਅਸਥਾਨ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਦੀ ਸਾਜਨਾ ਕਰਨ ਦੀ ਸੋਚੀ ਤਾਂ ਇਸ ਸਥਾਨ ਦੀ ਚੋਣ ਕੀਤੀ। ਗੁਰੂ ਜੀ ਨੇ ਵਿਸਾਖੀ ਵਾਲੇ ਦਿਨ ਭਾਰੀ ਇਕੱਠ ਕਰਨ ਦੇ ਮੰਤਵ ਨਾਲ ਸਾਰੀਆਂ ਸਿੱਖ ਸੰਗਤਾਂ ਨੂੰ ਹੁਕਮਨਾਮੇ ਭੇਜੇ। ਸੰਗਤਾਂ ਹੁੰਮ-ਹੁਮਾ ਕੇ ਅਨੰਦਪੁਰ ਸਾਹਿਬ ਪਹੁੰਚੀਆਂ, ਗੁਰੂ ਜੀ ਨੇ ਹੁਕਮ ਦਿੱਤਾ ਕਿ ਇਸ ਉਚੇ ਅਸਥਾਨ ਨੂੰ ਸਾਫ ਕਰਕੇ ਇਕ ਤੰਬੂ ਲਗਵਾਇਆ ਜਾਵੇ :

*ਸੁਨਿ ਕਲਗ਼ੀਧਰ ਹੁਕਮ ਬਖਾਨਾ। 'ਜਹਾਂ ਦਮਦਮਾ ਊਚ ਮਹਾਨਾ।*

*ਤਿਸ ਕੇ ਨਿਕਟ ਉਤੰਗ ਸਥਾਨਾ। ਤਹਾਂ ਸੁਧਾਰਹੁ ਬਹੁ ਮੈਦਾਨਾ।।4।।*

*ਪੁਨਿ ਸ਼ਮਿਯਾਨੇ ਤਹਾਂ ਲਗਾਵਹੁ। ਤੰਬੂ ਰੁਚਿਰ ਕਨਾਤ ਤਨਾਵਹੁ।* [58]

ਫਿਰ ਗੁਰੂ ਜੀ ਅਗਲੇ ਦਿਨ ਕੇਸਗੜ੍ਹ ਵਾਲੇ ਸਥਾਨ ਉਤੇ ਆ ਬਿਰਾਜੇ ਅਤੇ ਮੁਖ ਤੋਂ ਆਖਿਆ:

*ਬੀਤੀ ਨਿਸਾ ਭੋਰ ਹੁਇ ਆਯੋ। ਸ੍ਰੀ ਦਿਨਮਣ ਚਲ ਤਖਤ ਸੁਹਾਯੋ ।।*

*ਪਰਮ ਜੋਤਿ ਸਾਹਿਬ ਸੁਖਦਾਈ। ਬੈਠੇ ਕੇਸਗੜ ਆਈ।।1।।...*

*ਹੋਇ ਸੁਚੇਤ ਦਇਆਨਿਧ ਸਾਹਿਬ ਯਾ ਬਿਧ ਸੋ ਮੁਖ ਬੈਨ ਬਖਾਨੇ।*

*ਆਜ ਬਿਸਾਖ ਅਭੂਤ ਅਹੈ ਦਿਨ ਮੋ ਬਤੀਆ ਸੁਨਿ ਲੇਹੁ ਜਹਾਨੇ।।8।।* [59]

ਇਸ ਅਸਥਾਨ ਉਤੇ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਦੀ ਚੋਣ ਕੀਤੀ ਅਤੇ ਖੰਡੇ-ਬਾਟੇ

---

[58] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* (ਜਿਲਦ ਬਾਰਵੀਂ), ਪੰਨਾ 5046.

[59] ਸੁੱਖਾ ਸਿੰਘ, *ਗੁਰਬਿਲਾਸ ਪਾਤਿਸਾਹੀ ਦਸਮੀਂ,* ਮਨਵਿੰਦਰ ਸਿੰਘ (ਸੰਪਾ.), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2016, ਪੰਨਾ 208.

ਦੀ ਪਾਹੁਲ ਤਿਆਰ ਕਰਕੇ ਪੰਜਾਂ ਸਿੰਘਾਂ ਨੂੰ ਅੰਮ੍ਰਿਤ ਛਕਾ ਕੇ 'ਪੰਜ ਪਿਆਰਿਆਂ' ਵਜੋ ਥਾਪਨਾ ਕੀਤੀ :

> *ਅੰਮ੍ਰਿਤ ਸਤਿਗੁਰ ਕੀਸ ਤਿਯਾਰਾ। ਪੁਨ ਅਰਿਦਾਸ ਕਰੀ ਬਿਸਤਾਰਾ।।42।।*
>
> *ਨਾਦ ਭਏ ਪ੍ਰਭ ਕਮਰ ਛਕਾਈ। ਤਿਨ ਪਾਚਨ ਕੇ ਅਗ੍ਰ ਸੁ ਆਈ।*
>
> *ਪੜ ਸਲੋਕ ਮੁਖ ਅਮੀ ਪਿਆਵੈ। ਵਾਹਿਗੁਰੂ ਮੁਖ ਬੋਲ ਬੁਲਾਵੈ।।43।।...*
>
> *ਇਹ ਪਾਂਚੋ ਪਿਯਾਰੇ ਨਿਜ ਜਾਨ। ਜਿਹ ਕਹ ਪਾਹੁਲ ਦਈ ਨਿਧਾਨ।।47।।...*
>
> *ਜੋ ਪਦਵੀ ਖਾਲਸ ਗੁਰ ਦੀਨੀ। ਸੁਰ ਨਰ ਆਜ ਲਗੇ ਨਹੀਂ ਚੀਨੀ।।*
>
> *ਨਰ ਤੇ ਪਰਮ ਦੇਵ ਬਰਿ ਕੀਨੇ। ਪਰਮ ਜੋਤਿ ਕੇ ਰਸ ਮਹਿ ਭੀਨੇ।।58।।* [60]

ਗਿਆਨੀ ਠਾਕਰ ਸਿੰਘ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਾਲੇ ਅਸਥਾਨ ਉਤੇ ਖ਼ਾਲਸਾ ਪੰਥ ਦੀ ਸਾਜਨਾ ਸੰਮਤ 1756 ਨੂੰ ਵੈਸਾਖੀ ਵਾਲੇ ਦਿਨ ਕੀਤੀ ਸੀ।[61]

ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਇਮਾਰਤ ਰਿਆਸਤਾਂ ਦੇ ਸਮੇਂ ਵਿਚ ਬਣਾਈ ਗਈ, ਜਿਸ ਬਾਰੇ ਗਿਆਨੀ ਗਿਆਨ ਸਿੰਘ ਲਿਖਦੇ ਹਨ ਕਿ ਇਹ ਅਸਥਾਨ (11000) ਗਿਯਾਰਾਂ ਹਜ਼ਾਰ ਨਾਲ ਮਹਾਰਾਜਾ ਨਰਿੰਦ੍ਰ ਸਿੰਘ ਪਟਿਆਲਾ ਨੇ ਬਣਾਯਾ ਸੀ...।[62]

*ਸਿੱਖ ਧਰਮ ਵਿਸ਼ਵਕੋਸ਼* ਵਿਚ 'ਤਖ਼ਤ ਕੇਸਗੜ੍ਹ ਸਾਹਿਬ' ਦੀ ਬਣਤਰ ਅਤੇ ਉਥੇ ਪਈਆਂ ਇਤਿਹਾਸਕ ਨਿਸ਼ਾਨੀਆਂ ਬਾਰੇ ਇੰਞ ਲਿਖਿਆ ਹੈ, ਇਹ ਅਨੰਦਪੁਰ ਵਿਖੇ ਮੁੱਖ ਧਰਮ ਅਸਥਾਨ ਹੈ। ਚਿੱਟੇ ਸੰਗਮਰਮਰ ਦੀ ਸੁੰਦਰਤਾ ਨਾਲ ਭਰਪੂਰ ਇਹ ਗੁਰਦੁਆਰਾ ਇਕ ਉਚੇ ਟਿੱਲੇ ਉਤੇ ਬਣਿਆ ਹੈ ਅਤੇ ਕੇਸਗੜ੍ਹ ਕਿਲ੍ਹੇ ਦੀ ਜਗ੍ਹਾ ਤੇ ਹੈ ਜਿਥੇ 1699 ਈ. ਇਤਿਹਾਸਕ ਵਿਸਾਖੀ ਸਮੇਂ ਸੰਗਤ ਜੁੜੀ ਸੀ। ਮੌਜੂਦਾ ਇਮਾਰਤ ਸਮੂਹ ਸੰਤ ਹਰੀ ਸਿੰਘ ਕਹਾਰਪੁਰੀ ਦੀ ਦੇਖ ਰੇਖ ਹੇਠ 1936-44 ਵਿਚ ਬਣਾਇਆ ਗਿਆ ਸੀ।...ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਅੰਦਰਲੇ ਪ੍ਰਕਾਸ਼ ਅਸਥਾਨ ਵਿਚ ਰੱਖੀਆਂ ਹੋਈਆਂ ਯਾਦਗਾਰਾਂ ਹਨ, ਖੰਡਾ, ਕਟਾਰ, ਇਕ ਸੈਫ, ਇਕ ਤੋੜੇਦਾਰ ਬੰਦੂਕ, ਇਕ ਕਰਪਾ ਬਰਛਾ ਅਤੇ ਇਕ ਨਾਗਨੀ ਬਰਛਾ।

---

60 ਸੁੱਖਾ ਸਿੰਘ, *ਗੁਰਬਿਲਾਸ ਪਾਤਿਸਾਹੀ ਦਸਮੀਂ,* ਪੰਨੇ 210-11.

61 ਗਿਆਨੀ ਠਾਕਰ ਸਿੰਘ, *ਸ੍ਰੀ ਗੁਰਦੁਆਰੇ ਦਰਸ਼ਨ,* ਪੰਨਾ 213.

62 ਗਿਆਨੀ ਗਿਆਨ ਸਿੰਘ, *ਗੁਰਧਾਮ ਸੰਗ੍ਰਹਿ,* ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ, (ਮਿਤੀਹੀਣ), ਪੰਨਾ 145.

ਹਥਿਆਰਾਂ ਦਾ ਇਕ ਹੋਰ ਸੈੱਟ ਜੋ ਵਿਸ਼ਵਾਸ਼ ਕੀਤਾ ਜਾਂਦਾ ਹੈ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ ਹੈ ਅਤੇ 1849 ਵਿਚ ਪੰਜਾਬ ਉਤੇ ਕਬਜਾ ਹੋਣ ਉਪਰੰਤ ਬ੍ਰਿਟਿਸ਼ ਸਰਕਾਰ ਦੁਆਰਾ ਇੰਗਲੈਂਡ ਲੈ ਜਾਏ ਗਏ ਸਨ ਅਤੇ ਜੋ 1966-67 ਵਿਚ ਗੁਰੂ ਗੋਬਿੰਦ ਸਿੰਘ ਜੀ ਦੇ 300 ਸਾਲਾ ਪ੍ਰਕਾਸ਼ ਦਿਵਸ ਨੂੰ ਮਨਾਉਣ ਸਮੇਂ ਵਾਪਸ ਲਿਆਂਦੇ ਗਏ ਸਨ, ਹੁਣ ਦਰਸ਼ਨਾਂ ਲਈ ਰੱਖੇ ਗਏ ਹਨ।"[63] ਰਿਆਸਤ ਨਾਭਾ ਦੇ ਵਾਰਿਸ ਹਨੁਵੰਤ ਸਿੰਘ ਤੋਂ ਪ੍ਰਾਪਤ ਹੋਈਆਂ ਗੁਰੂ ਸਾਹਿਬ ਦੀਆਂ ਬਖਸ਼ਿਸ਼ਾਂ ਵੀ ਇਥੇ ਹੀ ਰੱਖੀਆਂ ਹੋਈਆਂ ਹਨ, ਜਿਹਨਾਂ ਵਿਚ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਦਾ ਤੇਗਾ, ਗੁਰੂ ਤੇਗ ਬਹਾਦਰ ਸਾਹਿਬ ਦਾ ਤੇਗਾ, ਗੁਰੂ ਗੋਬਿੰਦ ਸਿੰਘ ਜੀ ਦਾ ਚੋਲਾ, ਦਸਤਾਰ, ਕੰਘਾ ਕੇਸਾਂ ਸਮੇਤ, ਦਸਤਾਰ ਵਾਲੀ ਸ੍ਰੀਸਾਹਿਬ, ਇਕ ਤਲਵਾਰ, ਇਕ ਹੋਰ ਕਿਰਪਾਨ, ਪੰਜ ਤੀਰ, ਲੋਹੇ ਦਾ ਤੀਰ, ਬਰਛਾ, ਘੋੜੇ ਦਾ ਚਾਬਕ ਅਤੇ ਪੋਥੀ ਹਨ।[64] ਇਸ ਕਮਰੇ ਦੇ ਅੱਗੇ ਸੋਨੇ ਦੀ ਪਾਲਕੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਜਾਂਦਾ ਹੈ।

ਤਖ਼ਤ ਸਾਹਿਬ ਦੇ ਬਾਹਰ ਅਗਲੇ ਪਾਸੇ ਵੱਲ ਖੁੱਲਾ ਵਿਹੜਾ ਹੈ, ਜੋ ਕਿ ਗੁਰਪੁਰਬਾਂ ਮੌਕੇ ਦੀਵਾਨ ਸਜਾਉਣ ਲਈ ਵਰਤਿਆ ਜਾਂਦਾ ਹੈ। ਇਸਦੀ ਡਿਉਢੀ ਵਿਚ ਸ਼੍ਰੋਮਣੀ ਕਮੇਟੀ ਦੇ ਕੁਝ ਪ੍ਰਬੰਧਕੀ ਦਫਤਰ ਵੀ ਬਣੇ ਹੋਏ ਹਨ। ਇਥੇ ਹੋਲਾ ਮਹੱਲਾ ਅਤੇ ਵਿਸਾਖੀ ਦੇ ਮੌਕੇ 'ਤੇ ਬਹੁਤ ਵੱਡੇ ਸਮਾਗਮ ਹੁੰਦੇ ਹਨ ਅਤੇ ਲੱਖਾਂ ਦੀ ਗਿਣਤੀ ਵਿਚ ਸੰਗਤਾਂ ਨਤਮਸਤਕ ਹੋਣ ਲਈ ਪਹੁੰਚਦੀਆਂ ਹਨ।

### ਕਿਲ੍ਹਾ ਅਨੰਦਗੜ੍ਹ ਸਾਹਿਬ

ਕਿਲ੍ਹਾ ਅਨੰਦਗੜ੍ਹ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਲਗਪਗ ਇਕ ਕਿਲੋਮੀਟਰ ਦੂਰ ਹੈ। ਰੂਪਨਗਰ ਵੱਲੋਂ ਅਨੰਦਪੁਰ ਸਾਹਿਬ ਵਿਚ ਪ੍ਰਵੇਸ਼ ਕਰਦਿਆਂ ਹੀ ਪਹਿਲਾਂ ਅਨੰਦਗੜ੍ਹ ਸਾਹਿਬ ਦੇ ਦਰਸ਼ਨ ਹੁੰਦੇ ਹਨ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਆਨੰਦਗੜ੍ਹ ਕਿਲਾ, ਸ਼ਹਿਰ ਆਨੰਦਪੁਰ ਤੋਂ ਦੱਖਣ ਵੱਲ ਅੱਧ ਮੀਲ ਤੋਂ ਭੀ ਘੱਟ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦ੍ਵਾਰਾ ਹੈ। ਸ੍ਰੀ ਆਨੰਦਪੁਰ ਦੀ ਰਖਯਾ ਲਈ ਗੁਰੂ ਜੀ ਨੇ ਜੋ ਕਿਲੇ ਬਣਵਾਏ ਸਨ ਉਨ੍ਹਾਂ ਵਿਚੋਂ ਇਕ ਇਹ ਭੀ ਹੈ।" [65]

---

[63] ਜੋਧ ਸਿੰਘ (ਮੁੱਖ ਸੰਪਾ.), *ਸਿੱਖ ਧਰਮ ਵਿਸ਼ਵਕੋਸ਼* (ਪਹਿਲੀ ਸੈਂਚੀ), ਪੰਨੇ 121-22.

[64] ਹਰਪ੍ਰੀਤ ਸਿੰਘ ਨਾਜ, *ਇਤਿਹਾਸਕ ਸਿੱਖ ਨਿਸ਼ਾਨੀਆਂ,* ਲਾਹੌਰ ਬੁੱਕਸ, ਲੁਧਿਆਣਾ, 2017, ਪੰਨਾ 90.

[65] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 100.

ਇਸ ਕਿਲ੍ਹੇ ਦਾ ਨਿਰਮਾਣ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਾਉਂਟਾ ਸਾਹਿਬ ਤੋਂ ਵਾਪਿਸ ਆਉਣ ਤੋਂ ਬਾਅਦ ਵਿਚ ਕਰਵਾਇਆ। ਭੰਗਾਣੀ ਦੀ ਜੰਗ ਤੋਂ ਬਾਅਦ ਗੁਰੂ ਜੀ ਨੇ ਦੂਰਅੰਦੇਸ਼ੀ ਨਾਲ ਭਾਂਪ ਲਿਆ ਸੀ ਕਿ ਈਰਖਾਲੂ ਪਹਾੜੀ ਰਾਜੇ ਕਦੇ ਵੀ 'ਚੱਕ ਨਾਨਕੀ' 'ਤੇ ਹਮਲਾ ਕਰ ਸਕਦੇ ਸਨ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਮੁਗ਼ਲ ਹਕੂਮਤ ਨਾਲ ਟੱਕਰ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਸੀ। ਇਸ ਲਈ ਸ੍ਰੀ ਦਸ਼ਮੇਸ਼ ਜੀ ਨੇ ਚੱਕ ਨਾਨਕੀ ਨੂੰ ਸੁਰੱਖਿਅਤਾ ਪ੍ਰਦਾਨ ਕਰਨ ਲਈ ਪੰਜ ਢੁੱਕਵੀਆਂ ਥਾਵਾਂ ਤੇ ਨਾਕੇਬੰਦੀ ਦੇ ਤੌਰ 'ਤੇ ਕਿਲ੍ਹੇ ਬਣਾਉਣ ਦੀ ਸੋਚੀ। 29 ਮਾਰਚ 1689 ਈ. ਨੂੰ ਰਾਣੀ ਚੰਪਾ ਆਪਣੇ ਪੁੱਤਰ ਰਾਜਾ ਭੀਮ ਚੰਦ ਨੂੰ ਨਾਲ ਲੈ ਕੇ ਗੁਰੂ ਜੀ ਦੇ ਦਰਸ਼ਨਾਂ ਹਿੱਤ ਚੱਕ ਨਾਨਕੀ ਆਈ। ਰਾਣੀ ਨੇ ਗੁਰੂ ਜੀ ਦੇ ਆਸ਼ੇ ਨੂੰ ਜਾਣ ਅਗੰਮਪੁਰ ਅਤੇ ਤਾਰਾਪੁਰ ਨਗਰੀ ਦੀ ਜ਼ਮੀਨ ਗੁਰ ਦਰਬਾਰ ਵਿਚ ਭੇਟ ਕਰ ਦਿੱਤੀ।[66] ਇਸਨੇ ਨਗਰੀ ਦਾ ਹਦੂਦ ਅਰਬਾ ਚਾਰ-ਚਾਰ, ਪੰਜ-ਪੰਜ ਕੋਹ ਤੱਕ ਵਧਾ ਦਿੱਤਾ।[67] ਇਥੇ ਗੁਰੂ ਜੀ ਨੇ ਅਨੰਦਪੁਰ ਦੀ ਸੁਰੱਖਿਆ ਲਈ ਕਿਲ੍ਹਿਆਂ ਦਾ ਨਿਰਮਾਣ ਕਰਵਾਇਆ :

*ਸ੍ਰੀ ਪ੍ਰਭੁ ਨੀਤ ਬਿਚਾਰਿ ਰਿਦੇ ਮਹਿਂ ਕੀਨਿ ਕਿਲਾ ਚਿਨਵਾਵਨਿ ਕੋ।*
*ਮੋਰਚੇ ਬ੍ਰਿੰਦ ਰਖੇ ਹਤਿਬੇ ਕਹੁ ਆਵਤਿ ਸ਼ੱਤ੍ਰਨ ਘਾਵਨ ਕੋ।* [68]

ਗੁਰੂ ਜੀ ਨੇ ਪੰਜ ਕਿਲ੍ਹੇ ਤਿਆਰ ਕਰਵਾਏ, ਜਿਹਨਾਂ ਦੇ ਨਾਮ ਅਨੰਦਗੜ੍ਹ, ਲੋਹਗੜ੍ਹ, ਤਾਰਾਗੜ੍ਹ, ਅਗੰਮਗੜ੍ਹ ਅਤੇ ਫਤੇਗੜ੍ਹ ਰੱਖੇ।[69] ਇਹਨਾਂ ਵਿਚੋਂ ਅਨੰਦਗੜ੍ਹ ਕਿਲ੍ਹਾ ਬਹੁਤ ਮਜਬੂਤ ਬਣਿਆ ਹੋਇਆ ਸੀ।[70] ਇਹ ਕਿਲ੍ਹਾ ਅਜਿੱਤ ਸੀ, ਇਸੇ ਲਈ ਭਾਈ ਸੁੱਖਾ ਸਿੰਘ ਨੇ *ਗੁਰਬਿਲਾਸ ਪਾਤਸ਼ਾਹੀ ਦਸਮੀਂ* ਵਿਚ ਇਸਦਾ ਨਾਂ 'ਬਿਜੈਗੜ੍ਹ' ਵੀ ਲਿਖਿਆ ਹੈ।[71]

ਅਨੰਦਪੁਰ ਸਾਹਿਬ ਵਿਚ ਕਿਲ੍ਹੇ ਬਣਾਉਣ ਉਪਰੰਤ ਸ੍ਰੀ ਦਸ਼ਮੇਸ਼ ਜੀ ਨੇ ਵੱਡੇ ਅਤੇ ਮੁੱਖ ਰਸਤੇ ਤੇ

---

66 ਸ੍ਵਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ,* ਪਿਆਰਾ ਸਿੰਘ ਪਦਮ (ਸੰਪਾ.), ਪੰਨਾ 105.

67 ਉਹੀ, ਪੰਨਾ 148.

68 ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* (ਜਿਲਦ ਬਾਹਰਵੀਂ), ਪੰਨਾ 4845.

69 ਸ੍ਵਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ,* ਪਿਆਰਾ ਸਿੰਘ ਪਦਮ (ਸੰਪਾ.), ਪੰਨੇ 105.

70 ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖ਼ਾਲਸਾ,* ਪੰਨਾ 846.

71 ਭਾਈ ਸੁੱਖਾ ਸਿੰਘ, *ਗੁਰਬਿਲਾਸ ਪਾਤਿਸਾਹੀ ਦਸਮੀ,* ਮਨਵਿੰਦਰ ਸਿੰਘ (ਸੰਪਾ.), ਪੰਨਾ 247.

ਸਭ ਤੋਂ ਉਚੇ ਕਿਲ੍ਹੇ ਅਨੰਦਗੜ੍ਹ ਨੂੰ ਆਪਣੀ ਮੁੱਖ ਸੈਨਿਕ ਛਾਉਣੀ ਬਣਾਇਆ। ਗੁਰੂ ਜੀ ਜਿਆਦਾਤਰ ਅਨੰਦਗੜ੍ਹ ਵਿਚ ਰਹਿਣ ਲੱਗੇ। ਇਥੋਂ ਹੀ ਦਸ਼ਮੇਸ਼ ਜੀ ਸਿੱਖ ਸੈਨਿਕਾਂ ਨੂੰ ਜੰਗਾਂ ਵੇਲੇ ਨਿਰਦੇਸ਼ਿਤ ਕਰਦੇ। ਇਥੇ ਹੀ ਸਾਰੇ ਸ਼ਸਤਰ, ਗੋਲਾ-ਬਾਰੂਦ ਜਮ੍ਹਾਂ ਕੀਤਾ ਜਾਂਦਾ ਸੀ। ਇਸ ਤਰ੍ਹਾਂ ਇਹ ਅਨੰਦਪੁਰ ਦਾ ਸੈਨਿਕ ਕੇਂਦਰ ਸੀ।

ਅਨੰਦਪੁਰ ਦੀ ਆਖਰੀ ਜੰਗ ਤੋਂ ਬਾਅਦ ਗੁਰੂ ਜੀ ਦੁਆਰਾ ਅਨੰਦਪੁਰ ਛੱਡਣ ਉਪਰੰਤ ਇਸ ਕਿਲ੍ਹੇ ਦੀ ਇਮਾਰਤ ਨੂੰ ਰਾਜਾ ਅਜਮੇਰ ਚੰਦ ਦੀਆਂ ਫੌਜਾਂ ਨੇ ਢਹਿ-ਢੇਰੀ ਕਰ ਦਿੱਤਾ ਸੀ। ਫਿਰ ਗਿਆਨੀ ਕਰਤਾਰ ਸਿੰਘ ਕਲਾਸਵਾਲੀਆ, ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਨੇ ਗੁਰੂ ਕਾ ਬਾਗ, ਅੰਮ੍ਰਿਤਸਰ ਵਿਖੇ ਸੂਰਜ ਗ੍ਰੰਥ ਦੀ ਕਥਾ ਸੁਣਨ ਵਾਲੀ ਸੰਗਤ ਤੋਂ ਇਕੱਤਰ ਕੀਤੀ ਮਾਇਆ ਦੇ ਸਹਿਯੋਗ ਨਾਲ ਕਿਲ੍ਹਾ ਅਨੰਦਗੜ੍ਹ ਦੀ ਸੇਵਾ ਦੀ ਆਰੰਭਤਾ 1 ਮੱਘਰ, 1990 ਨੂੰ ਕਰਵਾਈ ਅਤੇ ਇਸਦੀ ਇਮਾਰਤ ਪੋਹ 1992 ਨੂੰ ਤਿਆਰ ਹੋਈ।[72]

ਕਿਲ੍ਹਾ ਅਨੰਦਗੜ੍ਹ ਦੇ ਸਾਹਮਣੇ ਸੰਤ ਬਾਬਾ ਸੇਵਾ ਸਿੰਘ ਕਾਰ ਸੇਵਾ ਵਾਲਿਆਂ ਨੇ ਗੁਰਦੁਆਰਾ ਅਨੰਦਗੜ੍ਹ ਸਾਹਿਬ ਦੀ ਉਸਾਰੀ 1912 ਈਸਵੀ ਵਿਚ ਕਰਵਾਈ। ਉਸ ਸਮੇਂ ਪੀਣ ਵਾਲਾ ਪਾਣੀ ਨਾ ਹੋਣ ਕਰਕੇ, ਪਾਣੀ ਦੀ ਜਰੂਰਤ ਸਾਹਮਣੇ ਵਾਲੇ ਸ਼ਹੀਦੀ ਬਾਗ ਵਿਚਲੇ ਖੂਹ ਤੋਂ ਪੂਰੀ ਕੀਤੀ ਜਾਂਦੀ ਸੀ। ਬਾਅਦ ਵਿਚ ਇਥੇ ਮੌਜੂਦ ਬਾਉਲੀ ਦੀ ਸਾਫ਼-ਸਫ਼ਾਈ ਕੀਤੀ ਗਈ ਅਤੇ ਇਸਦੇ ਪਾਣੀ ਦੀ ਵਰਤੋਂ ਲੰਗਰ ਬਣਾਉਣ ਅਤੇ ਪੀਣ ਲਈ ਕੀਤੀ ਜਾਣ ਲੱਗੀ। ਨਵੀਂ ਇਮਾਰਤ ਬਣਾਉਣ ਸਮੇਂ, ਇਹ ਅਸਥਾਨ ਉਚੀ ਥਾਂ ਤੇ ਹੋਣ ਕਰਕੇ ਇਸ ਨੂੰ ਪੱਥਰ ਸੀਮਿੰਟ ਆਦਿ ਨਾਲ ਹੇਠਾਂ ਤੋਂ ਹੀ ਬਹੁਤ ਮਜਬੂਤ ਬਣਾਇਆ ਗਿਆ ਹੈ। ਇਹ ਅਸਥਾਨ ਸੰਤ ਬਾਬਾ ਸੇਵਾ ਸਿੰਘ ਜੀ, ਕਾਰ ਸੇਵਾ ਵਾਲਿਆਂ ਦਾ ਪ੍ਰਮੁਖ ਡੇਰਾ ਬਣ ਗਿਆ। ਬਾਅਦ ਵਿਚ ਉਹਨਾਂ ਦੇ ਉਤਰਾਧਿਕਾਰੀ ਸੰਤ ਬਾਬਾ ਭਾਗ ਸਿੰਘ ਅਤੇ ਸੰਤ ਬਾਬਾ ਲਾਭ ਸਿੰਘ ਇਥੇ ਰਹਿ ਕੇ ਹੀ ਸੇਵਾ ਕਰਵਾਉਂਦੇ ਰਹੇ।

ਇਥੇ ਫਿਰ ਕਾਰ ਸੇਵਾ ਵਾਲੇ ਬਾਬਾ ਜੀ ਨੇ ਸੰਗਤਾਂ ਦੇ ਠਹਿਰਨ ਲਈ ਸਰਾਂ ਦੀ ਉਸਾਰੀ ਕਰਵਾਈ

---

[72] ਕਿਲ੍ਹਾ ਅਨੰਦਗੜ੍ਹ ਸਾਹਿਬ ਦੇ ਦਰਵਾਜੇ ਤੇ ਲੱਗੀ ਸਿਲ੍ਹ ਦੇ ਆਧਾਰ 'ਤੇ।

ਅਤੇ ਇਕ ਵਿਸ਼ਾਲ ਲੰਗਰ ਹਾਲ ਵੀ ਬਣਵਾਇਆ, ਜਿਥੇ ਚੌਵੀ ਘੰਟੇ ਦੇਸੀ ਘੀ ਨਾਲ ਤਿਆਰ ਕੀਤਾ ਲੰਗਰ ਹੀ ਵਰਤਾਇਆ ਜਾਂਦਾ ਹੈ। ਮੌਜੂਦਾ ਸਮੇਂ ਇਸ ਅਸਥਾਨ ਦੀ ਵਿਵਸਥਾ ਸੰਤ ਬਾਬਾ ਲਾਭ ਸਿੰਘ ਅਤੇ ਸੰਤ ਬਾਬਾ ਹਰਭਜਨ ਸਿੰਘ ਦੇ ਗੱਦੀਨਸ਼ੀਨ ਸੰਤ ਬਾਬਾ ਸੁੱਚਾ ਸਿੰਘ ਜੀ ਕਰ ਰਹੇ ਹਨ।

**ਕਿਲ੍ਹਾ ਫ਼ਤਿਹਗੜ੍ਹ ਸਾਹਿਬ**

ਇਹ ਕਿਲ੍ਹਾ, ਅਨੰਦਪੁਰ ਸਾਹਿਬ ਦੇ ਉਤਰੀ ਕਿਨਾਰੇ ’ਤੇ ਬਣਿਆ ਹੋਇਆ ਹੈ। ਇਹ ਅਸਥਾਨ, ਗੁਰੂ ਕੇ ਮਹਿਲ ਤੋਂ ਥੋੜ੍ਹਾ ਦੂਰੀ ਤੇ ਆਬਾਦੀ ਵਿਚ ਬਣਿਆ ਹੋਇਆ ਹੈ ਅਤੇ ਇਸਦਾ ਮੁੱਖ ਦੁਆਰ ਅਨੰਦਪੁਰ ਸਾਹਿਬ ਤੋਂ ਨੈਣਾਂ ਦੇਵੀ ਜਾਣ ਵਾਲੀ ਸੜਕ ਉਤੇ ਹੈ। ਰਵਾਇਤ ਅਨੁਸਾਰ ਜਦੋਂ ਇਸ ਕਿਲ੍ਹੇ ਦੀ ਉਸਾਰੀ ਕਰਵਾਈ ਜਾ ਰਹੀ ਸੀ ਤਾਂ ਉਸ ਸਮੇਂ ਸਾਹਿਬਜ਼ਾਦਾ ਬਾਬਾ ਫ਼ਤਹਿ ਸਿੰਘ ਦਾ ਜਨਮ ਹੋਇਆ। ਇਸ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਕਿਲ੍ਹੇ ਦਾ ਵੀ ਫ਼ਤਹਿਗੜ੍ਹ ਹੀ ਰੱਖ ਦਿੱਤਾ।

*ਗੁਰੂ ਕੀਆਂ ਸਾਖੀਆਂ* ਅਨੁਸਾਰ ਇਸ ਕਿਲ੍ਹੇ ਵਿਚ ਹੋਈ ਜੰਗ ਦਾ ਵਰਣਨ ਇਸ ਤਰ੍ਹਾਂ ਮਿਲਦਾ ਹੈ ਕਿ 30 ਭਾਦਰੋਂ (ਸੰਮਤ 1757) ਸ਼ੁਕਰਵਾਰ ਨੂੰ ਰਾਜਾ ਅਜਮੇਰ ਚੰਦ ਨੇ ਕਿਲ੍ਹਾ ਫਤੇਗਢ ਤੇ ਮਾਰੂ ਹਮਲਾ ਕਰ ਦਿੱਤਾ। ਇਹ ਕਿਲ੍ਹਾ ਬਣ ਰਿਹਾ ਸੀ ਅਤੇ ਇਸ ਦੀ ਕੇਸਗੜ੍ਹ ਸਾਹਿਬ ਵਾਲੇ ਪਾਸੇ ਦੀ ਇਕ ਦੀਵਾਰ ਅਧੂਰੀ ਸੀ। ਕਿਲ੍ਹੇ ਦੇ ਜਥੇਦਾਰ ਭਗਵਾਨ ਸਿੰਘ ਦੀ ਅਗਵਾਈ ਵਿਚ ਖ਼ਾਲਸਾ ਸੈਨਾ ਨੇ ਪਹਾੜੀ ਫੌਜਾਂ ਦੇ ਆਹੂ ਲਾਹ ਦਿੱਤੇ। ਸੂਰਜ ਅਸਤ ਹੋਣ ਤੋਂ ਬਾਅਦ ਇਹ ਜੰਗ ਬੰਦ ਹੋਈ।[73] ਇਸ ਜੰਗ ਵਿਚ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਦੇ ਜੂਝਣ ਅਤੇ ਉਹਨਾਂ ਦੇ ਘੋੜੇ ਦੀ ਗੋਲੀ ਲੱਗਣ ਕਾਰਨ ਹੋਈ ਮੌਤ ਦਾ ਜਿਕਰ ਵੀ ਮਿਲਦਾ ਹੈ :

*ਚਲੀ ਸੁ ਬੇਗ ਸੂੰਕਤੀ ਲਗੀ ਤੁਰੰਗ ਆਇਕੈ।*
*ਗਿਰਯੋ ਸੁ ਜੰਗ ਖੇਤ ਮੈਂ ਸੁ ਦੋਇ ਘਾਵ ਖਾਇ ਕੈ।*
*ਅਜੀਤ ਸਿੰਘ ਛੋਰਿ, ਅੰਗ ਆਪਨੇ ਬਚਾਇਕੈ।*
*ਖਰੋ ਚਰੰਨ ਭਾਰ ਫੇਰ ਬਾਨ ਕੋ ਚਲਾਇਕੈ।।29।।* [74]

---

[73] ਸ੍ਰਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ,* ਪਿਆਰਾ ਸਿੰਘ ਪਦਮ (ਸੰਪਾ.), ਪੰਨਾ 131.

[74] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* (ਜਿਲਦ ਬਾਹਰਵੀਂ), ਪੰਨਾ 5281.

ਸਾਹਿਬਜ਼ਾਦਾ ਅਜੀਤ ਸਿੰਘ ਅਤੇ ਹੋਰ ਸਿੰਘਾਂ ਦੀ ਕਮਾਨ ਹੇਠ ਸਿੱਖ ਸੈਨਾ ਨੇ ਇਹ ਜੰਗ ਜਿੱਤ ਲਈ :

*ਰਿਪੁਨਿ ਕਾਟਿ ਸੈਂਕਰੇ ਸਰੀਰ ਘਾਇ ਖਾਇਕੈ।*

*ਮੁਰੇ ਬਹੋਰ ਬੀਰ ਸਿੰਘ ਸ੍ਰੀ ਫਤੇ ਸੁ ਪਾਇਕੈ।...॥37॥*[75]

ਇਸ ਅਸਥਾਨ ਦੀ ਮੌਜੂਦਾ ਇਮਾਰਤ ਸੰਤ ਬਾਬਾ ਸੇਵਾ ਸਿੰਘ, ਕਿਲ੍ਹਾ ਅਨੰਦਗੜ੍ਹ ਸਾਹਿਬ ਵਾਲਿਆਂ ਦੀ ਦੇਖ-ਰੇਖ ਵਿਚ 1980ਵਿਆਂ ਦੇ ਅਖੀਰਲੇ ਸਾਲਾਂ ਵਿਚ ਬਣਾਈ ਗਈ ਸੀ। ਇਹ ਗੁਰਦੁਆਰਾ ਦੋ ਮੰਜਲੀ ਗੁੰਬਦ ਵਾਲੀ ਇਮਾਰਤ ਹੈ। ਇਸਦੇ ਸਾਹਮਣੇ ਇਕ ਪੁਰਾਣਾ ਖੂਹ ਹੈ ਜਿਹੜਾ ਕਿਸੇ ਸਮੇਂ ਕਿਲ੍ਹਾ ਫ਼ਤਹਿਗੜ ਦੀ ਪਾਣੀ ਦੀ ਜਰੂਰਤ ਨੂੰ ਪੂਰਾ ਕਰਦਾ ਸੀ।[76] ਇਸ ਅਸਥਾਨ ਦੀ ਬਾਹਰਲੀ ਡਿਉਢੀ ਅਤੇ ਚਾਰਦੀਵਾਰੀ ਨੂੰ ਪੁਰਾਤਨ ਕਿਲ੍ਹੇ ਦੀ ਦਿੱਖ ਦੇਣ ਦੀ ਸੇਵਾ ਬਾਬਾ ਹਰਬੰਸ ਸਿੰਘ ਦਿੱਲੀ ਵਾਲਿਆਂ ਦੀ ਸੰਪਰਦਾ ਕਰ ਰਹੀ ਹੈ। ਮੌਜੂਦਾ ਸਮੇਂ ਇਸ ਅਸਥਾਨ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਹੈ।

**ਗੁਰਦੁਆਰਾ ਕਿਲ੍ਹਾ ਲੋਹਗੜ੍ਹ ਸਾਹਿਬ**

ਇਹ ਕਿਲ੍ਹਾ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਦੱਖਣ-ਪੱਛਮ ਵੱਲ ਲਗਪਗ ਡੇਢ ਕਿਲੋਮੀਟਰ ਦੂਰ ਸਥਿਤ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਦੀ ਰੱਖਿਆ ਲਈ ਜੋ ਕਿਲ੍ਹੇ ਬਣਵਾਏ ਸਨ, ਉਹਨਾਂ ਵਿਚੋਂ ਇਕ ਕਿਲ੍ਹਾ ਲੋਹਗੜ੍ਹ ਸੀ। ਮੰਨਿਆਂ ਜਾਂਦਾ ਹੈ ਕਿ ਗੁਰੂ ਜੀ ਨੇ ਲੋਹੇ ਦੇ ਸ਼ਸਤਰ ਬਣਾਉਣ ਦਾ ਕੰਮ ਵੀ ਇਥੇ ਹੀ ਆਰੰਭ ਕਰਵਾਇਆ। ਗੁਰੂ ਜੀ ਨੇ ਵੱਖ-ਵੱਖ ਥਾਵਾਂ ਤੋਂ ਆਦਰ ਮਾਣ ਸਹਿਤ ਕਾਰੀਗਰਾਂ ਨੂੰ ਬੁਲਾ ਕੇ, ਆਨੰਦਪੁਰ ਸਾਹਿਬ ਵਿਚ ਵਸਾਇਆ ਅਤੇ ਸ਼ਸਤਰ ਬਣਾਉਣ ਦੇ ਕੰਮ ਵਿਚ ਲਗਾ ਦਿੱਤੇ। ਸਭ ਤਰ੍ਹਾਂ ਦੇ ਸ਼ਸਤ੍ਰ ਤਿਆਰ ਹੋਣ ਲੱਗੇ, ਸਿਕਲੀਗਰ, ਬਾਢ ਤੇ ਸਾਣ ਚੜ੍ਹਾ-ਚੜ੍ਹਾ ਜਮ੍ਹਾਂ ਕਰਨ ਲੱਗ ਪਏ, ਗੋਲੀਆਂ, ਗੋਲੇ, ਬਾਰੂਦ ਤਿਆਰ ਹੋ ਲੱਗ ਪਿਆ। ਅਨੇਕਾਂ ਤੋਪਾਂ ਵੀ ਤਿਆਰ ਕਰਵਾਈਆਂ।[77] ਇਹਨਾਂ ਸਿਕਲੀਗਰ ਕਾਰੀਗਰਾਂ ਸੰਬੰਧੀ ਭਾਈ ਸੰਤੋਖ ਸਿੰਘ ਨੇ ਇਸ ਤਰ੍ਹਾਂ ਲਿਖਿਆ ਹੈ :

---

75 ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਪੰਨਾ 5282.

76 ਜੋਧ ਸਿੰਘ (ਮੁੱਖ ਸੰਪਾ.), *ਸਿੱਖ ਧਰਮ ਵਿਸ਼ਵਕੋਸ਼,* (ਸੈਂਚੀ ਪਹਿਲੀ), ਪੰਨੇ 122.

77 ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖ਼ਾਲਸਾ* (ਭਾਗ ਪਹਿਲਾ), ਪੰਨਾ 841.

*ਕਾਰੀਗਰ ਅਨੇਕ ਬੁਲਵਾਏ। ਕਹਿ ਆਯੁਧ ਬਹੁ ਬਿਧਿ ਬਨਵਾਏ।...।।13।।*[78]

ਇਥੇ ਕੰਮ ਕਰਨ ਵਾਲੇ ਸਿਕਲੀਗਰਾਂ ਵਿਚੋਂ ਭਾਈ ਰਾਮ ਸਿੰਘ ਪ੍ਰਮੁੱਖ ਸਿਕਲੀਗਰ ਸੀ। ਗੁਰੂ ਗੋਬਿੰਦ ਸਿੰਘ ਜੀ ਸ਼ਸਤਰਾਂ ਦਾ ਨਿਰੀਖਣ ਕਰਨ ਲਈ ਅਕਸਰ ਇੱਥੇ ਆਇਆ ਕਰਦੇ ਸਨ। ਡਾ. ਸੁਖਦਿਆਲ ਸਿੰਘ ਅਨੁਸਾਰ, "ਇਸ ਤਰ੍ਹਾਂ ਇਥੇ ਲੋਹੇ ਦਾ ਸਮਾਨ ਤਿਆਰ ਹੋਣ ਕਰਕੇ ਹੀ ਇਸ ਦਾ ਨਾਂ ਲੋਹਗੜ੍ਹ ਪਿਆ।"[79]

ਮੌਜੂਦਾ ਇਮਾਰਤ ਤੋਂ ਪਹਿਲਾਂ ਇਕ ਹੋਰ ਸੰਤਾਂ ਵੱਲੋਂ ਇਥੇ ਪੱਥਰ ਅਤੇ ਸੀਮਿੰਟ ਨਾਲ ਕਿਲ੍ਹੇ ਦਾ ਚੌਗਿਰਦਾ ਉਸਾਰਨ ਦੀ ਸੇਵਾ ਕਰਵਾਈ ਗਈ ਸੀ, ਪਰ ਉਹ ਮੁਕੰਮਲ ਨਾ ਹੋ ਸਕੀ। ਹੁਣ ਇਸ ਕਿਲ੍ਹੇ ਨੂੰ ਪੁਰਾਤਨ ਦਿੱਖ ਦੇਣ ਦੀ ਸੇਵਾ ਸੰਨ 2015 ਤੋਂ ਸੰਤ ਬਾਬਾ ਜੋਗਿੰਦਰ ਸਿੰਘ ਡੁਮੇਲੀ ਵਾਲੇ ਕਰਵਾ ਰਹੇ ਹਨ। ਇਸ ਕਿਲ੍ਹੇ ਦੇ ਅੰਦਰ ਹੀ ਗੁਰਦੁਆਰਾ ਲੋਹਗੜ੍ਹ ਸਾਹਿਬ ਬਣਿਆ ਹੋਇਆ ਹੈ। ਇਸ ਕਿਲ੍ਹੇ ਵਿਚ ਇਕ ਪੁਰਾਤਨ ਖੂਹ ਵੀ ਮੌਜੂਦ ਹੈ, ਜਿਹੜਾ ਕਿ ਹੁਣ ਬੰਦ ਪਿਆ ਹੈ। ਮੌਜੂਦਾ ਸਮੇਂ ਕਿਲ੍ਹਾ ਲੋਹਗੜ੍ਹ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੈ।

**ਗੁਰਦੁਆਰਾ ਭਾਈ ਜੈਤਾ ਜੀ**

ਇਹ ਅਸਥਾਨ ਕਿਲ੍ਹਾ ਅਨੰਦਗੜ੍ਹ ਸਾਹਿਬ ਦੇ ਬਿਲਕੁਲ ਨਜ਼ਦੀਕ ਸੁਸ਼ੋਭਿਤ ਹੈ। ਭਾਈ ਜੈਤਾ ਜੀ, ਗੁਰੂ ਤੇਗ ਬਹਾਦਰ ਜੀ ਦਾ ਸਿਦਕੀ ਸਿੱਖ ਸੀ, ਜੋ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਸੀਸ ਲੈ ਕੇ ਅਨੰਦਪੁਰ ਸਾਹਿਬ ਆਇਆ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਉਹਨਾਂ ਨੂੰ ਸੀਨੇ ਨਾਲ ਲਗਾ ਕੇ 'ਰੰਘਰੇਟਾ ਗੁਰੂ ਕਾ ਬੇਟਾ' ਦਾ ਖਿਤਾਬ ਦਿੱਤਾ ਸੀ।

ਰਵਾਇਤ ਅਨੁਸਾਰ ਇਥੇ ਭਾਈ ਜੈਤਾ ਜੀ ਤਪ ਕਰਿਆ ਕਰਦੇ ਸਨ। ਗੁਰਦੁਆਰਾ ਸ੍ਰੀ ਤਪ ਅਸਥਾਨ ਸਾਹਿਬ ਬਾਬਾ ਜੀਵਨ ਸਿੰਘ ਜੀ (ਭਾਈ ਜੈਤਾ ਜੀ) ਸ੍ਰੀ ਅਨੰਦਪੁਰ ਸਾਹਿਬ ਦੀ ਕਾਰ ਸੇਵਾ ਦੀ ਆਰੰਭਤਾ ਭਾਰਤ ਸਰਕਾਰ ਦੇ ਸਾਬਕਾ ਗ੍ਰਹਿ ਮੰਤਰੀ ਸ. ਬੂਟਾ ਸਿੰਘ ਨੇ 27 ਮਾਰਚ, 1994 ਨੂੰ ਕੀਤੀ

---

[78] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਬਾਹਰਵੀਂ), ਪੰਨਾ 5248.

[79] ਸੁਖਦਿਆਲ ਸਿੰਘ, *ਖ਼ਾਲਸਾ ਪੰਥ ਦੇ ਪੰਜ ਤਖ਼ਤ : ਇਤਿਹਾਸਕ ਵਿਸ਼ਲੇਸ਼ਣ,* ਡੈਫੋਡਿਲ ਪ੍ਰਿੰਟਰਜ਼, ਪਟਿਆਲਾ, 2002 (ਦੂਜੀ ਵਾਰ), ਪੰਨੇ 134-35.

ਸੀ। ਇਸ ਅਸਥਾਨ ਦੀ ਸੇਵਾ-ਸੰਭਾਲ ਮਹੰਤ ਕਿਰਪਾਲ ਸਿੰਘ ਜੱਦੀ-ਪੁਸ਼ਤੀ ਕਰਦੇ ਆ ਰਹੇ ਹਨ।

ਮੌਜੂਦਾ ਸਮੇਂ ਇਸ ਗੁਰਦੁਆਰਾ ਸਾਹਿਬ ਦੀ ਸੇਵਾ-ਸੰਭਾਲ ਸੰਤ ਬਾਬਾ ਕਿਰਪਾਲ ਸਿੰਘ (ਮੁੱਖ ਪ੍ਰਬੰਧਕ) ਅਤੇ ਮਹੰਤ ਤੀਰਥ ਸਿੰਘ (ਪ੍ਰਬੰਧਕ) ਕਰ ਰਹੇ ਹਨ।

## ਅਗੰਮਪੁਰ

ਇਹ ਪਿੰਡ ਅਨੰਦਪੁਰ ਸਾਹਿਬ ਤੋਂ ਲਗਪਗ 2 ਕਿਲੋਮੀਟਰ ਉਤਰ-ਪੱਛਮ ਵਿਚ ਗੜ੍ਹਸ਼ੰਕਰ ਤੇ ਨੂਰਪੁਰਬੇਦੀ ਜਾਣ ਵਾਲੀ ਸੜਕ ਉਤੇ ਪੈਂਦੇ ਪਿੰਡ ਅਗੰਮਪੁਰ ਵਿਚ ਬਣਿਆ ਹੋਇਆ ਹੈ। ਅਗੰਮਪੁਰ ਵਿਚ ਦੋ ਧਾਰਮਿਕ ਅਸਥਾਨ ਬਣੇ ਹੋਏ ਹਨ। ਪਹਿਲਾ ਅਸਥਾਨ ਇਥੇ ਮਾਤਾ ਜੀਤੋ ਜੀ ਦੇ ਅੰਗੀਠੇ ਵਾਲੇ ਸਥਾਨ ਉਤੇ 'ਗੁਰਦੁਆਰਾ ਮਾਤਾ ਜੀਤੋ ਜੀ' ਬਣਿਆ ਹੋਇਆ ਹੈ ਅਤੇ ਦੂਜਾ ਇਸੇ ਪਿੰਡ ਵਿਚ ਕਿਲ੍ਹਾ ਹੋਲਗੜ੍ਹ ਬਣਿਆ ਹੋਇਆ ਹੈ।

### ਗੁਰਦੁਆਰਾ ਮਾਤਾ ਜੀਤੋ ਜੀ

ਗੁਰਦੁਆਰਾ ਮਾਤਾ ਜੀਤੋ ਜੀ ਨਾਂ ਦੇ ਇਸ ਅਸਥਾਨ ਵਾਲੀ ਥਾਂ 'ਤੇ ਉਨ੍ਹਾਂ ਦਾ ਅੰਤਿਮ ਸਸਕਾਰ ਕੀਤਾ ਗਿਆ ਸੀ। ਇਹ ਅਸਥਾਨ ਕਿਲ੍ਹਾ ਹੋਲਗੜ੍ਹ ਤੋਂ ਲਗਪਗ ਅੱਧਾ ਕਿਲੋਮੀਟਰ ਦੂਰ ਹੈ। ਮਾਤਾ ਜੀਤੋ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਹਿਲੇ ਮਹਿਲ ਸਨ, ਜੋ ਕਿ ਲਾਹੌਰ ਨਿਵਾਸੀ ਹਰਿਜਸ ਸੁਭਿਖੀਏ ਖਤਰੀ ਦੀ ਸਪੁੱਤਰੀ ਸਨ। ਉਹਨਾਂ ਦਾ ਗੁਰੂ ਗੋਬਿੰਦ ਸਿੰਘ ਜੀ ਨਾਲ ਵਿਆਹ 23 ਹਾੜ ਸੰਮਤ 1734 ਨੂੰ ਗੁਰੂ ਕੀ ਲਾਹੌਰ ਵਿਚ ਹੋਇਆ ਸੀ। ਮਾਤਾ ਜੀਤੋ ਜੀ ਦੀ ਕੁੱਖ ਤੋਂ ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ, ਬਾਬਾ ਜੋਰਾਵਰ ਸਿੰਘ ਜੀ ਅਤੇ ਬਾਬਾ ਫ਼ਤਿਹ ਸਿੰਘ ਜੀ ਦਾ ਜਨਮ ਹੋਇਆ। ਮਾਤਾ ਜੀ ਦਾ ਪਰਲੋਕ ਗਮਨ 13 ਅੱਸੂ ਸੰਮਤ 1757 ਨੂੰ ਅਨੰਦਪੁਰ ਵਿਚ ਹੋਇਆ।[80]

ਮਾਤਾ ਜੀਤੋ ਜੀ ਦੇ ਅੰਤਿਮ ਸਸਕਾਰ ਸੰਬੰਧੀ *ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ* ਵਿਚ ਵਰਣਨ ਇੰਞ ਕੀਤਾ ਗਿਆ ਹੈ :

[80] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 525.

*ਸੁਨਿ ਆਇਸੁ ਤਜਾਰੀ ਕਰਿਵਾਇ। ਕਰਿ ਸ਼ਨਾਨ ਪਟ ਨਵ ਪਹਿਰਾਇ।*

*ਸਾਹਿਬਜ਼ਾਦੇ ਚਾਰਹੁਂ ਸਾਥ। ਕਰੇ ਬਿਬਾਨ ਉਠਾਇਸਿ ਹਾਥ।*

*ਆਦਿ ਖ਼ਾਲਸਾ ਲੋਕ ਘਨੇਰੇ। ਗਮਨੇ ਸੰਗ ਵਹਿਰ ਤਿਸ ਬੇਰੇ॥21॥*

*ਨਾਮ ਅਗੰਮਪੁਰਾ ਜਿਸ ਥਾਨਾ। ਤਹਿਂ ਲੈ ਪਹੁਚੇ ਗੁਰੂ ਬਖਾਨਾ।*

*ਗਾਵਤਿ ਸ਼ਬਦ ਰਬਾਬੀ ਆਗੇ। ਸਿਮਰੈਂ ਨਾਮ ਸਿੱਖ ਵਡਭਾਗੇ॥22॥*

*ਗਨ ਚੰਦਨ ਕੀ ਚਿਖਾ ਬਨਾਈ। ਸੁਤ ਨੇ ਗਹਿ ਕਰਿ ਅਗਨਿ ਲਗਾਈ।*

*ਤਿਲ ਜਵ ਘ੍ਰਿਤ ਪਾਏ ਸਮੁਦਾਏ। ਕਰੀ ਪ੍ਰਕਰਮਾ ਫਿਰਿ ਚਹੁਘਾਏ॥23॥* [81]

*ਤਵਾਰੀਖ ਗੁਰੂ ਖ਼ਾਲਸਾ* ਅਨੁਸਾਰ ਮਾਤਾ ਜੀਤੋ ਜੀ ਦਾ ਸਸਕਾਰ ਗੁਰਮਰਿਯਾਦਾ ਨਾਲ ਕੀਤਾ ਗਿਆ ਅਤੇ ਫੁੱਲ ਪਤਾਲਪੁਰੀ ਪਾਏ ਗਏ।[82] ਮਾਤਾ ਜੀਤੋ ਜੀ ਤੋਂ ਇਲਾਵਾ ਚੱਕ-ਨਾਨਕੀ, ਅਨੰਦਪੁਰ ਦੇ ਹੋਰ ਸਾਰੇ ਵਾਸੀਆਂ ਅਤੇ ਸੋਢੀ ਪਰਿਵਾਰ ਦੇ ਸਸਕਾਰ ਇਸੇ ਅਸਥਾਨ ਉਤੇ ਹੁੰਦੇ ਰਹੇ ਹਨ।[83]

ਮੌਜੂਦਾ ਸਮੇਂ ਵਿਚ ਇਥੇ ਗੁਰਦੁਆਰਾ ਸਾਹਿਬ ਦੀ ਸੁੰਦਰ ਇਮਾਰਤ ਬਣੀ ਹੋਈ ਹੈ, ਜਿਸਦੀ ਸੇਵਾ ਸੰਤ ਬਾਬਾ ਸੇਵਾ ਸਿੰਘ ਕਿਲ੍ਹਾ ਅਨੰਦਗੜ੍ਹ ਸਾਹਿਬ ਵਾਲਿਆਂ ਨੇ ਸੰਨ 1972 ਈਸਵੀ ਵਿਚ ਸੰਪੂਰਨ ਕਰਵਾਈ ਸੀ। ਇਸ ਅਸਥਾਨ ਦਾ ਪ੍ਰਬੰਧ ਬਾਬਾ ਭਾਗ ਸਿੰਘ ਅਤੇ ਬਾਬਾ ਲਾਭ ਸਿੰਘ, ਕਾਰ ਸੇਵਾ ਕਿਲ੍ਹਾ ਅਨੰਦਗੜ੍ਹ ਵਾਲਿਆਂ ਨੇ 1978 ਈਸਵੀ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪ ਦਿੱਤਾ ਸੀ।

### ਗੁਰਦੁਆਰਾ ਕਿਲ੍ਹਾ ਹੋਲਗੜ੍ਹ ਸਾਹਿਬ

ਇਹ ਅਸਥਾਨ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਅਨੰਦਪੁਰ ਸਾਹਿਬ ਵਿਚ ਉਸਾਰੇ ਗਏ ਪੰਜ ਕਿਲ੍ਹਿਆਂ ਵਿਚੋਂ ਇਕ ਹੈ। ਇਹ ਕਿਲ੍ਹਾ ਚਰਨ ਗੰਗਾ ਤੋਂ ਪਰਲੇ ਕਿਨਾਰੇ ਉਤੇ ਪਿੰਡ ਅਗੰਮਪੁਰਾ ਦੀ ਹੱਦ ਵਿਚ ਬਣਿਆ ਹੋਇਆ ਹੈ। ਗੁਰੂ ਜੀ ਦੁਆਰਾ ਆਰੰਭ ਕੀਤੇ ਹੋਲੇ-ਮਹੱਲੇ ਦਾ ਸੰਬੰਧ ਵੀ ਇਸ ਕਿਲ੍ਹੇ ਜੁੜਿਆ ਹੋਇਆ ਹੈ। ਹਰਜਿੰਦਰ ਸਿੰਘ ਦਿਲਗੀਰ ਅਨੁਸਾਰ, "ਕਿਲਾ ਹੋਲਗੜ੍ਹ, ਪਿੰਡ ਅਗੰਮਪੁਰ ਵਿਚ ਸੀ, ਇਸੇ

---

81 ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਤੇਰਵੀਂ), ਪੰਨਾ 5525-26.

82 ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖ਼ਾਲਸਾ* (ਭਾਗ ਪਹਿਲਾ), ਪੰਨਾ 941.

83 ਜਸਬੀਰ ਸਿੰਘ ਸਰਨਾ ਅਤੇ ਦਲਜੀਤ ਸਿੰਘ ਬੇਦੀ, *ਗੁਰਦੁਆਰਾ ਕੋਸ਼,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2013 (*ਪਹਿਲੀ ਵਾਰ*), ਪੰਨਾ 17.

ਕਰਕੇ ਇਸ ਨੂੰ ਕਿਲ੍ਹਾ ਅਗੰਮਗੜ੍ਹ ਵੀ ਆਖਦੇ ਸਨ।" [84]

*ਤਵਾਰੀਖ ਗੁਰੂ ਖ਼ਾਲਸਾ* ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਕਿਲ੍ਹਾ ਹੋਲਗੜ੍ਹ ਵਿਖੇ ਹੋਲਾ ਮਹੱਲਾ ਮਨਾਉਣ ਗਏ ਸਨ। ਇਥੇ ਪੰਜ ਦਿਨਾਂ ਤੱਕ ਹੋਲੇ ਦੀ ਧੂਮ-ਧਾਮ ਬਣੀ ਰਹੀ ਅਤੇ ਛੇਵੇਂ ਦਿਨ ਗੁਰੂ ਜੀ ਨੇ ਰਾਗੀਆਂ, ਰਬਾਬੀਆਂ, ਕਵੀਸ਼ਰਾਂ ਨੂੰ ਇਨਾਮ ਅਤੇ ਸਿਰੋਪਾਉ ਦੇ ਕੇ ਵਿਦਾ ਕੀਤਾ।[85]

ਮੇਜਰ ਗੁਰਮੁਖ ਸਿੰਘ 'ਗੁਰਦੁਆਰਾ ਕਿਲ੍ਹਾ ਹੋਲਗੜ੍ਹ ਸਾਹਿਬ' ਸੰਬੰਧੀ ਇੰਞ ਲਿਖਦੇ ਹਨ, "*Gurdwara Holgarh Sahib* is one-and-a-half kilometre northwest of the town on the site of the Holgarh Fort. It is across the Charan Ganga, a seasonal tributary of the Sutlej. Guru Gobind Singh introduced the sportive festival of Hola Mahalla on the plain ground near this fort in 1701. Even now the finale of Hola Mahalla, the biggest annual festival of Anandpur Sahib, is staged here. The present three-story octagonal domed Building of this Gurdwara was also constructed by Sant Seva Singh during the 1970s." [86] ਭਾਵ ਗੁਰਦੁਆਰਾ ਹੋਲਗੜ੍ਹ ਸਾਹਿਬ ਚਰਨ ਗੰਗਾ ਨਾਮਕ ਛੋਟੀ ਨਦੀ ਦੇ ਅਗਲੇ ਪਾਸੇ ਸ਼ਹਿਰ ਦੇ ਉਤਰ ਪੱਛਮ ਵਿਚ ਡੇਢ ਕਿਲੋਮੀਟਰ ਦੂਰ ਹੋਲਗੜ੍ਹ ਕਿਲ੍ਹੇ ਦੀ ਥਾਂ ਤੇ ਬਣਿਆ ਹੋਇਆ ਹੈ। ਇਹ ਉਹੀ ਜਗ੍ਹਾ ਹੈ ਜਿਥੇ ਗੁਰੂ ਗੋਬਿੰਦ ਸਿੰਘ ਜੀ ਨੇ 1701 ਵਿਚ ਹੋਲੀ ਦੇ ਤਿਉਹਾਰ ਤੋਂ ਅਗਲੇ ਦਿਨ ਹੋਲਾ ਮਨਾਉਣਾ ਸ਼ੁਰੂ ਕੀਤਾ ਸੀ। ਹੋਲੀ ਸਮੇਂ ਰੰਗ ਪਾਉਣ ਦੇ ਬਜਾਏ ਗੁਰੂ ਜੀ ਨੇ ਇਸ ਦਿਨ ਨੂੰ ਲੜਾਈ ਵਿਚ ਸਿੱਖਾਂ ਨੂੰ ਹਥਿਆਰਾਂ ਦੇ ਜੌਹਰ ਦਿਖਾਉਣ ਲਈ ਸ਼ੁਰੂ ਕੀਤਾ ਸੀ। ਹੁਣ ਹੋਲਾ ਮਹੱਲਾ ਇਥੇ ਮਨਾਇਆ ਜਾਣ ਵਾਲਾ ਵੱਡਾ ਤਿਉਹਾਰ ਹੈ।...ਮੌਜੂਦਾ ਅਠ ਕੋਣੀ ਗੁੰਬਦਨੁਮਾ ਇਮਾਰਤ ਬਣੀ ਹੋਈ ਹੈ ਜੋ ਸੰਤ ਸੇਵਾ ਸਿੰਘ ਦੀ ਦੇਖ ਰੇਖ ਹੇਠ 1970 ਵਿਚ ਪੂਰੀ ਕੀਤੀ ਗਈ ਸੀ।

ਇਸ ਕਿਲ੍ਹੇ ਵਿਚ ਗੁਰੂ ਗੋਬਿੰਦ ਸਿੰਘ ਜੀ, ਸਿੱਖ ਫ਼ੌਜਾਂ ਨੂੰ ਜੰਗੀ ਅਭਿਆਸ ਵੀ ਕਰਵਾਉਂਦੇ ਹੁੰਦੇ

---

[84] ਹਰਜਿੰਦਰ ਸਿੰਘ ਦਿਲਗੀਰ, *ਅਨੰਦਪੁਰ ਸਾਹਿਬ,* ਸਿੱਖ ਯੂਨੀਵਰਸਿਟੀ ਸੈਂਟਰ, ਬੈਲਜੀਅਮ, 2003 (ਦੂਜੀ ਐਡੀਸ਼ਨ), ਪੰਨਾ 85.

[85] ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖ਼ਾਲਸਾ* (ਭਾਗ ਪਹਿਲਾ), ਪੰਨਾ 842.

[86] Major Gurmukh Singh, *Historical Sikh Shrines,* Page 151.

ਸਨ। ਇਸੇ ਅਸਥਾਨ ਉਤੇ ਭਾਈ ਨੰਦ ਲਾਲ ਜੀ ਨੇ ਲੰਮਾ ਸਮਾਂ ਰਹਿ ਕੇ ਫ਼ਾਰਸੀ ਅਤੇ ਅਰਬੀ ਭਾਸ਼ਾ ਵਿਚ ਗੁਰੂ ਅਤੇ ਗੁਰੂ-ਦਰਬਾਰ ਦੀ ਮਹਿਮਾ ਭਰਪੂਰ ਰਚਨਾਵਾਂ ਲਿਖਿਆ ਕਰਦੇ ਸਨ। ਭਾਈ ਸਾਹਿਬ ਨੇ ਇਥੇ ਹੀ ਰਹਿਤਨਾਮਾ ਅਤੇ ਹੋਰ ਰਚਨਾਵਾਂ ਲਿਖ ਕੇ ਗੁਰੂ ਜੀ ਨੂੰ ਭੇਟ ਕਰਕੇ, ਅਸੀਸਾਂ ਪ੍ਰਾਪਤ ਕੀਤੀਆਂ ਸਨ।[87]

ਅੱਜ ਕੱਲ ਇਸ ਅਸਥਾਨ ਨੂੰ ਪੁਰਾਤਨ ਕਿਲ੍ਹੇ ਦੇ ਰੂਪ ਵਿਚ ਬਣਾਉਣ ਦੀ ਸੇਵਾ ਸੰਤ ਬਾਬਾ ਅਮਰੀਕ ਸਿੰਘ ਪਟਿਆਲਾ ਵਾਲੇ ਕਰਵਾ ਰਹੇ ਹਨ। ਮੌਜੂਦਾ ਸਮੇਂ ਇਸ ਕਿਲ੍ਹੇ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਾਸ ਹੈ।

## ਤਾਰਾਪੁਰ

ਪਿੰਡ ਤਾਰਾਪੁਰ, ਸ੍ਰੀ ਅਨੰਦਪੁਰ ਸਾਹਿਬ ਤੋਂ ਲਗਪਗ ਸੱਤ ਕਿਲੋਮੀਟਰ ਦੂਰ ਸ਼ਿਵਾਲਿਕ ਦੀਆਂ ਪਹਾੜੀਆਂ ਵਿਚ ਵਸਿਆ ਹੋਇਆ ਹੈ।

### ਗੁਰਦੁਆਰਾ ਕਿਲ੍ਹਾ ਤਾਰਾਗੜ੍ਹ ਸਾਹਿਬ

ਗੁਰਦੁਆਰਾ ਕਿਲ੍ਹਾ ਤਾਰਾਗੜ੍ਹ ਸਾਹਿਬ, ਪਿੰਡ ਤਾਰਾਪੁਰ ਦੀ ਹੱਦ ਵਿਚ ਇਕ ਉਚੀ ਪਹਾੜੀ 'ਤੇ ਬਣਿਆ ਹੋਇਆ ਹੈ।

ਗੁਰੂ ਗੋਬਿੰਦ ਸਿੰਘ ਜੀ ਦੁਆਰਾ ਇਹ ਕਿਲ੍ਹਾ ਬਣਾਉਣ ਦਾ ਮੁੱਖ ਉਦੇਸ਼ ਬਿਲਾਸਪੁਰ ਰਿਆਸਤ ਅਤੇ ਹੋਰ ਪਹਾੜੀ ਰਾਜਿਆਂ ਵੱਲੋਂ ਕੀਤੇ ਜਾਣ ਵਾਲੇ ਹਮਲਿਆਂ ਦਾ ਟਾਕਰਾ ਕਰਨਾ ਸੀ। ਇਥੋਂ ਬਿਲਾਸਪੁਰ ਰਿਆਸਤ ਦੀਆਂ ਫ਼ੌਜਾਂ ਦੀਆਂ ਗਤੀਵਿਧੀਆਂ ਤੇ ਨਜ਼ਰ ਰੱਖੀ ਜਾਂਦੀ ਸੀ। 29-30 ਅਗਸਤ, 1700 ਈਸਵੀ ਨੂੰ ਅਨੰਦਪੁਰ ਸਾਹਿਬ ਉਤੇ ਹੋਏ ਹਮਲੇ ਵਿਚ ਦੁਸ਼ਮਣਾਂ ਨੇ ਸਭ ਤੋਂ ਪਹਿਲਾਂ ਹੱਲਾ ਕਿਲ੍ਹਾ ਤਾਰਾਗੜ੍ਹ ਉਤੇ ਹੀ ਕੀਤਾ ਸੀ।[88] ਇਸ ਲਈ ਗੁਰੂ ਜੀ ਨੇ ਇਹ ਕਿਲ੍ਹਾ ਯੁੱਧ ਰਣਨੀਤੀ ਪੱਖੋਂ ਬਹੁਤ ਮਜਬੂਤ ਬਣਵਾਇਆ ਸੀ।

ਇਸ ਅਸਥਾਨ 'ਤੇ ਹੋਈ ਜੰਗ ਸੰਬੰਧੀ *ਗੁਰੂ ਕੀਆਂ ਸਾਖੀਆਂ* ਵਿਚ ਇੰਞ ਵਰਣਨ ਪ੍ਰਾਪਤ ਹੁੰਦਾ ਹੈ,

---

87 ਦਿਲਜੀਤ ਸਿੰਘ ਬੇਦੀ, *ਸ੍ਰੀ ਅਨੰਦਪੁਰ ਸਾਹਿਬ : ਬਹੁਪੱਖੀ ਦਰਸ਼ਨ*, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਸਤੰਬਰ 2015, (ਪਹਿਲੀ ਐਡੀਸ਼ਨ), ਪੰਨਾ 173.

88 ਉਹੀ, ਪੰਨਾ 174.

"ਸੰਮਤ ਸਤਰਾਂ ਸੈ ਸਤਵੰਜਾ ਭਾਦਵ ਪ੍ਰਵਿਸ਼ਟੇ ਉਨੱਤੀਸ ਵੀਰਵਾਰ ਕੇ ਦਿਹੁੰ ਰਾਜਾ ਅਜਮੇਰ ਚੰਦ ਨੇ ਘਾਤ ਪਾਇ ਅਨੰਦਗਢ ਸੇ ਦੁਰਾਡੇ ਕਿਲਾ ਤਰਾਗਢ ਤੇ ਆਇ ਹਮਲਾ ਕੀਆ। ਖਾਲਸੇ ਨੇ ਸਾਹਿਬਜ਼ਾਦਾ ਅਜੀਤ ਸਿੰਘ ਕੀ ਜਥੇਦਾਰੀ ਨੀਚੇ ਪਰਬਤੀ ਰਾਜਯੋਂ ਕੇ ਚੰਗੇ ਦਾਂਤ ਖੱਟੇ ਕੀਏ।"[89]

ਮੌਜੂਦਾ ਸਮੇਂ ਵਿਚ ਇਥੇ ਇਕ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਜਿਸਦੀ ਬਾਹਰੀ ਡਿਉਢੀ ਅਤੇ ਦੀਵਾਰਾਂ ਨੂੰ ਇੱਟਾਂ ਨਾਲ ਕਿਲ੍ਹੇ ਵਾਲੀ ਪੁਰਾਤਨ ਦਿੱਖ ਦਿੱਤੀ ਗਈ ਹੈ। ਹੁਣ ਇਸਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਹੈ।

## ਮੋਹੀਵਾਲ

ਪਿੰਡ ਮੋਹੀਵਾਲ, ਕਿਲ੍ਹਾ ਤਾਰਾਗੜ੍ਹ ਦੇ ਨੇੜੇ, ਅਨੰਦਪੁਰ ਸਾਹਿਬ ਤੋਂ ਲਗਪਗ ਸੱਤ ਕਿਲੋਮੀਟਰ ਦੂਰ ਸਥਿਤ ਹੈ।

**ਗੁਰਦੁਆਰਾ ਭਾਈ ਘਨੱਈਆ ਜੀ**

ਇਥੇ ਭਾਈ ਘਨੱਈਆ ਜੀ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ, ਜੋ ਕਿ ਗੁਰੂ ਤੇਗ ਬਹਾਦਰ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ ਸਨ। ਭਾਈ ਸਾਹਿਬ ਦਾ ਨਾਂ ਸਿੱਖ ਧਰਮ ਵਿਚ ਵਿਲੱਖਣ ਸੇਵਾ ਕਰਨ ਲਈ ਵਿਸ਼ੇਸ਼ ਸਤਿਕਾਰ ਸਹਿਤ ਲਿਆ ਜਾਂਦਾ ਹੈ। ਆਪ ਜੀ ਜੰਗ ਵਿਚਲੇ ਜ਼ਖ਼ਮੀਆਂ ਨੂੰ ਬਿਨ੍ਹਾਂ ਕਿਸੇ ਭੇਦ-ਭਾਵ ਦੇ ਪਾਣੀ ਪਿਆਉਣ ਦੀ ਸੇਵਾ ਕਰਿਆ ਕਰਦੇ ਸਨ।

ਹੁਣ ਇਥੇ ਭਾਈ ਘਨੱਈਆ ਜੀ ਦੀ ਯਾਦ ਵਿਚ ਇਕ ਗੁਰਦੁਆਰਾ ਬਣਿਆ ਹੋਇਆ ਹੈ, ਜਿਸਦੀ ਸੇਵਾ ਸੰਤ ਬਾਬਾ ਸੇਵਾ ਸਿੰਘ, ਬਾਬਾ ਭਾਗ ਸਿੰਘ ਅਤੇ ਉਹਨਾਂ ਦੇ ਵਰੋਸਾਏ ਹੋਏ ਬਾਬਾ ਲਾਭ ਸਿੰਘ ਨੇ ਕਰਵਾਈ। ਇਸ ਗੁਰਦੁਆਰੇ ਦੇ ਪਰਿਸਰ ਵਿਚ ਇਕ ਪੱਥਰਾਂ ਦੀ ਬਣੀ ਹੋਈ ਛੋਟੀ ਕੋਠੜੀ ਅਤੇ ਪੱਥਰ ਦੀਆਂ ਛੋਟੀਆਂ-ਛੋਟੀਆਂ ਤਿੰਨ ਬਾਉਲੀਆਂ ਮੌਜੂਦ ਹਨ। ਪ੍ਰਚਲਿਤ ਰਵਾਇਤ ਅਨੁਸਾਰ ਭਾਈ ਘਨੱਈਆ ਜੀ ਇਸ ਕੋਠੜੀ ਵਿਚ ਬੈਠ ਕੇ ਤਪ ਕਰਿਆ ਕਰਦੇ ਸਨ ਅਤੇ ਇਹਨਾਂ ਬਾਉਲੀਆਂ ਵਿਚੋਂ ਮਸ਼ਕ ਭਰ ਕੇ ਜਲ੍ਹ ਛਕਾਇਆ ਕਰਦੇ ਸਨ। ਇਥੇ ਭਾਈ ਘਨੱਈਆ ਜੀ ਦੇ ਸਮੇਂ ਦੀ ਮਸ਼ਕ ਵੀ ਪਈ ਹੈ, ਜੋ ਖੁਦਾਈ ਦੌਰਾਨ

[89] ਸ੍ਰਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ;* ਪਿਆਰਾ ਸਿੰਘ ਪਦਮ (ਸੰਪਾ.), ਪੰਨਾ 130.

ਜਮੀਨ ਵਿਚੋਂ ਮਿਲੀ ਹੈ।[90]

ਮੌਜੂਦਾ ਸਮੇਂ ਇਥੇ ਗੁਰਦੁਆਰਾ ਸਾਹਿਬ ਦੀ ਸੁੰਦਰ ਇਮਾਰਤ ਬਣੀ ਹੋਈ ਹੈ, ਜਿਸਦਾ ਪ੍ਰਬੰਧ ਸਥਾਨਕ ਕਮੇਟੀ ਕੋਲ ਹੈ।

## ਗੰਗੂਵਾਲ

ਪਿੰਡ ਗੰਗੂਵਾਲ, ਅਨੰਦਪੁਰ ਸਾਹਿਬ ਤੋਂ ਗੁਰੂ ਕੀ ਲਾਹੌਰ ਵਾਲੀ ਸੜਕ ਉਤੇ ਅਨੰਦਪੁਰ ਸਾਹਿਬ ਤੋਂ ਲਗਪਗ ਪੰਜ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਸ ਪਿੰਡ ਵਿਚ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਘੋੜੇ ਦੀ ਯਾਦ ਵਿਚ ਇਕ ਗੁਰਦੁਆਰਾ ਬਣਿਆ ਹੋਇਆ ਹੈ।

### ਗੁਰਦੁਆਰਾ ਸੁਹੇਲਾ ਘੋੜਾ ਸਾਹਿਬ

ਇਹ ਗੁਰਦੁਆਰਾ ਗੰਗੂਵਾਲ ਪਿੰਡ ਦੇ ਬਾਹਰਵਾਰ ਸਥਿਤ ਹੈ। ਗੁਰੂ ਜੀ ਦੇ ਘੋੜੇ ਦੀ ਯਾਦ ਵਿਚ ਇਹ ਗੁਰਦੁਆਰਾ ਬਣਿਆ ਹੋਇਆ ਹੈ, ਜਿਸਦਾ ਨਾਂ 'ਸੁਹੇਲਾ' ਸੀ। ਜਿਸ ਸੰਬੰਧੀ ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ ਕਿ ਸੁਹੇਲਾ ਨਾਮਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਖਾਸ ਘੋੜਾ ਸੀ।[91] ਸਰੂਪ ਦਾਸ ਭੱਲਾ ਨੇ ਇਸ ਘੋੜੇ ਦੀ ਸਿਫਤ *ਮਹਿਮਾ ਪ੍ਰਕਾਸ਼* ਵਿਚ ਇਸ ਕੀਤੀ ਹੈ :

*ਗੁਰ ਬਾਹਨ ਅਸ੍ਵ ਨਾਮ ਸੁਹੇਲਾ। ਕਰ ਕੋਟ ਜਨਮ ਭਗਤੀ ਭਇਓ ਮੇਲਾ।*
*ਅਤਿ ਸੁੰਦਰ ਚਪਲ ਮਦਨ ਕੋ ਰੂਪ। ਪਸੁ ਦੇਹਿ ਮਾਹਿ ਪਦ ਮਿਲਿਓ ਅਨੂਪ।28।*
*ਨ ਹੋਨ ਦੇਇ ਕਾਹੂ ਅਸਵਾਰ। ਨਿਜ ਬਾਹਨ ਸਤਗੁਰ ਕਰਤਾਰ।*
*ਰਤਨ ਜੜਤ ਹੰਨਾ ਸੁਖ ਆਸਨ। ਸਭ ਸਾਜ ਭੂਖਨ ਰਵਿ ਦੁਤ ਪ੍ਰਕਾਸਨ।29।* [92]

ਕਰਤਾਰਪੁਰ ਦੀ ਲੜਾਈ ਤੋਂ ਬਾਅਦ ਜਦੋਂ ਗੁਰੂ ਹਰਿਗੋਬਿੰਦ ਜੀ ਕੀਰਤਪੁਰ ਸਾਹਿਬ ਵਲ ਆਉਦਿਆਂ ਰਸਤੇ ਵਿਚ ਇਥੇ ਰੁਕੇ ਤਾਂ ਗੁਰੂ ਜੀ ਦੇ ਘੋੜੇ ਦੀ ਵਾਗ ਭਾਈ ਬਿਧੀਚੰਦ ਨੇ ਫੜੀ। ਪਾਣੀ ਪੀ ਕੇ

---

[90] ਸਰਵੇਖਣ ਦੌਰਾਨ ਪ੍ਰਾਪਤ ਹੋਈ ਜਾਣਕਾਰੀ ਅਨੁਸਾਰ।

[91] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 207.

[92] ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼, ਭਾਗ ਦੂਜਾ (ਖੰਡ ਦੂਜਾ),* ਜੀ. ਐਸ. ਲਾਂਬਾ (ਸੰਪਾ.), ਭਾਸ਼ਾ ਵਿਭਾਗ, ਪੰਜਾਬ, 2003, (ਦੂਜੀ ਵਾਰ), ਪੰਨਾ 420.

ਘੋੜਾ ਅਚਾਨਕ ਚਲਾਣਾ ਕਰ ਗਿਆ ਕਿਉਂਕਿ ਉਸ ਘੋੜੇ ਦੇ ਸਰੀਰ ਉਤੇ ਜੰਗ ਵਿਚ ਬਹੁਤ ਜਖਮ ਹੋ ਗਏ ਸਨ। ਭਾਈ ਸੰਤੋਖ ਸਿੰਘ ਨੇ ਇਸ ਘਟਨਾ ਦਾ ਜਿਕਰ ਇਸ ਤਰ੍ਹਾਂ ਕੀਤਾ ਹੈ ਅਤੇ ਘੋੜੇ ਦਾ ਨਾਂ 'ਜਾਨਭਾਈ' ਲਿਖਿਆ ਹੈ :

*ਬਿਧੀਚੰਦ ਨੇ ਪਕਰਯੋ ਘੋਰਾ। ਕਰਤਿ ਭਯੋ ਰੁਖ ਸੋ ਜਲ ਓਰਾ।*

*ਲੇ ਤਿਨ ਆਗੇ ਪਾਨ ਕਰਾਵਾ। ਨਿਰਮਲ ਨੀਰ ਅਚਯੋ ਮਨ ਭਾਵਾ।।26।।*

*ਕਰਤਿ ਪਾਨ ਕੋ ਹਯ ਗਿਰ ਪਰਯੋ। ਹੇਰਤਿ ਖਰੇ ਤੁਰਤ ਈ ਮਰਯੋ।*

*ਰਣ ਮਹਿਂ ਲਗੇ ਘਾਵ ਗਨ ਭਾਰੇ। ਗੁਰ ਪਹੁਂਚਾਵਨ ਹੇਤੁ ਜਿਵਾਰੇ।।27।।*

*ਬਡੇ ਭਾਗ ਸੁਰ ਪੁਰਿ ਕੋ ਗਯੋ। ਨਾਮ ਜਾਨਭਾਈ ਜਿਸ ਭਯੋ।*

*ਲੋਹ ਸਵਾਮਣ ਜਾਹਿਂ ਸਰੀਰ। ਕਰਤਿ ਜੰਗ ਬੇਧਯੋ ਬਹੁ ਬੀਰ।।28।।*[93]

ਗੁਰਦੁਆਰਾ ਸਾਹਿਬ ਵਿਚਲੇ ਬੋਰਡ ਉਤੇ ਇਸ ਗੁਰਦੁਆਰੇ ਦਾ ਇਤਿਹਾਸ ਇਸ ਤਰ੍ਹਾਂ ਲਿਖਿਆ ਹੋਇਆ ਹੈ, "ਇਕ ਕਾਬਲ ਦਾ ਰਹਿਣ ਵਾਲਾ ਸਿੱਖ ਕਰੋੜੀ ਮੱਲ ਹੋਇਆ, ਜੋ ਸਤਿਗੁਰਾਂ ਦਾ ਬਹੁਤ ਸ਼ਰਧਾਲੂ ਸਿੱਖ ਸੀ। ਸੰਮਤ 1691 ਵਿਚ ਇਸ ਸਿੱਖ ਨੇ ਦੋ ਘੋੜੇ ਸਤਿਗੁਰੂ ਜੀ ਨੂੰ ਭੇਟ ਕੀਤੇ ਸਨ। ਉਹਨਾਂ ਦੇ ਨਾਮ ਦਿਲਬਾਗ ਅਤੇ ਗੁਲਬਾਗ ਰੱਖੇ ਸਨ। ਬਾਅਦ ਵਿਚ ਸਤਿਗੁਰਾਂ ਨੇ ਉਹਨਾਂ ਦੇ ਨਾਮ ਬਦਲ ਕੇ ਇਕ ਦਾ ਨਾਮ 'ਜਾਨ ਭਾਈ' ਅਤੇ ਦੂਜੇ ਦਾ 'ਸੁਹੇਲਾ ਘੋੜਾ' ਰੱਖਿਆ ਸੀ। ਮਾਤਾ ਸੁਲੱਖਣੀ ਨੂੰ ਪੁੱਤਰਾਂ ਦਾ ਵਰ ਦੇਣ ਸਮੇਂ ਸਤਿਗੁਰੂ ਜੀ ਸੁਹੇਲੇ ਘੋੜੇ ਤੇ ਹੀ ਸਵਾਰ ਸਨ। ਗੁਰੂ ਜੀ ਨੇ ਸੁਹੇਲੇ ਘੋੜੇ ਤੇ ਹੀ ਕਰਤਾਰਪੁਰ ਦੀ ਜੰਗ ਲੜੀ। ਜੰਗ ਵਿਚ ਲੜਦਿਆਂ ਸੁਹੇਲਾ ਘੋੜਾ ਜ਼ਖ਼ਮੀ ਹੋ ਗਿਆ। ਕਰਤਾਰਪੁਰ ਦੀ ਜੰਗ ਜਿੱਤਣ ਤੋਂ ਬਾਅਦ ਸਤਿਗੁਰ ਜੀ ਕੀਰਤਪੁਰ ਨੂੰ ਜਾ ਰਹੇ ਸਨ। ਰਸਤੇ ਵਿਚ ਘੋੜੇ ਨੇ ਇਸ ਪਵਿੱਤਰ ਜਗ੍ਹਾ 'ਤੇ ਸਰੀਰ ਛੱਡ ਦਿੱਤਾ। ਘੋੜੇ ਦੇ ਸਰੀਰ ਵਿਚ ਉਸ ਸਮੇਂ ਛੇ ਸੌ ਗੋਲੀ ਲੱਗੀ ਅਤੇ ਸੰਸਕਾਰ ਕਰਨ ਤੇ ਘੋੜੇ ਦੇ ਸਰੀਰ ਵਿਚੋਂ ਸਵਾ ਮਣ ਸਿੱਕਾ ਨਿਕਲਿਆ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਸਿੱਖਾਂ ਨੂੰ ਨਾਲ ਲੈ ਕੇ ਅਰਦਾਸਾ ਸੋਧ ਕੇ ਆਪਣੇ ਹੱਥੀਂ ਸੁਹੇਲੇ ਘੋੜੇ ਦਾ ਸਸਕਾਰ ਕੀਤਾ ਅਤੇ ਇਹ ਅਸਥਾਨ ਸੁਹੇਲਾ ਘੋੜਾ ਜੀ ਦੇ ਨਾਮ ਤੇ

93 ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* (ਜਿਲਦ ਨੌਵੀਂ), ਪੰਨਾ 3438-39.

ਪ੍ਰਸਿਧ ਹੈ।"[94]

ਇਸ ਅਸਥਾਨ ਦੀ ਕਾਰ ਸੇਵਾ ਸੰਤ ਬਾਬਾ ਸੇਵਾ ਸਿੰਘ ਅਤੇ ਸੰਤ ਬਾਬਾ ਭਾਗ ਸਿੰਘ ਜੀ ਨੇ ਕਰਵਾਈ ਅਤੇ ਅੱਜ ਕੱਲ ਸੰਤ ਬਾਬਾ ਲਾਭ ਸਿੰਘ ਜੀ ਦੇ ਗੱਦੀਨਸ਼ੀਨ ਸੰਤ ਬਾਬਾ ਸੁੱਚਾ ਸਿੰਘ ਜੀ ਇਥੋਂ ਦਾ ਪ੍ਰਬੰਧ ਸੰਭਾਲ ਰਹੇ ਹਨ।

**ਭਗਵਾਲਾ**

ਇਹ ਪਿੰਡ ਕੀਰਤਪੁਰ ਸਾਹਿਬ ਤੋਂ ਤਕਰੀਬਨ ਚਾਰ ਕਿਲੋਮੀਟਰ ਦੂਰ ਕੀਰਤਪੁਰ-ਅਨੰਦਪੁਰ ਸਾਹਿਬ ਸੜਕ ਤੋਂ ਇਕ ਕਿਲੋਮੀਟਰ ਪਿੱਛੇ ਹਟਵਾਂ ਹੈ।

**ਗੁਰਦੁਆਰਾ ਬਰੋਟਾ ਸਾਹਿਬ**

ਇਹ ਗੁਰਦੁਆਰਾ ਗੁਰੂ ਹਰਿਗੋਬਿੰਦ ਸਾਹਿਬ ਨਾਲ ਸੰਬੰਧਿਤ ਹੈ। ਗੁਰਦੁਆਰਾ ਬਰੋਟਾ ਸਾਹਿਬ ਵਿਚ ਲੱਗੇ ਇਤਿਹਾਸ ਦੇ ਬੋਰਡ ਅਨੁਸਾਰ, ਇਕ ਵਾਰ ਜਦੋਂ ਗੁਰੂ ਜੀ ਜੰਗ ਲੜ੍ਹਨ ਤੋਂ ਬਾਅਦ ਇਥੇ ਪਹੁੰਚੇ ਤਾਂ ਆਰਾਮ ਕਰਨ ਲਈ ਇਕ ਬਰੋਟੇ ਦੇ ਦਰੱਖਤ ਥੱਲੇ ਠਹਿਰੇ। ਸਿੱਖਾਂ ਨੇ ਗੁਰੂ ਜੀ ਕੋਲ ਬੇਨਤੀ ਕੀਤੀ ਕਿ ਜੰਗ ਕਾਰਨ ਸਿੱਖ ਅਤੇ ਘੋੜੇ ਜ਼ਖ਼ਮੀ ਹੋ ਚੁੱਕੇ ਹਨ ਅਤੇ ਆਪ ਜੀ ਕਿਰਪਾ ਕਰਕੇ ਦਵਾ ਦਾ ਪ੍ਰਬੰਧ ਕਰ ਦੇਵੋ। ਗੁਰੂ ਜੀ ਨੇ ਬੋਹੜ ਵੱਲ ਇਸ਼ਾਰਾ ਕਰਦਿਆਂ ਆਖਿਆ ਕਿ ਇਸਦਾ ਪੱਤਾ ਤੋੜਨ ਤੇ ਜੋ ਦ੍ਰਵ (ਦੁੱਧ) ਨਿਕਲੇਗਾ, ਉਸਨੂੰ ਆਪਣੇ ਅਤੇ ਘੋੜਿਆਂ ਦੇ ਜ਼ਖ਼ਮਾਂ ਉਤੇ ਲਗਾਉ। ਇਸ ਨਾਲ ਜ਼ਖ਼ਮ ਠੀਕ ਹੋ ਜਾਣਗੇ। ਸਿੱਖਾਂ ਨੇ ਗੁਰੂ ਜੀ ਦੀ ਆਗਿਆ ਅਨੁਸਾਰ ਅਰਦਾਸ ਕੀਤੀ ਅਤੇ ਬਾਅਦ ਵਿਚ ਪੱਤਿਆਂ ਨੂੰ ਤੋੜ ਕੇ ਨਿਕਲਣ ਵਾਲਾ ਦੁੱਧ ਆਪਣੇ ਅਤੇ ਘੋੜਿਆਂ ਦੇ ਜ਼ਖ਼ਮਾਂ ਉਤੇ ਲਗਾਇਆ। ਇਸ ਤਰ੍ਹਾਂ ਬਹੁਤ ਹੀ ਜਲਦੀ ਉਹਨਾਂ ਦੇ ਜ਼ਖ਼ਮ ਠੀਕ ਹੋ ਗਏ। ਉਸ ਸਮੇਂ ਤੋਂ ਹੀ ਗੁਰੂ ਜੀ ਦੀ ਚਰਨ-ਛੋਹ ਪ੍ਰਾਪਤ ਇਸ ਅਸਥਾਨ ਉਤੇ ਪੁਰਾਤਨ ਬੋਹੜ ਦਾ ਦਰੱਖਤ ਅੱਜ ਵੀ ਮੌਜੂਦ ਹੈ।[95]

ਇਸ ਅਸਥਾਨ ਤੇ ਗੁਰਦੁਆਰਾ ਸਾਹਿਬ ਦੀ ਸੁੰਦਰ ਇਮਾਰਤ ਬਣੀ ਹੋਈ ਹੈ, ਜਿਸਦੀ ਉਸਾਰੀ ਬਾਬਾ ਲਾਭ ਸਿੰਘ ਕਿਲ੍ਹਾ ਅਨੰਦਗੜ੍ਹ ਸਾਹਿਬ ਵਾਲਿਆਂ ਨੇ ਕਰਵਾਈ। ਇਸ ਗੁਰਦੁਆਰੇ ਦੀ ਮੁੱਖ ਡਿਉਢੀ

---

[94] ਗੁਰਦੁਆਰਾ ਸੁਹੇਲਾ ਘੋੜਾ ਸਾਹਿਬ ਵਿਚ ਲੱਗੇ ਇਤਿਹਾਸ ਦੇ ਬੋਰਡ ਅਨੁਸਾਰ।

[95] ਗੁਰਦੁਆਰਾ ਬਰੋਟਾ ਸਾਹਿਬ ਵਿਚ ਲੱਗੇ ਇਤਿਹਾਸ ਦੇ ਬੋਰਡ ਅਨੁਸਾਰ।

ਉਤੇ 'ਗੁਰਦੁਆਰਾ ਸਾਹਿਬ ਪਾ: ਛੇਵੀਂ ਹਸਪਤਾਲ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ' ਲਿਖਿਆ ਹੋਇਆ ਹੈ।

## ਬੱਢਲ (ਉਪਰਲਾ)

ਇਹ ਪਿੰਡ, ਕੀਰਤਪੁਰ ਸਾਹਿਬ-ਅਨੰਦਪੁਰ ਸਾਹਿਬ ਵਾਲੀ ਸੜਕ ਉਤੇ ਕੀਰਤਪੁਰ ਸਾਹਿਬ ਤੋਂ ਤਕਰੀਬਨ 4 ਕਿਲੋਮੀਟਰ ਦੂਰ ਸਥਿਤ ਹੈ।

### ਗੁਰਦੁਆਰਾ ਮਿੱਠਾਸਰ ਸਾਹਿਬ

ਇਹ ਗੁਰਦੁਆਰਾ ਸਾਹਿਬ ਤਿੰਨ ਗੁਰੂ ਸਾਹਿਬਾਨ, ਗੁਰੂ ਹਰਿਗੋਬਿੰਦ ਸਾਹਿਬ, ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ ਹੈ।

ਗੁਰਦੁਆਰਾ ਸਾਹਿਬ ਵਿਚ ਬੋਰਡ ਉਤੇ ਲਿਖੇ ਇਤਿਹਾਸ ਅਨੁਸਾਰ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਕੀਰਤਪੁਰ ਸਾਹਿਬ ਨੂੰ ਜਾਂਦਿਆਂ ਸੰਗਤਾਂ ਦੀ ਪੁਕਾਰ ਸੁਣ ਕੇ ਕਿ ਇਸ ਅਸਥਾਨ ਤੇ ਸ਼ੇਰ ਰਹਿੰਦਾ ਹੈ, ਜਿਸ ਤੋਂ ਇਲਾਕੇ ਦੇ ਲੋਕ ਬਹੁਤ ਪ੍ਰੇਸ਼ਾਨ ਹਨ। ਗੁਰੂ ਜੀ ਨੇ ਸੰਗਤਾਂ ਦੀ ਬੇਨਤੀ ਨੂੰ ਪ੍ਰਵਾਨ ਕਰਦਿਆਂ ਸ਼ੇਰ ਦਾ ਸ਼ਿਕਾਰ ਕਰਨ ਦਾ ਨਿਸ਼ਚਾ ਕੀਤਾ। ਗੁਰੂ ਜੀ ਨੇ ਉਥੇ ਨੇੜੇ ਹੀ ਸ਼ੇਰ ਸੁੱਤਾ ਦੇਖਿਆ ਤਾਂ ਉਸ ਨੂੰ ਜਗਾ ਕੇ ਉਸਦਾ ਤਲਵਾਰ ਨਾਲ ਸ਼ਿਕਾਰ ਕੀਤਾ। ਦੁਪਿਹਰ ਦੇ ਲੰਗਰ ਦਾ ਸਮਾਂ ਹੋਣ ਕਾਰਨ ਗੁਰੂ ਜੀ ਨੇ ਸੰਗਤਾਂ ਨੂੰ ਲੰਗਰ ਤਿਆਰ ਕਰਨ ਲਈ ਕਿਹਾ। ਸੰਗਤਾਂ ਨੇ ਕਿਹਾ ਕਿ ਇਥੇ ਜਲ ਨਹੀਂ ਹੈ। ਗੁਰੂ ਜੀ ਨੇ ਸੰਗਤਾਂ ਦੀ ਬੇਨਤੀ ਪ੍ਰਵਾਨ ਕਰਕੇ ਧਰਤੀ ਵਿਚ ਬਰਛਾ ਮਾਰਿਆ ਅਤੇ ਠੰਡਾ ਤੇ ਮਿੱਠਾ ਜਲ ਪ੍ਰਗਟ ਕੀਤਾ। ਗੁਰੂ ਹਰਿਗੋਬਿੰਦ ਜੀ ਨੇ ਸੰਗਤਾਂ ਨਾਲ ਦੁਪਿਹਰ ਵੇਲੇ ਇਥੇ ਲੰਗਰ ਛਕਿਆ। ਇਸ ਅਸਥਾਨ ਦਾ ਨਾਂ ਮਿੱਠਾਸਰ ਸਾਹਿਬ ਅਤੇ ਸ਼ੇਰਗਾਹ ਰੱਖਿਆ। ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਦੇ ਦਿੱਲੀ ਜਾਣ ਸਮੇਂ ਇਸ ਅਸਥਾਨ 'ਤੇ ਠਹਿਰ ਕੇ ਸੰਗਤਾਂ ਨਾਲ ਵਿਚਾਰਾਂ ਕਰਨ ਉਪਰੰਤ ਆਪਣੇ ਸਾਥੀਆਂ ਸਮੇਤ ਅੱਗੇ ਗਏ। ਬਾਕੀ ਸੰਗਤਾਂ ਨੂੰ ਗੁਰੂ ਜੀ ਨੇ ਅਨੰਦਪੁਰ ਸਾਹਿਬ ਵਾਪਿਸ ਜਾਣ ਦਾ ਹੁਕਮ ਕੀਤਾ।[96]

ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਇਸ ਅਸਥਾਨ 'ਤੇ ਤੀਰ ਮਾਰ ਕੇ ਇਕ ਹੋਰ ਜਲ ਦਾ ਸੋਮਾ ਪ੍ਰਗਟ ਕੀਤਾ ਅਤੇ ਕਿਲ੍ਹਾ ਅਨੰਦਗੜ੍ਹ ਸਾਹਿਬ ਤੋਂ ਇੱਟਾਂ ਲਿਆ ਕੇ ਬਾਉਲੀ ਦੀ ਉਸਾਰੀ ਕਰਵਾਈ ਸੀ।

---

[96] ਗੁਰਦੁਆਰਾ ਮਿੱਠਾਸਰ ਸਾਹਿਬ ਵਿਚ ਲੱਗੇ ਇਤਿਹਾਸ ਦੇ ਬੋਰਡ ਅਨੁਸਾਰ।

ਹੁਣ ਇਸ ਅਸਥਾਨ ਦੀ ਸੇਵਾ-ਸੰਭਾਲ ਜਥੇਦਾਰ ਬਾਬਾ ਭਗਤ ਸਿੰਘ ਕਰ ਰਹੇ ਹਨ। ਉਹਨਾਂ ਦੇ ਦੱਸਣ ਅਨੁਸਾਰ ਬੁੱਢਾ ਦਲ ਦੇ ਮੁਖੀ ਬਾਬਾ ਪ੍ਰਹਲਾਦਾ ਸਿੰਘ ਇਸੇ ਅਸਥਾਨ ਤੇ ਬੁੱਢਾ ਦਲ ਦੇ ਮੁਖੀ ਚੁਣੇ ਗਏ ਸਨ ਅਤੇ ਉਹ ਇਥੋਂ ਹੀ ਗੁਰੂ ਗੋਬਿੰਦ ਸਿੰਘ ਜੀ ਦੇ ਨਿਸ਼ਾਨ ਸਾਹਿਬ ਅਤੇ ਨਗਾਰਾ ਆਦਿ ਵਸਤਾਂ ਲੈਣ ਲਈ ਹਜੂਰ ਸਾਹਿਬ ਨੂੰ ਗਏ ਸਨ। ਉਥੋਂ ਦੇ ਸਥਾਨਕ ਲੋਕਾਂ ਨੇ ਉਹਨਾਂ ਉਤੇ ਹਮਲਾ ਕਰ ਦਿੱਤਾ ਅਤੇ ਉਹ ਉਥੇ ਹੀ ਸ਼ਹੀਦ ਹੋ ਗਏ। ਬਾਕੀ ਬਚੇ ਨਿਹੰਗ ਸਿੰਘ ਉਥੋਂ ਉਹ ਵਸਤਾਂ ਪ੍ਰਾਪਤ ਕਰਕੇ ਪਹਿਲਾਂ ਮਿੱਠਾਸਰ ਸਾਹਿਬ ਵਾਲੇ ਅਸਥਾਨ ਉਤੇ ਹੀ ਆਏ ਸਨ। ਉਹ ਨਿਸ਼ਾਨੀਆਂ ਅੱਜ-ਕੱਲ ਬਗੀਚੀ ਬੁੱਢਾ ਦਲ, ਪਟਿਆਲਾ ਵਿਖੇ ਪਈਆਂ ਹਨ।[97]

ਇਸ ਅਸਥਾਨ ਉਤੇ ਗੁਰਦੁਆਰਾ ਸਾਹਿਬ ਦੀ ਇਕ ਮੰਜਿਲਾ, ਪਾਲਕੀ ਸਾਹਿਬ ਵਰਗੇ ਗੁੰਬਦ ਵਾਲੀ ਇਮਾਰਤ ਬਣੀ ਹੋਈ ਹੈ। ਇਸ ਗੁਰਦੁਆਰੇ ਦਾ ਪ੍ਰਬੰਧ ਬੁੱਢਾ ਦਲ ਪਾਸ ਹੋਣ ਕਾਰਨ ਇਥੇ ਤਿੰਨ ਬੀੜਾਂ (ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀ ਦਸਮ ਗ੍ਰੰਥ ਅਤੇ ਸ੍ਰੀ ਸਰਬਲੋਹ ਗ੍ਰੰਥ) ਦਾ ਪ੍ਰਕਾਸ਼ ਕੀਤਾ ਹੋਇਆ ਹੈ। ਇਥੇ ਗੁਰੂ ਹਰਿਗੋਬਿੰਦ ਸਾਹਿਬ ਦੁਆਰਾ ਪ੍ਰਗਟ ਕੀਤੇ ਜਲ ਦੇ ਸੋਮੇ ਵਾਲੇ ਥਾਂ ਉਤੇ ਖੂਹ ਵੀ ਬਣਿਆ ਹੋਇਆ ਹੈ। ਥੋੜੀ ਦੂਰ ਖੇਤਾਂ ਵਿਚ ਬਾਉਲੀ ਵੀ ਹੈ, ਜਿਸਨੂੰ ਹੁਣ ਮੁੜ ਸੁਰਜੀਤ ਕੀਤਾ ਜਾ ਰਿਹਾ ਹੈ। ਮੌਜੂਦਾ ਸਮੇਂ ਵਿਚ ਇਸ ਅਸਥਾਨ ਦਾ ਪ੍ਰਬੰਧ ਨਿਹੰਗ ਸਿੰਘਾਂ ਦੀ ਜਥੇਬੰਦੀ ਬੁੱਢਾ ਦਲ ਕੋਲ ਹੈ।

## ਕੀਰਤਪੁਰ ਸਾਹਿਬ

ਪੰਜਾਬ ਵਿਚ ਸਤਲੁਜ ਦਰਿਆ ਦੇ ਕੰਢੇ ਵਸਿਆ ਜ਼ਿਲ੍ਹਾ ਰੂਪਨਗਰ ਦਾ ਇਕ ਪ੍ਰਸਿੱਧ ਕਸਬਾ ਜਿਸ ਦਾ ਸਿੱਖ ਇਤਿਹਾਸ ਵਿਚ ਵਿਸ਼ੇਸ਼ ਸਥਾਨ ਅਤੇ ਮਹੱਤਵ ਹੈ। ਇਸ ਦੀ ਸਥਾਪਨਾ ਗੁਰੂ ਹਰਿਗੋਬਿੰਦ ਸਾਹਿਬ ਨੇ ਸੰਨ 1626 ਈ. (1683 ਬਿ.) ਵਿਚ ਕਹਿਲੂਰ ਦੇ ਰਾਜਾ ਤਾਰਾ ਚੰਦ ਤੋਂ ਧਰਤੀ ਖ਼ਰੀਦ ਕੇ ਕੀਤੀ ਸੀ। ਬਾਬਾ ਗੁਰਦਿੱਤਾ ਜੀ ਨੇ ਸੰਮਤ 1686 ਬਿਕਰਮੀ ਮੇਂ ਅਸਾੜ ਪ੍ਰਵਿਸ਼ਟੇ ਦੂਸਰੇ ਕੀਰਤਪੁਰ ਕੀ ਨੀਂਹ ਰੱਖੀ।[98]

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕਰਤਾਰਪੁਰ ਦੀ ਜੰਗ ਤੋਂ ਬਾਅਦ ਕੀਰਤਪੁਰ ਵਿਖੇ ਹੀ

---

[97] ਗੁਰਦੁਆਰਾ ਮਿੱਠਾਸਰ ਸਾਹਿਬ ਦੇ ਪ੍ਰਬੰਧਕ ਜਥੇਦਾਰ ਬਾਬਾ ਭਗਤ ਸਿੰਘ ਦੇ ਦੱਸਣ ਅਨੁਸਾਰ।

[98] ਪੰਡਿਤ ਤਾਰਾ ਸਿੰਘ ਨਰੋਤਮ, *ਸ੍ਰੀ ਗੁਰ ਤੀਰਥ ਸੰਗ੍ਰਹਿ,* ਪੰਨਾ 70.

ਨਿਵਾਸ ਕੀਤਾ। ਇਸ ਲਈ ਇਹ ਸਿੱਖੀ ਦਾ ਕੇਂਦਰ ਹੀ ਬਣ ਗਿਆ ਸੀ। ਇਸ ਸੰਬੰਧੀ ਗਿਆਨੀ ਗਿਆਨ ਸਿੰਘ ਲਿਖਦੇ ਹਨ ਕਿ ਗੁਰੂ ਹਰਿਗੋਬਿੰਦ ਜੀ, ਕੀਰਤਪੁਰ ਨਾਂ ਦੇ ਅਸਥਾਨ ਉਤੇ ਆ ਗਏ ਅਤੇ ਉਥੇ ਹੀ ਟਿਕਾਣਾ ਕਰ ਲਿਆ। ਫਿਰ ਸੰਗਤ ਗੁਰੂ ਜੀ ਦੇ ਦਰਸ਼ਨ ਕਰਨ ਲਈ ਉਥੇ ਆਉਣ ਲੱਗੀ :

*ਸੋਲਾਂ ਸੈ ਏਕਾਨਵੇਂ ਕੀਰਤਪੁਰ ਮੈਂ ਆਇ।*
*ਬਸੇ ਗੁਰੂ ਫਿਰ ਤਹਾ ਹੀ ਰਹੈ ਮਦਮਨ ਪਾਇ।।17।।*
*ਸੰਗਤ ਦੇਸ਼ ਬਦੇਸ਼ ਤੈ ਮਿਲ ਸੰਗ ਮਸੰਦਨ।*
*ਆਵਤ ਕੀਰਤਪੁਰ ਵਿਖੈ ਗੁਰਕੋ ਕਰ ਬੰਦਨ।*[99]

ਮੇਜਰ ਗੁਰਮੁਖ ਸਿੰਘ ਕੀਰਤਪੁਰ ਬਾਰੇ ਜਾਣਕਾਰੀ ਦਿੰਦੇ ਲਿਖਦੇ ਹਨ, "Kiratpur Sahib, one of the sevral towns founded by the Sikh Gurus, is situated on the left bank of Sutlej river in the Shivalik foothills, 30 kilometres north of Ropar to which it is connected by rail and road. It was founded by Baba Gurditta, Under orders from Guru Hargobind, in 1626 on land acquires from Raja Tara Chand of Kahlur (Bilaspur) state."[100]

ਕੀਰਤਪੁਰ ਸਾਹਿਬ ਸ਼ਹਿਰ ਵਿਚ ਗੁਰੂ ਸਾਹਿਬਾਨ ਨਾਲ ਸੰਬੰਧਿਤ ਅਸਥਾਨਾਂ ਦਾ ਵੇਰਵਾ ਨਿਮਨ ਅਨੁਸਾਰ ਹੈ :

### ਗੁਰਦੁਆਰਾ ਚਰਨ ਕੰਵਲ ਸਾਹਿਬ, ਪਾਤਿਸ਼ਾਹੀ ਪਹਿਲੀ

ਇਹ ਅਸਥਾਨ ਕੀਰਤਪੁਰ ਵਿਚ ਬੱਸ ਅੱਡੇ ਤੋਂ ਥੋੜਾ ਦੂਰ ਨਹਿਰ ਤੋਂ ਪਾਰ, ਗੁਰੂ ਨਾਨਕ ਦੇਵ ਜੀ ਦੀ ਆਮਦ ਦੀ ਯਾਦ ਵਿਚ ਬਣਿਆ ਹੋਇਆ ਹੈ। ਗੁਰੂ ਨਾਨਕ ਦੇਵ ਜੀ, ਭਗਤੀ ਕਰ ਰਹੇ ਮੁਸਲਮਾਨ ਫਕੀਰ ਸਾਈਂ ਬੁੱਢਣ ਸ਼ਾਹ ਜੀ ਨੂੰ ਦਰਸ਼ਨ ਦੇਣ ਲਈ ਜਦੋਂ ਕੀਰਤਪੁਰ ਵਿਖੇ ਆਏ ਤਾਂ ਇਸ ਅਸਥਾਨ ਉਤੇ ਪਹਿਲਾਂ ਬਿਰਾਜਮਾਨ ਹੋਏ ਸਨ ਬਾਅਦ ਵਿਚ ਉਹਨਾਂ ਨੂੰ ਮਿਲਣ ਗਏ।

---

[99] ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼,* ਪੰਨਾ 147.

[100] Major Gurmukh Singh, *Historical Sikh Shrines,* Page 154.

ਇਸ ਬਾਰੇ ਪੰਡਿਤ ਤਾਰਾ ਸਿੰਘ ਨਰੋਤਮ ਲਿਖਦੇ ਹਨ ਕਿ, "...ਸੁਮੇਰ ਯਾਤ੍ਰਾ ਕਰਨ ਸਮੇਂ ਪਹਿਲੇ ਸੁਲਤਾਨਪੁਰ ਸੇ ਚੱਲ, ਗੁਰੂ ਜੀ ਈਹਾਂ ਆਏ। ਇਥੇ ਹੀ ਗੁਰੂ ਨਾਨਕ ਦੇਵ ਜੀ ਮੁਸਲਮਾਨ ਫਕੀਰ ਬੁੱਢਣ ਸ਼ਾਹ ਨੂੰ ਮਿਲੇ। ਉਹਨਾਂ ਨੇ ਗੁਰੂ ਸਾਹਿਬ ਨੂੰ ਦੁੱਧ ਭੇਟਾ ਕੀਤਾ, ਜੋ ਕਿ ਗੁਰੂ ਜੀ ਨੇ ਅਮਾਨਤ ਵਜੋਂ ਉਹਨਾਂ ਪਾਸ ਹੀ ਛੱਡ ਦਿੱਤਾ ਸੀ।[101] ਗੁਰੂ ਨਾਨਕ ਦੇਵ ਜੀ ਨੇ ਸਾਈਂ ਬੁੱਢਣ ਸ਼ਾਹ ਤੋਂ ਦੁੱਧ ਛੇਵੇਂ ਜਾਮੇਂ ਵਿਚ ਲੈ ਕੇ ਪੀਣ ਲਈ ਆਖਿਆ ਸੀ। ਬਾਅਦ ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਪੁੱਤਰ ਬਾਬਾ ਗੁਰਦਿਤਾ ਜੀ ਨੂੰ ਭੇਜਿਆ ਅਤੇ ਉਹ ਪੀਰ ਬਾਬਾ ਬੁੱਢਣ ਸ਼ਾਹ ਜੀ ਨੂੰ ਮਿਲੇ ਅਤੇ ਗੁਰੂ ਨਾਨਕ ਦੇਵ ਜੀ ਦਾ ਰੂਪ ਧਾਰ ਕੇ ਸਾਈਂ ਜੀ ਪਾਸੋਂ ਦੁੱਧ ਪ੍ਰਾਪਤ ਕਰਕੇ ਛਕਿਆ।[102]

ਗੁਰੂ ਨਾਨਕ ਦੇਵ ਜੀ ਦੀ ਆਮਦ ਸੰਬੰਧੀ ਇਥੇ 'ਗੁਰਦੁਆਰਾ ਚਰਨ ਕੰਵਲ ਸਾਹਿਬ ਪਾਤਿਸ਼ਾਹੀ ਪਹਿਲੀ' ਬਣਿਆ ਹੋਇਆ ਹੈ। ਜਿਸਦੀ ਸੁੰਦਰ ਇਮਾਰਤ ਦੀ ਉਸਾਰੀ ਸੰਤ ਬਾਬਾ ਸੇਵਾ ਸਿੰਘ, ਬਾਬਾ ਭਾਗ ਸਿੰਘ ਅਤੇ ਉਹਨਾਂ ਦੇ ਗੱਦੀਨਸ਼ੀਨ ਬਾਬਾ ਲਾਭ ਸਿੰਘ, ਕਿਲ੍ਹਾ ਅਨੰਦਗੜ੍ਹ ਸਾਹਿਬ ਵਾਲਿਆਂ ਨੇ ਕਰਵਾਈ ਹੈ। ਇਸ ਗੁਰਦੁਆਰੇ ਦੀ ਹਦੂਦ ਅੰਦਰ ਲੰਗਰ ਹਾਲ ਵੀ ਬਣਿਆ ਹੋਇਆ ਹੈ। ਮੌਜੂਦਾ ਸਮੇਂ ਵਿਚ ਇਸ ਅਸਥਾਨ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਹੈ। ਪੀਰ ਬਾਬਾ ਬੁੱਢਣ ਸ਼ਾਹ ਜੀ ਦੀ ਯਾਦਗਾਰ ਵੀ ਕੀਰਤਪੁਰ ਵਿਚ 'ਗੁਰਦੁਆਰਾ ਬਾਬਾ ਗੁਰਦਿਤਾ ਜੀ' ਦੇ ਸਾਹਮਣੇ ਵਾਲੀ ਪਹਾੜੀ ਉਤੇ ਬਣੀ ਹੋਈ ਹੈ, ਜਿਸਦਾ ਪ੍ਰਬੰਧ ਇਥੋਂ ਦੀ ਮੁਸਲਿਮ ਕਮੇਟੀ ਹੀ ਕਰਦੀ ਹੈ।

**ਗੁਰਦੁਆਰਾ ਸ਼ੀਸ਼ ਮਹੱਲ ਸਾਹਿਬ**

ਇਹ ਅਸਥਾਨ ਕੀਰਤਪੁਰ ਸਾਹਿਬ ਸ਼ਹਿਰ ਦੇ ਵਿਚਕਾਰ ਸਥਿਤ ਹੈ। ਇਹ ਗੁਰਦੁਆਰਾ ਕਾਫੀ ਖੁੱਲੇ ਪਰਿਸਰ ਵਿਚ ਬਣਿਆ ਹੋਇਆ ਹੈ, ਜਿਸਦੇ ਅੰਦਰ ਸਾਰੀਆਂ ਕੰਧਾਂ ਉਤੇ ਸ਼ੀਸ਼ਾ ਜੜਿਆ ਹੋਇਆ ਹੈ।

ਇਥੇ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪਰਿਵਾਰ ਨਿਵਾਸ ਕਰਦਾ ਸੀ। *ਗੁਰਦੁਆਰਾ ਕੋਸ਼* ਅਨੁਸਾਰ ਇਹ ਅਸਲ ਵਿਚ ਬਾਬਾ ਗੁਰਦਿੱਤਾ ਜੀ ਦਾ ਘਰ ਸੀ, ਜਿਸ ਵਿਚ ਮਈ 1635 ਈਸਵੀ ਮਗਰੋਂ

---

[101] ਪੰਡਿਤ ਤਾਰਾ ਸਿੰਘ ਨਰੋਤਮ, *ਸ੍ਰੀ ਗੁਰ ਤੀਰਥ ਸੰਗ੍ਰਹਿ,* ਪੰਨਾ 17.

[102] ਉਹੀ, ਪੰਨਾ 70.

ਗੁਰੂ ਹਰਿਗੋਬਿੰਦ ਸਾਹਿਬ ਰਹਿੰਦੇ ਰਹੇ ਸਨ। ਇਹ ਅਸਥਾਨ 1624 ਈ. ਤੋਂ ਬਾਅਦ ਖਾਸ ਕਰ 1635 ਈ. ਤੋਂ 1663 ਈ. ਤੱਕ ਗੁਰੂ ਪਰਿਵਾਰ ਦਾ ਘਰ ਸੀ।[103]

ਗਿਆਨੀ ਠਾਕਰ ਸਿੰਘ ਅਨੁਸਾਰ ਬਾਬਾ ਰਾਮਰਾਇ ਜੀ ਦਾ ਜਨਮ ਮਾਤਾ ਕੋਟ ਕਲਯਾਣੀ ਜੀ ਦੀ ਕੁੱਖੋਂ 13 ਫੱਗਣ, ਸੰਮਤ 1703 ਦਿਨ ਵੀਰਵਾਰ, ਕੀਰਤਪੁਰ ਸਾਹਿਬ ਵਿਖੇ ਸ਼ੀਸ਼ ਮਹਲ ਸਾਹਿਬ ਵਿਖੇ ਹੋਇਆ। ਇਸੇ ਹੀ ਅਸਥਾਨ ਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਜਨਮ 14 ਸਾਵਣ, ਸੰਮਤ 1713 ਦਿਨ ਸੋਮਵਾਰ ਮਾਤਾ ਕ੍ਰਿਸ਼ਨ ਕੌਰ ਜੀ ਦੀ ਕੁੱਖੋਂ ਹੋਇਆ।[104] ਇਸੇ ਅਸਥਾਨ 'ਤੇ ਸ੍ਰੀ ਗੁਰੂ ਹਰਿਰਾਇ ਸਾਹਿਬ ਦੇ ਗ੍ਰਿਹ ਵਿਖੇ ਬੀਬੀ ਰੂਪ ਕੌਰ ਦਾ ਜਨਮ 5 ਭਾਦ੍ਰੋਂ, ਸੰਮਤ 1715 ਨੂੰ ਮਾਤਾ ਕਿਸ਼ਨ ਕੌਰ ਜੀ ਦੀ ਕੁੱਖੋਂ ਹੋਇਆ।[105]

ਇਸ ਅਸਥਾਨ ਦੀ ਸੇਵਾ ਸੰਤ ਬਾਬਾ ਸੇਵਾ ਸਿੰਘ, ਬਾਬਾ ਭਾਗ ਸਿੰਘ ਅਤੇ ਉਹਨਾਂ ਦੇ ਗੱਦੀਨਸ਼ੀਨ ਬਾਬਾ ਲਾਭ ਸਿੰਘ ਕਿਲ੍ਹਾ ਅਨੰਦਗੜ੍ਹ ਸਾਹਿਬ ਵਾਲਿਆਂ ਨੇ ਕਰਵਾਈ ਸੀ। ਇਸ ਅਸਥਾਨ ਦਾ ਪ੍ਰਬੰਧ ਮੌਜੂਦਾ ਸਮੇਂ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬਧੰਕ ਕਮੇਟੀ ਕੋਲ ਹੈ।

**ਗੁਰਦੁਆਰਾ ਬਿਬਾਨਗੜ੍ਹ ਸਾਹਿਬ**

ਇਹ ਅਸਥਾਨ ਕੀਰਤਪੁਰ ਸਾਹਿਬ ਵਿਚ ਪ੍ਰਵੇਸ਼ ਕਰਦਿਆਂ ਹੀ, ਨਹਿਰ ਤੋਂ ਚੜ੍ਹਦੇ ਪਾਸੇ ਵੱਲ ਬਣਿਆ ਹੋਇਆ ਹੈ। ਇਹ ਉਹ ਅਸਥਾਨ ਹੈ ਜਿਥੋਂ ਗੁਰੂ ਗੋਬਿੰਦ ਸਿੰਘ ਜੀ ਆਨੰਦਪੁਰ ਤੋਂ ਆ ਕੇ, ਭਾਈ ਜੈਤਾ ਜੀ ਦੁਆਰਾ ਦਿੱਲੀ ਤੋਂ ਗੁਰੂ ਤੇਗ ਬਹਾਦਰ ਜੀ ਦਾ ਲਿਆਂਦਾ ਹੋਇਆ ਸੀਸ, ਬਿਬਾਨ ਵਿਚ ਰਖ ਕੇ ਸਸਕਾਰ ਕਰਨ ਲਈ ਆਨੰਦਪੁਰ ਸਾਹਿਬ ਨੂੰ ਲੈ ਕੇ ਗਏ ਸਨ।

ਭਾਈ ਸੰਤੋਖ ਸਿੰਘ ਲਿਖਦੇ ਹਨ ਕਿ ਗੁਰੂ ਤੇਗ ਬਹਾਦਰ ਜੀ ਦਾ ਸੀਸ ਦਿੱਲੀ ਤੋਂ ਲੈ ਕੇ ਗੁਰਸਿੱਖ (ਭਾਈ ਜੈਤਾ ਜੀ) ਕੀਰਤਪੁਰ ਵਿਖੇ ਪਹੁੰਚਿਆ। ਗੁਰੂ ਗੋਬਿੰਦ ਸਿੰਘ ਜੀ ਸਿੱਖ ਸੰਗਤਾਂ ਨਾਲ ਅਨੰਦਪੁਰ ਸਾਹਿਬ ਤੋਂ ਚੱਲ ਕੇ ਸੀਸ ਲੈਣ ਲਈ ਕੀਰਤਪੁਰ ਵਿਖੇ ਗਏ। ਜਿੰਨੇ ਵੀ ਲੋਕਾਂ ਨੇ ਗੁਰੂ ਜੀ ਦੀ ਸ਼ਹਾਦਤ ਬਾਰੇ

---

[103] ਜਸਬੀਰ ਸਿੰਘ ਸਰਨਾ, ਦਿਲਜੀਤ ਸਿੰਘ ਬੇਦੀ, *ਗੁਰਦੁਆਰਾ ਕੋਸ਼,* ਪੰਨਾ 123.

[104] ਗਿਆਨੀ ਠਾਕਰ ਸਿੰਘ, *ਸ੍ਰੀ ਗੁਰਦੁਆਰੇ ਦਰਸ਼ਨ,* ਪੰਨੇ 301.

[105] ਉਹੀ, ਪੰਨੇ 301-02.

ਸੁਣਿਆ ਉਹ ਸਾਰੇ ਬਹੁਤ ਸ਼ੋਕਗ੍ਰਸ਼ਤ ਹੋਏ। ਸਿੱਖਾਂ ਨੇ ਸੀਸ ਇਕ ਬਿਬਾਨ ਵਿਚ ਰੱਖ ਲਿਆ ਅਤੇ ਸਾਰਿਆਂ ਨੇ ਨਮਸ਼ਕਾਰ ਕੀਤੀ :

*ਇਮ ਤਜਾਰੀ ਸਤਿਗੁਰੂ ਕਰੀ ਸਰਬ ਭਾਂਤਿ ਕੀ ਜੋਇ।*

*ਉਤ ਤੇ ਲੇ ਕੀਰਤਪੁਰੇ ਪਹੁੰਚਜੋ ਗੁਰ ਸਿੱਖ ਜੋਇ॥27॥...*

*ਜਹਿਂ ਸੀਸ ਲਿਏ ਗੁਰ ਕੋ ਸਿਖ ਥੋ ਪੁਰਿ ਤੇ ਪਰਿ ਬਾਹਰ ਜਾਤਿ ਭਏ।*

*ਨਰ ਨਾਰਿਨਿ ਸ੍ਰੌਨ ਸੁਨਜੋ ਸਭਿ ਕਾਰਨ, ਦਾਰੁਨ ਸੰਕਟ ਸ਼ੋਕ ਭਏ।*

*ਹਹਕਾਰ ਉਚਾਰਤਿ, ਹੋਤਿ ਦੁਖਾਰਤ, ਜਾਇ ਮਿਲੇ ਸਭਿ ਦੋਖ ਲਏ।*

*ਤਤਕਾਲ ਬਿਮਾਨ ਕੇ ਬੀਚ ਟਿਕਾਇ ਉਠਾਇ ਸਮੂਹ ਨਮੋ ਸੁ ਕਏ॥7॥* [106]

ਮੇਜਰ ਗੁਰਮੁਖ ਸਿੰਘ ਅਨੁਸਾਰ, "Gurdwara Bibangarh Sahib marks the site where the head of Guru Tegh Bahadur brought from Delhi by Bhai Jaita was first placed. Guru Gobind Singh came from Chakk Nanaki (Anandpur Sahib) to receive it. Here the head was placed in a *biban* (hearse) and carried to Chakk Nanaki for cremation."[107] ਭਾਵ ਗੁਰਦੁਆਰਾ ਬਿਬਾਨਗੜ੍ਹ ਸਾਹਿਬ ਉਥੇ ਸਥਿਤ ਹੈ ਜਿਥੇ ਗੁਰੂ ਤੇਗ ਬਹਾਦਰ ਜੀ ਦਾ ਸੀਸ ਲਿਆ ਕੇ, ਭਾਈ ਜੈਤਾ ਨੇ ਰੱਖਿਆ ਸੀ। ਗੁਰੂ ਗੋਬਿੰਦ ਸਿੰਘ ਚੱਕ ਨਾਨਕੀ (ਅਨੰਦਪੁਰ ਸਾਹਿਬ) ਤੋਂ ਆ ਕੇ ਪ੍ਰਾਪਤ ਕੀਤਾ ਸੀ। ਇਥੋਂ ਗੁਰੂ ਜੀ ਦੇ ਸੀਸ ਨੂੰ ਬਿਬਾਨ ਵਿਚ ਰੱਖ ਕੇ ਚੱਕ ਨਾਨਕੀ ਨੂੰ ਲਿਜਾਇਆ ਗਿਆ ਸੀ।

ਗੁਰਦੁਆਰਾ ਬਿਬਾਨਗੜ੍ਹ ਸਾਹਿਬ ਇਕ ਮੰਜਿਲਾ ਇਮਾਰਤ ਉਤੇ ਛੋਟੇ ਗੁੰਬਦ ਵਾਲਾ ਗੁਰਦੁਆਰਾ ਹੈ। ਇਸ ਗੁਰਦੁਆਰੇ ਦੀ ਉਸਾਰੀ ਦੀ ਸੇਵਾ ਸੰਤ ਬਾਬਾ ਸੇਵਾ ਸਿੰਘ, ਬਾਬਾ ਭਾਗ ਸਿੰਘ ਅਤੇ ਉਹਨਾਂ ਦੇ ਗੱਦੀਨਸ਼ੀਨ ਬਾਬਾ ਲਾਭ ਸਿੰਘ ਕਿਲ੍ਹਾ ਅਨੰਦਗੜ੍ਹ ਸਾਹਿਬ ਵਾਲਿਆਂ ਨੇ ਕਰਵਾਈ ਸੀ। ਇਸ ਗੁਰਦੁਆਰੇ ਦੀ ਵਿਵਸਥਾ ਮੌਜੂਦਾ ਸਮੇਂ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ।

---

106 ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* (ਜਿਲਦ ਗਿਆਰਵੀਂ), ਪੰਨਾ 4505-06.

107 Major Gurmukh Singh, *Historical Sikh Shrines,* page 156.

**ਗੁਰਦੁਆਰਾ ਮੰਜੀ ਸਾਹਿਬ**

ਗੁਰਦੁਆਰਾ ਮੰਜੀ ਸਾਹਿਬ, ਗੁਰਦੁਆਰਾ ਬਿਬਾਨਗੜ੍ਹ ਸਾਹਿਬ ਦੇ ਬਿਲਕੁਲ ਨੇੜੇ ਹੀ ਬਣਿਆ ਹੋਇਆ ਹੈ। ਇਹ ਗੁਰਦੁਆਰਾ ਉਸ ਥਾਂ ਉਤੇ ਸੁਸ਼ੋਭਿਤ ਹੈ, ਜਿੱਥੇ ਗੁਰੂ ਹਰਿਰਾਇ ਜੀ ਦੀ ਪੁੱਤਰੀ ਬੀਬੀ ਰੂਪ ਕੌਰ ਦਾ ਨਿਵਾਸ ਅਸਥਾਨ ਸੀ।

ਰਤਨ ਸਿੰਘ ਜੱਗੀ ਇਸ ਅਸਥਾਨ ਬਾਰੇ ਲਿਖਦੇ ਹਨ ਕਿ, "ਗੁਰੂ ਹਰਿਰਾਇ ਜੀ ਦੀ ਪੁੱਤਰੀ ਬੀਬੀ ਰੂਪ ਕੌਰ ਦਾ ਨਿਵਾਸ, ਜਿਥੇ ਉਹ ਵਿਆਹ ਤੋਂ ਬਾਅਦ ਆਪਣੇ ਪਤੀ ਭਾਈ ਖੇਮਕਰਨ ਸਹਿਤ ਨਿਵਾਸ ਕਰਦੀ ਸੀ।"[108] ਗੁਰਦੁਆਰਾ ਸਾਹਿਬ ਵਿਚ ਲੱਗੇ ਬੋਰਡ ਉਤੇ ਲਿਖਿਆ ਹੋਇਆ ਹੈ ਕਿ ਇਹ ਅਸਥਾਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸਪੁੱਤਰੀ ਬੀਬੀ ਵੀਰੋ ਜੀ ਦਾ ਹੈ। ਇੱਥੇ ਬੀਬੀ ਜੀ ਦੀਆਂ ਇਤਿਹਾਸਕ ਚੀਜ਼ਾਂ ਹਨ। ਬੀਬੀ ਵੀਰੋ ਜੀ ਦੇ ਹੱਥਾਂ ਦਾ ਕੱਢਿਆ ਹੋਇਆ ਰੁਮਾਲ ਪੱਖਾ, ਮੰਜੀ ਤੇ ਸੇਲੀ ਟੋਪੀ ਹੈ।[109]

*ਗੁਰੂ ਕੀਆਂ ਸਾਖੀਆਂ* ਵਿਚ ਵੀ ਇਹ ਪ੍ਰਮਾਣ ਮਿਲਦਾ ਹੈ ਕਿ ਕੀਰਤਪੁਰ ਵਿਖੇ ਬੀਬੀ ਵੀਰੋ ਨਹੀਂ ਬਲਕਿ ਬੀਬੀ ਰੂਪ ਕੌਰ ਜੀ ਹੀ ਰਹਿੰਦੇ ਸਨ ਅਤੇ ਉਕਤ ਸਾਰੀਆਂ ਨਿਸ਼ਾਨੀਆਂ ਬੀਬੀ ਰੂਪ ਕੌਰ ਜੀ ਦੀਆਂ ਹੀ ਹਨ। ਇਸ ਅਨੁਸਾਰ ਜਦੋਂ ਗੁਰੂ ਤੇਗ ਬਹਾਦਰ ਜੀ ਮਾਤਮੀ ਪਰਚਾਵਨੀ ਲਈ ਕੋਟ ਗੁਰੂ ਹਰਿਰਾਇ (ਕੀਰਤਪੁਰ) ਵਿਚ ਗਏ ਤਾਂ ਗੁਰੂ ਜੀ ਨੇ ਬਾਬਾ ਦੀਪ ਚੰਦ, ਨੰਦ ਚੰਦ ਅਤੇ ਬੀਬੀ ਰੂਪ ਕੁਇਰ ਨੂੰ ਬਚਨ ਕਿਹਾ ਕਿ ਤੁਹਾਡੇ ਕੀਰਤਪੁਰ ਵਿਚ ਤਿੰਨ ਹੀ ਘਰ ਹਨ, ਵੱਡੇ ਸਾਰੇ ਪਰਲੋਕ ਪਿਆਨਾ ਕਰ ਚੁੱਕੇ ਹਨ। ਤੁਸੀਂ ਮਿਲ ਕੇ ਰਹਿਣਾ, ਇਸੇ ਵਿਚ ਤੁਹਾਡਾ ਭਲਾ ਹੈ।[110] ਡਾ. ਰਤਨ ਸਿੰਘ ਜੱਗੀ ਵੀ ਇਸੇ ਗੱਲ ਦੀ ਪ੍ਰੋੜ੍ਹਤਾ ਕਰਦੇ ਹਨ ਕਿ ਇਹ ਨਿਸ਼ਾਨੀਆਂ ਬੀਬੀ ਰੂਪ ਕੌਰ ਦੀਆਂ ਹਨ। ਉਹ ਲਿਖਦੇ ਹਨ ਕਿ ਇਸ ਗੁਰਦੁਆਰੇ ਵਿਚ ਬੀਬੀ ਰੂਪ ਕੌਰ ਦੀ ਇਕ ਪੋਥੀ, ਇਕ ਪੱਖਾ, ਇਕ ਕਢਾਈ ਵਾਲਾ ਰੁਮਾਲ ਆਦਿ ਯਾਦਗਾਰੀ ਵਸਤੂਆਂ ਸੁਰਖਿਅਤ ਹਨ।[111]

ਇਸ ਗੁਰਦੁਆਰਾ ਸਾਹਿਬ ਵਿਚ ਇਕ ਖੁੱਲੇ ਹਾਲ ਦੇ ਅੰਦਰ ਮੱਧ ਵਿਚ ਇਕ ਛੋਟੇ ਕਮਰੇ ਵਿਚ ਸ੍ਰੀ

---

108 ਰਤਨ ਸਿੰਘ ਜੱਗੀ *ਸਿੱਖ ਪੰਥ ਵਿਸ਼ਵਕੋਸ਼,* (ਭਾਗ ਪਹਿਲਾ), ਪੰਨਾ 512.

109 ਗੁਰਦੁਆਰਾ ਮੰਜੀ ਸਾਹਿਬ, ਕੀਰਤਪੁਰ ਵਿਚ ਲੱਗੇ ਇਤਿਹਾਸ ਦੇ ਬੋਰਡ ਅਨੁਸਾਰ।

110 ਸ੍ਵਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ,* ਪਿਆਰਾ ਸਿੰਘ ਪਦਮ (ਸੰਪਾ.), ਪੰਨਾ 68.

111 ਰਤਨ ਸਿੰਘ ਜੱਗੀ *ਸਿੱਖ ਪੰਥ ਵਿਸ਼ਵਕੋਸ਼,* (ਭਾਗ ਪਹਿਲਾ), ਪੰਨਾ 512.

ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਹੈ। ਇਸੇ ਹਾਲ ਦੇ ਅੰਦਰ ਵੜਦਿਆਂ ਹੀ ਸੱਜੇ ਹੱਥ ਛੋਟੇ ਕਮਰੇ ਵਿਚ ਉਕਤ ਸਾਰੀਆਂ ਪੁਰਾਤਨ ਨਿਸ਼ਾਨੀਆਂ ਪਈਆਂ ਹਨ, ਜਿਹਨਾਂ ਦੇ ਲੋਹੇ ਦੀਆਂ ਸਲਾਖਾਂ ਵਾਲੇ ਦਰਵਾਜੇ ਵਿਚੋਂ ਦੀ ਹੀ ਦਰਸ਼ਨ ਕੀਤੇ ਜਾ ਸਕਦੇ ਹਨ। ਇਸ ਗੁਰਦੁਆਰੇ ਦੀ ਉਸਾਰੀ ਸੰਤ ਬਾਬਾ ਸੇਵਾ ਸਿੰਘ, ਬਾਬਾ ਭਾਗ ਸਿੰਘ ਅਤੇ ਉਹਨਾਂ ਦੇ ਗੱਦੀਨਸ਼ੀਨ ਬਾਬਾ ਲਾਭ ਸਿੰਘ ਕਿਲ੍ਹਾ ਅਨੰਦਗੜ੍ਹ ਸਾਹਿਬ ਵਾਲਿਆਂ ਨੇ ਕਰਵਾਈ ਸੀ। ਇਸ ਗੁਰਦੁਆਰੇ ਦੇ ਅੰਦਰ ਹੀ ਸੱਜੇ ਪਾਸੇ ਸੇਵਾਦਾਰਾਂ ਦੇ ਰਿਹਾਇਸ਼ੀ ਕਮਰੇ ਵੀ ਬਣੇ ਹੋਏ ਹਨ। ਮੌਜੂਦਾ ਸਮੇਂ ਵਿਚ ਇਸ ਅਸਥਾਨ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਹੈ।

**ਤਪ ਅਸਥਾਨ ਬਾਬਾ ਸ੍ਰੀਚੰਦ ਜੀ**

ਇਹ ਅਸਥਾਨ ਬਾਬਾ ਗੁਰਦਿੱਤਾ ਜੀ ਦੇ ਅਸਥਾਨ ਦੇ ਨੇੜੇ ਪਹਾੜੀ ਤੋਂ ਥੱਲੇ ਬਣਿਆ ਹੋਇਆ ਹੈ। ਇਸਦਾ ਮੁੱਖ ਦੁਆਰ ਕੀਰਤਪੁਰ-ਬਿਲਾਸਪੁਰ ਵਾਲੀ ਸੜਕ ਉਤੇ ਹੈ।

ਕੀਰਤਪੁਰ ਨਗਰ ਦੀ ਸਥਾਪਨਾ ਵੇਲੇ ਬਾਬਾ ਗੁਰਦਿੱਤਾ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਬਾਬਾ ਸ੍ਰੀਚੰਦ ਜੀ ਨੂੰ ਇਥੇ ਲੈ ਕੇ ਆਏ। ਉਸ ਸਮੇਂ ਜਲ ਦੀ ਲੋੜ ਨੂੰ ਪੂਰਾ ਕਰਨ ਲਈ ਬਾਬਾ ਸ੍ਰੀ ਚੰਦ ਦੇ ਸੁਝਾਓ ਤੇ ਬਾਬਾ ਗੁਰਦਿੱਤਾ ਨੇ ਇਥੇ ਬਾਉਲੀ ਦੀ ਖੁਦਾਈ ਕਰਵਾਈ ਸੀ। ਇਸ ਸੰਬੰਧੀ *ਗੁਰਦੁਆਰਾ ਕੋਸ਼* ਵਿਚ ਇੰਞ ਲਿਖਿਆ ਹੈ, "ਇਹ ਬਾਉਲੀ ਬਾਬਾ ਗੁਰਦਿੱਤਾ ਜੀ ਨੇ ਕੀਰਤਪੁਰ ਦੀ ਨੀਂਹ ਰੱਖਣ ਸਮੇਂ ਖੁਦਵਾਈ ਸੀ। ਇਸ ਬਾਉਲੀ ਨੂੰ ਖੋਦਣ ਦਾ ਟੱਕ ਬਾਬਾ ਸ੍ਰੀ ਚੰਦ ਜੀ ਨੇ ਲਾਇਆ ਸੀ।" [112] ਬਾਅਦ ਵਿਚ ਬਾਬਾ ਸ੍ਰੀਚੰਦ ਜੀ ਇਥੇ ਹੀ ਰਹਿੰਦੇ ਹੋਏ, ਤਪ ਕਰਦੇ ਰਹੇ। ਇਥੇ ਬਾਬਾ ਸ੍ਰੀਚੰਦ ਜੀ ਦਾ ਧੂਣਾ ਅਤੇ ਬਾਉਲੀ ਹੁਣ ਵੀ ਮੌਜੂਦ ਹਨ।

ਇਹ ਅਸਥਾਨ ਪਹਿਲਾਂ ਇਕ ਛੋਟੇ ਕਮਰੇ ਦੇ ਰੂਪ ਵਿਚ ਹੁੰਦਾ ਸੀ, ਜਿਸ ਦਾ ਪ੍ਰਬੰਧ ਇਕ ਉਦਾਸੀ ਸਾਧੂ ਕਰਿਆ ਕਰਦਾ ਸੀ। ਉਸ ਸਾਧੂ ਤੋਂ ਬਾਅਦ, ਇਸ ਅਸਥਾਨ ਦਾ ਪ੍ਰਬੰਧ ਸੰਤ ਬਾਬਾ ਲਾਭ ਸਿੰਘ ਕਿਲ੍ਹਾ ਅਨੰਦਗੜ੍ਹ ਵਾਲਿਆਂ ਨੇ ਸੰਭਾਲ ਲਿਆ ਸੀ। ਹੁਣ ਇਸ ਅਸਥਾਨ ਦੀ ਸੇਵਾ-ਸੰਭਾਲ ਬਾਬਾ ਲਾਭ ਸਿੰਘ ਦੇ ਗੱਦੀਨਸ਼ੀਨ ਬਾਬਾ ਸੁੱਚਾ ਸਿੰਘ ਕਿਲ੍ਹਾ ਅਨੰਦਗੜ੍ਹ ਸਾਹਿਬ ਵਾਲੇ ਕਰ ਰਹੇ ਹਨ।

---

[112] ਜਸਬੀਰ ਸਿੰਘ ਸਰਨਾ, ਦਿਲਜੀਤ ਸਿੰਘ ਬੇਦੀ, *ਗੁਰਦੁਆਰਾ ਕੋਸ਼,* ਪੰਨਾ 125.

**ਗੁਰਦੁਆਰਾ ਬਾਬਾ ਗੁਰਦਿੱਤਾ ਜੀ**

ਇਹ ਧਾਰਮਿਕ ਅਸਥਾਨ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਵੱਡੇ ਸਪੁੱਤਰ ਬਾਬਾ ਗੁਰਦਿੱਤਾ ਜੀ ਦੀ ਯਾਦ ਵਿਚ ਇਕ ਪਹਾੜੀ ਉਤੇ ਬਣਿਆ ਹੋਇਆ ਹੈ।

ਗਿਆਨੀ ਗਿਆਨ ਸਿੰਘ ਲਿਖਦੇ ਹਨ ਕਿ ਇਕ ਵਾਰ ਬਾਬਾ ਗੁਰਦਿਤਾ ਜੀ ਤੋਂ ਮ੍ਰਿਗ ਦੇ ਭੁਲੇਖੇ ਇਕ ਗਊ ਦੇ ਤੀਰ ਵੱਜ ਗਿਆ, ਉਹ ਮਰ ਗਈ। ਉਹਨਾਂ ਨੇ ਗਊ ਹੱਤਿਆ ਸਮਝ ਕੇ ਉਹ ਮਰੀ ਹੋਈ ਗਊ ਜਿਉਂਦੀ ਕਰ ਦਿੱਤੀ। ਗੁਰੂ ਹਰਿਗੋਬਿੰਦ ਸਾਹਿਬ ਨੇ ਇਹ ਗੱਲ ਪਤਾ ਲੱਗਣ ਤੇ ਆਖਿਆ ਕਿ ਉਹ ਹੁਣ ਕਰਾਮਾਤ ਦਿਖਾਉਣ ਲੱਗ ਪਿਆ ਹੈ ਅਤੇ ਪਰਮਾਤਮਾ ਨਾਲ ਸਰੀਕਾ ਕਰਦਾ ਹੈ। ਇਹ ਬਚਨ ਸੁਣ ਕੇ ਜਗਤ ਗੁਰੂ ਪਿਤਾ ਨੂੰ ਗੁੱਸੇ ਦੇਖ ਕੇ ਟਿੱਕਾ ਜੀ ਨੇ ਚੁੱਪ ਚਾਪ ਇਕੱਲੇ ਹੀ ਬੁੱਢਣ ਸ਼ਾਹ ਦੀ ਕਬਰ ਨੇੜੇ ਜਾ ਕੇ ਅੱਸੂ ਵਦੀ 10, ਸੰਮਤ 1693 ਬਿਕਰਮੀ ਨੂੰ ਆਪਣੀ ਦੇਹ ਤਿਆਗ ਦਿੱਤੀ।[113]

ਮਹਾਂਕਵੀ ਭਾਈ ਸੰਤੋਖ ਸਿੰਘ ਨੇ ਬਾਬਾ ਗੁਰਦਿੱਤਾ ਜੀ ਦੇ ਅਕਾਲ ਚਲਾਣੇ ਸੰਬੰਧੀ ਵਰਣਨ ਕਰਦਿਆਂ ਲਿਖਿਆ ਹੈ ਕਿ ਬਾਬਾ ਜੀ ਇਕੱਲੇ ਹੀ ਇਕ ਪਹਾੜੀ 'ਤੇ ਚਲੇ ਗਏ, ਉਹਨਾਂ ਦੇ ਨਾਲ ਕੋਈ ਵੀ ਸੇਵਕ ਨਹੀਂ ਸੀ। ਉਹ ਬਾਬਾ ਬੁੱਢਣ ਸ਼ਾਹ ਵਾਲੇ ਸਥਾਨ ਤੋਂ ਕੁਝ ਦੂਰੀ ਚਲੇ ਗਏ। ਉਥੇ ਉਹਨਾਂ ਨੇ ਸੁੰਦਰ ਸਥਾਨ ਦੇਖ ਕੇ, ਧਰਤੀ ਵਿਚ ਇਕ ਛੜੀ ਗੱਡ ਦਿੱਤੀ। ਉਹਨਾਂ ਨੇ ਇਸ ਜਗਤ ਨੂੰ ਬੇੜੀ ਦੇ ਪੂਰ ਸਮਾਨ ਸਮਝਦਿਆਂ ਕਿਸੇ ਨੂੰ ਵੀ ਮਿਲਣ ਦੀ ਇੱਛਾ ਨਹੀਂ ਕੀਤੀ। ਫਿਰ ਉਹ ਬਿਰਤੀ ਸੰਕੋਚ ਕੇ ਬੈਠ ਗਏ ਅਤੇ ਨੇਤਰ ਮੂੰਦ ਕੇ ਲੇਟਣ ਉਪਰੰਤ ਆਪਣੇ ਪ੍ਰਾਣ ਤਿਆਗ ਦਿੱਤੇ:

*ਦੇਖਿ ਦੇਖਿ ਬਿਸਮੈ ਸਭਿ ਕੋਈ। ਬ੍ਰਿਤਿ ਉਦਾਸ ਸਭਿਹਿਨ ਤੇ ਹੋਈ।*

*ਕੀਰਤਪੁਰਿ ਤੇ ਵਹਿਰ ਪਯਾਨੇ। ਅਲਪ ਸੈਲ ਪਰ ਚਢਿਬੋ ਠਾਨੇ।33।*

*ਜਾਇ ਇਕਾਕੀ, ਦਾਸ ਨ ਸੰਗ। ਸਨੇ ਸਨੇ ਚਲਿ ਚਢੇ ਉਤੰਗ।*

*ਬੁੱਢਨ ਸ਼ਾਹੁ ਸਥਾਨ ਨਿਹਾਰਾ। ਤਿਸ ਤੇ ਕੁਛਕ ਅੰਤਰਾ ਧਾਰਾ।34।*

*ਛਰੀ ਧਰਾ ਪਰ ਧਰੀ ਗਡਾਈ। ਅਵਲੋਕਤਿ ਭੇ ਸੁੰਦਰ ਥਾਈਂ।*

---

[113] ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖ਼ਾਲਸਾ,* ਭਾਸ਼ਾ ਵਿਭਾਗ, ਪੰਜਾਬ, 2011, ਪੰਨਾ 598.

*ਉਰ ਕੁਟੰਬ ਕੋ ਰਾਗ ਨ ਠਾਨਾ। ਨੌਕਾ ਮੇਲ ਸਕਲ ਜਗ ਜਾਨਾਂ।35।...*

*ਬ੍ਰਿਤਿ ਸੰਕੋਚ ਬੈਠਿ ਤਬਿ ਗਏ। ਨਿਜ ਸਰੂਪ ਮਹਿਂ ਥਿਰਤਾ ਲਏ।*

*ਮੂੰਦਿ ਬਿਲੋਚਨ ਪੌਢੇ ਫੇਰ। ਦੁਤੀ ਬਸਤ੍ਰ ਲੇ ਮੁਖ ਪਰ ਗੇਰ।38।*

*ਜੋਗ ਸ਼ਕਤਿ ਕਰਿ ਖੈਂਚੇ ਪ੍ਰਾਨ। ਸਭਿ ਤਨ ਤੇ ਸਵਧਾਨੀ ਠਾਨਿ।*

*ਤਾਤਕਾਲ ਤਨ ਛੋਰਿ ਸਿਧਾਰੇ। ਜਿਮ ਪੰਨਗ ਕੰਚੁਰੀ ਨਿਜ ਡਾਰੇ।39।*

*ਗਏ ਸੁਖੈਨ ਤਜੀ ਤਬਿ ਕਾਯਾਂ। ਹਰਖ ਸੋਗ ਨਹਿਂ ਭਯੋ ਕਦਾਯਾ।*

*ਨਈ ਬੈਸ ਮਹਿਂ ਤਨ ਤਰੁਨਾਈ। ਜਿਮ ਜੋਗੀ ਮਾਯਾ ਤਜਿ ਜਾਈ।40।* [114]

ਰਤਨ ਸਿੰਘ ਜੱਗੀ ਅਨੁਸਾਰ ਜਿਸ ਥਾਂ ਉਤੇ ਬਾਬਾ ਗੁਰਦਿੱਤਾ ਜੀ ਨੇ 15 ਮਾਰਚ 1638 ਈ. ਨੂੰ ਪ੍ਰਾਣ ਤਿਆਗੇ ਸਨ ਅਤੇ ਉਥੇ ਹੀ ਉਹਨਾਂ ਦਾ ਸਸਕਾਰ ਹੋਇਆ ਸੀ। ਡਲੇਵਾਲੀਆ ਮਿਸਲ ਨਾਲ ਸੰਬੰਧਿਤ ਰੋਪੜ੍ਹ ਦੇ ਰਾਜਾ ਭੂਪ ਸਿੰਘ ਨੇ ਬਾਬਾ ਜੀ ਦੀ ਯਾਦ ਵਿਚ ਇਥੇ ਗੜ੍ਹੀ ਵਰਗੀ ਬੜੀ ਸੁੰਦਰ ਇਮਾਰਤ ਬਣਵਾਈ ਸੀ।[115]

ਹੁਣ ਵੀ ਇਸ ਗੁਰਦੁਆਰਾ ਸਾਹਿਬ ਦੀ ਪੁਰਾਣੀ ਇਮਾਰਤ ਹੀ ਬਣੀ ਹੋਈ ਹੈ ਅਤੇ ਜਿੱਥੇ ਨਿੰਮ ਦਾ ਦਰੱਖਤ ਹੈ, ਉਸ ਦੇ ਦੁਆਲੇ ਉੱਚਾ ਥੜਾ ਬਣਿਆ ਹੋਇਆ ਹੈ, ਉਸ ਥੜੇ ਉਤੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਹੈ। ਬਾਅਦ ਵਿਚ ਇਸ ਗੁਰਦੁਆਰੇ ਦੀ ਇਮਾਰਤ ਵਿਚ ਵਾਧਾ ਕੀਤਾ ਗਿਆ ਹੈ। ਇਸ ਗੁਰਦੁਆਰੇ ਵਿਚ ਲੰਗਰ ਹਾਲ ਵੀ ਬਣਿਆ ਹੋਇਆ ਹੈ। ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਹੈ।

**ਗੁਰਦੁਆਰਾ ਤੀਰ ਸਾਹਿਬ**

ਗੁਰਦੁਆਰਾ ਤੀਰ ਸਾਹਿਬ, ਗੁਰਦੁਆਰਾ ਬਾਬਾ ਗੁਰਦਿੱਤਾ ਜੀ ਵਾਲੀ ਪਹਾੜੀ ਦੇ ਅੱਧ ਵਿਚ ਬਣਿਆ ਹੋਇਆ ਹੈ। ਗੁਰਦੁਆਰਾ ਬਾਬਾ ਗੁਰਦਿੱਤਾ ਜੀ ਤੋਂ ਕਾਫੀ ਪੌੜੀਆਂ ਉਤਰ ਕੇ ਖੱਬੇ ਹੱਥ ਇਹ ਅਸਥਾਨ ਬਣਿਆ ਹੋਇਆ ਹੈ। ਇਹ ਅਸਥਾਨ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਸੰਬੰਧਿਤ ਹੈ।

---

[114] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* (ਜਿਲਦ ਨੌਵੀਂ), ਪੰਨਾ 3454.

[115] ਰਤਨ ਸਿੰਘ ਜੱਗੀ *ਸਿੱਖ ਪੰਥ ਵਿਸ਼ਵਕੋਸ਼,* (ਭਾਗ ਪਹਿਲਾ), ਪੰਨਾ 512.

ਮੇਜਰ ਗੁਰਮੁਖ ਸਿੰਘ ਇਸ ਅਸਥਾਨ ਦੇ ਇਤਿਹਾਸ ਸੰਬੰਧੀ ਲਿਖਦੇ ਹਨ, "*Gurdwara Tir Sahib,* (tir means arrow) on a spur down the ridge on which Dehra Baba Gurditta Ji is situated, marks the spot where Guru Hargobind sometimes came and practised archery. Formerly only a room without Guru Granth Sahib in it existed here, but now a beautiful small Gurdwara has been built."[116]

ਰਵਾਇਤ ਅਨੁਸਾਰ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਅੰਤਿਮ ਸਮੇਂ ਦੀ ਚੋਣ ਵਾਸਤੇ ਇਥੋਂ ਹੀ ਤੀਰ ਚਲਾਇਆ ਸੀ ਜੋ ਕਿ ਗੁਰਦੁਆਰਾ ਪਤਾਲਪੁਰੀ ਸਾਹਿਬ ਵਾਲੇ ਅਸਥਾਨ 'ਤੇ ਜਾ ਕੇ ਡਿੱਗਿਆ ਸੀ। ਉਥੇ ਹੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣਾ ਸਰੀਰ ਤਿਆਗਿਆ ਸੀ।

ਇਥੇ ਹੁਣ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ, ਜਿਸਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਹੈ।

**ਗੁਰਦੁਆਰਾ ਹਰਿਮੰਦਰ ਸਾਹਿਬ**

ਇਹ ਅਸਥਾਨ, ਗੁਰਦੁਆਰਾ ਸੀਸ ਮਹੱਲ ਸਾਹਿਬ ਦੇ ਪਿਛਲੇ ਪਾਸੇ ਗੁਰੂ ਕੇ ਬਾਗ ਦੇ ਨਾਲ ਸਥਿਤ ਹੈ ਜੋ ਕਿ ਗੁਰੂ ਹਰਿਗੋਬਿੰਦ ਸਾਹਿਬ ਨਾਲ ਸੰਬੰਧਿਤ ਹੈ। ਇਸ ਗੁਰਦੁਆਰੇ ਦੇ ਹੇਠਾਂ ਇਕ ਭੋਰਾ ਬਣਿਆ ਹੋਇਆ ਹੈ, ਜਿਹੜਾ ਗੁਰੂ ਸਾਹਿਬ ਦੇ ਸਮੇਂ ਦਾ ਦੱਸਿਆ ਜਾਂਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਇਹ ਛੇਵੇਂ ਪਾਤਸ਼ਾਹ ਦਾ ਨਿਵਾਸ ਅਸਥਾਨ ਸੀ।[117]

ਮੇਜਰ ਗੁਰਮੁਖ ਸਿੰਘ ਇਸ ਅਸਥਾਨ ਬਾਰੇ ਇੰਞ ਲਿਖਦੇ ਹਨ, "*Gurdwara Sri Harimandir Sahib Patshahi Chhevin,* at a little distance from Shish Mahal is where Guru Hargobind had his rest and solitary meditation."[118]

ਇਸ ਅਸਥਾਨ ਦੇ ਪਿਛਲੇ ਪਾਸੇ ਹੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਕ ਬਾਗ ਲਗਵਾਇਆ

---

[116] Major Gurmukh Singh, *Historical Sikh Shrines,* page 156.

[117] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 332.

[118] Major Gurmukh Singh, *Historical Sikh Shrines,* page 156.

ਸੀ। ਇਸ ਬਾਗ ਵਿਚ ਅਨੇਕਾਂ ਕਿਸਮ ਦੇ ਫੁੱਲ ਅਤੇ ਔਸ਼ਧੀਯ ਗੁਣਾਂ ਵਾਲੇ ਬੂਟੇ ਲੱਗੇ ਹੋਏ ਸਨ।

ਜਸਬੀਰ ਸਿੰਘ ਸਰਨਾ ਅਨੁਸਾਰ, "ਗੁਰੂ ਹਰਿਰਾਇ ਸਾਹਿਬ ਨੇ ਵੀ ਇਸ ਬਾਗ ਵਿਚ ਫੁੱਲਾਂ ਅਤੇ ਜੜ੍ਹੀ-ਬੂਟੀਆਂ ਲਾਉਣ ਵਿਚ ਵਾਧਾ ਕੀਤਾ। ਇਸ ਬਾਗ ਨੂੰ 'ਨੌਲੱਖਾ ਬਾਗ਼' ਵੀ ਆਖਿਆ ਜਾਂਦਾ ਸੀ।...ਇਸ 'ਨੌਲੱਖਾ ਬਾਗ' ਵਿਚ ਜਦੋਂ (ਗੁਰੂ) ਹਰਿਰਾਇ ਸਾਹਿਬ ਇਕ ਵੇਰ ਸੈਰ ਕਰ ਰਹੇ ਸਨ ਤਾਂ ਅਚਾਨਕ ਉਨ੍ਹਾਂ ਦੇ ਚੋਲੇ ਨਾਲ ਟਕਰਾ ਕੇ ਕਈ ਖ਼ੂਬਸੂਰਤ ਫੁੱਲ ਹੇਠਾਂ ਡਿੱਗ ਪਏ ਸਨ ਤਾਂ ਗੁਰੂ ਹਰਿਗੋਬਿੰਦ ਸਾਹਿਬ ਨੇ ਤਾਕੀਦ ਕੀਤੀ ਕਿ ਧਿਆਨ ਰੱਖਿਆ ਕਰੋ।"[119]

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹੁਣ ਇਸ ਬਾਗ ਦੀ ਸਾਂਭ-ਸੰਭਾਲ ਮੁੜ ਨਵੇਂ ਬੂਟੇ ਲਗਾ ਕੇ, ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ, ਅਨੰਦਪੁਰ ਸਾਹਿਬ ਦੇ ਖੇਤੀਬਾੜੀ ਵਿਭਾਗ ਦੇ ਸਹਿਯੋਗ ਨਾਲ ਕੀਤੀ ਜਾ ਰਹੀ ਹੈ। ਇਸ ਗੁਰਦੁਆਰੇ ਦਾ ਪ੍ਰਬੰਧ ਮੌਜੂਦਾ ਸਮੇਂ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਹੈ।

**ਗੁਰਦੁਆਰਾ ਪਤਾਲਪੁਰੀ ਸਾਹਿਬ**

ਇਹ ਅਸਥਾਨ ਕੀਰਤਪੁਰ ਸਾਹਿਬ ਵਿਖੇ ਰੂਪਨਗਰ-ਅਨੰਦਪੁਰ ਸਾਹਿਬ ਸੜਕ ਤੋਂ ਥੋੜਾ ਹਟਵਾਂ, ਪੱਛਮ ਵੱਲ ਸਥਿਤ ਹੈ। ਇਹ ਅਸਥਾਨ ਗੁਰੂ ਹਰਿਗੋਬਿੰਦ ਸਾਹਿਬ, ਗੁਰੂ ਹਰਿਰਾਇ ਜੀ ਅਤੇ ਗੁਰੂ ਹਰਿਕ੍ਰਿਸ਼ਨ ਜੀ ਨਾਲ ਸੰਬੰਧਿਤ ਹੈ। ਇਹ ਅਸਥਾਨ ਸਤਲੁਜ ਦਰਿਆ ਦੇ ਕਿਨਾਰੇ 'ਤੇ ਸਥਿਤ ਹੈ।

ਗਿਆਨੀ ਠਾਕਰ ਸਿੰਘ ਅਨੁਸਾਰ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ, "ਕੀਰਤਪੁਰ ਸਾਹਿਬ ਨਗਰ ਤੋਂ 1 ਮੀਲ ਦੀ ਵਿੱਥ ਉਤੇ ਸਤਿਲੁਜ ਦਰਿਆ ਦੇ ਕਿਨਾਰੇ ਅੱਠ ਦਿਨ ਕੋਠੇ ਵਿਚ ਨਿਵਾਸ ਕਰ, ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੂੰ ਆਗਿਆ ਦੇ ਕੇ 'ਅਠਵੇਂ ਦਿਨ ਦਰਵਾਜਾ ਖੋਲ੍ਹਣ ਦਾ ਹੁਕਮ ਕੀਤਾ।' ਏਸ ਤਰ੍ਹਾਂ ਹੀ ਕੀਤਾ ਗਿਆ। ਜਦ ਅਠਵਾਂ ਦਿਨ ਆਇਆ ਅਤੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਪ੍ਰਾਤਾਕਾਲ ਆਸਾ ਦੀ ਵਾਰ ਲਾਏ ਦੀਵਾਨ ਸੁਭਾਏਮਾਨ ਕਰ, ਭੋਗ ਪਾਇ ਦਰਵਾਜਾ ਖੋਲ੍ਹਿਆ ਤਾਂ ਮਹਾਰਾਜ ਜੀ ਦਾ ਸਮਾਧੀ ਇਸਥਿਤ ਦਰਸ਼ਨ ਕੀਤਾ। ਪੈਂਤੀ ਬਰਸ, ਦਸ ਮਹੀਨੇ, ਇਕ ਦਿਨ ਗੁਰਿਆਈ ਦੇ ਤਖ਼ਤ ਉਪਰ ਬਿਰਾਜ,

[119] ਜਸਬੀਰ ਸਿੰਘ ਸਰਨਾ, *ਜੀਵਨੀ ਪਾਤਸ਼ਾਹੀ ਸੱਤਵੀਂ ਤੇ ਅੱਠਵੀਂ*, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2015, ਪੰਨਾ 44.

ਅਨੰਤ ਸਿੱਖ ਸੰਗਤਾਂ ਦਾ ਉਧਾਰ ਅਰ ਮਹਾਨ ਜੁੱਧ ਕਰ ਅਠਤਾਲੀ ਬਰਸ ਨੌ ਮਹੀਨੇ ਦੋ ਦਿਨ ਦੀ ਅਵਸਥਾ ਵਿਚ ਸੰਮਤ 1701 ਮਹੀਨੇ ਚੇਤ 5 ਦਿਨ ਪੰਚਮੀ ਨੂੰ ਦਰਿਆ ਸਤਿਲੁਜ ਕਿਨਾਰੇ ਜੋਤੀ ਜੋਤ ਸਮਾਏ। ਸਿੰਘਾਂ ਦੇ ਅਸਤ ਫੁੱਲ ਏਥੇ ਆਉਂਦੇ ਹਨ ਅਤੇ ਏਥੇ ਸ੍ਰੀ ਮਹਾਰਾਜ ਸਾਹਿਬ ਬਹਾਦਰ ਗੁਰ-ਘਰ ਦੇ ਪਰਮ ਪ੍ਰੇਮੀ ਮਹਾਰਾਜਾ ਹੀਰਾ ਸਿੰਘ ਸਾਹਿਬ ਜੀ ਮਾਲਵੇਂਦ੍ਰ ਬਹਾਦਰ ਨਾਭਾਪਤੀ ਜੀ ਨੇ ਜੀਉਂਦੇ–ਜੀਅ ਕਿਹਾ ਕਿ ਸਾਡੇ ਫੁੱਲ ਅਤੇ ਬੱਘੀ, 4 ਘੋੜੇ ਦੀ, ਇਕ ਹਾਥੀ, 500 ਦਾ ਕੜਾਹ ਪ੍ਰਸ਼ਾਦ, ਢਾਈ ਸੌ ਦੀ ਪੁਸ਼ਾਕ, ਇਕ ਲੱਖ ਪੰਝੀ ਹਜ਼ਾਰ ਰੁਪਿਆ ਨਕਦ ਅਰਦਾਸਾ ਕਰਾਉਣਾ। ਉਨ੍ਹਾਂ ਦੀ ਆਗਿਆ ਅਨੁਸਾਰ ਏਸੇ ਤਰ੍ਹਾਂ ਹੀ ਕੀਤਾ ਗਿਆ। ਸਤਿਗੁਰੂ ਜੀ ਦਾ ਹੁਕਮ ਹੈ, ਫੁੱਲ ਪਤਾਲਪੁਰੀ ਪਾਉ।"[120]

ਇਹ ਅਸਥਾਨ ਸਿੱਖ ਧਰਮ ਵਿਚ ਇਕ ਵਿਸ਼ੇਸ਼ ਸਥਾਨ ਰੱਖਦਾ ਹੈ ਕਿਉਂਕਿ ਇਥੇ ਸਿੱਖ ਧਰਮ ਨਾਲ ਸੰਬੰਧਿਤ ਲੋਕ ਆਪਣੇ ਮ੍ਰਿਤਕਾਂ ਦੀਆਂ ਅਸਥੀਆਂ ਸਤਲੁਜ ਪ੍ਰਵਾਹ ਕਰਦੇ ਹਨ। ਇਸ ਅਸਥਾਨ ਨਾਲ ਅਜਿਹਾ ਕਾਰਜ (ਮ੍ਰਿਤਕਾਂ ਦੀਆਂ ਅਸਥੀਆਂ ਜਲ ਪ੍ਰਵਾਹ ਕਰਨ ਦਾ) ਇਸ ਲਈ ਜੁੜ ਗਿਆ ਕਿਉਂਕਿ ਗੁਰੂ ਹਰਿਗੋਬਿੰਦ ਜੀ ਦਾ ਸਸਕਾਰ ਵੀ ਇਸੇ ਸਥਾਨ ਉਤੇ 3 ਮਾਰਚ, 1644 ਈ.[121] ਨੂੰ ਕੀਤਾ ਗਿਆ ਸੀ। ਇਸੇ ਅਸਥਾਨ ਉਤੇ ਗੁਰੂ ਹਰਿਰਾਇ ਸਾਹਿਬ ਦੇ ਜੋਤੀ-ਜੋਤਿ ਸਮਾਉਣ ਤੋਂ ਬਾਅਦ, ਉਹਨਾਂ ਦੇ ਸਰੀਰ ਦਾ ਸਸਕਾਰ 6 ਅਕਤੂਬਰ, 1661 ਈਸਵੀ[122] ਨੂੰ ਕੀਤਾ ਗਿਆ ਸੀ।

ਰਤਨ ਸਿੰਘ ਜੱਗੀ ਅਨੁਸਾਰ, "ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੀਆਂ ਅਸਥੀਆਂ ਨੂੰ ਦਿੱਲੀਓਂ ਲਿਆ ਕੇ ਇਥੇ ਹੀ ਸਤਲੁਜ ਨਦੀ ਵਿਚ ਪ੍ਰਵਾਹਿਤ ਕੀਤਾ ਗਿਆ ਸੀ। ਸਿੱਖ ਜਗਤ ਵਿਚ ਮ੍ਰਿਤਕਾਂ ਦੇ ਫੁਲ ਤਾਰਨ ਲਈ ਹਰਿਦੁਆਰ ਦੀ ਥਾਂ ਇਸ ਸਥਾਨ ਨੂੰ ਉਚਿਤ ਸਮਝਿਆ ਜਾਣ ਲਗਿਆ ਹੈ।"[123]

ਇਸ ਅਸਥਾਨ ਦੀ ਉਸਾਰੀ ਪਹਿਲੀ ਵਾਰ ਰਾਜਾ ਭੂਪ ਸਿੰਘ ਨੇ ਕਰਵਾਈ ਸੀ। ਬਾਅਦ ਵਿਚ ਇਸ ਅਸਥਾਨ ਦੀ ਉਸਾਰੀ ਸੰਤ ਦਰਬਾਰੀ ਦਾਸ ਨੇ ਲਗਪਗ 50-55 ਸਾਲ ਪਹਿਲਾਂ ਕਰਵਾਈ ਸੀ। ਹੁਣ

---

120 ਗਿਆਨੀ ਠਾਕਰ ਸਿੰਘ, *ਸ੍ਰੀ ਗੁਰਦੁਆਰੇ ਦਰਸ਼ਨ,* ਪੰਨੇ 143-44.

121 ਪ੍ਰਿੰਸੀਪਲ ਤੇਜਾ ਸਿੰਘ ਅਤੇ ਡਾ. ਗੰਡਾ ਸਿੰਘ, *ਸਿੱਖ ਇਤਿਹਾਸ,* ਭਗਤ ਸਿੰਘ (ਅਨੁਵਾਦਕ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2006, ਪੰਨਾ 45.

122 ਉਹੀ

123 ਰਤਨ ਸਿੰਘ ਜੱਗੀ *ਸਿੱਖ ਪੰਥ ਵਿਸ਼ਵਕੋਸ਼* (ਭਾਗ ਪਹਿਲਾ), ਪੰਨਾ 513.

ਗੁਰਦੁਆਰਾ ਸਾਹਿਬ ਦੀ ਵੱਡੇ ਹਾਲ ਵਾਲੀ ਇਮਾਰਤ ਬਣੀ ਹੋਈ ਹੈ।

ਹੁਣ ਇਥੇ ਸ੍ਰੀ ਗੁਰੂ ਰਾਮਦਾਸ ਚੈਰੀਟੇਬਲ ਹਸਪਤਾਲ, ਮੁਢਲੀ ਸਹਾਇਤਾ ਕੇਂਦਰ, ਫ੍ਰੀ ਡਿਸਪੈਂਸਰੀ, ਸਰ੍ਹਾਂ ਅਤੇ ਬਹੁਤ ਵੱਡਾ ਲੰਗਰ ਹਾਲ ਬਣਿਆ ਹੋਇਆ ਹੈ। ਇਥੇ ਅਸਥੀਆਂ ਤਾਰਨ ਲਈ ਪੱਕਾ ਅਸਥ ਘਾਟ ਵੀ ਬਣਿਆ ਹੋਇਆ ਹੈ। ਇਥੇ ਜਿਹੜੇ ਮ੍ਰਿਤਕ ਪ੍ਰਾਣੀਆਂ ਦੇ ਫੁੱਲ ਪਾਏ ਜਾਂਦੇ ਹਨ, ਉਹਨਾਂ ਦੇ ਨਾਂ, ਪਤੇ ਆਦਿ ਸ਼੍ਰੋਮਣੀ ਕਮੇਟੀ ਦੁਆਰਾ ਇਕ ਰਜਿਸਟਰ ਵਿਚ ਦਰਜ ਕੀਤੇ ਜਾਂਦੇ ਹਨ। ਮੌਜੂਦਾ ਸਮੇਂ ਇਸ ਅਸਥਾਨ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਹੈ।

## ਨਿਰਮੋਹਗੜ੍ਹ

ਪਿੰਡ ਨਿਰਮੋਹਗੜ੍ਹ, ਕੀਰਤਪੁਰ ਤੋਂ ਲਗਪਗ ਚਾਰ ਕਿਲੋਮੀਟਰ ਦੀ ਦੂਰੀ ’ਤੇ ਸਥਿਤ ਹੈ, ਇਸ ਨੂੰ ਹਰਦੋ ਨਿਰਮੋਹ ਵੀ ਕਿਹਾ ਜਾਂਦਾ ਸੀ। ਇਸ ਪਿੰਡ ਦਾ ਨਾਮ ਰਾਜਾ ਨਿਮੋਹ ਤੋਂ ਪਿਆ ਹੈ, ਜੋ ਇਥੇ ਰਿਹਾ ਕਰਦਾ ਸੀ।

### ਗੁਰਦੁਆਰਾ ਨਿਰਮੋਹਗੜ੍ਹ ਸਾਹਿਬ

ਇਹ ਗੁਰਦੁਆਰਾ ਰੂਪਨਗਰ ਕੀਰਤਪੁਰ ਵਾਲੀ ਮੁੱਖ ਸੜਕ ਤੋਂ ਕੁਝ ਹਟਵਾਂ ਚੜ੍ਹਦੇ ਪਾਸੇ ਵੱਲ, ਪੱਕੀ ਨਹਿਰ ਦੇ ਕਿਨਾਰੇ ਉਤੇ ਹੈ। ਗੁਰੂ ਗੋਬਿੰਦ ਸਿੰਘ ਜੀ ਇਥੇ ਦੋ ਵਾਰ ਆਏ। ਗੁਰੂ ਜੀ ਦੇ ਪਹਿਲੀ ਵਾਰ ਨਿਰਮੋਹਗੜ੍ਹ ਆਉਣ ਦਾ ਜਿਕਰ ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਤਰ੍ਹਾਂ ਕੀਤਾ ਹੈ, “...ਪਿੰਡ ਹਰਦੋ ਨਿਮੋਹ ਪਾਸ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਬਣਾਇਆ ਦੁਰਗ, ਜੋ ਆਬਾਦੀ ਤੋਂ ਇਕ ਫਰਲਾਂਗ ਪੂਰਵ ਹੈ। ਸੰਮਤ 1757 ਵਿਚ ਇਕ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਆਨੰਦਪੁਰ ਦਾ ਮੋਹ ਛੱਡਕੇ ਏਥੇ ਇਕ ਟਿੱਬੀ ਪੁਰ ਆ ਵਿਰਾਜੇ, ਤਦ ਤੋਂ ਇਸ ਦਾ ਨਾਮ ਨਿਰਮੋਹਗੜ੍ਹ ਹੈ। ਇਕ ਵੇਰ ਦਸ਼ਮੇਸ਼ ਨਿਰਮੋਹਗੜ੍ਹ ਪੁਰ ਦੀਵਾਨ ਸਜਾ ਰਹੇ ਸਨ, ਤਦ ਪਹਾੜੀ ਰਾਜਿਆਂ ਦੀ ਪ੍ਰੇਰਣਾ ਨਾਲ ਇਕ ਤੋਪਚੀ ਨੇ ਗੁਰੂਸਾਹਿਬ ਪੁਰ ਸ਼ਿਸਤ ਲੈ ਕੇ ਗੋਲਾ ਚਲਾਇਆ, ਜਿਸ ਨਾਲ ਰਾਮ ਸਿੰਘ ਚੌਰਬਰਦਾਰ ਉਡ ਗਿਆ। ਕਲਗੀਧਰ ਨੇ ਆਪਣੇ ਤੀਰ ਨਾਲ ਉਸ ਤੋਪਚੀ ਦੀ ਉਸੇ ਵੇਲੇ ਸਮਾਪਤੀ ਕੀਤੀ।”[124]

---

[124] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 713.

*ਗੁਰੂ ਕੀਆਂ ਸਾਖੀਆਂ* ਵਿਚ ਇਸਦਾ ਜਿਕਰ ਇੰਵ ਮਿਲਦਾ ਹੈ ਕਿ ਪਹਿਲੀ ਵਾਰ ਨਿਰਮੋਹਗੜ੍ਹ ਵਿਖੇ ਬੜਾ ਭਾਰੀ ਜੰਗ ਹੋਇਆ। ਜਿਸ ਵਿਚ ਗੁਰੂ ਜੀ ਦੀ ਤਰਫੋਂ ਦੀਵਾਨ ਸਾਹਿਬ ਸਿੰਘ, ਭਾਈ ਮਥਰਾ ਸਿੰਘ, ਸੂਰਤ ਸਿੰਘ, ਦੇਵਾ ਸਿੰਘ, ਅਨੂਪ ਸਿੰਘ ਤੇ ਸਰੂਪ ਸਿੰਘ ਆਦਿ ਸਿੰਘ ਪਹਿਲੇ ਦਿਨ ਸ਼ਹੀਦ ਹੋ ਗਏ। ਅਗਲੇ ਦਿਨ ਗੁਰੂ ਜੀ ਦੀ ਅਗਵਾਈ ਵਿਚ ਭਾਈ ਬਚਿੱਤਰ ਸਿੰਘ, ਭਾਈ ਉਦੈ ਸਿੰਘ ਅਤੇ ਭਾਈ ਆਲਮ ਸਿੰਘ ਆਦਿ ਬਹੁਤ ਬਹਾਦਰੀ ਨਾਲ ਲੜੇ। ਇਸ ਨਾਲ ਪਹਾੜੀ ਸੈਨਾ ਦੇ ਪੈਰ ਉਖੜ ਗਏ ਅਤੇ ਉਹ ਪਿੱਛੇ ਮੁੜ ਗਈ। ਗੁਰੂ ਜੀ ਨੇ ਦੀਵਾਨ ਸਾਹਿਬ ਸਿੰਘ ਦਾ ਸਸਕਾਰ ਬਾਕੀ ਸ਼ਹੀਦ ਸਿੰਘਾਂ ਦੇ ਨਾਲ ਹੀ ਨਿਰਮੋਹਗੜ੍ਹ ਟਿੱਬੀ ਤੋਂ ਥੱਲੇ ਕੀਤਾ। ਅਗਲੇ ਦਿਨ ਅਜਮੇਰ ਚੰਦ ਨੇ ਫਿਰ ਰੁਸਤਮ ਖਾਂ ਦੀ ਅਗਵਾਈ ਵਿਚ ਸੂਬਾ ਸਰਹੰਦ ਦੀ ਸੈਨਾ ਨੂੰ ਨਾਲ ਕੇ ਗੁਰੂ ਜੀ ਉਤੇ ਚੜ੍ਹਾਈ ਕੀਤੀ ਅਤੇ ਸ਼ਾਹੀ ਟਿੱਬੀ ਵਾਲੇ ਸਥਾਨ ਉਤੇ ਆ ਕੇ ਮੋਰਚੇ ਕਾਇਮ ਕਰ ਲਏ। ਇਧਰ ਗੁਰੂ ਜੀ ਤੀਜੇ ਪਹਿਰ ਆਪਣੇ ਕੇਸਾਂ ਨੂੰ ਕੰਘਾ ਕਰ ਰਹੇ ਸਨ ਤਾਂ ਰੁਸਤਮ ਖਾਂ ਦੇ ਛੋਟੇ ਭਾਈ ਨਾਸਰ ਅਲੀ ਖਾਂ ਨੇ ਸ਼ਿਸ਼ਤ ਬੰਨ ਕੇ ਤੋਪ ਦਾ ਗੋਲਾ ਚਲਾਇਆ, ਜਿਸ ਨਾਲ ਗੁਰੂ ਜੀ ਦਾ ਚੋਬਬਰਦਾਰ ਭਾਈ ਰਾਮ ਸਿੰਘ ਸ਼ਹੀਦ ਹੋ ਗਿਆ। ਗੁਰੂ ਜੀ ਨੇ ਉਸੇ ਸਮੇਂ ਤੀਰ ਚਲਾਇਆ, ਜਿਸ ਨਾਲ ਰੁਸਤਮ ਖਾਂ ਮਾਰਿਆ ਗਿਆ। ਦੂਜਾ ਤੀਰ ਭਾਈ ਬਚਿੱਤਰ ਸਿੰਘ ਨੇ ਚਲਾਇਆ, ਜਿਸ ਨਾਲ ਨਾਸਰ ਅਲੀ ਖਾਂ ਮਾਰਿਆ ਗਿਆ। ਉਹਨਾਂ ਦੋਨਾਂ ਦੇ ਮਰਨ ਤੋਂ ਬਾਅਦ ਦੋਵੇਂ ਪਾਸੇ ਦੀਆਂ ਫੌਜਾਂ ਆਮੋ-ਸਾਹਮਣੇ ਆ ਕੇ ਲੜੀਆਂ। ਇਕ ਪਹਿਰ ਸਖਤ ਜੰਗ ਹੋਈ, ਜਿਸ ਵਿਚ ਗੁਰੂ ਜੀ ਦੇ ਕਈ ਸਿੰਘ ਵੀ ਸ਼ਹੀਦ ਹੋ ਗਏ। ਸੂਰਜ ਅਸਤ ਹੋਣ ਉਪਰੰਤ ਇਹ ਜੰਗ ਬੰਦ ਹੋ ਗਈ। ਅਗਲੇ ਦਿਨ ਫਿਰ ਜੰਗ ਸ਼ੁਰੂ ਹੋ ਗਈ। ਦੋਵਾਂ ਪਾਸਿਆਂ ਦਾ ਬਹੁਤ ਜਾਨੀ ਨੁਕਸਾਨ ਹੋਇਆ। ਇਥੋਂ ਹੀ ਬਸਾਲੀ ਦੇ ਰਾਜਾ ਸਾਲਾਹੀ ਚੰਦ ਨੇ ਗੁਰੂ ਜੀ ਨੂੰ ਬਸਾਲੀ ਨਗਰ ਵਿਚ ਜਾਣ ਦੀ ਬੇਨਤੀ ਕੀਤੀ। ਗੁਰੂ ਜੀ, ਸਾਲਾਹੀ ਚੰਦ ਦੀ ਬੇਨਤੀ ਮੰਨ ਕੇ ਜਦੋਂ ਬਸਾਲੀ ਜਾਣ ਲੱਗੇ ਤਾਂ ਅਜਮੇਰ ਚੰਦ ਨੇ ਫਿਰ ਗੁਰੂ ਜੀ ਨੂੰ ਘੇਰਾ ਪਾਉਣਾ ਚਾਹਿਆ। ਗੁਰੂ ਜੀ ਨੇ ਆਪਣੀਆਂ ਫੌਜਾਂ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ ਜਦੋਂ ਅਜਮੇਰ ਚੰਦ ਨੇ ਇਕ ਟੁਕੜੀ ਨੂੰ ਘੇਰਾ ਪਾਇਆ ਤਾਂ ਪਿੱਛੋਂ ਦੂਜੀ ਟੁਕੜੀ ਨੇ ਤੀਰਾਂ-ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ। ਇਸ ਤਰ੍ਹਾਂ ਗੁਰੂ ਜੀ ਸੁਰੱਖਿਅਤ ਬਸਾਲੀ ਰਿਆਸਤ ਵਿਚ ਪਹੁੰਚ ਗਏ।[125]

---

[125] ਸ੍ਵਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ,* ਪਿਆਰਾ ਸਿੰਘ ਪਦਮ (ਸੰਪਾ.), ਪੰਨੇ 139-141.

ਗੁਰੂ ਜੀ ਦੇ ਦੂਜੀ ਵਾਰ ਇਥੇ ਆਉਣ ਸੰਬੰਧੀ ਭਾਈ ਸੰਤੋਖ ਸਿੰਘ ਲਿਖਦੇ ਹਨ ਕਿ ਜਦੋਂ ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਛੱਡਣ ਤੋਂ ਬਾਅਦ ਕੀਰਤਪੁਰ ਸਾਹਿਬ ਤੋਂ ਅੱਗੇ ਨਿਰਮੋਹਗੜ੍ਹ ਆਏ ਤਾਂ ਪਿੱਛੋਂ ਮੁਗਲ-ਪਠਾਣਾਂ ਨੇ ਆ ਕੇ ਹਮਲਾ ਕਰ ਦਿੱਤਾ ਤਾਂ ਸਿੰਘਾਂ ਨੇ ਜਾਣ ਲਿਆ ਕਿ ਤੁਰਕਾਂ ਨੇ ਛਲ ਕੀਤਾ ਹੈ :

*ਕੀਰਤਪੁਰ ਕੋ ਉਲੰਘਿ ਕੈ ਪੁਨ ਆਏ ਨਿਰਮੋਹ।*

*ਮੁਗ਼ਲ ਪਠਾਨਨ ਆਇਕੈ ਲਰੇ, ਲਖਜੋ ਤਬਿ ਧ੍ਰੋਹ।।1।।*[126]

ਗਿਆਨੀ ਗਿਆਨ ਸਿੰਘ ਨੇ ਵੀ ਇਸਦਾ ਜਿਕਰ ਕੀਤਾ ਹੈ ਕਿ ਜਦੋਂ ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਸਾਹਿਬ ਛੱਡਣ ਉਪਰੰਤ ਕੀਰਤਪੁਰ ਲੰਘ ਕੇ ਨਿਰਮੋਹਗੜ੍ਹ ਦੇ ਸਥਾਨ ਉਤੇ ਪੁੱਜੇ ਤਾਂ ਪਿੱਛੋਂ ਦੁਸ਼ਮਣ ਸੈਨਾਵਾਂ ਨੇ ਹਮਲਾ ਕਰ ਦਿੱਤਾ। ਇਥੇ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਹੋਰ ਸਿੱਖ ਵੀ ਦੁਸ਼ਮਣ ਸੈਨਾ ਦੇ ਵਿਰੁੱਧ ਜੂਝਣ ਲੱਗੇ।[127]

ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿਚ ਇਥੇ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ। ਮੌਜੂਦਾ ਸਮੇਂ ਵਿਚ ਨਿਹੰਗ ਸਿੰਘ ਜਥੇਬੰਦੀ ਬੁੱਢਾ ਦਲ ਵੱਲੋਂ ਇਸ ਅਸਥਾਨ ਦੀ ਸੇਵਾ ਸੰਭਾਲ ਕੀਤੀ ਜਾਂਦੀ ਹੈ। ਜਿੱਥੇ ਸ਼ਹੀਦ ਸਿੰਘਾਂ ਦਾ ਅੰਗੀਠਾ ਸੀ, ਉਸ ਅਸਥਾਨ ਉਤੇ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਦੀ ਉਸਾਰੀ ਕਰਵਾਈ ਜਾ ਰਹੀ ਹੈ। ਹੁਣ ਇਕ ਛੋਟੇ ਕਮਰੇ ਰੂਪ ਗੁਰਦੁਆਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਹੈ। ਇਸਦੇ ਨਾਲ ਹੀ ਇਥੋਂ ਦੇ ਪ੍ਰਬੰਧਕ ਬਾਬਾ ਮਲੂਕ ਸਿੰਘ ਦੀ ਰਿਹਾਇਸ਼ ਹੈ, ਜਿਸ ਵਿਚ ਉਸਦਾ ਪਰਿਵਾਰ ਨਿਵਾਸ ਕਰਦਾ ਹੈ। ਨਿਰਮੋਹਗੜ੍ਹ ਦੀ ਜਿਸ ਪਹਾੜੀ ਉਤੇ ਗੁਰੂ ਜੀ ਬਿਰਾਜੇ ਸਨ, ਉਥੇ ਵੀ ਗੁਰਦੁਆਰਾ ਸਾਹਿਬ ਦੀ ਉਸਾਰੀ ਕੀਤੀ ਗਈ ਹੈ। ਇਥੇ ਲਗਪਗ 35 ਸਾਲ ਬਾਬਾ ਹਜਾਰਾ ਸਿੰਘ ਸੇਵਾ ਕਰਦੇ ਰਹੇ ਸਨ ਅਤੇ ਹੁਣ ਗਿਆਰਾਂ ਸਾਲਾਂ ਤੋਂ ਬਾਬਾ ਮਲੂਕ ਸਿੰਘ ਸੇਵਾ ਕਰ ਕਰੇ ਹਨ। ਇਸ ਅਸਥਾਨ ਉਤੇ ਦੀਵਾਲੀ ਵਾਲੇ ਦਿਨ ਅਤੇ ਹੋਲੇ ਮਹੱਲੇ ਤੋਂ ਬਾਅਦ ਸਮਾਗਮ ਕਰਵਾਇਆ ਜਾਂਦਾ ਹੈ।

## ਫਤਿਹਪੁਰ ਬੁੰਗਾ

ਪਿੰਡ ਫਤਿਹਪੁਰ ਬੁੰਗਾ, ਕੀਰਤਪੁਰ ਤੋਂ ਲਗਪਗ ਸੱਤ ਕਿਲੋਮੀਟਰ ਦੂਰ ਭਾਖੜਾ ਨਹਿਰ ਦੇ ਚੜ੍ਹਦੇ

---

126 ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* (ਜਿਲਦ ਤੇਰਵੀਂ), ਪੰਨਾ 5859.

127 ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖ਼ਾਲਸਾ,* (*ਭਾਗ ਪਹਿਲਾ*), ਪੰਨਾ 1006.

ਪਾਸੇ ਉਚੀ ਥਾਂ ਉਤੇ ਵਸਿਆ ਹੋਇਆ ਹੈ।

**ਗੁਰਦੁਆਰਾ ਚੁਬੱਚਾ ਸਾਹਿਬ**

ਗੁਰਦੁਆਰਾ ਚੁਬੱਚਾ ਸਾਹਿਬ ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਗੁਰੂ ਹਰਿਰਾਇ ਜੀ ਨਾਲ ਸੰਬੰਧਿਤ ਹੈ। ਰਵਾਇਤ ਅਨੁਸਾਰ ਛੇਵੇਂ ਤੇ ਸੱਤਵੇਂ ਪਾਤਸ਼ਾਹ ਇਥੇ ਚੁਮਾਸੇ ਦੌਰਾਨ ਆਪਣੀਆਂ ਘੋੜ ਸਵਾਰ ਫੌਜਾਂ ਸਮੇਤ ਉੱਚੀ ਥਾਂ ’ਤੇ ਡੇਰਾ ਕਰਦੇ ਸਨ। ਇਥੇ ਗੁਰੂ ਸਾਹਿਬ ਵੱਲੋਂ ਘੋੜਿਆਂ ਨੂੰ ਦਾਣਾ ਪਾਉਣ ਲਈ ਇਕ ਚੁਬੱਚਾ ਬਣਾਇਆ ਗਿਆ ਸੀ, ਇਸ ਕਰਕੇ ਇਸਦਾ ਨਾਂ ਗੁਰਦੁਆਰਾ ਚੁਬੱਚਾ ਸਾਹਿਬ ਪੈ ਗਿਆ। *ਗੁਰਦੁਆਰਾ ਕੋਸ਼* ਵਿਚ ਇਸਦਾ ਜਿਕਰ ਇੰਞ ਪ੍ਰਾਪਤ ਹੁੰਦਾ ਹੈ ਕਿ ਗੁਰੂ ਹਰਿਰਾਇ ਜੀ ਇਸ ਪਿੰਡ ਵਿਚ ਆਪਣੇ ਘੋੜੇ ਰੱਖਦੇ ਸਨ ਅਤੇ ਕਈ ਵਾਰ ਇਥੇ ਆ ਕੇ ਆਪਣੇ ਘੋੜਿਆਂ ਨੂੰ ਵੀ ਦੇਖਦੇ ਸਨ। ਇੱਥੇ ਇਕ ਪੱਕਾ ਚੁਬੱਚਾ ਦਾਣੇ ਪਾਉਣ ਨੂੰ ਹੁੰਦਾ ਸੀ। ਇਸ ਨੂੰ ‘ਚੁਬੱਚਾ ਸਾਹਿਬ’ ਅਤੇ ‘ਬੁੰਗਾ ਸਾਹਿਬ’ ਵੀ ਆਖਿਆ ਜਾਂਦਾ ਹੈ।[128]

ਭਾਈ ਕੁਲਬੀਰ ਸਿੰਘ ਦੁਆਰਾ ਦਿੱਤੀ ਜਾਣਕਾਰੀ ਅਨੁਸਾਰ ਇਸ ਗੁਰਦੁਆਰੇ ਦੀ ਉਸਾਰੀ 50-55 ਸਾਲ ਪਹਿਲਾਂ ਬਾਬਾ ਰਾਮਆਸਰਾ ਜੀ ਦੁਆਰਾ ਕਰਵਾਈ ਗਈ। ਇਥੇ ਇਕ ਪੱਕਾ ਚੁਬੱਚਾ ਵੀ ਬਣਾਇਆ ਹੋਇਆ ਹੈ ਅਤੇ ਇਕ ਚੱਕੀ ਵੀ ਪਈ ਹੈ, ਜੋ ਕਿ ਗੁਰੂ ਸਾਹਿਬ ਦੇ ਸਮੇਂ ਦੀ ਦੱਸੀ ਜਾਂਦੀ ਹੈ। ਇਹ ਇਮਾਰਤ ਕਾਫ਼ੀ ਪੁਰਾਣੀ ਹੋ ਜਾਣ ਕਾਰਨ ਹੁਣ ਇਸ ਨੂੰ ਨਵਾਂ ਬਣਾਉਣ ਦੀ ਕਾਰ ਸੇਵਾ ਵੀ ਆਰੰਭ ਹੋਣ ਵਾਲੀ ਹੈ।[129]

ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ ਕਾਫ਼ੀ ਖੁੱਲੇ ਹਾਲ ਵਾਲੀ ਬਣੀ ਹੋਈ ਹੈ। ਇਸਦੇ ਬਾਹਰਲੇ ਪਾਸੇ ਬਹੁਤ ਪੁਰਾਣੇ ਬੇਰੀਆਂ ਦੇ ਕੁਝ ਦਰੱਖਤ ਵੀ ਲੱਗੇ ਹੋਏ ਹਨ। ਇਸ ਸਮੇਂ ਵਿਚ ਇਸ ਅਸਥਾਨ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਕੋਲ ਹੈ। ਇਥੇ ਪ੍ਰਮੁੱਖ ਗੁਰਪੁਰਬਾਂ ਬਹੁਤ ਵੱਡੇ ਪੱਧਰ ਤੇ ਮਨਾਏ ਜਾਂਦੇ ਹਨ।

---

[128] ਜਸਬੀਰ ਸਿੰਘ ਸਰਨਾ, ਦਿਲਜੀਤ ਸਿੰਘ ਬੇਦੀ, *ਗੁਰਦੁਆਰਾ ਕੋਸ਼,* ਪੰਨਾ 316.

[129] ਗੁਰਦੁਆਰਾ ਚੁਬੱਚਾ ਸਾਹਿਬ ਦੇ ਸੇਵਾਦਾਰ ਭਾਈ ਕੁਲਬੀਰ ਸਿੰਘ ਦੁਆਰਾ ਦਿੱਤੀ ਜਾਣਕਾਰੀ ਅਨੁਸਾਰ।

## ਚਰਨੌਲੀ (ਚਨੌਲੀ)

ਇਹ ਪਿੰਡ, ਰੂਪਨਗਰ ਜ਼ਿਲ੍ਹੇ ਦੇ ਕਸਬਾ ਕੀਰਤਪੁਰ ਸਾਹਿਬ ਤੋਂ ਤੇਰਾਂ ਕਿਲੋਮੀਟਰ ਪੱਛਮ ਵਾਲੇ ਪਾਸੇ ਵੱਲ ਬਲਾਕ ਨੂਰਪੁਰ ਬੇਦੀ ਵਿਚ ਸਥਿਤ ਹੈ।

### ਗੁਰਦੁਆਰਾ ਗੁਰੂ ਹਰਿਰਾਇ ਸਾਹਿਬ, ਪਾਤਸ਼ਾਹੀ ਸੱਤਵੀਂ

ਇਸ ਪਿੰਡ ਵਿਚ ਗੁਰੂ ਹਰਿਰਾਇ ਜੀ ਨਾਲ ਸੰਬੰਧਿਤ ਇਤਿਹਾਸਕ ਅਸਥਾਨ ਹੈ। ਇਥੇ ਗੁਰੂ ਸਾਹਿਬਾਨ ਦੇ ਚਰਨ ਪੈਣ ਕਰਕੇ ਇਸ ਪਿੰਡ ਦਾ ਨਾਂ ਚਰਨੌਲੀ ਪੈ ਗਿਆ ਸੀ ਪਰ ਅੱਜ ਕੱਲ ਇਸ ਨੂੰ ਚਨੌਲੀ ਕਿਹਾ ਜਾਂਦਾ ਹੈ। ਇਥੇ ਗੁਰੂ ਹਰਿਰਾਇ ਜੀ ਸਤਲੁਜ ਦਰਿਆ ਪਾਰ ਕਰਕੇ ਇਥੇ ਆ ਕੇ ਠਹਿਰਿਆ ਕਰਦੇ ਸਨ।

ਰਤਨ ਸਿੰਘ ਜੱਗੀ ਅਨੁਸਾਰ ਇੱਥੇ ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਗੁਰੂ ਹਰਿਰਾਇ ਜੀ ਕੀਰਤਪੁਰ ਤੋਂ ਦੁਆਬੇ ਨੂੰ ਆਉਂਦੇ-ਜਾਂਦੇ ਠਹਿਰਦੇ ਹੁੰਦੇ ਸਨ।[130] ਸੰਮਤ 1718 ਬਿਕਰਮੀ ਵਿਚ ਬਿਲਾਸਪੁਰ ਦੇ ਰਾਜਾ ਦੀਪਚੰਦ ਨੇ ਚਰਨੌਲੀ ਪਿੰਡ ਦਾ ਰਕਬਾ ਘੋੜਿਆਂ ਦੀ ਚਰਾਂਦ ਲਈ ਭੇਟ ਕੀਤਾ ਸੀ।[131]

ਗੁਰੂ ਹਰਿਰਾਇ ਜੀ ਦੇ ਵੱਡੇ ਲੜਕੇ ਰਾਮਰਾਇ ਜੀ ਦਾ ਬਚਪਨ ਇੱਥੇ ਹੀ ਬੀਤਿਆ। ਉਹਨਾਂ ਨੇ ਆਪਣੀ ਮੁਢਲੀ ਵਿੱਦਿਆ ਇੱਥੋਂ ਦੇ ਰਹਿਣ ਵਾਲੇ ਪੰਡਿਤ ਦਮੋਦਰ ਦਾਸ ਜੀ ਤੋਂ ਪ੍ਰਾਪਤ ਕੀਤੀ। ਗੁਰੂ ਹਰਿਰਾਇ ਜੀ ਨੇ ਆਪਣੇ ਘੋੜਿਆਂ ਦੀ ਸੰਭਾਲ ਕਰਨ ਵਾਲੇ ਸੇਵਾਦਾਰ ਨੂੰ ਪੁੱਛਿਆ ਕਿ ਘੋੜਿਆਂ ਨੂੰ ਕੋਈ ਤਕਲੀਫ ਤਾਂ ਨਹੀਂ? ਉਸ ਨੇ ਦੱਸਿਆ ਕਿ ਇੱਥੇ ਘੋੜਿਆਂ ਦੇ ਮੱਛਰ ਬਹੁਤ ਲੜਦਾ ਹੈ। ਉਸ ਸਮੇਂ ਗੁਰੂ ਜੀ ਨੇ ਵਰ ਦਿੱਤਾ ਕਿ ਇੱਥੇ ਹੁਣ ਘੋੜਿਆਂ ਨੂੰ ਮੱਛਰ ਨਹੀਂ ਕੱਟੇਗਾ।[132]

ਇਸ ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਉਸਾਰੀ 1977 ਈਸਵੀ ਵਿਚ ਕੀਤੀ ਗਈ ਸੀ, ਜਿਸਦਾ ਪ੍ਰਬੰਧ ਸਥਾਨਕ ਸੰਗਤ ਕਰਦੀ ਹੈ।[133]

---

[130] ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼,* (ਭਾਗ ਪਹਿਲਾ), ਪੰਨਾ 736.

[131] ਸ੍ਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ,* ਪਿਆਰਾ ਸਿੰਘ ਪਦਮ (ਸੰਪਾ.), ਪੰਨੇ 56-57.

[132] ਅਜੀਤ ਅਖਬਾਰ, 19 ਅਪ੍ਰੈਲ, 2021, ਦਿਨ ਸੋਮਵਾਰ.

[133] ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼* (ਭਾਗ ਪਹਿਲਾ), ਪੰਨਾ 736.

## ਬਸੀ

ਪਿੰਡ ਬਸੀ, ਜ਼ਿਲ੍ਹਾ ਰੂਪਨਗਰ ਦੀ ਤਹਿਸੀਲ ਅਨੰਦਪੁਰ ਸਾਹਿਬ ਵਿਚ ਕੀਰਤਪੁਰ ਸਾਹਿਬ ਤੋਂ ਲਗਪਗ 10 ਕਿਲੋਮੀਟਰ ਦੂਰ ਅਤੇ ਚਰਨੌਲੀ ਪਿੰਡ ਦੇ ਨਜਦੀਕ ਸਥਿਤ ਹੈ।

### ਗੁਰਦੁਆਰਾ ਕਚਾਲ ਸਾਹਿਬ

ਕਿਰਪਾਲ ਸਿੰਘ ਨੇ ਲਿਖਿਆ ਹੈ ਕਿ ਇਹ ਪਿੰਡ ਸੱਤਵੇਂ ਗੁਰੂ ਸ੍ਰੀ ਗੁਰੂ ਹਰਿਰਾਇ ਜੀ ਦੀ ਬਖ਼ਸ਼ਿਸ਼ ਨਾਲ ਵਸਿਆ ਹੈ। ਇਕ ਵਾਰ ਗੁਰੂ ਜੀ ਆਪਣੇ ਹਜਾਰਾਂ ਘੋੜ ਸਵਾਰਾਂ ਨਾਲ ਇਧਰੋਂ ਜੰਗਲਾਂ ਵਿਚੋਂ ਲੰਘ ਰਹੇ ਸਨ ਤੇ ਹਨ੍ਹੇਰਾ ਹੋ ਗਿਆ। ਸਾਹਮਣੇ ਸਤਲੁਜ ਦਰਿਆ ਠਾਠਾਂ ਮਾਰਦਾ ਵਗ ਰਿਹਾ ਸੀ। ਸਿੱਖਾਂ ਦੇ ਪੁੱਛਣ ਤੇ ਗੁਰੂ ਜੀ ਨੇ ਉਥੇ ਹੀ ਪੜਾਅ ਕਰਨ ਲਈ ਆਖਿਆ ਕਿ ਇਥੇ ਹੀ ਵਸ ਜਾਉ ਅਤੇ ਸਵੇਰੇ ਅੱਗੇ ਜਾਵਾਂਗੇ। ਗੁਰੂ ਜੀ ਦੇ ਬਚਨਾਂ ਤੇ ਇਸ ਪਿੰਡ ਦਾ ਨਾਂ 'ਬਸੀ' ਪੈ ਗਿਆ। ਇੱਥੇ ਸੱਤਵੇਂ ਪਾਤਸ਼ਾਹ ਜੀ ਦੀ ਆਮਦ ਦੀ ਯਾਦ ਵਿਚ ਸੁੰਦਰ ਗੁਰਦੁਆਰਾ ਕਚਾਲ ਸਾਹਿਬ ਬਣਿਆ ਹੋਇਆ ਹੈ। ਗੁਰਦੁਆਰਾ ਸਾਹਿਬ ਨਾਲ ਖੇਤੀਯੋਗ ਜਮੀਨ ਹੈ, ਜਿਸਦੀ ਆਮਦਨ ਨਾਲ ਲੰਗਰ ਚੱਲਦਾ ਹੈ। ਇਸ ਗੁਰਦੁਆਰੇ ਨੂੰ 'ਕਜਲੀ ਵਣਾ' ਵੀ ਕਹਿੰਦੇ ਹਨ।[134] ਇਸ ਗੁਰਦੁਆਰੇ ਦੀ ਵਿਵਸਥਾ ਨਿਹੰਗ ਸਿੰਘਾਂ ਦੀ ਜਥੇਬੰਦੀ ਕਰਦੀ ਹੈ।

## ਝੱਖੀਆਂ

ਇਹ ਪਿੰਡ, ਰੂਪਨਗਰ-ਕੀਰਤਪੁਰ ਵਾਲੀ ਸੜਕ ਉਤੇ ਲਗਪਗ 6 ਕਿਲੋਮੀਟਰ ਦੀ ਦੂਰੀ ਉਤੇ ਵਸਿਆ ਹੋਇਆ ਹੈ।

### ਗੁਰਦੁਆਰਾ ਤੀਰ ਸਾਹਿਬ, ਸ਼ਾਹੀ ਟਿੱਬੀ

ਇਤਿਹਾਸਕ 'ਗੁਰਦੁਆਰਾ ਤੀਰ ਸਾਹਿਬ', ਜੋ ਕਿ ਮੁੱਖ ਸੜਕ ਤੋਂ ਸੌ ਮੀਟਰ ਪਿੱਛੇ ਹਟਵਾਂ ਹੈ। ਸਿੱਖ ਇਤਿਹਾਸ ਵਿਚ ਇਸ ਅਸਥਾਨ ਦਾ ਨਾਂ 'ਸ਼ਾਹੀ ਟਿੱਬੀ' ਪ੍ਰਚਲਿਤ ਹੈ।

ਗੁਰੂ ਗੋਬਿੰਦ ਸਿੰਘ ਜੀ ਜਦੋਂ ਅਨੰਦਪੁਰ ਛੱਡਣ ਤੋਂ ਬਾਅਦ ਸ਼ਾਹੀ ਟਿੱਬੀ ਪਹੁੰਚੇ ਤਾਂ ਦੁਸ਼ਮਣ ਫੌਜ ਦੇ ਹਮਲੇ ਨੂੰ ਮੱਦੇਨਜ਼ਰ ਰੱਖਦੇ ਹੋਏ, ਭਾਈ ਉਦੈ ਸਿੰਘ ਨੂੰ ਸ਼ਾਹੀ ਟਿੱਬੀ 'ਤੇ ਤਾਇਨਾਤ ਕੀਤਾ ਤੇ ਉਹਨਾਂ ਨੂੰ

---

[134] ਕਿਰਪਾਲ ਸਿੰਘ ਅਤੇ ਹਰਿੰਦਰ ਕੌਰ, *ਪੰਜਾਬ ਦੇ ਪਿੰਡਾਂ ਦਾ ਨਾਮਕਰਨ ਅਤੇ ਇਤਿਹਾਸ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2014, ਪੰਨੇ 371-72.

ਪੰਜਾਹ ਸਿੰਘ ਲੜਨ ਵਾਸਤੇ ਦਿੱਤੇ। ਜਿਸ ਸੰਬੰਧੀ *ਗੁਰੂ ਕੀਆਂ ਸਾਖੀਆਂ* ਵਿਚ ਲਿਖਿਆ ਹੋਇਆ ਹੈ ਕਿ, "ਗੁਰੂ ਜੀ ਕੀਰਤਪੁਰ ਲੰਘ ਨਿਰਮੋਹਗਢ ਸੇ ਆਗੇ ਸ਼ਾਹੀ ਟਿੱਬੀ ਤੇ ਜਾਇ ਖਲੇ ਹੂਏ। ਪਰਬਤੀ ਰਾਜਯੋਂ ਨੇ ਸਮਾਂ ਗਨੀਮਤ ਜਾਨ ਪੀਛੇ ਸੇ ਤੀਰ ਗੋਲੀ ਸੇ ਹਮਲਾ ਕਰ ਦੀਆ। ਸਤਿਗੁਰਾਂ ਭਾਈ ਉਦੈ ਸਿੰਘ ਕੀ ਤਰਫ ਦੇਖਾ- ਇਸੇ ਜੋੜਾ ਜਾਮਾ ਬਖਸ਼ ਲੜਨੇਂ ਕੇ ਲੀਏ ਪਚਾਸ ਸਿਖ ਦੇ ਕੇ ਸ਼ਾਹੀ ਟਿਬੀ ਪਰ ਤਾਈਨਾਤ ਕੀਆ। ਬਚਨ ਹੋਆ- ਉਦੈ ਸਿੰਘ ! ਪੀਛੇ ਸੇ ਅਜੀਤ ਸਿੰਘ ਸਾਹਿਬਜ਼ਾਦਾ, ਭਾਈ ਬੁੱਢਾ ਸਿੰਘ ਆਦਿ ਸਿੱਖਾਂ ਕੇ ਗੈਲ ਆਇ ਰਹਾ ਹੈ, ਉਸੇ ਕਹਿਨਾ ਤੇਰੀ ਇਹ ਜਗ੍ਹਾ ਨਹੀਂ, ਆਗੇ ਹੈ। ਤੁਸਾਂ ਯਹਾਂ ਲੜ ਕੇ ਸ਼ਹਾਦਤ ਪਾਨਾ, ਗੁਰੂ ਅੰਗ ਸੰਗ ਹੋਇਗਾ।"[135]

ਕਵਿ ਸੈਨਾਪਤਿ ਨੇ *ਸ੍ਰੀ ਗੁਰ ਸੋਭਾ* ਵਿਚ ਭਾਈ ਉਦੈ ਸਿੰਘ ਦੀ ਅਗਵਾਈ ਵਿਚ ਸਿੰਘਾਂ ਦੁਆਰਾ ਇਸ ਅਸਥਾਨ ਉਤੇ ਵੈਰੀਆਂ ਦਾ ਸੰਘਾਰ ਕਰਨ ਸੰਬੰਧੀ ਇੰਵ ਲਿਖਿਆ ਹੈ :

*ਸ਼ਾਹੀ ਟਿੱਬੀ ਆਨਿ ਕੈ ਖੜੇ ਭਏ ਤਿਹ ਥਾਨ।*

*ਰਾਜਾ ਅਰੁ ਤੁਰਕਾਨ ਸਬ ਨਿਕਟਿ ਪਹੂਚੇ ਆਨ।।470।।*

*ਉਦੇ ਸਿੰਘ ਲਲਕਾਰ ਕੈ ਖੁਸ਼ੀ ਕਰੀ ਕਰਤਾਰ।*

*ਸਫਲ ਜਨਮੁ ਇਹ ਭਾਂਤ ਕਹਿ ਦੂਤਨ ਕਰੋ ਸੰਘਾਰ।।471।।*[136]

ਰਤਨ ਸਿੰਘ ਜੱਗੀ ਅਨੁਸਾਰ ਜਦੋਂ ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਸਾਹਿਬ ਛਡਣ ਤੋਂ ਬਾਅਦ 14 ਕੁ ਕਿਲੋਮੀਟਰ ਹੀ ਗਏ ਸਨ ਤਾਂ ਪਿਛੋਂ ਮੁਗ਼ਲ ਸੈਨਾ ਦੇ ਦਸਤੇ ਪਹੁੰਚ ਗਏ । ਗੁਰੂ ਜੀ ਨੇ ਉਹਨਾਂ ਨਾਲ ਨਜਿੱਠਣ ਲਈ ਭਾਈ ਉਦੈ ਸਿੰਘ ਦੀ ਕਮਾਨ ਅਧੀਨ 50 ਸਿੰਘ ਉਥੇ ਛਡੇ ਅਤੇ ਆਪ ਅਗੇ ਨੂੰ ਚੱਲ ਪਏ। ਸਿੰਘਾਂ ਦੀ ਉਸ ਟਿੱਬੀ ਕੋਲ ਮੁਗ਼ਲ ਸੈਨਿਕਾਂ ਨਾਲ ਗਹਿਗਚ ਲੜਾਈ ਹੋਈ, ਜਿਸ ਵਿਚ ਸਾਰੇ ਸਿੰਘ ਸ਼ਹੀਦ ਹੋ ਗਏ। ਉਹਨਾਂ ਦੀ ਯਾਦ ਵਿਚ ਉਥੇ ਗੁਰਦੁਆਰਾ ਬਣਿਆ ਹੋਇਆ ਹੈ। ਸਿੰਘਾਂ ਦੀ ਅਦੁੱਤੀ ਬਹਾਦਰੀ ਦੇ ਪ੍ਰਕਾਸ਼ ਵਿਚ ਇਸ ਟਿੱਬੀ ਨੂੰ 'ਸ਼ਾਹੀ ਟਿੱਬੀ' ਕਿਹਾ ਜਾਣ ਲਗਿਆ ਹੈ।[137]

---

[135] ਸ੍ਵਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ,* ਪਿਆਰਾ ਸਿੰਘ ਪਦਮ (ਸੰਪਾ.), ਪੰਨਾ 153.

[136] ਸੈਨਾਪਤਿ, *ਸ੍ਰੀ ਗੁਰ ਸੋਭਾ,* ਗੰਡਾ ਸਿੰਘ (ਸੰਪਾ.), ਪੰਨਾ 123.

[137] ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼,* (ਭਾਗ ਪਹਿਲਾ), ਪੰਨਾ 230 .

ਇਥੋਂ ਦੇ ਪੁਰਾਣੇ ਸੇਵਾਦਾਰ ਸਵ. ਰਣਜੀਤ ਸਿੰਘ ਨਿਹੰਗ ਦੀ ਸੁਪਤਨੀ ਦੇ ਦੱਸਣ ਅਨੁਸਾਰ ਇਸ ਅਸਥਾਨ ਉਤੇ ਪਹਿਲਾਂ ਭਾਈ ਨੰਦ ਸਿੰਘ ਦਰੱਖਤ ਉਤੇ ਬਣੇ ਇਕ ਮਨ੍ਹੇ ਵਿਚ ਰਹਿ ਕੇ ਬੰਦਗੀ ਕਰਿਆ ਕਰਦੇ ਸਨ। ਉਹਨਾਂ ਨੇ ਪਰਿਵਾਰ ਵਿਛੋੜਾ ਵਾਲੇ ਅਸਥਾਨ ਤੋਂ ਇਮਾਰਤ ਬਣਾਉਣ ਦਾ ਸਮਾਨ ਲਿਆ ਕੇ ਇਕ ਕਮਰੇ ਰੂਪ ਗੁਰਦੁਆਰਾ ਸਾਹਿਬ ਦੀ ਇਮਾਰਤ ਬਣਾਈ ਸੀ। ਬਾਅਦ ਵਿਚ ਵੱਡਾ ਗੁਰਦੁਆਰਾ ਬਣਾਉਣ ਦੀ ਸੇਵਾ ਸੰਤ ਬਾਬਾ ਕਰਤਾਰ ਸਿੰਘ ਭੈਰੋਮਾਜਰਾ (ਜਿਲ੍ਹਾ ਰੂਪਨਗਰ) ਵਾਲਿਆਂ ਨੇ ਕਰਵਾਈ ਸੀ। ਹੁਣ ਇਸ ਅਸਥਾਨ ਦਾ ਪ੍ਰਬੰਧ ਨਿਹੰਗ ਸਿੰਘ ਜਥੇਬੰਦੀ ਬੁੱਢਾ ਦਲ ਕੋਲ ਹੈ। ਇਥੇ ਭਾਈ ਉਦੈ ਸਿੰਘ ਦਾ ਸਹੀਦੀ ਦਿਹਾੜਾ ਹਰ ਸਾਲ 7 ਪੋਹ ਨੂੰ ਮਨਾਇਆ ਜਾਂਦਾ ਹੈ।

## ਅਟਾਰੀ

ਅਟਾਰੀ ਪਿੰਡ, ਰੂਪਨਗਰ-ਅਨੰਦਪੁਰ ਸਾਹਿਬ ਵਾਲੀ ਸੜਕ ਤੋਂ ਚੜ੍ਹਦੇ ਵੱਲ ਕੀਰਤਪੁਰ ਸਾਹਿਬ ਤੋਂ ਲਗਪਗ ਸਾਢੇ ਸੱਤ ਕਿਲੋਮੀਟਰ ਦੂਰ ਹੈ।

### ਸ਼ਹੀਦੀ ਅਸਥਾਨ ਸ਼੍ਰੋਮਣੀ ਸ਼ਹੀਦ ਭਾਈ ਉਦੈ ਸਿੰਘ ਅਤੇ ਕਲਪ ਬ੍ਰਿਛ

ਜਿਵੇਂ ਕਿ ਪਿੱਛੇ ਜਿਕਰ ਕੀਤਾ ਗਿਆ ਹੈ ਕਿ ਸ਼ਾਹੀ ਟਿੱਬੀ ਵਾਲੇ ਅਸਥਾਨ 'ਤੇ ਆ ਕੇ ਪਹਾੜੀ ਰਾਜਿਆਂ ਨੇ ਹਮਲਾ ਕਰ ਦਿੱਤਾ ਅਤੇ ਗੁਰੂ ਜੀ ਦੇ ਹੁਕਮ ਅਨੁਸਾਰ ਭਾਈ ਉਦੈ ਸਿੰਘ ਆਪਣੇ ਜਥੇ ਸਮੇਤ ਪਹਾੜੀ ਰਾਜਿਆਂ ਨਾਲ ਬਹੁਤ ਬਹਾਦਰੀ ਨਾਲ ਲੜੇ ਅਤੇ ਸ਼ਹੀਦੀ ਪ੍ਰਾਪਤ ਕੀਤੀ, ਜਿਸਦਾ ਵਰਣਨ ਇਸ ਤਰ੍ਹਾਂ ਮਿਲਦਾ ਹੈ, "ਉਦੈ ਸਿੰਘ ਨੇ ਪਚਾਸ ਸਿਖਾਂ ਕੋ ਗੈਲ ਲੈ ਏਕ ਪਹਿਰ ਪੀਛੇ ਆ ਰਹੀ ਪਰਬਤੀ ਫੌਜ ਕੇ ਸਾਥ ਘਮਸਾਣ ਕੀ ਜੰਗ ਲੜੀ, ਕਾਈ ਦਕੀਕਾ ਬਾਕੀ ਨਾ ਛੋਰਾ। ਦਿਵਸ ਚੜ੍ਹੇ ਤੀਕ ਸਿੰਘ ਸ਼ਹੀਦੀਆਂ ਪਾਇ ਗਏ।"[138]

*ਭੱਟ ਵਹੀ ਕਰਸਿੰਧੁ, ਪਰਗਣਾ ਸਫੀਦੋਂ* ਵਿਚ ਵੀ ਭਾਈ ਉਦੈ ਸਿੰਘ ਦੀ ਸ਼ਹੀਦੀ ਦਾ ਜਿਕਰ ਮਿਲਦਾ ਹੈ ਕਿ "ਉਦੈ ਸਿੰਘ ਬੇਟਾ ਮਨੀ ਸਿੰਘ, ਪੋਤਾ ਮਾਈਦਾਸ ਕਾ, ਪੜਪੋਤਾ ਬੱਲੂਰਾਇ ਕਾ ਚੰਦਰ-ਬੰਸੀ ਭਾਰਦੁਆਜੀ ਗੋਤਰਾ ਪੁਆਰ ਬੰਸ, ਬੀੜੇ ਕਾ ਬੰਝਰਉਤ ਜਲਹਾਨਾਂ- ਸੰਮਤ ਸਤਰਾਂ ਸੈ ਬਾਸਠ ਪੋਖ ਮਾਸੇ

[138] ਸ੍ਵਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ,* ਪਿਆਰਾ ਸਿੰਘ ਪਦਮ (ਸੰਪਾ.), ਪੰਨਾ 153.

ਦਿਹੁੰ ਸਾਤ ਗਏ ਵੀਰਵਾਰ ਕੇ ਦਿਵਸ ਪਚਾਸ ਸਿਖਾਂ ਕੋ ਗੈਲ ਲੈ ਸ਼ਾਹੀ ਟਿੱਬੀ ਕੇ ਮਲਹਾਨ ਪਰਗਣਾਂ ਭਰਥਗਢ ਰਾਜ ਕਹਿਲੂਰ ਆਧ ਘਰੀ ਦਿਹੁੰ ਨਿਕਲੇ, ਰਾਜਾ ਅਜਮੇਰ ਚੰਦ ਬੇਟਾ ਭੀਮਚੰਦ ਕਾ, ਪੋਤਾ ਦੀਪ ਚੰਦ ਕਾ, ਪੜਪੋਤਾ ਤਾਰਾਚੰਦ ਕਾ ਬੰਸ ਕਲਿਆਨ ਚੰਦ ਕੀ, ਚੰਦੇਲ ਗੋਤਰਾ ਰਾਣੇ ਕੀ ਫੌਜ ਗੈਲ ਬਾਰਾਂ ਘਰੀ ਜੂਝ ਕੇ ਮਰਾ।"[139]

ਰਵਾਇਤੀ ਇਤਿਹਾਸ ਅਨੁਸਾਰ ਭਾਈ ਉਦੈ ਸਿੰਘ ਸ਼ਾਹੀ ਟਿੱਬੀ ਵਾਲੇ ਅਸਥਾਨ ਉਤੇ ਸਖਤ ਜ਼ਖ਼ਮੀ ਹੋ ਗਏ ਸਨ ਤੇ ਉਹਨਾਂ ਦਾ ਘੋੜਾ ਉਹਨਾਂ ਨੂੰ ਅਟਾਰੀ ਪਿੰਡ ਵਿਚ ਲੈ ਆਇਆ। ਇਥੇ ਉਹਨਾਂ ਨੇ ਪਿੰਡ ਤੋਂ ਬਾਹਰ ਟਿੱਬੀ ਉਤੇ ਸਥਿਤ ਕਲਪ ਬ੍ਰਿਛ ਥੱਲੇ ਸਰੀਰ ਤਿਆਗਿਆ। ਇਸ ਲਈ ਗੁਰਦੁਆਰੇ ਦੇ ਨਾਂ ਨਾਲ 'ਕਲਪ ਬ੍ਰਿਛ' ਜੁੜ ਗਿਆ, ਪਰ ਹੁਣ ਕਲਪ ਬ੍ਰਿਛ ਸੁੱਕ ਚੁੱਕਾ ਹੈ। ਇਸ ਗੁਰਦੁਆਰੇ ਅੰਦਰ ਦੋ ਅਸਥਾਨ ਬਣੇ ਹੋਏ ਹਨ ਇਕ ਤਾਂ ਕਲਪ ਬ੍ਰਿਛ ਵਾਲੀ ਥਾਂ ਦੇ ਅਗਲੇ ਪਾਸੇ ਛੋਟੇ ਕਮਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਹੈ ਅਤੇ ਦੂਜਾ, ਗੁਰਦੁਆਰਾ ਸਾਹਿਬ ਦੀ ਵੱਖਰੀ ਇਮਾਰਤ ਵੀ ਬਣੀ ਹੋਈ ਹੈ। ਇਸ ਅਸਥਾਨ ਦੀ ਸੇਵਾ ਇਕ ਭਜਨੀਕ ਪੁਰਸ਼ ਭਾਈ ਖੇਮ ਸਿੰਘ ਜੀ ਨੇ ਲਗਪਗ ਪੰਜਾਹ ਸਾਲ ਤੱਕ ਕੀਤੀ, ਜਿਹਨਾਂ ਦੀ ਸਮਾਧ ਹੁਣ ਵੀ ਗੁਰਦੁਆਰਾ ਸਾਹਿਬ ਵਿਚ ਸਥਿਤ ਹੈ ਅਤੇ ਉਹਨਾਂ ਦੇ ਨਾਂ ਉਤੇ ਗੁਰਦੁਆਰਾ ਸਾਹਿਬ ਵਿਚ 'ਬਾਬਾ ਖੇਮ ਸਿੰਘ ਲੰਗਰ ਹਾਲ' ਬਣਿਆ ਹੋਇਆ ਹੈ। ਇਸ ਤੋਂ ਇਲਾਵਾ ਦਸ ਕੁ ਕਮਰਿਆਂ ਵਾਲੀ ਸਰ੍ਹਾਂ ਵੀ ਬਣੀ ਹੋਈ ਹੈ। ਇਸ ਅਸਥਾਨ ਦੀ ਉਸਾਰੀ ਬਾਬਾ ਕਰਤਾਰ ਸਿੰਘ ਭੈਰੋਂ ਮਾਜਰੇ ਵਾਲਿਆਂ ਨੇ ਸੰਗਤਾਂ ਦੇ ਸਹਿਯੋਗ ਨਾਲ ਕਰਵਾਈ। ਇਸ ਅਸਥਾਨ 'ਤੇ ਭਾਈ ਉਦੈ ਸਿੰਘ ਦਾ ਸ਼ਹੀਦੀ ਦਿਹਾੜਾ 21 ਦਸੰਬਰ ਨੂੰ ਮਨਾਇਆ ਜਾਂਦਾ ਹੈ।

## ਭਰਤਗੜ੍ਹ

ਇਹ ਨਗਰ, ਰੂਪਨਗਰ-ਕੀਰਤਪੁਰ ਸਾਹਿਬ ਵਾਲੀ ਸੜਕ ਉਤੇ ਰੂਪਨਗਰ ਤੋਂ ਲਗਪਗ 19 ਕਿਲੋਮੀਟਰ ਦੂਰ ਹੈ। ਭਰਤਗੜ੍ਹ ਇਕ ਪੁਰਾਣਾ ਨਗਰ ਹੈ, ਮੁਗਲ ਕਾਲ ਵਿਚ ਵੀ ਇਸ ਦੀ ਅਹਿਮੀਅਤ ਹੁੰਦੀ ਸੀ ਅਤੇ ਇਹ ਇਕ ਪਰਗਣਾ ਹੁੰਦਾ ਸੀ। ਇਸ ਨਗਰ ਵਿਚ ਗੁਰੂ ਤੇਗ ਬਹਾਦਰ ਜੀ ਆਮਦ ਦੀ ਯਾਦ

---

[139] ਸ੍ਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ,* ਪੰਨਾ 153, (ਉਧਰਿਤ).

ਵਿਚ 'ਗੁਰਦੁਆਰਾ ਮੰਜੀ ਸਾਹਿਬ' ਬਣਿਆ ਹੋਇਆ ਹੈ। ਇਸ ਨਗਰ ਵਿਚ ਸਿੰਘਪੁਰੀਆ ਮਿਸਲ ਦੇ ਸਰਦਾਰਾਂ ਦਾ ਇਕ ਪੁਰਾਣਾ ਕਿਲ੍ਹਾ ਵੀ ਬਣਿਆ ਹੋਇਆ ਹੈ।

**ਗੁਰਦੁਆਰਾ ਮੰਜੀ ਸਾਹਿਬ, ਪਾਤਸ਼ਾਹੀ ਨੌਵੀਂ**

ਇਹ ਗੁਰਦੁਆਰਾ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ ਹੈ। ਇਸ ਨਗਰ ਦੇ ਵਸਨੀਕ ਸ. ਪ੍ਰਿਤਪਾਲ ਸਿੰਘ ਬੈਂਸ (ਢਾਡੀ) ਦੇ ਦੱਸਣ ਅਨੁਸਾਰ ਗੁਰੂ ਤੇਗ ਬਹਾਦਰ ਜੀ ਜਦੋਂ ਜੁਲਾਈ, 1675 ਈ. ਵਿਚ ਸ਼ਹਾਦਤ ਦੇਣ ਲਈ ਦਿੱਲੀ ਨੂੰ ਜਾ ਰਹੇ ਸਨ, ਤਾਂ ਕੀਰਤਪੁਰ ਤੋਂ ਚਲ ਕੇ ਗੁਰੂ ਜੀ ਇਥੇ ਠਹਿਰੇ ਸਨ। ਮੇਜਰ ਗੁਰਮੁਖ ਸਿੰਘ ਇਸ ਸੰਬੰਧੀ ਲਿਖਦੇ ਹਨ ਕਿ, "According to local tradition, Guru Tegh Bahadur's first half after leaving Chakk Nanaki and Kiratpur Sahib during his martyrdom journey in 1675 was at Bharatgarh. Gurdwara Guru Tegh Bahadur Patshahi Nauvin commemorating that visit is in the eastern part of the village. Its present building, a flat-rooted rectangular hall with a verandah along one of the longer sides, was constructed in 1932."[140]

ਗੁਰੂ ਜੀ ਦੀ ਆਮਦ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਦੀ ਪਹਿਲੀ ਇਮਾਰਤ ਸੰਨ 1932 ਈ. ਵਿਚ ਬਣਾਈ ਗਈ, ਜੋ ਕਿ ਅੱਜ ਵੀ ਮੌਜੂਦ ਹੈ। ਉਸ ਇਮਾਰਤ ਉਤੇ 'ਪੁਰਾਤਨ ਇਤਹਾਸਕ ਗੁਰਦੁਆਰਾ ਮੰਜੀ ਸਾਹਿਬ, ਪਾ. ਨੌਵੀਂ (ਭਰਤਗੜ੍ਹ)' ਲਿਖਿਆ ਹੋਇਆ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਵੀ ਕੀਤਾ ਹੋਇਆ ਹੈ। ਬਾਅਦ ਵਿਚ ਇਥੇ ਗੁਰਦੁਆਰਾ ਸਾਹਿਬ ਦੀ ਇਕ ਨਵੀਂ ਇਮਾਰਤ ਬਣਾਈ ਗਈ, ਜਿਸਦੀ ਉਸਾਰੀ ਬਾਬਾ ਅਜੀਤ ਸਿੰਘ ਅਤੇ ਬਾਬਾ ਹਰਭਜਨ ਸਿੰਘ ਕਾਰ ਸੇਵਾ ਵਾਲਿਆਂ ਨੇ 1992-93 ਈਸਵੀ ਵਿਚ ਆਰੰਭ ਕਰਵਾਈ ਸੀ। ਹੁਣ ਨਵੀਂ ਇਮਾਰਤ ਵਿਚ ਗੁਰਦੁਆਰਾ ਸਾਹਿਬ ਪਹਿਲੀ ਮੰਜਿਲ ਉਤੇ ਹੈ ਅਤੇ ਇਸਦੇ ਹੇਠਾਂ ਜਮੀਨੀ ਤਲ ਉਤੇ ਲੰਗਰ ਹਾਲ ਬਣਿਆ ਹੋਇਆ ਹੈ। ਇਹ ਗੁਰਦੁਆਰਾ ਮੁੱਖ ਮਾਰਗ ਉਤੇ ਹੋਣ ਕਾਰਣ ਸੰਗਤ ਦੀ ਹਮੇਸ਼ਾਂ ਆਮਦ ਬਣੀ ਰਹਿੰਦੀ ਹੈ। ਇਸ ਤੋਂ ਇਲਾਵਾ ਇਥੇ 'ਗੁਰੂ ਤੇਗ ਬਹਾਦਰ

[140] Major Gurmukh Singh, *Historical Sikh Shrines,* Page 159.

ਨਿਵਾਸ' ਦੋ ਮੰਜਿਲਾ ਸਰਾਂ ਬਣੀ ਹੋਈ ਹੈ। ਇਸ ਗੁਰਦੁਆਰੇ ਦਾ ਪ੍ਰਬੰਧ ਸੰਗਤ ਦੇ ਸਹਿਯੋਗ ਨਾਲ ਕਾਰ ਸੇਵਾ ਵਾਲੇ ਬਾਬਾ ਅਜੀਤ ਸਿੰਘ ਤੇ ਹਰਭਜਨ ਸਿੰਘ ਸੰਭਾਲ ਰਹੇ ਹਨ।

## ਸਰਸਾ ਨੰਗਲ

ਪਿੰਡ ਸਰਸਾ ਨੰਗਲ, ਰੂਪਨਗਰ-ਕੀਰਤਪੁਰ ਸੜਕ ਉਤੇ, ਰੂਪਨਗਰ ਤੋਂ ਉਤਰ ਵੱਲ ਲਗਪਗ 12 ਕਿਲੋਮੀਟਰ ਦੂਰ, ਸਰਸਾ ਨਦੀ ਦੇ ਕਿਨਾਰੇ ਉਤੇ ਅਤੇ ਭਾਖੜਾ ਨਹਿਰ ਦੇ ਨਜਦੀਕ ਹੀ ਵਸਿਆ ਹੋਇਆ ਹੈ।

### ਗੁਰਦੁਆਰਾ ਪਰਿਵਾਰ ਵਿਛੋੜਾ ਸਾਹਿਬ

ਗੁਰਦੁਆਰਾ ਪਰਿਵਾਰ ਵਿਛੋੜਾ ਸਾਹਿਬ, ਉਹ ਅਸਥਾਨ ਹੈ, ਜਿਥੇ ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਸਾਹਿਬ ਛੱਡਣ ਤੋਂ ਬਾਅਦ ਸ਼ਾਹੀ ਟਿੱਬੀ ਹੁੰਦੇ ਹੋਏ ਇਥੇ ਸਰਸਾ ਨਦੀ ਦੇ ਕੰਢੇ ਉਤੇ ਆਏ ਸਨ। ਮੀਂਹ ਪਿਆ ਹੋਣ ਕਾਰਨ ਸਰਸਾ ਨਦੀ ਵਿਚ ਪਾਣੀ ਬਹੁਤ ਚੜ੍ਹਿਆ ਹੋਇਆ ਸੀ, ਪਿੱਛੋਂ ਮੁਗਲ ਫੌਜਾਂ ਵੀ ਚੜ੍ਹੀਆਂ ਆ ਰਹੀਆਂ ਸਨ। ਇਸ ਕਾਰਨ ਜਦੋਂ ਸਿੱਖ ਨਦੀ ਨੂੰ ਪਾਰ ਕਰਨ ਲੱਗੇ ਤਾਂ ਪਾਣੀ ਦਾ ਵਹਾਅ ਤੇਜ ਹੋਣ ਕਾਰਨ ਕਾਫੀ ਸਿੱਖ ਅਤੇ ਹੋਰ ਸਮਾਨ ਸਰਸਾ ਨਦੀ ਵਿਚ ਰੁੜ ਗਿਆ। ਇਥੇ ਉਥਲ-ਪੁਥਲ ਵਿਚ ਸਰਸਾ ਦੇ ਕਿਨਾਰੇ ਤੇ ਗੁਰੂ ਜੀ ਦਾ ਸਾਰਾ ਪਰਿਵਾਰ ਵਿਛੜ ਗਿਆ ਸੀ। ਉਸ ਘਟਨਾ ਦੀ ਯਾਦ ਵਿਚ ਇਥੇ 'ਗੁਰਦੁਆਰਾ ਪਰਿਵਾਰ ਵਿਛੋੜਾ ਸਾਹਿਬ' ਬਣਿਆ ਹੋਇਆ ਹੈ।

ਇਸ ਗੁਰਦੁਆਰੇ ਦੀ ਉਸਾਰੀ ਦੀ ਸੇਵਾ ਕਰਵਾਉਣ, ਪ੍ਰਬੰਧ ਅਤੇ ਸਥਿਤੀ ਸੰਬੰਧੀ ਮੇਜਰ ਗੁਰਮੁਖ ਸਿੰਘ ਇੰਵ ਲਿਖਦੇ ਹਨ, "The present building of the Gurdwara was constructed during the 1960s and 1970s by Sant Ajit Singh of Nilholka, who continues to head its administration. Located about 1.5 furlong from the river bank and about the same distance from the Ropar-Nangal road, the four-storey pyramidal edifice with a domed pavilion on top, stands on a high base rivetted all around with heavy unhewn stones."[141]

[141] Major Gurmukh Singh, *Historical Sikh Shrines,* page 160.

ਇਸ ਗੁਰਦੁਆਰਾ ਸਾਹਿਬ ਦੀ ਪਹਿਲੀ ਵਾਰ ਉਸਾਰੀ ਸੰਤ ਬਾਬਾ ਕਰਤਾਰ ਸਿੰਘ ਭੈਰੋਮਾਜਰਾ ਵਾਲਿਆਂ ਨੇ 1949 ਈਸਵੀ ਵਿਚ ਕਰਵਾਈ ਸੀ। ਬਾਅਦ ਵਿਚ ਉਹਨਾਂ ਨੇ ਗੁਰਦੁਆਰੇ ਦੀ ਸੇਵਾ ਸੰਤ ਬਾਬਾ ਅਜੀਤ ਸਿੰਘ ਨੂੰ ਸੌਂਪ ਦਿੱਤੀ ਸੀ। ਉਹਨਾਂ ਤੋਂ ਬਾਅਦ ਗੁਰਦੁਆਰੇ ਦੀ ਸੇਵਾ ਵਿਚ ਸੰਤ ਬਾਬਾ ਲਾਭ ਸਿੰਘ ਕਿਲ੍ਹਾ ਅਨੰਦਗੜ੍ਹ ਸਾਹਿਬ ਵਾਲਿਆਂ ਨੇ ਕਰਵਾਈ। ਇਥੇ ਭਾਈ ਉਦੈ ਸਿੰਘ ਦੇ ਨਾਂ ਉਤੇ ਦੀਵਾਨ ਹਾਲ ਬਣਿਆ ਹੋਇਆ ਹੈ। ਮੌਜੂਦਾ ਸਮੇਂ ਵਿਚ ਇਸ ਅਸਥਾਨ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਹੈ।

ਇਸ ਗੁਰਦੁਆਰੇ ਦੀ ਖੁਦਾਈ ਦੌਰਾਨ ਇਕ ਤਲਵਾਰ, ਇਕ ਨਿਸ਼ਾਨ ਸਾਹਿਬ ਵਾਲਾ ਖੰਡਾ ਅਤੇ ਇਕ ਗੜਵਾ ਨਿਕਲਿਆ ਸੀ, ਜੋ ਕਿ ਗੁਰਦੁਆਰਾ ਸਾਹਿਬ ਵਿਖੇ ਐਲਮੀਨੀਅਮ ਦੀ ਸ਼ੀਸ਼ੇ ਵਾਲੀ ਅਲਮਾਰੀ ਸੰਗਤਾਂ ਦੇ ਦਰਸ਼ਨ ਕਰਨ ਲਈ ਰੱਖਿਆ ਗਿਆ ਹੈ।

ਇਥੇ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਦੇ ਵਿਛੋੜੇ ਦੀ ਯਾਦ ਵਿਚ ਸਾਲਾਨਾ ਜੋੜ-ਮੇਲ 29, 30 ਮੱਘਰ ਅਤੇ 1 ਪੋਹ ਨੂੰ ਮਨਾਇਆ ਜਾਂਦਾ ਹੈ। ਇਸ ਤੋਂ ਇਲਾਵਾ ਇਥੇ ਸੰਗਰਾਂਦ ਅਤੇ ਹੋਲਾ-ਮਹੱਲਾ ਵੀ ਮਨਾਇਆ ਜਾਂਦਾ ਹੈ।

### ਘਨੌਲਾ

ਘਨੌਲਾ ਨਾਂ ਦਾ ਪਿੰਡ, ਰੂਪਨਗਰ-ਅਨੰਦਪੁਰ ਸਾਹਿਬ ਵਾਲੀ ਸੜਕ ਉਤੇ ਪੈਂਦੇ ਪਿੰਡ ਘਨੌਲੀ ਤੋਂ ਨਾਲਾਗੜ੍ਹ ਜਾਣ ਵਾਲੀ ਸੜਕ ਉਤੇ ਲਗਪਗ 3 ਕਿਲੋਮੀਟਰ ਦੂਰੀ ’ਤੇ ਸਥਿਤ ਹੈ। ਇਹ ਕਾਫੀ ਪੁਰਾਣਾ ਪਿੰਡ ਹੈ, ਜੋ ਕਿ ਸਰਸਾ ਨਦੀ ਦੇ ਨਜਦੀਕ ਹੀ ਕਾਫੀ ਉਚੀ ਜਗ੍ਹਾ ਤੇ ਸਥਿਤ ਸੀ। ਅਨੰਦਪੁਰ ਸਾਹਿਬ ਤੋਂ ਰੂਪਨਗਰ ਜਾਣ ਵਾਲਾ ਕੱਚਾ ਰਸਤਾ ਇਥੋਂ ਦੀ ਹੀ ਗੁਜਰਦਾ ਸੀ। *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਵਿਚ ਇਸ ਪਿੰਡ ਦਾ ਨਾਂ ‘ਰਾਮ ਘਨੌਲਾ’ ਲਿਖਿਆ ਹੈ।

### ਗੁਰਦੁਆਰਾ ਕਿਲ੍ਹਾ ਘਨੌਲਾ ਸਾਹਿਬ

ਇਸ ਗੁਰਦੁਆਰਾ ਸਾਹਿਬ ਦਾ ਸੰਬੰਧ ਗੁਰੂ ਗੋਬਿੰਦ ਸਿੰਘ ਜੀ ਨਾਲ ਹੋਣ ਕਰਕੇ ਇਸਨੂੰ ‘ਗੁਰਦੁਆਰਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਤਸ਼ਾਹੀ 10’ ਕਿਹਾ ਜਾਂਦਾ ਹੈ।

ਇਤਿਹਾਸਕ ਗ੍ਰੰਥਾਂ ਅਨੁਸਾਰ ਇਥੇ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਨੇ ਵੀ ਚਰਨ ਪਾਏ ਹਨ। *ਤਵਾਰੀਖ ਗੁਰੂ ਖ਼ਾਲਸਾ* ਵਿਚ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਘਨੌਲੇ ਪਿੰਡ ਆਉਣ ਦਾ ਵਰਣਨ ਇੰਞ ਮਿਲਦਾ ਹੈ ਕਿ ਸਯਾਲਬੇ ਦੇ ਰਾਜੇ ਦੇ ਕਈ ਪਿੰਡਾਂ 'ਤੇ ਪਠਾਣਾਂ ਨੇ ਕਬਜਾ ਕਰ ਲਿਆ ਸੀ ਤਾਂ ਉਹ ਗੁਰੂ ਜੀ ਦੀ ਸ਼ਰਨ ਵਿਚ ਆਇਆ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ 500 ਸਿੱਖ, ਭਾਈ ਬਿਧੀਚੰਦ ਅਤੇ ਉਮਰਸ਼ਾਹ ਦੀ ਅਗਵਾਈ ਵਿਚ ਸਯਾਲਬੇ ਦੇ ਰਾਜੇ ਦੀ ਸਹਾਇਤਾ ਕਰਨ ਲਈ ਭੇਜੇ। ਰਾਜੇ ਨੇ ਸਿੱਖਾਂ ਦੀ ਮਦਦ ਨਾਲ ਆਪਣੇ ਖੋਹੇ ਇਲਾਕੇ ਵਾਪਿਸ ਲੈਣ ਦੇ ਨਾਲ-ਨਾਲ, ਪਠਾਣਾਂ ਦੇ ਕਈ ਪਿੰਡਾਂ ਤੇ ਕਬਜਾ ਕਰ ਲਿਆ। ਇਸ ਤੋਂ ਬਾਅਦ ਪਠਾਣਾਂ ਨੇ ਕਈ ਇਲਾਕਿਆਂ (ਕਿੜੀ, ਬਲੋਲਪੁਰ, ਮਾਛੀਵਾੜਾ, ਕੋਟਲਾ ਆਦਿਕ ਪਿੰਡਾਂ) ਦੇ ਆਪਣੇ ਭਾਈ ਪਠਾਣਾਂ ਨੂੰ ਬੁਲਾ ਕੇ ਮੁੜ ਸਯਾਲਬੇ ਦੇ ਰਾਜੇ ਉਤੇ ਚੜ੍ਹਾਈ ਕਰ ਦਿੱਤੀ ਅਤੇ ਉਸਦਾ ਪਰਗਣੇ ਉਤੇ ਮੁੜ ਕਬਜਾ ਕਰ ਲਿਆ। ਫਿਰ ਰਾਜਾ ਅਤੇ ਉਸਦੇ ਸਾਥੀ ਗੁਰੂ ਜੀ ਦੀ ਸ਼ਰਨ ਵਿਚ ਆਏ ਅਤੇ ਗੁਰੂ ਜੀ ਨੇ ਉਹਨਾਂ ਦੀ ਸਹਾਇਤਾ ਕੀਤੀ। ਘਨੌਲੇ ਪਿੰਡ ਪਾਸ ਪਹਾੜੀਆਂ ਦੀ ਪਠਾਣਾਂ ਨਾਲ ਲੜਾਈ ਹੋਈ ਅਤੇ ਗੁਰੂ ਜੀ ਦੀ ਅਗਵਾਈ ਵਿਚ ਸਿੱਖਾਂ ਨੇ ਦੂਜੇ ਪਾਸਿਓਂ ਪਠਾਣਾਂ ਉਤੇ ਹਮਲਾ ਕਰ ਦਿੱਤਾ। ਗੁਰੂ ਜੀ ਨੇ ਪਠਾਣਾਂ ਉਤੇ ਤੀਰਾਂ ਨਾਲ ਬੁਛਾੜ ਕਰ ਦਿੱਤੀ, ਪਠਾਣ ਮੈਦਾਨ ਛੱਡ ਨੱਸ ਗਏ। ਸਿੱਖਾਂ ਨੇ ਉਹਨਾਂ ਦੇ ਬਹੁਤ ਸਾਰੇ ਹਥਿਆਰ ਖੋਹ ਲਏ। ਇਥੋਂ ਫਿਰ ਗੁਰੂ ਜੀ ਕੀਰਤਪੁਰ ਸਾਹਿਬ ਵੱਲ ਚਲੇ ਗਏ।[142]

ਗੁਰੂ ਗੋਬਿੰਦ ਸਿੰਘ ਜੀ ਦੇ ਪਿੰਡ ਘਨੌਲੇ ਵਿਚ ਦੋ ਵਾਰੀ ਆਉਣ ਦਾ ਜਿਕਰ ਮਿਲਦਾ ਹੈ। ਪਹਿਲੀ ਵਾਰੀ ਗੁਰੂ ਜੀ ਦੇ ਇਥੇ ਆਉਣ ਬਾਰੇ ਭਾਈ ਕਾਨ੍ਹ ਸਿੰਘ ਨਾਭਾ ਇਸ ਤਰ੍ਹਾਂ ਲਿਖਦੇ ਹਨ ਕਿ, "ਕੀਰਤਪੁਰ ਤੋਂ ਨੌ ਕੋਹ ਪੂਰਵ ਇਕ ਪਿੰਡ, ਜਿੱਥੇ ਕਲਗੀਧਰ ਨਾਹਨ ਨੂੰ ਜਾਂਦੇ ਹੋਏ ਵਿਰਾਜੇ ਹਨ।...ਛੋਟਾ ਜਿਹਾ ਗੁਰਦੁਆਰਾ ਬਣਿਆ ਹੋਇਆ ਹੈ।" [143]

ਦੂਸਰੀ ਵਾਰ ਗੁਰੂ ਜੀ ਦੇ ਇਥੇ ਆਉਣ ਬਾਰੇ ਭਾਈ ਸੰਤੋਖ ਸਿੰਘ ਨੇ *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਵਿਚ ਜਿਕਰ ਇਸ ਤਰ੍ਹਾਂ ਕੀਤਾ ਹੈ ਕਿ ਗੁਰੂ ਜੀ ਅਨੰਦਪੁਰ ਛੱਡਣ ਤੋਂ ਬਾਅਦ ਹੌਲੀ-ਹੌਲੀ ਚਲੇ ਆ ਰਹੇ

---

[142] ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖ਼ਾਲਸਾ,* (*ਭਾਗ ਪਹਿਲਾ*), ਪੰਨਾ 596.

[143] ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਾਰ ਮਹਾਨ ਕੋਸ਼,* ਪੰਨਾ 440.

ਸਨ ਅਤੇ ਗੁਰੂ ਜੀ ਦੁਆਲੇ ਪੰਜ ਸੌ ਸਿੰਘ ਗੋਲ ਘੇਰਾ ਬਣਾ ਕੇ ਚੱਲ ਰਹੇ ਸਨ। ਗੁਰੂ ਜੀ ਚੱਲਦੇ-ਚੱਲਦੇ 'ਰਾਮ ਘਨੈਲਾ' ਪਿੰਡ ਵਿਚ ਉਚੇ ਸਥਾਨ 'ਤੇ ਆ ਗਏ :

*ਸਨੇ ਸਨੇ ਗਮਨਹਿਂ ਮਗ ਬੀਚ। ਦੂਰ ਖਰੇ ਪਿਖਿ ਊਚ ਰੁ ਨੀਚ।*
*ਕੇਤਕਿ ਕੋਸ ਪ੍ਰਭੁ ਪ੍ਰਸਥਾਨੇ। ਅੰਧ ਭਏ ਰਿਪੁ ਨਾਂਹਿ ਨ ਜਾਨੇ॥26॥*
*ਕਰਹਿਂ ਪ੍ਰਤੀਖਨ -ਨਿਕਸਹਿਂ ਜਬੈ। ਘੇਰਿ ਗੁਰੂ ਕੋ ਗਹਿ ਲਿਹੁ ਤਬੈ-।*
*ਰਾਮ ਘਨੈਲੇ ਲਗਿ ਚਲਿ ਆਏ। ਸਿੰਘ ਪੰਚ ਸੈ ਗੋਲ ਬਨਾਏ॥27॥*[144]

ਗਿਆਨੀ ਭਜਨ ਸਿੰਘ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਘਨੈਲਾ ਪਿੰਡ ਵਿਚ ਪੁੱਜੇ ਅਤੇ ਥੋੜਾ ਜਿਹਾ ਸਮਾਂ ਇਥੇ ਆਰਾਮ ਕੀਤਾ। ਮੂੰਹ-ਹਨੇਰੇ ਵਿਚ ਜਿਹਨਾਂ ਵਸਨੀਕਾਂ ਨੂੰ ਗੁਰੂ ਸਾਹਿਬ ਦੀ ਆਮਦ ਦਾ ਪਤਾ ਲੱਗਾ, ਉਹ ਝੱਟ ਦੁੱਧ, ਲੱਸੀ ਤੇ ਖਾਣ-ਪੀਣ ਦੀ ਹੋਰ ਜਿਹੜੀ ਵਸਤ ਤਿਆਰ ਸੀ, ਉਹ ਭੇਟਾ ਕੀਤੀ। ਗੁਰੂ ਸਾਹਿਬ ਛੇਤੀ ਹੀ ਅੱਗੇ ਚੱਲ ਪਏ। ਦਿਨ ਚੜ੍ਹੇ ਜਦੋਂ ਬਾਕੀ ਨਗਰ ਵਾਸੀਆਂ ਨੂੰ ਪਤਾ ਲੱਗਾ ਤਾਂ ਉਹ ਬਹੁਤ ਪਛਤਾਏ ਕਿ ਕਿਉਂ ਉਹਨਾਂ ਨੂੰ ਗੁਰੂ ਸਾਹਿਬ ਦੇ ਚਰਨ ਪਰਸਣ ਦਾ ਸੁਭਾਗ ਪ੍ਰਾਪਤ ਨਹੀਂ ਹੋਇਆ। ਗੁਰੂ ਸਾਹਿਬ ਦੀ ਛੋਹ ਵਾਲੇ ਅਸਥਾਨ 'ਤੇ ਇਤਿਹਾਸਕ ਗੁਰਦੁਆਰਾ ਉਸਾਰਿਆ ਗਿਆ।[145]

ਸਰਹਿੰਦ ਫਤਿਹ ਤੋਂ ਬਾਅਦ ਇਥੇ ਫਿਰ ਸਿੰਘਪੁਰੀਆ ਮਿਸਲ ਦਾ ਕਬਜਾ ਹੋ ਗਿਆ ਸੀ। ਉਹਨਾਂ ਨੇ ਉਚੇ ਸਥਾਨ 'ਤੇ ਜਿੱਥੇ ਗੁਰੂ ਗੋਬਿੰਦ ਸਿੰਘ ਜੀ ਬਿਰਾਜੇ ਸਨ, ਦੇ ਨਜਦੀਕ ਹੀ ਇਕ ਕਿਲ੍ਹੇ ਦੀ ਉਸਾਰੀ ਕਰਵਾ ਲਈ ਸੀ। ਇਸ ਲਈ ਗੁਰਦੁਆਰੇ ਦਾ ਨਾਂ 'ਗੁਰਦੁਆਰਾ ਕਿਲ੍ਹਾ ਘਨੌਲਾ ਸਾਹਿਬ' ਹੋ ਗਿਆ। ਗੁਰਦੁਆਰਾ ਸਾਹਿਬ ਦੇ ਨਾਂ ਪੰਦਰਾਂ ਏਕੜ ਜਮੀਨ ਵੀ ਕਰਵਾਈ ਸੀ। ਇਸ ਜਮੀਨ ਉਤੇ ਕੁਝ ਲੋਕਾਂ ਵੱਲੋਂ ਨਜਾਇਜ ਕਬਜਾ ਕੀਤਾ ਹੋਇਆ ਹੈ, ਜਿਸਦਾ ਕੇਸ ਅਦਾਲਤ ਵਿਚ ਚੱਲ ਰਿਹਾ ਹੈ। ਇਥੇ ਮੌਜੂਦਾ ਸਮੇਂ ਵਿਚ ਬਹੁਤ ਸੁੰਦਰ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ, ਜਿਸਦੀ ਉਸਾਰੀ ਸੰਤ ਬਾਬਾ ਸੇਵਾ ਸਿੰਘ, ਸੰਤ ਬਾਬਾ ਭਾਗ ਸਿੰਘ ਦੇ ਗੱਦੀਨਸ਼ੀਨ ਸੰਤ ਬਾਬਾ ਲਾਭ ਸਿੰਘ ਕਿਲ੍ਹਾ ਅਨੰਦਗੜ੍ਹ ਸਾਹਿਬ ਵਾਲਿਆਂ ਨੇ ਕਰਵਾਈ। ਸਰਦਾਰ ਭੁਪਿੰਦਰ ਸਿੰਘ (ਪ੍ਰਧਾਨ, ਗੁਰਦੁਆਰਾ ਪ੍ਰਬੰਧਕ ਕਮੇਟੀ) ਦੁਆਰਾ ਦਿੱਤੀ ਜਾਣਕਾਰੀ

---

[144] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* (ਜਿਲਦ ਤੇਰਵੀਂ), ਪੰਨਾ 5858.

[145] ਗਿਆਨੀ ਭਜਨ ਸਿੰਘ, *ਸਾਡੇ ਇਤਿਹਾਸਕ ਗੁਰਧਾਮ, (ਮਾਝਾ, ਮਾਲਵਾ, ਦੁਆਬਾ ਅਤੇ ਹਿਮਾਚਲ ਪ੍ਰਦੇਸ਼ ਦੇ ਗੁਰਦੁਆਰੇ),* ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2012 (ਤੀਜੀ ਐਡੀਸ਼ਨ), ਪੰਨਾ 38.

ਅਨੁਸਾਰ ਹੁਣ ਇਸ ਅਸਥਾਨ ਦਾ ਪ੍ਰਬੰਧ ਸਥਾਨਕ ਕਮੇਟੀ ਦੁਆਰਾ ਕੀਤਾ ਜਾਂਦਾ ਹੈ, ਜੋ ਕਿ 1990 ਈਸਵੀ ਵਿਚ ਹੋਂਦ ਵਿਚ ਆਈ ਸੀ। ਇਥੇ ਗੁਰੂ ਗੋਬਿੰਦ ਸਿੰਘ ਜੀ ਦੀ ਆਮਦ ਦੀ ਯਾਦ ਵਿਚ ਦੋ ਵਾਰ 6,7 ਅਤੇ 8 ਪੋਹ ਅਤੇ 22 ਅੱਸੂ ਨੂੰ ਵੱਡੇ ਮੇਲੇ ਲੱਗਦੇ ਹਨ, ਜਿਹਨਾਂ ਵਿਚ ਇਲਾਕੇ ਦੀਆਂ ਬਹੁਤ ਸਾਰੀਆਂ ਸੰਗਤਾਂ ਵੱਡੀ ਗਿਣਤੀ ਵਿਚ ਸ਼ਾਮਿਲ ਹੁੰਦੀਆਂ ਹਨ। ਕਮੇਟੀ ਵੱਲੋਂ ਬੱਚਿਆਂ ਦੇ ਦਸਤਾਰ ਮੁਕਾਬਲੇ ਅਤੇ ਦਸਤਾਰ ਮਾਰਚ ਕਰਵਾਇਆ ਜਾਂਦਾ ਹੈ।

## ਮਲਿਕਪੁਰ

ਪਿੰਡ ਮਲਿਕਪੁਰ, ਰੂਪਨਗਰ ਤੋਂ ਲਗਪਗ 7 ਕਿਲੋਮੀਟਰ ਦੂਰੀ 'ਤੇ ਰੂਪਨਗਰ-ਅਨੰਦਪੁਰ ਸਾਹਿਬ ਮਾਰਗ ਉਤੇ ਸਥਿਤ ਹੈ। ਇਸ ਨੂੰ ਪਹਿਲਾਂ ਮਲਿਕਪੁਰ ਰੰਘੜਾਂ ਕਿਹਾ ਜਾਂਦਾ ਸੀ ਕਿਉਂਕਿ ਇਥੇ ਰੰਘੜ ਲੋਕਾਂ ਦੀ ਵਸੋਂ ਜਿਆਦਾ ਸੀ। ਹੁਣ ਇਸ ਨੂੰ ਮਲਿਕਪੁਰ ਹੀ ਆਖਿਆ ਜਾਂਦਾ ਹੈ।

### ਗੁਰਦੁਆਰਾ ਸਿੰਘ ਸਭਾ ਸਾਹਿਬ

ਇਸ ਪਿੰਡ ਨਾਲ ਸਿੱਖ ਇਤਿਹਾਸ ਦੀਆਂ ਦੋ ਘਟਨਾਵਾਂ ਦਾ ਸੰਬੰਧ ਜੁੜਦਾ ਹੈ। ਪਹਿਲੀ ਘਟਨਾ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਜੁੜਦੀ ਹੈ। ਇਸ ਘਟਨਾ ਦਾ ਜਿਕਰ *ਗੁਰੂ ਕੀਆਂ ਸਾਖੀਆਂ* ਵਿਚ ਇਸ ਤਰ੍ਹਾਂ ਮਿਲਦਾ ਹੈ ਕਿ, "ਹਾਕਮ ਸਰਹੰਦ ਸੇ ਪਤਾ ਚਲਾ ਕਿ ਗੁਰੂ ਤੇਗ ਬਹਾਦਰ ਕਸ਼ਮੀਰੀ ਬ੍ਰਾਹਮਣਾਂ ਕੀ ਫਰਿਆਦ ਲੈ ਕੇ ਦਿਹਲੀ ਜਾ ਰਹਾ ਹੈ, ਇਨ੍ਹੈ ਹਿਰਾਸਤ ਮੇਂ ਲੈ ਲੇਨਾ ਜਰੂਰੀ ਹੈ। ਨਾਜ਼ਮ ਸਰਹੰਦ ਨੇ ਚਉਂਕੀ ਸਰਦਾਰ ਰੋਪਰ ਸੇ ਲਿਖਾ ਕਿ ਉਸੇ ਬਮੈ ਹਮਰਾਹੀ ਸਿੱਖਾਂ ਗ੍ਰਿਫਤਾਰ ਕਰ ਕੇ ਮੇਰੇ ਰੋਬਰੂ ਸਰਹੰਦ ਮੇਂ ਲਾਇ ਪੇਸ਼ ਕੀਆ ਜਾਏ। ਉਧਰ ਗੁਰੂ ਜੀ ਬਮੈ ਤੀਨ ਸਿੱਖੋਂ ਕੇ ਨਦੀ ਸਰਸਾ ਪਾਰ ਹੋਇ ਕੇ ਮਲਕਪੁਰ ਰੰਘੜਾਂ ਭਾਈ ਨਗਾਹੀਏ ਸਿੱਖ ਕੇ ਗ੍ਰਿਹਿ ਮੇਂ ਆਇ ਨਿਵਾਸ ਕੀਆ। ਅਗਲੇ ਦਿਵਸ ਸੁਬਹ ਗੁਰੂ ਜੀ ਕਾ ਬਚਨ ਪਾਇ ਭਾਈ ਮਤੀ ਦਾਸ ਕੂੰਏ ਸੇ ਪਾਨੀ ਲੈਨੇ ਆਇਆ। ਭਾਵੀ ਪ੍ਰਬਲ, ਮਤੀਦਾਸ ਹਰਟ ਕੀ ਲੱਕੜੀ ਸੇ ਪਾਉਂ ਰਾਖ ਪਾਨੀ ਨਿਕਾਲਨੇ ਲਾਗਾ, ਇਸ ਕਾ ਪੈਰ ਫਿਸਲ ਗਿਆ, ਜਿਸ ਸੇ ਮਤੀਦਾਸ ਕੂੰਏਂ ਮੇਂ ਗਿਰ ਪੜਾ। ਇਸ ਕੇ ਗਿਰਨੇ ਕੀ ਆਵਾਜ ਸੁਨ ਕੇ ਗਿਰਦ ਨਿਵਾਹ ਕੇ ਲੋਕ ਆਇ ਜਮ੍ਹਾਂ ਹੂਏ। ਦੀਵਾਨ ਮਤੀਦਾਸ ਕੋਂ ਗਾਉਂ ਕੇ ਲੋਕਾਂ ਨੇ ਨਿਕਾਲਾ। ਪੂਛਨੇ ਸੇ ਪਤਾ ਚਲਾ ਕਿ ਇਹ ਗੁਰੂ ਜੀ ਸਮੇਤ ਨਗਾਹੀਏ ਕੇ ਘਰ ਠਹਿਰਾ ਹੂਆ ਹੈ। ਨਗਰ-ਵਾਸੀ ਰੰਘੜਾਂ ਨੇ ਰੋਪਰ ਕੀ ਚੌਂਕੀ ਮੇਂ ਆਇ ਪਤਾ ਦੀਆਂ ਕਿ ਹਮਾਰੇ ਗਾਉਂ ਮੇਂ

ਸਿੱਖੋਂ ਕਾ ਗੁਰੂ ਤੇਗ ਬਹਾਦਰ ਆਇਆ ਹੂਆ ਹੈ। ਚਉਂਕੀ ਸਰਦਾਰ ਨੇ ਮਲਕਪੁਰ ਜਾਇ ਗੁਰੂ ਜੀ ਕੋ ਤੀਨ ਸਿੱਖੋਂ ਕੇ ਹਮਰਾਹ ਪਕੜ ਰੋਪਰ ਮੇਂ ਲੈ ਆਂਦਾ। ਅਗਲੇ ਦਿਹੁੰ ਸੰਮਤ ਸਤਰਾਂ ਸੈ ਬਤੀਸ ਸਾਵਨ ਪ੍ਰਵਿਸ਼ਟੇ ਤੇਰਾਂ ਕੋ ਇਨ੍ਹੇ ਹਾਕਮ ਸਰਹੰਦ ਕੋ ਪੇਸ਼ ਕੀਆ ਗਿਆ।"[146]

*ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ* ਵੀ ਇਸਦੀ ਪ੍ਰੋੜਤਾ ਕਰਦਾ ਹੈ ਕਿ ਜਦੋਂ ਗੁਰੂ ਤੇਗ ਬਹਾਦਰ ਜੀ ਕਸ਼ਮੀਰੀ ਪੰਡਿਤਾਂ ਦੀ ਫਰਿਆਦ 'ਤੇ ਜਦੋਂ ਦਿੱਲੀ ਜਾਣ ਲੱਗੇ ਸਨ ਤਾਂ ਰਸਤੇ ਵਿਚ (ਮਲਿਕਪੁਰ ਦੇ ਨੇੜੇ) ਗੁਰੂ ਜੀ ਨੇ ਭਾਈ ਮਤੀਦਾਸ ਜੀ ਤੋਂ ਪਾਣੀ ਦੀ ਮੰਗ ਕੀਤੀ। ਜਦੋਂ ਮਤੀਦਾਸ ਜੀ ਨੇੜੇ ਖੂਹ ਤੋਂ ਪਾਣੀ ਲੈਣ ਗਏ ਤਾਂ ਉਹ ਖੂਹ ਵਿਚ ਡਿੱਗ ਪਏ। ਖੜਾਕ ਹੋਣ ਕਾਰਨ ਪਿੰਡ ਦੇ ਲੋਕ ਭੱਜੇ ਆਏ ਅਤੇ ਧਾੜਵੀ ਹੋਣ ਦਾ ਰੌਲਾ ਪਾਇਆ। ਉਥੇ ਉਸ ਸਮੇਂ ਰੰਘੜਾਂ ਨੇ ਰੋਪੜ੍ਹ ਤੋਂ ਫੌਜ ਮੰਗਵਾ ਕੇ ਗੁਰੂ ਤੇਗ ਬਹਾਦਰ ਜੀ ਤੇ ਮਤੀਦਾਸ ਜੀ, ਸਤੀਦਾਸ ਜੀ ਨੂੰ ਗ੍ਰਿਫਤਾਰ ਕਰਵਾ ਦਿੱਤਾ ਸੀ :

*ਮਤੀਦਾਸ ਪਾਣੀ ਕੋ ਤਬ ਗਿਆ। ਚਾਰ ਪ੍ਰਾਨੀ ਮਧ ਮਾਰਗੁ ਖੜੇ ਰਿਹਾ।।73।।*

*ਮਤੀਦਾਸ ਵਾੜੇ ਖੂਹ ਦੇ ਵੜਿਆ। ਡੰਡੇ ਸੂਤ-ਲੜ ਦੇ ਉਪਰਿ ਜਾਇ ਪੈਰ ਧਰਿਆ।*

*ਟਿੰਡ ਲੱਗਾ ਖੋਲ੍ਹਣ, ਡੰਡਾ ਹੇਠੋਂ ਟੁੱਟ ਗਿਆ।*

*ਮਤੀਦਾਸ ਡਿਗ ਖੂਹੇ ਵਿਚਿ ਪਿਆ।।74।।*

*ਹੋਇਆ ਖੜਾਕ ਲੋਕ ਸਭ ਜਾਗੇ। ਲੈ ਸੋਟੇ ਖੂਹੇ ਸੱਜੇ ਖੱਬੇ ਦੇਖਣ ਲਾਗੇ।*

*ਕਿਆ ਦੇਖਨ "ਮਧ ਮਾਰਗੁ ਖੜੋਤਾ ਹੈ ਅਸਵਾਰੁ।*

*ਤਿਨ੍ਹਾਂ ਧੁੰਮ ਪਾਈ ਪੁਕਾਰਨ : "ਧਾੜ ਵੋ ਧਾੜ"।।75।।*

*ਲੋਕ ਸੈਂਕੜੇ ਦਉੜਦੇ ਆਏ। ਸਨਮੁਖ ਸਾਹਿਬ ਦੇ ਉਠਿ ਧਾਏ।*

*ਨਫਰੁ ਨਾਲੋਂ ਨਸ-ਭਜ ਗਿਆ।*

*ਸਤੀਦਾਸ ਅਤੇ ਸਾਹਿਬ ਦੁਇ ਪ੍ਰਾਨਿ ਖੜੇ ਰਿਹਾ।।76।।*

*ਪਿੰਡ ਤੇ ਰੰਘੜ ਆਏ ਧਾਇ। ਗਹਿ ਲੀਤੇ ਸਾਹਿਬ ਅਤੇ ਸਤੀਦਾਸ ਜਾਇ।*

---

[146] ਸ੍ਵਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ,* ਪਿਆਰਾ ਸਿੰਘ ਪਦਮ (ਸੰਪਾ.), ਪੰਨੇ 80-81.

*ਮਤੀਦਾਸ ਭੀ ਖੂਹ ਤੇ ਕਢਿ ਮੰਗਾਇਆ।*

*ਸੋ ਭੀ ਨਾਲਿ ਇਨ੍ਹਾਂ ਦੇ ਆਨਿ ਰਲਾਇਆ।।77।।*

*ਉਹੁ ਭੀ ਆਹੇ ਸਿਖ ਜੱਟ, ਜਿਨ੍ਹਾਂ 'ਧਾੜ ਧਾੜ' ਸੀ ਪੁਕਾਰੀ।*

*ਪਿਛੋ ਲਗੇ ਤਲੀਆਂ ਫਾਟਣਿ ਜਾ ਗੱਲ ਬੀਤ ਗਈ ਸਾਰੀ।*

*ਛੁਡਾਇ ਰਹੇ, ਰੰਘੜ ਨਾ ਛੱਡਨ। ਜੱਟਾਂ ਸਿੱਖਾਂ ਨੂੰ ਲਗੇ ਗਾਲ੍ਹੀ ਕੱਢਨ।।78।।*

*ਭੇਜ ਆਦਮੀ ਫਉਜ ਰੋਪੜੋਂ ਮੰਗਾਈ।*

*ਜੋ ਕਛੁ ਪਾਸ ਆਹਾ, ਸੋ ਖੋਹਿ ਲੀਤਾ, ਸਾਹਿਬ ਦਿੱਤੇ ਪਕੜਾਈ।...।।79।।*[147]

ਦੂਸਰੀ ਘਟਨਾ ਭਾਈ ਬਚਿੱਤਰ ਸਿੰਘ ਨਾਲ ਜੁੜਦੀ ਹੈ। ਜਦੋਂ ਗੁਰੂ ਗੋਬਿੰਦ ਸਿੰਘ ਜੀ ਆਪਣੇ ਪਰਿਵਾਰ ਅਤੇ ਸਿੱਖਾਂ ਸਮੇਤ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਉਪਰੰਤ ਰੋਪੜ੍ਹ ਵੱਲ ਚੱਲ ਪਏ। ਗੁਰੂ ਸਾਹਿਬ ਕੀਰਤਪੁਰ ਲੰਘੇ ਹੀ ਸਨ ਕਿ ਪਿੱਛੋਂ ਪਹਾੜੀ ਅਤੇ ਮੁਗ਼ਲ ਫ਼ੌਜਾਂ ਨੇ ਤੀਰਾਂ ਅਤੇ ਗੋਲੀਆਂ ਨਾਲ ਹਮਲਾ ਕਰ ਦਿੱਤਾ। ਗੁਰੂ ਜੀ ਨੇ ਆਪਣੇ ਸਿੰਘਾਂ ਦੀ ਅਗਵਾਈ ਵਿਚ ਵੱਖ-ਵੱਖ ਜਥੇ ਬਣਾ ਕੇ ਮੁਗਲ ਸੈਨਾ ਦਾ ਟਾਕਰਾ ਕਰਨ ਲਈ ਆਖਿਆ। ਗੁਰੂ ਜੀ ਨੇ ਸਰਸਾ ਨਦੀ ਪਾਰ ਕਰਨ ਤੋਂ ਬਾਅਦ ਭਾਈ ਬਚਿੱਤਰ ਸਿੰਘ ਨੂੰ ਰੋਪੜ੍ਹ ਵਾਲੇ ਪਾਸੇ ਨੂੰ ਭੇਜਿਆ। ਇਸੇ ਦੌਰਾਨ ਭਾਈ ਬਚਿੱਤਰ ਸਿੰਘ ਦੀ ਅਗਵਾਈ ਵਾਲੇ ਜਥੇ ਦੀ ਜ਼ਬਰਦਸਤ ਲੜਾਈ ਰੰਘੜਾਂ ਦੀ ਫ਼ੌਜ ਨਾਲ ਮਲਕਪੁਰ ਪਿੰਡ ਦੇ ਸਥਾਨ ਉਤੇ ਹੋ ਗਈ। ਇਸ ਲੜਾਈ ਵਿਚ ਬਹੁਤ ਸਾਰੇ ਸਿੰਘ ਸ਼ਹੀਦ ਹੋ ਗਏ ਅਤੇ ਭਾਈ ਬਚਿੱਤਰ ਸਿੰਘ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ। ਪਿੱਛੇ ਆ ਰਹੇ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ, ਭਾਈ ਮਦਨ ਸਿੰਘ ਤੇ ਉਹਨਾਂ ਦੇ ਸਾਥੀਆਂ ਨੇ ਭਾਈ ਬਚਿੱਤਰ ਸਿੰਘ ਨੂੰ ਜ਼ਖ਼ਮੀ ਹਾਲਤ ਵਿਚ ਪਏ ਹੋਏ ਵੇਖਿਆ ਅਤੇ ਚੁੱਕ ਕੇ ਉਥੋਂ ਛੇ ਕਿਲੋਮੀਟਰ ਦੂਰ ਪਿੰਡ ਕੋਟਲਾ ਨਿਹੰਗ ਖ਼ਾਨ ਲੈ ਆਏ।[148]

ਪਿੰਡ ਮਲਿਕਪੁਰ ਦੇ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਬਾਬਾ ਹਰਪਾਲ ਸਿੰਘ ਦੁਆਰਾ ਦਿੱਤੀ ਜਾਣਕਾਰੀ ਅਨੁਸਾਰ ਪਿੰਡ ਵਿਚ ਰੰਘੜਾਂ ਦੀ ਵਸੋਂ ਜਿਆਦਾ ਹੋਣ ਕਾਰਨ ਗੁਰੂ ਸਾਹਿਬਾਨ ਦੇ ਅਸਥਾਨਾਂ ਦੀ

---

[147] ਕੇਸਰ ਸਿੰਘ ਛਿੱਬਰ, *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ,* ਪਿਆਰਾ ਸਿੰਘ ਪਦਮ (ਸੰਪਾ.), ਪੰਨੇ 115-16.

[148] ਸੂਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ,* ਪਿਆਰਾ ਸਿੰਘ ਪਦਮ (ਸੰਪਾ.), ਪੰਨਾ 154.

ਨਿਸ਼ਾਨਦੇਹੀ ਤਾਂ ਕੀ ਹੋਣੀ ਸੀ, ਉਹ ਤਾਂ ਸਿੱਖਾਂ ਨੂੰ ਇਸ ਪਿੰਡ ਵਿਚ ਇਕ ਗੁਰਦੁਆਰਾ ਸਾਹਿਬ ਦੀ ਉਸਾਰੀ ਵੀ ਨਹੀਂ ਕਰਨ ਦਿੰਦੇ ਸਨ। ਪਰ ਸਿੱਖਾਂ ਨੇ ਕਾਫ਼ੀ ਯਤਨਾਂ ਦੇ ਬਾਅਦ ਛੋਟੇ ਗੁਰਦੁਆਰੇ ਦੀ ਉਸਾਰੀ ਕਰ ਲਈ ਸੀ। ਦੇਸ਼ ਦੀ ਵੰਡ ਤੋਂ ਬਾਅਦ ਮੁਸਲਮਾਨ ਰੰਘੜ ਪਾਕਿਸਤਾਨ ਚਲੇ ਗਏ ਅਤੇ ਪਿੰਡ ਵਿਚ ਸਿੱਖਾਂ ਦੀ ਗਿਣਤੀ ਵਧ ਗਈ ਅਤੇ ਨਗਰ ਦੀ ਸੰਗਤ ਦੇ ਸਹਿਯੋਗ ਨਾਲ ਸੁੰਦਰ ਗੁਰਦੁਆਰਾ ਸਾਹਿਬ ਦੀ ਉਸਾਰੀ ਸੰਭਵ ਹੋ ਸਕੀ, ਜਿਸਦਾ ਨਾਮਕਰਨ 'ਗੁਰਦੁਆਰਾ ਸਿੰਘ ਸਭਾ' ਕੀਤਾ ਗਿਆ ਹੈ। ਇਥੇ ਹਰ ਸਾਲ ਹੋਲੇ ਮਹੱਲੇ ਉਤੇ ਅਨੰਦਪੁਰ ਸਾਹਿਬ ਜਾਣ ਵਾਲੀਆਂ ਸੰਗਤਾਂ ਲਈ ਲੰਗਰ ਲਗਾਇਆ ਜਾਂਦਾ ਹੈ। ਇਸ ਗੁਰਦੁਆਰੇ ਦਾ ਪ੍ਰਬੰਧ ਸਥਾਨਕ ਕਮੇਟੀ ਕਰਦੀ ਹੈ।[149]

## ਸਿੰਬਲ ਮਾਜਰਾ (ਜੈਤੇਵਾਲ)

ਇਹ ਅਸਥਾਨ ਨੂਰਪੁਰ ਬੇਦੀ ਦੇ ਬਿਲਕੁਲ ਨਾਲ ਲਗਦੇ ਪਿੰਡ ਸਿੰਬਲ ਮਾਜਰਾ (ਜੈਤੇਵਾਲ) ਵਿਚ ਸ਼ੁਸ਼ੋਭਿਤ ਹੈ ਅਤੇ ਕੀਰਤਪੁਰ ਸਾਹਿਬ ਤੋਂ 13 ਕਿਲੋਮੀਟਰ ਦੂਰ ਹੈ। ਰਵਾਇਤ ਅਨੁਸਾਰ ਇਸ ਪਿੰਡ ਦਾ ਨਾਂ ਸਿੰਬਲ ਮਾਜਰਾ ਇਸ ਕਰਕੇ ਪਿਆ ਕਿਉਂਕਿ ਇੱਥੇ ਸਿੰਬਲ ਦੇ ਰੁੱਖ ਬਹੁਤ ਸਨ।

### ਗੁਰਦੁਆਰਾ ਬਾਣਗੜ੍ਹ ਸਾਹਿਬ

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "...ਜਿਸ ਵੇਲੇ ਪਹਾੜੀ ਰਾਜੇ ਅਤੇ ਸ਼ਾਹੀ ਸੈਨਾ ਦਸ਼ਮੇਸ਼ ਨਾਲ ਲੜ ਰਹੀ ਸੀ, ਤਦ ਇਕ ਦਿਨ ਸਰਦਾਰ ਇਕੱਠੇ ਹੋ ਕੇ ਇੱਥੇ ਸ਼ਤਰੰਜ ਖੇਡ ਰਹੇ ਸਨ ਕਿ ਅਚਾਨਕ ਗੁਰੂ ਜੀ ਦਾ ਤੀਰ ਉਹਨਾਂ ਪਾਸ ਆ ਲੱਗਾ। ਇਸ ਪੁਰ ਉਹ ਵਡੇ ਹੈਰਾਨ ਸਨ ਕਿ ਏਹੋ ਜੇਹਾ ਕੇਹੜਾ ਧਨੁਖਧਾਰੀ ਹੈ ਜੋ ਇਤਨੀ ਦੂਰ ਤੀਰ ਮਾਰ ਸਕੇ। ਇਹ ਤਾਂ ਕੋਈ ਜਾਦੂਗਰ ਹੈ। ਇਤਨੇ ਵਿਚ ਗੁਰੂ ਜੀ ਨੇ ਦੂਜਾ ਤੀਰ ਛੱਡਿਆ ਅਤੇ ਨਾਲ ਪਤ੍ਰਿਕਾ ਲਿਖ ਘੱਲੀ ਕਿ ਜਾਦੂ ਕੋਈ ਨਹੀਂ, ਇਹ ਧਨੁਖਵਿਦਯਾ ਦੀ ਸਾਧਨਾ ਹੈ।"[150] ਇਹ ਸਭ ਦੇਖ ਕੇ ਮੁਗਲ ਸੈਨਾਪਤੀ ਅਤੇ ਅਮੀਰ ਆਦਿ ਹੈਰਾਨ ਹੋ ਗਏ ਕਿ ਗੁਰੂ ਜੀ ਇਕ ਨਿਪੁੰਨ ਤੀਰ ਅੰਦਾਜ ਹੀ ਨਹੀਂ ਬਲਕਿ ਅੰਤਰਜਾਮੀ ਵੀ ਹਨ ਜੋ ਕਿ ਮਨ ਵਿਚ ਗੱਲ ਵੀ ਜਾਣ ਲੈਂਦੇ ਹਨ। ਉਸ ਸਮੇਂ ਵਜੀਦ ਖਾਂ ਬੋਲਿਆ ਕਿ ਇਹ ਗੁਰੂ ਵੀ ਉਸ ਗੁਰੂ ਨਾਨਕ ਤੋਂ ਕੁਝ ਘੱਟ ਨਹੀਂ ਹੈ, ਜਿਸ ਨੇ ਸਾਰੇ ਹਿੰਦੂ,

---

[149] ਗੁਰਦੁਆਰਾ ਸਾਹਿਬ, ਮਲਿਕਪੁਰ ਦੇ ਗ੍ਰੰਥੀ ਬਾਬਾ ਹਰਪਾਲ ਸਿੰਘ ਦੁਆਰਾ ਦਿੱਤੀ ਜਾਣਕਾਰੀ ਅਨੁਸਾਰ।

[150] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਾਰ ਮਹਾਨ ਕੋਸ਼,* ਪੰਨਾ 852.

ਮੁਸਲਮਾਨ ਆਪਣੇ ਮੁਰੀਦ ਕਰ ਲਏ ਸਨ।[151]

ਇਸ ਘਟਨਾ ਦੀ ਯਾਦ ਵਿਚ ਮੌਜੂਦਾ ਸਮੇਂ ਵਿਚ ਇਥੇ ਗੁਰਦੁਆਰਾ ਬਾਣਗੜ੍ਹ ਸਾਹਿਬ ਦੀ ਸੁੰਦਰ ਇਮਾਰਤ ਬਣੀ ਹੋਈ ਹੈ, ਜਿਸਦੀ ਕਾਰ ਸੇਵਾ ਬਾਬਾ ਹਰਬੰਸ ਸਿੰਘ ਦਿੱਲੀ ਵਾਲਿਆਂ ਨੇ ਕਰਵਾਈ ਸੀ। ਇਸ ਗੁਰਦੁਆਰੇ ਦਾ ਪ੍ਰਬੰਧ ਸੰਨ 1989 ਈਸਵੀ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਹੈ।

## ਬਸਾਲੀ

ਇਹ ਪਿੰਡ, ਕੀਰਤਪੁਰ ਸਾਹਿਬ ਤੋਂ ਦੱਖਣ ਵੱਲ ਲਗਪਗ 20 ਕਿਲੋਮੀਟਰ ਦੀ ਦੂਰੀ ’ਤੇ ਰੂਪਨਗਰ-ਨੂਰਪੁਰ ਬੇਦੀ ਵਾਲੀ ਸੜਕ ਤੋਂ ਪਿੱਛੇ ਹਟਵਾਂ ਸਥਿਤ ਹੈ। ਬਸਾਲੀ ਇਕ ਪਹਾੜੀ ਰਿਆਸਤ ਸੀ, ਜਿਸਦਾ ਰਾਜਾ ਸਾਲਾਹੀ ਚੰਦ ਸੀ। ਉਹ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਰਧਾਲੂ ਸੀ।

### ਗੁਰਦੁਆਰਾ ਝਿੜੀ ਸਾਹਿਬ

ਇਹ ਗੁਰਦੁਆਰਾ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ ਹੈ। ਗੁਰੂ ਜੀ, ਬਸਾਲੀ ਦੇ ਰਾਜਾ ਸਾਲਾਹੀ ਚੰਦ ਦੇ ਸੱਦੇ ਉਤੇ ਨਿਰਮੋਹਗੜ੍ਹ ਤੋਂ ਸਿੱਖ-ਸੇਵਕਾਂ ਸਮੇਤ ਬਸਾਲੀ ਪਹੁੰਚੇ ਸਨ। ਗੁਰੂ ਜੀ ਇਸ ਅਸਥਾਨ ਤੇ ਲਗਪਗ 15 ਦਿਨ ਠਹਿਰੇ ਸਨ।

ਮਹਾਂਕਵੀ ਭਾਈ ਸੰਤੋਖ ਸਿੰਘ ਲਿਖਦੇ ਹਨ ਕਿ ਜਦੋਂ ਬਸਾਲੀ ਦੇ ਰਾਜੇ ਨੂੰ ਪਤਾ ਲੱਗਿਆ ਕਿ ਰਾਜਾ ਭੀਮ ਚੰਦ ਨੇ ਗੁਰੂ ਜੀ ਨਾਲ ਦਗਾ ਕੀਤਾ ਹੈ। ਉਸ ਨੇ ਗੁਰੂ ਜੀ ਨੂੰ ਅਨੰਦਪੁਰ ਦਾ ਤਿਆਗ ਕਰਨ ਦੀ ਬੇਨਤੀ ਕਰਨ ਉਪਰੰਤ ਹਮਲਾ ਕਰ ਦਿੱਤਾ ਹੈ ਤਾਂ ਬਸਾਲੀ ਦਾ ਰਾਜਾ (ਸਾਲਾਹੀ ਚੰਦ) ਆਪਣੀ ਸੈਨਾ ਸਮੇਤ ਗੁਰੂ ਜੀ ਪਾਸ ਗਿਆ ਅਤੇ ਆਪਣੀ ਰਿਆਸਤ ਬਸਾਲੀ ਵਿਚ ਚਰਨ ਪਾਉਣ ਲਈ ਬੇਨਤੀ ਕੀਤੀ :

*ਸਤੱਦ੍ਰਵ ਪਾਰ ਸੁ ਪੁਰੀ ਬਿਸਾਲੀ। ਤਹਾਂ ਰਾਵ ਇਕ ਸੁਮਤਿ ਬਿਸਾਲੀ।*
*ਸੁਨਿ ਕਰਿ ਗੁਰ ਸੰਗ ਅਧਿਕ ਬਖੇਰਾ। ਭੀਮਚੰਦ ਬਡ ਠਾਨਜੋ ਬੈਰਾ।।24।।...*
*ਤਜਾਰੀ ਕਰਤਿ ਅਰੂਢਯੋ ਰਾਵ। ਦਰਸ਼ਨ ਪਰਸਨ ਕੋ ਉਰ ਚਾਵ।*
*ਜਿਤਿਕ ਸੈਨ ਅਪਨੀ ਲੇ ਸਾਥ। ਆਨਿ ਮਿਲਜੋ ਜਹਿਂ ਬੈਠੇ ਨਾਥ।।32।।*

[151] ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖ਼ਾਲਸਾ* (ਭਾਗ ਪਹਿਲਾ), ਪੰਨਾ ੭੮੭.

*ਪਦ ਅਰਬਿੰਦਨ ਪਰ ਸਿਰ ਧਰਜੋ। ਬਹੁ ਬਿਧਿ ਬਿਨਤੀ ਬਾਕ ਉਚਰਜੋ।*

*ਪ੍ਰਭੁ ਜੀ! ਚਲਹੁ ਸੰਗ ਅਬਿ ਮੇਰੇ। ਰਿਦੈ ਜਾਨਿ ਕਰਿ ਅਪਨੇ ਚੇਰੇ।।33।।*

*ਨਿਜ ਪਾਵਨ ਕਰਿ ਕਰੀਅਹਿ ਪਾਵਨ। ਜਿਨ ਤੇ ਹੋਇ ਸਦਨ ਮਮ ਪਾਵਨ।*

*ਨਗਰ ਬਿਸਾਲੀ ਅਪਨੋ ਜਾਨਹੁ। ਰਹਹੁ ਨਿਕੇਤਿ ਬਾਸ ਕੋ ਠਾਨਹੁ।।34।।*[152]

ਇਸ ਸੰਬੰਧੀ ਪੰਡਿਤ ਤਾਰਾ ਸਿੰਘ ਨਰੋਤਮ ਇੰਵ ਲਿਖਦੇ ਹਨ, "ਨਿਰਮੋਹ ਗਢ ਮੇਂ ਪਹੁੰਚ ਬਿਸਾਲੀ ਕਾ ਰਾਵ ਗੁਰੂ ਜੀ ਕੋ ਲੇ ਗਿਆ। ਕਹਿਆ ਕਿ ਆਪ ਭੀਮ ਚੰਦ ਕਾ ਰਾਜ ਛੋਡ ਮੇਰੇ ਗ੍ਰਾਮ ਮੇਂ ਨਿਵਾਸ ਕਰੀਏ। ਰਾਵ ਕਾ ਪ੍ਰੇਮ ਦੇਖ ਗੁਰੂ ਜੀ ਗਏ। ਕਈ ਦਿਨ ਰਹਿ ਕਰ ਸ਼ਿਕਾਰ ਖੇਲਤੇ ਬਭੌਰ ਗਏ।"[153]

ਡਾ. ਰਤਨ ਸਿੰਘ ਜੱਗੀ ਅਨੁਸਾਰ, "ਰੋਪੜ੍ਹ ਜ਼ਿਲੇ ਦੇ ਕੀਰਤਪੁਰ ਨਗਰ ਤੋਂ 20 ਕਿ.ਮੀ. ਦੱਖਣ-ਪੱਛਮ ਵਾਲੇ ਪਾਸੇ ਸਥਿਤ ਇਕ ਪਿੰਡ, ਜਿਸ ਵਿਚ 'ਗੁਰਦੁਆਰਾ ਗੁਰੂ ਚੌਂਕੀ ਝਿੜਾ ਸਾਹਿਬ' ਨਾਂ ਦਾ ਇਕ ਗੁਰੂ-ਧਾਮ ਹੈ। ਸਿੱਖ ਇਤਿਹਾਸ ਅਨੁਸਾਰ ਅਕਤੂਬਰ 1700 ਈ. ਵਿਚ ਹੋਈ ਨਿਰਮੋਹਗੜ੍ਹ ਦੀ ਲੜਾਈ ਤੋਂ ਬਾਦ ਇਥੋਂ ਦੇ ਮੁਖੀਏ ਦੇ ਨਿਮੰਤ੍ਰਣ ਉਤੇ ਗੁਰੂ ਗੋਬਿੰਦ ਸਿੰਘ ਜੀ ਇਥੇ ਆਏ ਸਨ ਅਤੇ ਕੁਝ ਦਿਨ ਹਵੇਲੀ ਵਿਚ ਰਹੇ ਸਨ। ਪਰ ਉਥੇ ਹੁਣ ਕੋਈ ਵੀ ਗੁਰੂ-ਧਾਮ ਮੌਜੂਦ ਨਹੀਂ ਹੈ। ਵਰਤਮਾਨ ਗੁਰਦੁਆਰਾ ਪਿੰਡ ਦੇ ਦੱਖਣ ਵਾਲੇ ਪਾਸੇ ਸੰਨ 1982 ਈ. ਵਿਚ ਉਸਾਰਿਆ ਗਿਆ। ਇਸ ਗੁਰਦੁਆਰੇ ਦੀ ਵਿਵਸਥਾ ਸਥਾਨਕ ਸੰਗਤ ਕਰਦੀ ਹੈ।"[154]

ਗੁਰਬਚਨ ਸਿੰਘ ਨਈਅਰ ਅਤੇ ਸੁਖਦਿਆਲ ਸਿੰਘ ਅਨੁਸਾਰ, "ਗੁਰੂ ਗੋਬਿੰਦ ਸਿੰਘ ਜੀ ਨਿਰਮੋਹਗੜ੍ਹ ਵਿਖੇ ਦੁਸ਼ਮਣਾਂ ਨਾਲ ਜੰਗ ਕਰਨ ਪਿਛੋਂ ਇਥੇ ਆਏ ਸਨ। ਬਸਾਲੀ ਉਸ ਸਮੇਂ ਇਕ ਛੋਟੀ ਜਿਹੀ ਰਿਆਸਤ ਸੀ ਅਤੇ ਇਸ ਦਾ ਰਾਜਾ ਸੁਲਾਹੀ ਚੰਦ ਗੁਰੂ ਜੀ ਦਾ ਸ਼ਰਧਾਲੂ ਸੀ। ਗੁਰੂ ਜੀ ਦੇ ਇਥੇ ਪਹੁੰਚਣ ਉਤੇ ਦੁਸ਼ਮਣ ਵੱਲੋਂ ਪਿਛੋਂ ਹਮਲਾ ਕੀਤਾ ਗਿਆ। ਸਥਾਨਕ ਰਵਾਇਤ ਅਨੁਸਾਰ ਦੁਸ਼ਮਣ ਨਾਲ ਇਥੇ ਵੀ ਤਕੜੀ ਲੜਾਈ ਹੋਈ ਅਤੇ ਬਸਾਲੀ ਨਗਰ ਦਾ ਹਰ ਆਦਮੀ ਗੁਰੂ ਜੀ ਦੇ ਨਾਲ ਜੁੜ ਕੇ ਕਟ ਮਰਿਆ ਸੀ।

---

152 ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* (ਜਿਲਦ ਤੇਰਵੀਂ), ਪੰਨੇ 5380-81.

153 ਪੰਡਿਤ ਤਾਰਾ ਸਿੰਘ ਨਰੋਤਮ, *ਸ੍ਰੀ ਗੁਰਤੀਰਥ ਸੰਗ੍ਰਹਿ,* ਪੰਨਾ 156.

154 ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼,* (ਭਾਗ ਦੂਜਾ), ਪੰਨਾ 1220.

ਇਹੀ ਕਾਰਨ ਹੈ ਕਿ ਬਸਾਲੀ ਨਗਰ ਦਾ ਨਾਂ 'ਕਟਾ ਬਸਾਲੀ' ਵੀ ਲਿਆ ਜਾਂਦਾ ਹੈ, ਜਿਸ ਦਾ ਮਤਲਬ ਹੈ ਕਿ ਬਸਾਲੀ ਦਾ ਨਗਰ ਗੁਰੂ ਜੀ ਲਈ ਕਟ ਮਰਿਆ। ਬਸਾਲੀ ਵਿਖੇ ਗੁਰੂ ਜੀ ਨਾਲ ਸੰਬੰਧਿਤ ਤਿੰਨ ਥਾਵਾਂ ਹਨ। ਇਕ ਥਾਂ ਰਾਜੇ ਦੇ ਮਹਿਲਾਂ ਦੇ ਇਕ ਕਮਰੇ ਦੀ ਹੈ। ਇਥੇ ਅੱਜ ਇਕ ਫਲਾਹੀ ਦਾ ਦਰੱਖਤ ਖੜਾ ਹੈ ਅਤੇ ਇਸ ਦੇ ਹੇਠਾਂ ਇਕ ਪੱਕਾ ਥੜਾ ਹੈ। ਦੂਜਾ ਅਸਥਾਨ ਪਿੰਡ ਦੇ ਵਿਚਕਾਰ ਚੌਖੰਡੀ ਵਿਚ ਹੈ। ਇਥੇ ਇਕ ਪੱਥਰ ਪਿਆ ਹੈ ਜਿਸ ਬਾਰੇ ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਗੁਰੂ ਜੀ ਇਸ ਪੱਥਰ ਉਪਰ ਬੈਠਿਆ ਕਰਦੇ ਸਨ। ਤੀਜਾ ਅਸਥਾਨ ਪਿੰਡ ਤੋਂ ਬਾਹਰ ਪਹਾੜੀ ਢਲਾਣ ਉਤੇ ਹੈ। ਇਸ ਅਸਥਾਨ ਨੂੰ ਗੁਰੂ ਜੀ ਦੀ ਚੌਕੀ ਜਾਂ ਗੁਰੂ ਜੀ ਦੀ ਝਿੜੀ ਕਿਹਾ ਜਾਂਦਾ ਹੈ। ਇਥੇ ਸ਼ਲ ਦੇ ਕੁਝ ਦਰੱਖਤ ਖੜੇ ਹਨ ਅਤੇ ਉਨ੍ਹਾਂ ਬਾਰੇ ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਇਹ ਗੁਰੂ ਜੀ ਦੇ ਸਮੇਂ ਦੇ ਹਨ।"[155]

ਪਿੰਡ ਦੇ ਵਸਨੀਕ ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਮਨਿੰਦਰ ਸਿੰਘ ਦੇ ਦੱਸਣ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਇੱਥੇ ਦੇਹਰਾਦੂਨ ਤੋਂ ਲਿਆ ਕੇ 'ਸ਼ਲ' ਦੇ ਬੂਟੇ ਲਗਵਾਏ ਸਨ, ਜਿਹੜੇ ਕਿ ਇਕ ਝਿੜੀ ਦਾ ਰੂਪ ਧਾਰਨ ਕਰ ਗਏ ਸਨ। ਇਸੇ ਲਈ ਇਥੇ ਜੋ ਸੁੰਦਰ ਗੁਰਦੁਆਰਾ ਸੁਸ਼ੋਭਿਤ ਹੈ, ਉਸ ਨੂੰ ਗੁਰਦੁਆਰਾ ਝਿੜੀ ਸਾਹਿਬ ਆਖਿਆ ਜਾਣ ਲੱਗਾ। ਇਸ ਅਸਥਾਨ ਨੂੰ ਪਹਿਲੀ ਵਾਰ ਸੰਤ ਬਾਬਾ ਗੁਰਬਚਨ ਸਿੰਘ ਨੇ ਪ੍ਰਗਟ ਕੀਤਾ ਅਤੇ ਉਹਨਾਂ ਨੇ ਪਿੰਡ ਦੀ ਸੰਗਤ ਦੇ ਸਹਿਯੋਗ ਨਾਲ ਸੇਵਾ ਕਰਵਾਈ ਸੀ। ਇਸ ਅਸਥਾਨ ਦੀ ਕਾਰ ਸੇਵਾ ਦਾ ਜਿਆਦਾ ਕਾਰਜ ਗੁਰਮੀਤ ਸਿੰਘ ਨੇ ਕਰਵਾਇਆ ਸੀ। ਹੁਣ ਸੰਤ ਬਾਬਾ ਗੁਰਬਚਨ ਸਿੰਘ ਦਾ ਸਪੁੱਤਰ (ਸ. ਮਨਿੰਦਰ ਸਿੰਘ) ਸੇਵਾ ਕਰਵਾ ਰਿਹਾ ਹੈ। ਇਸ ਪਿੰਡ ਦੇ ਵਿਦੇਸ਼ਾਂ ਵਿਚ ਗਏ ਵਿਅਕਤੀ ਗੁਰਦੁਆਰਾ ਸਾਹਿਬ ਦੀ ਸੇਵਾ ਵਿਚ ਬਹੁਤ ਸਾਰਾ ਧਨ ਅਰਪਣ ਕਰਦੇ ਰਹਿੰਦੇ ਹਨ। ਇਸ ਅਸਥਾਨ ਦੇ ਨਾਂ ਅੱਠ ਕਿੱਲੇ ਜਮੀਨ ਵੀ ਹੈ। ਇਥੇ 14 ਕੱਤਕ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਆਮਦ ਦੀ ਯਾਦ ਵਿਚ ਸਾਲਾਨਾ ਸਮਾਗਮ ਕਰਵਾਇਆ ਜਾਂਦਾ ਹੈ।[156]

---

[155] ਗੁਰਬਚਨ ਸਿੰਘ ਨਈਅਰ, ਸੁਖਦਿਆਲ ਸਿੰਘ, *ਗੁਰੂ ਗੋਬਿੰਦ ਸਿੰਘ : ਯਾਤਰਾ ਅਸਥਾਨ, ਪਰੰਪਰਾਵਾਂ ਅਤੇ ਯਾਦ-ਚਿੰਨ,* ਪੰਨਾ 60.

[156] ਗੁਰਦੁਆਰਾ ਝਿੜੀ ਸਾਹਿਬ ਦੇ ਪ੍ਰਧਾਨ ਸ. ਮਨਿੰਦਰ ਸਿੰਘ ਨਾਲ ਹੋਈ ਗੱਲਬਾਤ ਅਨੁਸਾਰ।

## ਬਜਰੂੜ

ਪਿੰਡ ਬਜਰੂੜ, ਰੂਪਨਗਰ-ਨੂਰਪੁਰ ਬੇਦੀ ਸੜਕ ਉਤੇ ਰੂਪਨਗਰ ਤੋਂ ਲਗਪਗ 18 ਕਿਲੋਮੀਟਰ ਦੂਰੀ 'ਤੇ ਸਥਿਤ ਹੈ। ਪਿੰਡ ਦੇ ਇਕ ਬਜ਼ੁਰਗ ਦੇ ਦੱਸਣ ਅਨੁਸਾਰ ਇਸ ਪਿੰਡ ਨੂੰ ਬਜਰੂੜ ਨਾਂ ਦੇ ਰੰਘੜ ਨੇ ਵਸਾਇਆ ਸੀ, ਇਸੇ ਲਈ ਇਸਨੂੰ 'ਬਜਰੂੜ' ਆਖਿਆ ਜਾਣ ਲੱਗਾ। ਪਹਿਲਾਂ ਇਥੇ ਰੰਘੜਾਂ ਦੀ ਵਸੋਂ ਜਿਆਦਾ ਹੁੰਦੀ ਸੀ ਪਰ ਦੇਸ਼ ਦੀ ਵੰਡ ਤੋਂ ਬਾਅਦ ਇਥੋਂ ਦੇ ਵਸਨੀਕ ਮੁਸਲਮਾਨ ਪਾਕਿਸਤਾਨ ਚਲੇ ਗਏ ਹਨ।

### ਗੁਰਦੁਆਰਾ ਸਾਹਿਬ, ਬਜਰੂੜ

ਬਜਰੂੜ ਦਾ ਸੰਬੰਧ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨਾਲ ਜੁੜਦਾ ਹੈ। ਦਸਵੇਂ ਪਾਤਸ਼ਾਹ ਦੇ ਸਮੇਂ ਇਥੋਂ ਦੋ ਕਿਲੋਮੀਟਰ ਦੂਰ ਸਤਲੁਜ ਦਰਿਆ ਵਗਦਾ ਸੀ, ਜਿਸਨੂੰ 'ਸਰ੍ਹਾਂ ਦਾ ਪੱਤਣ' ਕਿਹਾ ਜਾਂਦਾ ਸੀ। ਇਥੇ ਹੀ ਰੰਘੜ, ਸਿੱਖ ਸੰਗਤਾਂ ਨੂੰ ਲੁੱਟ ਲਿਆ ਕਰਦੇ ਸਨ।

*ਗੁਰੂ ਕੀਆਂ ਸਾਖੀਆਂ* ਅਨੁਸਾਰ ਗੁਰੂ ਜੀ ਨੇ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਨੂੰ ਹੁਕਮ ਕੀਤਾ ਕਿ ਜਾ ਕੇ ਬਜਰੂੜ ਦੇ ਰੰਘੜਾਂ ਨੂੰ ਸਬਕ ਸਿਖਾਇਆ ਜਾਵੇ। ਗੁਰੂ ਜੀ ਨੇ ਭਾਈ ਉਦੈ ਸਿੰਘ ਆਦਿ ਸਿੰਘਾਂ ਨੂੰ ਵੀ ਸਾਹਿਬਜ਼ਾਦੇ ਦੇ ਨਾਲ ਭੇਜਿਆ। ਸਿੱਖਾਂ ਨੇ ਚੇਤਰ ਵਦੀ ਪੰਚਮੀਂ ਦੇ ਦਿਨ ਬਜਰੂੜ ਪਿੰਡ ਨੂੰ ਘੇਰਾ ਪਾ ਲਿਆ ਅਤੇ ਰੰਘੜਾਂ ਤੇ ਗੁੱਜਰਾਂ ਦੀ ਚੰਗੀ ਭੁਗਤ ਸਵਾਰੀ। ਇਸ ਸਮੇਂ ਰੰਘੜਾਂ ਦੇ ਦੋਵੇਂ ਮੁਖੀ ਚਿੱਤੂ ਅਤੇ ਮਿੱਤੂ ਜੰਗ ਵਿਚ ਮਾਰੇ ਗਏ।[157]

ਪਰ ਰੰਘੜ ਫਿਰ ਵੀ ਨਾ ਸਮਝੇ। ਉਹਨਾਂ ਨੇ ਅਗਲੇ ਦਿਨ ਆਈ ਸਿੱਖ ਸੰਗਤ ਨੂੰ ਫਿਰ ਲੁੱਟ ਲਿਆ। ਸੰਗਤ ਨੇ ਸਾਰੀ ਵਾਰਤਾ ਗੁਰੂ ਦਰਬਾਰ ਵਿਚ ਜਾ ਕੇ ਗੁਰੂ ਜੀ ਨੂੰ ਦੱਸੀ, ਜਿਸਦਾ ਵਰਣਨ *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਵਿਚ ਇਸ ਪ੍ਰਕਾਰ ਮਿਲਦਾ ਹੈ :

*ਦਿਵਸ ਆਗਲੇ ਸੰਗਤਿ ਆਈ। ਨਮੋ ਕੀਨਿ ਸੁਧਿ ਬੈਠਿ ਬਤਾਈ :--*

*'ਪਾਰ ਗ੍ਰਾਮ ਬਜਰੂੜ ਮਹਾਨਾ। ਸਤਿਗੁਰ ਸੰਗ ਬੈਰ ਤਿਨ ਠਾਨਾ।।19।।*

---

157 ਸ੍ਵਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ*, ਪਿਆਰਾ ਸਿੰਘ ਪਦਮ (ਸੰਪਾ.), ਪੰਨੇ 142-43.

*ਆਵਤਿ ਪਿਖਿ ਸੰਗਤਿ ਸਮੁਦਾਏ। ਸਰਿਤਾ ਨਿਕਟ ਧਾਇ ਅਗਵਾਏ।*

*ਲੂਟਯੋ ਮਾਰਗ ਕਰਿ ਬਲ ਭਾਰਾ। ਛੀਨ ਵਸਤੁ ਕੇਤਕਿ ਕੋ ਮਾਰਾ।।20।।*

*ਦੇਤਿ ਰਹੇ ਬਹੁ ਗੁਰੂ ਦੁਹਾਈ। ਨਹਿਂ ਮਾਨਹਿਂ ਕੀਨੀ ਜੜ੍ਹਤਾਈ।'*[158]

ਗੁਰੂ ਜੀ ਨੇ ਬਜਰੂੜ ਦੇ ਰੰਘੜਾਂ ਨੂੰ ਸਜਾ ਦੇਣ ਲਈ ਸਿੰਘਾਂ ਸਹਿਤ ਖੁਦ ਚੜ੍ਹਾਈ ਕੀਤੀ ਅਤੇ ਗੁੱਜਰਾਂ ਤੇ ਰੰਘੜਾਂ ਨੂੰ ਮਾਰ ਮੁਕਾਇਆ ਅਤੇ ਉਹਨਾਂ ਦਾ ਨਗਰ ਹੀ ਉਜਾੜ ਦਿੱਤਾ :

*ਜੋ ਅਬਿ ਕੋ ਕਰਿ ਹੀ ਅਪਰਾਧਾ। ਇਸ ਬਿਧਿ ਕੀ ਪੈ ਹੈ ਬਹੁ ਬਾਧਾ।*

*ਇਤਯਾਦਿਕ ਕਹਿ ਤ੍ਰਾਸ ਬਤਾਯੋ। ਦੁਰਗ ਕਿਤਿਕ ਘਰ ਸਹਿਤ ਢਹਾਯੋ।49।*

*ਇਸ ਪ੍ਰਕਾਰ ਕਰਿ ਗ੍ਰਾਮ ਉਜਾਰਾ। ਬਚਯੋ ਦੀਨ ਹ੍ਵੈ ਨਤੁ ਸਭਿ ਮਾਰਾ।*

*ਸਿੰਘ ਜੁ ਮਰੇ ਦਾਹ ਕਰਿਵਾਏ। ਘਾਇਲ ਹੁਤੇ ਸੰਗ ਉਚਵਾਏ।50।*

*ਗੁੱਜਰ ਰੰਘੜ ਸੈਂਕਰ ਮਾਰਾ। ਤਹਿਂ ਤੇ ਭਏ ਪ੍ਰਭੁ ਅਸਵਾਰਾ।*

*ਬਜੀ ਬੰਬ ਰਣਜੀਤ ਨਗਾਰਾ। ਪਹੁੰਚੇ ਆਨੰਦਪੁਰੀ ਮਝਾਰਾ।51।*

*।ਦੋਹਰਾ।।*

*ਮਾਰ ਗ੍ਰਾਮ ਬਜਰੂੜ ਕੋ ਦੁੰਦਭਿ ਦੀਹ ਬਜਾਇ।*

*ਫਤੇ ਪਾਇ ਪੁਰਿ ਮੈਂ ਪ੍ਰਵਿਸੇ ਗਰਜੇ ਫਤੇ ਬੁਲਾਇ।।1।।'*[159]

ਮੌਜੂਦਾ ਸਮੇਂ ਵਿਚ ਇਥੇ ਸੁੰਦਰ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ, ਜਿਸਦੀ ਸੇਵਾ ਬਾਬਾ ਲਾਭ ਸਿੰਘ ਕਿਲ੍ਹਾ ਅਨੰਦਗੜ੍ਹ ਸਾਹਿਬ ਵਾਲਿਆਂ ਨੇ ਕਰਵਾਈ ਹੈ। ਇਸਦੀ ਸੰਪੂਰਨਤਾ 2006 ਈਸਵੀ ਵਿਚ ਡਿਉਢੀ ਮੁਕੰਮਲ ਹੋਣ ਨਾਲ ਸੰਪੂਰਨ ਹੋਈ। ਇਸ ਗੁਰਦੁਆਰੇ ਦਾ ਪ੍ਰਬੰਧ ਸਥਾਨਕ ਕਮੇਟੀ ਕਰਦੀ ਹੈ।

## ਸਰਥਲੀ

ਇਹ ਪਿੰਡ, ਰੂਪਨਗਰ-ਨੂਰਪੁਰ ਬੇਦੀ ਵਾਲੀ ਸੜਕ ਉਤੇ ਬਜਰੂੜ ਪਿੰਡ ਤੋਂ 1 ਕਿਲੋਮੀਟਰ ਦੂਰ ਸਥਿਤ ਹੈ।

---

158 ਭਾਈ ਸੰਤੋਖ ਸਿੰਘ, *ਗੁਰ ਪ੍ਰਤਾਪ ਸੂਰਜ ਗ੍ਰੰਥ,* (ਜਿਲਦ ਬਾਹਰਵੀਂ), ਪੰਨਾ 5111.

159 ਉਹੀ, ਪੰਨਾ 5114.

### ਗੁਰਦੁਆਰਾ ਰਣਥੰਭ ਸਾਹਿਬ

ਇਹ ਗੁਰਦੁਆਰਾ ਪਿੰਡ ਸਰਥਲੀ ਵਿਚ ਰੂਪਨਗਰ-ਨੂਰਪੁਰਬੇਦੀ ਵਾਲੀ ਸੜਕ ਤੋਂ ਸੌ ਕੁ ਮੀਟਰ ਪਿੱਛੇ ਹਟਵਾਂ ਬਣਿਆ ਹੋਇਆ ਹੈ। ਗੁਰਦੁਆਰਾ ਸਾਹਿਬ ਵਿਖੇ ਲੱਗੇ ਬੋਰਡ ਉਤੇ ਲਿਖੇ ਇਤਿਹਾਸ ਅਨੁਸਾਰ ਬਜਰੂੜ ਪਿੰਡ ਦੇ ਲੋਕ ਸੰਗਤ ਨੂੰ ਲੁੱਟ ਲੈਂਦੇ ਸਨ ਤਾਂ ਉਹਨਾਂ ਨੂੰ ਸੋਧਣ ਲਈ ਗੁਰੂ ਗੋਬਿੰਦ ਸਿੰਘ ਜੀ ਬਜਰੂੜ ਆਏ। ਰੰਘੜਾਂ ਦੀ ਸੁਧਾਈ ਤੋਂ ਬਾਅਦ ਗੁਰੂ ਜੀ ਇਸ ਅਸਥਾਨ ਉਤੇ ਆਏ ਅਤੇ ਤਿੰਨ ਦਿਨ ਤੇ ਤਿੰਨ ਰਾਤਾਂ ਰਹੇ।[160]

ਡਾ. ਕਿਰਪਾਲ ਸਿੰਘ ਲਿਖਦੇ ਹਨ ਕਿ ਇਸ ਪਿੰਡ ਦਾ ਨਾਂ ਅਸਲ ਵਿਚ 'ਸਿਰਤਲੀ' ਸੀ ਕਿਉਂਕਿ ਇਥੋਂ ਇਕ ਕਿਲੋਮੀਟਰ ਦੂਰ ਪਿੰਡ ਬਜਰੂੜ ਵਿਚ ਹੋਈ ਲੜਾਈ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਯੋਧੇ ਤਲੀ ਉਤੇ ਸਿਰ ਰੱਖ ਕੇ ਲੜੇ, ਬਾਅਦ ਵਿਚ ਇਸ ਪਿੰਡ ਦਾ ਨਾਂ ਸਿਰਤਲੀ ਤੋਂ ਸਿਰਥਲੀ ਅਤੇ ਹੁਣ ਸਰਥਲੀ ਹੋ ਗਿਆ।[161]

ਗੁਰੂ ਗੋਬਿੰਦ ਸਿੰਘ ਜੀ ਨੇ ਜੰਗ ਦੀ ਸਮਾਪਤੀ ਤੋਂ ਬਾਅਦ, ਇਥੇ ਆ ਕੇ ਰਣਥੰਭ ਗੱਡ ਦਿੱਤਾ ਗਿਆ ਸੀ। ਇਸ ਲਈ ਇਥੇ ਮੌਜੂਦ ਅਸਥਾਨ ਦਾ ਨਾਮ 'ਗੁਰਦੁਆਰਾ ਰਣਥੰਭ ਸਾਹਿਬ' ਰੱਖਿਆ ਗਿਆ।[162] ਇਥੇ ਹੁਣ ਸੁੰਦਰ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ, ਜਿਸਦਾ ਪ੍ਰਬੰਧ ਸਥਾਨਕ ਕਮੇਟੀ ਕਰਦੀ ਹੈ।

## ਬ੍ਰਾਹਮਣ ਮਾਜਰਾ

ਪਿੰਡ ਬ੍ਰਾਹਮਣ ਮਾਜਰਾ ਰੂਪਨਗਰ-ਕੁਰਾਲੀ ਮਾਰਗ ਉਤੇ ਰੂਪਨਗਰ ਤੋਂ ਲਗਪਗ 12 ਕਿਲੋਮੀਟਰ ਦੀ ਦੂਰੀ 'ਤੇ ਦੱਖਣ-ਪੂਰਬ ਵਲ ਸਥਿਤ ਹੈ।

### ਗੁਰਦੁਆਰਾ ਜੰਗਸਰ ਸਾਹਿਬ

ਬ੍ਰਾਹਮਣ ਮਾਜਰਾ ਪਿੰਡ ਵਿਚ ਦੋ ਗੁਰੂ ਸਾਹਿਬਾਨ, ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਅਤੇ

---

160 ਗੁਰਦੁਆਰਾ ਰਣਥੰਭ ਸਾਹਿਬ ਵਿਖੇ ਲੱਗੇ ਬੋਰਡ ਉਤੇ ਲਿਖੇ ਇਤਿਹਾਸ ਅਨੁਸਾਰ।

161 ਕਿਰਪਾਲ ਸਿੰਘ ਅਤੇ ਹਰਿੰਦਰ ਕੌਰ, *ਪੰਜਾਬ ਦੇ ਪਿੰਡਾਂ ਦਾ ਨਾਮਕਰਨ ਅਤੇ ਇਤਿਹਾਸ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2014, ਪੰਨਾ 369.

162 http://en.m.wikipedia.org

ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਨੇ ਚਰਨ ਪਾਏ ਸਨ। ਗੁਰੂ ਹਰਿਗੋਬਿੰਦ ਸਾਹਿਬ ਦੀ ਆਮਦ ਵਾਲੇ ਅਸਥਾਨ ਉਤੇ 'ਗੁਰਦੁਆਰਾ ਜੰਗਸਰ ਸਾਹਿਬ' ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਆਮਦ ਵਾਲੇ ਅਸਥਾਨ ਉਤੇ 'ਗੁਰਦੁਆਰਾ ਗੁਰੂਗੜ੍ਹ ਸਾਹਿਬ' ਸੁਸ਼ੋਭਿਤ ਹੈ।

ਜਦੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਕੁਰੂਕੁਸ਼ੇਤਰ ਤੋਂ ਵਾਪਿਸ ਆ ਰਹੇ ਸਨ ਤਾਂ ਬ੍ਰਾਹਮਣਮਾਜਰਾ ਨਾਮਕ ਸਥਾਨ ਉਤੇ ਪਠਾਣਾਂ ਨੇ ਗੁਰੂ ਜੀ ਦਾ ਰਸਤਾ ਰੋਕ ਲਿਆ, ਜਿਸਦਾ ਵਰਣਨ *ਤਵਾਰੀਖ਼ ਗੁਰੂ ਖ਼ਾਲਸਾ* ਵਿਚ ਇਸ ਤਰ੍ਹਾਂ ਕੀਤਾ ਗਿਆ ਹੈ ਕਿ ਗੁਰੂ ਜੀ ਉਥੋਂ ਹਟਕੇ ਬਾਗਾਂ ਵਾਲੇ (ਮੋਰਿੰਡਾ ਸ਼ਹਿਰ ਦਾ ਇਕ ਨਾਂ) ਪਾਸ ਆਇ ਉਤਰੇ ਤਾਂ ਰੋਪੜੀਏ ਪਠਾਣ ਓਹ ਚਿਤਾਰ ਕੇ ਜੋ ਗੁਰੂ ਜੀ ਨੇ ਰਾਜੇ ਨੂੰ ਜਿਤਾਇਆ ਸੀ, ਆਪਣੇ ਭਾਈਚਾਰੇ ਨੂੰ ਸੰਘੋਲ, ਬਹਲੋਲਪੁਰ, ਕੀੜੀ ਬਸੀ, ਕੋਟਲੇ ਆਦਿਕ ਪਿੰਡਾਂ ਵਿਚੋਂ ਕੱਠਾ ਕਰਕੇ ਰਾਹ ਰੋਕ ਖਲੋਤੇ। ਜਦ ਗੁਰੂ ਜੀ ਬਾਮਣ ਮਾਜਰੇ ਪਾਸ ਆਏ ਤਾਂ ਪੰਜ ਛੀ ਹਜ਼ਾਰ ਪਠਾਣ ਨਗਾਰੇ, ਢੋਲ ਵਜਾਉਂਦੇ ਹੋਏ ਆ ਪਹੁੰਚੇ, ਤੀਰ ਤੁਪਕ ਦੀ ਲੜਾਈ ਹੋਣ ਲੱਗੀ। ਸਿੱਖ ਬਹੁਤ ਜਾਨ ਤੋੜਕੇ ਲੜੇ ਪਰ ਬਹੁਤਿਆਂ ਅੱਗੇ ਥੋੜਿਆਂ ਦੀ ਕੀ ਪੇਸ਼ ਜਾਏ, ਓੜਕ ਸਿੱਖ ਬਾਮਣ ਮਾਜਰੇ ਦੀ ਗੜ੍ਹੀ ਵਿਚ ਜਾ ਵੜ੍ਹੇ ਤੇ ਗੁਰੂ ਜੀ ਨੇ ਇਕ ਬ੍ਰਾਹਮਣ ਦੇ ਚੁਬਾਰੇ ਵਿਚ ਬੈਠਕੇ ਐਸੇ ਤੀਰ ਮਾਰੇ ਕਿ ਜੇਹੜਾ ਤੁਰਕ ਅੱਗੇ ਵਧੇ ਓਸੇ ਨੂੰ ਵਿੰਨ੍ਹ ਸੁਟਣਾ। ਜਿਥੋਂ ਤੋੜੀ ਗੁਰੂ ਜੀ ਦੇ ਤੀਰ ਮਾਰ ਕਰਦੇ ਸਨ ਤੁਰਕਾਂ ਦੇ ਤੀਰ ਓਤਨੀ ਦੂਰੋਂ ਸਿੱਖਾਂ ਤੋੜੀ ਨਹੀਂ ਪਹੁੰਚਦੇ ਸਨ। ਸਵੇਰ ਤੋਂ ਸੰਝ ਤੋੜੀ ਤੀਰ ਬੰਦੂਕ ਚਲਦੇ ਰਹੇ, ਅਨੇਕ ਹੱਲੇ ਤੁਰਕਾਂ ਨੇ ਗੜ੍ਹੀ ਦੇ ਦਰਵਾਜੇ ਅੰਦਰ ਜੋ ਬਿਨਾਂ ਤਾਕ ਸੀ ਆਉਣ ਨੂੰ ਕੀਤੇ, ਪਰ ਸਿੱਖ ਤੇ ਗੁਰੂ ਜੀ ਪਛਾੜਕੇ ਪਿਛੇ ਹਟਾ ਦੇਂਦੇ ਰਹੇ। ਦਰਵਾਜੇ ਅੱਗੇ ਲੋਥ ਤੇ ਲੋਥ ਚੜ੍ਹ ਗਈ, ਹਨੇਰੇ ਹੋਏ ਪਠਾਣ ਪਿੱਛੇ ਹਟਕੇ ਉਤਰ ਪਏ। ਜੇਹੜੇ ਸਿੱਖ ਘੋੜੇ ਦੌੜਾ ਗਏ ਸੇ ਓਨ੍ਹਾਂ ਕੀਰਤਪੁਰ ਖਬਰ ਜਾ ਕੀਤੀ। ਉਥੋਂ ਭਾਈ ਤਾਰੂ, ਕੁਸ਼ਾਲੀ, ਚੂਹੜ, ਰਾਮਾ, ਸਾਧੂ ਸਾਂਗਾ ਆਦਿਕ ਦਸ ਬਾਰਾਂ ਸੌ ਘੋੜ ਅਸਵਾਰ ਪਯਾਦਾ ਲੈ ਕੇ ਧਾਵਾ ਕਰਕੇ ਪੋਹ ਫੁੱਟਦੀ ਨੂੰ ਤੁਰਕਾਂ ਉਤੇ ਆ ਪਏ। ਘਸਾਘਸ ਨੇਜ਼ੇ, ਭਾਲੇ, ਤੇਗੇ, ਬਰਛੇ ਗੱਡ ਦਿੱਤੇ। ਭਾਰੀ ਕਟਾਵੱਢ ਹੋਈ, ਸਿੱਖਾਂ ਦਾ ਜੈਕਾਰਾ ਸੁਣਕੇ ਪਿੰਡ ਵਿਚੋਂ ਵੀ ਗੁਰੂ ਸਿੱਖ ਸਭ ਨਿਕਲ ਪਏ। ਫੇਰ ਤਾਂ ਦੋਹਾਂ ਪਾਸਿਆਂ ਦੇ ਹੱਲੇ ਨੇ ਤੁਰਕਾਂ ਨੂੰ ਫੁੰਡ ਸਿੱਟਿਆ। ਜਿੱਧਰ ਜਿਸਤੋਂ ਨੱਠਾ ਗਿਆ ਨੱਸ ਗਿਆ। ਸੱਤਰ-ਅੱਸੀ ਘੋੜੇ ਤੇ ਹਥਿਆਰ ਸਿੱਖਾਂ ਦੇ ਹੱਥ ਆਏ।[163]

[163] ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖ਼ਾਲਸਾ,* (ਭਾਗ ਪਹਿਲਾ), ਪੰਨੇ 601-02.

ਰਤਨ ਸਿੰਘ ਜੱਗੀ ਲਿਖਦੇ ਹਨ ਕਿ ਗੁਰੂ ਜੀ ਦੀ ਠਹਿਰ ਵਾਲੀ ਥਾਂ ਉਤੇ ਜੋ ਸਮਾਰਕ ਬਣਵਾਇਆ ਗਿਆ, ਉਸ ਦਾ ਨਾਂ 'ਗੁਰਦੁਆਰਾ ਪਾਤਿਸ਼ਾਹੀ ਛੇਵੀਂ' ਪ੍ਰਚਲਿਤ ਹੋਇਆ।"[164]

ਪ੍ਰਚਲਿਤ ਰਵਾਇਤ ਵਾਲੀ ਇਸ ਘਟਨਾ ਦਾ ਥੋੜਾ ਫਰਕ ਹੈ, ਪਿੰਡ ਦੇ ਵਸਨੀਕ ਸ. ਗੁਰਸ਼ਰਨ ਸਿੰਘ ਧਨੋਆ (ਰਿਟਾ. ਐਸ.ਡੀ.ਓ.) ਦੇ ਦੱਸਣ ਅਨੁਸਾਰ ਇਹ ਪਿੰਡ ਬ੍ਰਾਹਮਣਾਂ ਦਾ ਸੀ ਅਤੇ ਉਹਨਾਂ ਦੀ ਲੜਕੀ ਦਾ ਡੋਲਾ ਮੁਗਲਾਂ ਨੇ ਖੋਹ ਲਿਆ ਸੀ। ਉਸ ਸਮੇਂ ਇਸ ਪਿੰਡ ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ ਆਏ ਅਤੇ ਬ੍ਰਾਹਮਣਾਂ ਨੇ ਗੁਰੂ ਜੀ ਅੱਗੇ ਫਰਿਆਦ ਕੀਤੀ ਤਾਂ ਗੁਰੂ ਜੀ ਨੇ ਉਹਨਾਂ ਦੀ ਮੱਦਦ ਕੀਤੀ। ਗੁਰੂ ਜੀ ਦੀ ਅਗਵਾਈ ਵਿਚ ਸਿੱਖਾਂ ਦੀ ਜੰਗ ਮੁਗਲਾਂ ਨਾਲ ਹੋਈ ਅਤੇ ਇਸ ਜੰਗ ਵਿਚ ਕਾਫੀ ਸਿੱਖ ਵੀ ਸ਼ਹੀਦ ਹੋ ਗਏ ਸਨ ਅਤੇ ਗੁਰੂ ਜੀ ਨੇ ਕੀਰਤਪੁਰ ਤੋਂ ਹੋਰ ਸਿੰਘਾਂ ਨੂੰ ਬੁਲਾਵਾ ਭੇਜਿਆ ਤਾਂ ਦੂਜੇ ਦਿਨ ਫਿਰ ਜੰਗ ਹੋਈ ਅਤੇ ਗੁਰੂ ਜੀ ਦੀ ਜਿੱਤ ਹੋਈ। ਬ੍ਰਾਹਮਣ ਨੂੰ ਉਸ ਦੀ ਲੜਕੀ ਦਾ ਡੋਲਾ ਵਾਪਿਸ ਦਿਵਾ ਦਿੱਤਾ। ਬ੍ਰਾਹਮਣਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਹੁਣ ਤਾਂ ਆਪ ਜੀ ਨੇ ਸਾਡੀ ਰੱਖਿਆ ਕੀਤੀ ਹੈ ਪਰ ਭਵਿੱਖ ਵਿਚ ਇਹ ਲੋਕ ਸਾਨੂੰ ਫਿਰ ਪਰੇਸ਼ਾਨ ਕਰਦੇ ਰਹਿਣਗੇ ਤਾਂ ਗੁਰੂ ਜੀ ਨੇ ਉਹਨਾਂ ਦੀ ਬੇਨਤੀ ਮੰਨ ਕੇ ਉਹਨਾਂ ਦੀ ਰੱਖਿਆ ਕਰਨ ਲਈ ਘੜੂੰਆਂ ਪਿੰਡ ਤੋਂ ਧਨੋਆ ਗੋਤ ਦੇ ਪੰਜ ਜੱਟ ਸਿੱਖ ਪਰਿਵਾਰ ਲਿਆ ਕੇ ਇਥੇ ਵਸਾਏ ਸਨ। ਹੁਣ ਵੀ ਪਿੰਡ ਵਿਚ ਕਈ ਧਨੋਆ ਜੱਟ ਪਰਿਵਾਰ ਵਸਦੇ ਹਨ।[165]

ਇਸ ਅਸਥਾਨ ਦੇ ਪਰਗਟ ਹੋਣ ਦੀ ਵਿਥਿਆ ਦੱਸਦੇ ਹੋਏ ਉਹਨਾਂ ਨੇ ਕਿਹਾ ਕਿ ਇਕ ਪੁਰਾਤਨ ਬੰਦ ਹੋ ਚੁਕਾ ਖੂਹ ਸੰਤ ਬਾਬਾ ਕਪੂਰ ਸਿੰਘ ਜੀ ਜਥਾ ਭਿੰਡਰਾਂ ਦਮਦਮੀ ਟਕਸਾਲ ਵਾਲਿਆਂ ਨੇ ਪ੍ਰਗਟ ਕੀਤਾ ਸੀ। ਉਹਨਾਂ ਨੇ ਇਥੇ ਕਿਸੇ ਇਤਿਹਾਸਕ ਅਸਥਾਨ ਦੇ ਹੋਣ ਬਾਰੇ ਦੱਸਿਆ ਸੀ। ਇਸ ਤੋਂ ਬਾਅਦ ਇਹ ਅਸਥਾਨ ਛੇਵੇਂ ਪਾਤਸ਼ਾਹ ਜੀ ਨਾਲ ਸੰਬੰਧਿਤ ਪ੍ਰਗਟ ਹੋਇਆ। ਬਾਅਦ ਗਿਆਨੀ ਗੁਰਬਚਨ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਨੇ ਗੁਰਦੁਆਰਾ ਜੰਗਸਰ ਸਾਹਿਬ ਦਾ ਨੀਂਹ ਪੱਥਰ ਸੰਨ 1963 ਈਸਵੀ ਵਿਚ ਰੱਖਿਆ ਸੀ। ਇਸ ਤੋਂ ਬਾਅਦ ਪਿੰਡ ਵਿਚਲੇ ਦੋਵਾਂ ਅਸਥਾਨਾਂ ਦੀ ਕਾਰ ਸੇਵਾ ਬਾਬਾ ਲੱਖਾ ਸਿੰਘ (ਗੁਰੂ ਕਾ ਬਾਗ, ਅੰਮ੍ਰਿਤਸਰ ਸਾਹਿਬ ਵਾਲਿਆਂ) ਨੇ ਕਰਵਾਈ। ਇਸ ਅਸਥਾਨ ਉਤੇ ਪਹਿਲੀ ਵਾਰ ਨਿਸ਼ਾਨ ਸਾਹਿਬ

[164] ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼,* ਪੰਨਾ 1307.

[165] ਪਿੰਡ ਬ੍ਰਾਹਮਣਮਾਜਰਾ ਦੇ ਵਸਨੀਕ ਸ. ਗੁਰਸ਼ਰਨ ਸਿੰਘ ਧਨੋਆ (ਰਿਟਾ. ਐਸ.ਡੀ.ਓ.) ਦੇ ਦੱਸਣ ਅਨੁਸਾਰ।

ਸਥਾਪਿਤ ਕਰਨ ਅਤੇ ਸੇਵਾ ਦੀ ਆਰੰਭਤਾ ਸ. ਲਛਮਣ ਸਿੰਘ (ਮੈਂਬਰ, ਐਸ. ਜੀ. ਪੀ. ਸੀ.), ਜੋ ਕਿ ਖਿਜ਼ਰਾਬਾਦ ਦੇ ਰਹਿਣ ਵਾਲੇ ਸਨ, ਨੇ 1945 ਈਸਵੀ ਵਿਚ ਕਰਵਾਈ ਸੀ।[166] ਮੌਜੂਦਾ ਸਮੇਂ ਇਸ ਅਸਥਾਨ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਹੈ।

### ਗੁਰਦੁਆਰਾ ਗੁਰੂਗੜ੍ਹ ਸਾਹਿਬ

ਪਿੰਡ ਬ੍ਰਾਹਮਣ ਮਾਜਰਾ ਵਿਚਲੇ ਦੂਜੇ ਅਸਥਾਨ 'ਗੁਰਦੁਆਰਾ ਗੁਰੂਗੜ੍ਹ ਸਾਹਿਬ' ਦਾ ਸੰਬੰਧ ਗੁਰੂ ਗੋਬਿੰਦ ਸਿੰਘ ਜੀ ਨਾਲ ਹੈ। ਜਦੋਂ ਆਨੰਦਪੁਰ ਦਾ ਕਿਲ੍ਹਾ ਛਡਣ ਉਪਰੰਤ ਗੁਰੂ ਜੀ ਚਮਕੌਰ ਵਲ ਜਾ ਰਹੇ ਸਨ, ਤਾਂ ਕੁਝ ਸਮੇਂ ਲਈ ਪਿੰਡ ਤੋਂ ਬਾਹਰ ਰੁਕੇ।[167]

ਇਥੇ ਮੌਜੂਦਾ ਸਮੇਂ ਵਿਚ ਗੁਰਦੁਆਰਾ ਗੁਰੂਗੜ੍ਹ ਸਾਹਿਬ ਦੀ ਸੁੰਦਰ ਇਮਾਰਤ ਬਣੀ ਹੋਈ ਹੈ, ਜਿਸਦੀ ਉਸਾਰੀ ਦੀ ਸੇਵਾ ਬਾਬਾ ਲੱਖਾ ਸਿੰਘ ਅੰਮ੍ਰਿਤਸਰ ਸਾਹਿਬ ਵਾਲਿਆਂ ਨੇ ਕਰਵਾਈ ਸੀ। ਗੁਰਦੁਆਰਾ ਸਾਹਿਬ ਦੀ ਸੇਵਾ 1955-56 ਵਿਚ ਆਰੰਭ ਹੋਈ ਅਤੇ ਲਗਪਗ ਸੰਨ 2000 ਈਸਵੀ ਵਿਚ ਸੰਪੂਰਨ ਹੋਈ ਸੀ। ਇਥੇ ਗੁਰਦੁਆਰਾ ਸਾਹਿਬ ਦੇ ਨਾਲ ਹੀ ਇਕ ਸਰੋਵਰ ਵੀ ਬਣਿਆ ਹੋਇਆ ਹੈ। ਗੁਰਦੁਆਰਾ ਸਾਹਿਬ ਦੀ ਚਾਰਦੀਵਾਰੀ ਦੇ ਅੰਦਰ ਇਕ ਪੁਰਾਤਨ ਖੂਹ ਵੀ ਹੈ, ਜਿਸ ਨੂੰ ਉਪਰੋਂ ਗੁੰਬਦਨੁਮਾ ਬਣਾਇਆ ਹੋਇਆ ਹੈ। ਇਸ ਅਸਥਾਨ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਹੈ। ਇਥੇ ਸਾਲਾਨਾ ਸਮਾਗਮ ਦਸੰਬਰ ਦੇ ਮਹੀਨੇ ਕਰਵਾਇਆ ਜਾਂਦਾ ਹੈ।

## ਬੂਰਮਾਜਰਾ

ਪਿੰਡ ਬੂਰਮਾਜਰਾ ਜ਼ਿਲ੍ਹਾ ਰੂਪਨਗਰ ਵਿਚ, ਮੋਰਿੰਡਾ-ਰੋਪੜ੍ਹ ਮਾਰਗ ਉਤੇ ਚਮਕੌਰ ਸਾਹਿਬ ਤੋਂ ਲਗਪਗ 10 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਸ ਪਿੰਡ ਵਿਚੋਂ ਦੀ 'ਗੁਰੂ ਗੋਬਿੰਦ ਸਿੰਘ ਮਾਰਗ' ਗੁਜਰਦਾ ਹੈ।

### ਗੁਰਦੁਆਰਾ ਮੰਜੀ ਸਾਹਿਬ

ਇਸ ਪਿੰਡ ਨੂੰ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਦੀ ਚਰਨਛੋਹ ਪ੍ਰਾਪਤ ਹੈ। ਗੁਰੂ ਸਾਹਿਬ ਦੀ

---

[166] ਭਾਈ ਸੁਰਿੰਦਰ ਸਿੰਘ ਖ਼ਾਲਸਾ, *ਇਤਿਹਾਸ ਬੋਲਦਾ ਹੈ,* ਪੰਨਾ 47.

[167] ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼,* ਪੰਨਾ 1307.

ਆਮਦ ਦੀ ਯਾਦ ਵਿਚ ਇਤਿਹਾਸਕ 'ਗੁਰਦੁਆਰਾ ਮੰਜੀ ਸਾਹਿਬ' ਬਣਿਆ ਹੋਇਆ ਹੈ। ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਛੱਡਣ ਮਗਰੋਂ ਸਾਹਿਬਜ਼ਾਦਾ ਅਜੀਤ ਸਿੰਘ, ਜੁਝਾਰ ਸਿੰਘ ਤੇ ਹੋਰ ਸਿੰਘਾਂ ਨਾਲ 20 ਦਸੰਬਰ 1704 ਨੂੰ ਬ੍ਰਾਹਮਣ ਮਾਜਰਾ ਤੋਂ ਹੁੰਦੇ ਹੋਏ, ਪਿੰਡ ਬੂਰ ਮਾਜਰਾ ਦੇ ਸੰਘਣੇ ਜੰਗਲ ਵਿਚ ਰੁਕੇ। ਨੇੜਲੇ ਖੂਹ ਤੋਂ ਆਪਣੀਆਂ ਫ਼ੌਜਾਂ ਅਤੇ ਘੋੜਿਆਂ ਨੂੰ ਜਲ ਛਕਾਇਆ ਤੇ ਆਰਾਮ ਕੀਤਾ। ਇਸ ਸਥਾਨ 'ਤੇ ਗੁਰੂ ਜੀ ਨੂੰ ਸੂਹ ਮਿਲੀ ਸੀ ਕਿ ਔਰੰਗਜ਼ੇਬ ਦੀਆਂ ਫ਼ੌਜਾਂ ਉਹਨਾਂ ਦਾ ਪਿੱਛਾ ਕਰ ਰਹੀਆਂ ਹਨ। ਗੁਰੂ ਜੀ ਨੇ ਸਿੰਘਾਂ ਨਾਲ ਵਿਚਾਰ ਕਰਨ ਮਗਰੋਂ ਪੱਛਮ ਵੱਲ ਚਮਕੌਰ ਸਾਹਿਬ ਦੀ ਕੱਚੀ ਗੜ੍ਹੀ ਵੱਲ ਨੂੰ ਚਾਲੇ ਪਾ ਲਏ। ਪੰਡਿਤ ਤਾਰਾ ਸਿੰਘ ਨਰੋਤਮ ਲਿਖਦੇ ਹਨ, "ਇਸ ਗ੍ਰਾਮ ਮੇਂ ਪਹੁੰਚ ਕੇ ਗੁਰੂ ਜੀ ਨੇ ਜਲ ਪੀਆ। ਸਿੱਖੋਂ ਨੇ ਭੀ ਪੀਆ। ਮੁਖ ਧੋਏ ਫੇਰ ਆਗੇ ਚਲ ਦੀਏ। ਈਹਾਂ ਇਨ ਕੋ ਦੇਖ ਕਰ ਏਕ ਆਦਮੀ ਨੇ ਪਾਤਸ਼ਾਹੀ ਲਸਕਰ ਕੋ ਖਬਰ ਦਈ।"[168]

ਮਹਾਂਕਵੀ ਭਾਈ ਸੰਤੋਖ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਬੂਰਮਾਜਰਾ ਪਿੰਡ ਵਿਚ ਆਮਦ ਸੰਬੰਧੀ ਇੰਵ ਲਿਖਿਆ ਹੈ:

*ਚਲੇ ਆਪ ਨਾਥੰ ਦਿਸ਼ਾ ਦੱਛਨੀ ਕੋ। ਹੁਤੋ ਮਾਜਰਾ ਬੂਰ ਨਾਮੰ ਜਿਸੀ ਕੋ।*

*ਤਿਸੀ ਗ੍ਰਾਮ ਆਏ ਥਿਰੇ ਥੋਰ ਕਾਲਾ। ਕਹਯੋ ਦਾਸ ਕੋ 'ਨੀਰ ਆਨੋ ਉਤਾਲਾ'।।2।।*

*ਸੁਨੇ ਸਿੰਘ ਨੇ ਡੋਰ ਲੋਟਾ ਸੰਭਾਰਾ। ਤਹਾਂ ਕੂਪ ਤੇ ਨੀਰ ਨੀਕੋ ਨਿਕਾਰਾ।*

*ਗੁਰੂ ਕੋ ਦਿਯੋ ਆਨਿ ਲੀਨੋ ਤਦਾਈ। ਚੁਲੇ ਕੀਨ ਨੇਤ੍ਰੰ ਪਖਾਰੇ ਬਨਾਈ।।3।।*

*ਕਛੂ ਪਾਨ ਕੀਨ ਮਲੰਹੀਨ ਪਾਨੀ। ਹੁਤੇ ਸਿੰਘ ਸੰਗੀ ਜਿਨੇ ਚਾਹ ਠਾਨੀ।*

*ਮੁਖੰ ਧੋਇ ਲੀਨਾਂ ਚਹਯੋ ਪਾਨ ਕੀਨਾ। ਚਲੇ ਫੇਰ ਆਗੇ ਜਹਾਂ ਪੰਥ ਚੀਨਾ।।4।।*[169]

ਭਾਈ ਸੁੱਖਾ ਸਿੰਘ ਨੇ ਗੁਰੂ ਜੀ ਦੇ ਬੂਰਮਾਜਰਾ ਆਉਣ ਅਤੇ ਉਥੋਂ ਅੱਗੇ ਚਮਕੌਰ ਵੱਲ ਜਾਣ ਦਾ ਬਿਰਤਾਂਤ ਇੰਵ ਲਿਖਿਆ ਹੈ :

*ਜਬ ਲਸਕਰ ਚੜ ਕਰ ਇਤ ਗਯੋ। ਮਾਰਗ ਬੀਚ ਆਵਤੋ ਲਯੋ।।226।।*

---

[168] ਪੰਡਿਤ ਤਾਰਾ ਸਿੰਘ ਨਰੋਤਮ, *ਸ੍ਰੀ ਗੁਰੂ ਤੀਰਥ ਸੰਗ੍ਰਹਿ,* ਪੰਨਾ 163.

[169] ਭਾਈ ਸੰਤੋਖ ਸਿੰਘ, *ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ,* (ਜਿਲਦ ਤੇਰਵੀਂ), ਪੰਨਾ 5871.

*ਰੋਪਰ ਉਰੈ ਕੋਸ ਛਿਅ ਪਾਂਚ। ਬੂਰਮਾਜਰਾ ਗਾਂਵ ਸੁ ਸਾਚ।*

*ਪਾਣੀ ਪੀਤਾ ਤੇ ਚੜਿ ਧਾਇ। ਗਯੋ ਗਾਂਵ ਚਮਕੌਰ ਬਨਾਇ।।227।।*[170]

ਇਸ ਅਸਥਾਨ ਦੇ ਇਤਿਹਾਸ ਸੰਬੰਧੀ ਪਿੰਡ ਦੇ ਪੁਰਾਣੇ ਵਸਨੀਕ ਜਥੇਦਾਰ ਪ੍ਰੇਮ ਸਿੰਘ ਢਾਡੀ ਨੇ ਦੱਸਿਆ ਕਿ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਬ੍ਰਾਹਮਣਮਾਜਰਾ ਵਿਖੇ ਆਏ ਸਨ ਤਾਂ ਉਥੇ ਮੌਜੂਦ ਬੂਰਮਾਜਰਾ ਪਿੰਡ ਦੀ ਇਕ ਔਰਤ ਨੇ ਗੁਰੂ ਜੀ ਨੂੰ ਆਪਣੇ ਪਿੰਡ ਚਰਨ ਪਾਉਣ ਲਈ ਬੇਨਤੀ ਕੀਤੀ। ਗੁਰੂ ਜੀ ਨੇ ਉਸ ਨੂੰ ਕੁਝ ਇੱਟਾਂ ਦੇ ਕੇ ਕਿਹਾ ਕਿ ਆਪਣੇ ਪਿੰਡ ਵਿਚ ਖੂਹ ਲਗਵਾਉ, ਅਸੀਂ ਦਸਵੇਂ ਜਾਮੇਂ ਵਿਚ ਆ ਕੇ ਉਸ ਖੂਹ ਤੋਂ ਜਲ ਛਕਾਂਗੇ। ਉਸ ਔਰਤ ਨੇ ਪਿੰਡ ਆ ਕੇ ਇਹ ਗੱਲ ਦੱਸੀ ਤਾਂ ਪਿੰਡ ਦੀ ਸੰਗਤ ਨੇ ਗੁਰੂ ਜੀ ਦੇ ਆਦੇਸ਼ ਅਨੁਸਾਰ ਖੂਹ ਲਗਵਾ ਦਿੱਤਾ। ਫਿਰ ਜਦੋਂ ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਛੱਡਣ ਉਪਰੰਤ ਚਮਕੌਰ ਸਾਹਿਬ ਵੱਲ ਨੂੰ ਜਾ ਰਹੇ ਸਨ ਤਾਂ ਇਸ ਪਿੰਡ ਵਿਚ ਰੁਕੇ ਅਤੇ ਉਸ ਖੂਹ ਤੋਂ ਜਲ ਛਕਿਆ। ਇਹ ਪਵਿੱਤਰ ਖੂਹ ਅੱਜ ਵੀ ਗੁਰਦੁਆਰਾ ਸਾਹਿਬ ਵਿਚ ਮੌਜੂਦ ਹੈ। ਇਸ ਗੁਰਦੁਆਰੇ ਸੰਬੰਧੀ ਉਹਨਾਂ ਨੇ ਦੱਸਿਆ ਕਿ ਪਹਿਲਾਂ-ਪਹਿਲ ਇਹ ਗੁਰਦੁਆਰਾ ਉਦਾਸੀ ਸਾਧੂਆਂ ਕੋਲ ਸੀ ਅਤੇ ਉਹ ਸਿਰਫ ਇਸ ਗੁਰਦੁਆਰੇ ਦੇ ਨਾਲ ਲੱਗਦੀ ਅੱਠ ਕਿੱਲੇ ਜਮੀਨ ਦਾ ਠੇਕਾ ਲੈ ਕੇ ਪਾਕਿਸਤਾਨ (ਅਣਵੰਡੇ ਭਾਰਤ ਸਮੇਂ) ਚਲੇ ਜਾਂਦੇ ਸਨ ਅਤੇ ਹੋਰ ਕੋਈ ਵੀ ਵਿਵਸਥਾ ਨਹੀਂ ਕਰਦੇ ਸਨ। ਪਿੰਡ ਦੇ ਲੋਕਾਂ ਨੇ ਉਦਾਸੀ ਸਾਧੂਆਂ ਤੋਂ ਗੁਰਦੁਆਰੇ ਦਾ ਪ੍ਰਬੰਧ ਆਪਣੇ ਹੱਥਾਂ ਵਿਚ ਲੈਣ ਲਈ ਕੇਸ ਕਰ ਦਿੱਤਾ। ਜਿਸਦੀ ਪੈਰਵੀ ਜਥੇਦਾਰ ਪ੍ਰੇਮ ਸਿੰਘ ਢਾਡੀ ਦੇ ਪਿਤਾ ਜਥੇਦਾਰ ਮਹਿਮਾ ਸਿੰਘ ਨੇ ਕੀਤੀ ਅਤੇ ਇਹ ਕੇਸ ਨੌਂ ਸਾਲ ਸੈਸ਼ਨ ਕੋਰਟ, ਅੰਬਾਲਾ ਵਿਚ ਚੱਲਿਆ ਅਤੇ ਫੈਸਲਾ ਲਾਹੌਰ ਹਾਈਕੋਰਟ ਵਿਚ ਹੋਇਆ ਸੀ। ਇਸ ਕੇਸ ਦੇ ਫੈਸਲੇ ਤੋਂ ਪਹਿਲਾਂ ਸਾਲਸ ਨੇ ਜਥੇਦਾਰ ਮਹਿਮਾ ਸਿੰਘ ਨੂੰ ਪੁੱਛਿਆ ਕਿ ਉਸ ਅਸਥਾਨ ਉਤੇ ਕੋਈ ਨਿਸ਼ਾਨ ਸਾਹਿਬ ਹੈ ਜਾਂ ਨਹੀਂ। ਉਹਨਾਂ ਦੇ ਨਾਂਹ ਵਿਚ ਦੱਸਣ ਤੇ ਸਾਲਸ ਨੇ ਕਿਹਾ ਕਿ ਪਹਿਲਾਂ ਜਾ ਕੇ ਨਿਸ਼ਾਨ ਸਾਹਿਬ ਲਗਵਾ ਦਿਉ। ਉਹਨਾਂ ਨੇ ਪਿੰਡ ਆ ਕੇ ਨਿਸ਼ਾਨ ਸਾਹਿਬ ਲਗਵਾ ਦਿੱਤਾ ਤਾਂ ਜਦੋਂ ਲਾਹੌਰ ਤੋਂ ਸਾਲਸ ਮੌਕਾ ਦੇਖਣ ਆਇਆ ਤਾਂ ਉਸ ਨੇ ਆਪਣੀ ਰਿਪੋਰਟ ਵਿਚ ਪਿੰਡ ਵਾਸੀਆਂ ਵੱਲੋਂ ਲਗਵਾਏ ਇਤਿਹਾਸਕ ਖੂਹ ਅਤੇ ਨਿਸ਼ਾਨ ਸਾਹਿਬ ਬਾਰੇ ਵੀ ਜ਼ਿਕਰ

[170] ਭਾਈ ਸੁੱਖਾ ਸਿੰਘ, *ਗੁਰਬਿਲਾਸ ਪਾਤਿਸਾਹੀ ਦਸਮੀ,* ਮਨਵਿੰਦਰ ਸਿੰਘ (ਸੰਪਾ.), ਪੰਨਾ 338.

ਕੀਤਾ। ਇਸ ਕਾਰਨ ਹਾਈਕੋਰਟ ਲਾਹੌਰ ਨੇ ਕੇਸ ਦਾ ਫੈਸਲਾ ਪਿੰਡ ਦੀ ਸੰਗਤ ਦੇ ਹੱਕ ਵਿਚ ਕਰ ਦਿੱਤਾ। ਪਿੰਡ ਦੀ ਸੰਗਤ ਨੇ ਪਹਿਲੀ ਵਾਰ 1934 ਈਸਵੀ ਵਿਚ ਗੁਰਦੁਆਰਾ ਸਾਹਿਬ ਦੀ ਉਸਾਰੀ ਕਰਵਾਈ ਸੀ ਅਤੇ ਬਾਅਦ ਵਿਚ 1942 ਈਸਵੀ ਵਿਚ ਇਕ ਹਾਲ ਦੀ ਉਸਾਰੀ ਕਰਵਾਈ। ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ 1987 ਈਸਵੀ ਨੂੰ ਕਾਰ ਸੇਵਾ ਵਾਲੇ ਬਾਬਾ ਬਲਕਾਰ ਸਿੰਘ, ਅਨੰਦਪੁਰ ਸਾਹਿਬ ਵਾਲਿਆਂ ਨੇ ਅਤੇ ਬਾਅਦ ਵਿਚ ਬਾਬਾ ਹਰਬੰਸ ਸਿੰਘ ਦਿੱਲੀ ਵਾਲਿਆਂ ਨੇ ਕਰਵਾਈ ਸੀ।[171]

ਮੌਜੂਦਾ ਸਮੇਂ ਵਿਚ ਇਸ ਅਸਥਾਨ ਦੀ ਵਿਵਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਿੰਡ ਦੀ ਸਥਾਨਕ ਕਮੇਟੀ ਦੇ ਸਹਿਯੋਗ ਨਾਲ ਕਰ ਰਹੀ ਹੈ। ਇਸ ਅਸਥਾਨ ’ਤੇ ਸਾਲਾਨਾ ਜੋੜ ਮੇਲਾ ਦਸੰਬਰ ਮਹੀਨੇ ਵਿਚ, ਚਮਕੌਰ ਸਾਹਿਬ ਦੇ ਸ਼ਹੀਦੀ ਜੋੜ ਮੇਲੇ ਤੋਂ ਇਕ ਦਿਨ ਪਹਿਲਾਂ ਲਗਦਾ ਹੈ।

## ਤਾਲਾਪੁਰ

ਇਹ ਪਿੰਡ, ਚਮਕੌਰ ਸਾਹਿਬ-ਬੂਰਮਾਜਰਾ ਵਾਲੀ ਸੜਕ ਉਤੇ ਚਮਕੌਰ ਸਾਹਿਬ ਤੋਂ ਲਗਪਗ 5 ਕਿਲੋਮੀਟਰ ਦੂਰ ਸਥਿਤ ਹੈ। ਇਸ ਸੜਕ ਨੂੰ ‘ਗੁਰੂ ਗੋਬਿੰਦ ਸਿੰਘ ਮਾਰਗ’ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ।

### ਗੁਰਦੁਆਰਾ ਟਿੱਬੀ ਸਾਹਿਬ

ਤਾਲਾਪੁਰ ਪਿੰਡ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਆਉਣ ਦੀ ਯਾਦ ਵਜੋਂ ‘ਗੁਰਦੁਆਰਾ ਟਿੱਬੀ ਸਾਹਿਬ, ਪਾਤਿਸ਼ਾਹੀ ਦਸਵੀਂ’ ਬਣਿਆ ਹੋਇਆ ਹੈ। ਇਸ ਅਸਥਾਨ ਬਾਰੇ ਗਿਆਨੀ ਭਜਨ ਸਿੰਘ ਲਿਖਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਸਾਥੀਆਂ ਸਮੇਤ ਬੂਰਮਾਜਰਾ ਤੋਂ ਚਲ ਕੇ ਇਕ ਟਿੱਲੇ ਤੇ ਕੁਝ ਦੇਰ ਰੁਕੇ, ਇਹਨੂੰ ਸ਼ਹਿਨਸ਼ਾਹ ਦਾ ਥੇਹ ਕਿਹਾ ਜਾਂਦਾ ਸੀ। ਗੁਰੂ ਸਾਹਿਬ ਤਾਂ ਥੋੜੀ ਦੇਰ ਰੁਕ ਕੇ ਚਮਕੌਰ ਵੱਲ ਚਲੇ ਗਏ। ਪਰ ਬਾਅਦ ਵਿਚ ਇਲਾਕੇ ਦੀਆਂ ਸਿੱਖ ਸੰਗਤਾਂ ਨੇ ਇਥੇ ਗੁਰਦੁਆਰਾ ਉਸਾਰ ਲਿਆ।[172]

ਬੂਰਮਾਜਰਾ ਪਿੰਡ ਦੇ ਵਸਨੀਕ ਜਥੇਦਾਰ ਪ੍ਰੇਮ ਸਿੰਘ ਢਾਡੀ ਦੇ ਦੱਸਣ ਅਨੁਸਾਰ ਜਦੋਂ ਗੁਰੂ ਜੀ ਇਸ ਅਸਥਾਨ ਉਤੇ ਠਹਿਰੇ ਤਾਂ ਜੋ ਉਥੇ ਇਕ ਮੁਸਲਮਾਨ ਫ਼ਕੀਰ ਰਹਿੰਦਾ ਸੀ, ਉਹ ਗੁਰੂ ਜੀ ਦੇ ਦਰਸ਼ਨ

[171] ਪਿੰਡ ਬੂਰਮਾਜਰਾ ਦੇ ਜੱਦੀ-ਪੁਸ਼ਤੀ ਵਸਨੀਕ ਜਥੇਦਾਰ ਪ੍ਰੇਮ ਸਿੰਘ ਢਾਡੀ ਨਾਲ ਕੀਤੀ ਮੁਲਾਕਾਤ ਅਨੁਸਾਰ।

[172] ਗਿ. ਭਜਨ ਸਿੰਘ, *ਸਾਡੇ ਇਤਿਹਾਸਕ ਗੁਰਧਾਮ,* ਪੰਨੇ 39.

ਕਰਕੇ ਬਹੁਤ ਪ੍ਰਸੰਨ ਹੋਇਆ। ਗੁਰੂ ਜੀ ਨੇ ਉਸ ਟਿੱਬੀ ਨੂੰ ਜੰਗ ਦੇ ਨਜ਼ਰੀਏ ਨਾਲ ਦੇਖਿਆ ਤਾਂ ਸਿੰਘਾਂ ਦੀ ਸੁਰੱਖਿਆ ਦੀ ਕਮੀ ਕਾਰਨ, ਗੁਰੂ ਜੀ ਇਥੇ ਰਹਿ ਕੇ ਜੰਗ ਕਰਨ ਦਾ ਵਿਚਾਰ ਤਿਆਗ ਕੇ, ਅੱਗੇ ਚਮਕੌਰ ਸਾਹਿਬ ਵੱਲ ਚੱਲ ਪਏ। ਬਾਅਦ ਵਿਚ ਪਿੱਛੇ ਆ ਰਹੀ ਮੁਗਲ ਸੈਨਾ ਨੇ ਉਸ ਫਕੀਰ ਨੂੰ ਗੁਰੂ ਜੀ ਦੀ ਮਦਦ ਕਰਨ ਦੇ ਦੋਸ਼ ਵਿਚ ਕਤਲ ਕਰ ਦਿੱਤਾ ਸੀ। ਗੁਰਦੁਆਰਾ ਸਾਹਿਬ ਦੇ ਬਾਹਰਵਾਰ ਉਸ ਮੁਸਲਮਾਨ ਫਕੀਰ ਦੀ ਸਮਾਧ ਵੀ ਬਣੀ ਹੋਈ ਹੈ। ਸਮਾਧ ਦੇ ਨੇੜੇ ਉਸ ਸਮੇਂ ਦੀ ਇਕ ਪੁਰਾਣੀ ਖੂਹੀ ਵੀ ਮੌਜੂਦ ਹੈ, ਜਿਸ ਵਿਚ ਪਾਣੀ ਦੀ ਜਰੂਰਤ ਨੂੰ ਪੂਰਾ ਕਰਨ ਲਈ ਹੁਣ ਨਲਕਾ ਲਗਾਇਆ ਹੋਇਆ ਹੈ।[173]

ਮੌਜੂਦਾ ਸਮੇਂ ਵਿਚ ਉੱਚੀ ਟਿੱਬੀ ਉਤੇ ਗੁਰਦੁਆਰਾ ਸਾਹਿਬ ਦੀ ਇਮਾਰਤ ਬਣੀ ਹੋਈ ਹੈ, ਜਿਸਦਾ ਪ੍ਰਬੰਧ ਨਿਹੰਗ ਸਿੰਘ ਜਥੇਬੰਦੀ ਬੁੱਢਾ ਦਲ ਕੋਲ ਹੈ।

## ਦੁੱਗਰੀ

ਪਿੰਡ 'ਦੁੱਗਰੀ' ਚਮਕੌਰ ਸਾਹਿਬ ਤੋਂ 7 ਕਿਲੋਮੀਟਰ ਅਤੇ ਜ਼ਿਲ੍ਹਾ ਰੂਪਨਗਰ ਤੋਂ 12 ਕਿਲੋਮੀਟਰ ਦੀ ਦੂਰੀ 'ਤੇ ਵਸਿਆ ਹੋਇਆ ਹੈ। ਭਾਖੜਾ ਨਹਿਰ ਦੇ ਕੰਢੇ 'ਤੇ ਸਥਿਤ ਇਹ ਪਿੰਡ ਕੋਟਲੀ, ਸ਼ਾਂਤਪੁਰ, ਬਾਲਸੰਢਾ ਤੇ ਭੱਕੂਮਾਜਰਾ ਪਿੰਡਾਂ ਦੇ ਵਿਚਕਾਰ ਸਥਿਤ ਹੈ ਅਤੇ ਨੇੜਲੇ ਪਿੰਡ ਕੋਟਲੀ ਨਾਲ ਸਾਂਝ ਕਾਰਨ ਅੱਜ ਵੀ ਦੋਵਾਂ ਪਿੰਡਾਂ ਨੂੰ ਦੁੱਗਰੀ-ਕੋਟਲੀ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਰਵਾਇਤ ਅਨੁਸਾਰ ਇਸ ਜਗ੍ਹਾ 'ਤੇ ਪਹਿਲਾਂ ਸਿਰਫ਼ ਦੋ ਘਰਾਂ ਦਾ ਵਾਸਾ ਸੀ। ਆਲੇ-ਦੁਆਲੇ ਦੇ ਪਿੰਡਾਂ ਦੇ ਲੋਕ ਜਦੋਂ ਪਿੰਡ ਵਿੱਚੋਂ ਗੁਜ਼ਰਦੇ ਸਨ ਤਾਂ ਸਿਰਫ਼ ਦੋ ਘਰ ਹੋਣ ਕਾਰਨ ਅਕਸਰ ਕਹਿ ਦਿੰਦੇ ਸਨ ਕਿ ਦੋ-ਘਰੀਂ ਆ ਗਿਆ। ਇਸ ਦੋ-ਘਰੀਂ ਤੋਂ ਦੋਘਰੀ, ਦੁਘਰੀ ਤੇ ਫਿਰ ਦੁੱਗਰੀ ਨਾਂ ਪੈ ਗਿਆ।

### ਗੁਰਦੁਆਰਾ ਬੋਹੜ ਸਾਹਿਬ, ਪਾਤਸ਼ਾਹੀ ਨੌਵੀਂ

ਇਹ ਗੁਰਦੁਆਰਾ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ ਹੈ। *ਗੁਰਦੁਆਰਾ ਕੋਸ਼* ਅਨੁਸਾਰ, "ਇਸ ਪਿੰਡ ਵਿਚ ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਪਵਿੱਤਰ ਕਦਮ ਪਏ ਹਨ। ਗੁਰੂ ਗੋਬਿੰਦ ਸਿੰਘ ਜੀ ਕੋਟਲਾ ਨਿਹੰਗ ਤੋਂ ਚਮਕੌਰ ਸਾਹਿਬ ਵੱਲ ਜਾਣ ਸਮੇਂ 6 ਦਸੰਬਰ, 1705

173 ਪਿੰਡ ਬੂਰਮਾਜਰਾ ਦੇ ਜੱਦੀ-ਪੁਸ਼ਤੀ ਵਸਨੀਕ ਜਥੇਦਾਰ ਪ੍ਰੇਮ ਸਿੰਘ ਢਾਡੀ ਨਾਲ ਕੀਤੀ ਮੁਲਾਕਾਤ ਅਨੁਸਾਰ।

ਈਸਵੀ ਨੂੰ ਇਥੇ ਆਏ ਸਨ। ਗੁਰੂ ਤੇਗ ਬਹਾਦਰ ਜੀ ਆਪਣੀ ਇਕ ਪ੍ਰਚਾਰ ਫੇਰੀ ਸਮੇਂ ਇਥੇ ਆਏ ਸਨ।[174]

ਇੱਥੇ ਗੁਰੂ ਜੀ ਦੇ ਚਰਨਛੋਹ ਵਾਲੇ ਸਥਾਨ 'ਤੇ 'ਗੁਰਦੁਆਰਾ ਸ੍ਰੀ ਬੋਹੜ ਸਾਹਿਬ ਪਾਤਸ਼ਾਹੀ ਨੌਵੀਂ' ਸਥਿਤ ਹੈ। ਪਿੰਡ ਦੇ ਵਸਨੀਕ ਸ. ਅਵਤਾਰ ਸਿੰਘ (ਲੰਬੜਦਾਰ) ਦੇ ਪਰਿਵਾਰ ਪਾਸ ਇਕ ਪੁਰਾਤਨ ਲਿਖਤ (ਹੁਕਮਨਾਮਾ) ਮੌਜੂਦ ਹੈ, ਜਿਸ ਵਿਚ ਗੁਰੂ ਤੇਗ ਬਹਾਦਰ ਜੀ ਦੀ ਇਸ ਪਿੰਡ ਵਿਚ ਆਮਦ ਸੰਬੰਧੀ ਵੇਰਵਾ ਪ੍ਰਾਪਤ ਹੁੰਦਾ ਹੈ।

ਸ. ਅਵਤਾਰ ਸਿੰਘ (ਲੰਬੜਦਾਰ) ਦੇ ਦੱਸਣ ਅਨੁਸਾਰ ਇਸ ਗੁਰਦੁਆਰੇ ਦੀ ਮਲਕੀਅਤ ਨਿਹੰਗ ਸਿੰਘ ਜਥੇਬੰਦੀ ਬੁੱਢਾ ਦਲ ਦੇ ਜਥੇਦਾਰ ਬਲਵੀਰ ਸਿੰਘ ਕੋਲ ਹੈ। ਪਰ ਗੁਰਦੁਆਰਾ ਸਾਹਿਬ ਦੀ ਵਿਵਸਥਾ ਕਰਨ ਲਈ ਪਿੰਡ ਦੀ ਪ੍ਰਬੰਧਕੀ ਕਮੇਟੀ ਬਣੀ ਹੋਈ ਹੈ, ਜਿਸ ਦੇ ਪ੍ਰਧਾਨ ਸ. ਸੁਰਜੀਤ ਸਿੰਘ ਹਨ। ਗੁਰਦੁਆਰਾ ਸਾਹਿਬ ਦੀ ਸੇਵਾ-ਸੰਭਾਲ ਪੂਰੇ ਨਗਰ ਦੇ ਸਹਿਯੋਗ ਨਾਲ ਕੀਤੀ ਜਾ ਰਹੀ ਹੈ।[175]

ਗੁਰਦੁਆਰਾ ਸਾਹਿਬ ਵਿਚ ਗੁਰੂ ਜੀ ਦੇ ਸਮੇਂ ਦਾ ਭਾਰੀ ਬਰੋਟੇ ਦਾ ਦਰੱਖਤ ਹੁਣ ਵੀ ਖੜਾ ਹੈ। ਇਸ ਗੁਰਦੁਆਰੇ ਦੇ ਪਰਿਸਰ ਅੰਦਰ ਸ਼ਹੀਦ-ਸਿੰਘਾਂ ਦੀਆਂ ਸਮਾਧਾਂ ਵੀ ਬਣਾਈਆਂ ਹੋਈਆਂ ਹਨ। ਗੁਰਦੁਆਰਾ ਸਾਹਿਬ ਦੀ ਚਾਰਦੀਵਾਰੀ ਦੇ ਬਾਹਰ ਇਕ ਪੁਰਾਤਨ ਖੂਹੀ ਹੈ ਅਤੇ ਪੁਰਾਣੀ ਛੱਪੜੀ ਵਾਲੀ ਥਾਂ 'ਤੇ ਇਕ ਸਰੋਵਰ ਬਣਾਇਆ ਗਿਆ ਹੈ।

ਇੱਥੇ ਹਰ ਮਹੀਨੇ ਦਸਵੀਂ ਅਤੇ ਸੰਗਰਾਂਦ ਦਾ ਦਿਹਾੜਾ ਮਨਾਇਆ ਜਾਂਦਾ ਹੈ, ਜਿਸ ਦੌਰਾਨ ਦੂਰ-ਦੁਰਾਡੇ ਤੋਂ ਸੰਗਤ ਨਤਮਸਤਕ ਹੋਣ ਪੁੱਜਦੀ ਹੈ।

## ਚਮਕੌਰ ਸਾਹਿਬ

ਚਮਕੌਰ ਸਾਹਿਬ ਸਿੱਖ ਇਤਿਹਾਸ ਨਾਲ ਸੰਬੰਧਿਤ ਇਕ ਮਹੱਤਵਪੂਰਨ ਨਗਰ ਹੈ। ਇਹ ਮੌਜੂਦਾ ਸਮੇਂ ਵਿਚ ਜ਼ਿਲ੍ਹਾ ਰੂਪਨਗਰ ਦੀ ਇਕ ਸਬ-ਤਹਿਸੀਲ ਹੈ। ਇਹ ਸ਼ਹਿਰ ਰੋਪੜ੍ਹ ਤੋਂ ਪੰਦਰਾਂ ਕਿਲੋਮੀਟਰ ਦੀ ਦੂਰੀ 'ਤੇ ਸਰਹਿੰਦ ਨਹਿਰ ਦੇ ਕੰਢੇ ਉਤੇ ਸਥਿਤ ਹੈ।

ਚਮਕੌਰ ਸਾਹਿਬ ਇਕ ਪੁਰਾਣਾ ਸ਼ਹਿਰ ਹੈ, ਇਸ ਦਾ ਸੰਬੰਧ ਰਮਾਇਣ ਕਾਲ ਨਾਲ ਜੁੜਦਾ ਦੱਸਿਆ

---

[174] ਜਸਬੀਰ ਸਿੰਘ ਸਰਨਾ, ਦਿਲਜੀਤ ਸਿੰਘ ਬੇਦੀ, *ਗੁਰਦੁਆਰਾ ਕੋਸ਼,* ਪੰਨਾ 241.

[175] ਪਿੰਡ ਦੁੱਗਰੀ ਦੇ ਵਸਨੀਕ ਸ. ਅਵਤਾਰ ਸਿੰਘ (ਲੰਬੜਦਾਰ) ਨਾਲ ਕੀਤੀ ਮੁਲਾਕਾਤ ਅਨੁਸਾਰ।

ਜਾਂਦਾ ਹੈ। ਆਖਿਆ ਜਾਂਦਾ ਹੈ ਕਿ ਇਹ ਸ਼ਹਿਰ ਰਮਾਇਣ ਕਾਲ ਵਿਚ ਆਬਾਦ ਹੋਇਆ ਸੀ, ਬਾਅਦ ਵਿਚ ਉਜੜ ਗਿਆ ਸੀ। ਹੁਣ ਇਥੇ ਸੰਘਣੀ ਆਬਾਦੀ ਹੋਣ ਕਾਰਨ ਥੇਹ ਦੀ ਖੁਦਾਈ ਕਰਕੇ ਪਰਖ ਨਹੀਂ ਕੀਤੀ ਜਾ ਸਕੀ। ਇਹ ਵੀ ਪਤਾ ਚੱਲਦਾ ਹੈ ਕਿ ਪਹਿਲਾਂ ਇਥੇ ਹੜੱਪਾ ਕਾਲ ਦੇ ਲੋਕ ਵਸੇ ਸਨ ਪਰ ਬਾਅਦ ਵਿਚ ਇਹ 600 ਈ. ਤੋਂ ਲੈ ਕੇ 1300 ਈ. ਤੱਕ ਉਜੜਿਆ ਰਿਹਾ। ਪਿੱਛੋਂ ਇਹ ਫਿਰ ਆਬਾਦ ਹੋ ਗਿਆ।...ਲੋਕਾਂ ਵਿਚ ਇਹ ਗੱਲ ਵੀ ਪ੍ਰਚਲਿਤ ਸੀ ਕਿ ਚਮਕੌਰ ਪੰਚਾਲ ਦੇ ਰਾਜਾ ਦਰੁਪਦ ਜਾਂ ਦਰੋਪਦ ਦੀ ਰਾਜਧਾਨੀ ਸੀ ਅਤੇ ਇਸ ਅਨੁਮਾਨ ਵੀ ਲਗਾਇਆ ਜਾਂਦਾ ਸੀ ਕਿ ਸ਼ਾਇਦ ਇਸਦਾ ਨਾਂ ਰਾਜਾ ਦਰੋਪਦ ਦੀ ਦਾਦੀ ਚੰਪਾਵਤੀ ਦੇ ਨਾਂ ਤੇ ਪਿਆ ਹੋਵੇ।[176]

ਚਮਕੌਰ ਸਾਹਿਬ ਸਿੱਖ ਇਤਿਹਾਸ ਨਾਲ ਸੰਬੰਧਿਤ ਇਕ ਪ੍ਰਮੁਖ ਧਾਰਮਿਕ ਅਸਥਾਨ ਹੈ। ਗੁਰੂ ਗੋਬਿੰਦ ਸਿੰਘ ਜੀ ਇਸ ਨਗਰ ਵਿਚ ਦੋ ਵਾਰ ਆਏ ਸਨ, ਪਹਿਲੀ ਵਾਰ ਕੁਰਕੁਸ਼ੇਤਰ ਤੋਂ ਵਾਪਸੀ ਦੇ ਸਮੇਂ ਅਤੇ ਦੂਜੀ ਵਾਰ ਅਨੰਦਪੁਰ ਸਾਹਿਬ ਛੱਡਣ ਉਪਰੰਤ ਆਏ ਸਨ।

ਗਿਆਨੀ ਠਾਕਰ ਸਿੰਘ 'ਚਮਕੌਰ ਸਾਹਿਬ' ਸੰਬੰਧੀ ਇੰਞ ਲਿਖਦੇ ਹਨ ਕਿ ਬੂਰ ਮਾਜਰੇ ਤੋਂ ਟੁਰ ਕੇ ਮਹਾਰਾਜ ਏਥੇ ਪਹੁੰਚੇ ਅਤੇ ਪਾਤਸ਼ਾਹੀ ਲਸ਼ਕਰ ਟਿੱਡੀ ਦਲ ਦੀ ਤਰ੍ਹਾਂ ਆ ਪੁੱਜਾ। ਪਹਿਲੇ ਮਹਾਰਾਜ ਬਾਹਰ ਬਾਗ ਵਿਚ ਉਤਰੇ ਅਤੇ ਦਲ ਬੇਸ਼ਮਾਰ ਆਇਆ ਦੇਖ ਨਗਰ ਵਿਚ ਕਿਲ੍ਹਾ ਜਾ ਰੋਕਿਆ ਅਤੇ ਚਾਰੋ ਤਰਫ ਸਿੰਘ ਸਾਵਧਾਨ ਕੀਤੇ। ਇਕ ਤਰਫ ਆਪ ਬਾਰੀ ਵਿਚ ਬੈਠੇ ਦੇਖ ਰਹੇ ਸਨ। ਪਹਿਲੇ ਵਾਰੋ-ਵਾਰੀ 35 ਸਿੰਘ, ਅਨੇਕਾਂ ਨੂੰ ਮਾਰ ਫਤਹ ਗਜਾ, ਗੁਰਪੁਰ ਸ਼ਹੀਦ ਹੋ ਪਹੁੰਚੇ ਅਤੇ ਫੇਰ ਮਹਾਰਾਜ ਜੀ ਦੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਸਾਹਿਬ ਜੀ ਨੇ ਇਹਨਾਂ ਦੇ ਜਰਵਾਣਿਆਂ ਨੂੰ ਮਾਰ-ਮਾਰ ਸੱਥਰ ਪਾਏ। ਓੜਕ ਕਮਰਕੱਸਾ ਕਰ, ਫਤਹ ਗਜਾਇ ਗੁਰੂਪੁਰ ਪਹੁੰਚੇ। ਉਪਰੰਤ ਬਾਬਾ ਜੁਝਾਰ ਸਿੰਘ ਜੀ, ਗੁਰੂ ਪਿਤਾ ਜੀ ਦੀ ਆਗਿਆ ਮੰਨ, ਜੁੱਧ ਭੂਮੀ ਨੂੰ ਰੰਗ-ਭੂਮੀ ਬਣਾ ਸ਼ੱਤਰੂਆਂ ਨੂੰ ਮੁਕਾ ਗੁਰਪੁਰ ਪਧਾਰੇ। ਰਾਤ ਪੈ ਗਈ। ਪੰਜਾਂ ਸਿੰਘਾਂ ਨੇ ਹੱਥ ਜੋੜ ਬੇਨਤੀ ਕੀਤੀ, ਮਹਾਰਾਜ ! ਆਪ ਪੰਥ ਦਾ ਮੂਲ ਕਾਰਨ ਹੋ। ਆਪ ਇਸ ਜਗ੍ਹਾ ਥੀਂ ਟੁਰ ਜਾਓ। ਮਹਾਰਾਜ ਜੀ ਨੇ ਬਹੁਤ ਕਿਹਾ, ਨਹੀਂ ਜਾਣਾ। ਪਰ ਬਾਰੰਬਾਰ ਸਿੱਖਾਂ ਦੇ ਕਰੇ ਅਤੇ ਉਹਨਾਂ ਦੁਆਰਾ ਗੁਰੂ-ਪੰਥ ਦੇ

---

[176] ਕੁਲਦੀਪ ਸਿੰਘ ਕੱਬਰਵਾਲ (ਸਰਵੇਖਕ), *ਸਰਵੇਖਣ ਚਮਕੌਰ ਸਾਹਿਬ,* ਅਨੋਖ ਸਿੰਘ, ਅਜੀਤ ਸਿੰਘ (ਸੰਪਾ.), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1990, ਪੰਨਾ 14.

ਪ੍ਰਤੀਨਿਧਾਂ ਵਜੋਂ ਕੀਤੇ ਹੁਕਮਨਾਮੇ ਦਾ ਸਤਿਕਾਰ ਕਰਦੇ ਹੋਏ, ਭਾਈ ਸੰਤ ਸਿੰਘ ਨੂੰ ਆਪਣੀ ਪੁਸ਼ਾਕ ਪਹਰਾਇ, ਕਲਗੀ ਜਿਗ੍ਹਾ ਸਜਾਇ, ਗੱਦੀ ਬੈਠਾਇ, ਮਹਾਰਾਜ ਕਿਲ੍ਹੇ ਵਿਚੋਂ ਟੁਰ ਪਏ। ਭਾਈ ਸੰਤ ਸਿੰਘ ਜੀ ਤੀਰਾਂ ਦੀ ਬਰਖਾ ਕਰਦੇ ਹੋਏ ਥੋੜ੍ਹੀ ਦੇਰ ਪਿਛੋਂ ਸ਼ਹੀਦ ਹੋਏ।[177] ਸ੍ਰੀ ਚਮਕੌਰ ਸਾਹਿਬ ਵਿਚ ਇਸ ਘਟਨਾ ਦੀ ਯਾਦ ਵਜੋਂ ਸੱਤ ਗੁਰਦੁਆਰੇ ਸੁਸ਼ੋਭਿਤ ਹਨ, ਜਿਹਨਾਂ ਦਾ ਇਤਿਹਾਸਕ ਵੇਰਵਾ ਨਿਮਨ ਅਨੁਸਾਰ ਹੈ :

**ਗੁਰਦੁਆਰਾ ਰਣਜੀਤਗੜ੍ਹ ਸਾਹਿਬ**

ਇਹ ਧਾਰਮਿਕ ਅਸਥਾਨ ਚਮਕੌਰ ਸਾਹਿਬ ਵਿਚਲਾ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ ਸਭ ਤੋਂ ਪਹਿਲਾ ਇਤਿਹਾਸਕ ਗੁਰਦੁਆਰਾ ਹੈ, ਜਿਹੜਾ ਕਿ ਸ਼ਹਿਰ ਦੇ ਦੱਖਣ ਵੱਲ ਸਥਿਤ ਹੈ।

ਭਾਈ ਸੰਤੋਖ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਚਮਕੌਰ ਆਉਣ ਬਾਰੇ ਲਿਖਿਆ ਹੈ ਕਿ ਗੁਰੂ ਜੀ ਥਨੇਸਰ ਤੋਂ ਹੌਲੀ-ਹੌਲੀ ਚਲਦੇ ਹੋਏ ਚਮਕੌਰ ਵਿਚ ਪਹੁੰਚੇ। ਗੁਰੂ ਜੀ ਦੇ ਦਰਸ਼ਨ ਕਰਨ ਲਈ ਇਥੇ ਬਹੁਤ ਸੰਗਤ ਆਉਣ ਲੱਗੀ। ਪਹਾੜੀ ਰਾਜਿਆਂ ਨੇ ਗੁਰੂ ਜੀ ਦੇ ਪਿੱਛੇ ਆਪਣੇ ਸੂਹੀਏ ਵੀ ਛੱਡੇ ਹੋਏ ਸਨ ਤਾਂ ਜੋ ਕਿਸੇ ਵੀ ਸਮੇਂ ਗੁਰੂ ਜੀ ਨਾਲ ਜੰਗ ਕਰ ਸਕਣ :

*ਕ੍ਰਮ ਕ੍ਰਮ ਮਗ ਉਲੰਘ ਕਰਿ ਆਏ। ਬਸਹਿ ਗ੍ਰਾਮ ਚਮਕੌਰ ਜਿਥਾਏ।*
*ਉਤਰ ਪਰੇ ਕਰਿਬੇ ਹਿਤ ਡੇਰਾ। ਆਇਓ ਸਕਲ ਵਹੀਰ ਪਿਛੇਰਾ।।14।। ...*
*ਸ੍ਰੀ ਗੁਰੁ ਬਾਸ ਕੀਨ ਚਮਕੌਰ। ਸੰਗਤਿ ਘਨੀ ਬਸੀ ਤਿਸ ਠੌਰ।*
*ਆਨੰਦਪੁਰਿ ਮਹਿਂ ਸੁਧਿ ਜਬਿ ਗਈ। ਸੈਨਾਂ ਸਿੰਘਨ ਆਵਤਿ ਭਈ।।34।।*
*ਅਪਰ ਸਮਾਜ ਘਨੇ ਚਲਿ ਆਯੋ। ਜੋ ਜੋ ਚਹਿਯਹਿ ਸੋ ਮੰਗਵਾਯੋ।*
*ਡੇਰਾ ਭਯੋ ਗੁਰੂ ਕੋ ਭਾਰੀ। ਰਾਖੇ ਦੂਤ ਲਗਾਇ ਪਹਾਰੀ।।35।।* [178]

ਚਮਕੌਰ ਦੀ ਪਹਿਲੀ ਜੰਗ ਸੰਬੰਧੀ ਭਾਈ ਸੰਤੋਖ ਸਿੰਘ ਲਿਖਦੇ ਹਨ ਕਿ ਜਦੋਂ ਭੀਮਚੰਦ ਨੇ ਜਾਣਿਆ ਕਿ ਲਾਹੌਰ ਦੇ ਦੋ ਸੈਨਾਪਤੀ (ਸੈਦਾ ਬੇਗ ਅਤੇ ਅਲਫ਼ ਖਾਨ) ਦਿੱਲੀ ਨੂੰ ਜਾ ਰਹੇ ਹਨ ਤਾਂ ਉਸ ਨੇ ਗੁਰੂ ਜੀ

---

[177] ਗਿਆਨੀ ਠਾਕਰ ਸਿੰਘ, *ਸ੍ਰੀ ਗੁਰਦੁਆਰੇ ਦਰਸ਼ਨ,* ਪੰਨਾ 223.

[178] ਭਾਈ ਸੰਤੋਖ ਸਿੰਘ, *ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ,* (ਜਿਲਦ ਤੇਰਵੀਂ), ਪੰਨੇ 5599 ਤੇ 5603.

ਉਤੇ ਹਮਲਾ ਕਰਵਾਉਣ ਲਈ ਚੰਗਾ ਮੌਕਾ ਜਾਣਿਆ। ਪਹਾੜੀ ਰਾਜਿਆਂ ਨੇ ਆਪਣੇ ਵਜੀਰਾਂ ਰਾਹੀਂ ਉਹਨਾਂ ਸੈਨਾਪਤੀਆਂ ਨੂੰ ਸੁਨੇਹਾ ਭੇਜਿਆ ਕਿ ਗੁਰੂ ਜੀ ਚਮਕੌਰ ਵਿਚ ਖੁੱਲੇ ਮੈਦਾਨ ਵਿਚ ਹੀ ਬੈਠੇ ਹਨ, ਕੋਈ ਕਿਲ੍ਹਾ ਵੀ ਨਹੀਂ ਹੈ, ਇਸ ਲਈ ਉਹਨਾਂ ਨੂੰ ਉਸ ਸਥਾਨ ਤੇ ਜਿੱਤਣਾ ਬਹੁਤ ਸੌਖਾ ਹੈ। ਪਹਾੜੀ ਰਾਜਿਆਂ ਦੀ ਸਲਾਹ ਅਨੁਸਾਰ ਉਹ ਦੋਵੇਂ ਆਪਣੀਆਂ ਫੌਜਾਂ ਲੈ ਕੇ ਸਤਲੁਜ ਪਾਰ ਕਰਕੇ ਚਮਕੌਰ ਵੱਲ ਨੂੰ ਚੜ੍ਹ ਆਏ। ਜਦੋਂ ਸਿੱਖਾਂ ਨੇ ਨਗਾਰੇ ਵੱਜਦੇ ਸੁਣੇ ਤਾਂ ਉਹਨਾਂ ਨੇ ਵੀ ਰਣਜੀਤ ਨਗਾਰਾ ਵਜਾ ਦਿੱਤਾ। ਇਥੇ ਗੁਰੂ ਜੀ ਦੀ ਅਗਵਾਈ ਵਿਚ ਸਿੱਖ ਸੈਨਾ ਨੇ ਵੀ ਉਹਨਾਂ ਦਾ ਮੁਕਾਬਲਾ ਬੜੀ ਦਲੇਰੀ ਨਾਲ ਕੀਤਾ :

*ਦ੍ਵੈ ਉਮਰਾਵ ਲਹੌਰ ਕੇ ਦਿੱਲੀ ਕੇ ਮਗ ਜਾਤਿ।*
*ਭੀਮ ਚੰਦ ਸੁਨਿ ਬਾਤ ਕੋ ਘਾਤ ਜਾਨਿ ਭਲਿ ਭਾਂਤਿ।।1।। ...*
*ਪਰਲੇ ਪਾਰ ਗ੍ਰਾਮ ਚਮਕੌਰ। ਬੁਰਜ ਨ ਦੁਰਗ ਅਟਾ ਤਿਸ ਠੌਰ।*
*ਥਲ ਮਦਾਨ ਮਹਿਂ ਉਤਰਯੋ ਡੇਰਾ। ਪਰਹੁ ਅਚਾਨਕ ਲੀਜੈ ਘੇਰਾ।।9।। ...*
*ਸਤੁੱਦ੍ਰਵ ਉਲੰਘਿ ਆਇ ਦਲ ਸਾਰਾ। ਸੁਨਯੋਂ ਖਾਲਸੇ ਬਜਤਿ ਨਗਾਰਾ।*
*ਇਤਨੇ ਮਹਿਂ ਇਕ ਨਰ ਚਲਿ ਆਯੋ। ਦਲ ਮਹਿਂ ਹੁਤੋ ਭੇਤ ਸਭਿ ਲਯਾਯੋ।।11।। ...*
*ਸੁਨਿ ਕਲਗੀਧਰ ਹੁਕਮ ਉਚਾਰਾ। ਦਿਹੁ ਬਜਾਇ ਰਣਜੀਤ ਨਗਾਰਾ।*
*ਡਾਲਿ ਹਯਨਿ ਪਰ ਜ਼ੀਨ ਉਤਾਲੇ। ਤੁਪਕ ਖੜਗ ਧਨੁ ਢਾਲ ਸੰਭਾਲੇ।।14।।* [179]

ਗੁਰੂ ਜੀ ਨੇ ਕ੍ਰਿਪਾ ਦ੍ਰਿਸ਼ਟੀ ਧਾਰ ਕੇ ਚੜ੍ਹਾਈ ਕਰਕੇ ਆਏ ਮੁਗਲ ਸੈਨਾਪਤੀ ਸੈਦਾ ਬੇਗ ਵੱਲ ਵੇਖਿਆ ਤਾਂ ਉਸ ਨੂੰ ਸੁਮਤਿ ਆ ਗਈ ਤੇ ਉਹ ਗੁਰੂ ਜੀ ਦਾ ਮੁਰੀਦ ਬਣ ਗਿਆ। ਉਹ ਤੁਰਕ ਸੈਨਾ ਦਾ ਸਾਥ ਛੱਡ ਕੇ, ਗੁਰੂ ਜੀ ਦੀ ਸ਼ਰਨ ਵਿਚ ਆ ਗਿਆ। ਜਦੋਂ ਅਲਫ਼ ਖਾਨ ਨੇ ਦੇਖਿਆ ਕਿ ਉਸਦਾ ਇਕ ਸਾਥੀ ਗੁਰੂ ਜੀ ਦੀ ਸ਼ਰਨ ਵਿਚ ਚਲਾ ਗਿਆ ਹੈ ਤਾਂ ਉਸ ਨੇ ਵੀ ਆਪਣੀਆਂ ਸੈਨਾਵਾਂ ਪਿੱਛੇ ਹਟਾ ਲਈਆਂ ਕਿ ਹੁਣ ਜਿੱਤਣਾ ਅਸੰਭਵ ਹੈ। ਸਿੱਖ ਸੈਨਾ ਜੇਤੂ ਰਹੀ। ਸੈਦਾ ਬੇਗ ਗੁਰੂ ਜੀ ਪਾਸ ਆਇਆ ਅਤੇ ਚਰਨਾਂ ਉਤੇ ਬੰਦਨਾ ਕੀਤੀ :

---

[179] ਭਾਈ ਸੰਤੋਖ ਸਿੰਘ, *ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ,* (ਜਿਲਦ ਤੇਰਵੀਂ), ਪੰਨੇ 5603-04.

*ਪੰਜ ਹਜ਼ਾਰੀ ਇਕ ਉਮਰਾਵ। ਸੈਦਾਬੇਗ ਜਿਸੀ ਕੋ ਨਾਵ।*

*ਤਿਨ ਸਤਿਗੁਰ ਦਿਸ਼ ਦ੍ਰਿਸ਼ਟਿ ਚਲਾਈ। ਤਤਛਿਨ ਰਿਦੇ ਸਮੁਤਿ ਹੁਇ ਆਈ।।16।।*

*ਜਾਗ ਪਰੈ ਪੂਰਬਲੇ ਭਾਗਾ। ਸੁਪਤਿ ਉਠਜੋ ਜਿਮ ਲਗ ਅਨੁਰਾਗਾ।*

*ਜੇਤਿਕ ਚਮੂੰ ਕਹੇ ਮੈਂ ਹੁਤੀ। ਸਭਿ ਕੀ ਅਪਨ ਸੰਗ ਕਰ ਮਤੀ।।17।। ...*

*ਤਜਿ ਤੁਰਕਨਿ ਕੇ ਦਲ ਕੋ ਸਾਥ। ਮਿਲਜੋ ਖਾਲਸੇ ਸਨ ਕਹਿ ਗਾਥ।*

*ਜਿਮ ਤੁਮ ਗੁਰ ਕੇ ਸਿੱਖ ਬਡੇਰੇ। ਤਥਾ ਪਿਖੀਜੈ ਮੋ ਕੋ ਚੇਰੇ।।22।। ...*

*ਅਲਫ ਖਾਨ ਪਿਖਿ ਕਰਿ ਬਿੱਪ੍ਰੀਤ।-ਸਾਥੀ ਫਟਯੋ ਕਹਾਂ ਅਬਿ ਜੀਤ ?-।*

*ਸਨੇ ਸਨੇ ਨਿਜ ਸੈਨ ਹਟਾਈ। ਤਊ ਖ਼ਾਲਸਾ ਮਾਰਤਿ ਜਾਈ।।24।। ...*

*ਜਹਾਂ ਖਲੇ ਕਲਗ਼ੀਧਰ ਧੀਰ। ਉਰ ਪ੍ਰਮੋਦ ਧਰਿ ਪਹੁੰਚੇ ਤੀਰ।*

*ਸੈਦਾਬੇਗ ਉਤਰਿ ਹਯ ਤਰੇ। ਗੁਰ ਕੇ ਚਰਨ ਬੰਦਨਾ ਕਰੇ।।26।।* [180]

ਇਸ ਸੰਬੰਧੀ *ਗੁਰੂ ਕੀਆਂ ਸਾਖੀਆਂ* ਵਿਚ ਵਰਣਨ ਇੰਞ ਮਿਲਦਾ ਹੈ ਕਿ ਜਦੋਂ ਗੁਰੂ ਗੋਬਿੰਦ ਸਿੰਘ ਜੀ ਕੁਰਕੁਸ਼ੇਤਰ ਤੋਂ ਵਾਪਿਸ ਅਨੰਦਪੁਰ ਸਾਹਿਬ ਨੂੰ ਜਾ ਰਹੇ ਸਨ ਤਾਂ ਉਸ ਸਮੇਂ ਰਾਜਾ ਅਜਮੇਰ ਚੰਦ ਦੀ ਸ਼ਹਿ ਤੇ ਸੈਦ ਬੇਗ ਤੇ ਅਲਫ ਖਾਨ ਦੁਹਾਂ ਸਰਦਾਰਾਂ ਨੇ ਅਚਾਨਕ ਸਤਿਗੁਰਾਂ ਤੇ ਹਮਲਾ ਕਰ ਦਿੱਤਾ। ਇਹ ਹਮਲਾ ਚਮਕੌਰ ਦੇ ਨਜਦੀਕ 16 ਮਾਘ ਸੰਮਤ ਸਤਾਰਾਂ ਸੌ ਉਨਾਹਟ ਨੂੰ ਹੋਇਆ ਸੀ। ਗੁਰੂ ਜੀ ਦੇ ਨਾਲ ਸਵਾ ਸੌ ਕੁ ਦੇ ਕਰੀਬ ਸਿੰਘ, ਮਾਤਾ ਗੁਜਰੀ ਅਤੇ ਤਿੰਨੇ ਮਾਤਾਵਾਂ ਸਨ। ਭਾਈ ਉਦੈ ਸਿੰਘ ਆਦਿ ਜੋਧਿਆਂ ਨੇ ਅੱਗੇ ਵਧ ਕੇ ਬਹੁਤ ਚੰਗੀ ਤਰ੍ਹਾਂ ਇਹਨਾਂ ਮੁਗਲ ਸਰਦਾਰਾਂ ਦੀ ਖੁੰਬ ਠੱਪੀ। ਇਹਨਾਂ ਦੋਵਾਂ ਨੇ ਭੱਜ ਕੇ ਜਾਨ ਬਚਾਈ। ਗੁਰੂ ਜੀ ਨੇ ਇਥੋਂ ਅਨੰਦਪੁਰ ਸਾਹਿਬ ਨੂੰ ਚਾਲੇ ਪਾਏ।[181]

*ਸੌ ਸਾਖੀ* ਵਿਚ ਇਸ ਘਟਨਾ ਬਾਰੇ ਇੰਞ ਲਿਖਿਆ ਹੈ, "ਏਕ ਬੇਰਿ ਤੁਰਕ ਆਏ ਲੜਨੇ ਰਾਜਿਆਂ ਛੁੜਾਏ। ਬਡਾ ਜੁੱਧ ਹੂਆ ਚਮਕੌਰ ਮਾਂਹਿ।"[182]

---

[180] ਭਾਈ ਸੰਤੋਖ ਸਿੰਘ, *ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ,* (ਜਿਲਦ ਤੇਰਵੀਂ), ਪੰਨੇ 5605-06.

[181] ਸ੍ਵਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ,* ਪਿਆਰਾ ਸਿੰਘ ਪਦਮ (ਸੰਪਾ.), ਪੰਨਾ 147.

[182] ਗੁਰਬਚਨ ਸਿੰਘ ਨਈਅਰ (ਸੰਪਾ.), *ਗੁਰ ਰਤਨ ਮਾਲ ਸੌ ਸਾਖੀ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995 (ਤੀਜੀ ਵਾਰ), ਪੰਨਾ 34.

ਵਰਤਮਾਨ ਸਮੇਂ ਵਿਚ ਇਸ ਅਸਥਾਨ ਉਤੇ 'ਗੁਰਦਆਰਾ ਰਣਜੀਤਗੜ੍ਹ ਸਾਹਿਬ' ਬਣਿਆ ਹੋਇਆ ਹੈ। ਇਸ ਗੁਰਦੁਆਰੇ ਦੀ ਇਮਾਰਤ ਇਕ ਛੋਟੇ ਹਾਲ ਦੇ ਰੂਪ ਵਿਚ ਹੈ ਪਰ ਉਚਾਈ ਪੱਖੋਂ ਚਾਰ ਮੰਜ਼ਿਲ੍ਹਾ ਉੱਚਾ ਹੈ, ਉਤੇ ਸਫੈਦ ਗੁੰਬਦ ਬਣਿਆ ਹੋਇਆ ਹੈ। ਇਸ ਗੁਰਦੁਆਰੇ ਦਾ ਮੌਜੂਦਾ ਸਮੇਂ ਪ੍ਰਬੰਧ ਨਿਹੰਗ ਸਿੰਘਾਂ ਦੀ ਜਥੇਬੰਦੀ ਬੁੱਢਾ ਦਲ ਪਾਸ ਹੈ। ਦੁਸਹਿਰੇ ਅਤੇ ਸ਼ਹੀਦੀ ਜੋੜ ਮੇਲ (6,7,8 ਪੋਹ) ਦੌਰਾਨ ਬੁੱਢਾ ਦਲ ਦੇ ਨਿਹੰਗ ਸਿੰਘ ਇਥੇ ਹੀ ਆਪਣਾ ਪੜਾਅ ਕਰਦੇ ਹਨ।

**ਗੁਰਦੁਆਰਾ ਦਮਦਮਾ ਸਾਹਿਬ**

ਗੁਰਦੁਆਰਾ ਦਮਦਮਾ ਸਾਹਿਬ ਨਾਂ ਦਾ ਇਹ ਅਸਥਾਨ, ਚਮਕੌਰ ਸਾਹਿਬ ਦੇ ਮੱਧ ਵਿਚ ਸਥਿਤ ਹੈ। ਕਿਸੇ ਸਮੇਂ ਇਥੇ ਚਮਕੌਰ ਦੇ ਚੌਧਰੀ ਦਾ ਬਾਗ ਹੁੰਦਾ ਸੀ। ਗੁਰੂ ਗੋਬਿੰਦ ਸਿੰਘ ਜੀ, ਅਨੰਦਪੁਰ ਸਾਹਿਬ ਛੱਡਣ ਤੋਂ ਉਪਰੰਤ ਕੋਟਲਾ ਨਿਹੰਗ, ਬੂਰਮਾਜਰਾ ਹੁੰਦੇ ਹੋਏ, ਇਸ ਅਸਥਾਨ ਉਤੇ ਆ ਕੇ ਠਹਿਰੇ ਸਨ ਅਤੇ ਇਥੋਂ ਫਿਰ ਗੜ੍ਹੀ ਵਿਚ ਗਏ ਸਨ। ਗੁਰੂ ਜੀ ਦੀ ਆਮਦ ਦੀ ਯਾਦ ਵਿਚ ਇਸ ਅਸਥਾਨ ਉਤੇ ਵਰਤਮਾਨ ਸਮੇਂ ਵਿਚ 'ਗੁਰਦੁਆਰਾ ਦਮਦਮਾ ਸਾਹਿਬ' ਸੁਸ਼ੋਭਿਤ ਹੈ।

ਗੁਰੂ ਗੋਬਿੰਦ ਸਿੰਘ ਜੀ ਦੇ ਚਮਕੌਰ ਵਿਚਲੇ ਬਾਗ ਵਿਚ ਆਉਣ ਅਤੇ ਚੌਧਰੀ ਦੁਆਰਾ ਬੇਨਤੀ ਕਰਨ ਤੇ ਹਵੇਲੀ ਵਿਚ ਜਾਣ ਦਾ ਜਿਕਰ ਕਵਿ ਸੈਨਾਪਤਿ ਨੇ *ਸ੍ਰੀ ਗੁਰ ਸੋਭਾ* ਵਿਚ ਇੰਞ ਕੀਤਾ ਹੈ :

*...ਬਾਗ ਦੇਖਿ ਬੈਠੇ ਤਹਾਂ ਨਿਕਟਿ ਗਾਂਵ ਚਮਕੌਰ॥473॥*

*ਖਬਰ ਸੁਨੀ ਜਿਮੀਦਾਰ ਨੇ ਮੱਧ ਬਸੇ ਚਮਕੌਰ।*

*ਸੁਨਤ ਬਚਨ ਤਤਕਾਲ ਹੀ ਵਹੁ ਆਯੋ ਉਠਿ ਦਉਰ॥474॥*

*ਹਾਥ ਜੋਰਿ ਐਸੇ ਕਹਿਓ ਬਿਨਤੀ ਸੁਨੋ ਕਰਤਾਰ।*

*ਬਸੋ ਮਧਿ ਚਮਕੌਰ ਕੈ ਆਪਨੀ ਕ੍ਰਿਪਾ ਧਾਰਿ॥475॥*

*ਤਬ ਸੁਆਰ ਸਾਹਿਬ ਭਏ ਛਾਡਿ ਬਾਗ ਕੀ ਠਉਰ।*

*ਸਿੰਘ ਸਾਥ ਸਬਹੀ ਲੀਏ ਆਇ ਬਸੇ ਚਮਕਉਰ॥476॥*

*ਤਬ ਦੂਤਨ ਕੀਨੇ ਲਿਖੇ ਤੁਮ ਚਲਿ ਆਯੋ ਦਉਰ।*

*ਸਿੰਘ ਰਹੈ ਹੈਂ ਆਨ ਕੈ ਨਿਕਟਿ ਗਾਂਵ ਚਮਕਉਰ।।477।।*[183]

ਮਹਾਂਕਵੀ ਭਾਈ ਸੰਤੋਖ ਸਿੰਘ ਨੇ *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਵਿਚ ਗੁਰੂ ਜੀ ਦੇ ਚਮਕੌਰ ਆਉਣ ਦਾ ਵਰਣਨ ਇੰਞ ਕੀਤਾ ਹੈ :

*ਪਹੁੰਚੇ ਗ੍ਰਾਮ ਦੱਛਨੀ ਦਿਸ਼ ਮਹਿਂ ਤਹਾਂ ਬਾਗ਼ ਸ਼ੁਭ ਹੇਰਾ।*

*ਸਿੰਘਿਨ ਸਹਿਤ ਬਰੇ ਤਿਸ ਅੰਤਰ ਉਤਰੇ ਕੀਨਸਿ ਡੇਰਾ।17।*[184]

*ਸਿੱਖ ਧਰਮ ਵਿਸ਼ਵਕੋਸ਼* ਅਨੁਸਾਰ, "ਗੁਰਦੁਆਰਾ ਦਮਦਮਾ ਸਾਹਿਬ ਉਹ ਯਾਦਗਾਰੀ ਅਸਥਾਨ ਹੈ, ਜਿਥੇ 6 ਦਸੰਬਰ, 1705 ਈ. ਦੀ ਰਾਤ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਸਭ ਤੋਂ ਪਹਿਲਾਂ ਚਮਕੌਰ ਪਹੁੰਚਣ ਤੇ ਵਿਸ਼ਰਾਮ ਕੀਤਾ। ਇਸ ਥਾਂ ਤੇ ਉਸ ਸਥਾਨਕ ਜ਼ਿਮੀਂਦਾਰ, ਰਾਇ ਜਗਤ ਸਿੰਘ ਨਾਲ ਸੰਬੰਧਿਤ ਇਕ ਬਾਗ ਸੀ। ਗੁਰੂ ਜੀ ਨੇ ਰਾਇ ਜਗਤ ਸਿੰਘ ਦੀ ਹਵੇਲੀ ਵਿਚ ਸ਼ਰਨ ਲੈਣ ਲਈ ਉਸ ਕੋਲ ਬੇਨਤੀ ਕਰਨ ਹਿੱਤ ਆਪਣੇ ਕੁਝ ਸਿੱਖ ਭੇਜੇ। ਜਗਤ ਸਿੰਘ ਨੇ ਹਾਕਮਾਂ ਦੇ ਗੁੱਸੇ ਦਾ ਸ਼ਿਕਾਰ ਹੋਣ ਤੋਂ ਬਚਣ ਲਈ ਨਾਂਹ ਕਰ ਦਿੱਤੀ ਪਰ ਉਸ ਹਵੇਲੀ ਦੇ ਸਹਿ ਮਾਲਕ ਉਸਦੇ ਛੋਟੇ ਭਰਾ ਰੂਪ ਚੰਦ, ਨੇ ਗੁਰੂ ਜੀ ਨੂੰ ਹਵੇਲੀ ਵਿਚ ਪ੍ਰਵੇਸ਼ ਕਰਨ ਦੀ ਇਜਾਜਤ ਦੇ ਦਿੱਤੀ।...1930 ਈ. ਵਿਚ, ਦਿੱਲੀ ਦੇ ਇਕ ਪ੍ਰਸਿੱਧ ਪਰਉਪਕਾਰੀ ਸਰਦਾਰ ਬਹਾਦਰ ਧਰਮ ਸਿੰਘ (1881-1933) ਨੇ ਇੱਥੇ ਇਕ ਛੋਟਾ ਜਿਹਾ ਗੁਰਦੁਆਰਾ ਬਣਵਾਇਆ ਅਤੇ ਫਿਰ ਇਮਾਰਤ ਦੀ ਉਸਾਰੀ 1963 ਈ. ਵਿਚ ਝਾੜ ਸਾਹਿਬ ਦੇ ਬਾਬਾ ਪਿਆਰਾ ਸਿੰਘ ਨੇ ਕਰਵਾਈ।"[185]

ਵਰਤਮਾਨ ਸਮੇਂ ਵਿਚ ਸੁਸ਼ੋਭਿਤ ਗੁਰਦੁਆਰਾ ਦਮਦਮਾ ਸਾਹਿਬ ਦੀ ਇਮਾਰਤ ਦੀ ਉਸਾਰੀ ਬਾਬਾ ਹਰਬੰਸ ਸਿੰਘ ਦਿੱਲੀ ਵਾਲਿਆਂ ਨੇ ਸੰਗਤ ਦੇ ਸਹਿਯੋਗ ਨਾਲ 1997 ਈ. ਵਿਚ ਕਰਵਾਈ। ਇਥੇ ਇਕ ਸਰੋਵਰ ਵੀ ਬਣਿਆ ਹੋਇਆ ਹੈ। ਇਸ ਗੁਰਦਆਰਾ ਸਾਹਿਬ ਵਿਚ ਅੰਦਰਲੇ ਗੇਟ ਤੋਂ ਅੰਦਰ ਵੜਦਿਆਂ ਹੀ ਸੱਜੇ ਹੱਥ ਇਕ ਪੁਰਾਤਨ ਖੂਹੀ ਹੈ, ਜੋ ਕਿ ਹੁਣ ਵਰਤੋਯੋਗ ਨਹੀਂ ਹੈ। ਇਸ ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਹੈ।

---

183 ਕਵੀ ਸੈਨਾਪਤਿ, *ਸ੍ਰੀ ਗੁਰ ਸੋਭਾ*, ਪੰਨਾ 123.

184 ਭਾਈ ਸੰਤੋਖ ਸਿੰਘ, *ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ*, (ਜਿਲਦ ਤੇਰਵੀਂ), ਪੰਨਾ 5872.

185 ਜੋਧ ਸਿੰਘ (ਮੁੱਖ ਸੰਪਾ.), *ਸਿੱਖ ਧਰਮ ਵਿਸ਼ਵਕੋਸ਼* (ਪਹਿਲੀ ਸੈਂਚੀ), ਪੰਨਾ 537.

**ਗੁਰਦੁਆਰਾ ਗੜ੍ਹੀ ਸਾਹਿਬ**

ਇਹ ਅਸਥਾਨ ਚਮਕੌਰ ਸਾਹਿਬ ਸ਼ਹਿਰ ਦੇ ਵਿਚਕਾਰ ਉਚੀ ਥਾਂ ਉਤੇ ਅਤੇ ਗੁਰਦੁਆਰਾ ਕਤਲਗੜ੍ਹ ਸਾਹਿਬ ਤੋਂ ਪੂਰਬ ਵਾਲੇ ਪਾਸੇ ਸਥਿਤ ਹੈ। ਇਹ ਅਸਥਾਨ ਉਥੇ ਸਥਿਤ ਹੈ, ਜਿਥੇ ਹਵੇਲੀ ਵਿਚ ਗੁਰੂ ਗੋਬਿੰਦ ਸਿੰਘ ਜੀ ਦੋ ਵੱਡੇ ਸਾਹਿਬਜ਼ਾਦਿਆਂ ਅਤੇ ਚਾਲੀ ਸਿੰਘਾਂ ਸਮੇਤ ਠਹਿਰੇ ਸਨ। ਇਥੇ ਗੁਰੂ ਜੀ ਨੇ ਮੋਰਚਾਬੰਦੀ ਕੀਤੀ ਅਤੇ ਇਥੋਂ ਹੀ ਦੁਸ਼ਮਣ ਸੈਨਾਵਾਂ ਦਾ ਟਾਕਰਾ ਕੀਤਾ ਸੀ। ਗਿਆਨੀ ਗਿਆਨ ਸਿੰਘ ਨੇ *ਪੰਥ ਪ੍ਰਕਾਸ਼* ਵਿਚ ਗੁਰੂ ਗੋਬਿੰਦ ਸਿੰਘ ਅਤੇ ਸਿੱਖਾਂ ਦੁਆਰਾ ਚਮਕੌਰ ਗੜੀ ਵਿਚ ਪ੍ਰਵੇਸ਼ ਕਰਨ ਦਾ ਜ਼ਿਕਰ ਇੰਞ ਕੀਤਾ ਹੈ :

*ਪੈ ਗੁਰ ਆਗੇ ਕਰਿਓ ਪਿਆਨਾ। ਲਰਬੇ ਹੇਤ ਪਿਖਨ ਅਸਥਾਨਾ।*

*ਏਕ ਨਗਰ ਚਮਕੌਰ ਮਝਾਰਾ। ਲਰਬੇ ਜੋਗ ਮਕਾਨ ਨਿਹਾਰਾ।*

*ਤਿਸ ਮੈ ਧਸੇ ਜਬੈ ਗੁਰ ਜਾਈ। ਲਰਨ ਹੇਤ ਤਹਿਂ ਬਯੋਂਤ ਬਨਾਈ।*

*ਸਿੰਘ ਤਹਾਂ ਥੇ ਗੁਰ ਢਿਗ ਚਾਲੀ। ਸਾਹਿਬਜ਼ਾਦੇ ਜੁਗ ਬਡ ਵਜਾਲੀ।*

*ਧਸੇ ਗੜੀ ਮਧ ਜਬ ਗੁਰ ਜਾਈ। ਪੀਛੇ ਸੈਨਾ ਸਤ੍ਰਨ ਆਈ।8।*[186]

ਗੁਰੂ ਜੀ ਨੇ ਜੰਗ ਦੇ ਮੱਦੇਨਜਰ ਗੜ੍ਹੀ ਵਿਚ ਪੂਰੀ ਤਰ੍ਹਾਂ ਨਾਲ ਮੋਰਚਾਬੰਦੀ ਕਰ ਲਈ ਸੀ ਕਿਉਂਕਿ ਮੁਗਲ ਸੈਨਾ ਪਿੱਛਾ ਕਰਦੀ ਆ ਰਹੀ ਸੀ। ਜਿਹੜੀ ਮੁਗਲ ਸੈਨਾ ਦਿੱਲੀ ਤੋਂ ਆ ਰਹੀ ਸੀ, ਉਸ ਨੂੰ ਖਬਰ ਮਿਲ ਗਈ ਸੀ ਕਿ ਗੁਰੂ ਜੀ ਨੇ ਚਮਕੌਰ ਨਾਮ ਦੇ ਪਿੰਡ ਵਿਚ ਇਕ ਉਚੇ ਸਥਾਨ 'ਤੇ ਮੋਰਚਾ ਕਾਇਮ ਕਰ ਲਿਆ ਹੈ। ਇਹ ਸਾਰੀ ਖਬਰ ਗੜ੍ਹੀ ਦੇ ਇਕ ਮਾਲਕ ਨੇ ਜਾ ਕੇ ਦੱਸ ਦਿੱਤੀ ਸੀ :

*ਸ੍ਰੀ ਸਤਿਗੁਰ ਕਰਿ ਕਾਇਮੀ ਥਿਰੇ ਦੁਰਗ ਕੇ ਮਾਂਹਿ।*

*ਪੀਛੇ ਲਸ਼ਕਰ ਸ਼ੱਤ੍ਰ ਕੋ ਖੋਜਤਿ ਪ੍ਰਾਪਤਿ ਨਾਂਹਿ।।1।। ...*

*ਦਿੱਲੀ ਤੇ ਜੋ ਦਸ ਲਖ ਪਹੁੰਚੀ ਤਿਨਹੁਂ ਗੁਰੂ ਸੁਧਿ ਪਾਈ।*

*ਨਿਕਸਿ ਅਨੰਦ ਪੁਰਿ ਤੇ ਬਹੁ ਜੂਝੇ ਰਹੀ ਚਮੂੰ ਪਿਛਵਾਈ।।8।।*

186 ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼,* ਪੰਨਾ 277.

*ਨਾਮ ਗ੍ਰਾਮ ਚਮਕੌਰ ਤੁੰਗ ਥਲ ਆਇ ਸੁ ਕਾਇਮ ਕੀਨਾ।*

*ਦਈ ਸਕਲ ਸੁਧਿ ਗਯੋ ਜਾਟ ਇਕ ਹਮ ਕੋ ਗੁਰ ਗਹਿ ਲੀਨਾ॥9॥*

*ਦੈ ਸਜਾਇ ਘਰ ਛੀਨ ਸੁ ਲੀਨਾ ਆਪ ਬਰਜੋ ਬਿਚ ਆਈ।*

*ਚਾਲੀ ਕੈ ਪਚਾਸ ਸੰਗ ਭਟ ਹੈਂ ਅਪਰ ਮਰੇ ਸਮੁਦਾਈ॥10॥*[187]

*ਸਿੱਖ ਧਰਮ ਵਿਸ਼ਵਕੋਸ਼* ਅਨੁਸਾਰ ਗੁਰਦੁਆਰਾ ਗੜ੍ਹੀ ਸਾਹਿਬ, ਕਿਲ੍ਹੇ-ਨੁਮਾ ਦੋ ਮੰਜ਼ਲੀ ਹਵੇਲੀ ਸੀ, ਜਿਸਦੇ ਆਲੇ-ਦੁਆਲੇ ਉਚੀਆਂ ਦੀਵਾਰਾਂ ਅਤੇ ਉਤਰ ਵੱਲ ਇਕ ਪ੍ਰਵੇਸ਼ ਦੁਆਰ ਬਣਿਆ ਹੋਇਆ ਹੈ। ਇਸ ਅਸਥਾਨ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ 7 ਦਸੰਬਰ, 1705 ਦੇ ਬੇਮਿਸਾਲ ਯੁੱਧ ਵਿਚ ਕਿਲ੍ਹੇ ਵਜੋਂ ਵਰਤਿਆ ਸੀ। 6-7 ਦਸੰਬਰ ਦੀ ਰਾਤ ਨੂੰ ਗੜ੍ਹੀ ਵਿਚ ਆ ਜਾਣ ਤੋਂ ਬਾਅਦ ਗੁਰੂ ਜੀ ਨੇ ਚਾਰੇ ਕੋਨਿਆਂ ਤੇ ਅੱਠ-ਅੱਠ ਸਿੰਘਾਂ, ਮਦਨ ਸਿੰਘ ਅਤੇ ਕੋਠਾ ਸਿੰਘ ਨੂੰ ਪ੍ਰਵੇਸ਼ ਦੁਆਰ ਤੇ ਨਿਯੁਕਤ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਪੁੱਤਰਾਂ, ਸਾਹਿਬਜ਼ਾਦਾ ਅਜੀਤ ਸਿੰਘ ਤੇ ਜੁਝਾਰ ਸਿੰਘ ਅਤੇ ਦੂਜੇ ਸਿੰਘਾਂ ਸਮੇਤ ਗੜ੍ਹੀ ਦੇ ਵਿਚਕਾਰ ਪਹਿਲੀ ਮੰਜ਼ਲ 'ਤੇ ਮੋਰਚਾ ਸੰਭਾਲ ਲਿਆ। ਮੁਗਲ ਸੈਨਾ ਨੇ ਉਥੇ ਪਹੁੰਚ ਕੇ ਗੜ੍ਹੀ ਨੂੰ ਘੇਰਾ ਪਾ ਲਿਆ। ਸਾਰਾ ਦਿਨ ਲੜਾਈ ਚੱਲਦੀ ਰਹੀ। ਘੇਰਾ ਪਾਉਣ ਵਾਲੀ ਸ਼ਾਹੀ ਫ਼ੌਜ ਨੇ ਗੜ੍ਹੀ ਨੂੰ ਤਬਾਹ ਕਰਨ ਦੀ ਕੋਸ਼ਿਸ਼ ਕੀਤੀ, ਪਰ ਅਸਫਲ ਰਹੀ। ਜਦੋਂ ਗੜ੍ਹੀ ਵਿਚੋਂ ਤੀਰ ਅਤੇ ਗੋਲਾ-ਬਰੂਦ ਖ਼ਤਮ ਹੋਣਾ ਸ਼ੁਰੂ ਹੋਇਆ ਤਾਂ ਸਿੱਖ ਛੋਟੇ-ਛੋਟੇ ਜਥਿਆਂ ਵਿਚ ਬਾਹਰ ਆ ਕੇ ਦੁਸ਼ਮਣ ਨਾਲ ਹੱਥੋ-ਹੱਥ ਲੜਾਈ ਕਰਨ ਲੱਗੇ। ਅਜਿਹੇ ਦੋ ਜਥਿਆਂ ਦੀ ਅਗਵਾਈ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਜੁਝਾਰ ਸਿੰਘ ਨੇ ਕੀਤੀ ਜੋ ਕਿ ਬਹਾਦਰੀ ਨਾਲ ਲੜਦੇ ਹੋਏ ਸ਼ਹੀਦ ਹੋ ਗਏ।...ਰਾਤ ਹੋਣ ਤੱਕ ਗੜ੍ਹੀ ਵਿਚ ਗੁਰੂ ਗੋਬਿੰਦ ਸਿੰਘ ਜੀ ਅਤੇ ਕੇਵਲ ਪੰਜ ਸਿੰਘ ਬਾਕੀ ਰਹਿ ਗਏ ਸਨ। ਉਹਨਾਂ ਪੰਜਾਂ ਨੇ ਗੁਰੂ ਜੀ ਨੂੰ ਉਥੋਂ ਚਲੇ ਜਾਣ ਲਈ ਬੇਨਤੀ ਕੀਤੀ ਤਾਂ ਕਿ ਉਹ ਆਪਣੇ ਸਿੱਖਾਂ ਨੂੰ ਮੁੜ ਇਕੱਤਰ ਕਰਕੇ ਜੁਲਮ ਖ਼ਿਲਾਫ਼ ਸੰਘਰਸ਼ ਜਾਰੀ ਰੱਖ ਸਕਣ। ਕਾਫੀ ਬੇਨਤੀਆਂ ਕਰਨ ਦੇ ਬਾਅਦ ਗੁਰੂ ਜੀ ਉਥੋਂ ਜਾਣ ਲਈ ਸਹਿਮਤ ਹੋ ਗਏ। ਗੁਰੂ ਜੀ ਨੇ ਆਪਣਾ ਪਹਿਰਾਵਾ ਸੰਗਤ ਸਿੰਘ ਨੂੰ ਦੇ ਦਿੱਤਾ ਜੋ ਕਿ ਸਰੀਰਿਕ ਬਣਤਰ ਅਤੇ ਮੁਹਾਂਦਰੇ ਪੱਖੋਂ ਗੁਰੂ ਜੀ ਨਾਲ ਮੇਲ ਖਾਂਦਾ ਸੀ। ਗੁਰੂ ਜੀ ਰਾਤ

[187] ਭਾਈ ਸੰਤੋਖ ਸਿੰਘ, *ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ,* (ਜਿਲਦ ਚੌਦਵੀਂ),ਪੰਨਾ 5877.

ਦੇ ਹਨੇਰੇ ਵਿਚ ਦਿਨ ਭਰ ਦੀ ਜੰਗ ਤੋਂ ਬਾਅਦ ਥੱਕ ਕੇ ਸੁਸਤਾ ਰਹੀ ਫ਼ੌਜ ਦੇ ਘੇਰੇ ਵਿਚੋਂ ਨਿਕਲਣ ਵਿਚ ਸਫਲ ਹੋ ਗਏ। ਭਾਈ ਦਇਆ ਸਿੰਘ, ਧਰਮ ਸਿੰਘ ਅਤੇ ਮਾਨ ਸਿੰਘ ਵੀ ਬਚ ਨਿਕਲੇ ਅਤੇ ਪਿੱਛੇ ਕੇਵਲ ਦੋ ਸਿੱਖ, ਸੰਗਤ ਸਿੰਘ ਅਤੇ ਸੰਤ ਸਿੰਘ, ਬਾਕੀ ਰਹਿ ਗਏ। ਅਗਲੀ ਸਵੇਰ ਜਿਉਂ ਹੀ ਹਮਲਾ ਸ਼ੁਰੂ ਹੋਇਆ ਤਾਂ ਸ਼ਾਹੀ ਫ਼ੌਜ ਬਗੈਰ ਕਿਸੇ ਵਿਰੋਧ ਦੇ ਗੜ੍ਹੀ ਵਿਚ ਦਾਖਲ ਹੋ ਗਈ ਅਤੇ ਉਥੇ ਕੇਵਲ ਦੋ ਸਿੱਖਾਂ ਨੂੰ ਵੇਖ ਕੇ ਹੈਰਾਨ ਰਹਿ ਗਈ, ਜਿਹਨਾਂ ਨੇ ਆਖਰੀ ਸਾਹ ਤਕ ਲੜਦੇ ਹੋਏ ਸ਼ਹੀਦੀ ਪਾਉਣ ਨੂੰ ਪਹਿਲ ਦਿੱਤੀ। 1764 ਈ. ਵਿਚ ਖ਼ਾਲਸੇ ਦੀ ਸਰਹਿੰਦ 'ਤੇ ਫ਼ਤਹਿ ਹੋਣ ਨਾਲ ਸੰਪੂਰਨ ਇਲਾਕਾ ਸਿੱਖਾਂ ਦੇ ਅਧਿਕਾਰ ਹੇਠ ਆ ਗਿਆ। ਪਟਿਆਲੇ ਦੇ ਮਹਾਰਾਜਾ ਕਰਮ ਸਿੰਘ ਨੇ ਇਥੇ ਇਕ ਗੁਰਦੁਆਰੇ ਦਾ ਨਿਰਮਾਣ ਕਰਵਾਇਆ, ਜਿਸ ਨੂੰ 'ਗੜ੍ਹੀ ਸਾਹਿਬ' ਕਿਹਾ ਜਾਂਦਾ ਹੈ।[188]

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਇਥੇ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਨੂੰ ਗੁਰਤਾ ਬਖਸ਼ੀ (ਭਾਈ ਸੰਗਤ ਸਿੰਘ ਨੂੰ ਬਸਤਰ ਤੇ ਕਲਗੀ ਦਿੱਤੀ) ਸੀ, ਇਸੇ ਲਈ ਇਸ ਨੂੰ 'ਤਿਲਕ ਅਸਥਾਨ' ਵੀ ਕਿਹਾ ਜਾਂਦਾ ਸੀ।[189]

ਇਸ ਗੁਰਦੁਆਰੇ ਦੀ ਪੁਰਾਤਨ ਇਮਾਰਤ ਨੂੰ ਢਾਹ ਕੇ ਕਾਰ ਸੇਵਾ ਵਾਲੇ ਬਾਬਾ ਹਰਬੰਸ ਸਿੰਘ ਦਿੱਲੀ ਵਾਲਿਆਂ ਵੱਲੋਂ ਇੱਥੇ ਨਵੀਂ ਇਮਾਰਤ ਦੀ ਉਸਾਰੀ ਕਰਵਾਈ ਗਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਗੁਰਦੁਆਰਾ ਸਾਹਿਬ ਦੇ ਮੱਧ ਵਿਚ ਕੀਤਾ ਹੋਇਆ ਹੈ। ਗੁਰਦੁਆਰੇ ਦੇ ਮੁੱਖ ਹਾਲ ਦੀਆਂ ਕੰਧਾਂ ਅਤੇ ਕੋਨਿਆਂ ਤੇ ਕੱਚ ਨਾਲ ਖੂਬਸੂਰਤ ਸਜਾਵਟ ਕੀਤੀ ਹੋਈ ਹੈ। ਪਹਿਲਾਂ ਇਸ ਇਮਾਰਤ ਦੀ ਚਾਰ ਦੀਵਾਰੀ ਉਤੇ ਵੀ ਚਿੱਟਾ ਸੰਗਮਰਮਰ ਲੱਗਿਆ ਹੋਇਆ ਸੀ, ਪਰ ਹੁਣ ਕਾਰ ਸੇਵਾ ਵਾਲਿਆਂ ਵੱਲੋਂ ਇਸ ਦੀ ਚਾਰ ਦੀਵਾਰੀ ਅਤੇ ਕੋਨਿਆਂ ਦੇ ਚਾਰਾਂ ਗੁੰਬਦਾਂ ਨੂੰ ਟਾਈਲਾਂ ਲਗਾ ਕੇ ਪੁਰਾਤਨ ਦਿੱਖ ਦੇਣ ਦਾ ਕਾਰਜ ਕੀਤਾ ਹੈ। ਇਸ ਗੁਰਦੁਆਰੇ ਵੱਲ ਜਾਂਦਿਆਂ ਸੱਜੇ ਪਾਸੇ ਖੁੱਲਾ ਲੰਗਰ ਹਾਲ ਹੈ, ਜਿਸ ਵਿਚ ਕਾਰ ਸੇਵਾ ਦਿੱਲੀ ਵਾਲਿਆਂ ਵੱਲੋਂ ਲੰਗਰ ਦੀ ਸੇਵਾ ਨਿਭਾਈ ਜਾਂਦੀ ਹੈ। ਮੌਜੂਦਾ ਸਮੇਂ ਵਿਚ ਇਸ ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਹੈ।

---

[188] ਜੋਧ ਸਿੰਘ (ਮੁੱਖ ਸੰਪਾ.), *ਸਿੱਖ ਧਰਮ ਵਿਸ਼ਵਕੋਸ਼* (ਪਹਿਲੀ ਸੈਂਚੀ), ਪੰਨੇ 537-38.

[189] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 455.

**ਗੁਰਦੁਆਰਾ ਕਤਲਗੜ੍ਹ ਸਾਹਿਬ**

ਇਹ ਅਸਥਾਨ ਚਮਕੌਰ ਸਾਹਿਬ ਸ਼ਹਿਰ ਦੇ ਵਿਚਕਾਰ ਸਥਿਤ ਹੈ। ਗੁਰਦੁਆਰਾ ਕਤਲਗੜ੍ਹ ਸਾਹਿਬ, ਚਮਕੌਰ ਸਾਹਿਬ ਵਿਚਲਾ ਕੇਂਦਰੀ ਗੁਰਦੁਆਰਾ ਹੈ, ਇਸ ਨੂੰ ਪਹਿਲਾਂ 'ਸ਼ਹੀਦ ਗੰਜ' ਵੀ ਕਿਹਾ ਜਾਂਦਾ ਸੀ। ਇਸ ਅਸਥਾਨ ਉਤੇ ਚਮਕੌਰ ਦੀ ਜੰਗ ਵਿਚ ਸ਼ਹੀਦ ਹੋਣ ਵਾਲੇ ਦੋਵੇਂ ਵੱਡੇ ਸਾਹਿਬਜ਼ਾਦਿਆਂ ਅਤੇ ਸਿੰਘਾਂ ਦਾ ਸਸਕਾਰ ਕੀਤਾ ਗਿਆ ਸੀ।

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਚਮਕੌਰ ਦੀ ਯੁੱਧਭੂਮਿ ਵਿਚ ਜਿਸ ਥਾਂ ਬਾਬਾ ਅਜੀਤ ਸਿੰਘ ਜੀ ਅਤੇ ਸਾਹਿਬ ਜੁਝਾਰ ਸਿੰਘ ਜੀ ਅਲੌਕਿਕ ਵੀਰਤਾ ਦਿਖਾਉਂਦੇ ਹੋਏ 8 ਪੋਹ, 1761 ਨੂੰ ਸ਼ਹੀਦ ਹੋਏ ਅਤੇ ਜਿਸ ਥਾਂ ਸਾਹਿਬਜ਼ਾਦਿਆਂ ਅਰ ਸ਼ਹੀਦਾਂ ਦਾ ਸਸਕਾਰ ਹੋਇਆ। ਇਥੇ ਬਹੁਤ ਸੁੰਦਰ ਗੁਰਦੁਆਰਾ ਬਣਿਆ ਹੋਇਆ ਹੈ।...ਸੌ ਵਿੱਘੇ ਜ਼ਮੀਨ ਸਿੱਖਰਾਜ ਸਮੇਂ ਦੀ ਅਤੇ ਤਿੰਨ ਸੌ ਰੁਪਯਾ ਸਾਲਾਨਾ ਜਾਗੀਰ ਪਿੰਡ ਰਾਇਪੁਰ ਤੋਂ ਰਾਜਾ ਭੂਪ ਸਿੰਘ ਦੀ ਲਾਈ ਹੋਈ ਅਤੇ ਛੀ (ਛੇ) ਸੌ ਇਕਾਹਠ ਰੁਪਯੇ ਰਿਆਸਤ ਪਟਿਆਲੇ ਤੋਂ ਮਿਲਦੇ ਸਨ।"[190]

*ਸਿੱਖ ਧਰਮ ਵਿਸ਼ਵਕੋਸ਼* ਅਨੁਸਾਰ, "ਗੁਰਦੁਆਰਾ ਕਤਲਗੜ੍ਹ ਸਾਹਿਬ (ਸ਼ਹੀਦ ਗੰਜ), ਗੜ੍ਹੀ ਸਾਹਿਬ ਦੇ ਪੱਛਮ ਵੱਲ ਚਮਕੌਰ ਸਾਹਿਬ ਵਿਖੇ ਪ੍ਰਮੁਖ ਗੁਰਧਾਮ ਹੈ। ਇਹ ਅਸਥਾਨ 7 ਦਸੰਬਰ, 1705 ਨੂੰ ਮੁਗਲ ਫ਼ੌਜ ਅਤੇ ਸਿੱਖਾਂ ਦਰਮਿਆਨ ਹੋਈ ਗਹਿਗੱਚ ਹੱਥੋ-ਹੱਥ ਲੜਾਈ ਦੀ ਯਾਦ ਦਿਵਾਉਂਦਾ ਹੈ ਜਿਸ ਵਿਚ ਗੁਰੂ ਜੀ ਦੇ ਦੋ ਸਾਹਿਬਜ਼ਾਦੇ, ਅਜੀਤ ਸਿੰਘ ਅਤੇ ਜੁਝਾਰ ਸਿੰਘ, ਅਤੇ ਪੰਜਾਂ ਵਿਚੋਂ ਤਿੰਨ ਪਿਆਰੇ ਸ਼ਹੀਦ ਹੋਏ।"[191]

ਗੁਰਦੁਆਰਾ ਕਤਲਗੜ੍ਹ ਸਾਹਿਬ ਦੀ ਸਭ ਤੋਂ ਪਹਿਲਾਂ ਉਸਾਰੀ ਕਸਬਾ ਬੇਲਾ (ਚਮਕੌਰ ਸਾਹਿਬ ਤੋਂ ਪੰਜ ਕਿਲੋਮੀਟਰ ਦੂਰ) ਨਿਵਾਸੀ ਸਿੰਘਪੁਰੀਆ ਮਿਸਲ ਦੇ ਸਰਦਾਰ ਹਰਦਿਆਲ ਸਿੰਘ ਨੇ 1831 ਈਸਵੀ ਵਿਚ ਕਰਵਾਈ ਸੀ। ਗੁਰਦੁਆਰਾ ਸਾਹਿਬ ਦੀ ਇਹ ਇਮਾਰਤ ਛੋਟੀ ਹੋਣ ਕਰਕੇ 1960 ਈਸਵੀ ਵਿਚ ਇਕ ਨਵੀਂ ਇਮਾਰਤ ਦੀ ਉਸਾਰੀ ਕਰਵਾਈ ਗਈ। ਮੌਜੂਦਾ ਸਮੇਂ ਵਾਲੀ ਇਮਾਰਤ ਦੀ ਕਾਰ ਸੇਵਾ ਝਾੜ ਸਾਹਿਬ

---

[190] ਕਾਨ੍ਹ ਸਿੰਘ ਨਾਭਾ, *ਗੁਰ ਸਬਦ ਰਤਨਾਕਰ ਮਹਾਨ ਕੋਸ਼*, ਪੰਨਾ 455.

[191] ਜੋਧ ਸਿੰਘ (ਮੁੱਖ ਸੰਪਾ.), *ਸਿੱਖ ਧਰਮ ਵਿਸ਼ਵਕੋਸ਼* (ਪਹਿਲੀ ਸੈਂਚੀ), ਪੰਨਾ 538.

ਦੇ ਸੰਤ ਪਿਆਰਾ ਸਿੰਘ ਦੀ ਦੇਖ-ਰੇਖ ਹੇਠ ਹੋਈ ਸੀ।

ਗੁਰਦੁਆਰਾ ਸਾਹਿਬ ਦੇ ਕੇਂਦਰ ਵਿਚ ਉਸ ਅਸਥਾਨ ਉਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਹੈ ਜਿੱਥੇ ਸਾਹਿਬਜ਼ਾਦਿਆਂ ਅਤੇ ਹੋਰ ਸ਼ਹੀਦ ਸਿੰਘਾਂ ਦਾ ਸਸਕਾਰ ਕੀਤਾ ਗਿਆ ਸੀ ਭਾਵ ਉਹਨਾਂ ਦਾ ਅੰਗੀਠਾ ਸੀ। ਗੁਰਦੁਆਰਾ ਸਾਹਿਬ ਦੇ ਅੰਦਰ ਸੱਜੇ ਪਾਸੇ ਚਮਕੌਰ ਜੰਗ ਸਮੇਂ ਦੀਆਂ ਨਿਸ਼ਾਨੀਆਂ ਵਿਚ ਬੰਦੂਕ ਦੀ ਨਾਲੀ, ਗੋਲੀਆਂ, ਕਿਰਪਾਨ ਦਾ ਮੁੱਠਾ ਆਦਿਕ ਵਸਤਾਂ ਵੀ ਸ਼ੀਸ਼ੇ ਦੀ ਇਕ ਅਲਮਾਰੀ ਵਿਚ ਪਈਆਂ ਹਨ।

ਇਸ ਗੁਰਦੁਆਰੇ ਦੇ ਚੜ੍ਹਦੇ ਪਾਸੇ ਵੱਲ ਇਕ ਬਾਉਲੀ ਬਣੀ ਹੋਈ ਹੈ, ਜਿਸ ਦੀ ਖੁਦਾਈ ਸਰਦਾਰ ਹਰਦਿਆਲ ਸਿੰਘ ਬੇਲਾ ਵਾਲਿਆਂ ਨੇ 1888 ਬਿਕਰਮੀ ਵਿਚ ਕਰਵਾਈ ਸੀ। ਕਾਫੀ ਸਮਾਂ ਪਹਿਲਾਂ ਯਾਤਰੂ ਲੋਕ ਬਾਉਲੀ ਵਿਚ ਹੇਠਾਂ ਜਾ ਕੇ ਇਸ਼ਨਾਨ ਕਰਿਆ ਕਰਦੇ ਸਨ। ਹੁਣ ਕੋਈ ਕੋਈ ਵਿਅਕਤੀ ਹੀ ਜਲ ਦੀ ਚੂਲ੍ਹੀ ਲੈਣ ਲਈ ਜਾਂਦਾ ਹੈ। ਉਸ ਤੋਂ ਅੱਗੇ ਦੀਵਾਨ ਹਾਲ ਹੈ ਅਤੇ ਨਾਲ ਹੀ ਕਾਫੀ ਵੱਡਾ ਲੰਗਰ-ਹਾਲ ਬਣਿਆ ਹੋਇਆ ਹੈ। ਉਸ ਦੇ ਇਕ ਪਾਸੇ ਯਾਤਰੂਆਂ ਦੇ ਰਹਿਣ ਲਈ ਸਰਾਂ (ਰਿਹਾਇਸ਼ੀ ਕਮਰੇ) ਬਣੀ ਹੋਈ ਹੈ। ਇਸ ਗੁਰਦੁਆਰਾ ਸਾਹਿਬ ਦੀ ਦਰਸ਼ਨੀ ਡਿਉਢੀ ਦੇ ਅੰਦਰ ਮੈਨੇਜਰ ਦਾ ਕਮਰਾ ਅਤੇ ਦਫ਼ਤਰ ਹੈ। ਅੰਦਰ ਵੜਦਿਆਂ ਸੱਜੇ ਪਾਸੇ 'ਲਿਟਰੇਚਰ ਹਾਊਸ' ਹੈ, ਜਿਥੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪ੍ਰਕਾਸ਼ਿਤ ਪੁਸਤਕਾਂ ਮਿਲਦੀਆਂ ਹਨ।

ਹਰ ਸਾਲ ਚਮਕੌਰ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿਚ ਤਿੰਨ ਦਿਨਾਂ ਸ਼ਹੀਦੀ ਜੋੜ ਮੇਲ 6, 7 ਅਤੇ 8 ਪੋਹ ਨੂੰ ਹੁੰਦਾ ਹੈ।[192] ਇਸ ਤੋਂ ਇਲਾਵਾ ਇਥੇ ਹਰ ਸਾਲ ਦੁਸਹਿਰੇ ਦੇ ਪੁਰਬ ਮੌਕੇ ਵੀ ਬੜਾ ਭਾਰੀ ਦੀਵਾਨ ਸਜਾਇਆ ਜਾਂਦਾ ਹੈ, ਜਿਸ ਨੂੰ 'ਦਰਬਾਰ-ਏ-ਖ਼ਾਲਸਾ' ਵੀ ਆਖਿਆ ਜਾਂਦਾ ਹੈ। ਉਸੇ ਦਿਨ ਨਿਹੰਗ ਸਿੰਘਾਂ ਵੱਲੋਂ ਮਹੱਲਾ ਕੱਢਣ ਤੋਂ ਇਲਾਵਾ ਜੰਗਜੂ ਖੇਡਾਂ ਜਿਵੇਂ ਗੱਤਕਾ, ਘੋੜ ਸਵਾਰੀ ਆਦਿ ਦੇ ਕਰਤੱਬ ਵੀ ਦਿਖਾਏ ਜਾਂਦੇ ਹਨ।

---

[192] ਕੁਲਦੀਪ ਸਿੰਘ ਕੱਬਰਵਾਲ (ਸਰਵੇਖਕ), *ਸਰਵੇਖਣ ਚਮਕੌਰ ਸਾਹਿਬ,* ਅਨੋਖ ਸਿੰਘ, ਅਜੀਤ ਸਿੰਘ (ਸੰਪਾ), ਪੰਨੇ 20-21.

**ਗੁਰਦੁਆਰਾ ਤਾੜੀ ਸਾਹਿਬ**

ਗੁਰਦੁਆਰਾ ਤਾੜੀ ਸਾਹਿਬ, ਨਾਂ ਦਾ ਇਹ ਅਸਥਾਨ ਚਮਕੌਰ ਸਾਹਿਬ ਸ਼ਹਿਰ ਦੇ ਮੁੱਖ ਗੁਰਦੁਆਰਾ ਕਤਲਗੜ੍ਹ ਸਾਹਿਬ ਤੋਂ ਪੱਛਮ ਵੱਲ ਲਗਪਗ ਅੱਠ ਸੌ ਮੀਟਰ ਦੀ ਦੂਰੀ ’ਤੇ ਉਚੇ ਸਥਾਨ ਉਤੇ ਬਣਿਆ ਹੋਇਆ ਹੈ। ਇਹ ਉਹ ਅਸਥਾਨ ਹੈ ਜਿਥੇ ਗੁਰੂ ਗੋਬਿੰਦ ਸਿੰਘ ਜੀ ਨੇ ਚਮਕੌਰ ਤੋਂ ਜਾਣ ਸਮੇਂ ਤਾੜੀ ਮਾਰੀ ਅਤੇ ਇਹ ਆਖਿਆ ਸੀ ਕਿ ਹਿੰਦ ਦਾ ਪੀਰ ਜਾ ਰਿਹਾ ਹੈ, ਜੇ ਫੜ ਸਕਦੇ ਹੋ ਤਾਂ ਫੜ ਲਉ। ਮੁਗਲਾਂ ਦੇ ਘੇਰੇ ਵਿਚੋਂ ਨਿਕਲ ਕੇ ਗੁਰੂ ਜੀ ਇਸ ਅਸਥਾਨ ਤੋਂ ਸੁਰੱਖਿਅਤ ਮਾਛੀਵਾੜੇ ਵੱਲ ਚਲੇ ਗਏ ਸਨ।

ਮਹਾਂਕਵੀ ਭਾਈ ਸੰਤੋਖ ਸਿੰਘ ਨੇ ਇਸ ਘਟਨਾ ਦਾ ਜਿਕਰ *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਵਿਚ ਇੰਞ ਕੀਤਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਗੜ੍ਹੀ ਵਿਚੋਂ ਨਿਕਲ ਕੇ ਇਕ ਛੋਟੀ ਜਿਹੀ ਖਾਈ ਲੰਘ ਕੇ ਆਪਣੇ ਸਾਥੀ ਸਿੱਖਾਂ ਨੂੰ ਬੋਲੇ ਕਿ ਸ਼ਸਤਰ ਫੜ ਕੇ ਸਾਵਧਾਨ ਹੋ ਜਾਵੋ। ਸਾਰੇ ਲਸ਼ਕਰ ਨੂੰ ਖਬਰ ਦੇ ਕੇ ਅੱਗੇ ਚੱਲਾਂਗੇ। ਫਿਰ ਗੁਰੂ ਜੀ (ਦੁਸ਼ਮਣ ਸੈਨਾ ਦੇ ਡੇਰੇ ਦੇ ਨਜਦੀਕ) ਉਚੀ ਆਵਾਜ ਵਿਚ ਤਿੰਨ ਵਾਰ ਤਾੜੀ ਵਜਾ ਕੇ ਬੋਲੇ ਕਿ ਹਿੰਦ ਦਾ ਪੀਰ ਚਲਿਆ ਹੈ ਜੇਕਰ ਤੁਹਾਡੇ ਵਿਚੋਂ ਕੋਈ ਬਲਵਾਨ ਹੈ ਤਾਂ ਸਾਨੂੰ ਫੜ੍ਹ ਲਵੇ :

*ਪਰਖਾ ਲਘੁ ਸੋ ਉਲੰਘ ਕਰਿ ਖਰੇ ਭਏ ਬਲਵੰਤ।*
*ਪੁਨ ਸਿੰਘਨ ਕੇ ਸੰਗ ਇਮ ਬੋਲੇ ਸ੍ਰੀ ਭਗਵੰਤ।।1।।*
*ਅਬਿ ਹਮ ਰੌਰਾ ਚਾਹਤਿ ਪਾਯੋ ਗਹਿ ਸ਼ਸਤ੍ਰਨਿ ਹੋਵਹੁ ਸਵਧਾਨ।*
*ਸੁਧਿ ਕੋ ਦੇ ਕਰਿ ਸਗਰੇ ਲਸ਼ਕਰ ਉਲੰਘਹਿਂ ਡੇਰੇ ਕਰਹਿਂ ਪਯਾਨ।*
*ਯੌਂ ਕਹਿ ਊਚੀ ਧੁਨਿ ਤੇ ਬੋਲੇ ਦੇ ਹਾਥਨ ਤਾੜੀ ਭਗਵਾਨ।’*
*‘ਹਿੰਦੁਨ ਪੀਰ ਚਲਯੋ ਅਬਿ ਨਿਕਸਯੋ ਘੇਰਹੁ ਤੁਮ ਮਹਿਂ ਜੋ ਬਲਵਾਨ।।2।।*
*ਤੀਨ ਬਾਰ ਸ੍ਰੀ ਮੁਖ ਤੇ ਕਹਿ ਕਰਿ ਦੂਰ ਦੂਰ ਲੈ ਬਾਕ ਸੁਨਾਇ।...।।3।।* [193]

ਗੁਰੂ ਜੀ ਉਥੋਂ ਸੁਰੱਖਿਅਤ ਨਿਕਲ ਗਏ ਅਤੇ ਬਾਅਦ ਵਿਚ ਦੁਸ਼ਮਣ ਸੈਨਾ ਵਿਚ ਭਾਰੀ ਭਗਦੜ ਮਚ ਗਈ ਅਤੇ ਉਹ ਆਪਸ ਵਿਚ ਹੀ ਖਹਿ ਕੇ ਮਰਨ ਲੱਗੇ। ਇਸ ਪ੍ਰਕਾਰ ਚਮਕੌਰ ਵਿਚ ਬਹੁਤ ਹਥਿਆਰ

[193] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* (ਜਿਲਦ ਚੌਦਵੀਂ), ਪੰਨੇ 5908-09.

ਚੱਲੇ ਜਿਸ ਨਾਲ ਚਾਰੇ ਪਾਸੇ ਦੇ ਸਥਾਨ ਵਿਕਰਾਲ ਰੂਪ ਧਾਰਨ ਕਰ ਗਏ :

*ਜਹਿਂ ਕਹਿਂ ਸ਼ਬਦ ਸ਼ਸਤ੍ਰ ਕੋ ਸੁਨੀਅਤਿ ਮਨਹੁਂ ਅਨੇਕ ਬਨੀ ਟਕਸਾਲ।*

*ਭਈ ਆਖਰੀ ਬ੍ਰਿੰਦ ਗ਼ਾਰਕੀ ਚਹੁੰਦਿਸ਼ ਥਲ ਚਮਕੌਰ ਕਰਾਲ।।8।।*

*ਸਤਿਗੁਰ ਦਲ ਕੇ ਹੁਇ ਇਕ ਪਾਸੇ ਨਿਕਸਿ ਗਏ ਰਿਪੁ ਦ੍ਰਿਗ ਰਜ ਡਾਰਿ।...।।9।।* [194]

ਗੁਰੂ ਗੋਬਿੰਦ ਸਿੰਘ ਜੀ ਦੁਆਰਾ ਤਾੜੀ ਵਜਾ ਕੇ ਚਮਕੌਰ ਵਿਚੋਂ ਨਿਕਲਣ ਦਾ ਜਿਕਰ ਸੌ ਸਾਖੀ ਵਿਚ ਵੀ ਇੰਞ ਕੀਤਾ ਗਿਆ ਹੈ :

*ਗਇਆ ਹਿੰਦ ਪੀਰ ਕਹਿ ਤਾਲੀ ਬਜਾਈ*

*ਪੀਛੇ ਕਹਾ ਖ਼ੁਆਜ ਪਕਰੋ ਸਹਾਈ।*[195]

*ਸਿੱਖ ਧਰਮ ਵਿਸ਼ਵਕੋਸ਼* ਅਨੁਸਾਰ, "ਗੁਰਦੁਆਰਾ ਤਾੜੀ ਸਾਹਿਬ, ਪਹਾੜੀ ਦੇ ਹੇਠਾਂ ਗੁਰਦੁਆਰਾ ਕਤਲਗੜ੍ਹ ਦੇ ਪੱਛਮ ਵੱਲ ਬਣਿਆ ਹੋਇਆ ਹੈ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ 7-8 ਦਸੰਬਰ 1705 ਦੀ ਰਾਤ ਸਮੇਂ ਚਮਕੌਰ ਦੀ ਗੜ੍ਹੀ ਨੂੰ ਛੱਡਣ ਦਾ ਫ਼ੈਸਲਾ ਕੀਤਾ ਤਾਂ ਤਿੰਨ ਸਿੱਖ, ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਵੀ ਉਹਨਾਂ ਦੇ ਨਾਲ ਬਾਹਰ ਆ ਗਏ। ਉਹ ਸਭ ਵੱਖ-ਵੱਖ ਦਿਸ਼ਾਵਾਂ ਵੱਲ ਗਏ ਪਰ ਜਾਣ ਤੋਂ ਪਹਿਲਾਂ ਇਕ ਵਿਸ਼ੇਸ਼ ਤਾਰੇ ਦੀ ਦਿਸ਼ਾ ਵੱਲ ਚੱਲਦੇ ਹੋਏ ਨਿਸ਼ਚਿਤ ਅਸਥਾਨ ਤੇ ਮਿਲਣ ਦਾ ਫੈਸਲਾ ਕੀਤਾ। ਗੁਰੂ ਜੀ ਬਗੈਰ ਦੱਸੇ ਜਾਣਾ ਨਹੀਂ ਸਨ ਚਾਹੁੰਦੇ ਇਸ ਲਈ ਉਹਨਾਂ ਨੇ, ਜਿੱਥੇ ਹੁਣ 'ਗੁਰਦੁਆਰਾ ਤਾੜੀ ਸਾਹਿਬ' ਬਣਿਆ ਹੋਇਆ ਹੈ, ਟਿੱਬੀ ਤੇ ਪਹੁੰਚ ਕੇ ਤਾੜੀ ਮਾਰੀ ਅਤੇ ਉੱਚੀ ਆਵਾਜ਼ ਵਿਚ ਕਿਹਾ : 'ਹਿੰਦ ਦਾ ਪੀਰ ਜਾ ਰਿਹਾ ਹੈ।' ਆਪੋ ਆਪਣੀਆਂ ਵੱਖਰੀਆਂ ਦਿਸ਼ਾਵਾਂ ਵੱਲ ਜਾ ਰਹੇ ਤਿੰਨਾਂ ਸਿੱਖਾਂ ਨੇ ਵੀ ਤਾੜੀ ਮਾਰੀ ਅਤੇ ਉੱਚੀ ਆਵਾਜ਼ ਵਿਚ ਗੁਰੂ ਜੀ ਦੇ ਵਾਕ ਦੁਹਰਾਏ। ਇਸ ਨਾਲ ਘੇਰਾ ਪਾਉਣ ਵਾਲੀ ਫ਼ੌਜ ਵਿਚ ਭਗਦੜ ਮਚ ਗਈ ਅਤੇ ਗੁਰੂ ਗੋਬਿੰਦ ਸਿੰਘ ਜੀ ਅਤੇ ਸਿੱਖ ਬਿਨਾਂ ਕਿਸੇ ਨੁਕਸਾਨ ਦੇ ਬਚ ਕੇ ਘੇਰੇ ਵਿਚੋਂ ਬਾਹਰ ਆ ਗਏ। ਟਿੱਬੀ ਤੇ ਬਣਿਆ ਹੋਇਆ ਗੁਰਦੁਆਰਾ ਉਸ ਅਸਥਾਨ ਦੀ ਯਾਦ

---

[194] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* (ਜਿਲਦ ਚੋਦਵੀਂ), ਪੰਨੇ 5909-10.

[195] ਗੁਰਬਚਨ ਸਿੰਘ ਨਈਅਰ (ਸੰਪਾ.), *ਗੁਰ ਰਤਨ ਮਾਲ ਸੌ ਸਾਖੀ,* ਪੰਨਾ 63.

ਦਿਵਾਉਂਦਾ ਹੈ ਜਿੱਥੋਂ ਗੁਰੂ ਗੋਬਿੰਦ ਸਿੰਘ ਜੀ ਨੇ ਤਾੜੀ ਮਾਰ ਕੇ ਚਾਲੇ ਪਾਏ ਸਨ।"[196]

ਗੁਰਦੁਆਰਾ ਤਾੜੀ ਸਾਹਿਬ ਵਾਲੇ ਅਸਥਾਨ ਦੀ ਜਗ੍ਹਾ ਬਾਬਾ ਕ੍ਰਿਪਾਲ ਸਿੰਘ ਨੇ ਰਾਜਪੂਤ ਚੌਧਰੀਆਂ ਤੋਂ ਦੋ ਬਿੱਘੇ, ਪਛੰਤਰ ਰੁਪਏ ਦੀ, ਸੰਨ 1940 ਈਸਵੀ ਵਿਚ ਖਰੀਦੀ ਸੀ। ਇਥੇ ਇਕ ਗੁਰਦੁਆਰਾ ਸਾਹਿਬ ਦੀ ਛੋਟੀ ਇਮਾਰਤ ਬਣਾਈ ਜੋ ਕਿ ਅੱਜ ਵੀ ਮੌਜੂਦ ਹੈ, ਉਥੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਸੀ। ਬਾਅਦ ਵਿਚ ਇਸ ਅਸਥਾਨ ਦਾ ਪ੍ਰਬੰਧ ਬਾਬਾ ਕ੍ਰਿਪਾਲ ਸਿੰਘ ਦਾ ਸਪੁੱਤਰ ਮਹੰਤ ਮੇਹਰ ਸਿੰਘ ਕਰਦਾ ਰਿਹਾ ਹੈ। ਇਹ ਅਸਥਾਨ ਜਮੀਨ ਸਮੇਤ ਨਿਹੰਗ ਸਿੰਘਾਂ ਦੀ ਜਥੇਬੰਦੀ ਦਲ ਬਾਬਾ ਬਿਧੀਚੰਦ ਨੇ ਖਰੀਦ ਲਿਆ ਸੀ। ਇਸ ਤੋਂ ਬਾਅਦ (21 ਅਪ੍ਰੈਲ, 1994 ਈਸਵੀ) ਵਿਚ ਇਸ ਗੁਰਦੁਆਰੇ ਦਾ ਪ੍ਰਬੰਧ ਇਸ ਜਥੇਬੰਦੀ ਨੇ ਆਪਣੇ ਹੱਥਾਂ ਵਿਚ ਲੈ ਲਿਆ।[197] ਇਥੇ ਉਹਨਾਂ ਦੁਆਰਾ ਗੁਰਦੁਆਰਾ ਸਾਹਿਬ ਦੀ ਇਕ ਬਹੁਤ ਸੁੰਦਰ ਇਮਾਰਤ ਦੀ ਉਸਾਰੀ ਕਰਵਾਈ ਗਈ ਹੈ, ਜਿਸ ਉਤੇ ਸੰਗਮਰਮਰ ਲਗਾਉਣ ਦੀ ਸੇਵਾ ਅਜੇ ਵੀ ਚੱਲ ਰਹੀ ਹੈ। ਇਸ ਗੁਰਦੁਆਰੇ ਅੰਦਰ, ਹਾਲ ਦੇ ਵਿਚਕਾਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਸ੍ਰੀ ਦਸਮ ਗ੍ਰੰਥ ਅਤੇ ਸ੍ਰੀ ਸਰਬਲੋਹ ਗ੍ਰੰਥ ਦਾ ਪ੍ਰਕਾਸ਼ ਵੀ ਕੀਤਾ ਹੋਇਆ ਹੈ।

ਵਰਤਮਾਨ ਸਮੇਂ ਵਿਚ ਗੁਰਦੁਆਰਾ ਤਾੜੀ ਸਾਹਿਬ ਵਿਚ ਇਕ ਪਿੱਪਲ ਦਾ ਬਹੁਤ ਪੁਰਾਣਾ ਦਰੱਖਤ ਵੀ ਮੌਜੂਦ ਹੈ, ਜਿਸ ਬਾਰੇ ਆਖਿਆ ਜਾਂਦਾ ਹੈ ਕਿ ਚਮਕੌਰ ਦੀ ਜੰਗ ਸਮੇਂ ਇਸ ਦੇ ਹੇਠਾਂ ਮੁਗਲ ਸੈਨਾਪਤੀਆਂ ਨੇ ਆਪਣੇ ਟਿਕਾਣੇ ਕੀਤੇ ਹੋਏ ਸਨ (ਇਸੇ ਲਈ ਗੁਰੂ ਜੀ ਨੇ ਇਸ ਸਥਾਨ ਦੇ ਨੇੜੇ ਆ ਕੇ ਤਾੜੀ ਮਾਰੀ ਸੀ), ਉਸ ਥਾਂ ਉਤੇ ਥੜਾ ਬਣਾ ਕੇ, ਉਤੇ ਛੋਟਾ ਨਿਸ਼ਾਨ ਸਾਹਿਬ ਲਗਾਇਆ ਹੋਇਆ ਹੈ। ਇਹ ਦਰੱਖਤ ਲਗਪਗ 1950 ਈ. ਵਿਚ ਕੱਟ ਦਿੱਤਾ ਸੀ, ਬਾਅਦ ਵਿਚ ਇਹ ਕਿਸੇ ਇਕ ਜੜ੍ਹ ਤੋਂ ਫਿਰ ਫੁੱਟ ਪਿਆ। ਇਸ ਦਰੱਖਤ ਦੇ ਦੁਆਲੇ ਬਣੇ ਥੜੇ ਉਤੇ ਹੀ ਲਿਖਤੀ ਇਤਿਹਾਸ ਦਾ ਬੋਰਡ ਲਗਾਇਆ ਹੋਇਆ ਹੈ। ਇਸ ਅਸਥਾਨ ਦੇ ਪਿਛਲੇ ਪਾਸੇ ਲੰਗਰ ਹਾਲ ਬਣਿਆ ਹੋਇਆ ਹੈ, ਲੰਗਰ ਹਾਲ ਦੇ ਨਾਲ ਹੀ ਇਕ ਖੂਹ ਹੈ, ਜਿਸ ਵਿਚ ਟਿਊਵੈਲ ਲਗਾਇਆ ਹੋਇਆ ਹੈ। ਗੁਰਦੁਆਰੇ ਦੇ ਪੱਛਮ ਵਾਲੇ ਪਾਸੇ ਯਾਤਰੂਆਂ ਲਈ ਸਰਾਂ

[196] ਜੋਧ ਸਿੰਘ (ਮੁੱਖ ਸੰਪਾ.), *ਸਿੱਖ ਧਰਮ ਵਿਸ਼ਵਕੋਸ਼* (ਪਹਿਲੀ ਸੈਂਚੀ), ਪੰਨਾ 539.

[197] ਮਹੰਤ ਮੇਹਰ ਸਿੰਘ ਦੇ ਸਪੁੱਤਰ ਸ. ਸੁਰਜੀਤ ਸਿੰਘ ਨਾਲ ਕੀਤੀ ਗੱਲਬਾਤ ਅਨੁਸਾਰ।

(ਰਿਹਾਇਸ਼) ਬਣਾਈ ਹੋਈ ਹੈ। ਹੁਣ ਇਸ ਅਸਥਾਨ ਦਾ ਪ੍ਰਬੰਧ ਨਿਹੰਗ ਸਿੰਘ ਜਥੇਬੰਦੀ ਦਲ ਬਾਬਾ ਬਿਧੀਚੰਦ ਦੇ ਜਥੇਦਾਰ ਬਾਬਾ ਅਵਤਾਰ ਸਿੰਘ ਸੁਰ ਸਿੰਘ ਵਾਲਿਆਂ ਅਧੀਨ ਹੈ।

**ਗੁਰਦੁਆਰਾ ਸ਼ਹੀਦ ਬੁਰਜ ਭਾਈ ਜੀਵਨ ਸਿੰਘ**

ਇਹ ਗੁਰਦੁਆਰਾ, ਇਤਿਹਾਸਕ ਗੁਰਦੁਆਰਾ ਗੜੀ ਸਾਹਿਬ ਦੇ ਬਿਲਕੁਲ ਨਜਦੀਕ ਬਣਿਆ ਹੋਇਆ ਹੈ। ਗੁਰਦੁਆਰਾ ਸ਼ਹੀਦ ਬੁਰਜ, ਭਾਈ ਜੀਵਨ ਸਿੰਘ ਦੀ ਯਾਦ ਵਿਚ ਬਣਿਆ ਹੋਇਆ ਹੈ।

*ਸਿੱਖ ਧਰਮ ਵਿਸ਼ਵਕੋਸ਼* ਅਨੁਸਾਰ, "ਗੁਰਦੁਆਰਾ ਸ਼ਹੀਦ ਬੁਰਜ ਭਾਈ ਜੀਵਨ ਸਿੰਘ, 'ਗੁਰਦੁਆਰਾ ਗੜ੍ਹੀ ਸਾਹਿਬ' ਦੇ ਨਾਲ ਬਣਿਆ ਹੋਇਆ ਹੈ ਜੋ ਕਿ ਗੜ੍ਹੀ ਦੇ ਦਰਵਾਜੇ ਦੀ ਯਾਦ ਦਿਵਾਉਂਦਾ ਹੈ, ਜਿਸਨੂੰ ਗੁਰੂ ਗੋਬਿੰਦ ਸਿੰਘ ਜੀ ਨੇ 7 ਦਸੰਬਰ ਦੇ ਅਸਾਂਵੇਂ ਯੁੱਧ ਵਿਚ ਮਜਬੂਤ ਸੁਰੱਖਿਆ ਵਜੋਂ ਵਰਤਿਆ ਸੀ। ਗੇਟ ਦੀ ਰੱਖਿਆ ਭਾਈ ਮਦਨ ਸਿੰਘ ਅਤੇ ਭਾਈ ਕੋਠਾ ਸਿੰਘ ਨੇ ਕੀਤੀ ਪਰ ਗੁਰਦੁਆਰੇ ਦਾ ਨਾਂ ਭਾਈ ਜੀਵਨ ਸਿੰਘ ਦੇ ਨਾਂ ਤੇ ਰੱਖਿਆ ਗਿਆ। ਜੀਵਨ ਸਿੰਘ, ਭਾਈ ਜੈਤਾ ਨੂੰ ਕਿਹਾ ਜਾਂਦਾ ਹੈ ਜੋ 1675 ਵਿਚ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਉਹਨਾਂ ਦਾ ਸੀਸ ਦਿੱਲੀ ਤੋਂ ਕੀਰਤਪੁਰ ਲੈ ਕੇ ਆਇਆ ਅਤੇ ਉਸਨੇ ਗੁਰੂ ਗੋਬਿੰਦ ਸਿੰਘ ਜੀ ਤੋਂ 'ਰੰਘਰੇਟੇ ਗੁਰੂ ਕੇ ਬੇਟੇ' ਦਾ ਖ਼ਿਤਾਬ ਹਾਸਲ ਕੀਤਾ। 1699 ਵਿਚ, ਇਸਨੇ ਖ਼ਾਲਸਾ ਪੰਥ ਦੀ ਸਾਜਨਾ ਸਮੇਂ ਖੰਡੇ ਦੀ ਪਾਹੁਲ ਲੈ ਕੇ ਆਪਣਾ ਨਾਂ ਜੀਵਨ ਸਿੰਘ ਰੱਖ ਲਿਆ। ਭੱਟ ਵਹੀਆਂ ਅਨੁਸਾਰ ਸਰਸਾ ਨਦੀ ਦੇ ਕੰਢੇ ਤੇ ਹੋਏ ਹਮਲੇ ਸਮੇਂ ਇਹ ਸੈਨਾ ਦੇ ਪਿਛਲੇ ਦਸਤੇ ਵਿਚ ਲੜਦਾ ਹੋਇਆ ਸ਼ਹੀਦ ਹੋ ਗਿਆ। ਗੁਰਦੁਆਰਾ ਸ਼ਹੀਦ ਬੁਰਜ, ਜੋ ਕਿ ਉਸ ਦੀ ਸ਼ਹਾਦਤ ਦੀ ਯਾਦ ਦਿਵਾਉਂਦਾ ਹੈ, ਪੁਰਾਣੀਆਂ ਸਰਹਿੰਦੀ ਇੱਟਾਂ ਦਾ ਬਣਿਆ ਹੋਇਆ ਛੋਟਾ ਜਿਹਾ ਧਾਰਮਿਕ ਅਸਥਾਨ ਹੈ ਜਿਸ ਨਾਲ ਬਾਅਦ ਵਿਚ ਇਕ ਛੋਟੇ ਜਿਹੇ ਹਾਲ ਦਾ ਵਾਧਾ ਕੀਤਾ ਗਿਆ। ਅਸਲ ਅਸਥਾਨ, ਜਿੱਥੇ ਗੁਰੂ ਗ੍ਰੰਥ ਸਾਹਿਬ ਸੁਸ਼ੋਭਿਤ ਹਨ, ਉਹ ਭਾਈ ਜੀਵਨ ਸਿੰਘ ਨਾਲ ਸੰਬੰਧਿਤ ਮਜ਼ਹਬੀ ਸਿੱਖ ਭਾਈਚਾਰੇ ਨੇ ਬਣਾਇਆ ਹੈ।"[198]

ਗੁਰਦੁਆਰਾ ਸਾਹਿਬ ਦੇ ਹਾਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਹੈ ਅਤੇ ਉਸਦੇ ਬਿਲਕੁਲ ਸਾਹਮਣੇ ਹਾਲ ਦੇ ਅੰਦਰ ਹੀ ਇਕ ਪੁਰਾਤਨ ਖੂਹੀ ਵੀ ਬਣੀ ਹੋਈ ਹੈ। ਗੁਰਦੁਆਰਾ

---

[198] ਜੋਧ ਸਿੰਘ (ਮੁੱਖ ਸੰਪਾ.), *ਸਿੱਖ ਧਰਮ ਵਿਸ਼ਵਕੋਸ਼ (ਪਹਿਲੀ ਸੈਂਚੀ),* ਪੰਨਾ 539.

ਸਾਹਿਬ ਦੇ ਬਿਲਕੁਲ ਸਾਹਮਣੇ ਲੰਗਰ ਹਾਲ ਬਣਿਆ ਹੋਇਆ ਹੈ। ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਸੇਵਾ 1987 ਈ. ਵਿਚ ਆਰੰਭ ਹੋਈ ਅਤੇ ਹੁਣ ਵੀ ਜਾਰੀ ਹੈ। ਇਸ ਗੁਰਦੁਆਰੇ ਦੀ ਸੇਵਾ ਭਾਈ ਜੀਵਨ ਸਿੰਘ ਨਾਲ ਸੰਬੰਧਿਤ 'ਭਾਈ ਜੈਤਾ ਜੀ ਟਰੱਸਟ' ਕਰਵਾ ਰਿਹਾ ਹੈ।

**ਗੁਰਦੁਆਰਾ ਬੀਬੀ ਸ਼ਰਨ ਕੌਰ**

ਇਹ ਇਤਿਹਾਸਕ ਅਸਥਾਨ, ਚਮਕੌਰ ਸਾਹਿਬ ਵਿਚ ਕੱਚੀ ਨਹਿਰ ਦੇ ਕੰਢੇ ਉਤੇ ਰੋਪੜ੍ਹ-ਦੋਰਾਹਾ ਸੜਕ ਉਤੇ ਸਥਿਤ ਹੈ। ਇਹ ਗੁਰਦੁਆਰਾ ਉਸ ਬਹਾਦਰ ਸਿੱਖ ਇਸਤਰੀ ਦੀ ਯਾਦ ਵਿਚ ਬਣਿਆ ਹੋਇਆ ਹੈ, ਜਿਸ ਨੇ ਚਮਕੌਰ ਦੀ ਜੰਗ ਵਿਚ ਸ਼ਹੀਦ ਹੋਏ ਵੱਡੇ ਸਾਹਿਬਜ਼ਾਦਿਆਂ ਸਮੇਤ ਸਿੰਘਾਂ ਦੇ ਸਸਕਾਰ ਕੀਤੇ ਸਨ।

ਸਿੱਖ ਬੀਬੀਆਂ ਨੇ ਹਰ ਮੁਸ਼ਕਿਲ ਘੜੀ ਵਿਚ ਆਪਣੇ ਫ਼ਰਜ਼ਾਂ ਨੂੰ ਬਾਖ਼ੂਬੀ ਨਿਭਾਇਆ ਹੈ। ਆਪਣੇ ਅਧਿਆਤਮਕ ਕਾਰਜਾਂ ਦੇ ਰਸਤੇ ਵਿਚ ਆਉਣ ਵਾਲੀ ਕਿਸੇ ਵੀ ਔਕੜ ਅਤੇ ਮੁਸੀਬਤ ਨੂੰ ਉਹਨਾਂ ਨੇ ਆਪਣੀ ਮੰਜ਼ਿਲ ਦਾ ਅੜਿੱਕਾ ਨਹੀਂ ਬਣਨ ਦਿੱਤਾ। ਬੀਬੀ ਸ਼ਰਨ ਕੌਰ ਅਜਿਹੀ ਹੀ ਨਿਡਰ ਅਤੇ ਬਹਾਦਰ ਸਿੰਘਣੀ ਸੀ, ਜਿਸ ਨੇ ਅਣਗਿਣਤ ਮੁਗ਼ਲ ਫ਼ੌਜਾਂ ਅਤੇ ਹੋਰਨਾਂ ਮੁਸੀਬਤਾਂ ਦੀ ਪਰਵਾਹ ਨਾ ਕਰਦਿਆਂ, ਆਪਣਾ ਫ਼ਰਜ਼ ਪੂਰਾ ਕੀਤਾ।

ਰਤਨ ਸਿੰਘ ਜੱਗੀ ਅਨੁਸਾਰ, "ਇਸ ਸ਼ਹੀਦ ਬੀਬੀ ਦਾ ਪਿਛੋਕੜ ਕੀ ਹੈ? ਇਸ ਬਾਰੇ ਕੁਝ ਪਤਾ ਨਹੀਂ ਲਗਦਾ। ਸਿੱਖ ਰਵਾਇਤਾਂ ਤੋਂ ਪਤਾ ਚਲਦਾ ਹੈ ਕਿ ਇਹ ਚਮਕੌਰ ਸਾਹਿਬ ਵਿਚ ਸ਼ਹੀਦ ਹੋਏ, ਭਾਈ ਪ੍ਰੀਤਮ ਸਿੰਘ ਦੀ ਪਤਨੀ ਸੀ। ਜਦੋਂ ਗੁਰੂ ਗੋਬਿੰਦ ਸਿੰਘ ਜੀ ਆਪਣੇ ਦੋ ਸਾਹਿਬਜ਼ਾਦੇ ਅਤੇ ਸਿੰਘਾਂ ਦੀ ਸ਼ਹਾਦਤ ਤੋਂ ਬਾਅਦ ਪੰਜ ਸਿੰਘਾਂ ਦਾ ਹੁਕਮ ਮੰਨਦੇ ਹੋਏ ਗੜ੍ਹੀ ਛੱਡ ਕੇ ਗਏ, ਤਾਂ ਇਹ ਬੀਬੀ ਉਸ ਵੇਲੇ ਕਿਤੋਂ ਆਈ ਅਤੇ ਇਕ ਨਿੱਕੀ ਜਿਹੀ ਮਸ਼ਾਲ ਹੱਥ ਵਿਚ ਲੈ ਕੇ ਜੰਗ ਦੇ ਮੈਦਾਨ ਵਿਚ ਇਕਲੀ ਫਿਰਨ ਲਗੀ। ਥਾਂ ਥਾਂ ਪਈਆਂ ਲੋਥਾਂ ਨੂੰ ਇਹ ਪਛਾਣ ਰਹੀ ਸੀ। ਇਸ ਨੇ ਤੀਹ ਸਿੱਖਾਂ ਦੀਆਂ ਲਾਸ਼ਾਂ ਲਭੀਆਂ ਅਤੇ ਉਹਨਾਂ ਨੂੰ ਘਸੀਟ ਕੇ ਨੇੜੇ ਜਿਹੇ ਸਥਿਤ ਇਕ ਵੱਡੇ ਸਾਰੇ ਵਾੜੇ ਵਿਚ ਪਹੁੰਚਾਇਆ। ਫਿਰ ਇਹ ਦੋ ਸਾਹਿਬਜ਼ਾਦਿਆਂ ਦੀਆਂ ਦੇਹਾਂ ਨੂੰ ਲਭ ਕੇ ਵਾੜੇ ਤਕ ਲੈ ਗਈ। ਉਸ ਤੋਂ ਬਾਅਦ ਜਦੋਂ ਇਹ ਹੋਰ ਸਿੰਘਾਂ ਦੇ ਸ਼ਰੀਰਾਂ ਦੀ ਭਾਲ ਕਰ

ਰਹੀ ਸੀ, ਤਾਂ ਆਪਣੇ ਪਤੀ ਭਾਈ ਪ੍ਰੀਤਮ ਸਿੰਘ ਦੀ ਦੇਹ ਵੀ ਮਿਲ ਗਈ। ਉਸ ਨੂੰ ਵੀ ਵਾੜੇ ਵਿਚ ਪਹੁੰਚਾ ਦਿੱਤਾ। ਥਕੇ-ਟੁਟੇ ਸੁੱਤੇ ਪਏ ਮੁਸਲਮਾਨ ਸੈਨਿਕਾਂ ਨੇ ਮੈਦਾਨੇ ਜੰਗ ਵਿਚ ਇਸ ਇਕਲੀ ਔਰਤ ਨੂੰ ਘੁੰਮਦਿਆਂ ਕੋਈ ਚੁੜੇਲ ਜਾਂ ਭੂਤਨੀ ਸਮਝਿਆ ਅਤੇ ਇਸ ਵਲ ਕੋਈ ਧਿਆਨ ਨਾ ਦਿੱਤਾ। ਫਿਰ ਬੀਬੀ ਸ਼ਰਨ ਕੌਰ ਨੇ ਵਾੜੇ ਨੂੰ ਅੱਗ ਲਗਾ ਕੇ ਸ਼ਹੀਦਾਂ ਦੀਆਂ ਦੇਹਾਂ ਦਾ ਸਸਕਾਰ ਕਰਨਾ ਸ਼ੁਰੂ ਕਰ ਦਿੱਤਾ। ਵਾੜੇ ਨੂੰ ਲਗੀ ਅੱਗ ਦੇ ਭਾਂਬੜ ਨੂੰ ਵੇਖ ਕੇ ਕੁਝ ਮੁਸਲਮਾਨ ਸੈਨਿਕ ਉਥੇ ਪਹੁੰਚੇ। ਉਨ੍ਹਾਂ ਦੇ ਪੁੱਛਣ ਤੇ ਦਲੇਰ ਬੀਬੀ ਨੇ ਆਪਣੇ ਆਪ ਨੂੰ ਭਾਈ ਪ੍ਰੀਤਮ ਸਿੰਘ ਦੀ ਸਿੰਘਣੀ ਦਸਿਆ। ਉਨ੍ਹਾਂ ਸੈਨਿਕਾਂ ਨੇ ਇਸ ਨੂੰ ਵੀ ਅੱਗ ਵਿਚ ਸੁਟ ਦਿਤਾ। ਇਹ ਵੀ ਉਥੇ ਸੜ ਕੇ ਸ਼ਹੀਦ ਹੋ ਗਈ, ਪਰ ਇਸ ਨੇ ਜਿਸ ਨਿਡਰਤਾ ਨਾਲ ਦੋ ਸਾਹਿਬਜ਼ਾਦਿਆਂ, ਆਪਣੇ ਪਤੀ ਅਤੇ ਤੀਹ ਸਿੰਘਾਂ ਦਾ ਸਸਕਾਰ ਕੀਤਾ ਅਤੇ ਆਪ ਵੀ ਸ਼ਹੀਦ ਹੋਈ, ਉਹ ਸਿੱਖ ਇਤਿਹਾਸ ਦੀ ਇਕ ਅਮਰ ਗਾਥਾ ਹੈ।"[199]

ਗੁਰਦੁਆਰੇ ਵਿਚ ਬੋਰਡ ਉਤੇ ਲਿਖੇ ਹੋਏ ਇਤਿਹਾਸ ਅਨੁਸਾਰ ਬੀਬੀ ਸ਼ਰਨ ਕੌਰ ਦੇ ਮਾਤਾ-ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਰਧਾਲੂ ਸਨ ਅਤੇ ਉਹਨਾਂ ਨੇ ਪੰਜ ਪਿਆਰਿਆਂ ਪਾਸੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਅੰਮ੍ਰਿਤ ਛਕਿਆ ਸੀ। ਬੀਬੀ ਜੀ ਜਦੋਂ ਵੀ ਗੁਰੂ ਸਾਹਿਬ ਨੂੰ ਨਮਸ਼ਕਾਰ ਕਰਦੇ ਤਾਂ ਉਦੋਂ ਹੀ ਬੇਨਤੀ ਕਰਦੇ ਕਿ ਮੈਨੂੰ ਕੋਈ ਸੇਵਾ ਬਖਸ਼ੋ। ਗੁਰੂ ਜੀ ਬਚਨ ਕਰਦੇ ਕਿ ਤੁਸੀਂ ਸਿਮਰਨ ਕਰਿਆ ਕਰੋ, ਜਦੋਂ ਸਮਾਂ ਆਵੇਗਾ, ਅਸੀਂ ਆਪ ਹੀ ਸੇਵਾ ਲੈ ਲਵਾਂਗੇ ਤੇ ਫਿਰ ਸੇਵਾ ਦਾ ਮੌਕਾ ਚਮਕੌਰ ਜੰਗ ਵਿਚ ਆਇਆ। ਬੀਬੀ ਸ਼ਰਨ ਕੌਰ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਆਦੇਸ਼ ਅਨੁਸਾਰ ਚਮਕੌਰ ਜੰਗ ਦੇ ਸ਼ਹੀਦਾਂ ਦਾ ਸਸਕਾਰ ਕੀਤਾ। ਉਹਨਾਂ ਨੇ ਇਕ ਅੰਗੀਠਾ ਤਿਆਰ ਕਰ ਲਿਆ ਅਤੇ ਦੋਵੇਂ ਸ਼ਾਹਿਬਜ਼ਾਦਿਆਂ ਅਤੇ ਹੋਰਨਾਂ ਸ਼ਹੀਦ ਸਿੰਘਾਂ ਦੀਆਂ ਲਾਸਾਂ ਨੂੰ ਅੰਗੀਠੇ ਉਤੇ ਰੱਖ ਕੇ ਲਾਂਬੂ ਲਗਾ ਦਿੱਤਾ। ਅੱਗ ਦੀਆਂ ਲਾਟਾਂ ਵੇਖ ਕੇ ਮੁਗਲ ਸੈਨਾ ਉਸ ਪਾਸੇ ਵੱਲ ਭੱਜੀ। ਜਦੋਂ ਵੇਖਿਆ ਕਿ ਨਜਦੀਕ ਇਕ ਔਰਤ ਬੈਠੀ ਹੈ। ਬੀਬੀ ਜੀ ਨੇ ਕਿਰਪਾਨ ਕੱਢ ਕੇ ਮੁਗਲਾਂ ਦਾ ਮੁਕਾਬਲਾ ਕੀਤਾ ਅਤੇ ਕਾਫੀ ਸੈਨਿਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਬਾਅਦ ਵਿਚ ਬੀਬੀ ਜੀ ਜਖ਼ਮੀ ਹੋ ਕੇ ਜਮੀਨ ਉਤੇ ਡਿੱਗ ਪਏ ਅਤੇ ਸੈਨਿਕਾਂ ਨੇ ਉਹਨਾਂ ਨੂੰ ਬਰਛਿਆਂ ਨਾਲ ਉਠਾ ਕੇ ਅੰਗੀਠੇ ਵਿਚ

[199] ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼ (ਭਾਗ ਪਹਿਲਾ)*, ਪੰਨੇ 203-04.

ਸੁੱਟ ਦਿੱਤਾ। ਬੀਬੀ ਜੀ ਆਪ ਵੀ ਚਮਕੌਰ ਜੰਗ ਦੇ ਸ਼ਹੀਦਾਂ ਨਾਲ ਸ਼ਹਾਦਤ ਦਾ ਜਾਮ ਪੀ ਗਏ।[200]

ਇਸ ਅਸਥਾਨ ਦੀ ਸੇਵਾ ਬਾਬਾ ਗੁਰਚਰਨ ਸਿੰਘ ਰਾਏਪੁਰ ਵਾਲਿਆਂ ਨੇ ਕਰਵਾਈ ਸੀ। ਇਸ ਦਾ ਪ੍ਰਬੰਧ ਮੌਜੂਦਾ ਸਮੇਂ ਵਿਚ ਬਾਬਾ ਕਰਮ ਸਿੰਘ ਪਾਸ ਹੈ, ਪਹਿਲਾਂ ਉਹਨਾਂ ਦੇ ਪਿਤਾ ਬਾਬਾ ਗੁਰਬਚਨ ਸਿੰਘ ਇਥੇ ਸੇਵਾ ਸੰਭਾਲ ਕਰਦੇ ਸਨ। ਗੁਰਦੁਆਰਾ ਸਾਹਿਬ ਦੀ ਡਿਉਢੀ ਤੋਂ ਅੰਦਰ ਜਾਂਦਿਆਂ ਸੱਜੇ ਪਾਸੇ ਹਾਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਹੈ ਅਤੇ ਖੱਬੇ ਪਾਸੇ ਲੰਗਰ ਹਾਲ ਹੈ। ਪ੍ਰਕਾਸ਼ ਅਸਥਾਨ ਅਤੇ ਲੰਗਰ ਹਾਲ ਦੇ ਵਿਚਕਾਰ ਨਿਸ਼ਾਨ ਸਾਹਿਬ ਹੈ ਅਤੇ ਉਸਦੇ ਨਜਦੀਕ ਵਾਲੀ ਦੀਵਾਰ ਉਤੇ ਲਿਖਤੀ ਇਤਿਹਾਸ ਦਾ ਬੋਰਡ ਲੱਗਿਆ ਹੋਇਆ ਹੈ। ਇਸ ਗੁਰਦੁਆਰਾ ਸਾਹਿਬ ਦੀ ਸੜਕ ਨਾਲ ਲੱਗਦੀ ਦੀਵਾਰ ਨਾਲ ਰਿਹਾਇਸ਼ੀ ਕਮਰੇ ਬਣੇ ਹੋਏ ਹਨ।

## ਬੀੜ ਗੁਰੂ

ਇਹ ਪਿੰਡ, ਜ਼ਿਲ੍ਹਾ ਰੂਪਨਗਰ ਵਿਚ ਸਥਿਤ ਅਤੇ ਚਮਕੌਰ ਸਾਹਿਬ ਤੋਂ ਲਗਪਗ ਪੰਜ ਕਿਲੋਮੀਟਰ ਦੂਰ ਦੱਖਣ-ਉਤਰ ਦਿਸ਼ਾ ਵੱਲ ਸਰਹਿੰਦ ਨਹਿਰ ਤੋਂ ਪਾਰ ਸਥਿਤ ਹੈ।

### ਗੁਰਦੁਆਰਾ ਜੰਡ ਸਾਹਿਬ

ਇਹ ਇਤਿਹਾਸਕ ਅਸਥਾਨ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ ਹੈ। ਭਾਈ ਸੰਤੋਖ ਸਿੰਘ ਲਿਖਦੇ ਹਨ ਕਿ ਚਮਕੌਰ ਵਿਚੋਂ ਨਿਕਲਣ ਉਪਰੰਤ ਗੁਰੂ ਜੀ ਇਸ ਅਸਥਾਨ ਉਤੇ ਪਹੁੰਚੇ ਤਾਂ ਉਥੇ ਦੋ ਵਿਅਕਤੀ ਚਾਨਣੀ ਰਾਤ ਵਿਚ ਆਪਣੀਆਂ ਗੁਆਚੀਆਂ ਮੱਝਾਂ ਨੂੰ ਭਾਲਦੇ ਆਏ ਤਾਂ ਉਨਾਂ ਵਿਚੋਂ ਇਕ ਨੇ ਗੁਰੂ ਜੀ ਨੂੰ ਪਛਾਣ ਲਿਆ ਅਤੇ ਜਦੋਂ ਰੌਲਾ ਪਾਉਣ ਲੱਗੇ ਤਾਂ ਗੁਰੂ ਜੀ ਨੇ ਉਹਨਾਂ ਨੂੰ ਕਿਹਾ ਕਿ ਰੌਲਾ ਨਾ ਪਾਉ, ਸਾਡੇ ਕੋਲ ਆਉ, ਤੁਹਾਨੂੰ ਇਕ ਵਸਤ ਦਿੰਦੇ ਹਾਂ। ਗੁਰੂ ਜੀ ਨੇ ਉਹਨਾਂ ਨੂੰ ਆਪਣਾ ਹੀਰਿਆਂ ਜੜਿਆ ਖੰਜਰ ਦੇ ਦਿੱਤਾ। ਪਰ ਜਦੋਂ ਉਹ ਫਿਰ ਰੌਲਾ ਪਾਉਣ ਲੱਗੇ ਤਾਂ ਗੁਰੂ ਜੀ ਨੇ ਕਿ ਇਹ ਖੰਜਰ ਇਥੇ ਰੱਖੋ :

*ਸ੍ਰੀ ਗੋਬਿੰਦ ਸਿੰਘ ਨਿਕਸੇ ਬਾਹਰਿ ਸਭਿ ਤੇ ਹੁਇ ਕਰਿ ਪਾਰ।*

*ਸਵਾ ਕੋਸ ਚਲਿ ਗਏ ਝੀਲ ਮਹਿਂ ਤਹਾਂ ਤਰੋਵਰ ਜੰਡ ਨਿਹਾਰ।*

---

[200] ਗੁਰਦੁਆਰਾ ਬੀਬੀ ਸ਼ਰਨ ਕੌਰ, ਚਮਕੌਰ ਸਾਹਿਬ ਵਿਚ ਲੱਗੇ ਬੋਰਡ ਅਨੁਸਾਰ।

*ਬੈਠਿ ਗਏ ਤਹਿਂ ਬਿਤੀ ਦੇਰ ਕੁਝ ਦ੍ਵੈ ਨਰ ਮਹਿਖੀ ਖੋਜਨਹਾਰ।*

*ਇਕ ਮਾਲਿਕ ਇਕ ਪਾਲਕ ਤਿਨ ਮਹਿਂ ਖੋਜਤਿ ਇਤ ਉਤ ਬਿਬਿਧ ਪ੍ਰਕਾਰ।।10।।*

*ਰਾਤ ਚਾਂਦਨੀ ਇਕ ਤਹਿਂ ਦੇਖੇ ਬੈਠੇ ਗੁਰੂ ਬੰਦਨਾ ਗਾਇ।*

*ਕੋ ਤੁਮ ਅਹੋ ? ਮਹਿਖ ਹਮ ਖੋਜਤਿ ਸੁਨਿਤ ਦੂਸਰੇ ਕਹਯੋ ਸੁਨਾਇ।*

*ਕਿਹ ਸੰਗ ਬੋਲਤਿ ਮਹਿਖ ਕਿ ਪ੍ਰਾਪਤ ਮੈਂ ਜਾਵੌਂ ਕੈ ਨਹਿ ਅਗਵਾਇ ?।*

*ਇਤ ਨਹਿਂ ਮਹਿਖੀ, ਸਤਿਗੁਰ ਬੈਠੇ, ਮੈਂ ਬੋਲਯੋ ਤਿਨ ਸਨ ਇਸ ਥਾਇ।।11।।*

*ਕਹਾਂ ਗੁਰੂ ਇਸ ਥਲ ਮਹਿਂ ਆਯੋ, ਗਢ ਮਹਿਂ ਘਿਰਯੋ ਲਰਤਿ ਬਡ ਜੰਗ।*

*ਅਪਰ ਹੋਇ ਕੋ ਤੈਂ ਨਹਿਂ ਜਾਨਯੋਂ ਸੁਨਿ ਬੋਲਯੋ ਤੂਰਨ ਤਿਨ ਸੰਗ।*

*ਘੇਰਾ ਛੋਰਿ ਨਿਕਸ ਕਰਿ ਆਏ ਤਬਿ ਗੁਰ ਕਹਯੋ ਨ ਬੋਲ ਉਤੰਗ।*

*ਆਉ ਪਦਾਰਥ ਤੋ ਕੋ ਦੇਵਹਿਂ ਸੁਨਿ ਕਰਿ ਆਯੋ ਕਰਤਿ ਉਮੰਗ।।12।।*

*ਖੰਜਰ ਜਰਯੋ ਜਵਾਹਰ ਸੰਗੇ ਦਯੋ, ਲਯੋ ਉਰ ਹਰਖ ਉਪਾਇ।*

*ਚਹਯੋ ਕਿ ਰੌਰਾ ਕਰੌਂ ਬੁਲਾਵੌਂ ਤੁਰਕ ਦੇਹਿਂ ਮੁਝ ਧਨ ਸਮੁਦਾਇ।*

*ਜਾਨਿ ਗੁਰੂ ਤਿਹ ਘਟਕੀ ਬੋਲੇ :- ਔਰ ਦਰਬ ਕੁਛ ਦੇਂ ਸਮੁਦਾਇ-।*

*ਕਰਿ ਲਾਲਚ ਕੋ ਢਿਗ ਜਬਿ ਪਹੁੰਚਯੋ ਕਹਯੋ ਧਰਹੁ ਖੰਜਰ ਇਸ ਥਾਇਂ।।13।।* [201]

ਜਦੋਂ ਉਸ ਲਾਲਚੀ ਇਨਸਾਨ ਨੇ ਖੰਜਰ ਉਥੇ ਰੱਖ ਦਿੱਤਾ ਅਤੇ ਫਿਰ ਰੌਲਾ ਪਾਉਣ ਲੱਗਾ ਤਾਂ ਗੁਰੂ ਜੀ ਨੇ ਉਸ ਦੇ ਚਪੇੜ ਮਾਰੀ ਅਤੇ ਉਸ ਤੋਂ ਬੋਲਿਆ ਨਾ ਗਿਆ। ਇਥੋਂ ਅੱਗੇ ਗੁਰੂ ਜੀ ਮਾਛੀਵਾੜੇ ਵੱਲ ਨੂੰ ਚਲੇ ਗਏ :

*ਧਰਨਿ ਲਗਯੋ ਜਬਿ ਉਲਟ ਚਪੇਟੈਂ ਮਾਰੀ ਗੁਰੂ, ਝੁਕਯੋ ਤਿਹ ਜਾਨਿ।*

*ਮੁਖ ਪਰ ਲਗੀ ਭਗਨ ਭੇ ਦਸਨਾ ਭਯੋ ਗੁੰਗ ਨਹਿਂ ਸਮੇ ਬਖਾਨ।*

*ਸਾਥੀ ਦੁਤੀ ਬੁਲਾਵਤਿ ਬਹੁ ਬਿਧਿ ਕਹਾਂ ਭਯੋ ਰਹਿ ਗਈ ਜ਼ੁਬਾਨ?।*

---

[201] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* (ਜਿਲਦ ਚੌਦਵੀਂ), ਪੰਨੇ 5910-11.

*ਧਾਇ ਪਰਸਪਰ ਮਿਲੇ ਸੁ ਬੂਝੇ ਨਹਿਂ ਕਛ ਕਹਜੋ ਜਾਤਿ ਮਤਿ ਹਾਨ ॥14॥*

*ਉਠਿ ਪ੍ਰਭੁ ਗਮਨ ਕੀਨ ਬਿਨ ਪੰਥਹਿ ਸਨੇ ਸਨੇ ਚਲਿ ਸਹਿਜ ਸੁਭਾਇ।...॥15॥*[202]

ਗਿਆਨੀ ਗਿਆਨ ਸਿੰਘ ਲਿਖਦੇ ਹਨ ਕਿ ਗੁਰੂ ਜੀ ਚਮਕੌਰ ਤੋਂ ਇਸ ਸਥਾਨ ਤੇ ਪੁੱਜੇ ਤਾਂ ਕੀੜੀ ਪਿੰਡ ਦੇ ਵਸਨੀਕ ਅਲਫੂ ਤੇ ਗਾਮੂ, ਗੁਰੂ ਜੀ ਨੂੰ ਸਿਆਣ ਕੇ ਰੌਲਾ ਪਾਉਣ ਲੱਗੇ ਗੁਰੂ ਜੀ ਨੇ ਉਹਨਾਂ ਨੂੰ ਪੰਜ-ਪੰਜ ਮੋਹਰਾਂ ਦੇ ਕੇ ਚੁੱਪ ਰਹਿਣ ਲਈ ਆਖਿਆ। ਪਰ ਉਹ ਲਾਲਚ ਵਸ ਚੁੱਪ ਨਾ ਰਹੇ, ਫੇਰ ਰੌਲਾ ਪਾਉਣ ਲੱਗ ਪਏ। ਗੁਰੂ ਜੀ ਨੇ ਅਲਫੂ ਨੂੰ ਤਲਵਾਰ ਨਾਲ ਵੱਢ ਦਿੱਤਾ ਅਤੇ ਗਾਮੂ ਭੱਜਣ ਲੱਗਾ ਤਾਂ ਗੁਰੂ ਜੀ ਨੇ ਉਸ ਨੂੰ ਵੀ ਝਟਕਾ ਦਿੱਤਾ।[203]

ਰੂਪਨਗਰ ਗਜ਼ਟੀਅਰ ਅਨੁਸਾਰ, "At a distance of 7 km from Chamkaur Sahib across the Sirhind Canal, there is a another historical gurdwara named Gurdwara Jand Sahib in village of Birguru built in the memory of Guru Gobind Singh. ...The jand tree under which the Guru rested still exists in the gurdwara."[204]

ਮੌਜੂਦਾ ਸਮੇਂ ਇਥੇ 'ਗੁਰਦੁਆਰਾ ਬੀੜ ਗੁਰੂ ਜੰਡ ਸਾਹਿਬ' ਖੇਤਾਂ ਵਿਚ ਬਣਿਆ ਹੋਇਆ ਹੈ। ਇਮਾਰਤ ਦੇ ਪਿਛਲੇ ਪਾਸੇ ਜੰਡ ਦਾ ਦਰੱਖਤ ਵੀ ਖੜਾ ਹੈ, ਜਿਸ ਬਾਰੇ ਮਾਨਤਾ ਹੈ ਕਿ ਇਹ ਗੁਰੂ ਜੀ ਦੇ ਸਮੇਂ ਵਾਲਾ ਹੀ ਹੈ। ਜੰਡ ਦੇ ਨਾਲ ਹੀ ਇਕ ਛੋਟਾ ਅਸਟਭੁਜਾ ਕਮਰਾ ਬਣਾਇਆ ਹੋਇਆ ਹੈ ਜਿਹੜਾ ਕਿ ਪਾਰਦਰਸ਼ੀ ਸ਼ੀਸੇ ਦਾ ਬਣਿਆ ਹੋਇਆ ਹੈ, ਇਸ ਵਿਚ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਹੈ। ਉਸ ਤੋਂ ਥੋੜਾ ਪਿੱਛੇ ਅਖੰਡ ਪਾਠ ਸਾਹਿਬ ਕਰਨ ਲਈ ਨਵੇਂ ਕਮਰੇ ਵੀ ਬਣਾਏ ਗਏ ਹਨ। ਇਕ ਪਾਸੇ ਲੰਗਰ ਹਾਲ ਬਣਿਆ ਹੋਇਆ ਹੈ। ਮੌਜੂਦਾ ਸਮੇਂ ਵਿਚ ਸਰੋਵਰ ਅਤੇ ਕਮਰਿਆਂ ਦੀ ਸੇਵਾ ਬਾਬਾ ਅਜੀਤ ਸਿੰਘ, ਝਾੜ ਸਾਹਿਬ ਵਾਲੇ ਕਰਵਾ ਰਹੇ ਹਨ। ਇਸ ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਹੈ। ਇਸ ਗੁਰਦੁਆਰੇ ਦੇ ਪਰਿਸਰ ਅੰਦਰ ਹੀ ਇਕ ਸਕੂਲ ਵੀ ਚੱਲਦਾ ਹੈ, ਜਿਸਦੀ ਵਿਵਸਥਾ

---

[202] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* (ਜਿਲਦ ਚੌਦਵੀਂ), ਪੰਨਾ 5911.

[203] ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖ਼ਾਲਸਾ,* ਪੰਨਾ 1018.

[204] B.R. Sharma, *Punjab District Gazetteers : Rupnagar,* Revenue Department Punjab, Chandigarh, 1987. page 445.

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ। ਗੁਰੂ ਜੀ ਦੀ ਆਮਦ ਦੀ ਯਾਦ ਵਿਚ ਸਾਲਾਨਾ ਜੋੜ ਮੇਲਾ ਪੋਹ ਦੇ ਮਹੀਨੇ ਵਿਚ ਮਨਾਇਆ ਜਾਂਦਾ ਹੈ।

## ਚੱਕ ਢੇਰਾ

ਪਿੰਡ ਚੱਕ ਢੇਰਾ, ਰੂਪਨਗਰ ਤੋਂ ਪੰਦਰਾਂ ਕਿਲੋਮੀਟਰ ਦੀ ਦੂਰੀ ਉਤੇ ਸਤਲੁਜ ਦਰਿਆ ਦੇ ਕਿਨਾਰੇ ਉਤੇ ਬਣਿਆ ਹੋਇਆ ਹੈ। ਇਹ ਪਿੰਡ ਬਹੁਤ ਪੁਰਾਣਾ ਹੈ।

### ਗੁਰਦੁਆਰਾ ਛੰਨ ਕੁੰਮਾ ਮਾਸ਼ਕੀ ਜੀ

ਚੱਕ ਢੇਰਾ ਪਿੰਡ ਵਿਚਲਾ ਅਸਥਾਨ ਮਾਤਾ ਗੁਜਰੀ ਜੀ ਅਤੇ ਦੋਵੇਂ ਛੋਟੇ ਸਾਹਿਬਜ਼ਾਦਿਆਂ ਬਾਬਾ ਜੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ ਜੀ ਨਾਲ ਸੰਬੰਧਿਤ ਹੈ।

ਸੁਰਿੰਦਰ ਸਿੰਘ ਖ਼ਾਲਸਾ ਦੇ ਦੱਸਣ ਅਨੁਸਾਰ ਇਥੇ ਦਰਿਆ ਸਤਲੁਜ ਕਿਨਾਰੇ ਪੱਤਣ ਹੁੰਦਾ ਸੀ ਅਤੇ ਬੇੜੀ ਚਲਿਆ ਕਰਦੀ ਸੀ। ਇਥੇ ਹੀ ਕੁੰਮਾ ਮਾਸ਼ਕੀ ਨਾਂ ਦਾ ਮਲਾਹ ਵੀ ਬੇੜੀ ਚਲਾਉਣ ਦਾ ਕੰਮ ਕਰਦਾ ਸੀ ਅਤੇ ਦਰਿਆ ਦੇ ਕਿਨਾਰੇ ਹੀ ਝੌਂਪੜੀ ਵਿਚ ਰਹਿੰਦਾ ਹੁੰਦਾ ਸੀ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਦਾ ਕਿਲ੍ਹਾ ਛੱਡਿਆ ਤਾਂ ਸਰਸਾ ਨਦੀ ਕਿਨਾਰੇ ਗੁਰੂ ਜੀ ਦਾ ਸਾਰਾ ਪਰਿਵਾਰ ਵਿਛੜ ਗਿਆ ਸੀ। ਇਹਨਾਂ ਵਿਚੋਂ ਮਾਤਾ ਗੁਜਰੀ ਜੀ ਅਤੇ ਦੋਵੇਂ ਛੋਟੇ ਸਾਹਿਬਜਾਦੇ ਸਾਰੇ ਪਰਿਵਾਰ ਨਾਲੋਂ ਨਿੱਖੜ ਗਏ ਅਤੇ ਚੱਲਦੇ-ਚੱਲਦੇ ਸ਼ਾਮ ਹੋਣ 'ਤੇ ਇਸ ਅਸਥਾਨ ਉਤੇ ਆ ਪਹੁੰਚੇ। ਮਾਤਾ ਗੁਜਰੀ ਜੀ ਨੇ ਇਥੇ ਇਕ ਝੌਂਪੜੀ ਦੇਖੀ ਤਾਂ ਉਹ ਇਸ ਪਾਸੇ ਵੱਲ ਆ ਗਏ। ਇਸ ਝੌਂਪੜੀ ਵਿਚ ਰਹਿਣ ਵਾਲੇ ਕੁੰਮੇ ਮਾਸ਼ਕੀ ਨੇ ਆਪਣੀ ਝੌਂਪੜੀ ਵਿਚ ਠਹਿਰਾ ਕੇ ਉਹਨਾਂ ਦੀ ਸੇਵਾ ਕੀਤੀ ਅਤੇ ਜੋ ਉਸ ਪਾਸ ਭਾਰਾ ਕੱਪੜਾ ਸੀ ਉਹ ਉਹਨਾਂ ਨੂੰ ਰਾਤ ਬਿਤਾਉਣ ਲਈ ਦੇ ਦਿੱਤਾ। ਉਹ ਆਪ ਨਗਰ ਵਿਚ ਰਹਿੰਦੀ ਵਿਧਵਾ ਮਾਈ ਲੱਛਮੀ ਦੇ ਘਰੋਂ ਭੋਜਨ ਲੈਣ ਲਈ ਚਲਾ ਗਿਆ। ਉਸ ਨੇ ਰਾਤ ਨੂੰ ਭੋਜਨ ਲਿਆ ਕੇ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਛਕਾਇਆ। ਅਗਲੀ ਸਵੇਰ ਉਹ ਮਾਈ ਖੁਦ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਲਈ ਭੋਜਨ ਲੈ ਕੇ ਆਈ। ਇਥੋਂ ਹੀ ਗੰਗੂ ਉਹਨਾਂ ਨੂੰ ਆਪਣੇ ਨਾਲ ਸਹੇੜੀ ਪਿੰਡ ਵੱਲ ਲੈ ਗਿਆ ਸੀ।[205]

ਭਾਈ ਸੰਤੋਖ ਸਿੰਘ ਜੀ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦਾ ਸਤਲੁਜ ਦੇ ਕਿਨਾਰੇ

[205] ਭਾਈ ਸੁਰਿੰਦਰ ਸਿੰਘ ਖ਼ਾਲਸਾ (ਖਜੂਰਲਾ ਵਾਲਿਆਂ) ਨਾਲ ਹੋਈ ਗੱਲਬਾਤ ਅਨੁਸਾਰ ਜਾਣਕਾਰੀ।

(ਚੱਕ ਢੇਰਾ ਪਿੰਡ) ਵੱਲ ਆਉਣ ਦਾ ਕਾਰਨ ਲਿਖਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਮਾਤਾ ਗੁਜਰੀ ਜੀ ਨੂੰ ਕਿਹਾ ਸੀ ਕਿ ਇਕ-ਦੋ ਰਾਤਾਂ ਕਿਤੇ ਸਤਲੁਜ ਦੇ ਕਿਨਾਰੇ ਰਹਿ ਜਾਣਾ :

*ਸ੍ਰੀ ਗੁਜਰੀ ਬਿਚ ਸਜੰਦਨ ਕੇ, ਜੁਗ ਨੰਦਨ ਨੰਦ ਕੇ ਸੰਗ ਚਢਾਈ।*

*ਤਾਂਹਿ ਸੁਭਾਖ ਕਰੀ ਸਮੁਝਾਵਨ ਲੈ ਅਗਵਾਨ ਚਲੋ ਸਹਸਾਈ।*

*ਏਕ ਦੁ ਰਾਤ ਕਹੂੰ ਬਸਿਕੈ ਤਟ ਸੌਦ੍ਰਵ ਕੇ ਗਮਨੇ ਪਿਖਿ ਥਾਈ॥27॥*[206]

ਭਾਈ ਸੁਰਿੰਦਰ ਸਿੰਘ ਖ਼ਾਲਸਾ ਅਨੁਸਾਰ ਇਹ ਉਹ ਥਾਂ ਹੈ, ਜਿੱਥੇ ਬੇੜੀ ਚਲਾਉਣ ਵਾਲਾ ਮਲਾਹ ਬਾਬਾ ਕੁੰਮਾ, ਸਤਲੁਜ ਦਰਿਆ ਦੇ ਪੱਤਣ ਤੇ ਕੱਖਾਂ-ਕਾਨਿਆਂ ਦੀ ਬਣੀ ਹੋਈ ਝੌਂਪੜੀ ਵਿਚ ਆਪਣਾ ਨਿਵਾਸ ਕਰਦਾ ਸੀ। ਇਸ ਨੇ ਅੱਤ ਔਖੇ, ਕਠਨ ਤੇ ਬਿਖੜੇ ਸਮੇਂ ਵਿਚ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਆਪਣੀ ਝੌਂਪੜੀ ਵਿਚ ਵਿਸ਼ਰਾਮ ਕਰਾ ਕੇ ਸੇਵਾ ਕੀਤੀ ਸੀ। ਜਦੋਂ ਬਾਬਾ ਬੰਦਾ ਸਿੰਘ ਬਹਾਦਰ ਦੁਸ਼ਟਾਂ ਨੂੰ ਸੋਧਦਾ ਹੋਇਆ ਰੋਪੜ੍ਹ ਇਲਾਕੇ ਵਿਚ ਆਇਆ ਤਾਂ ਉਸਨੇ, ਇਸ ਗਰੀਬ ਮਲਾਹ ਦੁਆਰਾ ਕੀਤੀ ਸੇਵਾ ਦੇ ਸਤਿਕਾਰ ਬਦਲੇ ਆਪਣੇ ਦਰਬਾਰ ਵਿਚ ਬੁਲਾਇਆ ਅਤੇ ਧਨ, ਪਦਾਰਥ ਅਤੇ ਵਸਤਰ ਆਦਿ ਦੇ ਕੇ ਇਸਦਾ ਸਨਮਾਨ ਕੀਤਾ ਸੀ। ਬਾਅਦ ਵਿਚ ਇਸ ਨੇ ਅੰਮ੍ਰਿਤ ਛਕ ਲਿਆ ਅਤੇ ਇਸਦਾ ਨਾਂ ਕਰਮ ਸਿੰਘ ਰੱਖ ਦਿੱਤਾ ਗਿਆ।[207]

ਇਹ ਅਸਥਾਨ ਪ੍ਰਗਟ ਹੋਏ ਨੂੰ ਅਜੇ ਥੋੜਾ ਸਮਾਂ ਹੀ ਹੋਇਆ ਹੈ। ਇਸ ਅਸਥਾਨ ਦੀ ਖੋਜ ਭਾਈ ਸੁਰਿੰਦਰ ਸਿੰਘ ਖ਼ਾਲਸਾ (ਖਜੂਰਲਾ ਵਾਲਿਆਂ) ਨੇ ਕੀਤੀ ਹੈ ਅਤੇ ਬਾਅਦ ਵਿਚ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਉਸਾਰੀ ਕਰਵਾਈ ਗਈ ਅਤੇ ਨਿਸ਼ਾਨ ਸਾਹਿਬ ਝੁਲਾਇਆ ਗਿਆ। ਇਸ ਅਸਥਾਨ ਉਤੇ ਪਹਿਲੀ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ 12 ਜੁਲਾਈ, 2007 ਈਸਵੀ ਨੂੰ ਕੀਤਾ ਗਿਆ ਅਤੇ 16 ਜੁਲਾਈ, 2007 ਈਸਵੀ ਤੋਂ ਇਥੇ ਸੰਗਰਾਂਦ ਦਾ ਦਿਹਾੜਾ ਮਨਾਉਣਾ ਆਰੰਭ ਕੀਤਾ ਗਿਆ ਹੈ। ਮੌਜੂਦਾ ਸਮੇਂ ਵਿਚ ਇਸ ਅਸਥਾਨ ਦੀ ਸੇਵਾ-ਸੰਭਾਲ 'ਗੁਰਦੁਆਰਾ ਮਾਤਾ ਗੁਜਰ ਕੌਰ ਜੀ ਅਤੇ ਛੋਟੇ ਸਾਹਿਬਜ਼ਾਦੇ (ਯਾਦਗਾਰ ਛੰਨ ਬਾਬਾ ਕੁੰਮਾ ਮਾਸ਼ਕੀ ਜੀ) ਪ੍ਰਬੰਧਕ ਕਮੇਟੀ' ਕਰ ਰਹੀ ਹੈ।

---

[206] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* (ਜਿਲਦ ਤੇਰਵੀਂ), ਪੰਨਾ 5868.

[207] ਸੁਰਿੰਦਰ ਸਿੰਘ ਖ਼ਾਲਸਾ, *ਪੋਹ ਦੀਆਂ ਰਾਤਾਂ,* ਪੰਨਾ 110.

## ਕਾਈਨੌਰ

ਇਹ ਪਿੰਡ, ਮੋਰਿੰਡਾ-ਰੂਪਨਗਰ ਸੜਕ ਉਤੇ ਮੋਰਿੰਡਾ ਸ਼ਹਿਰ ਤੋਂ ਲਗਪਗ 5 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ।

**ਗੁਰਦੁਆਰਾ ਜੰਡੀਸਰ ਸਾਹਿਬ**

ਇਹ ਅਸਥਾਨ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਜੀ ਨਾਲ ਸੰਬੰਧਿਤ ਹੈ। ਰਵਾਇਤ ਅਨੁਸਾਰ ਜਦੋਂ ਅਨੰਦਪੁਰ ਛੱਡਣ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਤੋਂ ਨਿੱਖੜ ਕੇ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ ਗੰਗੂ ਬ੍ਰਾਹਮਣ ਨਾਲ ਉਸਦੇ ਪਿੰਡ ਸਹੇੜੀ ਵੱਲ ਨੂੰ ਜਾ ਰਹੇ ਸਨ ਤਾਂ ਉਸ ਨੇ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਇਕ ਰਾਤ ਇਸ ਪਿੰਡ ਵਿਚ ਤਲਾਅ ਦੇ ਨਜਦੀਕ ਬਿਠਾ ਦਿੱਤਾ ਸੀ ਤੇ ਅਗਲੇ ਦਿਨ ਆਪਣੇ ਪਿੰਡ ਸਹੇੜੀ ਲੈ ਕੇ ਗਿਆ ਸੀ।

ਭਾਈ ਵੀਰ ਸਿੰਘ ਬਲ ਨੇ *ਸਿੰਘ ਸਾਗਰ ਗ੍ਰੰਥ* ਵਿਚ ਇਸ ਘਟਨਾ ਦਾ ਜਿਕਰ ਇੰਵ ਕੀਤਾ ਹੈ :

*ਜੋਰਾਵਰ ਸਿੰਘ ਫਤੇ ਸਿੰਘ ਗੁਜਰੀ ਮਾਤਾ ਸਾਥ।*

*ਕਾਈਨੌਰ ਕੈ ਤਲ ਕੇ ਵਸੇ ਏਕ ਪੁਰ ਰਾਤ॥92॥*[208]

ਗੁਰਦੁਆਰੇ ਵਿਚ ਬੋਰਡ ਉਤੇ ਲਿਖੇ ਇਤਿਹਾਸ ਅਨੁਸਾਰ, " ਦਸਮ ਪਿਤਾ ਜੀ ਨਾਲੋਂ 7 ਪੋਹ, 1761 ਬਿਕਰਮੀ ਨੂੰ ਗੁਰਦੁਆਰਾ ਪਰਿਵਾਰ ਵਿਛੋੜਾ ਵਾਲੇ ਅਸਥਾਨ ਤੋਂ ਵਿਛੜ ਕੇ ਦਾਦੀ ਗੁਜਰ ਕੌਰ ਅਤੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ ਜੀ ਨੇ ਆਪਣੇ ਜੀਵਨ ਦੀਆਂ ਆਖਰੀ (6) ਰਾਤਾਂ ਵਿਚੋਂ ਦੂਜੀ ਰਾਤ ਇਸ ਅਸਥਾਨ ਦੇ ਤਲ ਦੇ ਕਿਨਾਰੇ ਦਰੱਖਤਾਂ ਦੀ ਸੰਘਣੀ ਝਿੜੀ 'ਚ ਬਤੀਤ ਕੀਤੀ ਸੀ। ਉਸ ਥਾਂ ਤੇ ਹੁਣ 'ਗੁਰਦੁਆਰਾ ਬਾਬਾ ਸ਼ਹੀਦ ਜੰਡੀਸਰ ਸਾਹਿਬ, ਕਾਈਨੌਰ ਸੁਸ਼ੋਭਿਤ ਹੈ। ਮੌਜੂਦਾ ਸਮੇਂ ਵਿਚ 'ਗੁਰਦੁਆਰਾ ਬਾਬਾ ਸ਼ਹੀਦ ਜੰਡੀਸਰ ਸਾਹਿਬ ਦੀ ਸੁੰਦਰ ਇਮਾਰਤ ਬਣੀ ਹੋਈ ਹੈ, ਜਿਸਦੀ ਸੇਵਾ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਹੀ ਲੋਕਲ ਕਮੇਟੀ ਵੱਲੋਂ ਕਰਵਾਈ ਗਈ ਹੈ। ਬਾਅਦ ਵਿਚ ਇਸ ਅਸਥਾਨ ਦਾ ਇਤਿਹਾਸ ਪ੍ਰਗਟ ਹੋਇਆ ਅਤੇ ਇਸਨੂੰ 'ਯਾਦਗਾਰ ਮਾਤਾ ਗੁਜਰ ਕੌਰ ਜੀ ਅਤੇ ਛੋਟੇ

[208] ਭਾਈ ਵੀਰ ਸਿੰਘ ਬੱਲ, *ਸਿੰਘ ਸਾਗਰ,* ਕ੍ਰਿਸ਼ਨਾ ਕੁਮਾਰੀ ਬਾਂਸਲ (ਸੰਪਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998 (ਦੂਜੀ ਵਾਰ), ਪੰਨਾ 124.

ਸਾਹਿਬਜ਼ਾਦੇ' ਵੀ ਕਿਹਾ ਜਾਣ ਲੱਗ ਪਿਆ।

ਪਹਿਲਾਂ ਇਸ ਪਿੰਡ ਵਿਚ ਸ਼ਹੀਦਾਂ ਦਾ ਅਸਥਾਨ ਹੀ ਹੁੰਦਾ ਸੀ ਅਤੇ ਬਾਅਦ ਵਿਚ ਪਿੰਡ ਵਾਸੀਆਂ ਨੇ ਉਥੇ ਗੁਰਦੁਆਰਾ ਸਾਹਿਬ ਦੀ ਸੁੰਦਰ ਇਮਾਰਤ ਉਸਾਰ ਦਿੱਤੀ ਸੀ। ਪਿੰਡ ਵਾਸੀਆਂ ਨੂੰ ਭਾਈ ਸੁਰਿੰਦਰ ਸਿੰਘ ਖ਼ਾਲਸਾ (ਖਜੂਰਲਾ ਵਾਲਿਆਂ) ਨੇ ਇਸ ਅਸਥਾਨ ਉਤੇ ਮਾਤਾ ਗੁਜਰੀ ਜੀ ਅਤੇ ਦੋਵੇਂ ਛੋਟੇ ਸਾਹਿਬਜ਼ਾਦਿਆਂ ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫ਼ਤਿਹ ਸਿੰਘ ਜੀ ਦੇ ਆਉਣ ਦੇ ਇਤਿਹਾਸਕ ਹਵਾਲੇ ਸੰਬੰਧੀ ਦੱਸਿਆ। ਉਹਨਾਂ ਨੇ ਪਿੰਡ ਵਿਚਲੇ ਪੁਰਾਣੇ ਤਲ ਦੀ ਵੀ ਨਿਸ਼ਾਨਦੇਹੀ ਕਰਕੇ ਦੱਸਿਆ ਕਿ ਇਹ ਉਹੀ ਇਤਿਹਾਸਕ ਤਲ ਹੈ, ਜਿੱਥੇ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੇ ਇਕ ਰਾਤ (8 ਪੋਹ, 1761 ਬਿਕਰਮੀ ਦੀ) ਗੁਜਾਰੀ ਸੀ। ਭਾਈ ਸਾਹਿਬ ਦੇ ਯਤਨਾਂ ਸਦਕਾ ਇਸ ਅਸਥਾਨ ਦੇ ਪ੍ਰਬੰਧਕਾਂ ਨੇ ਇਥੇ ਹੁਣ 8 ਪੋਹ ਵਾਲੇ ਦਿਨ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਯਾਦ ਵਿਚ ਸਾਲਾਨਾ ਸ਼ਹੀਦੀ ਜੋੜ-ਮੇਲ ਮਨਾਉਣਾ ਆਰੰਭ ਕਰ ਦਿੱਤਾ ਹੈ। ਹੁਣ ਇਸ ਅਸਥਾਨ ਦਾ ਪ੍ਰਬੰਧ ਸਥਾਨਕ ਕਮੇਟੀ ਕਰਦੀ ਹੈ।

## ਸਹੇੜੀ

ਇਹ ਪਿੰਡ, ਮੋਰਿੰਡਾ-ਰੂਪਨਗਰ ਸੜਕ ਉਤੇ ਮੋਰਿੰਡਾ ਸ਼ਹਿਰ ਤੋਂ ਲਗਪਗ 2 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਭਾਈ ਕਾਨ੍ਹ ਸਿੰਘ ਨਾਭਾ ਇਸਦੇ ਨਾਮ ਬਾਰੇ ਲਿਖਦੇ ਹਨ ਕਿ ਇਤਿਹਾਸਕਾਰਾਂ ਨੇ ਇਸੇ ਦਾ ਨਾਉਂ ਖੇੜੀ ਲਿਖਿਆ ਹੈ। ਖੇੜੀ ਬੰਦਾ ਬਹਾਦੁਰ ਨੇ ਥੇਹ ਕਰ ਦਿੱਤੀ ਸੀ, ਮੁੜਕੇ ਜੋ ਨਵੀਂ ਬਸਤੀ ਆਬਾਦ ਹੋਈ ਉਸ ਦਾ ਨਾਉਂ ਸਹੇੜੀ ਹੋਇਆ।"[209]

ਸਹੇੜੀ ਪਿੰਡ ਵਿਚ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨਾਲ ਸੰਬੰਧਿਤ ਚਾਰ ਗੁਰਦੁਆਰੇ ਹਨ। ਸਹੇੜੀ ਪਿੰਡ ਵਿਚਲਾ ਪਹਿਲਾ ਗੁਰਦੁਆਰਾ ਪਿੰਡ ਤੋਂ ਚੜ੍ਹਦੇ ਵੱਲ ਅੱਧਾ ਕੁ ਕਿਲੋਮੀਟਰ ਦੀ ਦੂਰੀ ਉੱਤੇ ਖੇਤਾਂ ਵਿਚ ਸਥਿਤ 'ਗੁਰਦੁਆਰਾ ਐਮਾ ਸਾਹਿਬ' ਹੈ। ਦੂਜਾ ਗੁਰਦੁਆਰਾ ਸਹੇੜੀ ਪਿੰਡ ਵਿਚ ਗੰਗੂ ਦੇ ਘਰ ਵਾਲੀ ਥਾਂ ਉੱਤੇ ਦੋ ਮੰਜ਼ਲੀ ਗੁੰਬਦਦਾਰ ਇਮਾਰਤ ਦੇ ਰੂਪ ਵਿਚ 'ਗੁਰਦੁਆਰਾ ਅਟਕ ਸਾਹਿਬ' ਬਣਿਆ ਹੋਇਆ ਹੈ। ਤੀਜਾ ਅਸਥਾਨ 'ਗੁਰਦੁਆਰਾ ਰਥ ਸਾਹਿਬ' ਹੈ, ਜਿਥੋਂ ਮਾਤਾ ਗੁਜਰੀ ਤੇ ਦੋਵੇਂ ਛੋਟੇ

[209] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 140.

ਸਾਹਿਬਜ਼ਾਦਿਆਂ ਨੂੰ ਸਰਕਾਰੀ ਹਾਕਮਾਂ ਦੇ ਹਵਾਲੇ ਕੀਤਾ ਗਿਆ ਸੀ। ਪਿੰਡ ਵਿਚਲਾ ਚੌਥਾ ਅਸਥਾਨ ਰੂਪਨਗਰ-ਮੋਰਿੰਡਾ ਸੜਕ ਉਤੇ 'ਗੁਰਦੁਆਰਾ ਸ੍ਰੀ ਗੁਪਤ ਖਜਾਨਾ ਗੋਬਿੰਦ ਸਾਗਰ ਸਾਹਿਬ' ਹੈ। ਇਹਨਾਂ ਚਾਰਾਂ ਗੁਰਦੁਆਰਿਆਂ ਦਾ ਵਿਸਥਾਰਿਤ ਵਰਣਨ ਨਿਮਨ ਅਨੁਸਾਰ ਹੈ :

**ਗੁਰਦੁਆਰਾ ਐਮਾ ਸਾਹਿਬ**

ਇਹ ਅਸਥਾਨ ਪਿੰਡ ਸਹੇੜੀ ਵਿਚ ਮੋਰਿੰਡਾ-ਰੂਪਨਗਰ ਸੜਕ ਤੋਂ ਚੜ੍ਹਦੇ ਪਾਸੇ ਵੱਲ ਸਥਿਤ ਹੈ। ਰਵਾਇਤ ਅਨੁਸਾਰ ਜਦੋਂ ਮਾਤਾ ਗੁਜਰੀ ਜੀ ਅਤੇ ਦੋਵੇਂ ਛੋਟੇ ਸਾਹਿਬਜ਼ਾਦੇ ਕਾਈਨੌਰ ਤੋਂ ਗੰਗੂ ਨਾਲ ਉਸਦੇ ਪਿੰਡ ਨੂੰ ਜਾ ਰਹੇ ਸਨ ਤਾਂ ਉਹ ਉਹਨਾਂ ਨੂੰ ਪਿੰਡ ਦੇ ਬਾਹਰਵਾਰ ਇਕ ਝਿੜੀ ਵਿਚ ਬਿਠਾ ਗਿਆ। ਉਹ ਇਹ ਕਹਿ ਕੇ ਆਪਣੇ ਘਰ ਚਲਾ ਗਿਆ ਕਿ ਉਹ ਦੇਖ ਕੇ ਆਉਂਦਾ ਹੈ ਕਿ ਰਸਤੇ ਵਿਚ ਸਰਕਾਰ ਦੇ ਸਿਪਾਹੀ ਤਾਂ ਨਹੀਂ ਗੁਰੂ-ਪਰਿਵਾਰ ਨੂੰ ਭਾਲਦੇ ਫਿਰਦੇ। ਕਾਫੀ ਲੰਮਾ ਸਮਾਂ ਗੰਗੂ ਵਾਪਿਸ ਨਾ ਆਇਆ ਤਾਂ ਮਾਤਾ ਗੁਜਰੀ ਜੀ ਨੇ ਨੇੜੇ ਇਕ ਝੌਂਪੜੀ ਦੇਖੀ ਅਤੇ ਸਾਹਿਬਜ਼ਾਦਿਆਂ ਨੂੰ ਲੈ ਕੇ ਉਸ ਵਿਚ ਜਾ ਕੇ ਬੈਠ ਗਏ। ਉਹ ਝੌਂਪੜੀ ਇਕ ਫ਼ਕੀਰ ਦੀ ਸੀ ਅਤੇ ਜਦੋਂ ਉਹ ਵਾਪਿਸ ਆਇਆ ਤਾਂ ਅਜਨਬੀਆਂ ਨੂੰ ਦੇਖ ਕੇ ਬੋਲਿਆ ਕਿ ਇਥੇ ਕਿਉਂ ਬੈਠੇ ਹੋ? ਜਵਾਬ ਵਿਚ ਮਾਤਾ ਗੁਜਰੀ ਜੀ ਨੇ ਕਿਹਾ ਕਿ ਐਂਵੇ ਹੀ ਬੈਠੇ ਹਾਂ। ਇਸੇ ਕਾਰਨ ਇਸ ਗੁਰਦੁਆਰੇ ਦਾ ਨਾਂ ਐਮਾ ਸਾਹਿਬ (ਐਂਵੇ ਦਾ ਸਥਾਨਕ ਉਚਾਰਨ) ਪੈ ਗਿਆ। ਉਹ ਫ਼ਕੀਰ ਉਹਨਾਂ ਦੇ ਨੂਰਾਨੀ ਚਿਹਰੇ ਦੇਖ ਕੇ ਸਮਝ ਗਿਆ ਸੀ ਕਿ ਇਹ ਕੋਈ ਅਧਿਆਤਮਕ ਸ਼ਖ਼ਸੀਅਤਾਂ ਹਨ। ਇਸ ਲਈ ਉਸ ਨੇ ਆਖਿਆ ਕਿ ਜਦੋਂ ਤੱਕ ਤੁਸੀਂ ਚਾਹੋ ਇਸ ਝੌਂਪੜੀ ਵਿਚ ਵਿਸ਼ਰਾਮ ਕਰ ਸਕਦੇ ਹੋ। ਮਾਤਾ ਗੁਜਰੀ ਜੀ ਅਤੇ ਦੋਵੇਂ ਛੋਟੇ ਸਾਹਿਬਜ਼ਾਦਿਆਂ ਨੂੰ ਗੰਗੂ ਦੁਆਰਾ ਸਹੇੜੀ ਪਿੰਡ ਦੇ ਬਾਹਰਵਾਰ ਢੱਕ-ਉਜਾੜ ਵਿਚ ਬਿਠਾਉਣ ਦੀ ਇਸ ਘਟਨਾ ਦਾ ਜਿਕਰ ਭਾਈ ਰਤਨ ਸਿੰਘ ਭੰਗੂ ਨੇ ਇਸ ਤਰ੍ਹਾਂ ਕੀਤਾ ਹੈ :

*ਲੈ ਮਾਤੈ ਨਿਜ ਗਇਓ ਗਰਾਮ। ਸਾਹੇੜੀ ਥੋ ਉਸ ਕੋ ਨਾਮ।*

*ਜਾਇ ਉਜਾੜ ਮਧ ਢੱਕ ਬਹਾਈ। ਚੀਜ ਸਭੀ ਉਨ ਕਰੀ ਕਬਜਾਈ।14।*

*ਕਹੈ 'ਮਾਤਾ! ਹਮ ਜਿਮੀ ਦਬਾਈ। ਤੁਮ ਮਨ ਚਿੰਤਾ ਕਰਯੋ ਨਾ ਕਾਈ।*

*ਮਾਤਾ ਕਹੈ ਹਮ ਚਿੰਤਾ ਜਾਨ। ਹਮ ਕੋ ਬਹਾਉ ਕਿਤੇ ਕਲਬ ਮਕਾਨ।15।* [210]

---

[210] ਰਤਨ ਸਿੰਘ ਭੰਗੂ, *ਪ੍ਰਾਚੀਨ ਪੰਥ ਪ੍ਰਕਾਸ਼,* ਭਾਈ ਵੀਰ ਸਿੰਘ (ਸੰਪਾ.), ਖ਼ਾਲਸਾ ਸਮਾਚਾਰ, ਅੰਮ੍ਰਿਤਸਰ, 1962, ਪੰਨਾ 62.

ਇਸ ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਉਸਾਰੀ 25 ਅਕਤੂਬਰ, 1969 ਈਸਵੀ ਨੂੰ ਸਥਾਨਕ ਸੰਗਤ ਦੇ ਸਹਿਯੋਗ ਨਾਲ ਕਰਵਾਈ ਗਈ ਸੀ। ਇਸ ਗੁਰਦੁਆਰੇ ਕੋਲ 80 ਬਿੱਘੇ ਜਮੀਨ ਸੀ, ਜੋ ਕਿ ਰੋਪੜ੍ਹ ਦੇ ਰਾਜਾ ਭੂਪ ਸਿੰਘ ਭੇਟਾ ਕੀਤੀ ਸੀ। ਮੌਜੂਦਾ ਸਮੇਂ ਵਿਚ ਇਸ ਗੁਰਦੁਆਰੇ ਦੀ ਸੇਵਾ-ਸੰਭਾਲ ਸਥਾਨਕ ਕਮੇਟੀ ਕਰਦੀ ਹੈ। ਇਸ ਅਸਥਾਨ ਵਿਚ ਹੀ ਉਸ ਫਕੀਰ ਦੀ ਕੁਟੀਆਂ ਵਾਲੀ ਥਾਂ ਉਤੇ ਵੀ ਛੋਟਾ ਗੁਰਦੁਆਰਾ ਬਣਿਆ ਹੋਇਆ ਹੈ। ਇਥੇ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਆਮਦ ਦੀ ਯਾਦ ਵਿਚ ਹਰ ਸਾਲ 22 ਮੱਘਰ ਨੂੰ ਜੋੜ-ਮੇਲ ਭਰਦਾ ਹੈ।

**ਗੁਰਦੁਆਰਾ ਅਟਕ ਸਾਹਿਬ (ਗੰਗੂ ਦਾ ਘਰ)**

ਇਹ ਅਸਥਾਨ ਸਹੇੜੀ ਪਿੰਡ ਵਿਚ ਸਥਿਤ ਹੈ। ਇਹ ਗੰਗੂ ਬ੍ਰਾਹਮਣ ਦਾ ਘਰ ਹੁੰਦਾ ਸੀ, ਜਿਥੇ ਮਾਤਾ ਗੁਜਰੀ ਜੀ ਅਤੇ ਦੋਵੇਂ ਛੋਟੇ ਸਾਹਿਬਜ਼ਾਦਿਆਂ ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਜੀ ਨੇ ਇਕ ਰਾਤ ਬਿਤਾਈ ਸੀ।

ਭਾਈ ਸੰਤੋਖ ਸਿੰਘ ਨੇ ਗੰਗੂ ਦੁਆਰਾ ਛਲ-ਕਪਟ ਨਾਲ ਲੋਭ ਕਰਕੇ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਆਪਣੇ ਪਿੰਡ ਸਹੇੜੀ ਲੈ ਕੇ ਜਾਣ ਦਾ ਜਿਕਰ ਇਸ ਤਰ੍ਹਾਂ ਕੀਤਾ ਹੈ :

*ਸੁਨਹੁ ਪ੍ਰਭੂ ! ਬਿਛਰੇ ਜਬੈ ਇਕ ਬਿੱਪ੍ਰ ਅਗਾਰੀ।*

*ਸੰਗ ਮਾਤ ਕੇ ਕਪਟ ਕਰਿ ਲੇ ਗਯੋ ਨਿਰਾਲਾ।*

*ਪਹੁੰਚਯੋ ਅਪਨੇ ਗ੍ਰਾਮ ਲੇ ਧਰਿ ਲੋਭ ਬਿਸਾਲਾ।।14।।*

*ਸਜੰਦਨ ਮਹਿਂ ਮਾਤਾ ਹੁਤੀ ਦ੍ਵੈ ਸਾਹਿਬਜ਼ਾਦੇ। ...*

*ਬ੍ਰਿੱਪ ਉਤਰੇ ਸਦਨ ਮਹਿਂ ਸਭਿ ਵਸਤੁ ਉਤਾਰੀ।*

*ਗ੍ਰਾਮ ਨਾਮ ਖੇੜੀ ਹੁਤੋ ਦਿਜ ਅਧਮ ਕੁਚਾਰੀ।।15।।*[211]

ਗਿਆਨੀ ਗਿਆਨ ਸਿੰਘ ਨੇ *ਪੰਥ ਪ੍ਰਕਾਸ਼* ਵਿਚ ਲਿਖਿਆ ਹੈ ਕਿ ਗੁਰੂ ਘਰ ਦਾ ਰਸੋਈਆ ਖੇੜੀ ਪਿੰਡ ਦਾ ਬ੍ਰਾਹਮਣ, ਦੌਲਤ ਦੇ ਲਾਲਚ ਕਾਰਨ ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਆਪਣੇ ਪਿੰਡ ਲੈ

[211] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* (ਜਿਲਦ ਚੌਦਵੀਂ), ਪੰਨਾ 5946.

ਗਿਆ। ਉਥੇ ਉਸ ਨੇ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਦੀ ਲਾਲਚ ਵਸ ਹੀ ਬਹੁਤ ਸੇਵਾ ਕੀਤੀ :

*ਗੁਰ ਘਰ ਕਾ ਥਾ ਹੁਤੋ ਰਸੋਈਆ ਸੋ ਦ੍ਵਿਜ ਖੇੜੀ ਕੇਰਾ।*

*ਦੌਲਤ ਪਿਖ ਮਾਤਾ ਢਿਗ ਅਧਕੈ ਲੈ ਗਿਓ ਘਰ ਬਿਨ ਦੇਰਾ।*

*ਸੇਵਾ ਕਰੀ ਅਧਕ ਭੋਜਨ ਲੇ ਦੀਨੋ ਪਲੰਘ ਬਿਛਾਈ।* [212]

ਗੰਗੂ ਨੇ ਮਾਤਾ ਗੁਜਰੀ ਜੀ ਦੀ ਧਨ ਵਾਲੀ ਖੁਰਜੀ ਚੋਰੀ ਕਰ ਲਈ ਤਾਂ ਮਾਤਾ ਜੀ ਨੇ ਉਸ ਨੂੰ ਪੁਛਿਆ ਤਾਂ ਉਸ ਨੇ ਕਿਹਾ ਕਿ ਇਕ ਤਾਂ ਤੁਹਾਨੂੰ ਪਨਾਹ ਦਿੱਤੀ ਹੈ ਅਤੇ ਉਲਟਾ ਮੈਨੂੰ ਹੀ ਚੋਰ ਆਖ ਰਹੇ ਹੋ। ਇਸ ਕਾਰਨ ਗੰਗੂ ਨੇ ਮੋਰਿੰਡੇ ਦੇ ਕੋਤਵਾਲ ਜਾਨੀ ਖਾਂ ਤੇ ਮਾਨੀ ਖਾਂ ਨੂੰ ਸ਼ਿਕਾਇਤ ਕਰਕੇ ਮਾਤਾ ਜੀ ਅਤੇ ਦੋਵੇਂ ਛੋਟੇ ਸਾਹਿਬਜ਼ਾਦੇ ਆਪਣੇ ਘਰੋਂ ਫੜਾ ਦਿੱਤੇ :

*ਜਾਨੀ ਮਾਂਨੀ ਖਾਂ ਢਿਗ ਚੁਗਲੀ ਉਗਲੀ ਦੁਸ਼ਟ ਤਮਾਂਮੀ।*

*ਸ਼ਾਹੀ ਚੋਰ ਹਮਾਰੇ ਘਰ ਮੇਂ ਆਇ ਲੁਕੇਹੈ ਬਾਦੀ।*

*ਗੁਰ ਗੁਬਿੰਦ ਦੇ ਛੋਟੇ ਪੁਤ੍ਰ ਇਕ ਹੈ ਉਨ ਕੀ ਦਾਦੀ।*

*ਬਿਪ੍ਰ ਪਾਪੀ ਕੀ ਗਲ ਸੁਣਕੇ ਤੁਰਕ ਚੜ ਆਏ।*

*ਦੋਵੇਂ ਗੁਰ ਸੁਤ ਮਾਤਾ ਕੇ ਯੁਤ ਦੂਜ ਨੈ ਘਰੋਂ ਫੜਾਏ।*[213]

ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਅਸਥਾਨ ਬਾਰੇ ਇੰਵ ਲਿਖਿਆ ਹੈ, "ਇਸ ਪਿੰਡ ਤੋਂ ਪੱਛਮ ਵੱਲ ਤਕਰੀਬਨ ਇਕ ਫਰਲਾਂਗ ਤੇ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤੇ ਸਿੰਘ ਜੀ ਦਾ ਗੁਰਦ੍ਵਾਰਾ ਹੈ। ਇਹ ਗੰਗੂ ਬ੍ਰਾਹਮਣ ਦਾ ਪਿੰਡ ਸੀ। ਮਾਤਾ ਗੂਜਰੀ ਜੀ ਨੂੰ ਦੋਹਾਂ ਸਾਹਿਬਜ਼ਾਦਿਆਂ ਸਮੇਤ, ਇਹ ਕ੍ਰਿਤਘਨ ਇੱਥੇ ਹੀ ਨਾਲ ਲੈ ਆਇਆ ਸੀ ਅਤੇ ਮੋਰੰਡੇ ਦੇ ਹਾਕਮ ਨੂੰ ਖਬਰ ਦੇ ਕੇ ਤੇਹਾਂ ਨੂੰ ਫੜਾ ਦਿੱਤਾ ਸੀ।"[214]

ਹੁਣ ਇਸ ਅਸਥਾਨ ਉਤੇ ਛੋਟੀ ਇੱਟ ਵਾਲੇ ਇਕ ਪੁਰਾਣੇ ਕਮਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਹੈ। ਇਥੇ ਇਕ ਪੁਰਾਣਾ ਮੰਜਾ ਵੀ ਪਿਆ ਹੈ, ਜਿਸ ਸੰਬੰਧੀ ਮਾਨਤਾ ਹੈ ਕਿ ਇਸ ਉਤੇ

[212] ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼,* ਪੰਨਾ 293.

[213] ਉਹੀ, ਪੰਨਾ 294.

[214] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 140.

ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੇ ਵਿਸ਼ਰਾਮ ਕੀਤਾ ਸੀ।

ਇਸ ਸਮੇਂ ਮੌਜੂਦ ਗੁਰਦੁਆਰਾ ਸਾਹਿਬ ਦੀ ਉਸਾਰੀ ਦੀ ਸੇਵਾ ਬਾਬਾ ਹਰਬੰਸ ਸਿੰਘ ਦਿੱਲੀ ਵਾਲਿਆਂ ਨੇ ਸੰਗਤ ਦੇ ਸਹਿਯੋਗ ਨਾਲ ਕਰਵਾਈ ਜਾ ਰਹੀ ਸੀ। ਇਹ ਨਵੀਂ ਇਮਾਰਤ ਅਜੇ ਅਧੂਰੀ ਹੈ। ਸਾਲ 2019 ਵਿਚ ਕਾਰ ਸੇਵਾ ਵਾਲਿਆਂ ਨੇ ਇਸ ਅਸਥਾਨ ਦਾ ਪ੍ਰਬੰਧ ਛੱਡ ਦਿੱਤਾ ਹੈ। ਹੁਣ ਭਾਈ ਨਿਰਮਲ ਸਿੰਘ ਦੀ ਅਗਵਾਈ ਵਿਚ ਸਥਾਨਕ ਕਮੇਟੀ ਹੀ ਇਸਦੀ ਵਿਵਸਥਾ ਕਰਦੀ ਹੈ।

**ਗੁਰਦੁਆਰਾ ਰੱਥ ਸਾਹਿਬ**

ਪਿੰਡ ਸਹੇੜੀ ਵਿਚਲਾ ਤੀਜਾ ਅਸਥਾਨ 'ਗੁਰਦੁਆਰਾ ਰੱਥ ਸਾਹਿਬ' ਹੈ, ਜੋ ਕਿ ਮੋਰਿੰਡਾ-ਰੂਪਨਗਰ ਜਾਣ ਵਾਲੀ ਮੁੱਖ ਸੜਕ ਉਤੇ ਸਥਿਤ ਹੈ।

ਸਥਾਨਕ ਰਵਾਇਤ ਅਨੁਸਾਰ ਗੰਗੂ ਬ੍ਰਾਹਮਣ ਨੇ ਮਾਤਾ ਗੁਜਰੀ ਅਤੇ ਦੋਵੇਂ ਛੋਟੇ ਸਾਹਿਬਜ਼ਾਦਿਆਂ ਨੂੰ ਮੋਰਿੰਡੇ ਦੇ ਕੋਤਵਾਲ ਜਾਨੀ ਖਾਂ ਅਤੇ ਮਾਨੀ ਖਾਂ ਕੋਲ ਸ਼ਿਕਾਇਤ ਕਰਕੇ ਫੜਾ ਦਿੱਤਾ। ਕੋਤਵਾਲ ਉਹਨਾਂ ਨੂੰ ਸਹੇੜੀ ਪਿੰਡ ਤੋਂ ਪੈਦਲ ਤੋਰ ਕੇ ਮੋਰਿੰਡੇ ਲੈ ਕੇ ਚੱਲੇ ਸਨ। ਪਿੰਡ ਦੇ ਲੋਕ ਉਹਨਾਂ ਤੋਂ ਆਗਿਆ ਲੈ ਕੇ ਮਾਤਾ ਜੀ ਅਤੇ ਦੋਵੇਂ ਸਾਹਿਬਜ਼ਾਦਿਆਂ ਨੂੰ ਇਸ ਅਸਥਾਨ ਤੋਂ ਰੱਥ ਵਿਚ ਬਿਠਾ ਕੇ ਮੋਰਿੰਡੇ ਛੱਡ ਕੇ ਆਏ ਸਨ। ਇਹ ਅਸਥਾਨ ਬਾਬਾ ਅਜੀਤ ਸਿੰਘ ਨਥਮਲਪੁਰ ਵਾਲਿਆਂ ਨੇ ਪ੍ਰਗਟ ਕੀਤਾ ਸੀ। ਪਿੰਡ ਵਾਲਿਆਂ ਦੇ ਦੱਸਣ ਅਨੁਸਾਰ ਜਿਸ ਰਥ ਵਿਚ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆ ਨੂੰ ਮੋਰਿੰਡੇ ਛੱਡ ਕੇ ਆਏ ਸਨ, ਉਹ ਬਾਬਾ ਅਜੀਤ ਸਿੰਘ ਨਥਮਲਪੁਰ ਵਾਲਿਆਂ ਦੇ ਵਡੇਰਿਆਂ ਦਾ ਸੀ। ਉਸ ਯਾਦ ਵਿਚ ਹੁਣ ਵੀ ਇਸ ਗੁਰਦੁਆਰੇ ਵਿਚੋਂ ਸਾਲਾਨਾ ਨਗਰ ਕੀਰਤਨ ਮੋਰਿੰਡੇ ਦੇ ਗੁਰਦੁਆਰਾ ਕੋਤਵਾਲੀ ਸਾਹਿਬ ਤੱਕ ਜਾਂਦਾ ਹੈ, ਜਿਸ ਵਿਚ ਰਥ ਦੀ ਸੇਵਾ ਬਾਬਾ ਜੀ ਦੇ ਪਰਿਵਾਰ ਵੱਲੋਂ ਹੀ ਨਿਭਾਈ ਜਾਂਦੀ ਹੈ।

ਮੌਜੂਦਾ ਸਮੇਂ ਵਿਚ ਇਸ ਅਸਥਾਨ ਦੀ ਸੇਵਾ ਬੀਬੀ ਹਰਭਜਨ ਕੌਰ ਕਰਵਾ ਰਹੀ ਹੈ ਅਤੇ ਇਸਦਾ ਪ੍ਰਬੰਧ ਸਥਾਨਕ ਕਮੇਟੀ ਕਰ ਰਹੀ ਹੈ। ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਉਸਾਰੀ ਧੀਮੀ ਰਫਤਾਰ ਨਾਲ ਚੱਲ ਰਹੀ ਹੈ, ਜਿਸ ਕਾਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਇਕ ਕਮਰੇ ਵਿਚ ਕੀਤਾ ਹੋਇਆ ਹੈ। ਗੁਰਦੁਆਰਾ ਸਾਹਿਬ ਦੀ ਡਿਉਢੀ ਉਤੇ ਫਾਈਬਰ ਦੀ ਰੱਥ ਅਤੇ ਬਲਦਾਂ ਦੀ ਮੂਰਤੀ ਬਣਾਈ ਹੋਈ ਹੈ।

**ਗੁਰਦੁਆਰਾ ਗੁਪਤ ਖਜਾਨਾ ਗੋਬਿੰਦ ਸਾਗਰ ਸਾਹਿਬ**

ਇਹ ਅਸਥਾਨ ਰੂਪਨਗਰ-ਮੋਰਿੰਡਾ ਸੜਕ ਉਤੇ ਪਿੰਡ ਸਹੇੜੀ ਤੋਂ ਲਗਪਗ ਇਕ ਕਿਲੋਮੀਟਰ ਦੂਰੀ ਉਤੇ ਸਥਿਤ ਹੈ। ਇਹ ਉਸ ਜਗ੍ਹਾ ਉਤੇ ਬਣਿਆ ਹੋਇਆ ਹੈ, ਜਿਥੇ ਗੰਗੂ ਨੇ ਮਾਤਾ ਗੁਜਰੀ ਜੀ ਦਾ ਧਨ ਚੋਰੀ ਕਰਨ ਉਪਰੰਤ ਜਮੀਨ ਵਿਚ ਦੱਬਿਆ ਸੀ।

ਇਹ ਅਸਥਾਨ ਵੀ ਬਾਬਾ ਅਜੀਤ ਸਿੰਘ ਨਥਮਲਪੁਰ ਵਾਲਿਆਂ ਨੇ ਪ੍ਰਗਟ ਕੀਤਾ ਸੀ। ਇਥੇ ਹੁਣ ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਉਸਾਰੀ ਦੀ ਸੇਵਾ ਚਲ ਰਹੀ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਇਕ ਕਮਰੇ ਵਿਚ ਕੀਤਾ ਹੋਇਆ ਹੈ। ਇਸ ਅਸਥਾਨ ਦੀ ਸੇਵਾ-ਸੰਭਾਲ ਬਾਬਾ ਅਜੀਤ ਸਿੰਘ ਨਥਮਲਪੁਰ ਵਾਲਿਆਂ ਦੇ ਗੱਦੀਨਸ਼ੀਨ ਬਾਬਾ ਕਰਮ ਸਿੰਘ ਕਰਵਾ ਰਹੇ ਹਨ।

## ਮੋਰਿੰਡਾ

ਮੋਰਿੰਡਾ, ਪੰਜਾਬ ਦੇ ਰੂਪਨਗਰ ਜ਼ਿਲ੍ਹੇ ਦਾ ਇਕ ਕਸਬਾ ਹੈ, ਜਿਸਨੂੰ ਮੋਰ ਗੋਤ ਦੇ ਜੱਟਾਂ ਨੇ ਵਸਾਇਆ ਸੀ। ਇਸਨੂੰ ਪਹਿਲਾਂ ਮੋਰਾਂ ਅਤੇ ਫਿਰ ਮੋਰਿੰਡਾ ਕਿਹਾ ਜਾਣ ਲੱਗਾ। ਇਥੇ ਅੰਬਾਂ ਦੇ ਬਹੁਤ ਬਾਗ ਹੁੰਦੇ ਸਨ, ਇਸ ਲਈ ਇਸਨੂੰ 'ਬਾਗਾਂ ਵਾਲਾ' ਵੀ ਕਿਹਾ ਜਾਂਦਾ ਰਿਹਾ ਹੈ।[215] ਇਹ ਲੁਧਿਆਣਾ-ਚੰਡੀਗੜ੍ਹ ਅਤੇ ਸਰਹਿੰਦ-ਰੋਪੜ੍ਹ ਮਾਰਗ ਉਤੇ ਚੰਡੀਗੜ੍ਹ ਤੋਂ ਲਗਪਗ 30 ਕਿਲੋਮੀਟਰ ਦੂਰ ਸਥਿਤ ਹੈ। ਇਸ ਕਸਬੇ ਵਿਚ ਦੋ ਗੁਰਦੁਆਰੇ ਬਣੇ ਹੋਏ ਹਨ, ਜਿਹਨਾਂ ਦਾ ਵੇਰਵਾ ਨਿਮਨ ਅਨੁਸਾਰ ਹੈ :

**ਗੁਰਦੁਆਰਾ ਕੋਤਵਾਲੀ ਸਾਹਿਬ, ਮੋਰਿੰਡਾ**

ਗੁਰਦੁਆਰਾ ਕੋਤਵਾਲੀ ਸਾਹਿਬ, ਨਾਂ ਦਾ ਇਤਿਹਾਸਕ ਅਸਥਾਨ, ਮੋਰਿੰਡਾ ਸ਼ਹਿਰ ਵਿਚ ਸੁਸ਼ੋਭਿਤ ਹੈ। ਇਹ ਗੁਰਦੁਆਰਾ ਸਾਹਿਬ ਵੀ ਮਾਤਾ ਗੁਜਰੀ ਜੀ ਅਤੇ ਦੋਵੇਂ ਛੋਟੇ ਸਾਹਿਬਜ਼ਾਦਿਆਂ ਨਾਲ ਸੰਬੰਧਿਤ ਹੈ।

ਗੁਰੂ ਗੋਬਿੰਦ ਸਿੰਘ ਜੀ ਦੇ ਦੋਵੇਂ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਿਹ ਸਿੰਘ ਅਤੇ ਮਾਤਾ ਗੁਜਰੀ ਜੀ ਨੂੰ ਇਥੇ ਕੋਤਵਾਲੀ ਵਿਚ ਇਕ ਰਾਤ ਕੈਦ ਕਰਕੇ ਰੱਖਿਆ ਗਿਆ ਸੀ। ਇਥੋਂ ਦੂਜੇ ਦਿਨ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਨੂੰ ਸਰਹਿੰਦ ਵਿਖੇ ਵਜੀਰ ਖਾਂ ਦੀ ਕਚਹਿਰੀ ਵਿਚ ਪੇਸ਼

---

215 B.R. Sharma, *Punjab District Gazetteers Rupnagar,* page 451.

ਕਰਨ ਲਈ ਲਿਜਾਇਆ ਗਿਆ।

ਇਸ ਥਾਂ ਉਤੇ ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਯਾਦ ਵਿਚ ਗੁਰਦੁਆਰਾ ਕੋਤਵਾਲੀ ਸਾਹਿਬ ਬਣਿਆ ਹੋਇਆ ਹੈ। ਸਥਾਨਕ ਲੋਕਾਂ ਦੇ ਦੱਸਣ ਅਨੁਸਾਰ ਪਹਿਲਾਂ ਪਹਿਲ ਇਸ ਕੋਤਵਾਲੀ ਦੀ ਇਮਾਰਤ ਕਾਫੀ ਦੇਰ ਤੱਕ ਅਣਗੌਲੀ ਹੀ ਰਹੀ ਅਤੇ ਇਸ ਵਿਚ ਇਕ ਸਕੂਲ ਵੀ ਚੱਲਦਾ ਰਿਹਾ। ਜਿਸ ਕੋਠੜੀ ਵਿਚ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਨੂੰ ਕੈਦ ਕਰਕੇ ਰੱਖਿਆ ਗਿਆ ਸੀ, ਉਹ ਹੁਣ ਵੀ ਉਸੇ ਤਰ੍ਹਾਂ ਕਾਇਮ ਹੈ। ਇਸਦੇ ਉਤੇ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਬਣਾ ਦਿੱਤੀ ਗਈ ਹੈ। ਇਸ ਅਸਥਾਨ ਦੀ ਸੇਵਾ ਕਾਰ ਸੇਵਾ ਵਾਲੇ ਬਾਬਾ ਹਰਬੰਸ ਸਿੰਘ ਦੀ ਸੰਪਰਦਾ ਕਰਵਾ ਰਹੀ ਹੈ।

**ਗੁਰਦੁਆਰਾ ਸ਼ਹੀਦ ਗੰਜ ਸਾਹਿਬ**

ਮੋਰਿੰਡਾ ਸਹਿਰ ਵਿਚਲਾ ਦੂਸਰਾ ਅਸਥਾਨ 'ਗੁਰਦੁਆਰਾ ਸ਼ਹੀਦ ਗੰਜ ਸਾਹਿਬ' ਹੈ, ਜੋ ਕਿ ਲੁਧਿਆਣਾ-ਚੰਡੀਗੜ੍ਹ ਸੜਕ ਤੋਂ ਥੋੜ੍ਹਾ ਜਿਹਾ ਪਿੱਛੇ ਹਟਵਾਂ ਸਥਿਤ ਹੈ।

ਰਵਾਇਤ ਅਨੁਸਾਰ ਦੋਵੇਂ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਨੂੰ ਕੋਤਵਾਲੀ ਸਾਹਿਬ ਤੋਂ ਪੈਦਲ ਤੋਰ ਕੇ ਇਥੇ ਲਿਆਂਦਾ ਗਿਆ ਸੀ ਅਤੇ ਥੋੜ੍ਹਾ ਸਮਾਂ ਵਿਸ਼ਰਾਮ ਕਰਨ ਤੋਂ ਬਾਅਦ ਰਥ ਵਿਚ ਬਿਠਾ ਕੇ ਸਰਹਿੰਦ ਲਈ ਲਿਜਾਇਆ ਗਿਆ। ਉਸ ਸਮੇਂ ਰਥ ਦਾ ਇਕ ਪਹੀਆ ਖਰਾਬ ਹੋ ਜਾਣ ਉਪਰੰਤ ਇਥੋਂ ਦੇ ਹੀ ਇਕ ਮਿਸਤਰੀ ਵੱਲੋਂ ਉਸ ਸਮੇਂ ਰਥ ਦੇ ਪਹੀਏ ਨੂੰ ਠੀਕ ਕੀਤਾ ਗਿਆ ਸੀ ਅਤੇ ਫਿਰ ਸਰਹਿੰਦ ਨੂੰ ਚਾਲੇ ਪਾਏ ਗਏ।

ਸਿੰਘਾਂ ਨੇ ਮੋਰਿੰਡੇ ਉਤੇ ਹਮਲਾ ਕਰਨ ਦੀ ਸਲਾਹ ਇਸ ਲਈ ਕੀਤੀ ਕਿਉਂਕਿ ਜਾਨੀ ਖਾਂ ਤੇ ਮਾਨੀ ਖਾਂ ਨੇ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਉਤੇ ਬਹੁਤ ਜ਼ੁਲਮ ਢਾਏ ਸਨ। ਇਸਦਾ ਜਿਕਰ ਗਿਆਨੀ ਗਿਆਨ ਸਿੰਘ ਨੇ ਇੰਞ ਕੀਤਾ ਹੈ :

*ਦਲ ਸਿੰਘ ਰਣ ਸਿੰਘ ਆਦਿ ਅਨੇਕ। ਨਗ੍ਰ ਘੜੂਏਂਕੇ ਸਿੰਘ ਨੇਕ।*

*ਪੰਥ ਵੀਚ ਥੇ ਉਨੈ ਸੁਨਾਯੋ। ਗਾਮ ਮੋਰੰਡਾ ਚਹੀਏ ਘਾਯੋ।*

*ਜਾਨੀ ਮਾਨੀ ਖਾਂ ਰਜਪੂਤੇ। ਜ਼ੁਲਮ ਕਰਿਓ ਹੈ ਅਤ ਸੈ ਉਤੈ।*

*ਸਾਹਿਬਜਾਦੇ ਗੁਜਰੀ ਮਾਤਾ। ਉਨੈ ਪਕਰ ਲੈ ਜਾਇ ਬਖਿਆਤਾ।*

*ਸੂਬਾ ਸਰਹੰਦ ਕੋ ਪਕਰਾਏ। ਔਰ ਸਿੰਘ ਉਨ ਬਹੁ ਮਰਵਾਏ।...।।19।। ...*

*ਜਾਇ ਕੁਟੰਬ ਸਮੇਤ ਗਹੇ ਤਬ ਜਾਨੀ ਰੁ ਮਾਨੀ ਖਾਂ ਆਦਿ ਬਿਸਾਲੈਂ।*

*ਸੋ ਅਤਿਸੈ ਦੁਖਦੈ ਕਰ ਸਿੰਘਨ ਮਾਰੇ ਲਯੋ ਨਿਜ ਬੈਰ ਕਮਾਲੈਂ।।23।।* [216]

ਮੋਰਿੰਡੇ ਉਤੇ ਮਿਸਲਦਾਰਾਂ ਦੁਆਰਾ ਹਮਲਾ ਕਰਕੇ ਜਾਨੀ ਖਾਂ ਅਤੇ ਮਾਨੀ ਖਾਂ ਨੂੰ ਸਜਾ ਦੇਣ ਸੰਬੰਧੀ ਰਤਨ ਸਿੰਘ ਭੰਗੂ ਨੇ ਇੰਵ ਲਿਖਿਆ ਹੈ :

*ਜਾਨੀ ਮਾਨੀ ਦੁਇ ਥੇ ਭਾਈ। ਸਾਹਿਬਜਾਦੇ ਜਿਨ ਦਏ ਫੜਾਈ।*

*ਸੁਨਿ ਸਤਿਗੁਰ ਯੌ ਕਹਯੋ ਬਖਾਨੀ। ਨਹਿਂ ਰਹਿ ਮਾਨੀ ਨਹਿਂ ਰਹਿ ਜਾਨੀ।।55।।*

*ਮਾਰ ਮੁਰੰਡੋ ਖ਼ੁਸ਼ ਭਏ ਰਹਯੋ ਰੰਗ ਬਡ ਲਾਗ।*

*ਜੋਹੀ ਫੌਜੋਂ ਦੁਰਾਨੀਆਂ ਸਿੰਘਨ ਭੋਗਯੋ ਭਾਗ।।56।।* [217]

*ਗੁਰਦੁਆਰਾ ਕੋਸ਼* ਅਨੁਸਾਰ, "ਬੁੱਢਾ ਦਲ ਨੇ 1762 ਵਿਚ ਜਾਨੀ ਖਾਨ ਅਤੇ ਮਾਨੀ ਖਾਨ ਨੂੰ ਮਾਰ ਦਿੱਤਾ ਸੀ ਅਤੇ 1763 ਵਿਚ ਪੂਰਾ ਪਿੰਡ ਹੀ ਤਬਾਹ ਕਰ ਦਿੱਤਾ ਸੀ। ਇਹ ਖਿੱਤਾ ਬਾਅਦ ਵਿਚ ਭਾਈ ਧਰਮ ਸਿੰਘ ਨੇ ਫ਼ਤਿਹ ਕੀਤਾ। ਬਾਅਦ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਫ਼ਤਿਹ ਕੀਤਾ।" [218]

ਉਸ ਸਮੇਂ ਇਥੇ ਸਿੰਘ ਵੀ ਸ਼ਹੀਦ ਹੋ ਗਏ ਸਨ, ਉਹਨਾਂ ਦੀ ਯਾਦ ਵਿਚ ਇਥੇ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਬਣਿਆ ਹੋਇਆ ਹੈ। ਡਾ. ਰਤਨ ਸਿੰਘ ਜੱਗੀ ਅਨੁਸਾਰ ਇਸ ਗੁਰਦੁਆਰੇ ਦੀ ਇਮਾਰਤ ਰੋਪੜ੍ਹ ਦੇ ਰਾਜਾ ਭੂਪ ਸਿੰਘ ਨੇ ਬਣਵਾਈ ਅਤੇ ਇਕ ਬਾਗ਼ ਵੀ ਗੁਰੂ-ਧਾਮ ਨੂੰ ਅਰਪਿਆ। ਬਾਅਦ ਵਿਚ ਇਸ ਦੀ ਇਮਾਰਤ ਨੂੰ ਨਵਾਂ ਰੂਪ ਦਿੱਤਾ ਗਿਆ।[219] ਹੁਣ ਮੌਜੂਦ ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਉਸਾਰੀ ਬਾਬਾ ਹਰਬੰਸ ਸਿੰਘ ਦਿੱਲੀ ਵਾਲਿਆਂ ਨੇ ਕਰਵਾਈ ਸੀ। ਮੌਜੂਦਾ ਸਮੇਂ ਵਿਚ ਇਥੇ ਗੁਰਦੁਆਰਾ ਸਾਹਿਬ ਦੀ ਸੁੰਦਰ ਇਮਾਰਤ ਬਣੀ ਹੋਈ ਹੈ, ਜਿਸਦੀ ਵਿਵਸਥਾ ਸਥਾਨਕ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ।

---

216 ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼,* ਪੰਨੇ 970-72.

217 ਰਤਨ ਸਿੰਘ ਭੰਗੂ, *ਪ੍ਰਾਚੀਨ ਪੰਥ ਪ੍ਰਕਾਸ਼,* ਭਾਈ ਵੀਰ ਸਿੰਘ (ਸੰਪਾ.), ਪੰਨਾ 384.

218 ਜਸਬੀਰ ਸਿੰਘ ਸਰਨਾ, ਦਿਲਜੀਤ ਸਿੰਘ ਬੇਦੀ, *ਗੁਰਦੁਆਰਾ ਕੋਸ਼,* ਪੰਨਾ 241.

219 ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼,* (ਭਾਗ ਦੂਜਾ), ਪੰਨਾ 1460.

## ਘੜੂੰਆਂ

ਘੜੂੰਆਂ ਪਿੰਡ, ਲੁਧਿਆਣਾ-ਚੰਡੀਗੜ੍ਹ ਸੜਕ ਉਤੇ ਮੋਰਿੰਡਾ ਤੋਂ ਲਗਪਗ 8 ਕਿਲੋਮੀਟਰ ਦੂਰ ਪੂਰਬ ਵੱਲ ਸਥਿਤ ਹੈ। ਇਥੇ ਗੁਰੂ ਅਮਰਦਾਸ ਜੀ ਦੁਆਰਾ ਬਖਸ਼ੀਆਂ ਬਾਈ ਮੰਜੀਆਂ ਵਿਚੋਂ ਇਕ ਮੰਜੀ ਭਾਈ ਰੰਗਦਾਸ ਜੀ ਦੀ ਹੁੰਦੀ ਸੀ। ਇਸ ਉਪਰੰਤ ਇਥੇ ਗੁਰੂ ਹਰਿਰਾਇ ਜੀ ਆਪਣੀ ਪ੍ਰਚਾਰ-ਫੇਰੀ ਦੌਰਾਨ ਅਤੇ ਗੁਰੂ ਤੇਗ ਬਹਾਦਰ ਜੀ ਦਿੱਲੀ ਜਾਣ ਸਮੇਂ ਆਏ ਸਨ। ਹੁਣ ਇਸ ਪਿੰਡ ਵਿਚ ਤਿੰਨ ਧਾਰਮਿਕ ਅਸਥਾਨ ਸ਼ੁਸ਼ੋਭਿਤ ਹਨ, ਜਿਹਨਾਂ ਦਾ ਵੇਰਵਾ ਨਿਮਨ ਅਨੁਸਾਰ ਹੈ :

### ਗੁਰਦੁਆਰਾ ਸ਼ਹੀਦ ਬਾਬਾ ਨੰਦਲਾਲ ਜੀ

ਇਹ ਅਸਥਾਨ ਉਸ ਥਾਂ ਉਤੇ ਬਣਿਆ ਹੋਇਆ ਹੈ, ਜਿਥੇ ਤੀਜੇ ਪਾਤਸ਼ਾਹ ਗੁਰੂ ਅਮਰਦਾਸ ਜੀ ਦੁਆਰਾ ਥਾਪੇ ਹੋਏ 22 ਮੰਜੀਦਾਰਾਂ ਵਿਚੋਂ 20ਵੇਂ ਮੰਜੀਦਾਰ ਬਾਬਾ ਰੰਗਦਾਸ ਜੀ ਨਿਵਾਸ ਕਰਿਆ ਕਰਦੇ ਸਨ।

ਗੁਰਦੁਆਰਾ ਸਾਹਿਬ ਵਿਚ ਬੋਰਡ ਉਤੇ ਲਿਖਿਆ ਹੋਇਆ ਹੈ ਕਿ ਬਾਬਾ ਰੰਗਦਾਸ ਜੀ ਦੇ ਦਾਦਾ ਰਘੁਵਰਦਾਸ ਜੀ ਭੰਡਾਰੀ ਬਟਾਲਾ ਨਿਵਾਸੀ ਸਨ। ਜਦੋਂ ਗੁਰੂ ਨਾਨਕ ਦੇਵ ਜੀ ਦਾ ਵਿਆਹ ਮਾਤਾ ਸੁਲੱਖਣੀ ਜੀ ਨਾਲ ਹੋਇਆ ਤਾਂ ਰਘੁਵਰਦਾਸ ਜੀ ਨੇ ਵੀ ਬਰਾਤ ਦੀ ਬਹੁਤ ਸੇਵਾ ਕੀਤੀ। ਜਿਸ ਤੋਂ ਪ੍ਰਸੰਨ ਹੋ ਕੇ ਗੁਰੂ ਜੀ ਨੇ ਵਰ ਦਿੱਤਾ ਕਿ ਭੰਡਾਰੀ ਭਰਪੂਰ ਰਹਿਣਗੇ। ਬਾਬਾ ਰਘੁਰਵਰਦਾਸ ਜੀ ਦੇ ਗ੍ਰਹਿ ਵਿਖੇ ਬਾਬਾ ਸੰਤੋਖ ਦਾਸ ਜੀ ਦਾ ਜਨਮ ਹੋਇਆ। ਬਾਬਾ ਸੰਤੋਖ ਦਾਸ ਜੀ ਅਤੇ ਮਾਤਾ ਨਰਾਇਣੀ ਦੇ ਘਰ ਬਾਬਾ ਰੰਗਦਾਸ ਜੀ ਦਾ ਜਨਮ ਹੋਇਆ। ਉਹਨਾਂ ਦੇ ਮਨ ਉਤੇ ਮਾਤਾ-ਪਿਤਾ ਦੇ ਧਾਰਮਿਕ ਸੰਸਕਾਰਾਂ ਦਾ ਬਹੁਤ ਪ੍ਰਭਾਵ ਸੀ। ਬਾਬਾ ਰੰਗਦਾਸ ਜੀ ਨੇ ਗੁਰੂ ਅਮਰਦਾਸ ਜੀ ਕੋਲ ਗੋਇੰਦਵਾਲ ਸਾਹਿਬ ਪਹੁੰਚ ਕੇ ਲੰਗਰ ਅਤੇ ਬਾਉਲੀ ਦੀ ਸੇਵਾ ਕਰਨੀ ਸ਼ੁਰੂ ਕਰ ਦਿੱਤੀ। ਜਿਸ ਤੋਂ ਪ੍ਰਸੰਨ ਹੋ ਕੇ ਗੁਰੂ ਅਮਰਦਾਸ ਜੀ ਨੇ ਉਹਨਾਂ ਨੂੰ ਗੁਰਮਤਿ ਦੇ ਪ੍ਰਚਾਰ ਅਤੇ ਪਾਸਾਰ ਲਈ, 22 ਮੰਜੀਆਂ ਵਿਚੋਂ 20ਵੀਂ ਮੰਜੀ ਦੀ ਬਖਸ਼ਿਸ਼ ਕਰਕੇ ਦੁਆਬੇ ਦੇ ਇਲਾਕੇ ਵਿਚ ਪ੍ਰਚਾਰ ਕਰਨ ਲਈ ਭੇਜ ਦਿੱਤਾ। ਆਪ ਜੀ ਨੇ ਇਸ ਸੇਵਾ ਨੂੰ ਜੀਵਨ ਪ੍ਰਯੰਤ ਬਾਖੂਬੀ ਨਿਭਾਇਆ। ਇਸੇ ਸਮੇਂ ਦੌਰਾਨ ਆਪ ਬਟਾਲਾ ਛੱਡ ਕੇ ਪਿੰਡ ਘੜੂੰਆਂ ਆ ਵਸੇ। ਇਥੇ ਰਹਿ ਕੇ ਬਾਬਾ ਰੰਗਦਾਸ ਜੀ ਧਰਮ ਪ੍ਰਚਾਰ

ਦੀ ਸੇਵਾ ਕਰਦੇ ਰਹੇ। ਇਥੇ ਹੀ ਉਹਨਾਂ ਦੇ ਗ੍ਰਿਹਿ ਵਿਖੇ ਮਾਤਾ ਅਨੰਦੀ ਦੀ ਕੁੱਖੋਂ 1596 ਈਸਵੀ ਨੂੰ ਇਕ ਸਪੁੱਤਰ ਨੇ ਜਨਮ ਲਿਆ, ਜਿਸ ਦਾ ਨਾਂ ਨੰਦਲਾਲ ਰੱਖਿਆ। ਬਾਬਾ ਰੰਗਦਾਸ ਜੀ ਪਿਛੋਂ ਬਾਬਾ ਨੰਦਲਾਲ ਜੀ ਹੀ ਧਰਮ ਪ੍ਰਚਾਰ ਦੀ ਸੇਵਾ ਨਿਭਾਉਂਦੇ ਰਹੇ। ਜਦੋਂ ਔਰੰਗਜ਼ੇਬ ਸਰਹੰਦ ਆਇਆ ਤਾਂ ਉਸ ਨੂੰ ਪਤਾ ਚੱਲਿਆ ਕਿ ਗੁਰੂ ਨਾਨਕ ਦੇਵ ਜੀ ਦੇ ਧਰਮ ਦਾ ਪ੍ਰਚਾਰ ਕਰਕੇ ਬਾਬਾ ਨੰਦਲਾਲ ਲੋਕਾਂ ਨੂੰ ਸਿੱਖੀ ਨਾਲ ਜੋੜ ਰਿਹਾ ਹੈ ਤਾਂ ਉਸ ਨੇ ਸੂਬਾ ਸਰਹਿੰਦ ਨੂੰ ਬਾਬਾ ਜੀ ਨੂੰ ਗ੍ਰਿਫਤਾਰ ਕਰਕੇ ਲਿਆਉਣ ਲਈ ਕਿਹਾ। ਬਾਬਾ ਨੰਦਲਾਲ ਜੀ ਨੂੰ ਪਹਿਲਾਂ ਹੀ ਇਸ ਸੰਬੰਧੀ ਪਤਾ ਚਲ ਗਿਆ ਸੀ ਤਾਂ ਉਹ ਨੇੜਲੇ ਪਿੰਡ ਬੱਤਾ ਵੱਲ ਚਲੇ ਗਏ। ਸੈਨਿਕਾਂ ਨੇ ਘੜੂੰਏ ਪਹੁੰਚ ਕੇ ਪਿੰਡ ਦੀ ਤਲਾਸ਼ੀ ਲਈ ਪਰ ਬਾਬਾ ਜੀ ਨਾ ਮਿਲੇ। ਬਾਬਾ ਨੰਦਲਾਲ ਜੀ ਨੇ ਮੁਗਲ ਫੌਜਾਂ ਦੇ ਹੱਥ ਆਉਣ ਦੀ ਬਜਾਏ, ਅਕਾਲ ਪੁਰਖ ਦਾ ਭਾਣਾ ਮੰਨਦਿਆਂ ਫੱਗਣ ਦੀ ਪੂਰਨਮਾਸ਼ੀ ਨੂੰ 1720 ਬਿਕਰਮੀ ਮੁਤਾਬਕ 1663 ਈਸਵੀ ਨੂੰ ਆਪਣਾ ਸਰੀਰ ਤਿਆਗ ਦਿੱਤਾ। ਇਹ ਅਸਥਾਨ ਉਹਨਾਂ ਦੇ ਨਾਂ ਉਤੇ ਹੀ ਬਣਿਆ ਹੋਇਆ ਹੈ।[220]

ਮੌਜੂਦਾ ਸਮੇਂ ਵਿਚ ਇਥੇ 'ਗੁਰਦੁਆਰਾ ਸ਼ਹੀਦ ਭਾਈ ਨੰਦਲਾਲ ਜੀ' ਬਣਿਆ ਹੋਇਆ ਹੈ, ਜਿਸਦੀ ਉਸਾਰੀ ਦੀ ਸੇਵਾ ਸਮੂਹ ਭੰਡਾਰੀ ਪਰਿਵਾਰ ਵੱਲੋਂ ਹੀ ਕਰਵਾਈ ਗਈ ਹੈ। ਹੁਣ ਇਥੇ ਬਾਬਾ ਰੁਲਦਾ ਸਿੰਘ ਭੰਡਾਰੀ ਮੁੱਖ ਪ੍ਰਬੰਧਕ ਵਜੋਂ ਸੇਵਾ ਨਿਭਾਅ ਰਹੇ ਹਨ। ਇਸ ਅਸਥਾਨ ਦੇ ਪ੍ਰਬੰਧਕਾਂ ਵੱਲੋਂ ਬੱਚਿਆਂ ਨੂੰ ਸ਼ਬਦ-ਕੀਰਤਨ ਸਿਖਾਉਣ ਲਈ 'ਭਾਈ ਨੰਦਲਾਲ ਗੁਰਮਤਿ ਸੰਗੀਤ ਅਕੈਡਮੀ' ਵੀ ਚਲਾਈ ਜਾ ਰਹੀ ਹੈ।

**ਗੁਰਦੁਆਰਾ ਸ੍ਰੀ ਦੇਗ ਸਾਹਿਬ, ਪਾਤਿਸ਼ਾਹੀ ਸੱਤਵੀਂ**

ਇਹ ਅਸਥਾਨ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਜੀ ਨਾਲ ਸੰਬੰਧਿਤ ਘੜੂੰਆਂ ਪਿੰਡ ਦੇ ਵਿਚਕਾਰ ਸੁਸ਼ੋਭਿਤ ਹੈ। ਰਵਾਇਤ ਅਨੁਸਾਰ ਸ੍ਰੀ ਗੁਰੂ ਹਰਿਰਾਇ ਜੀ ਗੁਰਦੁਆਰਾ ਅੰਬ ਸਾਹਿਬ, ਮੋਹਾਲੀ ਵਾਲੇ ਅਸਥਾਨ ਤੋਂ ਇਥੇ ਆਏ ਸਨ ਅਤੇ ਨੌਂ ਦਿਨ ਇਥੇ ਹੀ ਰਹਿ ਕੇ ਸਿੱਖ ਧਰਮ ਦਾ ਪ੍ਰਚਾਰ ਕਰਦੇ ਰਹੇ।

ਗੁਰਦੁਆਰੇ ਵਿਚਲੇ ਬੋਰਡ ਉਤੇ ਲਿਖੇ ਇਤਿਹਾਸ ਅਨੁਸਾਰ, "ਸ੍ਰੀ ਗੁਰੂ ਹਰਿਰਾਇ ਜੀ 1 ਪੋਹ ਸੰਮਤ 1717 ਬਿਕਰਮੀ ਮੁਤਾਬਕ ਸੰਨ 1660 ਈਸਵੀ ਨੂੰ ਸ਼ਾਮ ਵੇਲੇ ਪਿੰਡ ਘੜੂੰਆਂ ਪਹੁੰਚੇ। ਨਗਰ ਦੀਆਂ ਸੰਗਤਾਂ ਨੇ ਸਤਿਗੁਰੂ ਜੀ ਦੀ ਬਹੁਤ ਸੇਵਾ ਕੀਤੀ। ਬਾਈ ਸੌ ਘੋੜ ਸਵਾਰ ਫੌਜ ਗੁਰੂ ਸਾਹਿਬ ਦੇ ਨਾਲ ਸੀ। ਆਪ ਜੀ

[220] ਗੁਰਦੁਆਰਾ ਸ਼ਹੀਦ ਭਾਈ ਨੰਦਲਾਲ ਜੀ, ਘੜੂੰਆਂ ਵਿਖੇ ਲੱਗੇ ਹੋਏ ਬੋਰਡ ਉਤੇ ਲਿਖੇ ਅਨੁਸਾਰ।

ਇਥੇ ਇਕ ਗੁਫਾ ਵਿਚ ਰਹਿੰਦੇ ਸਨ। ਫੌਜਾਂ ਅਤੇ ਸੰਗਤਾਂ ਨੂੰ ਸ਼ਰਦਈ ਦੀ ਦੇਗ ਤਿਆਰ ਕਰਕੇ ਛਕਾਈ ਜਾਂਦੀ ਸੀ। ਇਸ ਕਰਕੇ ਇਸ ਪਵਿੱਤ੍ਰ ਅਸਥਾਨ ਦਾ ਨਾਮ ਗੁਰਦੁਆਰਾ ਦੇਗਸਰ ਸਾਹਿਬ ਪਾਤਸ਼ਾਹੀ ਸੱਤਵੀਂ ਹੈ। ਇਸ ਅਸਥਾਨ ਉਤੇ ਗੁਰੂ ਸਾਹਿਬ ਨੇ ਨੌਂ ਦਿਨ ਨਾਮ ਅੰਮ੍ਰਿਤ ਦੀ ਵਰਖਾ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।"[221]

ਗਿਆਨੀ ਸੁਖਦੇਵ ਸਿੰਘ ਲਿਖਦੇ ਹਨ ਕਿ ਸ੍ਰੀ ਗੁਰੂ ਹਰਿਰਾਇ ਜੀ ਨੇ ਗੁਰਦੁਆਰਾ ਅੰਬ ਸਾਹਿਬ, ਮੋਹਾਲੀ ਵਾਲੇ ਅਸਥਾਨ ਤੋਂ ਚੱਲ ਕੇ 1 ਪੋਹ, 1717 ਬਿਕਰਮੀ ਮੁਤਾਬਕ ਸੰਨ 1660 ਈਸਵੀ ਨੂੰ ਘੜੂੰਆਂ ਪਹੁੰਚ ਕੇ ਬਾਬਾ ਨੰਦਲਾਲ ਜੀ ਨੂੰ ਦਰਸ਼ਨ ਦਿੱਤੇ ਸਨ। ਕਿਉਂਕਿ ਇਥੇ ਬਾਬਾ ਰੰਗਦਾਸ ਜੀ ਅਤੇ ਬਾਬਾ ਨੰਦਲਾਲ ਜੀ ਦੁਆਰਾ ਬਹੁਤ ਜਿਆਦਾ ਸਿੱਖੀ ਦਾ ਪ੍ਰਚਾਰ ਅਤੇ ਪਾਸਾਰ ਕਰਨ ਕਰਕੇ, ਇਥੇ ਸਿੱਖੀ ਦਾ ਗੜ੍ਹ ਸੀ। ਇਸ ਲਈ ਗੁਰੂ ਹਰਿਰਾਇ ਜੀ, ਬਾਬਾ ਨੰਦਲਾਲ ਜੀ ਵਰਗੇ ਪਿਆਰੇ ਸੇਵਕਾਂ ਨੂੰ ਦਰਸ਼ਨ ਦੇ ਨਿਵਾਜਣ ਲਈ ਸੁਭਾਵਿਕ ਹੀ ਪਹੁੰਚ ਜਾਂਦੇ ਸਨ।[222]

ਮੌਜੂਦਾ ਸਮੇਂ ਵਿਚ ਗੁਰਦੁਆਰਾ ਸਾਹਿਬ ਦੀ ਬਣੀ ਹੋਈ ਇਮਾਰਤ ਦੀ ਸੇਵਾ ਬਾਬਾ ਹਰਬੰਸ ਸਿੰਘ ਅਤੇ ਬਾਬਾ ਕਰਨੈਲ ਸਿੰਘ ਦਿੱਲੀ ਵਾਲਿਆਂ ਨੇ ਕਰਵਾਈ। ਇਸ ਅਸਥਾਨ ਦਾ ਪ੍ਰਬੰਧ ਸਥਾਨਕ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਕੀਤਾ ਜਾਂਦਾ ਹੈ। ਇਥੇ ਹਰ ਸਾਲ ਗੁਰੂ ਹਰਿਰਾਇ ਜੀ ਦਾ ਪ੍ਰਕਾਸ਼ ਗੁਰਪੁਰਬ ਮਨਾਇਆ ਜਾਂਦਾ ਹੈ। ਇਸ ਤੋਂ ਇਲਾਵਾ ਸੰਗਰਾਂਦ ਦਾ ਦਿਹਾੜਾ ਵੀ ਬਹੁਤ ਸ਼ਰਧਾ ਸਹਿਤ ਮਨਾਇਆ ਜਾਂਦਾ ਹੈ।

**ਗੁਰਦੁਆਰਾ ਅਕਾਲਗੜ੍ਹ ਸਾਹਿਬ, ਪਾਤਸ਼ਾਹੀ ਨੌਂਵੀਂ**

ਘੜੂੰਆਂ ਪਿੰਡ ਵਿਚਲਾ ਤੀਜਾ ਅਸਥਾਨ 'ਗੁਰਦੁਆਰਾ ਅਕਾਲਗੜ੍ਹ ਸਾਹਿਬ, ਪਾਤਸ਼ਾਹੀ ਨੌਂਵੀਂ' ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਆਮਦ ਦੀ ਯਾਦ ਵਜੋਂ ਪਿੰਡ ਤੋਂ ਬਾਹਰਵਾਰ ਖੇਤਾਂ ਵਿਚ ਬਣਿਆ ਹੋਇਆ ਹੈ।

ਗੁਰਦੁਆਰੇ ਵਿਚ ਇਤਿਹਾਸ ਦੇ ਬੋਰਡ ਦੀ ਲਿਖਤ ਅਨੁਸਾਰ, ਗੁਰੂ ਤੇਗ਼ ਬਹਾਦਰ ਜੀ ਅਨੰਦਪੁਰ

[221] ਗੁਰਦੁਆਰਾ ਸਾਹਿਬ ਵਿਖੇ ਲੱਗੇ ਬੋਰਡ ਉਤੇ ਲਿਖੇ ਅਨੁਸਾਰ।

[222] ਗਿਆਨੀ ਸੁਖਦੇਵ ਸਿੰਘ, *ਅਮਰ ਸ਼ਹੀਦ ਧੰਨ ਧੰਨ ਬਾਬਾ ਨੰਦਲਾਲ ਜੀ,* ਯੂਨੀਸਟਾਰ ਬੁੱਕਸ ਪ੍ਰਾ. ਲਿ., ਲੁਧਿਆਣਾ, 2012, ਪੰਨਾ 62. (ਹਿੰਦੀ).

ਤੋਂ ਦਿੱਲੀ ਵੱਲ ਜਾਂਦੇ ਹੋਏ ਸੰਨ 1675 ਈਸਵੀ ਵਿਚ ਘੜੂੰਆਂ ਵਿਚ ਆਏ ਸਨ। ਇਹ ਮੰਨਿਆ ਜਾਂਦਾ ਹੈ ਕਿ ਪਹਿਲਾਂ ਗੁਰੂ ਜੀ ਪਿੰਡ ਦੇ ਅੰਦਰਲੇ ਉਸ ਅਸਥਾਨ 'ਤੇ ਗਏ, ਜਿਥੇ ਗੁਰੂ ਹਰਿਰਾਇ ਜੀ ਵੀ ਆਪਣੀ ਪ੍ਰਚਾਰ ਫੇਰੀ ਦੌਰਾਨ ਠਹਿਰੇ ਸਨ। ਪਰ ਭਾਈ ਇਰਾਮਦਾਸ ਧੀਰਮੱਲੀਏ ਨੇ ਈਰਖਾ ਕੀਤੀ ਅਤੇ ਗੁਰੂ ਜੀ ਨੂੰ ਇਥੇ ਠਹਿਰਨ ਲਈ ਕੋਈ ਥਾਂ ਨਾ ਦਿੱਤੀ। ਫਿਰ ਗੁਰੂ ਜੀ ਪਿੰਡ ਤੋਂ ਬਾਹਰ, ਉੱਤਰ ਵਾਲੇ ਪਾਸੇ, ਇਕ ਤਲਾਅ ਦੇ ਕਿਨਾਰੇ ਇਕ ਇਕਾਂਤ ਸਥਾਨ ਵੇਖ ਕੇ ਇਕ ਬਾਗ ਵਿਚ ਬੈਠ ਗਏ। ਦੂਜੇ ਦਿਨ ਪਿੰਡ ਦਾ ਇਕ ਤਰਖਾਣ ਵਿਅਕਤੀ ਬਲਪਰਾਮ, ਗੁਰੂ ਜੀ ਪਾਸ ਆਇਆ ਅਤੇ ਗੁਰੂ ਜੀ ਨੂੰ ਨਮਸ਼ਕਾਰ ਕੀਤੀ। ਉਸ ਨੇ ਗੁਰੂ ਜੀ ਅੱਗੇ ਬੇਨਤੀ ਕਰਕੇ ਆਪਣੇ ਪਰਿਵਾਰ ਵਿਚ ਤਪਦਿਕ ਦੀ ਬਿਮਾਰੀ ਹੋਣ ਸੰਬੰਧੀ ਦੱਸਿਆ। ਗੁਰੂ ਜੀ ਨੇ ਉਸ ਨੂੰ ਆਖਿਆ ਕਿ ਜਿਹੜਾ ਵਿਅਕਤੀ ਵੀ ਇਸ ਤਲਾਅ ਵਿਚ ਇਸ਼ਨਾਨ ਕਰੇਗਾ, ਉਸਦੇ ਸਾਰੇ ਰੋਗ ਠੀਕ ਹੋ ਜਾਣਗੇ।[223]

ਇਸ ਅਸਥਾਨ ਉਤੇ ਇਕ ਪਟਾ (ਲਿਖਤੀ ਦਸਤਾਵੇਜ਼) ਪਿਆ ਸੀ, ਜਿਸ ਦੀ ਨਕਲ ਹੁਣ ਇਕ ਬੋਰਡ ਉਤੇ ਲਗਾਈ ਹੋਈ ਹੈ। ਉਸ ਉਤੇ ਲਿਖਿਆ ਹੈ ਕਿ, "ਸ੍ਰੀ ਗੁਰੂ ਤੇਗ ਬਹਾਦਰ ਜੀ ਨੰਦ ਪੁਰ ਤੋਂ ਜਬ ਘੜੂੰਏ ਆਵਤ ਭਏ। ਇਰਾਮਦਾਸ ਧੀਰਮਲੀਏ ਨੇ ਖੁਣਸ ਖਾਧੀ। ਗੁਰੂ ਜੀ ਬੋਲੇ ਇਨਾ ਬਿਚ ਤੇ ਖੂਣਸ ਨੀ ਜਾਣੀ। ਉਰ ਕੇ ਅਗਨ ਕੂਣ ਓਰ ਕਰੀ। ਬਣ ਬਣਸਾਤਕ ਸੇ ਕਰਮ ਪੁਰ ਬਾਗ ਛਪੜੀ ਢਾਹੇ ਬਿਰਾਜਤ ਭਏ। ਇਕ ਰਾਤ ਲੰਘ ਗਈ। ਬਲਪਰਾਮ ਤਖਾਣ ਚਲ ਆਇਆ। ਚਰਨਾਂ ਵਿਚ ਸੀਸ ਧਰਕੇ ਬਖਸਾਵਤ ਭਇਆ ਸੇਵਾ ਕਬੂਲਹੁ ਜੀ। ਸਾਨੂੰ ਬਖਸ਼ਹੁ ਜੀ। ਸੇਵਾ ਕਬੂਲਹੁ। ਸਾਹਿਬ ਫਰਮਾਨਤ ਭਏ। ਤੁਹਾਡੀ ਕੁਲ ਬਹੁਤ ਪ੍ਰਗਟੇਗੀ। ਬਲਪਰਾਮ ਬੇਨਤੀ ਕਰਤ ਭਇਆ ਜੀ। ਸਾਡੇ ਘਰ ਤੋਂ ਤਪਦਿਕ ਨਹੀਂ ਜਾਂਦਾ। ਸਾਹਿਬਾਂ ਕਿਹਾ ਇਥੇ ਛੱਪੜ ਵਿਚ ਇਸ਼ਨਾਨ ਕਰਾ, ਨਹੀਂ ਰਹੇਗਾ। ਜੋ ਇਥੇ ਸ਼ਰਧਾ ਸਹਿਤ ਇਸ਼ਨਾਨ ਕਰੇਗਾ, ਤਪਦਿਕ ਅਗਾਹਾ ਦੂਰ ਹੋਸੀ। ਜੋ ਇਥੇ ਵਿਧੀ ਸਹਿਤ ਇਸ਼ਨਾਨ ਕਰੇਗਾ। ਤਪਦਿਕ ਪਾਠ ਕਰੇਗਾ ਜਾਂ ਸੁਣੇਗਾ ਸਭ ਹੀ ਰੋਗ ਦੂਰ ਹੋਣਗੇ, ਜਮਣ ਮਰਣ ਤੋਂ ਛੁਟਣਗੇ। ਫਿਰ ਸਭ ਹੀ ਆਣ ਪੈਰੀਂ ਪਏ ਜੀ। ਸਾਨੂੰ ਬਖਸਹੁ ਜੀ, ਸਭ ਨੂੰ ਹੁਕਮ ਹੋਇਆ ਨਾਮ ਜਪੋ, ਬਖਸੀਏਂਗੇ। ਇਥੇ ਅਸਥਾਨ ਬਣਾਓ, ਲੰਗਰ ਚਲਾਓ। ਕਿਸੀ ਦਾ ਹਿਯਾ ਨਾ

[223] ਗੁਰਦੁਆਰਾ ਅਕਾਲਗੜ੍ਹ ਸਾਹਿਬ, ਘੜੂੰਆਂ ਵਿਖੇ ਲੱਗੇ ਬੋਰਡ ਅਨੁਸਾਰ।

ਦੁਖਾਉ। ਆਏ ਸਿੱਖ ਸਾਧ ਦੀ ਸੇਵਾ ਕਮਾਉ, ਸੱਤ ਦਿਨ ਨਾਮ ਪ੍ਰਵਾਹ ਚਲਦਾ ਰਿਹਾ। ਹੁਕਮ ਹੋਇਆ ਇਥੇ ਜੇਠ ਸੁਦੀ ਦਸਮੀਂ ਨੂੰ ਨਹਾਵੇ ਮਨ ਬਾਂਛਿਤ ਫਲ ਪਾਵੇ। ਸੰਗਤਾਂ ਨੂੰ ਤਾਰ ਕੇ ਮੁੜ ਅਨੰਦ ਪੁਰ ਨੂੰ ਆਏ। ਸਾਲ ਸਤਾਰਾਂ ਸੌ ਸਤਾਈ ਸੌ, 1727 ਹੱਥ ਮੇਵੜਾ। ਸਮਾਪਤੇ। ਜੋ ਦਰਸ਼ਨ ਕਰੇ ਨਿਹਾਲ ਹੋਵੇ।।"[224]

ਇਥੇ ਹੁਣ ਗੁਰਦੁਆਰਾ ਸਾਹਿਬ ਦੀ ਸੁੰਦਰ ਇਮਾਰਤ ਬਣੀ ਹੋਈ ਹੈ, ਜਿਸਦੀ ਉਸਾਰੀ ਦੀ ਸੇਵਾ ਬਾਬਾ ਹਰਬੰਸ ਸਿੰਘ ਅਤੇ ਬਾਬਾ ਕਰਨੈਲ ਸਿੰਘ ਦਿੱਲੀ ਵਾਲਿਆਂ ਨੇ ਕਰਵਾਈ। ਇਸ ਅਸਥਾਨ ਦਾ ਪ੍ਰਬੰਧ ਹੁਣ ਬਾਬਾ ਦੀਪ ਸਿੰਘ ਕਾਰ ਸੇਵਾ ਵਾਲੇ ਸੰਭਾਲ ਰਹੇ ਹਨ। ਇਸ ਅਸਥਾਨ ਉਤੇ ਸੰਗਰਾਂਦ ਦਾ ਦਿਹਾੜਾ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਵਸ ਬਹੁਤ ਸ਼ਰਧਾ ਸਹਿਤ ਮਨਾਇਆ ਜਾਂਦਾ ਹੈ।

## II.

## ਜ਼ਿਲ੍ਹਾ ਐਸ.ਏ.ਐਸ. ਨਗਰ (ਮੋਹਾਲੀ) ਦੇ ਧਾਰਮਿਕ ਅਸਥਾਨ

ਐਸ.ਏ.ਐਸ. ਨਗਰ (ਮੋਹਾਲੀ), ਪੰਜਾਬ ਦਾ 18ਵਾਂ ਜ਼ਿਲ੍ਹਾ ਹੈ। ਇਹ ਪੁਆਧ ਦਾ ਪ੍ਰਮੁਖ ਇਲਾਕਾ ਹੈ। ਇਸ ਖੇਤਰ ਵਿਚ ਬਹੁਗਿਣਤੀ ਲੋਕਾਂ ਦੀ ਬੋਲੀ ਵੀ ਪੁਆਧੀ ਹੀ ਹੈ। ਇਹ ਜ਼ਿਲ੍ਹਾ, ਚੰਡੀਗੜ੍ਹ ਦੇ ਗੁਆਂਢ ਵਿਚ ਵਸਿਆ ਹੋਇਆ ਇਕ ਸ਼ਹਿਰ ਹੈ। ਹੁਣ ਇਸਦਾ ਨਾਂ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਪੁੱਤਰ ਸਾਹਿਬਜ਼ਾਦਾ ਅਜੀਤ ਸਿੰਘ ਦੀ ਯਾਦ ਵਿਚ ਐਸ. ਏ. ਐਸ. ਨਗਰ (ਭਾਵ ਸਾਹਿਬਜ਼ਾਦਾ ਅਜੀਤ ਸਿੰਘ ਨਗਰ) ਰੱਖਿਆ ਸੀ। ਇਸ ਅਧਿਆਇ ਵਿਚ ਅਸੀਂ ਸ਼ਹਿਰ ਦੇ ਪਹਿਲੇ ਨਾਂ ਮੋਹਾਲੀ ਦੀ ਵਰਤੋਂ ਵੀ ਕਰਾਂਗੇ। ਇਹ ਪਹਿਲਾਂ ਰੂਪਨਗਰ ਜ਼ਿਲ੍ਹੇ ਦਾ ਹੀ ਹਿੱਸਾ ਸੀ, ਪਰ ਅਪ੍ਰੈਲ 2006 ਵਿਚ ਇਸਨੂੰ ਵੱਖਰਾ ਜ਼ਿਲ੍ਹਾ ਬਣਾ ਦਿੱਤਾ ਗਿਆ। ਇਸ ਜ਼ਿਲ੍ਹੇ ਵਿਚ ਸਿੱਖ ਧਰਮ ਨਾਲ ਸੰਬੰਧਿਤ ਕਈ ਧਾਰਮਿਕ ਅਤੇ ਇਤਿਹਾਸਕ ਅਸਥਾਨ ਹਨ, ਜਿਹਨਾਂ ਦਾ ਵੇਰਵਾ ਨਿਮਨ ਅਨੁਸਾਰ ਹੈ :

### ਗੁਰਦੁਆਰਾ ਅੰਬ ਸਾਹਿਬ

ਗੁਰਦੁਆਰਾ ਅੰਬ ਸਾਹਿਬ, ਐਸ. ਏ. ਐਸ. ਨਗਰ (ਮੋਹਾਲੀ) ਸ਼ਹਿਰ ਦੇ ਫੇਜ਼ 7, ਵਿਚ ਸਥਿਤ

---

[224] ਗੁਰਦੁਆਰਾ ਅਕਾਲਗੜ੍ਹ ਸਾਹਿਬ ਨਾਲ ਸੰਬੰਧਿਤ ਲਿਖਿਤ ਪਟੇ ਦੀ ਨਕਲ ਅਨੁਸਾਰ, ਜੋ ਇਥੇ ਬੋਰਡ ਉਤੇ ਲੱਗੀ ਹੋਈ ਹੈ।

ਸਤਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਰਾਇ ਸਾਹਿਬ ਨਾਲ ਸੰਬੰਧਤ ਇਤਿਹਾਸਕ ਅਸਥਾਨ ਹੈ। ਪੰਡਿਤ ਤਾਰਾ ਸਿੰਘ ਨਰੋਤਮ ਅਨੁਸਾਰ ਪਹਿਲਾਂ ਇਸ ਅਸਥਾਨ ਨੂੰ ਕਾਕਰੂ ਕਾ ਅੰਬ ਕਿਹਾ ਜਾਂਦਾ ਸੀ।[225]

ਗਿਆਨੀ ਭਜਨ ਸਿੰਘ ਇਸ ਅਸਥਾਨ ਦੇ ਇਤਿਹਾਸ ਦਾ ਵਿਸਥਾਰ ਕਰਦੇ ਹੋਏ ਲਿਖਦੇ ਹਨ ਕਿ, "17ਵੀਂ ਸਦੀ ਦੇ ਮੁਢਲੇ ਸਾਲਾਂ ਵਿਚ ਇਹ ਜ਼ਮੀਨ ਪਿੰਡ ਲੰਬਿਆਂ ਦੀ ਸੀ। ਇਥੋਂ ਦਾ ਇਕ ਗੁਰੂ-ਘਰ ਦਾ ਪ੍ਰੇਮੀ ਕਿਸਾਨ ਭਾਈ ਕੂਰਮ ਹੋਇਆ ਹੈ। ਇਹ ਇਕ ਵਾਰ ਅੰਮ੍ਰਿਤਸਰ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕਰਨ ਗਿਆ। ਉਥੇ ਗੁਰੂ ਦਰਬਾਰ ਵਿਚ ਕਾਬਲ ਕੰਧਾਰ ਤੋਂ ਸੰਗਤਾਂ ਆਈਆਂ ਹੋਈਆਂ ਸਨ। ਅੰਬਾਂ ਦਾ ਮੌਸਮ ਹੋਣ ਕਾਰਣ ਬਹੁਤ ਸਾਰੀ ਸੰਗਤ ਨੇ ਅੰਬ ਗੁਰੂ ਦਰਬਾਰ ਵਿਚ ਭੇਟਾ ਕੀਤੇ। ਸਾਰੀ ਸੰਗਤ ਨੂੰ ਅੰਬਾਂ ਦਾ ਪ੍ਰਸ਼ਾਦ ਵੰਡਿਆ ਗਿਆ। ਭਾਈ ਕੂਰਮ ਨੂੰ ਬਹੁਤ ਮਹਿਸੂਸ ਹੋਇਆ ਕਿ ਉਹ ਅੰਬਾਂ ਦੇ ਦੇਸ਼ ਵਿਚੋਂ ਆਇਆ ਹੈ ਪਰ ਅੰਬ ਗੁਰੂ ਦਰਬਾਰ ਵਿਚ ਭੇਟਾ ਕਰਨ ਲਈ ਨਹੀਂ ਲੈ ਕੇ ਆਇਆ। ਭਾਈ ਕੂਰਮ ਨੂੰ ਜੋ ਅੰਬ ਪ੍ਰਸ਼ਾਦ ਵਿਚ ਮਿਲਿਆ, ਉਸਨੇ ਉਹ ਅੰਬ ਰੱਖ ਲਿਆ ਅਤੇ ਦੂਜੇ ਦਿਨ ਸਵੇਰੇ ਗੁਰੂ ਸਾਹਿਬ ਨੂੰ ਭੇਟਾ ਕੀਤਾ। ਗੁਰੂ ਜੀ ਨੇ ਆਖਿਆ ਕਿ ਇਹ ਅੰਬ ਤਾਂ ਅਸੀਂ ਤੁਹਾਨੂੰ ਪ੍ਰਸ਼ਾਦ ਵਜੋਂ ਦਿੱਤਾ ਸੀ, ਸੋ ਇਹ ਤਾਂ ਤੈਨੂੰ ਹੀ ਛਕਣਾ ਪਵੇਗਾ। ਅਸੀਂ ਆਪ ਤੇਰੇ ਪਿੰਡ ਆ ਕੇ ਤੇਰੇ ਕੋਲੋਂ ਅੰਬ ਲੈ ਕੇ ਖਾਵਾਂਗੇ। ਭਾਈ ਕੂਰਮ ਪਿੰਡ ਆ ਕੇ ਗੁਰੂ ਸਾਹਿਬ ਦੇ ਆਉਣ ਦੀ ਉਡੀਕ ਕਰਨ ਲੱਗਾ। ਉਸਨੇ ਅੰਬਾਂ ਦੇ ਬਾਗ ਵਿਚ ਹੀ ਡੇਰਾ ਲਗਾ ਲਿਆ ਅਤੇ ਨਾਮ ਸਿਮਰਨ ਵਿਚ ਲੀਨ ਰਹਿੰਦਾ। ਇਕ ਦਿਨ ਸਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਜੀ ਕੀਰਤਪੁਰ ਤੋਂ ਆਪ ਚੱਲ ਕੇ ਪਿੰਡ ਲੰਬਿਆਂ ਆਏ ਤੇ ਭਾਈ ਕੂਰਮ ਤੋਂ ਅੰਬਾਂ ਦੀ ਮੰਗ ਕੀਤੀ। ਭਾਈ ਕੂਰਮ ਨੇ ਕਿਹਾ ਕਿ ਮਹਾਰਾਜ ਅੱਜ-ਕੱਲ ਤਾਂ ਅੰਬਾਂ ਦਾ ਮੌਸਮ ਨਹੀਂ ਹੈ। ਗੁਰੂ ਸਾਹਿਬ ਨੇ ਇਕ ਅੰਬ ਦੇ ਦਰਖੱਤ ਵੱਲ ਇਸ਼ਾਰਾ ਕਰਕੇ ਆਖਿਆ ਕਿ ਓਹ ਵੇਖ ਅੰਬ ਤਾਂ ਦਿਖਦੇ ਹਨ। ਭਾਈ ਕੂਰਮ ਨੇ ਜਦੋਂ ਅੰਬ ਲੱਗੇ ਵੇਖੇ ਤਾਂ ਉਸਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ। ਉਸਨੇ ਝੱਟ ਅੰਬ ਲਾਹ ਕੇ ਗੁਰੂ ਜੀ ਅੱਗੇ ਭੇਟਾ ਕੀਤੇ। ਗੁਰੂ ਜੀ ਨੇ ਆਪ ਵੀ ਛਕੇ ਅਤੇ ਸੰਗਤ ਵਿਚ ਵੀ ਪ੍ਰਸ਼ਾਦ ਵਰਤਾਇਆ ਗਿਆ। ਇਸ ਅਸਥਾਨ ਤੇ ਗੁਰੂ ਹਰਿਰਾਇ ਜੀ ਨੇ ਕੁਝ

[225] ਪੰਡਿਤ ਤਾਰਾ ਸਿੰਘ ਨਰੋਤਮ, *ਸ੍ਰੀ ਗੁਰ ਤੀਰਥ ਸੰਗ੍ਰਹਿ,* ਪੰਨਾ 81.

ਸਮਾਂ ਬਿਤਾਇਆ। ਇਥੇ ਗੁਰਦੁਆਰਾ ਅੰਬ ਸਾਹਿਬ ਉਸਾਰਿਆ ਗਿਆ।"[226]

ਇਸ ਗੁਰ-ਅਸਥਾਨ ਦੀ ਪਹਿਲੀ ਇਮਾਰਤ ਬਣਾਉਣ ਦੀ ਸੇਵਾ ਸੰਤ ਈਸ਼ਰ ਸਿੰਘ ਨੇ ਸੰਨ 1960 ਈ. ਵਿਚ ਕਰਵਾਈ ਸੀ।[227] ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ ਬਣਾਉਣ ਦੀ ਸੇਵਾ ਬਾਬਾ ਹਰਬੰਸ ਸਿੰਘ ਦਿੱਲੀ ਵਾਲਿਆਂ ਨੇ ਸੰਨ 1996 ਈਸਵੀ ਵਿਚ ਕਰਵਾਈ ਸੀ। ਪਹਿਲਾਂ-ਪਹਿਲ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਇਕ ਲੋਕਲ ਕਮੇਟੀ ਕੋਲ ਸੀ। ਸੰਨ 2000 ਈਸਵੀ ਤੋਂ ਇਸ ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਕੋਲ ਆ ਗਿਆ ਹੈ ਅਤੇ ਇਹ ਗੁਰਦੁਆਰੇ ਦਾ ਪ੍ਰਬੰਧ ਸੈਕਸ਼ਨ 85 ਅਧੀਨ ਹੈ।

ਇਸ ਗੁਰਦੁਆਰੇ ਵਿਚ ਹਰ ਮਹੀਨੇ ਦੀ ਸੰਗਰਾਂਦ ਨੂੰ ਧਾਰਮਿਕ ਦੀਵਾਨ ਸਜਾਏ ਜਾਂਦੇ ਹਨ ਅਤੇ ਸਾਲਾਨਾ ਸਮਾਗਮ ਗੁਰੂ ਹਰਿਰਾਇ ਜੀ ਦੇ ਪ੍ਰਕਾਸ਼ ਪੁਰਬ ਵਾਲੇ ਦਿਨ ਮਨਾਇਆ ਜਾਂਦਾ ਹੈ।

**ਗੁਰਦੁਆਰਾ ਮਾਤਾ ਸੁੰਦਰੀ ਜੀ**

ਇਹ ਧਾਰਮਿਕ ਅਸਥਾਨ 'ਗੁਰਦੁਆਰਾ ਮਾਤਾ ਸੁੰਦਰੀ ਜੀ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਹਿਲ ਮਾਤਾ ਸੁੰਦਰੀ ਜੀ ਦੀ ਯਾਦ ਵਿਚ, ਐਸ. ਏ. ਐਸ. ਨਗਰ (ਮੋਹਾਲੀ) ਜ਼ਿਲ੍ਹੇ ਦੇ ਸੈਕਟਰ 70 ਵਿਚ ਬਣਿਆ ਹੋਇਆ ਹੈ। ਇਸ ਅਸਥਾਨ ਉਤੇ ਮਾਤਾ ਸੁੰਦਰੀ ਜੀ ਨੇ ਦਿੱਲੀ ਨੂੰ ਜਾਂਦੇ ਸਮੇਂ, ਕੁਝ ਚਿਰ ਵਿਸ਼ਰਾਮ ਕੀਤਾ ਸੀ।

ਡਾ. ਪਰਮਵੀਰ ਸਿੰਘ ਇਸ ਅਸਥਾਨ ਦੇ ਇਤਿਹਾਸ ਬਾਰੇ ਲਿਖਦੇ ਹਨ ਕਿ ਇਸ ਅਸਥਾਨ ਦਾ ਪ੍ਰਬੰਧ ਬੁੱਢਾ ਦਲ ਕੋਲ ਆਉਣ ਤੋਂ ਪਹਿਲਾਂ ਲਗਪਗ ਪੰਜਾਹ ਸਾਲ ਬਾਬਾ ਕੇਹਰ ਸਿੰਘ ਨੇ ਸੇਵਾ-ਸੰਭਾਲ ਕੀਤੀ। ਸੀਨਾ-ਬਸੀਨਾ ਚੱਲੀ ਆ ਰਹੀ ਰਵਾਇਤ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਅਨੰਦਪੁਰ ਸਾਹਿਬ ਨੂੰ ਛੱਡਣ ਉਪਰੰਤ ਪਰਿਵਾਰ ਦਾ ਵਿਛੋੜਾ ਪੈ ਗਿਆ ਤਾਂ ਮਾਤਾ ਸੁੰਦਰੀ ਜੀ ਕੁਝ ਸਿੰਘਾਂ ਸਮੇਤ ਦਿੱਲੀ ਵਲ ਜਾ ਰਹੇ ਸਨ। ਜਦੋਂ ਉਹ ਇਸ ਇਲਾਕੇ ਵਿਚੋਂ ਗੁਜਰ ਰਹੇ ਸਨ ਤਾਂ ਇਲਾਕੇ ਦੇ ਭੇਤੀ ਬਾਬਾ ਨਾਹਰ ਸਿੰਘ ਵੀ ਉਹਨਾਂ ਦੇ ਨਾਲ ਸਨ। ਉਹ ਕੁਝ ਸਮੇਂ ਲਈ ਇਥੇ ਰੁਕੇ। ਮਾਤਾ ਜੀ ਸਿੱਖਾਂ-ਸੇਵਕਾਂ ਨਾਲ

---

[226] ਗਿ. ਭਜਨ ਸਿੰਘ, *ਸਾਡੇ ਇਤਿਹਾਸਕ ਗੁਰਧਾਮ,* ਪੰਨੇ 95-96.

[227] ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼,* (ਭਾਗ ਦੂਜਾ), ਪੰਨਾ 1569.

ਦਿੱਲੀ ਵੱਲ ਚਲੇ ਗਏ ਅਤੇ ਬਾਬਾ ਨਾਹਰ ਸਿੰਘ ਇਥੇ ਹੀ ਟਿਕ ਗਏ। ਮਾਤਾ ਸੁੰਦਰੀ ਜੀ ਦੀ ਆਮਦ ਦੀ ਯਾਦ ਵਿਚ ਇਥੇ 'ਗੁਰੁਦੁਆਰਾ ਮਾਤਾ ਸੁੰਦਰੀ ਜੀ' ਬਣਿਆ ਹੋਇਆ ਹੈ। ਇਥੇ ਇਕ ਭੋਰਾ ਸੀ, ਜੋ ਕਿ ਹੁਣ ਪੂਰ ਦਿੱਤਾ ਗਿਆ ਹੈ ਅਤੇ ਹੁਣ ਤੱਕ ਇਥੇ ਇਕ ਪੁਰਾਤਨ ਖੂਹ ਮੌਜੂਦ ਹੈ। ਬਾਬਾ ਬੰਦਾ ਸਿੰਘ ਬਹਾਦਰ ਦੇ ਸਮੇਂ ਉਹਨਾਂ ਦੀ ਫ਼ੌਜ ਨੂੰ ਇਸ ਅਸਥਾਨ ਤੋਂ ਲੰਗਰ ਤਿਆਰ ਕਰਕੇ ਭੇਜਿਆ ਜਾਂਦਾ ਸੀ।[228]

ਇਸ ਇਤਿਹਾਸਕ ਅਸਥਾਨ ਦੀ ਸੇਵਾ ਬਾਬਾ ਪਿਸ਼ੌਰਾ ਸਿੰਘ ਨੇ ਸੰਗਤ ਦੇ ਸਹਿਯੋਗ ਨਾਲ ਸੰਨ 1972 ਈਸਵੀ ਵਿਚ ਕਰਵਾਈ ਸੀ। ਬਾਅਦ ਵਿਚ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਦਾ ਨੀਂਹ ਪੱਥਰ ਨਿਹੰਗ ਸਿੰਘ ਜਥੇਬੰਦੀ, ਬੁੱਢਾ ਦਲ ਦੇ ਮੌਜੂਦਾ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ ਨੇ 27 ਫਰਬਰੀ, 2007 ਈ. ਨੂੰ ਰੱਖਿਆ। ਇਸ ਅਸਥਾਨ ਦੀ ਸੇਵਾ ਦਾ ਕਾਰਜ ਸੰਨ 2009 ਈਸਵੀ ਵਿਚ ਮੁਕੰਮਲ ਹੋਇਆ।

ਮੌਜੂਦਾ ਸਮੇਂ ਵਿਚ ਇਸ ਗੁਰਦੁਆਰੇ ਦਾ ਪ੍ਰਬੰਧ ਨਿਹੰਗ ਸਿੰਘਾਂ ਦੀ ਜਥੇਬੰਦੀ ਬੁੱਢਾ ਦਲ ਦੇ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ ਕੋਲ ਹੈ। ਇਸ ਗੁਰਦੁਆਰਾ ਸਾਹਿਬ ਵਿਚ ਸੰਗਰਾਂਦ ਵਾਲੇ ਦਿਨ ਧਾਰਮਿਕ ਦੀਵਾਨ ਸਜਾਏ ਜਾਂਦੇ ਹਨ ਅਤੇ ਸਾਲਾਨਾ ਸਮਾਗਮ ਮਾਤਾ ਸੁੰਦਰੀ ਜੀ ਦੇ ਜਨਮ ਦਿਹਾੜੇ ਵਾਲੇ ਦਿਨ ਮਨਾਇਆ ਜਾਂਦਾ ਹੈ।

## ਸੁਹਾਣਾ

ਸੁਹਾਣਾ ਨਾਂ ਦਾ ਪਿੰਡ, ਐਸ. ਏ. ਐਸ. ਨਗਰ (ਮੋਹਾਲੀ) ਦੇ ਸੈਕਟਰ 78 ਦੇ ਬਿਲਕੁਲ ਨਾਲ ਲੱਗਦਾ ਹੈ। ਨਵੀਂ ਬਣੀ ਏਅਰਪੋਰਟ ਵਾਲੀ ਸੜਕ ਉਤੇ ਇਹ ਖਰੜ ਤੋਂ ਜੀਰਕਪੁਰ ਨੂੰ ਜਾਂਦਿਆਂ ਰਸਤੇ ਵਿਚ ਸਥਿਤ ਹੈ।

### ਗੁਰਦੁਆਰਾ ਸਾਹਿਬ ਸਿੰਘ ਸ਼ਹੀਦਾਂ

ਇਹ ਗੁਰਦੁਆਰਾ ਨਿਹੰਗ ਜਥੇਬੰਦੀ ਬੁੱਢਾ ਦਲ ਦੇ ਸਤਵੇਂ ਮੁਖੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਬਾਬਾ ਹਨੂੰਮਾਨ ਸਿੰਘ ਦੀ ਯਾਦ ਵਿਚ ਬਣਿਆ ਹੋਇਆ ਹੈ। ਉਹ ਅਕਾਲੀ ਫੂਲਾ ਸਿੰਘ ਦੇ

---

[228] ਪਰਮਵੀਰ ਸਿੰਘ, *ਮਾਤਾ ਸੁੰਦਰੀ ਜੀ: ਸੰਘਰਸ਼ ਅਤੇ ਸ਼ਖ਼ਸੀਅਤ, ਸਿੰਘ ਬ੍ਰਦਰਜ਼, ਅੰਮ੍ਰਿਤਸਰ*, 2012 (*ਪਹਿਲੀ ਵਾਰ*), ਪੰਨੇ 168-69.

ਉੱਤਰਾਧਿਕਾਰੀ ਸਨ। ਉਹਨਾਂ ਨੇ 1845 ਈਸਵੀ ਵਿਚ ਬ੍ਰਿਟਿਸ਼ ਰਾਜ ਅਤੇ ਪਟਿਆਲਾ ਰਿਆਸਤ ਦੇ ਸ਼ਾਸ਼ਕਾਂ ਵਿਰੁੱਧ ਲੜਦੇ ਹੋਏ ਸ਼ਹੀਦੀ ਪ੍ਰਾਪਤ ਕੀਤੀ ਸੀ।

ਜਥੇਦਾਰ ਬਾਬਾ ਹਨੂੰਮਾਨ ਸਿੰਘ ਦਾ ਜਨਮ ਜ਼ਿਲ੍ਹਾ ਫਿਰੋਜਪੁਰ ਦੇ ਜ਼ੀਰਾ ਦੇ ਪਿੰਡ ਨੌਰੰਗ ਸਿੰਘ ਵਾਲਾ ਵਿਖੇ ਮਾਤਾ ਹਰਨਾਮ ਕੌਰ ਅਤੇ ਪਿਤਾ ਗਰਜਾ ਸਿੰਘ ਦੇ ਘਰ 18 ਨਵੰਬਰ, 1755 ਈਸਵੀ ਨੂੰ ਹੋਇਆ। ਉਹਨਾਂ ਨੂੰ ਜਥੇਦਾਰ ਅਕਾਲੀ ਫੂਲਾ ਸਿੰਘ ਦੀ ਸ਼ਹਾਦਤ ਤੋਂ ਬਾਅਦ 1823 ਈਸਵੀ ਵਿਚ ਅਕਾਲ ਤਖ਼ਤ ਦੇ ਜਥੇਦਾਰ ਥਪਿਆ ਗਿਆ। ਖ਼ਾਲਸਾ ਰਾਜ ਦੀ ਹਾਰ ਤੋਂ ਬਾਅਦ ਜਥੇਦਾਰ ਬਾਬਾ ਹਨੂੰਮਾਨ ਸਿੰਘ ਜੀ ਨੇ ਨਿਹੰਗ ਫੌਜ ਨੂੰ ਬ੍ਰਿਟਿਸ਼ ਰਾਜ ਸ਼ਾਸ਼ਕਾਂ ਖਿਲਾਫ਼ ਲੜਨ ਲਈ ਪਟਿਆਲਾ-ਚੁੰਨ੍ਹੀ ਵਿਖੇ ਪੁਨਰ ਸੰਗਠਤ ਕੀਤਾ। ਮਹਾਰਾਜਾ ਕਰਮ ਸਿੰਘ ਉਸ ਸਮੇਂ ਪਟਿਆਲਾ ਰਿਆਸਤ ਦੇ ਸ਼ਾਸ਼ਕ ਸਨ ਅਤੇ ਮਾਲਵਾ ਖੇਤਰ ਦੇ ਬਾਕੀ ਰਾਜੇ ਵੀ ਉਹਨਾ ਦੇ ਨਾਲ ਸਨ। ਜਦ ਜਥੇਦਾਰ ਹਨੂਮਾਨ ਸਿੰਘ ਪਟਿਆਲਾ ਪਹੁੰਚੇ ਤਾਂ ਰਾਜਾ ਕਰਮ ਸਿੰਘ ਨੇ ਤੋਪਾਂ ਨਾਲ ਹਮਲਾ ਕਰ ਦਿੱਤਾ, ਜਿਸ ਨਾਲ 32000 ਨਿਹੰਗ ਸਿੰਘ ਸ਼ਹੀਦ ਹੋ ਗਏ। ਜੋ ਬਚ ਗਏ ਉਹਨਾ ਨੂੰ ਮਜਬੂਰਨ ਜੰਗਲਾਂ ਵਿਚ ਸ਼ਰਨ ਲੈਣੀ ਪਈ। ਇਸ ਹਮਲੇ ਵਿਚ ਬਾਬਾ ਹਨੂੰਮਾਨ ਸਿੰਘ ਅਤੇ 500 ਸਿੰਘ ਬਚ ਗਏ ਅਤੇ ਉਹ ਤੋਪਾਂ ਦੀ ਭਾਰੀ ਗੋਲਾਬਾਰੀ ਦੇ ਬਾਵਜੂਦ ਆਪਣੀਆਂ ਤਲਵਾਰਾਂ ਤੀਰਾਂ ਨੇਜਿਆਂ ਅਤੇ ਕੁਹਾੜੀਆਂ ਨਾਲ ਲੜਦੇ ਰਹੇ। ਅੰਤ ਬਾਬਾ ਹਨੂੰਮਾਨ ਸਿੰਘ ਜੀ ਬੁਰੀ ਤਰਾਂ ਜ਼ਖਮੀ ਹੋ ਗਏ ਅਤੇ ਸੋਹਾਣਾ ਵਿਖੇ ਸ਼ਹੀਦ ਹੋ ਗਏ। ਉਸ ਵੇਲੇ ਉਹਨਾਂ ਉਮਰ 90 ਸਾਲ ਦੀ ਹੋ ਚੁੱਕੀ ਸੀ। ਉਹਨਾ ਦੀ ਯਾਦ ਵਿਚ ਗੁਰਦਵਾਰਾ ਸਿੰਘ ਸ਼ਹੀਦਾਂ ਬਣਾਇਆ ਹੋਇਆ ਹੈ ਜਿਥੇ ਉਹਨਾਂ ਦਾ ਜਨਮ ਦਿਹਾੜਾ ਹਰ ਸਾਲ ਮਨਾਇਆ ਜਾਂਦਾ ਹੈ।[229]

ਇਸ ਅਸਥਾਨ ਦੀ ਸੇਵਾ ਸੰਤ ਬਾਬਾ ਅਜੀਤ ਸਿੰਘ ਹੰਸਾਲੀ ਵਾਲਿਆਂ ਨੇ 1996 ਈਸਵੀ ਵਿਚ ਆਰੰਭ ਕਰਵਾਈ ਸੀ। ਇਸ ਗੁਰਦੁਆਰੇ ਦੇ ਦਰਬਾਰ ਸਾਹਿਬ ਦੀ ਸੁੰਦਰ ਇਮਾਰਤ ਥੋੜਾ ਸਮਾਂ ਪਹਿਲਾਂ ਹੀ ਮੁਕੰਮਲ ਹੋਈ ਹੈ, ਜਿਸ ਵਿਚ 2 ਦਸੰਬਰ, 2020 ਈਸਵੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਉਦਘਾਟਨ ਕੀਤਾ ਗਿਆ ਹੈ। ਇਥੇ ਹਰ ਵੇਲੇ ਲੰਗਰ ਚਲਦਾ ਰਹਿੰਦਾ ਹੈ। ਯਾਤਰੀਆਂ ਲਈ ਬਾਬਾ

[229] https://en.m.wikipedia.org/Akali_Hanuman_Singh. Dated 8 January, 2021.

ਹਨੂੰਮਾਨ ਸਿੰਘ ਨਿਵਾਸ ਅਸਥਾਨ ਦਾ ਵੀ ਪ੍ਰਬੰਧ ਹੈ। ਮੌਜੂਦਾ ਸਮੇਂ ਇਥੇ ਕੰਪਊਟਰਾਈਜ਼ਡ ਲੈਬਾਰਟਰੀ ਅਤੇ ਡਿਸਪੈਂਸਰੀ ਵੀ ਬਣੀ ਹੋਈ ਹੈ, ਜਿਥੇ ਲੋੜਵੰਦਾ ਦਾ ਇਲਾਜ ਮੁਫਤ ਕੀਤਾ ਜਾਂਦਾ ਹੈ।

## ਨਾਭਾ (ਨੇੜੇ ਜੀਰਕਪੁਰ)

ਪਿੰਡ ਨਾਭਾ, ਡਾਕਘਰ ਦਿਆਲਪੁਰ, ਤਹਿਸੀਲ ਰਾਜਪੁਰਾ, ਜ਼ਿਲ੍ਹਾ ਐਸ. ਏ. ਐਸ. ਨਗਰ (ਮੋਹਾਲੀ) ਵਿਚ ਜੀਰਕਪੁਰ-ਬਨੂੜ ਸੜਕ ਉਤੇ ਚੰਡੀਗੜ੍ਹ ਤੋਂ ਲਗਪਗ 10 ਕਿਲੋਮੀਟਰ ਦੂਰੀ 'ਤੇ ਸਥਿਤ ਹੈ।

### ਗੁਰਦੁਆਰਾ ਨਾਭਾ ਸਾਹਿਬ

ਇਤਿਹਾਸਕ ਅਸਥਾਨ 'ਗੁਰਦੁਆਰਾ ਨਾਭਾ ਸਾਹਿਬ', ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਤੇ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧ ਰੱਖਦਾ ਹੈ। ਸਵਾ ਤਿੰਨ ਸੌ ਸਾਲ ਪਹਿਲਾਂ ਇਸ ਇਲਾਕੇ ਵਿਚ ਰੁੱਖਾਂ ਦੇ ਝੁੰਡ ਅਤੇ ਜੰਗਲ ਸਨ। ਨੌਵੇਂ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਭਾਈ ਜੈਤਾ ਜੀ, ਗੁਰੂ ਜੀ ਦਾ ਸੀਸ ਦਿੱਲੀ ਤੋਂ ਲੈ ਕੇ ਅਨੰਦਪੁਰ ਸਾਹਿਬ ਆ ਰਹੇ ਸਨ ਤਾਂ ਉਸ ਸਮੇਂ ਉਹ ਨਾਭਾ ਸਾਹਿਬ ਵਾਲੀ ਥਾਂ ਤੇ ਵਿਸ਼ਰਾਮ ਕਰਨ ਲਈ ਰੁਕੇ ਸਨ। ਇਥੇ ਇਕ ਮੁਸਲਮਾਨ ਫ਼ਕੀਰ 'ਦਰਗਾਹੀ ਸ਼ਾਹ' ਰਹਿੰਦਾ ਸੀ। ਫ਼ਕੀਰ ਦਰਗਾਹੀ ਸ਼ਾਹ ਨੇ ਨੌਵੇਂ ਪਾਤਸ਼ਾਹ ਦੇ ਸੀਸ ਨੂੰ ਨਮਸ਼ਕਾਰ ਕੀਤੀ ਤੇ ਭਾਈ ਜੈਤਾ ਜੀ ਨੂੰ ਆਰਾਮ ਕਰਨ ਲਈ ਕਿਹਾ ਅਤੇ ਆਪ ਸਾਰੀ ਰਾਤ ਜਾਗ ਕੇ ਰਖਵਾਲੀ ਕੀਤੀ। ਭਾਈ ਜੈਤਾ ਜੀ, ਜਦੋਂ ਅਗਲੀ ਸਵੇਰ ਤੁਰਨ ਲੱਗੇ ਤਾਂ ਦਰਗਾਹੀ ਸ਼ਾਹ ਨੇ ਬੇਨਤੀ ਕੀਤੀ ਕਿ ਮੇਰੀ ਉਮਰ ਵਡੇਰੀ ਹੋਣ ਕਾਰਣ, ਜਿਆਦਾ ਚੱਲ-ਫਿਰ ਨਹੀਂ ਸਕਦਾ। ਇਸ ਲਈ ਮੈਂ ਦਸਵੀਂ ਨਾਨਕ-ਜੋਤਿ ਦੇ ਦਰਸ਼ਨ ਕਰਨ ਲਈ ਅਨੰਦਪੁਰ ਸਾਹਿਬ ਨਹੀਂ ਜਾ ਸਕਦਾ। ਗੁਰੂ ਜੀ ਨੂੰ ਬੇਨਤੀ ਕਰਨਾ ਕਿ ਮੈਨੂੰ ਦਰਸ਼ਨ ਦੇ ਕੇ ਮੇਰਾ ਕਲਿਆਣ ਕਰਨ। ਕਈ ਸਾਲਾਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਪਾਉਂਟਾ ਸਾਹਿਬ ਤੋਂ ਵਾਪਿਸ ਆਉਂਦੇ ਹੋਏ ਉਚੇਚੇ ਤੌਰ 'ਤੇ ਫ਼ਕੀਰ ਦਰਗਾਹੀ ਸ਼ਾਹ ਫ਼ਕੀਰ ਨੂੰ ਮਿਲਣ ਆਏ। ਇਸ ਤਰ੍ਹਾਂ ਇਹ ਅਸਥਾਨ ਨੌਵੇਂ ਤੇ ਦਸਵੇਂ ਗੁਰੂ ਸਾਹਿਬਾਨ ਦੇ ਚਰਨ-ਛੁਹ ਪ੍ਰਾਪਤ ਹੈ।[230]

---

[230] ਗਿ. ਭਜਨ ਸਿੰਘ, *ਸਾਡੇ ਇਤਿਹਾਸਕ ਗੁਰਧਾਮ,* ਪੰਨੇ 99-100.

ਗੁਰਦੁਆਰਾ ਸਾਹਿਬ ਵਿਚ ਬੋਰਡ ਉਤੇ ਲਿਖੇ ਇਤਿਹਾਸ ਅਨੁਸਾਰ ਗੁਰੂ ਗੋਬਿੰਦ ਸਿੰਘ ਦੇ ਇਸ ਅਸਥਾਨ ਉਤੇ ਆਉਣ ਸੰਬੰਧੀ ਇੰਞ ਲਿਖਿਆ ਹੈ ਕਿ ਗੁਰੂ ਜੀ ਲੋਹਗੜ੍ਹ ਨਾਮਕ ਅਸਥਾਨ ਉਤੇ ਪਹੁੰਚੇ ਅਤੇ ਉਥੋਂ ਨੰਗੇ ਪੈਰ ਚੱਲ ਕੇ ਸੰਗਤਾਂ ਸਮੇਤ ਇਥੇ ਪਹੁੰਚੇ। ਫ਼ਕੀਰ ਜੀ ਨੂੰ ਮਿਲੇ ਅਤੇ ਇੱਛਾ ਬਾਰੇ ਪੁਛਿਆ। ਪੀਰ ਜੀ ਨੇ ਗੁਰੂ ਜੀ ਪਾਸੋਂ ਮੁਕਤੀ ਦੀ ਮੰਗ ਕੀਤੀ। ਗੁਰੂ ਜੀ ਨੇ ਉਹਨਾਂ ਨੂੰ ਹੋਰ 40 ਦਿਨ ਬੰਦਗੀ ਕਰਨ ਦਾ ਆਦੇਸ਼ ਕੀਤਾ। ਫਿਰ ਗੁਰੂ ਜੀ ਨੇ ਉਸ ਅਸਥਾਨ ਬਾਰੇ ਪੁਛਿਆ ਜਿਥੇ ਗੁਰੂ ਤੇਗ ਬਹਾਦਰ ਜੀ ਦਾ ਸੀਸ ਰੱਖਿਆ ਸੀ, ਉਸ ਸਥਾਨ ਦਾ ਸ਼ਰਧਾ ਸਹਿਤ ਪੂਜਣ ਕੀਤਾ।[231] ਇਸ ਬੋਰਡ ਤੋਂ ਇਥੇ ਬਾਬਾ ਬੰਦਾ ਸਿੰਘ ਬਹਾਦਰ ਦੇ ਆਉਣ ਬਾਰੇ ਵੀ ਪਤਾ ਚਲਦਾ ਹੈ ਕਿ ਇਸ ਅਸਥਾਨ ਤੋਂ ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਦੇ ਸੂਬੇਦਾਰ ਨੂੰ ਉਸ ਦੁਆਰਾ ਕੀਤੇ ਜ਼ੁਲਮਾਂ ਦਾ ਬਦਲਾ ਲੈਣ ਬਾਰੇ ਚਿੱਠੀ ਲਿਖ ਕੇ ਸਾਵਧਾਨ ਕੀਤਾ ਸੀ।

ਇਸ ਇਤਿਹਾਸਕ ਅਸਥਾਨ ਤੇ ਕਾਫ਼ੀ ਸਮਾਂ ਨੌਵੇਂ ਅਤੇ ਦਸਵੇਂ ਗੁਰੂ ਸਾਹਿਬਾਨ ਦੀ ਯਾਦਗਾਰ ਵਜੋਂ ਇਕ ਥੜਾ ਹੀ ਸੁਸ਼ੋਭਿਤ ਰਿਹਾ। ਬਾਅਦ ਵਿਚ ਮਹਾਰਾਜਾ ਕਰਮ ਸਿੰਘ ਪਟਿਆਲਾ (1798-1845) ਨੇ ਆਪਣੇ ਰਾਜ-ਕਾਲ ਦੌਰਾਨ ਗੁਰਦੁਆਰਾ ਸਾਹਿਬ ਦੀ ਇਮਾਰਤ ਤਿਆਰ ਕਰਵਾਈ। 1956 ਈ: ਵਿਚ ਇਮਾਰਤ ਵਿਚ ਕੁਝ ਹੋਰ ਵਾਧੇ ਕੀਤੇ ਗਏ।[232]

ਮੌਜੂਦਾ ਸਮੇਂ ਵਾਲੀ ਆਲੀਸ਼ਾਨ ਇਮਾਰਤ 1994 ਈ. ਵਿਚ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਤਿਆਰ ਕਰਵਾਈ ਗਈ।

ਗੁਰਦੁਆਰਾ ਸਾਹਿਬ ਵਿਚ ਭਾਈ ਜੈਤਾ ਜੀ ਦੇ ਨਾਂ ਤੇ ਲੰਗਰ ਹਾਲ ਅਤੇ ਇਕ ਵੱਡਾ ਦੀਵਾਨ ਹਾਲ ਬਣਿਆ ਹੋਇਆ ਹੈ। ਸੰਗਤਾਂ ਦੇ ਵਿਸ਼ਰਾਮ ਕਰਨ ਲਈ 18 ਕਮਰਿਆਂ ਅਤੇ ਦੋ ਹਾਲ ਕਮਰਿਆਂ ਵਾਲਾ ਯਾਤਰੂ ਨਿਵਾਸ ਬਣਿਆ ਹੋਇਆ ਹੈ। ਗੁਰਦੁਆਰਾ ਸਾਹਿਬ ਦੀ ਜਮੀਨ ਵਿਚ ਹੀ ਇਕ ਕਾਲਜ ਬਣਿਆ ਹੋਇਆ ਹੈ, ਜਿਹੜਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਅਤੇ ਪੰਜਾਬੀ ਯੂਨੀਵਰਸਿਟੀ ਤੋਂ ਮਾਨਤਾ ਪ੍ਰਾਪਤ ਹੈ।

---

[231] ਗੁਰਦੁਆਰਾ ਨਾਭਾ ਸਾਹਿਬ ਵਿਖੇ ਲੱਗੇ ਬੋਰਡ ਉਤੇ ਲਿਖੇ ਅਨੁਸਾਰ।

[232] ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼,* (ਭਾਗ ਦੂਜਾ), ਪੰਨਾ 1040.

ਇਸ ਗੁਰਦੁਆਰੇ ਦਾ ਪ੍ਰਬੰਧ ਪਹਿਲਾਂ ਪਿੰਡ ਨਾਭਾ ਦੀ ਸੰਗਤ ਦੇ ਸਹਿਯੋਗ ਨਾਲ ਸਥਾਨਕ ਕਮੇਟੀ ਕਰਦੀ ਸੀ ਅਤੇ 1997 ਈ. ਤੋਂ ਇਸ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਪਾਸ ਲੈ ਲਿਆ। ਇਸ ਅਸਥਾਨ 'ਤੇ ਪਹਿਲੀ, ਪੰਜਵੀਂ, ਨੌਵੀਂ ਤੇ ਦਸਵੀਂ ਪਾਤਸ਼ਾਹੀ ਦੇ ਪ੍ਰਕਾਸ਼ ਗੁਰਪੁਰਬ ਵਿਸ਼ੇਸ਼ ਰੂਪ ਵਿਚ ਮਨਾਏ ਜਾਂਦੇ ਹਨ। ਇਸਦੇ ਨਾਲ ਹੀ ਸੰਗਰਾਂਦ ਨੂੰ ਧਾਰਮਿਕ ਦੀਵਾਨ ਸਜਾਏ ਜਾਂਦੇ ਹਨ ਅਤੇ ਸਾਲਾਨਾ ਸਮਾਗਮ ਅੱਸੂ ਮਹੀਨੇ ਵਿਚ ਕੀਤਾ ਜਾਂਦਾ ਹੈ।

## ਬਨੂੜ

ਬਨੂੜ ਨਾਂ ਦਾ ਨਗਰ ਰਾਜਪੁਰਾ-ਜੀਰਕਪੁਰ ਮਾਰਗ ਉਤੇ ਜੀਰਕਪੁਰ ਤੋਂ ਲਗਪਗ 16 ਕਿਲੋਮੀਟਰ ਦੂਰ ਸਥਿਤ ਹੈ। ਸੁਖਦਿਆਲ ਸਿੰਘ ਬਨੂੜ ਬਾਰੇ ਲਿਖਦੇ ਹਨ ਕਿ ਇਹ ਪਿੰਡ ਇਕ ਥੇਹ ਉਪਰ ਵਸਿਆ ਹੋਇਆ ਹੈ। ਸੜਕ ਵਾਲੇ ਪਾਸੇ ਥੇਹ ਵਿਚੋਂ ਨੰਗੀਆਂ ਹੋਈਆਂ ਛੋਟੀਆਂ ਇੱਟਾਂ ਦੀਆਂ ਦੀਵਾਰਾਂ ਦੀਆਂ ਨਿਸ਼ਾਨੀਆਂ ਪਰਤੱਖ ਰੂਪ ਵਿਚ ਦਿਸਦੀਆਂ ਹਨ। ਇਹ ਨਿਸ਼ਾਨੀਆਂ ਦੱਸਦੀਆਂ ਹਨ ਕਿ ਇਥੇ ਪਹਿਲਾਂ ਸੁੰਦਰ ਹਵੇਲੀਆਂ ਵਾਲਾ ਅਤੇ ਇਕ ਮਜਬੂਤ ਕਿਲ੍ਹੇ ਵਾਲਾ ਸ਼ਹਿਰ ਸੀ।[233]

### ਗੁਰਦੁਆਰਾ ਅਕਾਲਗੜ੍ਹ ਸਾਹਿਬ

ਇਹ ਗੁਰਦੁਆਰਾ ਸਾਹਿਬ ਬਾਬਾ ਬੰਦਾ ਸਿੰਘ ਬਹਾਦਰ ਦੀ ਯਾਦ ਵਿਚ ਬਣਿਆ ਹੋਇਆ ਹੈ। ਸੁਖਦਿਆਲ ਸਿੰਘ ਅਨੁਸਾਰ ਬਾਬਾ ਬੰਦਾ ਸਿੰਘ ਬਹਾਦਰ ਨੇ ਬਨੂੜ ਉਪਰ ਹਮਲਾ ਕੀਤਾ। ਇਕੱਲੇ ਬਨੂੜ ਦੇ ਫੌਜਦਾਰ ਨੇ ਕੀ ਮੁਕਾਬਲਾ ਕਰਨਾ ਸੀ। ਦੇਖਦਿਆਂ ਹੀ ਦੇਖਦਿਆਂ ਬਨੂੜ ਦੀਆਂ ਹਵੇਲੀਆਂ ਅਤੇ ਗੜ੍ਹੀਆਂ ਨੂੰ ਤੋਪਾਂ ਨਾਲ ਉਡਾ ਦਿੱਤਾ। ਖਾਲਸੇ ਸਾਹਮਣੇ ਰਾਜ ਕਰਨ ਦੀ ਇਛਾ ਤਾਂ ਹੈ ਹੀ ਨਹੀਂ ਸੀ। ਇਕੋ-ਇਕ ਨਿਸ਼ਾਨਾ ਸਿਰਫ ਸਰਹਿੰਦ ਦੇ ਰਾਜ ਨੂੰ ਅਤੇ ਇਸ ਦੀਆਂ ਸਰਕਾਰੀ ਇਮਾਰਤਾਂ ਨੂੰ ਤਬਾਹ ਕਰਨ ਦਾ ਸੀ। ਕਿਲ੍ਹਾ ਵੀ ਢਾਹ ਦਿੱਤਾ ਗਿਆ ਅਤੇ ਹਵੇਲੀਆਂ ਵੀ ਮਿੱਟੀ ਵਿਚ ਮਿਲਾ ਦਿੱਤੀਆਂ ਗਈਆਂ ਸਨ।...ਬਾਬਾ ਬੰਦਾ ਸਿੰਘ ਬਹਾਦਰ ਦੇ ਬਨੂੜ ਉਪਰ ਹਮਲਾ ਕਰਨ ਦੇ ਬਾਵਜੂਦ ਵੀ ਵਜ਼ੀਰ ਖਾਨ ਨਗਰ ਦੀ ਰੱਖਿਆ ਲਈ ਨਹੀਂ ਆਇਆ ਸੀ। ਸਰਹਿੰਦ ਅਤੇ ਬਨੂੜ ਦੀ ਸਥਿਤੀ ਨੂੰ ਦੇਖਦਿਆਂ ਵਜੀਰ ਖਾਨ ਲਈ ਇਹ ਜਰੂਰੀ ਸੀ

---

233 ਸੁਖਦਿਆਲ ਸਿੰਘ, *ਬੰਦਾ ਸਿੰਘ ਬਹਾਦਰ : ਇਤਿਹਾਸਕ ਅਧਿਐਨ,* ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010, ਪੰਨਾ 93.

ਕਿ ਉਹ ਅੱਗੋਂ ਆ ਕੇ ਬਨੂੜ ਦੀ ਰੱਖਿਆ ਕਰਦਾ, ਪਰ ਇਹ ਨਹੀਂ ਹੋਇਆ।[234]

ਸਰਹਿੰਦ ਫਤਿਹ ਕਰਨ ਪਿੱਛੋਂ ਸਿੱਖ ਮਿਸਲਾਂ ਦੇ ਯੁੱਗ ਸਮੇਂ ਪਹਿਲੀ ਵਾਰ ਇਥੇ ਯਾਦਗਾਰ ਸਥਾਪਿਤ ਕੀਤੀ ਗਈ। ਮਹਾਰਾਜਾ ਆਲਾ ਸਿੰਘ ਨੇ ਪਹਿਲੀ ਵਾਰ ਥੇ ਗੁਰਦੁਆਰਾ ਬਣਾਇਆ ਤੇ ਇਸ ਦੇ ਨਾਲ ਕੁਝ ਜਾਗੀਰ ਲਾਈ। 19ਵੀਂ ਤੇ 20ਵੀਂ ਸਦੀ ਵਿਚ ਇਸ ਇਤਿਹਾਸਕ ਅਸਥਾਨ ਦੀ ਸੇਵਾ ਦੇ ਕੁਝ ਯਤਨ ਹੋਏ। 20ਵੀਂ ਸਦੀ ਵਿਚ ਚੰਡੀਗੜ੍ਹ ਦੀ ਨਵ-ਉਸਾਰੀ ਸਮੇਂ ਇਸ ਗੁਰਧਾਮ ਦੀ ਉਸਾਰੀ ਵੱਲ ਧਿਆਨ ਦਿਤਾ ਗਿਆ ਸੀ।[235] ਇਥੇ ਹੁਣ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ, ਜਿਸਦੀ ਸੇਵਾ ਕਾਰ ਸੇਵਾ ਦਿੱਲੀ ਵਾਲਿਆਂ ਨੇ ਸੰਗਤ ਦੇ ਸਹਿਯੋਗ ਨਾਲ ਕਰਵਾਈ ਅਤੇ ਇਸਦੀ ਵਿਵਸਥਾ ਸਥਾਨਕ ਸੰਗਤ ਕਰ ਰਹੀ ਹੈ।

## ਚੱਪੜ ਚਿੜੀ

ਪਿੰਡ ਚੱਪੜ ਚਿੜੀ, ਜ਼ਿਲ੍ਹਾ ਐਸ. ਏ. ਐਸ ਨਗਰ (ਮੋਹਾਲੀ) ਵਿਚ ਖਰੜ-ਬਨੂੜ ਸੜਕ ਉਤੇ ਖਰੜ ਤੋਂ ਲਗਪਗ 6 ਕਿਲੋਮੀਟਰ ਦੂਰ ਸਥਿਤ ਹੈ। ਬਜੁਰਗਾਂ ਦੇ ਦੱਸਣ ਅਨੁਸਾਰ ਇਥੇ ਇਕ ਛੱਪੜ ਅਤੇ ਇਕ ਦਰੱਖਤਾਂ ਦੀ ਸੰਘਣੀ ਝਿੜੀ ਹੁੰਦੀ ਸੀ। ਇਸੇ ਲਈ ਇਸਨੂੰ ਪਹਿਲਾਂ 'ਛੱਪੜ ਝਿੜੀ' ਅਤੇ ਫਿਰ ਬਾਅਦ ਵਿਚ 'ਚੱਪੜ ਚਿੜੀ' ਕਿਹਾ ਜਾਣ ਲੱਗਾ। ਹੁਣ ਚੱਪੜ-ਚਿੜੀ ਨਾਂ ਦੇ ਦੋ ਪਿੰਡ ਚੱਪੜ ਚਿੜੀ ਕਲਾਂ ਅਤੇ ਚੱਪੜ ਚਿੜੀ ਖੁਰਦ ਵਸੇ ਹੋਏ ਹਨ।

### ਗੁਰਦੁਆਰਾ ਸਾਹਿਬ ਬਾਬਾ ਬੰਦਾ ਸਿੰਘ ਬਹਾਦਰ

ਇਹ ਅਸਥਾਨ ਬਾਬਾ ਬੰਦਾ ਸਿੰਘ ਬਹਾਦਰ ਦੀ ਯਾਦ ਵਿਚ ਬਣਿਆ ਹੋਇਆ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਜ਼ਾਲਮ ਹਾਕਮਾਂ ਨੂੰ ਸੋਧਣ ਲਈ ਨਾਂਦੇੜ ਦੀ ਧਰਤੀ ਤੋਂ ਪੰਜਾਬ ਵੱਲ ਭੇਜਿਆ। ਇਥੇ ਆ ਕੇ ਬਾਬਾ ਬੰਦਾ ਸਿੰਘ ਬਹਾਦਰ ਕਈ ਇਲਾਕੇ ਫ਼ਤਿਹ ਕਰਨ ਤੋਂ ਬਾਅਦ ਬਨੂੜ ਤੋਂ ਸਰਹਿੰਦ ਵੱਲ ਨੂੰ ਵਧੇ। ਉਹਨਾਂ ਦੀ ਮਦਦ ਕਰਨ ਲਈ ਮਾਝੇ ਅਤੇ ਦੁਆਬੇ ਦੇ ਸਿੰਘ ਵੀ ਬਨੂੜ ਵੱਲ ਆ ਰਹੇ ਸਨ। ਸੂਬਾ ਸਰਹਿੰਦ ਵਜੀਰ ਖਾਂ ਨੇ ਸੋਚਿਆ ਕਿ ਉਹਨਾਂ ਸਿੱਖਾਂ ਨੂੰ ਬਾਬਾ ਬੰਦਾ ਸਿੰਘ ਬਹਾਦਰ ਨਾਲ ਮਿਲਣ ਤੋਂ ਰੋਕਣ ਲਈ ਉਹਨਾਂ ਦਾ ਰਸਤਾ ਰੋਕਣਾ ਚਾਹੀਦਾ ਹੈ। ਇਸ ਲਈ ਉਹ ਵੀ ਚੱਪੜ ਚਿੜੀ ਦੇ

---

[234] ਸੁਖਦਿਆਲ ਸਿੰਘ, *ਬੰਦਾ ਸਿੰਘ ਬਹਾਦਰ : ਇਤਿਹਾਸਕ ਅਧਿਐਨ,* ਪੰਨਾ 93.

[235] ਗਿ. ਭਜਨ ਸਿੰਘ, *ਸਾਡੇ ਇਤਿਹਾਸਕ ਗੁਰਧਾਮ,* ਪੰਨਾ 99.

ਮੈਦਾਨ ਵੱਲ ਵਧਿਆ। ਵਜ਼ੀਰ ਖ਼ਾਨ ਨੇ ਆਪਣੀ ਮਦਦ ਕਰਨ ਲਈ ਦਿੱਲੀ ਅਤੇ ਲਾਹੌਰ ਤੋਂ ਹੋਰ ਸੈਨਾ ਅਤੇ ਹਥਿਆਰ ਮੰਗਵਾ ਲਏ। ਜਿਹਾਦ ਦੇ ਨਾਂ ਤੇ ਆਪਣੇ ਸੱਜਣਾਂ-ਮਿੱਤਰਾਂ ਅਤੇ ਗਾਜ਼ੀਆਂ ਨੂੰ ਬੁਲਾ ਲਿਆ। ਉਸ ਦੀ ਫ਼ੌਜ ਦੀ ਗਿਣਤੀ ਵੀ ਬਹੁਤ ਸੀ।[236]

ਰਤਨ ਸਿੰਘ ਭੰਗੂ ਅਨੁਸਾਰ ਬਾਬਾ ਬੰਦਾ ਸਿੰਘ ਨੇ ਵੀ ਜੰਗ ਦੀ ਤਿਆਰੀ ਕਰ ਲਈ। ਉਹਨਾਂ ਨੇ ਸਾਰੀ ਸਿੱਖ ਫ਼ੌਜ ਨੂੰ ਚਾਰ ਹਿੱਸਿਆਂ ਵਿਚ ਵੰਡ ਦਿਤਾ। ਫ਼ੌਜ ਦੀਆਂ ਚਾਰਾਂ ਟੁਕੜੀਆਂ ਦੀ ਕਮਾਂਡ ਫ਼ਤਹਿ ਸਿੰਘ, ਕਰਮ ਸਿੰਘ, ਧਰਮ ਸਿੰਘ ਅਤੇ ਆਲੀ ਸਿੰਘ ਨੂੰ ਸੌਂਪ ਦਿੱਤੀ ਗਈ। ਬਾਬਾ ਬੰਦਾ ਸਿੰਘ ਨੇ ਸਾਰੀ ਹਾਲਤ ਤੇ ਨਿਗਾਹ ਰਖਣ ਲਈ, ਆਪ ਇਕ ਟਿੱਬੇ ’ਤੇ ਮੋਰਚਾ ਲਾ ਲਿਆ। ਵਜ਼ੀਰ ਖ਼ਾਨ ਨੇ ਟਿੱਬੇ ’ਤੇ ਗੋਲੇ ਚਲਵਾਏ, ਪਰ ਉਹ ਬਾਬਾ ਬੰਦਾ ਸਿੰਘ ਬਹਾਦਰ ਨੂੰ ਮਾਰ ਨਾ ਸਕੇ :

*ਉੱਚੀ ਰੋੜੀ ਦੇਖਿਕੇ, ਬੰਦਾ ਬੈਠਯੋ ਜਾਇ।*

*ਬਜੀਰੈ ਗੋਲਨਦਾਜ ਸੱਦਿ, ਆਖਯੋ ‘ਦੇਹੁ ਉਡਾਇ’॥24॥*

*ਚੁਪ ਕਰ ਬੰਦਾ ਬਹਿ ਰਹਯੋ, ਪਰਯੋ ਲੜਾਈ ਗਾਢ।*

*ਗੋਲੀ ਗੋਲੈ ਬਹੁ ਪਵੈਂ, ਬੰਦਾ ਭਯੋ ਨ ਠਾਢ॥25॥* [237]

ਇਥੇ ਦੋਵਾਂ ਧਿਰਾਂ ਵਿਚ ਬਹੁਤ ਜ਼ਬਰਦਸਤ ਲੜਾਈ ਹੋਈ ਜਿਸ ਵਿਚ ਸਿੱਖ ਘੋੜਸਵਾਰਾਂ ਨੇ ਅੱਗੇ ਵਧ ਕੇ ਸਰਹਿੰਦੀ ਫ਼ੌਜ ’ਤੇ ਹਮਲਾ ਕਰ ਦਿੱਤਾ ਜਿਸ ਨਾਲ ਉਸ ਦੇ ਪੈਰ ਉਖੜ ਗਏ। ‘ਜਿਹਾਦ’ ਦੇ ਨਾਂ ’ਤੇ ਇਕੱਠੇ ਕੀਤੇ ਪਠਾਣ ਤੇ ਮੁਗਲ ਵੀ, ਜੰਗ ਦੇ ਤੌਰ-ਤਰੀਕਿਆਂ ਤੋਂ ਅਣਜਾਣ ਹੋਣ ਕਰ ਕੇ, ਬਹੁਤੀ ਦੇਰ ਲੜਾਈ ਨਾ ਕਰ ਸਕੇ। ਉਹਨਾਂ ਵਿਚੋਂ ਬਹੁਤੇ ਮਾਰੇ ਗਏ ਜਾਂ ਮੈਦਾਨ ਛੱਡ ਕੇ ਭੱਜ ਗਏ। ਫਿਰ ਬਾਬਾ ਬੰਦਾ ਸਿੰਘ ਬਹਾਦਰ ਖੁਦ ਵੀ ਮੈਦਾਨੇ-ਜੰਗ ਵਿਚ ਆ ਗਏ, ਉਹਨਾਂ ਨੂੰ ਵੇਖਕੇ ਸਿੱਖਾਂ ਦੇ ਹੌਸਲੇ ਦੂਣੇ-ਚੌਣੇ ਹੋ ਗਏ ਤੇ ਉਹ ਨਵੇਂ ਜੋਸ਼ ਨਾਲ ਸਰਹਿੰਦੀ ਫ਼ੌਜਾਂ ’ਤੇ ਟੁੱਟ ਪਏ। ਇਸ ਨਾਲ ਸਰਹੰਦ ਦੀਆਂ ਫ਼ੌਜਾਂ ਨੇ ਪਿੱਛੇ ਹਟਣਾ ਸ਼ੁਰੂ ਕਰ ਦਿੱਤਾ। ਇਹ ਵੇਖ ਕੇ ਵਜ਼ੀਰ ਖ਼ਾਨ ਆਪ ਵੀ ਅੱਗੇ ਵਧ ਕੇ ਆਪਣੀਆਂ

---

[236] ਸੁਖਦਿਆਲ ਸਿੰਘ, *ਬੰਦਾ ਸਿੰਘ ਬਹਾਦਰ : ਇਤਿਹਾਸਕ ਅਧਿਐਨ,* ਪੰਨੇ 113-115.

[237] ਰਤਨ ਸਿੰਘ ਭੰਗੂ, *ਪ੍ਰਾਚੀਨ ਪੰਥ ਪ੍ਰਕਾਸ਼,* ਭਾਈ ਵੀਰ ਸਿੰਘ (ਸੰਪਾ.), ਪੰਨਾ 97.

ਫ਼ੌਜਾਂ ਨੂੰ ਹੱਲਾਸ਼ੇਰੀ ਦੇਣ ਲਗ ਪਿਆ। ਭਾਈ ਫ਼ਤਿਹ ਸਿੰਘ ਨੇ ਵਜ਼ੀਰ ਖ਼ਾਨ ਉਤੇ ਤਲਵਾਰ ਦਾ ਵਾਰ ਕਰਕੇ ਉਸਨੂੰ ਚੀਰ ਸੁਟਿਆ। ਇਸ ਲੜ੍ਹਾਈ ਵਿਚ ਸਿੱਖਾਂ ਦੀ ਜਿੱਤ ਹੋਈ। ਅੱਜ-ਕੱਲ ਚੱਪੜ-ਚਿੜੀ ਵਿਖੇ ਗੁਰੂ ਨਾਨਕ ਫਾਊਂਡੇਸ਼ਨ ਪਬਲਿਕ ਸਕੂਲ ਦੀ ਹੱਦ ਅੰਦਰ ਇਕ ਜੰਡ ਦਾ ਦਰੱਖਤ ਲੱਗਿਆ ਹੋਇਆ ਹੈ। ਜਿਸ ਸੰਬੰਧੀ ਆਖਿਆ ਜਾਂਦਾ ਹੈ ਕਿ ਇਹ ਉਸ ਜੰਡ ਦੇ ਦਰੱਖਤ ਦੀ ਜੜ੍ਹ ਵਿਚੋਂ ਉਗਿਆ ਹੋਇਆ ਹੈ, ਜਿਸ ਨਾਲ ਬਾਬਾ ਬੰਦਾ ਸਿੰਘ ਬਹਾਦਰ ਨੇ ਵਜ਼ੀਰ ਖ਼ਾਨ ਦੀ ਲਾਸ਼ ਨੂੰ ਪੁੱਠਾ ਟੰਗ ਕੇ ਰੱਖਿਆ ਸੀ। ਫਿਰ ਜਦੋਂ ਖ਼ਾਲਸਾ ਦਲ ਸਰਹਿੰਦ ਵੱਲ ਰਵਾਨਾ ਹੋਇਆ ਸੀ ਤਾਂ ਵਜ਼ੀਰ ਖ਼ਾਨ ਦੀ ਮੁਰਦਾ ਲਾਸ਼ ਨੂੰ ਇਥੋਂ ਲਾਹ ਕੇ ਘੋੜੇ ਦੇ ਪਿੱਛੇ ਜਾਂ ਬਲਦਾਂ ਦੇ ਪਿੱਛੇ ਰੱਸਿਆਂ ਨਾਲ ਬੰਨ੍ਹ ਕੇ ਸਰਹਿੰਦ ਤੀਕ ਘੜੀਸ ਕੇ ਲਿਆਂਦਾ ਗਿਆ ਸੀ।[238] ਰਤਨ ਸਿੰਘ ਭੰਗੂ ਨੇ ਇਸ ਦਾ ਜਿਕਰ ਇੰਞ ਕੀਤਾ ਹੈ :

*ਬੰਦੇ ਵਹੜਨ ਸਾਥ ਘਿਸੜਾਯਾ, ਫੇਰ ਅਗਨ ਮੈ ਉਸੈ ਸੜਾਯਾ॥33॥* [239]

ਭਾਈ ਰਤਨ ਸਿੰਘ ਭੰਗੂ ਨੇ ਲਿਖਿਆ ਹੈ ਕਿ ਚਪੜ ਚਿੜੀ ਦੀ ਲੜਾਈ ਵਿਚ ਵਜੀਰ ਖਾਂ ਜੇਠ ਸੁਦੀ, 1767 ਵਿਚ ਮਾਰਿਆ ਗਿਆ ਸੀ :

*ਇਤੀ ਬਜੀਰਾ ਮਾਰਿਓ ਜੇਠ ਸੁਦੀ ਕੇ ਮਾਹਿ।*

*ਸੱਤ੍ਰਾ ਸੈਅ ਸਤਾਸਠੇ ਚਪੜ ਚਿੜੀ ਕੇ ਪਾਹਿ।।34।।* [240]

ਇਸ ਉਪਰੰਤ ਸਿੱਖ ਫੌਜਾਂ ਨੇ 14 ਮਈ, 1710 ਈਸਵੀ ਨੂੰ ਸਰਹਿੰਦ ਉੱਤੇ ਕਬਜ਼ਾ ਕਰ ਲਿਆ । ਸੰਨ 1950 ਈਸਵੀ ਤਕ ਇਸ ਇਤਿਹਾਸਿਕ ਘਟਨਾ ਦੀ ਯਾਦ ਵਿਚ ਇੱਥੇ ਕੋਈ ਗੁਰਦੁਆਰਾ ਨਹੀਂ ਬਣਿਆ ਸੀ । ਇਸ ਪਿੱਛੋਂ ਦੋਵਾਂ ਪਿੰਡਾਂ ਨੇ ਮਿਲ ਕੇ ਗੁਰਦੁਆਰਾ ਬਣਾ ਲਿਆ। 1970 ਵਿਚ, ਨਵਾਂ ਹਾਲ ਬਣਾਇਆ ਗਿਆ ਜਿਸ ਵਿਚ ਹੁਣ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ ।[241]

ਸਰਹੰਦ ਫ਼ਤਿਹ ਦਿਵਸ ਦਾ 300 ਸਾਲਾਂ ਮਨਾਉਣ ਸਮੇਂ ਪੰਜਾਬ ਸਰਕਾਰ ਨੇ ਇਥੇ ਬਾਬਾ ਬੰਦਾ ਸਿੰਘ ਬਹਾਦਰ ਦੀ ਯਾਦਗਾਰ ਕਾਇਮ ਕਰਨ ਦਾ ਨਿਰਣਾ ਲਿਆ ਅਤੇ 328 ਫੁੱਟ ਉਚੇ ਫ਼ਤਿਹ ਬੁਰਜ ਦੀ

---

[238] ਸੁਖਦਿਆਲ ਸਿੰਘ, *ਬੰਦਾ ਸਿੰਘ ਬਹਾਦਰ : ਇਤਿਹਾਸਕ ਅਧਿਐਨ,* ਪੰਨੇ 121-122.

[239] ਰਤਨ ਸਿੰਘ ਭੰਗੂ, *ਪ੍ਰਾਚੀਨ ਪੰਥ ਪ੍ਰਕਾਸ਼,* ਭਾਈ ਵੀਰ ਸਿੰਘ (ਸੰਪਾ.), ਪੰਨਾ 97.

[240] ਉਹੀ, ਪੰਨਾ 97.

[241] ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼,* (ਭਾਗ ਪਹਿਲਾ), ਪੰਨਾ 732.

ਉਸਾਰੀ ਕਰਵਾਈ। ਪੰਜਾਬ ਸਰਕਾਰ ਨੇ ਖਰੜ ਤੋਂ ਬਨੂੜ ਜਾਣ ਵਾਲੀ ਸੜਕ ਦਾ ਨਾਂ ਵੀ 'ਬਾਬਾ ਬੰਦਾ ਸਿੰਘ ਬਹਾਦਰ ਮਾਰਗ' ਰੱਖਿਆ।

ਇਸ ਅਸਥਾਨ ਦਾ ਪ੍ਰਬੰਧ ਪਹਿਲਾਂ ਤਾਂ ਪਿੰਡ ਦੀ ਸਥਾਨਕ ਕਮੇਟੀ ਹੀ ਕਰਦੀ ਸੀ ਪਰ 2015 ਈਸਵੀ ਤੋਂ ਬਾਅਦ ਇਸ ਕਮੇਟੀ ਵੱਲੋਂ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪ ਦਿੱਤਾ ਗਿਆ। ਇਸ ਅਸਥਾਨ ਦੀ ਸੇਵਾ ਬਾਬਾ ਹਰਬੰਸ ਸਿੰਘ ਦਿੱਲੀ ਵਾਲਿਆਂ ਦੀ ਜਥੇਬੰਦੀ ਸੰਨ 2002 ਈਸਵੀ ਤੋਂ ਸੰਗਤ ਦੇ ਸਹਿਯੋਗ ਨਾਲ ਕਰਵਾ ਰਹੀ ਹੈ। ਇਥੇ ਸੰਗਰਾਂਦ ਦਾ ਦਿਹਾੜਾ ਮਨਾਇਆ ਜਾਂਦਾ ਹੈ ਅਤੇ ਸਾਲਾਨਾ ਸਮਾਗਮ ਬਾਬਾ ਬੰਦਾ ਸਿੰਘ ਬਹਾਦਰ ਦੇ ਜਨਮ ਦਿਹਾੜੇ ਨੂੰ ਮਨਾਇਆ ਜਾਂਦਾ ਹੈ।

## ਖਿਜ਼ਰਾਬਾਦ

'ਖਿਜ਼ਰਾਬਾਦ' ਨਾਂ ਦਾ ਇਹ ਪਿੰਡ, ਕੁਰਾਲੀ-ਸੀਸਵਾਂ ਮਾਰਗ ਉਤੇ ਪੈਂਦੇ ਮਾਜਰੀ ਪਿੰਡ ਤੋਂ ਉਤਰ ਵੱਲ ਲਗਪਗ ਇਕ ਕਿਲੋਮੀਟਰ ਦੂਰੀ 'ਤੇ ਸਥਿਤ ਹੈ। ਇਥੇ ਦੋ ਗੁਰਦੁਆਰਾ ਸਾਹਿਬਾਨ ਬਣੇ ਹੋਏ ਹਨ; ਪਹਿਲਾ ਗੁਰਦੁਆਰਾ, ਗੁਰੂ ਗੋਬਿੰਦ ਸਿੰਘ ਜੀ ਦੀ ਆਮਦ ਦੀ ਯਾਦ ਵਿਚ ਬਣਿਆ ਹੋਇਆ ਹੈ ਅਤੇ ਦੂਜਾ ਪਾਲਿਤ ਪੁੱਤਰ ਬਾਬਾ ਜੋਰਾਵਰ ਸਿੰਘ ਦੀ ਯਾਦ ਵਿਚ ਬਣਿਆ ਹੋਇਆ ਹੈ, ਜਿਹਨਾਂ ਦਾ ਵੇਰਵਾ ਨਿਮਨ ਅਨੁਸਾਰ ਹੈ :

### ਗੁਰਦੁਆਰਾ ਦਮਦਮਾ ਸਾਹਿਬ

'ਗੁਰਦੁਆਰਾ ਦਮਦਮਾ ਸਾਹਿਬ' ਨਾਂ ਦਾ ਇਹ ਧਾਰਮਿਕ ਅਸਥਾਨ ਗੁਰੂ ਗੋਬਿੰਦ ਸਿੰਘ ਦੀ ਆਮਦ ਦੀ ਯਾਦ ਵਿਚ ਬਣਿਆ ਹੋਇਆ ਹੈ। ਇਥੇ ਗੁਰੂ ਜੀ ਪਾਉਂਟਾ ਸਾਹਿਬ ਤੋਂ ਵਾਪਿਸ ਅਨੰਦਪੁਰ ਸਾਹਿਬ ਨੂੰ ਆਉਂਦੇ ਹੋਏ ਠਹਿਰੇ ਸਨ।

ਗਿਆਨੀ ਠਾਕਰ ਸਿੰਘ ਅਨੁਸਾਰ, "ਸਤਿਗੁਰੂ ਜੀ ਰਾਣੀ ਦੇ ਰਾਇਪੁਰੋਂ ਅਨੰਦਪੁਰ ਜੀ ਨੂੰ ਜਾਂਦੇ ਹੋਏ ਏਥੇ ਆਏ ਤੇ ਇਕ ਰਾਤ ਰਹੇ।"[242]

ਮੇਜਰ ਗੁਰਮੁਖ ਸਿੰਘ ਨੇ ਇਸ ਅਸਥਾਨ ਸੰਬੰਧੀ ਜਾਣਕਾਰੀ ਇੰਞ ਲਿਖੀ ਹੈ, "*Gurdwara*

[242] ਗਿਆਨੀ ਠਾਕਰ ਸਿੰਘ, *ਸ੍ਰੀ ਗੁਰਦੁਆਰੇ ਦਰਸ਼ਨ,* ਪੰਨਾ 208.

*Damdama Sahib* is dedicated to Guru Gobind Singh who arrived here from Mani Majra during his journey back from Paota Sahib, The Gurdwara has been established only during recent decades near an old *pipal* tree under which the Guru is belived to have stayed, A new buildind was raised during the 1970s."[243]

ਇਸ ਗੁਰਦੁਆਰੇ ਵਿਚ ਲੱਗੇ ਇਤਿਹਾਸ ਦੇ ਬੋਰਡ ਦੀ ਲਿਖਤ ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਭੰਗਾਣੀ ਦੇ ਯੁੱਧ ਨੂੰ ਜਾਂਦੇ ਹੋਏ ਅਤੇ ਭੰਗਾਣੀ ਦਾ ਯੁੱਧ ਜਿੱਤ ਕੇ ਰਾਣੀ ਦੇ ਰਾਏਪੁਰ ਹੁੰਦੇ ਹੋਏ ਵਾਪਿਸ ਸ੍ਰੀ ਅਨੰਦਪੁਰ ਜਾਂਦੇ ਹੋਏ ਇਥੇ ਰੁਕ ਕੇ ਵਿਸ਼ਰਾਮ ਕੀਤਾ। ਗੁਰੂ ਜੀ ਨੇ ਇਸ ਥਾਂ ਪਿੱਪਲ ਦੇ ਦਰੱਖਤ ਥੱਲੇ ਆਪਣਾ ਘੋੜਾ ਬੰਨ ਕੇ ਅਤੇ ਕਮਰਕਸਾ ਖੋਲ ਕੇ ਵਿਸ਼ਰਾਮ ਕੀਤਾ। ਇਸ ਥਾਂ 'ਤੇ ਹੁਣ ਗੁਰਦੁਆਰਾ ਦਮਦਮਾ ਸਾਹਿਬ ਬਣਿਆ ਹੋਇਆ ਹੈ। ਇਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਗਤਾਂ ਨੂੰ ਪ੍ਰਵਚਨ ਸੁਣਾ ਕੇ ਨਿਹਾਲ ਕੀਤਾ।[244]

ਇਥੇ ਗੁਰੂ ਜੀ ਦੇ ਠਹਿਰਨ ਦੀ ਯਾਦਗਾਰ ਵਜੋਂ ਇਕ ਪੁਰਾਤਨ ਪਿੱਪਲ ਦਾ ਦਰਖ਼ਤ ਅੱਜ ਵੀ ਮੌਜੂਦ ਹੈ। ਗੁਰਦੁਆਰਾ ਸਾਹਿਬ ਦੀ ਸੁੰਦਰ ਇਮਾਰਤ ਦੀ ਉਸਾਰੀ ਬਾਬਾ ਲੱਖਾ ਸਿੰਘ ਅੰਮ੍ਰਿਤਸਰ ਸਾਹਿਬ ਵਾਲਿਆਂ ਵੱਲੋਂ ਕਰਵਾਈ ਗਈ ਹੈ। ਇਸ ਗੁਰਦੁਆਰੇ ਦੀ ਵਿਵਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ।

**ਗੁਰਦੁਆਰਾ ਸਾਹਿਬਜ਼ਾਦਾ ਜ਼ੋਰਾਵਰ ਸਿੰਘ (ਪਾਲਿਤ ਪੁੱਤਰ)**

ਖਿਜ਼ਰਾਬਾਦ ਵਿਖੇ ਹੀ ਇਕ ਹੋਰ ਪਵਿੱਤਰ ਅਸਥਾਨ (ਗੁਰੂ ਗੋਬਿੰਦ ਸਿੰਘ ਜੀ ਦੇ ਪਾਲਿਤ ਪੁੱਤਰ) ਬਾਬਾ ਜ਼ੋਰਾਵਰ ਸਿੰਘ (ਇਹ ਗੁਰੂ ਜੀ ਦੇ ਤੀਜੇ ਸਪੁੱਤਰ, ਸਾਹਿਬਜ਼ਾਦਾ ਜ਼ੋਰਾਵਰ ਸਿੰਘ ਨਹੀਂ ਹਨ) ਦੀ ਯਾਦ ਵਿਚ ਬਣਿਆ ਹੋਇਆ ਹੈ। ਇਹ ਜ਼ੋਰਾਵਰ ਸਿੰਘ ਬੱਸੀ ਪਠਾਣਾਂ ਦੇ ਇਕ ਤਰਖ਼ਾਣ ਭਾਈ ਨੱਥੂ ਦਾ ਪੁੱਤਰ ਸੀ। ਉਸ ਦੀ ਮਾਂ ਦਸਮ ਪਾਤਸ਼ਾਹ ਦੇ ਮਹਿਲ, ਮਾਤਾ ਜੀਤੋ ਜੀ, ਦੀ ਘਰੇਲੂ ਸੇਵਾਦਾਰਨੀ ਸੀ। ਇਸ ਕਰਕੇ ਉਸ ਦਾ ਪਾਲਣ-ਪੋਸ਼ਣ ਗੁਰੂ ਗੋਬਿੰਦ ਸਿੰਘ ਜੀ ਦੇ ਘਰ ਹੋਇਆ ਅਤੇ ਇਸ ਨੇ ਗੁਰੂ ਜੀ ਤੋਂ ਬਹੁਤ

243 Major Gurmukh Singh, *Historical Sikh Shrines,* Page 160.

244 ਗੁਰਦੁਆਰਾ ਦਮਦਮਾ ਸਾਹਿਬ, ਖਿਜ਼ਰਾਬਾਦ ਵਿਖੇ ਲੱਗੇ ਬੋਰਡ ਉਤੇ ਲਿਖੇ ਇਤਿਹਾਸ ਅਨੁਸਾਰ।

ਸਨੇਹ ਪ੍ਰਾਪਤ ਕੀਤਾ ਸੀ। *ਗੁਰੂ ਕੀਆਂ ਸਾਖੀਆਂ* ਅਨੁਸਾਰ ਉਹ ਚਮਕੌਰ ਦੇ ਯੁੱਧ ਵਿਚ ਜ਼ਖ਼ਮੀ ਹੋ ਗਿਆ ਸੀ ਪਰ ਜ਼ਖ਼ਮੀ ਹਾਲਤ ਵਿਚ ਪਹਿਲਾਂ ਕੋਟਲਾ ਨਿਹੰਗ ਖ਼ਾਨ ਵੱਲ ਬਚ ਨਿਕਲਿਆ ਅਤੇ ਫਿਰ ਖ਼ਿਜ਼ਰਾਬਾਦ ਆ ਗਿਆ। ਫਿਰ ਉਹ ਰਾਜਸਥਾਨ ਵਿਚ ਗੁਰੂ ਗੋਬਿੰਦ ਸਿੰਘ ਜੀ ਨਾਲ ਜਾ ਮਿਲਿਆ ਅਤੇ 6 ਵੈਸਾਖ 1765 ਬਿਕਰਮੀ/ 3 ਅਪ੍ਰੈਲ 1708 ਈ. ਨੂੰ ਚਿਤੌੜਗੜ੍ਹ ਵਿਖੇ ਹੋਈ ਮੁੱਠਭੇੜ ਵਿਚ ਸ਼ਹੀਦੀ ਪ੍ਰਾਪਤ ਕਰ ਗਿਆ ਸੀ।[245]

ਪ੍ਰਚਲਿਤ ਰਵਾਇਤ ਅਨੁਸਾਰ ਬਾਬਾ ਜੋਰਾਵਰ ਸਿੰਘ ਨੇ ਪਿੰਡ ਖ਼ਿਜ਼ਰਾਬਾਦ ਤੋਂ ਹੀ ਆਪਣੇ ਸੇਵਕ ਗੁਰੂ ਗੋਬਿੰਦ ਸਿੰਘ ਦੀ ਭਾਲ ਵਿਚ ਭੇਜੇ ਹੋਏ ਸਨ ਤਾਂ ਕਿ ਗੁਰੂ ਜੀ ਨੂੰ ਮਿਲਿਆ ਜਾ ਸਕੇ। ਜਦੋਂ ਉਹਨਾਂ ਨੂੰ ਗੁਰੂ ਜੀ ਦੇ ਤਲਵੰਡੀ ਸਾਬੋ ਵਿਖੇ ਹੋਣ ਦੀ ਖਬਰ ਪ੍ਰਾਪਤ ਹੋਈ ਤਾਂ ਉਹ ਇਥੋਂ ਹੀ ਤਲਵੰਡੀ ਸਾਬੋ ਗਏ ਸਨ।[246]

ਹੁਣ ਖ਼ਿਜ਼ਰਾਬਾਦ ਵਿਖੇ ਡੇਰਾ ਬਾਬਾ ਜ਼ੋਰਾਵਰ ਸਿੰਘ ਨਾਂ ਦਾ ਸੁੰਦਰ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ। ਇਸਦੇ ਪਿਛਲੇ ਪਾਸੇ ਇਕ ਪੁਰਾਤਨ ਛੋਟੀ ਇਮਾਰਤ ਵੀ ਬਣੀ ਹੋਈ ਹੈ, ਜਿਸਦੀ ਛੱਤ ਅਤੇ ਕੰਧਾਂ ਉੱਤੇ ਫੁੱਲਾਂ ਵਾਲੇ ਡਿਜ਼ਾਈਨ ਦੇ ਚਿੱਤਰ ਬਣਾਏ ਗਏ ਹਨ ਅਤੇ ਕੰਧ-ਚਿੱਤਰ ਹਿੰਦੂ ਮਿਥਿਹਾਸ ਨੂੰ ਦਰਸਾਉਂਦੇ ਹਨ। ਪਵਿੱਤਰ ਅਸਥਾਨ ਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ ਹੈ। 21-23 ਮਾਰਚ ਨੂੰ ਇੱਥੇ ਸਲਾਨਾ ਸਮਾਗਮ ਹੁੰਦਾ ਹੈ।

ਮੌਜੂਦਾ ਸਮੇਂ ਵਿਚ ਇਸ ਅਸਥਾਨ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਸਥਾਨਕ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ। ਇਸ ਅਸਥਾਨ ਦੀ ਸੇਵਾ ਵੀ ਇਹੀ ਕਮੇਟੀ ਕਰਵਾ ਰਹੀ ਹੈ।

---

245 ਸ੍ਵਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ,* ਪਿਆਰਾ ਸਿੰਘ ਪਦਮ (ਸੰਪਾ.), ਪੰਨੇ 156 ਤੇ 194.

246 ਦਲਜੀਤ ਸਿੰਘ (ਮੁੱਖ ਸੰਪਾ,), ਪੰਜਾਬ ਹਿਸਟਰੀ ਕਾਨਫਰੰਸ (ਪ੍ਰੋਸੀਡਿੰਗ), ਅਮਨ ਸਿੰਘ, *ਪਾਲਿਤ ਪੁੱਤਰ ਬਾਬਾ ਜੋਰਾਵਰ ਸਿੰਘ: ਇਤਿਹਾਸਕ ਅਧਿਐਨ,* ਪੰਜਾਬ ਇਤਿਹਾਸ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 15-17 ਮਾਰਚ, 2019, ਪੰਨਾ 501.

## ਕੁਰਾਲੀ

ਇਹ ਸ਼ਹਿਰ, ਰੂਪਨਗਰ-ਚੰਡੀਗੜ੍ਹ ਮਾਰਗ ਉਤੇ ਰੂਪਨਗਰ ਤੋਂ ਲਗਪਗ 20 ਕਿਲੋਮੀਟਰ ਦੂਰੀ ’ਤੇ ਸਥਿਤ ਹੈ।

### ਗੁਰਦੁਆਰਾ ਹਰਿਗੋਬਿੰਦਗੜ੍ਹ ਸਾਹਿਬ, ਪਾਤਸ਼ਾਹੀ ਛੇਵੀਂ

ਇਹ ਗੁਰਦੁਆਰਾ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਨਾਲ ਸੰਬੰਧਿਤ ਹੈ। *ਗੁਰਦੁਆਰਾ ਕੋਸ਼* ਅਨੁਸਾਰ, “ਇਸ ਪਿੰਡ ਵਿਚ ਗੁਰੂ ਹਰਿਗੋਬਿੰਦ ਸਾਹਿਬ ਕੁਰੂਕੁਸ਼ੇਤਰ ਤੋਂ ਕੀਰਤਪੁਰ ਜਾਣ ਸਮੇਂ ਸੰਮਤ 1638 ਵਿਚ ਕੁਝ ਦੇਰ ਠਹਿਰੇ ਸਨ। ਇਥੇ ‘ਗੁਰਦੁਆਰਾ ਹਰਿਗੋਬਿੰਦਗੜ੍ਹ ਸਾਹਿਬ’ ਗੁਰੂ ਸਾਹਿਬ ਦੀ ਯਾਦ ਵਿਚ ਬਣਿਆ ਹੋਇਆ ਹੈ।” [247]

ਗੁਰਦੁਆਰਾ ਸਾਹਿਬ ਵਿਚ ਲੱਗੇ ਬੋਰਡ ਅਨੁਸਾਰ ਪਹਿਲਾਂ ਇਥੇ ਇਕ ਮੰਜੀ ਸਾਹਿਬ ਅਤੇ ਸਾਧਾਰਨ ਕਮਰਾ ਬਣਿਆ ਹੋਇਆ ਹੈ। ਮੌਜੂਦਾ ਸਮੇਂ ਇਥੇ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਦੀ ਉਸਾਰੀ ਦੀ ਸੇਵਾ ‘ਪ੍ਰਬੰਧਕ ਕਮੇਟੀ ਗੁਰਦੁਆਰਾ ਹਰਿਗੋਬਿੰਦ ਸਾਹਿਬ’ ਕਰਵਾ ਰਹੀ ਹੈ। ਇਸ ਗੁਰਦੁਆਰਾ ਸਾਹਿਬ ਦੀ ਬੇਸਮੈਂਟ ਵਿਚ ਲੰਗਰ ਹਾਲ ਦੀ ਉਸਾਰੀ ਕੀਤੀ ਜਾ ਰਹੀ ਹੈ। ਇਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਇਕ ਵੱਡ-ਆਕਾਰੀ ਹਾਲ ਵਿਚ ਕੀਤਾ ਹੋਇਆ ਹੈ। ਪ੍ਰਚਲਿਤ ਮਾਨਤਾ ਅਨੁਸਾਰ ਇਹ ਅਸਥਾਨ ਗੁਰੂ ਤੇਗ ਬਹਾਦਰ ਜੀ ਦੀ ਵੀ ਚਰਨਛੋਹ ਪ੍ਰਾਪਤ ਹੈ।[248] ਇਸ ਅਸਥਾਨ ਦਾ ਪ੍ਰਬੰਧ ਸਥਾਨਕ ਕਮੇਟੀ ਦੁਆਰਾ ਹੀ ਕੀਤਾ ਜਾਂਦਾ ਹੈ।

## ਪਡਿਆਲਾ

ਜ਼ਿਲ੍ਹਾ ਐਸ. ਏ. ਐਸ. ਨਗਰ (ਮੋਹਾਲੀ) ਦਾ ਪਿੰਡ ਪਡਿਆਲਾ, ਕੁਰਾਲੀ-ਖਰੜ ਮਾਰਗ ਉਤੇ ਕੁਰਾਲੀ ਸ਼ਹਿਰ ਤੋਂ ਤਕਰੀਬਨ 4 ਕਿਲੋਮੀਟਰ ਦੂਰ ਹੈ।

### ਗੁਰਦੁਆਰਾ ਸ੍ਰੀ ਝੰਡਾ ਸਾਹਿਬ ਪਾਤਸ਼ਾਹੀ ਛੇਂਵੀਂ ਅਤੇ ਨੌਵੀਂ

ਇਸ ਅਸਥਾਨ ਤੇ ਦੋ ਗੁਰੂ ਸਾਹਿਬਾਨ, ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਜੀ ਅਤੇ ਨੌਵੇਂ ਪਾਤਸ਼ਾਹ

---

[247] ਜਸਬੀਰ ਸਿੰਘ ਸਰਨਾ, ਦਿਲਜੀਤ ਸਿੰਘ ਬੇਦੀ, *ਗੁਰਦੁਆਰਾ ਕੋਸ਼,* ਪੰਨਾ 126.

[248] ਗੁਰਦੁਆਰਾ ਹਰਿਗੋਬਿੰਦਗੜ੍ਹ ਸਾਹਿਬ, ਕੁਰਾਲੀ ਵਿਚ ਲੱਗੇ ਬੋਰਡ ਅਨੁਸਾਰ।

ਗੁਰੂ ਤੇਗ ਬਹਾਦਰ ਜੀ ਦੇ ਚਰਨ ਪਏ ਹੋਏ ਹਨ। ਇਸ ਅਸਥਾਨ ਉਤੇ ਗੁਰੂ ਹਰਿਗੋਬਿੰਦ ਸਾਹਿਬ ਕੁਰੂਕੁਸ਼ੇਤਰ ਤੋਂ ਵਾਪਿਸ ਆਉਂਦੇ ਹੋਏ ਠਹਿਰੇ ਸਨ।

ਰੋਪੜ੍ਹ ਦੇ ਮੁਗਲ, ਪਠਾਣ, ਜੋ ਕਿ ਗੁਰੂ ਜੀ ਨਾਲ ਈਰਖਾ ਰੱਖਦੇ ਸਨ। ਉਹਨਾਂ ਨੇ ਖਰੜ ਸ਼ਹਿਰ ਦੇ ਪਿੰਡਾਂ ਨੇੜੇ ਗੁਰੂ ਹਰਿਗੋਬਿੰਦ ਜੀ ਉਤੇ ਹਮਲਾ ਕਰਨ ਦੀ ਯੋਜਨਾ ਬਣਾਈ। ਗੁਰੂ ਹਰਿਗੋਬਿੰਦ ਜੀ ਦੇ ਸਿੱਖ, ਜੋ ਕਿ ਪਿੰਡ ਨੰਗਲ ਸਿੰਘਾਂ ਦੇ ਵਸਨੀਕ ਸਨ, ਨੇ ਮੁਗਲਾਂ, ਪਠਾਣਾਂ ਉਤੇ ਪਹਿਲਾਂ ਹੀ ਹਮਲਾ ਕਰ ਦਿੱਤਾ। ਪਡਿਆਲਾ ਪਿੰਡ ਦੇ ਮੌਜੂਦਾ ਗੁਰਦੁਆਰੇ ਵਾਲੇ ਅਸਥਾਨ ’ਤੇ ਇਹ ਲੜਾਈ ਹੋਈ ਸੀ। ਸਿੱਖ ਬਹੁਤ ਬਹਾਦਰੀ ਨਾਲ ਲੜੇ ਅਤੇ ਗੁਰੂ ਹਰਿਗੋਬਿੰਦ ਜੀ ਦੇ ਸੁਰੱਖਿਅਤ ਜਾਣ ਲਈ ਰਸਤਾ ਪੱਧਰਾ ਕਰ ਦਿੱਤਾ। ਜਦੋਂ ਗੁਰੂ ਜੀ ਇਥੇ ਪਹੁੰਚੇ ਤਾਂ ਸ਼ਹੀਦ ਹੋਏ ਸਿੱਖਾਂ ਨੂੰ ਬਖਸ਼ਿਸ਼ਾਂ ਦੇ ਕੇ ਜਨਮ-ਮਰਨ ਦੇ ਚੱਕਰ ਤੋਂ ਮੁਕਤ ਕੀਤਾ। ਸ਼ਹੀਦ ਹੋਏ ਸਿੱਖਾਂ ਦੇ ਸਸਕਾਰ ਕਰਨ ਉਪਰੰਤ ਗੁਰੂ ਹਰਿਗੋਬਿੰਦ ਜੀ ਇਥੋਂ ਬ੍ਰਾਹਮਣਮਾਜਰਾ ਨੂੰ ਗਏ। ਗੁਰੂ ਤੇਗ ਬਹਾਦਰ ਜੀ ਇਥੇ 1665 ਵਿਚ ਉਸ ਸਮੇਂ ਆਏ, ਜਦੋਂ ਉਹ ਕੀਰਤਪੁਰ ਤੋਂ ਦਿੱਲੀ ਨੂੰ ਜਾ ਰਹੇ ਸਨ। ਗੁਰੂ ਜੀ ਦੇ ਨਾਲ ਉਹਨਾਂ ਦੇ ਸਤਿਕਾਰਯੋਗ ਮਾਤਾ ਨਾਨਕੀ ਜੀ, ਮਹਿਲ ਮਾਤਾ ਗੁਜਰੀ ਜੀ ਅਤੇ ਹੋਰ ਸਿੱਖ ਵੀ ਸਨ।[249]

## ਤਿਊੜ

ਜ਼ਿਲ੍ਹਾ ਐਸ. ਏ. ਐਸ. ਨਗਰ (ਮੋਹਾਲੀ) ਵਿਚ ਖਰੜ ਤਹਿਸੀਲ ਦਾ ਇਹ ਪਿੰਡ ਖਰੜ-ਕੁਰਾਲੀ ਸੜਕ ਤੋਂ ਪੂਰਬ ਵੱਲ, ਖਰੜ ਤੋਂ ਲਗਭਗ 7 ਕਿ. ਮੀ. ਦੂਰ ਹੈ।

**ਗੁਰਦੁਆਰਾ ਭੰਡਾਰਾ ਸਾਹਿਬ**

ਇਸ ਪਿੰਡ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਆਮਦ ਨਾਲ ਸੰਬੰਧਿਤ ‘ਗੁਰਦੁਆਰਾ ਭੰਡਾਰਾ ਸਾਹਿਬ’ ਬਣਿਆ ਹੋਇਆ ਹੈ। *ਪੰਜਾਬੀ ਕੋਸ਼ ਅਨੁਸਾਰ* ਗੁਰੂ ਗੋਬਿੰਦ ਸਿੰਘ ਜੀ ਪਾਉਂਟਾ ਸਾਹਿਬ ਨੂੰ ਜਾਂਦੇ ਇਸ ਪਿੰਡ ਵਿਚ ਠਹਿਰੇ ਸਨ। ਇਥੇ ਗੁਰੂ ਜੀ ਨੇ ਇਕ ਦਾਨੀ ਬਜ਼ੁਰਗ, ਜਿਸ ਨੇ ਭੰਡਾਰਾ ਕੀਤਾ ਸੀ, ਨੂੰ ਸੰਜੋਅ ਦੀ ਬਖ਼ਸ਼ਿਸ਼ ਕੀਤੀ ਸੀ। ਇਥੇ ਇਕ ਬੋਹੜ ਦਾ ਰੁੱਖ ਵੀ ਮੌਜੂਦ ਹੈ, ਜਿਸ ਨਾਲ ਦਸਵੇਂ ਪਾਤਸ਼ਾਹ ਨੇ ਆਪਣੇ ਘੋੜੇ ਬੰਨ੍ਹੇ ਸਨ। ਸਿੰਘ ਸਭ ਲਹਿਰ ਦੇ ਮੋਢੀ ਗਿਆਨੀ ਦਿੱਤ ਸਿੰਘ ਨੇ ਵੀ ਇਸ ਪਿੰਡ ਵਿਚ ਹੀ

---

[249] www.discoversikhism.com/sikh_gurdwaras.

ਉਦਾਸੀ ਸੰਤ ਬਾਬਾ ਕੌਲਦਾਸ ਕੋਲੋਂ ਦਸ ਸਾਲ ਵਿਦਿਆ ਪ੍ਰਾਪਤ ਕੀਤੀ।[250] ਇਸ ਗੁਰਦੁਆਰੇ ਦੀ ਉਸਾਰੀ ਦੀ ਸੇਵਾ ਅਤੇ ਮੌਜੂਦਾ ਸਮੇਂ ਪ੍ਰਬੰਧ ਸਥਾਨਕ ਕਮੇਟੀ ਕਰ ਰਹੀ ਹੈ।

## ਤਸਿੰਬਲੀ

ਤਸਿੰਬਲੀ, ਜ਼ਿਲ੍ਹਾ ਐਸ. ਏ. ਐਸ. ਨਗਰ (ਮੋਹਾਲੀ) ਦਾ ਇਕ ਪੁਰਾਣਾ ਪਿੰਡ ਹੈ, ਜੋ ਕਿ ਅੰਬਾਲਾ ਸ਼ਹਿਰ ਤੋਂ ਉਤਰ-ਪੂਰਬ ਤੋਂ ਲਗਭਗ 13 ਕਿਲੋਮੀਟਰ ਦੀ ਵਿਥ ਉਤੇ ਸਥਿਤ ਹੈ। ਇਸ ਨੂੰ ਹਮਾਯੂੰਪੁਰ ਤਸਿੰਬਲੀ ਵੀ ਕਿਹਾ ਜਾਂਦਾ ਹੈ।

### ਗੁਰਦੁਆਰਾ ਸਾਹਿਬ, ਪਾਤਿਸ਼ਾਹੀ ਨੌਵੀਂ

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਇਸ ਪਿੰਡ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ ਇਕ ਗੁਰਦੁਆਰਾ ਬਣਿਆ ਹੋਇਆ ਹੈ। ਗੁਰੂ ਜੀ ਲਖਨੌਰ ਤੋਂ ਸ਼ਿਕਾਰ ਕਰਨ ਲਈ ਆਏ, ਇਥੇ ਵਿਰਾਜੇ ਸਨ।[251]

ਗੁਰਦੁਆਰਾ ਸਾਹਿਬ ਦੇ ਬੋਰਡ ਅਨੁਸਾਰ ਇਸ ਨਗਰ ਵਿਚ ਸਤਿਗੁਰੂ ਤੇਗ ਬਹਾਦਰ ਜੀ ਮਹਾਰਾਜ ਨੇ ਜਦੋਂ ਬੰਗਾਲ ਦੇ ਰਾਜੇ ਬਿਸ਼ਨ ਦਾਸ ਤੇ ਆਸਾਮ ਦੇ ਰਾਜੇ ਰਾਮ ਪ੍ਰਕਾਸ਼ (ਰਾਮ ਸਿੰਘ) ਦੀ ਸੁਲਹ ਕਰਵਾਕੇ ਅਨੰਦਪੁਰ ਸਾਹਿਬ ਵਲ ਆਉਂਦੇ ਹੋਏ ਆਪਣੇ ਸੇਵਕ ਪਿੰਡ ਹਮਾਯੂੰਪੁਰ ਤਸਿੰਬਲੀ ਦੇ ਸੰਤ ਸਿਵਚਰਨ ਦਾਸ ਦੀ ਮਨੋ ਬੇਨਤੀ ਮੰਨ ਕੇ ਇਥੇ ਚਰਨ ਪਾਏ ਅਤੇ ਆਪਣੇ ਸੇਵਕ ਕੋਲ ਰਾਤ ਠਹਿਰੇ। ਸੰਤ ਸਿਵਚਰਨ ਦਾਸ ਅਤੇ ਨਗਰ ਨਿਵਾਸੀਆਂ ਨੇ ਮਿਲਕੇ ਗੁਰੂ ਜੀ ਅਤੇ ਉਹਨਾਂ ਦੇ ਸੇਵਕਾਂ ਦੀ ਬਹੁਤ ਸੇਵਾ ਕੀਤੀ। ਸਤਿਗੁਰਾਂ ਨੇ ਸੇਵਾ ਤੋਂ ਖੁਸ਼ ਹੋ ਕੇ ਸੰਤ ਸਿਵਚਰਨ ਦਾਸ ਨੂੰ ਚੁਰਾਸੀ ਦੇ ਗੇੜ ਤੋਂ ਮੁਕਤ ਕੀਤਾ ਅਤੇ ਨਗਰ ਵਧਣ-ਫੁਲਣ ਦਾ ਵਰ ਦਿਤਾ। ਇਸ ਤੋਂ ਬਾਅਦ ਪਿੰਡ ਲਖਨੌਰ ਤੋਂ ਆਉਂਦੇ ਹੋਏ ਗੁਰੂ ਗੋਬਿੰਦ ਸਿੰਘ ਜੀ ਵੀ ਨਗਰ ਵਿਚ ਆਏ ਅਤੇ ਸੰਤ ਸਿਵਚਰਨ ਦਾਸ ਨੂੰ ਦਰਸ਼ਨ ਦਿੱਤੇ ਅਤੇ ਰਾਤ ਉਹਨਾਂ ਕੋਲ ਠਹਿਰੇ।[252]

---

[250] ਰਛਪਾਲ ਸਿੰਘ ਗਿੱਲ (ਮੁੱਖ ਸੰਪਾ.), *ਪੰਜਾਬ ਕੋਸ਼* (ਜਿਲਦ ਦੂਜੀ), ਭਾਸ਼ਾ ਵਿਭਾਗ, ਪੰਜਾਬ, 2004, ਪੰਨਾ 73.

[251] ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਾਰ ਮਹਾਨ ਕੋਸ਼, ਪੰਨਾ 569.

[252] ਗੁਰਦੁਆਰਾ ਸਾਹਿਬ ਪਾਤਿਸ਼ਾਹੀ ਨੌਵੀਂ, ਤਸਿੰਬਲੀ ਦੇ ਬੋਰਡ ਦੀ ਲਿਖਤ ਅਨੁਸਾਰ।

ਰਤਨ ਸਿੰਘ ਜੱਗੀ ਅਨੁਸਾਰ ਗੁਰੂ ਤੇਗ ਬਹਾਦਰ ਜੀ ਦੀ ਆਮਦ ਦੀ ਯਾਦ ਵਿਚ ਇਕ ਥੜਾ ਉਸਾਰਿਆ ਗਿਆ ਸੀ। ਗੁਰੂ ਗੋਬਿੰਦ ਸਿੰਘ ਜੀ ਦੀ ਆਮਦ ਤੋਂ ਬਾਅਦ ਇਥੇ ਮੰਜੀ ਸਾਹਿਬ ਬਣਾਇਆ ਗਿਆ, ਪਰ ਸੰਨ 1952 ਈ. ਵਿਚ ਨਵੀਂ ਇਮਾਰਤ ਸਿਰਜੀ ਗਈ ਜੋ ਹੁਣ 'ਗੁਰਦੁਆਰਾ ਸਾਹਿਬ ਪਾਤਿਸ਼ਾਹੀ ਨੌਵੀਂ' ਦੇ ਨਾਂ ਨਾਲ ਪ੍ਰਸਿੱਧ ਹੈ।[253] ਇਸ ਅਸਥਾਨ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਥਾਨਕ ਸੰਗਤ ਦੇ ਸਹਿਯੋਗ ਨਾਲ ਕਰਦੀ ਹੈ।

## ਢਕੌਲੀ (ਨੇੜੇ ਜ਼ੀਰਕਪੁਰ)

ਢਕੌਲੀ ਨਾਮ ਦਾ ਕਸਬਾ, ਜ਼ਿਲ੍ਹਾ ਐਸ. ਏ. ਐਸ. ਨਗਰ ਵਿਚ ਜੀਰਕਪੁਰ ਦੇ ਬਿਲਕੁਲ ਨਜਦੀਕ ਸਥਿਤ ਹੈ। ਇਹ ਪਿੰਡ ਜੀਰਕਪੁਰ-ਕਾਲਕਾ ਮਾਰਗ ਉਤੇ ਸਥਿਤ ਪਿੰਡ ਬਲਟਾਣਾ ਦੇ ਪੂਰਬ-ਦੱਖਣ ਪਾਸੇ ਵੱਲ ਸਥਿਤ ਹੈ।

### ਗੁਰਦੁਆਰਾ ਬਾਉਲੀ ਸਾਹਿਬ

ਇਥੇ ਗੁਰੂ ਗੋਬਿੰਦ ਸਿੰਘ ਜੀ ਦੇ ਆਉਣ ਦੀ ਯਾਦ ਨਾਲ ਸੰਬੰਧਿਤ 'ਗੁਰਦੁਆਰਾ ਬਾਉਲੀ ਸਾਹਿਬ' ਬਣਿਆ ਹੈ। ਇਥੇ ਗੁਰੂ ਗੋਬਿੰਦ ਸਿੰਘ ਜੀ ਨੇ ਜਮੀਨ ਵਿਚ ਨੇਜਾ ਮਾਰ ਕੇ ਬਾਉਲੀ ਪ੍ਰਗਟ ਕੀਤੀ ਸੀ।

ਇਸ ਅਸਥਾਨ ਦੇ ਇਤਿਹਾਸ ਬਾਰੇ *ਗੁਰੂ ਕੀਆਂ ਸਾਖੀਆਂ* ਵਿਚ ਇੰਞ ਵਰਣਨ ਕੀਤਾ ਗਿਆ ਹੈ, "...ਅਗਲੇ ਦਿਵਸ ਮੱਘਰ ਵਦੀ ਇਕਾਦਸੀ ਕੋ ਢਕੌਲੀ ਗਾਮ ਕੇ ਨਜ਼ਦੀਕ ਬਾਹਰ ਜੰਗਲ ਮੇਂ ਆਇ ਡੇਰਾ ਕੀਆ। ਗਾਉਂ ਕਾ ਚੌਧਰੀ ਈਸਰ ਦਾਸ ਸੰਗਤ ਕੋ ਗੈਲ ਲੈ ਦਰਸ਼ਨ ਪਾਨੇ ਆਇਆ। ਗੁਰੂ ਜੀ ਨੇ ਇਸੇ ਨਿਕਟ ਬਹਾਇ ਕੁਸ਼ਲਤਾ ਪੂਛੀ। ਚੌਧਰੀ ਨੇ ਹਾਥ ਬਾਂਧ ਨਿਮਰਤਾ ਸਹਿਤ ਪ੍ਰਾਰਥਨਾ ਕੀ, ਮਹਾਰਾਜ ! ਇਸ ਇਲਾਕੇ ਮੇਂ ਪਾਨੀ ਕੀ ਬੜੀ ਤ੍ਰੋਟ ਹੈ। ਆਪ ਅਸਾਂ ਤੇ ਮਿਹਰਵਾਨੀ ਕਰ ਕੇ ਨਿਵਾਜੀਏ। ਗੁਰੂ ਜੀ ਇਸ ਕੀ ਨਿਮਰਤਾ ਦੇਖ ਦਾਂਏ ਹਾਥ ਮੇਂ ਨੇਜਾ ਪਕੜ ਆਸਨ ਤੇ ਖਲੇ ਹੋਇ ਕੇ ਅਕਾਸ਼ ਕੀ ਤਰਫ ਦੇਖਾ। ਬਚਨ ਹੋਆ, ਭਾਈ ਸਿੱਖਾ! ਅਸੀਂ ਗੁਰੂ ਨਾਨਕ ਜੀ ਕੇ ਦਰ ਸੇ ਤੁਮੇਂ ਪਾਨੀ ਦਿਲਾ ਰਹੇ ਹਾਂ, ਇਹ ਕਹਿ ਕੇ ਜ਼ਿਮੀ ਮੇਂ ਨੇਜਾ ਮਾਰਾ। ਸਭ ਕੇ ਦੇਖਦਿਆਂ ਏਕ ਸੁੰਦਰ ਜਲ ਦੀ ਧਾਰਾ ਵਗ ਤੁਰੀ। ਸਤਿਗੁਰਾਂ ਕਹਾ, ਈਸ਼ਰ ਦਾਸ!

---

[253] ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼,* (ਭਾਗ ਦੂਜਾ), ਪੰਨਾ ੮੮੮.

ਯਹਾਂ ਬਾਉਲੀ ਲਗਾਏਂ, ਪਾਨੀ ਕੀ ਕਭੀ ਤ੍ਰੋਟ ਨਹੀਂ ਆਏਗੀ। ਚੌਧਰੀ ਈਸ਼ਰਦਾਸ ਬੇਨਤੀ ਕਰ ਕੇ ਸਤਿਗੁਰਾਂ ਕੋ ਨਗਰੀ ਮੇਂ ਲੈ ਆਇਆ। ਇਨ ਕਾ ਉਤਾਰਾ ਏਕ ਹਵੇਲੀ ਮੇਂ ਕੀਆ ਗਿਆ।"[254]

ਬਾਅਦ ਵਿਚ ਇਥੇ ਪੱਕੀ ਬਾਉਲੀ ਦੀ ਉਸਾਰੀ ਕਰਵਾਈ ਗਈ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਜੋਂ ਗੁਰਦੁਆਰਾ ਬਾਉਲੀ ਸਾਹਿਬ ਬਣਾਇਆ ਗਿਆ। ਇਸ ਗੁਰਦੁਆਰਾ ਸਾਹਿਬ ਦੀ ਉਸਾਰੀ ਦੀ ਸੇਵਾ ਬਾਬਾ ਜਗਤਾਰ ਸਿੰਘ ਤਰਨਤਾਰਨ ਸਾਹਿਬ ਵਾਲਿਆਂ ਵੱਲੋਂ 2001 ਤੋਂ ਸ਼ੁਰੂ ਕਰਵਾ ਕੇ 2005 ਤੱਕ ਮੁਕੰਮਲ ਕੀਤੀ। ਹੁਣ ਕੁਝ ਹੋਰ ਉਸਾਰੀ ਦੀ ਸੇਵਾ ਚੱਲ ਰਹੀ ਹੈ, ਜੋ ਕਿ ਬਾਬਾ ਜਗਤਾਰ ਸਿੰਘ ਦੁਆਰਾ ਹੀ ਕਰਵਾਈ ਜਾ ਰਹੀ ਹੈ। ਇਥੇ ਵੱਡਾ ਲੰਗਰ ਹਾਲ ਅਤੇ ਦੀਵਾਨ ਹਾਲ ਵੀ ਬਣਾਇਆ ਹੋਇਆ ਹੈ। ਇਸ ਗੁਰਦੁਆਰਾ ਸਾਹਿਬ ਦੇ ਅੰਦਰ ਡਿਸਪੈਂਸਰੀ ਅਤੇ ਲੈਬਾਰਟਰੀ ਵੀ ਚੱਲ ਰਹੀ ਹੈ। ਮੌਜੂਦਾ ਸਮੇਂ ਵਿਚ ਇਸ ਗੁਰਦੁਆਰੇ ਦਾ ਪ੍ਰਬੰਧ ਸਥਾਨਕ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਹੈ।

## ਸਾਰ

ਇਸ ਅਧਿਆਇ ਨੂੰ ਵਿਉਂਤਣ ਸਮੇਂ ਇਤਿਹਾਸਕ ਗੁਰਮੁਖੀ ਸ੍ਰੋਤਾਂ, ਕੋਸ਼ਾਂ ਅਤੇ ਪੁਸਤਕਾਂ ਆਦਿ ਤੋਂ ਸਹਾਇਤਾ ਲਈ ਗਈ ਹੈ ਤਾਂ ਕਿ ਅਧਿਐਨ ਸਮੇਂ ਖੋਜ ਦਾ ਕੋਈ ਵੀ ਪੱਖ ਅਧੂਰਾ ਨਾ ਰਹਿ ਜਾਵੇ। ਇਸਦੇ ਨਾਲ ਹੀ ਖੋਜ ਕਾਰਜ ਨੂੰ ਮਿਆਰੀ ਪੱਧਰ ਦਾ ਬਣਾਉਣ ਲਈ ਪੁਆਧ ਖੇਤਰ ਦੇ ਉਹਨਾਂ ਧਾਰਮਿਕ ਅਸਥਾਨਾਂ ਵਿਚ ਜਾ ਕੇ ਸਰਵੇਖਣ ਵੀ ਕੀਤਾ ਗਿਆ, ਜਿਹਨਾਂ ਉਪਰ ਵਿਸ਼ੇ ਨੂੰ ਕੇਂਦਰਿਤ ਕੀਤਾ ਗਿਆ ਹੈ। ਅਧਿਐਨ ਦੌਰਾਨ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਪੁਆਧ ਖੇਤਰ ਵਿਚ ਅਜਿਹੇ ਵੀ ਕਈ ਅਸਥਾਨ ਹਨ, ਜਿਹਨਾਂ ਸੰਬੰਧੀ ਜਾਣਕਾਰੀ ਪੂਰਬਲੇ ਕਾਰਜਾਂ ਵਿਚੋਂ ਪ੍ਰਾਪਤ ਨਹੀਂ ਹੁੰਦੀ। ਪਰ ਉਥੇ ਵਾਪਰੀ ਘਟਨਾ ਦੀ ਰਵਾਇਤੀ ਜਾਣਕਾਰੀ ਦੇ ਆਧਾਰ ਉਤੇ ਗੁਰਦੁਆਰੇ ਬਣੇ ਹੋਏ ਹਨ। ਅਸੀਂ ਰਵਾਇਤੀ ਸਮਗੱਰੀ ਨੂੰ ਵੀ ਇਸ ਅਧਿਆਇ ਵਿਚ ਦਰਜ ਕੀਤਾ ਹੈ। ਅਜੇ ਵੀ ਬਹੁਤ ਸਾਰੇ ਗੁਰਦੁਆਰਿਆਂ ਦੀ ਉਸਾਰੀ ਆਦਿ ਦੀਆਂ ਸੇਵਾਵਾਂ ਚੱਲ ਰਹੀਆਂ ਹਨ। ਪੁਆਧ ਖੇਤਰ ਵਿਚਲੇ ਸਿੱਖ ਧਾਰਮਿਕ ਅਸਥਾਨ ਸੰਗਤਾਂ ਨੂੰ ਸਿੱਖ ਇਤਿਹਾਸ ਦੇ ਬਹੁਤ ਵੱਡੇ ਭਾਗ ਦੀ ਸੂਝ ਪ੍ਰਦਾਨ ਕਰਦੇ ਹਨ।

---

[254] ਸਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ,* ਪਿਆਰਾ ਸਿੰਘ ਪਦਮ (ਸੰਪਾ.), ਪੰਨੇ 102-103.

**ਅਧਿਆਇ ਚੌਥਾ**

# ਪੁਆਧ ਖੇਤਰ ਦੇ ਸਿੱਖ ਧਾਰਮਿਕ ਅਸਥਾਨਾਂ ਦਾ ਯੋਗਦਾਨ ਅਤੇ ਵਰਤਮਾਨ ਪ੍ਰਸੰਗਿਕਤਾ

ਪਹਿਲੇ ਅਧਿਆਇਆਂ ਵਿਚ ਸਿੱਖ ਧਾਰਮਿਕ ਅਸਥਾਨ ਦਾ ਸਿਧਾਂਤਕ ਪਰਿਪੇਖ, ਇਤਿਹਾਸਕ ਪਿਛੋਕੜ ਅਤੇ ਸਰਵੇਖਣ ਆਦਿ ਦਾ ਅਧਿਐਨ ਕੀਤਾ ਗਿਆ ਹੈ। ਪੁਆਧ ਖੇਤਰ ਦੇ ਸਿੱਖ ਧਾਰਮਿਕ ਅਸਥਾਨਾਂ ਦਾ ਯੋਗਦਾਨ ਅਤੇ ਵਰਤਮਾਨ ਪ੍ਰਸੰਗਿਕਤਾ ਨੂੰ ਇਸ ਅਧਿਆਇ ਦਾ ਹਿੱਸਾ ਬਣਾਇਆ ਹੈ। ਇਹਨਾਂ ਧਾਰਮਿਕ ਅਸਥਾਨਾਂ ਦਾ ਯੋਗਦਾਨ ਬਹੁਪੱਖੀ ਹੈ, ਜਿਵੇਂ ਕਿ ਸਮਾਜਿਕ, ਵਿਦਿਅਕ ਅਤੇ ਵਿਰਾਸਤੀ ਆਦਿ। ਯੋਗਦਾਨ ਦੇ ਨਾਲ-ਨਾਲ ਇਹਨਾਂ ਧਾਰਮਿਕ ਅਸਥਾਨਾਂ ਦੀ ਵਰਤਮਾਨ ਪ੍ਰਸੰਗਿਕਤਾ ਨੂੰ ਵੀ ਵਿਚਾਰਨ ਦਾ ਯਤਨ ਕੀਤਾ ਜਾਵੇਗਾ। ਪੁਆਧ ਖੇਤਰ ਦੇ ਸਿੱਖ ਧਾਰਮਿਕ ਅਸਥਾਨਾਂ ਦੇ ਯੋਗਦਾਨ ਨੂੰ ਸਹੂਲਤ ਲਈ ਨਿਮਨ ਅਨੁਸਾਰ ਵੰਡ ਕੇ ਸਮਝਣ ਦਾ ਯਤਨ ਕਰਾਂਗੇ :

1. ਧਾਰਮਿਕ ਯੋਗਦਾਨ
2. ਸਮਾਜਿਕ ਯੋਗਦਾਨ
3. ਵਿਦਿਅਕ ਯੋਗਦਾਨ
4. ਵਿਰਾਸਤੀ ਯੋਗਦਾਨ

## 1. ਧਾਰਮਿਕ ਯੋਗਦਾਨ

ਪੁਆਧ ਖੇਤਰ ਉਤੇ ਪਹਿਲਾਂ-ਪਹਿਲ ਹਿੰਦੂ ਰਾਜਪੂਤ ਕਾਬਜ ਹੋਏ ਸਨ। ਇਸ ਖੇਤਰ ਦੇ ਨਗਰ ਰੋਪੜ, ਮੋਰਿੰਡਾ ਅਤੇ ਚਮਕੌਰ ਸਾਹਿਬ ਰਾਜਪੂਤਾਂ ਦੁਆਰਾ ਹੀ ਆਬਾਦ ਕੀਤੇ ਗਏ ਸਨ। ਜਦੋਂ ਮੱਧਕਾਲ ਵਿਚ ਪੰਜਾਬ ਉਤੇ ਮੁਸਲਮਾਨ ਹਮਲਾਵਰਾਂ ਦੇ ਹਮਲੇ ਹੋਣ ਲੱਗੇ ਤਾਂ ਇਸ ਇਲਾਕੇ ਉਤੇ ਪਠਾਣ ਕਾਬਜ ਹੋ ਗਏ। ਇਥੋਂ ਦਾ ਪ੍ਰਸਿੱਧ ਕਸਬਾ ਕੋਟਲਾ ਨਿਹੰਗ ਪਠਾਣਾਂ ਦੁਆਰਾ ਹੀ ਵਸਾਇਆ ਗਿਆ ਸੀ। ਬਹੁਤ ਸਾਰੇ

ਰਾਜਪੂਤਾਂ ਨੇ ਇਸਲਾਮ ਕਬੂਲ ਕਰ ਲਿਆ ਸੀ, ਜਿਹਨਾਂ ਨੂੰ ਰੰਘੜ ਕਿਹਾ ਜਾਂਦਾ ਸੀ।[1] ਇਸ ਖੇਤਰ ਵਿਚਲੇ ਮਲਿਕਪੁਰ, ਨੂਹ ਅਤੇ ਬਜਰੂੜ ਆਦਿ ਪਿੰਡ ਰੰਘੜਾਂ ਦੇ ਹੀ ਸਨ, ਇਹ ਕੱਟੜ ਬਿਰਤੀ ਦੇ ਲੋਕ ਸਨ, ਇਹਨਾਂ ਨੇ ਗੁਰੂ ਘਰ ਨਾਲ ਵੀ ਕਈ ਵਾਰ ਮੱਥਾ ਲਾਇਆ।

ਇਸ ਤਰ੍ਹਾਂ ਇਸ ਇਲਾਕੇ ਵਿਚ ਮੁਸਲਮਾਨ ਅਤੇ ਹਿੰਦੂ, ਦੋਵਾਂ ਧਰਮਾਂ ਦੇ ਲੋਕ ਵਸਦੇ ਸਨ। ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੁਆਧ ਖੇਤਰ ਵਿਚ ਆਪਣੇ ਚਰਨ ਪਾ ਕੇ ਸਿੱਖੀ ਦਾ ਬੀਜ ਬੀਜ ਦਿੱਤਾ ਸੀ।[2] ਪੁਆਧ ਇਲਾਕੇ ਦੇ ਨਗਰ ਕੀਰਤਪੁਰ ਵਿਚ ਗੁਰੂ ਨਾਨਕ ਦੇਵ ਜੀ ਦਾ ਪਹਿਲਾ ਸ਼ਰਧਾਲੂ ਬਾਬਾ ਬੁੱਢਣ ਸ਼ਾਹ ਜੀ ਨੂੰ ਮੰਨ ਸਕਦੇ ਹਾਂ। ਇਸ ਤੋਂ ਉਪਰੰਤ ਸਿੱਖ ਧਰਮ ਦੇ ਤੀਜੇ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਨੇ ਬਟਾਲੇ ਦੇ ਰਹਿਣ ਵਾਲੇ ਭਾਈ ਰੰਗਦਾਸ ਭੰਡਾਰੀ ਨੂੰ ਪੁਆਧ ਖੇਤਰ ਦੇ ਨਗਰ ਘੜੂੰਆਂ ਵਿਚ ਪ੍ਰਚਾਰਕ ਦੀ ਮੰਜੀ ਬਖਸ਼ੀ।[3] ਜਿਸ ਨਾਲ ਪੁਆਧ ਖੇਤਰ ਵਿਚ ਸਿੱਖੀ ਦਾ ਬੂਟਾ ਪੁੰਗਰਨ ਲੱਗਾ। ਫਿਰ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਨੇ ਪੁਆਧ ਖੇਤਰ ਵਿਚ ਕੀਰਤਪੁਰ ਨਗਰ ਵਸਾਇਆ, ਜਿਸ ਨਾਲ ਇਹ ਖੇਤਰ ਸਿੱਖੀ ਦਾ ਕੇਂਦਰ ਬਣ ਗਿਆ ਅਤੇ ਇਥੇ ਸਿੱਖ ਧਰਮ ਦਾ ਪਾਸਾਰ ਬਹੁਤ ਤੇਜੀ ਨਾਲ ਹੋਇਆ। ਸੱਤਵੇਂ ਪਾਤਸ਼ਾਹ ਗੁਰੂ ਹਰਿਰਾਇ ਜੀ ਅਤੇ ਅੱਠਵੇਂ ਪਾਤਸ਼ਾਹ ਗੁਰੂ ਹਰਿਕ੍ਰਿਸ਼ਨ ਜੀ ਨੇ ਆਪਣਾ ਨਿਵਾਸ ਕੀਰਤਪੁਰ ਵਿਚ ਹੀ ਕੀਤਾ ਅਤੇ ਇਸ ਇਲਾਕੇ ਦੇ ਕਈ ਪਿੰਡਾਂ ਵਿਚ ਆਪਣੇ ਚਰਨ ਪਾਏ, ਜਿਸ ਨਾਲ ਸਿੱਖੀ ਦਾ ਹੋਰ ਪ੍ਰਚਾਰ-ਪਾਸਾਰ ਹੋਇਆ। ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਨੇ ਪੁਆਧ ਖੇਤਰ ਵਿਚ ਅਨੰਦਪੁਰ ਵਸਾ ਕੇ ਸਿੱਖੀ ਦਾ ਇਕ ਨਵਾਂ ਕੇਂਦਰ ਸਥਾਪਿਤ ਕੀਤਾ, ਜਿਸ ਨਾਲ ਇਸ ਇਲਾਕੇ ਵਿਚ ਸਿੱਖ ਧਰਮ ਹੋਰ ਪ੍ਰਫੁਲਿਤ ਹੋਇਆ। ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਥੇ ਹੀ ਖ਼ਾਲਸੇ ਦੀ ਸਿਰਜਨਾ ਕੀਤੀ, ਜਿਸ ਨਾਲ ਇਸ ਖੇਤਰ ਵਿਚ ਨਵੀ ਕ੍ਰਾਂਤੀ ਆ ਗਈ। ਪਠਾਣਾਂ ਅਤੇ ਰੰਘੜਾਂ ਨੇ ਹਿੰਦੂ ਧਰਮ ਦੇ ਲੋਕਾਂ 'ਤੇ ਜ਼ੁਲਮ ਕਰਕੇ ਉਹਨਾਂ ਨੂੰ ਦੱਬ ਰੱਖਿਆ ਸੀ ਪਰ ਖਾਲਸੇ ਨੇ ਇਹਨਾਂ ਦੇ ਜ਼ੁਲਮਾਂ ਨੂੰ ਠੱਲ

---

[1] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, 2006 (ਸੱਤਵੀਂ ਵਾਰ), ਪੰਨਾ 1052.

[2] ਇਸ ਖੇਤਰ ਦੇ ਸ਼ਹਿਰ ਕੀਰਤਪੁਰ ਵਿਚ ਗੁਰੂ ਨਾਨਕ ਦੇਵ ਜੀ ਦੀ ਆਮਦ ਦੀ ਯਾਦ ਵਿਚ ਗੁਰਦੁਆਰਾ ਚਰਨਕੰਵਲ ਸਾਹਿਬ ਬਣਿਆ ਹੋਇਆ ਹੈ।

[3] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 1051.

ਪਾਈ। ਜਿਸ ਕਾਰਨ ਇਥੇ ਸਿੱਖ ਧਰਮ ਦਾ ਬਹੁਤ ਜਿਆਦਾ ਫੈਲਾਅ ਹੋਇਆ। ਸਿੱਖ-ਸੰਗਤਾਂ ਨੇ ਗੁਰੂ ਸਾਹਿਬਾਨ ਨਾਲ ਸੰਬੰਧਿਤ ਇਤਿਹਾਸਕ ਅਸਥਾਨਾਂ ਦੀ ਉਸਾਰੀ ਕਰਵਾਈ, ਜੋ ਸਿੱਖਾਂ ਦੇ ਧਾਰਮਿਕ ਕੇਂਦਰਾਂ ਵਜੋਂ ਉਭਰ ਕੇ ਸਾਹਮਣੇ ਆਏ।

ਪੁਆਧ ਖੇਤਰ ਵਿਚ ਜਿਆਦਾਤਰ ਸਿੱਖ ਧਾਰਮਿਕ ਅਸਥਾਨਾਂ ਦਾ ਪ੍ਰਬੰਧ ਮੌਜੂਦਾ ਸਮੇਂ ਵਿਚ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਅਧੀਨ ਹੈ। ਇਸ ਤੋਂ ਇਲਾਵਾ ਕਾਰ ਸੇਵਾ ਵਾਲੀਆਂ ਜਥੇਬੰਦੀਆਂ, ਨਿਹੰਗ ਸਿੰਘ ਜਥੇਬੰਦੀਆਂ ਅਤੇ ਸਥਾਨਕ ਕਮੇਟੀਆਂ ਵੀ ਕਈ ਗੁਰਦੁਆਰਿਆਂ ਦੀ ਵਿਵਸਥਾ ਕਰ ਰਹੀਆਂ ਹਨ। ਇਹਨਾਂ ਸੰਸਥਾਵਾਂ ਨੇ ਧਾਰਮਿਕ ਅਸਥਾਨਾਂ ਦੇ ਮਹੱਤਵ ਨੂੰ ਉਜਾਗਰ ਕਰਨ ਲਈ ਉਪਰਾਲੇ ਕੀਤੇ ਹਨ। ਇਸਦੇ ਨਾਲ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਿੱਖ ਧਰਮ ਦੇ ਪ੍ਰਚਾਰ ਵਿਚ ਬਹੁਤ ਵੱਡਾ ਯੋਗਦਾਨ ਹੈ, ਉਸ ਨੇ ਇਸ ਮਕਸਦ ਲਈ ਪ੍ਰਮੁੱਖ ਗੁਰਦੁਆਰਿਆਂ ਵਿਚ ਅਨੇਕਾਂ ਪ੍ਰਚਾਰਕ ਵੀ ਨਿਯੁਕਤ ਕੀਤੇ ਹੋਏ ਹਨ, ਜੋ ਕਿ ਇਲਾਕੇ ਦੇ ਵੱਖ-ਵੱਖ ਪਿੰਡਾਂ ਵਿਚ ਸਿੱਖ ਧਰਮ ਦਾ ਪ੍ਰਚਾਰ ਕਰਕੇ ਸੰਗਤਾਂ ਨੂੰ ਗੁਰ-ਇਤਿਹਾਸ ਅਤੇ ਗੁਰਬਾਣੀ ਨਾਲ ਜੋੜ ਰਹੇ ਹਨ।

ਇਸਦੇ ਨਾਲ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਮਿਸ਼ਨਰੀ ਸੰਸਥਾਵਾਂ ਵੱਲੋਂ ਵੀ ਖਾਸ ਮੌਕਿਆਂ ਜਾਂ ਛੁੱਟੀਆਂ ਵਿਚ ਧਾਰਮਿਕ ਕੈਂਪ ਲਗਾ ਕੇ ਬੱਚਿਆਂ ਨੂੰ ਸਿੱਖੀ ਦਾ ਗਿਆਨ ਦਿੱਤਾ ਜਾ ਰਿਹਾ ਹੈ। ਸਿੱਖ ਧਰਮ ਦੇ ਪ੍ਰਚਾਰ ਹਿੱਤ ਧਾਰਮਿਕ ਸਾਹਿਤ ਛਪਵਾ ਕੇ ਮੁਫਤ ਵੰਡਿਆ ਜਾਂਦਾ ਹੈ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਪੁਆਧ ਖੇਤਰ ਵਿਚਲੇ ਸਿੱਖ ਧਾਰਮਿਕ ਅਸਥਾਨਾਂ ਦਾ ਸਿੱਖ ਧਰਮ ਦੇ ਪ੍ਰਚਾਰ ਵਿਚ ਬਹੁਤ ਯੋਗਦਾਨ ਹੈ।

**ਵਰਤਮਾਨ ਪ੍ਰਸੰਗਿਕਤਾ**

ਪੁਆਧ ਖੇਤਰ ਦੇ ਸਿੱਖ ਧਾਰਮਿਕ ਅਸਥਾਨਾਂ ਨੇ ਗੁਰੂ-ਕਾਲ ਵਿਚ ਇਕ ਧਾਰਮਿਕ ਕ੍ਰਾਂਤੀ ਲਿਆਂਦੀ, ਉਥੇ ਅਜੋਕੇ ਸਮੇਂ ਵਿਚ ਵੀ ਸਿੱਖ ਧਰਮ ਦੇ ਪ੍ਰਚਾਰ-ਪਾਸਾਰ ਵਿਚ ਬੜਾ ਮਹੱਤਵਪੂਰਨ ਰੋਲ ਅਦਾ ਕਰ ਰਹੇ ਹਨ। ਇਸ ਖੇਤਰ ਵਿਚ ਬਹੁਤ ਸਾਰੇ ਸਿੱਖ ਧਾਰਮਿਕ ਅਸਥਾਨ (ਗੁਰਦੁਆਰੇ) ਸੁਸ਼ੋਭਿਤ ਹਨ, ਜਿਹਨਾਂ ਦਾ ਜ਼ਿਕਰ ਪਿਛਲੇ ਅਧਿਆਇ ਵਿਚ ਕੀਤਾ ਗਿਆ ਹੈ। ਇਸ ਖੇਤਰ ਦਾ ਮੁੱਖ ਧਾਰਮਿਕ

ਕੇਂਦਰ ਅਨੰਦਪੁਰ ਸਾਹਿਬ ਨੂੰ ਮੰਨ ਸਕਦੇ ਹਾਂ, ਜਿਸ ਵਿਚ ਕਈ ਧਾਰਮਿਕ ਅਸਥਾਨ ਹਨ, ਜਿਹਨਾਂ ਨਾਲ ਜੁੜੀਆਂ ਇਤਿਹਾਸਕ ਘਟਨਾਵਾਂ ਹੁਣ ਵੀ ਹਰ ਸਿੱਖ ਨੂੰ ਉਚੇਰੀ ਜੀਵਨ-ਜਾਚ ਸਿਖਾਉਣ ਦੇ ਨਾਲ-ਨਾਲ ਹਰ ਵੇਲੇ ਮਾਰਗ ਦਰਸ਼ਨ ਕਰ ਰਹੀਆਂ ਹਨ। ਅਨੰਦਪੁਰ ਸਾਹਿਬ ਵਿਚ ਸੁਸ਼ੋਭਿਤ ਸਭ ਤੋਂ ਪਹਿਲਾ ਅਸਥਾਨ ਗੁਰਦੁਆਰਾ ਭਵਿੱਖਤਸਰ ਸਾਹਿਬ ਹੈ, ਜੋ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਭਵਿੱਖਤ ਮਹਾਂਵਾਕਾਂ ਦੀ ਪ੍ਰੋੜਤਾ ਕਰਦਾ ਹੈ, ਕਿ ਗੁਰੂ ਜੀ ਨੇ ਇਥੇ ਨਵਾਂ ਨਗਰ ਵਸਣ ਦੇ ਭਵਿੱਖ ਵਾਕ ਕੀਤੇ ਸਨ। ਇਹ ਘਟਨਾ ਦਰਸਾਉਂਦੀ ਹੈ ਕਿ ਗੁਰੂ ਸਰਬਕਾਲੀ ਦ੍ਰਿਸ਼ਟਾ, ਅੰਤਰਯਾਮੀ ਅਤੇ ਦੂਰ-ਦ੍ਰਿਸ਼ਟਾ ਹੁੰਦਾ ਹੈ। ਹਰ ਸਿੱਖ ਦਾ ਫਰਜ ਗੁਰੂ ਸਾਹਿਬਾਨ ਦੇ ਬਚਨਾਂ ਨੂੰ ਸਤਿ ਕਰਕੇ ਮੰਨਣਾ ਅਤੇ ਉਹਨਾਂ ਬਚਨਾਂ ਉਤੇ ਆਪਣਾ ਵਿਸ਼ਵਾਸ਼ ਟਿਕਾ ਕੇ ਰੱਖਣਾ ਹੈ। ਹਰ ਸਿੱਖ ਨੂੰ ਗੁਰੂ-ਕਾਲ ਵਿਚ ਦ੍ਰਿੜ-ਵਿਸ਼ਵਾਸ਼ੀ ਹੋਣਾ ਚਾਹੀਦਾ ਹੈ। ਅਨੰਦਪੁਰ ਸਾਹਿਬ ਗੁਰੂ ਜੀ ਦੇ ਬਚਨਾਂ ਦਾ ਪ੍ਰਤੱਖ ਪਰਮਾਣ ਹੈ।

ਗੁਰੂ ਤੇਗ ਬਹਾਦਰ ਜੀ ਆਪਣੀ ਮਾਤਾ ਦਾ ਬਹੁਤ ਸਤਿਕਾਰ ਕਰਦੇ ਸਨ ਅਤੇ ਇਸੇ ਲਈ ਆਪ ਜੀ ਨੇ ਆਪਣੀ ਮਾਤਾ ਦੇ ਨਾਂ ਨੂੰ ਸਦੀਵੀ ਯਾਦ ਦਾ ਹਿੱਸਾ ਬਨਾਉਣ ਲਈ, ਉਹਨਾਂ ਦੇ ਨਾਂ 'ਤੇ 'ਚੱਕ ਨਾਨਕੀ' ਨਗਰ ਵਸਾਇਆ। ਇਸ ਪਵਿੱਤਰ ਨਗਰ ਦੀ ਮੋੜ੍ਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਹੱਥੀਂ ਗੱਡੀ। ਵਰਤਮਾਨ ਸਮੇਂ ਵੀ ਇਹ ਘਟਨਾ ਸਾਨੂੰ ਇਸ ਗੱਲ ਦੀ ਸੋਝੀ ਕਰਵਾਉਂਦੀ ਹੈ ਕਿ ਆਪਣੇ ਮਾਪਿਆਂ ਦਾ ਸਤਿਕਾਰ ਕਰਨਾ ਚਾਹੀਦਾ ਹੈ।

ਇਸਦੇ ਨਾਲ ਹੀ ਅਨੰਦਪੁਰ ਸਾਹਿਬ ਵਿਚ ਗੁਰਦੁਆਰਾ ਭੋਰਾ ਸਾਹਿਬ ਸਾਨੂੰ ਇਕਾਂਤ ਵਿਚ ਪਰਮਾਤਮਾ ਦੇ ਨਾਮ-ਸਿਮਰਨ ਦੀ ਸੇਧ ਪ੍ਰਦਾਨ ਕਰਨ ਦੇ ਨਾਲ ਹੀ ਭੋਰੇ ਦੀ ਡੂੰਘਾਈ ਵਾਂਗ ਹੀ ਮਨ ਨੂੰ ਨੀਵਾਂ ਅਤੇ ਰੱਬੀ ਨਾਮ ਜਪਦਿਆਂ ਮਤਿ ਨੂੰ ਉੱਚੀ ਰੱਖਣ ਦੀ ਤਾਕੀਦ ਵੀ ਕਰਦਾ ਹੈ। ਪਦਾਰਥਵਾਦੀ ਯੁੱਗ ਵਿਚ ਹਰੇਕ ਮਨੁੱਖ ਇਕਾਂਤ ਚਾਹੁੰਦਾ ਹੈ ਤਾਂ ਜੋ ਜਿੰਦਗੀ ਦੇ ਕੁਝ ਪਲ ਫੁਰਸਤ ਨਾਲ ਬਿਤਾ ਸਕੇ। ਜੇਕਰ ਉਸ ਇਕਾਂਤ ਵਿਚ ਪਰਮਾਤਮਾ ਨੂੰ ਯਾਦ ਕੀਤਾ ਜਾਵੇ ਅਤੇ ਆਪੇ ਦੀ ਪਛਾਣ ਕੀਤੀ ਜਾਵੇ ਤਾਂ ਮਨੁੱਖੀ ਜੀਵਨ ਦਾ ਮਨੋਰਥ ਪੂਰਾ ਹੋ ਸਕਦਾ ਹੈ।

ਅਨੰਦਪੁਰ ਸਾਹਿਬ ਵਿਚ ਹੀ 'ਗੁਰਦੁਆਰਾ ਮੰਜੀ ਸਾਹਿਬ' ਨਾਂ ਦਾ ਅਸਥਾਨ ਸੁਸ਼ੋਭਿਤ ਹੈ, ਜਿਥੇ

ਕਿ ਗੁਰੂ ਤੇਗ ਬਹਾਦਰ ਜੀ ਦੇ ਦਰਬਾਰ ਵਿਚ ਕਸ਼ਮੀਰੀ ਪੰਡਿਤ ਆਪਣੇ ਧਾਰਮਿਕ ਅਧਿਕਾਰਾਂ ਦੀ ਰੱਖਿਆ ਕਰਨ ਲਈ ਫਰਿਆਦ ਲੈ ਕੇ ਆਏ ਸਨ। ਵਰਤਮਾਨ ਸਮੇਂ ਵਿਚ ਇਹ ਅਸਥਾਨ ਧਾਰਮਿਕ ਸਦਭਾਵਨਾ ਲਈ ਬਹੁਤ ਅਹਿਮੀਅਤ ਰੱਖਦਾ ਹੈ ਅਤੇ ਇਹ ਸੰਦੇਸ਼ ਦਿੰਦਾ ਹੈ ਕਿ ਸਾਨੂੰ ਗਰੀਬ/ਮਜਲੂਮ ਦਾ ਹਮੇਸ਼ਾਂ ਸਾਥ ਦੇਣਾ ਚਾਹੀਦਾ ਹੈ ਅਤੇ ਉਸਦੀ ਰੱਖਿਆ ਕਰਨੀ ਚਾਹੀਦੀ ਹੈ। ਗੁਰੂ ਤੇਗ ਬਹਾਦਰ ਜੀ ਨੇ ਉਹਨਾਂ ਲੋਕਾਂ ਦੇ ਧਰਮ ਦੀ ਰੱਖਿਆ ਅਤੇ ਵਿਚਾਰਾਂ ਦੀ ਸੁਤੰਤਰਤਾ ਲਈ ਆਪਣਾ ਸੀਸ ਕੁਰਬਾਨ ਕਰ ਦਿੱਤਾ, ਜਿਸ ਧਰਮ ਅਤੇ ਵਿਚਾਰਾਂ ਵਿਚ ਗੁਰੂ ਜੀ ਦਾ ਵਿਸ਼ਵਾਸ਼ ਵੀ ਨਹੀਂ ਸੀ। ਗੁਰੂ ਤੇਗ ਬਹਾਦਰ ਜੀ ਨੇ ਹਿੰਦੂ ਧਰਮ ਦੇ ਧਾਰਮਿਕ ਚਿੰਨ੍ਹਾਂ ਤਿਲਕ ਤੇ ਜੰਞੂ ਵਿਚ ਵਿਸ਼ਵਾਸ਼ ਨਾ ਹੋਣ 'ਤੇ ਵੀ ਉਹਨਾਂ ਦੀ ਰਾਖੀ ਲਈ ਸ਼ਹਾਦਤ ਦੇ ਦਿੱਤੀ। ਇਹ ਘਟਨਾ ਪੂਰੇ ਵਿਸ਼ਵ ਦੀ ਧਾਰਮਿਕ ਸਦਭਾਵਨਾ ਦੀ ਵਿਲੱਖਣ ਮਿਸਾਲ ਹੈ। ਵਰਤਮਾਨ ਸਮੇਂ ਵਿਚ ਵੀ ਇਸ ਅਸਥਾਨ ਤੋਂ ਇਹੀ ਸੰਦੇਸ਼ ਮਿਲਦਾ ਹੈ ਕਿ ਹਰ ਸਿੱਖ ਨੂੰ ਨਿਰਸਵਾਰਥ ਭਾਵਨਾ ਨਾਲ ਦੂਜਿਆਂ ਦੇ ਹਿਤਾਂ ਦੀ ਰਾਖੀ ਲਈ ਆਪਾ ਕੁਰਬਾਨ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ। ਵਿਸ਼ਵੀਕਰਨ ਦੇ ਇਸ ਯੁੱਗ ਵਿਚ ਸੰਪ੍ਰਦਾਇਕ ਸਦਭਾਵ ਸਥਾਪਿਤ ਕਰਨ ਵਿਚ ਇਸ ਅਸਥਾਨ ਦੀ ਅਹਿਮ ਭੂਮਿਕਾ ਹੋਣੀ ਚਾਹੀਦੀ ਹੈ। ਇਹ ਅਸਥਾਨ ਅੱਜ ਵੀ ਹੋਰਨਾਂ ਧਰਮਾਂ ਦੇ ਧਾਰਮਿਕ ਚਿੰਨ੍ਹਾਂ, ਵਿਸ਼ਵਾਸ਼ਾਂ ਆਦਿ ਦਾ ਸਨਮਾਨ ਕਰਨ ਦਾ ਸੰਦੇਸ਼ ਦਿੰਦਾ ਹੈ। ਜੇਕਰ ਅਸੀਂ ਆਪਣੇ ਧਰਮ ਦਾ ਸਤਿਕਾਰ ਦੂਜਿਆਂ ਤੋਂ ਚਾਹੁੰਦੇ ਹਾਂ ਤਾਂ ਸਾਨੂੰ ਵੀ ਉਹਨਾਂ ਦੇ ਧਰਮਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਹਰ ਸਿੱਖ ਨੂੰ ਦੂਜੇ ਧਰਮਾਂ ਦੇ ਧਾਰਮਿਕ ਅਧਿਕਾਰਾਂ ਦੀ ਬਹਾਲੀ ਲਈ ਵੀ ਸਦਾ ਅਡਿਗ ਹੋਣਾ ਚਾਹੀਦਾ ਹੈ, ਆਪਣੇ ਬਚਨਾਂ ਉਤੇ ਖਰਾ ਉਤਰੇ, ਸਿਰ ਦੇਣ ਤੋਂ ਕਾਣ ਨਾ ਕਰੇ। ਅਜੋਕੇ ਸਮੇਂ ਵਿਚ ਵੀ ਦੂਜਿਆਂ ਦੇ ਧਾਰਮਿਕ ਹੱਕ ਵੀ ਖੋਹੇ ਜਾ ਰਹੇ ਹਨ, ਉਥੇ ਵਰਤਮਾਨ ਸਮੇਂ ਵੀ ਇਹ ਅਸਥਾਨ ਧਾਰਮਿਕ ਸਦਭਾਵ ਦੀ ਸਥਾਪਤੀ ਦਾ ਉਪਦੇਸ਼ ਦੇ ਰਿਹਾ ਹੈ। ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਅਗਾਂਹ ਵਧਣ ਲਈ ਵੀ ਉਤਸ਼ਾਹਿਤ ਕਰ ਰਿਹਾ ਹੈ। ਸਮਾਜਿਕ ਬਰਾਬਰੀ, ਨਿਆਂ, ਸੁਤੰਤਰਤਾ ਦੀ ਬਹਾਲੀ ਲਈ ਪ੍ਰੇਰਿਤ ਕਰ ਰਿਹਾ ਹੈ। ਪਤਿ ਸਹਿਤ ਜਿਊਣ ਦਾ ਰਾਹ ਦਸ ਰਿਹਾ ਹੈ।

ਗੁਰਦੁਆਰਾ ਸੀਸਗੰਜ ਸਾਹਿਬ, ਮਜਲੂਮ ਦੀ ਰੱਖਿਆ ਕਰਨ ਲਈ ਫੜੀ ਹੋਈ ਬਾਂਹ ਕਾਰਨ

ਆਪਣਾ ਸੀਸ ਕੁਰਬਾਨ ਕਰ ਦੇਣ ਦਾ ਪ੍ਰਤੱਖ ਪ੍ਰਮਾਣ ਹੈ। ਗੁਰੂ ਤੇਗ ਬਹਾਦਰ ਜੀ ਨੇ ਆਪਣੀ ਸ਼ਹਾਦਤ ਦੇ ਕੇ ਇਹ ਸੰਦੇਸ਼ ਦਿੱਤਾ ਹੈ ਕਿ ਮਜਲੂਮ ਦੀ ਰੱਖਿਆ ਲਈ ਜੇਕਰ ਜਾਨ ਵੀ ਕੁਰਬਾਨ ਕਰਨੀ ਪੈ ਜਾਵੇ ਤਾਂ ਪਿੱਛੇ ਨਹੀਂ ਹਟਣਾ ਚਾਹੀਦਾ।

ਗੁਰਦੁਆਰਾ ਸੀਸਗੰਜ ਸਾਹਿਬ ਦੇ ਬਿਲਕੁਲ ਸਾਹਮਣੇ ਮੌਜੂਦ ਗੁਰਦੁਆਰਾ ਅਕਾਲਬੁੰਗਾ ਸਾਹਿਬ ਸਾਨੂੰ ਦੁੱਖ ਦੀ ਘੜੀ ਵਿਚ ਹੌਸਲਾ ਨਾ ਛੱਡਣ ਅਤੇ ਰੱਬੀ ਭਾਣੇ ਨੂੰ ਮੰਨਣ ਦੀ ਪ੍ਰੇਰਣਾ ਦਿੰਦਾ ਹੈ। ਇਸਦੇ ਨਾਲ ਹੀ ਇਹ ਦਿਸ਼ਾ-ਨਿਰਦੇਸ਼ ਵੀ ਪ੍ਰਦਾਨ ਕਰਦਾ ਹੈ ਕਿ ਸਾਨੂੰ ਗੁਰੂ ਸਾਹਿਬ ਦੇ ਪਾਏ ਪੂਰਨਿਆਂ ’ਤੇ ਚੱਲਣਾ ਚਾਹੀਦਾ ਹੈ ਅਤੇ ਭਵਿੱਖ ਵਿਚ ਕਰਨ ਵਾਲੇ ਕਾਰਜਾਂ ਪ੍ਰਤੀ ਵੀ ਸੁਚੇਤ ਕਰਦਾ ਹੈ ਕਿ ਜਿਵੇਂ ਗੁਰੂ ਤੇਗ ਬਹਾਦਰ ਜੀ ਦੇ ਸੀਸ ਦਾ ਸੰਸਕਾਰ ਕਰਨ ਤੋਂ ਉਪਰੰਤ ਗੁਰੂ ਗੋਬਿੰਦ ਰਾਇ ਜੀ ਨੇ ਸਮੁੱਚੀਆਂ ਸੰਗਤਾਂ ਨੂੰ ਜੁਲਮ ਦਾ ਟਾਕਰਾ ਸ਼ਸਤਰ ਨਾਲ ਕਰਨ ਦਾ ਉਪਦੇਸ਼ ਦਿੱਤਾ ਹੈ। ਇਸੇ ਅਸਥਾਨ ਤੋਂ ਹੀ ਗੁਰੂ ਜੀ ਨੇ ਖਾਲਸੇ ਨੂੰ ਵਿਲੱਖਣ ਪਹਿਚਾਣ ਬਖਸ਼ਣ ਦਾ ਮਨ ਬਣਾਇਆ। ‘ਅਕਾਲ ਬੁੰਗਾ’ ਨਾਂ ਤੋਂ ਸਪੱਸ਼ਟ ਹੈ ਕਿ ਇਥੋਂ ਅਕਾਲੀ ਜੋਤਿ ਨੇ ਅਕਾਲ ਪੁਰਖ ਦੀ ਫੌਜ ਦੇ ਪ੍ਰਗਟ ਹੋਣ ਦਾ ਐਲਾਨ ਖੁਦ ਕੀਤਾ ਸੀ, ਜਿਸਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਿਰਜਣਾ ਕਰਕੇ ਨੇਪਰੇ ਚਾੜ੍ਹਿਆ ਸੀ।

ਅਨੰਦਪੁਰ ਸਾਹਿਬ ਵਿਚਲਾ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਪ੍ਰਮੁੱਖ ਅਸਥਾਨ ਹੈ, ਜੋ ਹੁਣ ਵੀ ਸਿੱਖ ਧਰਮ ਦੇ ਫੈਲਾਅ ਵਿਚ ਮਹੱਤਵਪੂਰਨ ਭੂਮਿਕਾ ਅਦਾ ਕਰ ਰਿਹਾ ਹੈ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਜੇਕਰ ਵਰਤਮਾਨ ਪ੍ਰਸੰਗਿਕਤਾ ਦੀ ਗੱਲ ਕਰੀਏ ਤਾਂ ਇਹ ਅਤਿ ਮਹੱਤਵਪੂਰਨ ਅਸਥਾਨ ਹੈ, ਜਿਥੋਂ ਹਰ ਸਿੱਖ ਨੂੰ ਆਪਣੇ ਇਸ਼ਟ ਅਤੇ ਸਤਿਗੁਰੂ ਪ੍ਰਤੀ ਸੱਚੀ ਸਮਰਪਣ ਭਾਵਨਾ ਦਾ ਉਪਦੇਸ਼ ਦ੍ਰਿੜ ਹੁੰਦਾ ਹੈ। ਇਸ ਪਵਿੱਤਰ ਅਸਥਾਨ ਦਾ ਇਤਿਹਾਸ ਹਰੇਕ ਸਿੱਖ ਲਈ ਚਾਨਣ ਮੁਨਾਰਾ ਹੈ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਾਲੇ ਅਸਥਾਨ ਉਤੇ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਸਿੱਖਾਂ ਤੋਂ ਵਾਰੀ-ਵਾਰੀ ਸੀਸ ਦੀ ਮੰਗ ਕੀਤੀ ਅਤੇ ਉਹਨਾਂ ਪੰਜਾਂ ਨੂੰ ਖੰਡੇ-ਬਾਟੇ ਦੀ ਪਾਹੁਲ ਦੇ ਕੇ ਨਵਾਂ ਜੀਵਨ ਬਖਸ਼ਦਿਆਂ ‘ਪੰਜ ਪਿਆਰੇ’ ਕਹਿ ਕੇ ਨਿਵਾਜਿਆ। ਉਹਨਾਂ ਪੰਜਾਂ ਸਿੱਖਾਂ ਨੇ ਗੁਰੂ ਜੀ ਦਾ ਹੁਕਮ ਮੰਨਣ ਕਾਰਨ ਸਿੱਖ ਧਰਮ ਵਿਚ ਸਤਿਕਾਰਤ ਰੁਤਬਾ ਹਾਸਲ ਕੀਤਾ। ਮੌਜੂਦਾ ਸਮੇਂ ਵੀ ਇਹ ਅਸਥਾਨ ਸਾਨੂੰ ਹਰ ਪਲ ਇਹ ਸੰਦੇਸ਼ ਦਿੰਦਾ ਹੈ ਕਿ ਧਰਮ

ਵਾਲਾ ਮਾਰਗ ਬਹੁਤ ਕਠਿਨ ਹੈ, ਇਸ ਉਤੇ ਚੱਲਣ ਲਈ ਸਾਨੂੰ ਸਦਾ ਗੁਰੂ ਦੇ ਇਕ ਆਦੇਸ਼ 'ਤੇ ਹੀ ਆਪਣਾ ਜੀਵਨ ਵੀ ਨਿਛਾਵਰ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ। ਸਾਨੂੰ ਆਪਣੇ ਗੁਰੂ ਦੁਆਰਾ ਦਰਸਾਈ ਜੀਵਨ ਜਾਚ ਦਾ ਧਾਰਨੀ ਹੋਣਾ ਚਾਹੀਦਾ ਹੈ।

ਖਾਲਸਾ ਸਾਜਨਾ ਦਾ ਇਤਿਹਾਸਕ ਬਿਰਤਾਂਤ ਤਾਂ ਹੋਰ ਵੀ ਵਰਤਮਾਨ ਪ੍ਰਸੰਗਿਕਤਾ ਨੂੰ ਨਿਖਾਰ ਕੇ ਪੇਸ਼ ਕਰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਚਰਨ ਪਾਹੁਲ ਦਾ ਬਦਲ ਖੰਡੇ ਦੀ ਪਾਹੁਲ ਦਿੱਤਾ। ਆਕਾਰ ਦੀ ਬਜਾਏ ਨਿਰੰਕਾਰ ਨਾਲ ਜੋੜਿਆ। ਅੱਜ ਵੀ ਕਈ ਲੋਕ ਉਸੇ ਭਟਕਣਾ ਵਿਚ, ਚਰਨ ਪਾਹੁਲ ਦੇ ਅਨੁਸਾਰ ਹੀ ਚਲ ਰਹੇ ਹਨ। ਖੰਡੇ ਦੀ ਪਾਹੁਲ ਸੁਤੰਤਰਤਾ ਦਾ ਪ੍ਰਤੀਕ ਹੈ। ਇਸ ਸਬੰਧੀ ਡਾ. ਸਰਬਜਿੰਦਰ ਸਿੰਘ ਲਿਖਦੇ ਹਨ ਕਿ ਇਥੇ ਵੇਖਣ ਵਾਲੀ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਗੁਰੂ ਜੀ ਨੇ ਪੈਰ ਦੇ ਅੰਗੂਠੇ ਦੀ ਚਰਨਾਂਮ੍ਰਿਤ ਦੇ ਕੇ ਸਿੱਖ ਬਣਾਉਣ ਦੀ ਪੁਰਾਣੀ ਪਰੰਪਰਾ ਨੂੰ ਤੋੜ ਕੇ ਖੰਡੇ ਦੀ ਵਰਤੋਂ ਦੁਆਰਾ ਤਿਆਰ ਕੀਤੀ ਪਾਹੁਲ ਛਕਾਈ। ਇਸ ਦੇ ਅਰਥ ਸਪੱਸ਼ਟ ਹਨ ਕਿ ਨਿਮਰਤਾ ਅਤੇ ਆਪਾ ਤਿਆਗ ਦੇ ਪੁਰਾਤਨ ਆਦਰਸ਼ ਨੂੰ ਆਤਮ ਦ੍ਰਿੜਤਾ ਅਤੇ ਆਤਮ ਨਿਰਭਰਤਾ ਦੇ ਨਵੇਂ ਆਦਰਸ਼ ਵਿਚ ਪਰਵਰਤਿਤ ਕਰ ਦਿੱਤਾ ਗਿਆ। ਗੁਰੂ ਸਾਹਿਬ ਇਸ ਗੱਲ ਤੋਂ ਭਲੀਭਾਂਤ ਜਾਣੂੰ ਸਨ ਕਿ ਸਾਡੇ ਤੋਂ ਬਾਅਦ ਜੇ ਕੱਚੇ ਗੁਰੂ ਬਣ ਗਏ ਤਾਂ ਉਹ ਇਸ ਤਰ੍ਹਾਂ ਸੰਗਤਾਂ ਦਾ ਸੋਸ਼ਣ ਕਰਨਗੇ। ਅਜੋਕੇ ਸਮੇਂ ਵਿਚ ਵੀ ਸਮਾਜ ਵਿਚ ਇਹ ਵਰਤਾਰਾ ਵਰਤ ਰਿਹਾ ਹੈ। ਅੱਜ ਵੀ ਹਰੇਕ ਵਿਅਕਤੀ ਨੂੰ ਕਿਸੇ ਵੀ ਦੇਹਧਾਰੀ ਗੁਰੂ ਧਾਰਨ ਕਰਨ ਤੋਂ ਪਹਿਲਾਂ ਉਸਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਵਾਪਰੀ ਖਾਲਸਾ ਸਾਜਨਾ ਵਾਲੀ ਘਟਨਾ ਵਲ ਝਾਤੀ ਮਾਰ ਲੈਣੀ ਚਾਹੀਦੀ ਹੈ ਅਤੇ ਖੰਡੇ ਦੀ ਪਾਹੁਲ ਲੈ ਕੇ, ਸ਼ਬਦ-ਗੁਰੂ ਦੇ ਲੜ ਲੱਗਣਾ ਚਾਹੀਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਪਹਿਲੀ ਵਾਰ ਖੰਡੇ ਦੀ ਪਾਹੁਲ ਕਿਸੇ ਇਕ ਸਿੱਖ ਨੂੰ ਨਾ ਦੇ ਕੇ, ਸਗੋਂ ਪੰਜਾਂ ਨੂੰ ਦਿੱਤੀ। ਗੁਰੂ ਜੀ ਨੇ ਪੰਜ ਪਿਆਰਿਆਂ ਨੂੰ ਅਹਿਮ ਸਥਾਨ ਬਖਸ਼ ਕੇ ਪੰਜਾਂ ਨੂੰ ਗੁਰੂ ਦਾ ਰੂਪ ਦੱਸਿਆ। ਪੁਆਧ ਖੇਤਰ ਦੇ ਇਸ ਅਸਥਾਨ ਉਤੇ ਵਾਪਰੀ ਖਾਲਸਾ ਸਾਜਨਾ ਦੀ ਇਹ ਘਟਨਾ ਸਾਨੂੰ ਅਨੇਕਾਂ ਜੀਵਨ ਸੇਧਾਂ ਦਿੰਦੀ ਹੈ। ਇਹ ਸੇਧਾਂ ਵਰਤਮਾਨ ਸਮੇਂ ਵਿਚ ਪੂਰਨ ਤੌਰ 'ਤੇ ਪ੍ਰਸੰਗਿਕ ਹਨ ਕਿ ਕਿਵੇਂ ਸਿੱਖ ਧਰਮ ਸਮਾਜਿਕ ਵੰਡੀਆਂ ਨੂੰ ਤੋੜਦਾ ਹੈ ਅਤੇ ਮਨੁੱਖੀ ਏਕਤਾ

ਬਹਾਲ ਕਰਦਾ ਹੈ। ਕਿਸ ਤਰ੍ਹਾਂ ਸਮਾਜ ਵਿਚਲੇ ਵਰਣ, ਰੰਗ, ਜਾਤ-ਪਾਤ, ਊਚ-ਨੀਚ ਆਦਿ ਪਾੜਿਆਂ ਨੂੰ ਖਤਮ ਕਰਦਾ ਹੈ।

ਇਸੇ ਪਵਿੱਤਰ ਅਸਥਾਨ ਤੋਂ ਇਹ ਵੀ ਪਤਾ ਚਲਦਾ ਹੈ ਕਿ ਸਮਾਜ ਨੂੰ ਇਕ ਸੂਤਰ ਵਿਚ ਬੰਨ੍ਹਣ ਲਈ ਅਤੇ ਖਾਲਸ ਬਣਾਉਣ ਲਈ ਕਿਵੇਂ ਪੁਰਾਣੀਆਂ ਪਰੰਪਰਾਵਾਂ ਤੋੜ ਕੇ ਨਵੀਆਂ ਲੀਹਾਂ ਪਾਈਆਂ ਜਾਂਦੀਆਂ ਹਨ। ਇਹ ਤਖ਼ਤ ਹਰ ਮਨੁੱਖ ਨੂੰ ਜ਼ੁਲਮ ਖਿਲਾਫ ਲੜਨ ਦੀ ਪ੍ਰੇਰਣਾ ਦਿੰਦਾ ਹੈ। ਇਥੋਂ ਹੀ ਇਸਤਰੀ-ਪੁਰਸ਼ ਦੀ ਬਰਾਬਰਤਾ ਦਾ ਸਬਕ ਸਿਖਾਇਆ ਗਿਆ ਹੈ। ਇਸਤਰੀ ਦੀ ਪੁਰਸ਼ ਨਾਲ ਬਰਾਬਰਤਾ ਸਿੰਘ ਅਤੇ ਕੌਰ ਸ਼ਬਦਾਂ ਦੀ ਵਰਤੋਂ ਨਾਲ ਸਥਾਪਿਤ ਕੀਤੀ ਗਈ ਅਤੇ ਅੱਜ ਵੀ ਲਗਾਤਾਰਤਾ ਵਿਚ ਬਰਕਰਾਰ ਹੈ। 'ਏਕ ਪਿਤਾ ਏਕਸ ਕੇ ਹਮ ਬਾਰਿਕ' ਗੁਰਵਾਕ ਸਾਰੀ ਮਨੁੱਖਤਾ ਨੂੰ ਸਮ ਕਰਕੇ ਜਾਨਣ ਦਾ ਸੰਦੇਸ਼ ਦਿੰਦਾ ਹੈ। ਇਹ ਅਸਥਾਨ 'ਮਾਨਸ ਕੀ ਜਾਤਿ ਸਭੈ ਏਕੈ ਪਹਿਚਾਨਬੋ' ਦਾ ਸੰਦੇਸ਼ ਵੀ ਦ੍ਰਿੜ ਕਰਵਾਉਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਵਰਣ-ਵੰਡ, ਜਾਤ-ਪਾਤ ਅਤੇ ਊਚ-ਨੀਚ ਦੇ ਵਖਰੇਵੇਂ ਨੂੰ ਖਤਮ ਕਰਨ ਲਈ ਇਥੋਂ ਹੀ ਸੰਦੇਸ਼ ਦਿੱਤਾ, ਕਿਉਂਕਿ ਗੁਰੂ ਜੀ ਦੁਆਰਾ ਸਾਜੇ ਪੰਜ ਪਿਆਰੇ ਦੇਸ਼ ਦੇ ਵੱਖ-ਵੱਖ ਖਿੱਤਿਆਂ ਅਤੇ ਵੱਖ-ਵੱਖ ਜਾਤਾਂ ਨਾਲ ਸੰਬੰਧਿਤ ਸਨ। ਇਥੇ ਸਾਰੇ ਹੀ ਸਾਂਝੀਵਾਲ ਹੋ ਜਾਂਦੇ ਹਨ, ਕੋਈ ਵੀ ਬ੍ਰਾਹਮਣ, ਜੱਟ, ਝਿਊਰ, ਛੀਂਬਾ ਜਾਂ ਨਾਈ ਆਦਿ ਨਹੀਂ ਰਹਿੰਦਾ। ਸਾਰਿਆਂ ਦਾ ਇਕੋ ਇਸ਼ਟ, ਇਕੋ ਗੁਰੂ, ਇਕੋ ਪੰਗਤ, ਸੰਗਤ, ਕੀਰਤਨ, ਨਾਮ ਅਤੇ ਸਾਰਿਆਂ ਲਈ ਜੀਵਨ ਵਿਚਲੇ ਸੰਸਕਾਰਾਂ (ਜਨਮ, ਨਾਮਕਰਨ, ਅਨੰਦ ਕਾਰਜ ਅਤੇ ਮੌਤ) ਨੂੰ ਨਿਭਾਉਣ ਦੀ ਵੀ ਇਕੋ ਮਰਿਆਦਾ ਨਿਸ਼ਚਿਤ ਹੁੰਦੀ ਹੈ।

ਇਸੇ ਅਸਥਾਨ ਤੋਂ ਹੀ ਗੁਰੂ ਸਾਹਿਬ ਦੁਆਰਾ ਬਖ਼ਸ਼ੀ ਸਿੱਖਾਂ ਦੀ ਰਹਿਤ ਮਰਿਆਦਾ ਦ੍ਰਿੜ ਕਰਵਾਉਂਦੀ ਹੈ ਕਿ ਸਿੱਖ ਨੇ ਕੁੜੀਮਾਰ ਨਾਲ ਨਹੀਂ ਵਰਤਣਾ, ਜਗਤ ਜੂਠ ਤੰਬਾਕੂ ਜੋ ਕਿ ਅਨੇਕਾਂ ਬਿਮਾਰੀਆਂ ਦਾ ਕਾਰਨ ਬਣਦਾ ਹੈ, ਦੀ ਵਰਤੋਂ ਦੀ ਸਖਤ ਮਨਾਹੀ ਕੀਤੀ ਗਈ ਹੈ। ਸਿੱਖ ਨੂੰ ਹਰ ਕਿਸਮ ਦਾ ਨਸ਼ਾ ਕਰਨ ਤੋਂ ਵਰਜਿਆ ਗਿਆ ਹੈ, ਕੁੱਠਾ ਖਾਣ ਦੀ ਮਨਾਹੀ ਹੈ। ਗੁਰੂ ਨਿੰਦਕਾਂ, ਦੋਖੀਆਂ ਨਾਲ ਰੋਟੀ-ਬੇਟੀ ਦੀ ਸਾਂਝ ਤੋਂ ਵਰਜਿਆ ਗਿਆ ਹੈ। ਸਿੱਖ ਨੂੰ ਹਮੇਸ਼ਾਂ ਸਾਬਤ-ਸੂਰਤ ਰਹਿਣ ਦਾ ਉਪਦੇਸ਼ ਵੀ ਸਭ ਤੋਂ ਪਹਿਲੀ ਵਾਰ ਇਥੋਂ ਹੀ ਦ੍ਰਿੜ ਕਰਵਾਇਆ ਗਿਆ ਸੀ ਅਤੇ ਅਜ ਵੀ ਕਰਵਾਇਆ ਜਾਂਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਸਭ ਤੋਂ ਪਹਿਲੀ ਵਾਰ ਤਖ਼ਤ ਸ੍ਰੀ ਕੇਸਗੜ ਸਾਹਿਬ ਵਿਖੇ ਸਿੱਖਾਂ ਨੂੰ ਅੰਮ੍ਰਿਤ ਛਕਾ ਕੇ ਖਾਲਸੇ ਦੀ ਸਾਜਨਾ ਕੀਤੀ ਸੀ। ਗੁਰੂ ਸਾਹਿਬ ਦੁਆਰਾ ਚਲਾਈ ਅੰਮ੍ਰਿਤ ਸੰਚਾਰ ਦੀ ਪਰੰਪਰਾ ਹੁਣ ਵੀ ਜਾਰੀ ਹੈ, ਜਿਸ ਤਹਿਤ ਇਥੇ ਹਰ ਬੁੱਧਵਾਰ ਅਤੇ ਐਤਵਾਰ ਨੂੰ ਅੰਮ੍ਰਿਤ ਸੰਚਾਰ ਕੀਤਾ ਜਾਂਦਾ ਹੈ, ਇਥੋਂ ਸੰਗਤਾਂ ਅੰਮ੍ਰਿਤ ਛਕ ਕੇ ਖਾਸ ਮਾਣ ਮਹਿਸੂਸ ਕਰਦੀਆਂ ਹਨ। ਇਸ ਤੋਂ ਇਲਾਵਾ ਇਥੇ ਗੁਰਪੁਰਬਾਂ ਮੌਕੇ ਵਿਸ਼ੇਸ਼ ਦੀਵਾਨ ਸਜਾਏ ਜਾਂਦੇ ਹਨ, ਜਿਹਨਾਂ ਵਿਚ ਸਿੱਖ ਧਰਮ ਦਾ ਪ੍ਰਚਾਰ-ਪਾਸਾਰ ਕੀਤਾ ਜਾਂਦਾ ਹੈ।

ਗੁਰਦੁਆਰਾ ਮੰਜੀ ਸਾਹਿਬ/ਦੁਮਾਲਗੜ੍ਹ, ਉਸ ਇਤਿਹਾਸਕ ਘਟਨਾ ਦੀ ਜਾਣਕਾਰੀ ਪ੍ਰਦਾਨ ਕਰਦਾ ਹੈ ਜਦੋਂ ਗੁਰੂ ਸਾਹਿਬ ਨੇ ਆਪਣੇ ਸੀਸ ’ਤੇ ਦੁਮਾਲਾ ਸਜਾਇਆ ਅਤੇ ਸਿੱਖਾਂ ਨੂੰ ਇਹ ਸੰਦੇਸ਼ ਦਿੱਤਾ ਕਿ ਖਾਲਸਾਈ ਨਿਸ਼ਾਨ ਨੂੰ ਸਦਾ ਦੁਮਾਲੇ ਵਾਲੇ ਫਰਲੇ ਵਾਂਗ ਉੱਚਾ ਰੱਖਣਾ ਹੈ। ਇਸ ਤੋਂ ਇਹ ਭਾਵ ਵੀ ਹੈ ਕਿ ਸਿੰਘ ਨਿਸ਼ਾਨ ਸਾਹਿਬ ਦੀ ਸਲਾਮਤੀ ਲਈ ਸ਼ਹਾਦਤ ਪ੍ਰਾਪਤ ਕਰ ਲਏ ਜਿਵੇਂ ਭਾਈ ਮਾਨ ਸਿੰਘ ਨਿਸ਼ਾਨਚੀ ਨੇ ਕੀਤੀ ਸੀ ਅਤੇ ਜੰਗ ਦੇ ਮੈਦਾਨ ਵਿਚ ਆਖਰੀ ਸਾਹ ਤੱਕ ਨਿਸ਼ਾਨ ਸਾਹਿਬ ਲੈ ਕੇ ਦੁਸ਼ਮਣ ਦਾ ਟਾਕਰਾ ਕੀਤਾ। ਇਹ ਗੁਰਦਆਰਾ ਸਾਹਿਬ ਕਦੇ ਨਾ ਹਾਰਨ ਅਤੇ ਸਿਰ ਉੱਚਾ ਰੱਖਣ ਦੀ ਪ੍ਰੇਰਣਾ ਵੀ ਦਿੰਦਾ ਹੈ। ਇਹ ਅਸਥਾਨ ਵਰਤਮਾਨ ਵਿਚ ਵੀ ਖਾਲਸੇ ਦੇ ਬਾਣੇ ਦੀ ਸੂਝ ਬਖਸ਼ਦਾ ਹੈ ਅਤੇ ਜ਼ਾਲਿਮ ਦੇ ਸੰਘਾਰ ਲਈ ਸ਼ਸ਼ਤਰਧਾਰੀ ਹੋਣ ਦੀ ਪ੍ਰੇਰਣਾ ਵੀ ਪ੍ਰਦਾਨ ਕਰਦਾ ਹੈ।

ਗੁਰੂ ਸਾਹਿਬ ਨੇ ਕਈ ਬਾਗ ਲਗਵਾਏ, ਜੋ ਕਿ ਸਿੱਖਾਂ ਨੂੰ ਕੁਦਰਤ ਨਾਲ ਪ੍ਰੇਮ ਕਰਨ ਦੀ ਪ੍ਰੇਰਣਾ ਕਰਦੇ ਹਨ। ਅਨੰਦਪੁਰ ਸਾਹਿਬ ਵਿਚਲਾ ‘ਗੁਰਦੁਆਰਾ ਸ਼ਹੀਦੀ ਬਾਗ ਸਾਹਿਬ’ ਸਾਨੂੰ ਵਰਤਮਾਨ ਸਮੇਂ ਵਿਚ ਵਾਤਾਵਰਣ ਦੀ ਸਾਂਭ-ਸੰਭਾਲ ਹਿਤ ਬਾਗ ਆਦਿ ਲਗਵਾਉਣ ਲਈ ਉਤਸ਼ਾਹਿਤ ਕਰਦਾ ਹੈ। ਫਲ਼ਾਂ ਵਾਲੇ ਦਰੱਖਤ ਅਤੇ ਬਾਗ ਆਦਿ ਧਰਤੀ ਦਾ ਸ਼ਿੰਗਾਰ ਹੁੰਦੇ ਹਨ। ਗੁਰੂ ਸਾਹਿਬ ਬਾਗ ਆਦਿ ਲਗਵਾਇਆ ਕਰਦੇ ਸਨ। ਸਾਫ ਆਬੋ-ਹਵਾ ਨਾਲ ਹੀ ਜੀਵਨ ਅਰੋਗ ਅਤੇ ਜਿਊਣ ਯੋਗ ਹੋ ਸਕਦਾ ਹੈ। ਬਾਗ ਨਾਲ ਜੋ ਸ਼ਹੀਦੀ ਸ਼ਬਦ ਜੁੜਿਆ ਹੈ ਉਹ ਇਸਨੂੰ ਹੋਰ ਵੀ ਵਿਲੱਖਣ ਬਣਾ ਰਿਹਾ ਹੈ ਅਤੇ ਜੋ ਹਰ ਸਿੱਖ ਨੂੰ ਨਿਤਾਪ੍ਰਤੀ ਧਰਮ ਹੇਤ ਆਪਾ ਵਾਰਣ ਦੀ ਪ੍ਰੇਰਣਾ ਦਿੰਦਾ ਹੈ। ਸਿੱਖ ਧਰਮ ਰੂਪੀ ਬਾਗ ਸ਼ਹੀਦਾਂ ਦੇ ਖੂਨ ਨਾਲ ਹੀ ਅੱਜ

ਤੱਕ ਪ੍ਰਫੁਲਿਤ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਵਿਚ ਜੋ ਪੰਜ ਕਿਲ੍ਹੇ ਬਣਵਾਏ ਹਨ, ਇਹਨਾਂ ਦੀ ਵੀ ਬਹੁਤ ਮਹਤੱਤਾ ਹੈ। ਇਹਨਾਂ ਕਿਲ੍ਹਿਆਂ ਦੇ ਨਾਂ ਸਾਨੂੰ ਅਨੰਦ ਅਤੇ ਫਤਹਿ ਦਾ ਅਨੁਭਵ ਕਰਵਾਉਂਦੇ ਹਨ। ਇਹ ਸਾਨੂੰ ਲੋਹੇ ਵਾਂਗ ਮਜਬੂਤ ਰਹਿਣ ਅਤੇ ਜ਼ੁਲਮ ਖਿਲਾਫ ਲੜਦੇ ਰਹਿਣ ਲਈ ਨਿਤਾਪ੍ਰਤੀ ਅਭਿਆਸ ਕਰਨ ਦੀ ਪ੍ਰੇਰਣਾ ਦਿੰਦੇ ਹਨ। ਇਹ ਸਾਨੂੰ ਰਣਨੀਤਕ ਪੱਖੋਂ ਦੂਰ ਅੰਦੇਸ਼ੀ ਨਾਲ ਵਿਚਰਨਾ ਸਿਖਾਉਂਦੇ ਹਨ। ਇਹ ਭਵਿੱਖ ਦੀਆਂ ਤਿਆਰੀਆਂ ਦਾ ਵਿਲੱਖਣ ਨਮੂਨਾ ਹਨ। ਕਿਲ੍ਹਾ ਲੋਹਗੜ੍ਹ ਸਾਨੂੰ ਸਦਾ ਸ਼ਸ਼ਤਰ ਬਣਾਉਣ, ਵਰਤਣ ਅਤੇ ਸ਼ਸਤਰਾਂ ਨਾਲ ਜੁੜੇ ਰਹਿਣ ਦੀ ਪ੍ਰੇਰਣਾ ਪ੍ਰਦਾਨ ਕਰਦਾ ਹੈ। ਕਿਲ੍ਹਾ ਹੋਲਗੜ੍ਹ ਖ਼ਾਲਸਾਈ ਤਿਉਹਾਰ ਹੋਲੇ-ਮਹੱਲੇ ਦੀ ਯਾਦ ਦਾ ਇਕ ਅਨੁਪਮ ਨਮੂਨਾ ਹੈ, ਜੋ ਕਿ ਸਿੱਖ ਨੂੰ ਹਮੇਸ਼ਾਂ ਸ਼ਸਤਰ ਅਭਿਆਸ ਲਈ ਪ੍ਰੇਰਿਤ ਕਰਦਾ ਹੈ। ਇਹ ਅਸਥਾਨ ਖਾਲਸੇ ਦੇ ਤਿਉਹਾਰਾਂ ਨੂੰ ਵੀ ਦੂਜੇ ਤਿਉਹਾਰਾਂ ਤੋਂ ਵਿਲੱਖਣਤਾ ਪ੍ਰਦਾਨ ਕਰਦਾ ਹੈ। ਗੁਰਦੁਆਰਾ ਕਿਲ੍ਹਾ ਅਨੰਦਗੜ੍ਹ ਸਾਹਿਬ ਹਰ ਸਿੱਖ ਨੂੰ ਮੁਸ਼ਕਿਲ ਸਮੇਂ ਵੀ ਆਪਣਾ ਸਾਹਸ ਬਣਾਈ ਰੱਖਣ ਦੀ ਪ੍ਰੇਰਣਾ ਦਿੰਦਾ ਹੈ। ਕੋਈ ਸੁੱਖ ਸੁਵਿਧਾ ਨਾ ਹੋਣ ਦੇ ਬਾਵਜੂਦ ਵੀ ਆਪਣੀ ਟੇਕ ਅਕਾਲ ਪੁਰਖ ’ਤੇ ਰੱਖਣ, ਆਤਮ ਵਿਸ਼ਵਾਸ਼ ਬਣਾਈ ਰੱਖਣ ਅਤੇ ਚੜ੍ਹਦੀ ਕਲਾ ਵਿਚ ਰਹਿਣ ਦਾ ਸੰਦੇਸ਼ ਦਿੰਦਾ ਹੈ। ਹਰੇਕ ਸਿੱਖ ਨੂੰ ਦੁਨਿਆਵੀ ਪਦਾਰਥਾਂ ਨਾਲ ਮੋਹ ਨਾ ਪਾ ਕੇ ਸਗੋਂ ਨਿਰਲੇਪ ਰਹਿਣ ਦਾ ਸਬਕ ਵੀ ਇਸ ਅਸਥਾਨ ਤੋਂ ਮਿਲਦਾ ਹੈ, ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਆਪਣੇ ਤਿਆਰ ਕਰਵਾਏ ਕਿਲ੍ਹਿਆਂ ਅਤੇ ਹੋਰ ਸੁੱਖ ਸਹੂਲਤਾਂ ਦਾ ਤਿਆਗ ਕਰਕੇ ਅਨੰਦਪੁਰ ਤੋਂ ਚਲੇ ਗਏ ਸਨ।

ਗੁਰਦੁਆਰਾ ਭਾਈ ਘਨੱਈਆ ਜੀ ਨਾਂ ਦਾ ਅਸਥਾਨ, ਭਾਈ ਘਨੱਈਆ ਜੀ ਦੀ ‘ਨਾ ਕੋ ਬੈਰੀ ਨਹੀ ਬਿਗਾਨਾ’ ਵਾਲੀ ਉਚ ਆਤਮਿਕ ਅਵਸਥਾ ਦੀ ਯਾਦ ਕਰਵਾਉਣ ਦੇ ਨਾਲ-ਨਾਲ ਸਾਨੂੰ ਵੀ ਭਾਈ ਸਾਹਿਬ ਵਾਂਗ ਸਾਰਿਆਂ ਵਿਚੋਂ ਗੁਰੂ ਦੇ ਦਰਸ਼ਨ ਕਰਨ ਦੀ ਸਿੱਖਿਆ ਦਿੰਦਾ ਹੈ। ਇਹ ਅਸਥਾਨ ਸਿਖਾਉਂਦਾ ਹੈ ਕਿ ਸੇਵਾ ਨਿਰਸਵਾਰਥ ਭਾਵ ਨਾਲ ਕਰਨੀ ਚਾਹੀਦੀ ਹੈ ਅਤੇ ਮਨ ਵਿਚੋਂ ਮਿੱਤਰ ਤੇ ਦੁਸ਼ਮਣ ਦਾ ਭਾਵ ਤਿਆਗ ਕੇ ਕੀਤੀ ਸੇਵਾ ਹੀ ਉੱਤਮ ਦਰਜਾ ਰੱਖਦੀ ਹੈ।

ਗੁਰਦੁਆਰਾ ਭਾਈ ਜੈਤਾ ਜੀ, ਭਾਈ ਸਾਹਿਬ ਵਾਂਗ ਆਪਣਾ ਜੀਵਨ ਦਾਅ ’ਤੇ ਲਗਾਉਂਦਿਆਂ ਗੁਰੂ

ਦੀ ਸੇਵਾ ਕਰਨ ਦਾ ਸਬਕ ਸਿਖਾਉਂਦਾ ਹੈ। ਇਹ ਅਸਥਾਨ ਆਪਣਾ ਸੁੱਖ ਆਰਾਮ ਤਿਆਗ ਕੇ, ਆਪਣੀ ਜਿੰਦਗੀ ਦੀ ਵੀ ਪਰਵਾਹ ਨਾ ਕਰ ਕਰਦਿਆਂ, ਔਖੇ ਸਮੇਂ ਵਿਚ ਗੁਰੂ ਦੀ ਸੇਵਾ ਕਰਕੇ 'ਗੁਰੂ ਕੇ ਬੇਟੇ' ਦਾ ਖਿਤਾਬ ਹਾਸਲ ਕਰਨ ਦਾ ਸੁਖੈਨ ਅਨੁਭਵ ਦਾ ਗਿਆਨ ਸਿੱਖਾਂ ਨੂੰ ਸਦੀਵੀ ਰੂਪ ਵਿਚ ਪ੍ਰਦਾਨ ਕਰਦਾ ਹੈ।

ਪੁਆਧ ਖੇਤਰ ਦਾ ਦੂਸਰਾ ਪ੍ਰਸਿੱਧ ਇਤਿਹਾਸਕ ਨਗਰ ਕੀਰਤਪੁਰ ਸਾਹਿਬ ਹੈ, ਜਿਸਨੂੰ ਕਈ ਗੁਰੂ ਸਾਹਿਬਾਨ ਦੀ ਪਵਿੱਤਰ ਚਰਨ-ਛੋਹ ਪ੍ਰਾਪਤ ਹੈ ਅਤੇ ਉਹਨਾਂ ਥਾਵਾਂ ਉਤੇ ਇਤਿਹਾਸਕ ਗੁਰਦੁਆਰੇ ਹਨ, ਜਿਹਨਾਂ ਦੀ ਵਰਤਮਾਨ ਪ੍ਰਸੰਗਿਕਤਾ ਦਾ ਵਰਣਨ ਨਿਮਨ ਅਨੁਸਾਰ ਹੈ :

ਕੀਰਤਪੁਰ ਸਾਹਿਬ ਵਿਖੇ ਸਥਿਤ ਬਾਬਾ ਸ੍ਰੀਚੰਦ ਜੀ ਦਾ ਤਪ ਅਸਥਾਨ, ਤਿਆਗ, ਸਿਮਰਨ ਅਤੇ ਵੈਰਾਗ ਦੀ ਪ੍ਰੇਰਣਾ ਦਿੰਦਾ ਹੈ। ਇਹ ਅਸਥਾਨ ਇਹ ਵੀ ਯਾਦ ਦਿਵਾਉਂਦਾ ਹੈ ਕਿ ਉਦਾਸੀ ਮਤ, ਸਿੱਖ ਪੰਥ ਦਾ ਇਕ ਅਨਿੱਖੜ ਅੰਗ ਹੈ। ਇਸਦੇ ਨਜਦੀਕ ਹੀ ਸਥਿਤ ਬਾਬਾ ਗੁਰਦਿੱਤਾ ਜੀ ਦਾ ਅਸਥਾਨ ਗੁਰੂ ਦਾ ਬਚਨ ਮੰਨਣ ਅਤੇ ਭਾਣੇ ਵਿਚ ਚੱਲਣ ਦੀ ਤਾਕੀਦ ਕਰਦਾ ਹੈ, ਜਿਵੇਂ ਬਾਬਾ ਗੁਰਦਿੱਤਾ ਜੀ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਬਚਨ ਮੰਨਦਿਆਂ ਆਪਣਾ ਸਰੀਰ ਤਿਆਗ ਦਿੱਤਾ ਸੀ।

ਗੁਰਦੁਆਰਾ ਹਰਿਮੰਦਿਰ ਸਾਹਿਬ ਵਿਚਲਾ ਬਾਗ, ਜੋ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਲਗਵਾਇਆ ਸੀ ਵਾਤਾਵਰਣ ਦੀ ਸਾਂਭ-ਸੰਭਾਲ ਅਤੇ ਦੇਸੀ ਜੜੀ-ਬੂਟੀਆਂ ਰਾਹੀ ਸਰੀਰਕ ਰੋਗਾਂ ਦੀ ਨਵਿਰਤੀ ਦਾ ਲਖਾਇਕ ਹੈ। ਸਿੱਖ ਧਰਮ ਵਿਚ ਸਰੀਰ ਨੂੰ ਹਰਿਮੰਦਿਰ ਦੀ ਸੰਗਿਆ ਵੀ ਦਿੱਤੀ ਗਈ ਹੈ, ਇਸੇ ਲਈ ਇਹ ਅਸਥਾਨ ਵੀ ਸੰਗਤਾਂ ਨੂੰ ਸਰੀਰਕ ਅਰੋਗਤਾ ਲਈ ਜਾਗਰੂਕ ਕਰਦਾ ਹੈ।

ਗੁਰਦੁਆਰਾ ਪਤਾਲਪੁਰੀ ਸਾਹਿਬ ਗੁਰੂ ਸਾਹਿਬਾਨ ਦੀ ਚਰਨ-ਛੋਹ ਹੋਣ ਕਾਰਨ ਅਸਥੀਆਂ ਦੀ ਸਾਂਭ-ਸੰਭਾਲ ਨਾਲ ਜੁੜੇ ਅੰਧ ਵਿਸ਼ਵਾਸ਼ਾਂ ਤੋਂ ਛੁਟਕਾਰਾ ਦਿਵਾਉਂਦਾ ਹੈ। ਇਹ ਅਸਥਾਨ ਸਿੱਖਾਂ ਦੇ ਨਿਆਰੇਪਣ ਅਤੇ ਵਿਲੱਖਣ ਸੱਭਿਆਚਾਰ ਦੀ ਪ੍ਰੋੜਤਾ ਕਰਦਾ ਹੈ ਅਤੇ ਸਿੱਖਾਂ ਨੂੰ ਪਹੇਵਾ ਅਤੇ ਹਰਦੁਆਰ ਆਦਿਕ ਹਿੰਦੂ ਤੀਰਥਾਂ ਉਤੇ ਜਾ ਕੇ ਫੁੱਲ ਪਾਉਣ ਸਬੰਧੀ ਅਨੇਕਾਂ ਕਰਮ-ਕਾਂਡਾਂ ਤੋਂ ਵੀ ਰੋਕਦਾ ਹੈ। ਮੁਸਲਮਾਨ ਫਕੀਰ ਬਾਬਾ ਬੁੱਢਣ ਸ਼ਾਹ ਜੀ ਦਾ ਅਸਥਾਨ ਹਮੇਸ਼ਾਂ ਗੁਰੂ ਪ੍ਰਤੀ ਪ੍ਰੇਮ ਨੂੰ ਦ੍ਰਿੜ ਕਰਵਾਉਂਦਾ ਹੈ।

ਗੁਰਦੁਆਰਾ ਨਿਰਮੋਹਗੜ ਸਾਹਿਬ, ਜਿੱਥੇ ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਦਾ ਮੋਹ ਤਿਆਗ ਕੇ

ਆ ਬਿਰਾਜੇ ਸਨ। ਇਹ ਅਸਥਾਨ ਅੱਜ ਵੀ ਹਰ ਸਿੱਖ ਨੂੰ ਪਦਾਰਥਕ ਅਤੇ ਸਰੀਰਕ ਮੋਹ ਤੋਂ ਨਿਰਮੋਹ ਹੋ ਕੇ ਸੱਚ ਲਈ ਆਪਾ ਕੁਰਬਾਨ ਕਰਨ ਅਤੇ ਹਰ ਹੀਲੇ ਜ਼ੁਲਮ ਦੀ ਜੜ੍ਹ ਪੁੱਟਣ ਦੀ ਪ੍ਰੇਰਣਾ ਕਰਦਾ ਹੈ। ਇਸੇ ਤਰ੍ਹਾਂ ਗੁਰਦੁਆਰਾ ਪਰਿਵਾਰ ਵਿਛੋੜਾ ਸਾਹਿਬ ਸਾਨੂੰ ਧਰਮ ਹੇਤ ਮੁਸ਼ਕਿਲਾਂ ਨੂੰ ਖਿੜੇ ਮੱਥੇ ਸਵੀਕਾਰਨ ਦਾ ਸੰਕਲਪ ਦ੍ਰਿੜ ਕਰਵਾਉਂਦਾ ਹੈ। ਇਹ ਅਸਥਾਨ ਔਖੇ ਸਮੇਂ ਵਿਚ ਵੀ ਹਰ ਸਿੱਖ ਨੂੰ ਨਿਤਨੇਮ ਦਾ ਧਾਰਨੀ ਹੋਣ ਦਾ ਸਬਕ ਬਖਸ਼ਦਾ ਹੈ। ਜਦੋਂ ਸਰਸਾ ਨਦੀ ਦੇ ਕਿਨਾਰੇ ਦੁਸ਼ਮਣ ਫ਼ੌਜਾਂ ਪਿੱਛਾ ਕਰ ਰਹੀਆਂ ਸਨ ਤਾਂ ਵੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਵੇਲੇ ਦੇ ਨਿਤਨੇਮ ਦੀ ਮਰਿਆਦਾ ਨਿਭਾਂਉਂਦਿਆਂ ਆਸਾ ਕੀ ਵਾਰ ਦਾ ਕੀਰਤਨ ਕੀਤਾ।

ਗੁਰਦੁਆਰਾ ਲੋਹਗੜ੍ਹ ਫਿਡੇ ਦਾ ਇਤਿਹਾਸ ਸਾਨੂੰ ਸੱਚੇ ਪ੍ਰੇਮ ਅਤੇ ਉਚੇ ਜਜ਼ਬੇ ਦੀ ਯਾਦ ਦਿਵਾਉਂਦਾ ਹੈ। ਅਜੋਕੇ ਸਮੇਂ ਵਿਚ ਜਿਥੇ ਗੁਰੂ ਪ੍ਰਤੀ ਪ੍ਰੇਮ ਵੀ ਸੱਚਾ ਨਹੀਂ ਰਿਹਾ ਉਥੇ ਜਜ਼ਬਾ ਵੀ ਡਿੱਗਦਾ ਜਾ ਰਿਹਾ ਹੈ, ਉਥੇ ਇਹ ਅਸਥਾਨ ਸਾਨੂੰ ਇਹਨਾਂ ਦੋਵਾਂ ਗਿਰਾਵਟਾਂ ਤੋਂ ਸਾਵਧਾਨ ਹੋਣ ਦੀ ਪ੍ਰੇਰਣਾ ਬਖਸ਼ਦਾ ਹੈ।

ਗੁਰਦੁਆਰਾ ਬਾਣਗੜ੍ਹ ਸਾਹਿਬ, ਜਿੱਥੇ ਗੁਰੂ ਗੋਬਿੰਦ ਸਿੰਘ ਨੇ ਬਹੁਤ ਦੂਰੋਂ ਤੀਰ ਮੁਗਲ ਸੈਨਾਪਤੀਆਂ ਦੇ ਪਲੰਘ ਦੇ ਪਾਵੇ ਵਿਚ ਮਾਰ ਕੇ ਇਹ ਦਰਸਾਇਆ ਕਿ ਸ਼ਸਤਰ ਵਿਦਿਆ ਵਿਚ ਪ੍ਰਬੀਨ ਹੋਣਾ ਕਿਸੇ ਕਰਾਮਾਤ ਤੋਂ ਘੱਟ ਨਹੀਂ। ਅੱਜ ਵੀ ਇਹ ਅਸਥਾਨ ਸਿੱਖਾਂ ਨੂੰ ਸ਼ਸਤਰ ਵਿਦਿਆ ਵਿਚ ਨਿਪੁੰਨ ਹੋਣ ਦਾ ਉਪਦੇਸ਼ ਦ੍ਰਿੜ ਕਰਵਾਉਂਦਾ ਹੈ। ਗੁਰਦਆਰਾ ਛਿੜਾ ਸਾਹਿਬ, ਬਸਾਲੀ ਉਸ ਘਟਨਾ ਦੀ ਯਾਦ ਦਿਵਾਉਂਦਾ ਹੈ ਕਿ ਬਸਾਲੀ ਦਾ ਰਾਜਾ ਸੁਲਾਹੀ ਚੰਦ ਦੇ ਹਿਰਦੇ ਵਿਚ ਗੁਰੂ ਗੋਬਿੰਦ ਸਿੰਘ ਜੀ ਲਈ ਕਿੰਨਾ ਪ੍ਰੇਮ ਅਤੇ ਸਤਿਕਾਰ ਸੀ, ਜਿਸ ਕਾਰਨ ਉਹ ਗੁਰੂ ਜੀ ਨੂੰ ਪਹਾੜੀ ਰਾਜਿਆਂ ਅਤੇ ਮੁਗਲਾਂ ਨਾਲ ਜੰਗ ਦੇ ਬਾਵਜੂਦ ਵੀ ਆਪਣੀ ਰਿਆਸਤ ਵਿਚ ਲੈ ਕੇ ਆਇਆ ਸੀ। ਇਹ ਅਸਥਾਨ ਅੱਜ ਵੀ ਰਾਜਨੀਤਕ ਲੋਕਾਂ ਨੂੰ ਇਹ ਉਪਦੇਸ਼ ਦਿੰਦਾ ਹੈ ਕਿ ਮੀਰੀ ਸਦਾ ਪੀਰੀ ਦੀ ਪਨਾਹ ਵਿਚ ਮੌਲਦੀ-ਵਿਗਸਦੀ ਰਹੀ ਹੈ। ਪੀਰੀ ਪਹਿਲਾਂ ਵੀ ਉੱਚੀ ਸੀ ਤੇ ਅੱਜ ਵੀ ਉੱਚੀ ਹੈ ਅਤੇ ਮੀਰੀ ਸਦਾ ਨੀਵੀਂ ਰਹੀ ਹੈ। ਰਾਜਿਆਂ ਨੂੰ ਵੀ ਅਕਾਲੀ ਜੋਤਿ ਦੇ ਧਾਰਨੀ ਸਤਿਗੁਰੂ ਜੀ ਦੀ ਚਰਨ-ਸ਼ਰਨ ਵਿਚ ਆਇਆਂ ਹੀ ਖੁਸ਼ੀਆਂ ਅਤੇ ਸੁੱਖ ਮਿਲਦੇ ਹਨ।

ਪਿੰਡ ਬਜਰੂੜ ਦੇ ਜ਼ੁਲਮੀ ਰੰਘੜਾਂ ਨੂੰ ਸੋਧਣ ਲਈ ਗੁਰੂ ਗੋਬਿੰਦ ਸਿੰਘ ਜੀ ਸਰਥਲੀ ਅਤੇ ਬਜਰੂੜ

ਪਿੰਡਾਂ ਵਿਚ ਆਏ। ਗੁਰੂ ਜੀ ਨੇ ਰੰਘੜਾਂ ਨੂੰ ਜੰਗ ਵਿਚ ਮਾਰ ਮੁਕਾ ਕੇ ਉਹਨਾਂ ਦੇ ਜ਼ੁਲਮਾਂ ਤੋਂ ਸੰਗਤਾਂ ਨੂੰ ਮੁਕਤੀ ਦਿਵਾਈ। ਇਥੋਂ ਦੇ ਇਤਿਹਾਸਕ ਅਸਥਾਨ ਅੱਜ ਵੀ ਜ਼ੁਲਮ ਦਾ ਟਾਕਰਾ ਤੇਗ ਨਾਲ ਕਰਨ ਦਾ ਸੰਦੇਸ਼ ਦਿੰਦੇ ਹਨ ਅਤੇ ਦੀਨ ਤੇ ਸੇਵਕ ਦੀ ਰੱਖਿਆ ਅਤੇ ਦੁਸ਼ਟ ਨੂੰ ਦੰਡ ਦੇਣ ਦੀ ਪ੍ਰੇਰਣਾ ਕਰਦੇ ਹਨ।

ਪੁਆਧ ਖੇਤਰ ਦੇ ਨਗਰ ਚਮਕੌਰ ਸਾਹਿਬ ਵਿਚ ਕਈ ਧਾਰਮਿਕ ਅਸਥਾਨ ਹਨ, ਜੋ ਕਿ ਸਿੱਖਾਂ ਦੇ ਮਨਾਂ ਵਿਚ ਸ਼ਹਾਦਤ ਦਾ ਚਾਅ ਪੈਦਾ ਕਰਦੇ ਅਤੇ 'ਅਤਿ ਹੀ ਰਨ ਮੈ ਤਬ ਜੂਝਿ ਮਰੋ' ਦਾ ਸੰਦੇਸ਼ ਦਿੰਦੇ ਹਨ। ਇਥੋਂ ਦਾ ਗੁਰਦੁਆਰਾ ਰਣਜੀਤਗੜ੍ਹ ਸਾਹਿਬ ਸਿੱਖਾਂ ਨੂੰ ਹਰ ਸਮੇਂ ਜੂਝਣ ਲਈ ਤਿਆਰ-ਬਰ-ਤਿਆਰ ਰਹਿਣ ਅਤੇ ਕਿਸੇ ਵੀ ਖਤਰੇ ਦਾ ਚੜ੍ਹਦੀ ਕਲਾ ਨਾਲ ਮੁਕਾਬਲਾ ਕਰਨ ਦਾ ਸ਼ੰਦੇਸ਼ ਦਿੰਦਾ ਹੈ। ਅਕਾਲ ਪੁਰਖ ਆਪਣੇ ਸੇਵਕਾਂ ਨੂੰ ਰਣ ਵਿਚ ਜਿੱਤ ਜਰੂਰ ਬਖਸ਼ਦਾ ਹੈ। ਇਹ ਅਸਥਾਨ 'ਹਰ ਮੈਦਾਨ ਫਤਹਿ' ਦਾ ਸੰਦੇਸ਼ ਦਿੰਦਾ ਹੈ। ਗੁਰਦੁਆਰਾ ਗੜ੍ਹੀ ਸਾਹਿਬ ਅਤੇ ਕਤਲਗੜ੍ਹ ਸਾਹਿਬ ਉਹ ਅਸਥਾਨ ਹਨ, ਜਿਥੋਂ ਗੁਰੂ ਦੀ ਉਸ ਸਮਦ੍ਰਿਸ਼ਟੀ ਦੀ ਸਮਝ ਪੈਂਦੀ ਹੈ ਕਿ ਜਿਥੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਾਹਿਬਜ਼ਾਦਿਆਂ ਅਤੇ ਪਿਆਰੇ ਸਿੰਘਾਂ ਵਿਚ ਕੋਈ ਫਰਕ ਨਹੀਂ ਕੀਤਾ। ਸਿੰਘਾਂ ਦੇ ਨਾਲ ਹੀ ਆਪਣੇ ਸਾਹਿਬਜ਼ਾਦਿਆਂ ਨੂੰ ਵੀ ਜੰਗ ਦੇ ਮੈਦਾਨ ਵਿਚ ਜੂਝ ਕੇ ਸ਼ਹਾਦਤ ਪ੍ਰਾਪਤ ਕਰਨ ਲਈ ਭੇਜਿਆ। ਇਸੇ ਅਸਥਾਨ 'ਤੇ ਪੰਡਿਤ ਕਿਰਪਾ ਰਾਮ ਜੋ ਕਿ ਅੰਮ੍ਰਿਤ ਛਕ ਕੇ ਸਿੰਘ ਸਜ ਕੇ ਕਿਰਪਾ ਸਿੰਘ ਬਣ ਗਿਆ, ਗੁਰੂ ਜੀ ਦੇ ਕੀਤੇ ਪਰਉਪਕਾਰ ਦਾ ਬਦਲ ਪੇਸ਼ ਕਰਦਿਆਂ ਸ਼ਹਾਦਤ ਦਾ ਜਾਮ ਪੀ ਗਏ। ਇਹ ਅਸਥਾਨ ਆਪੇ ਗੁਰੂ ਚੇਲਾ ਹੋਣ ਦੀ ਘਟਨਾ ਦਾ ਵੀ ਪਰਤੱਖ ਪ੍ਰਮਾਣ ਹੈ। ਇਹ ਸਾਨੂੰ ਇਕੱਲਿਆਂ ਹੀ ਜੁਲਮ ਦੇ ਖਿਲਾਫ ਜੂਝਣ ਦੀ ਪ੍ਰੇਰਣਾ ਕਰਦਾ ਹੈ। ਇਹ ਸਾਨੂੰ ਦੁਸ਼ਮਣ ਦੀਆਂ ਕੁਚਾਲਾਂ ਨੂੰ ਸਮਝਣ ਦੀ ਸੂਝ ਬਖਸ਼ਦਾ ਹੈ। ਇਹ ਅਸਥਾਨ ਗੁਰੂ ਅਤੇ ਸਿੱਖ ਦੀ ਆਪਸੀ ਅਭੇਦਤਾ ਦਾ ਪ੍ਰਤੀਕ ਹੈ।

ਗੁਰਦੁਆਰਾ ਤਾੜੀ ਸਾਹਿਬ ਦੁਸ਼ਮਣ ਦੇ ਘੇਰੇ ਵਿਚ ਵੀ ਨਿਡਰਤਾ ਸਹਿਤ ਵਿਚਰਨ ਦੀ ਭਾਵਨਾ ਪੈਦਾ ਕਰਦਾ ਹੈ। ਸ਼ਹੀਦ ਬੁਰਜ ਭਾਈ ਜੀਵਨ ਸਿੰਘ ਗੁਰੂ ਦੇ ਪਿਆਰ ਲਈ ਸਿੱਖ ਦੇ ਸਮਰਪਣ ਦੀ ਮਿਸਾਲ ਹੈ। ਬੀਬੀ ਸ਼ਰਨ ਕੌਰ ਦਾ ਅਸਥਾਨ ਸ਼ਹੀਦਾਂ ਦੀਆਂ ਕੁਰਬਾਨੀਆਂ ਦੀ ਸਾਂਭ-ਸੰਭਾਲ ਆਪਣੀ ਜਾਨ ਦਾਅ ਉਤੇ ਲਗਾ ਕੇ ਕਰਨ ਦੀ ਦ੍ਰਿੜਤਾ ਬਖਸ਼ਦਾ ਹੈ।

ਗੁਰਦੁਆਰਾ ਕੁੰਮਾ ਮਾਸ਼ਕੀ ਦੀ ਛੰਨ, ਕਾਈਨੌਰ, ਐਮਾ ਸਾਹਿਬ, ਗੁਪਤਸਰ ਸਾਹਿਬ, ਰਥ ਸਾਹਿਬ, ਕੋਤਵਾਲੀ ਸਾਹਿਬ ਆਦਿ ਅਸਥਾਨ ਗੁਰੂ ਗੋਬਿੰਦ ਸਿੰਘ ਜੀ ਦੇ ਦੋਵੇਂ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਤੋਂ ਪੂਰਬਲੀਆਂ ਤਕਲੀਫਾਂ ਦੀ ਦਾਸਤਾਨ ਦਾ ਜ਼ਿਕਰ ਕਰਦੇ ਹਨ ਕਿ ਉਹਨਾਂ ਨੇ ਜ਼ਾਲਮ ਹਕੂਮਤ ਦੁਆਰਾ ਦਿੱਤੇ ਅਨੇਕਾਂ ਕਸ਼ਟ ਸਹਾਰਨ ਦੇ ਬਾਵਜੂਦ ਵੀ ਆਪਣਾ ਦੀਨ ਨਹੀਂ ਤਿਆਗਿਆ। ਇਹ ਅਸਥਾਨ ਅੱਜ ਵੀ ਇਹ ਸਬਕ ਦਿੰਦੇ ਹਨ ਕਿ ਔਕੜਾਂ ਦੇ ਬਾਵਜੂਦ ਵੀ ਸਾਨੂੰ ਆਪਣੇ ਇਸ਼ਟ ਵਿਚ ਪੂਰਨ ਭਰੋਸਾ ਰੱਖਦੇ ਹੋਏ, ਆਪਣੇ ਦੀਨ ਵਿਚ ਪਰਪੱਕ ਰਹਿਣਾ ਚਾਹੀਦਾ ਹੈ। ਭਾਵੇਂ ਦੀਨ ਦੇ ਹੇਤ ਸ਼ਹਾਦਤ ਦਾ ਜਾਮ ਹੀ ਕਿਉਂ ਨਾ ਪੀਣਾ ਪੈ ਜਾਵੇ।

ਲੰਗਰ ਸੰਸਥਾ ਦਾ ਆਰੰਭ ਗੁਰੂ ਸਾਹਿਬ ਤੋਂ ਹੋ ਚੁੱਕਿਆ ਸੀ ਅਤੇ ਰੂਪਨਗਰ ਦੇ ਰਾਜਾ ਭੂਪ ਸਿੰਘ ਨੇ ਇਸ ਨੂੰ ਅਮਲੀ ਜਾਮਾ ਪਾਉਂਦੇ ਹੋਏ ਗੁਰਦੁਆਰਾ ਗੁਰੂਗੜ੍ਹ ਸਾਹਿਬ ਵਿਖੇ ਹਰ ਸਮੇਂ ਲੰਗਰ ਵਰਤਾਉਣ ਦੀ ਅਰੰਭਤਾ ਕੀਤੀ। ਇਸੇ ਕਰਕੇ ਇਸ ਅਸਥਾਨ ਦਾ ਨਾਂ 'ਸਦਾਵਰਤ' ਪੈ ਗਿਆ। ਅਸਲ ਵਿਚ ਲੰਗਰ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਈ ਉਹ ਸੰਸਥਾ ਹੈ, ਜਿਸਨੇ ਸਮੁੱਚੇ ਸਿੱਖ ਜਗਤ ਦਾ ਸਿਰ ਸੰਸਾਰ ਵਿਚ ਉੱਚਾ ਕੀਤਾ ਹੈ। ਅੱਜ ਵੀ ਗੁਰਦੁਆਰਾ ਗੁਰੂਗੜ੍ਹ ਸਾਹਿਬ, ਲੰਗਰ ਅਤੇ ਸਦਾਵਰਤ ਦੀ ਪ੍ਰਸੰਗਿਕਤਾ ਨੂੰ ਪ੍ਰਗਟ ਕਰ ਰਿਹਾ ਹੈ।

ਰੂਪਨਗਰ ਵਿਚਲੇ ਅਸਥਾਨ ਗੁਰਦੁਆਰਾ ਮਾਤਾ ਸਾਹਿਬ ਕੌਰ ਜੀ ਅਤੇ ਮਾਤਾ ਸੁੰਦਰੀ ਜੀ ਦੇ ਇਤਿਹਾਸ ਤੋਂ ਸਾਨੂੰ ਇਹ ਪ੍ਰੇਰਣਾ ਮਿਲਦੀ ਹੈ ਕਿ ਸਮੇਂ ਦੀ ਨਜ਼ਾਕਤ ਨੂੰ ਧਿਆਨ ਵਿਚ ਰੱਖਦਿਆਂ ਮੁਸ਼ਕਿਲਾਂ ਦੇ ਬਚਾਅ ਹਿਤ ਕਿਵੇਂ ਪਾਸਾ ਵੱਟਣਾ ਹੈ ਅਤੇ ਅਕਾਲ ਪੁਰਖ ਦੇ ਭਾਣੇ ਨੂੰ ਸਿਰ ਮੱਥੇ ਮੰਨਣਾ ਚਾਹੀਦਾ ਹੈ। ਇਸ ਅਸਥਾਨ ਤੋਂ ਦੋਵੇਂ ਮਾਤਾਵਾਂ ਨੇ ਸਾਰਾ ਪਰਿਵਾਰ ਵਿਛੜਣ ਤੋਂ ਬਾਅਦ ਅਕਾਲ ਪੁਰਖ ਦੀ ਰਜ਼ਾ ਵਿਚ ਰਾਤ ਨੂੰ ਵਿਸ਼ਰਾਮ ਕੀਤਾ ਅਤੇ ਪਰਮਾਤਮਾ ਦਾ ਭਾਣਾ ਮੰਨਦਿਆਂ ਅਗਲੀ ਸਵੇਰ ਦਿੱਲੀ ਵੱਲ ਨੂੰ ਚਾਲੇ ਪਾ ਦਿੱਤੇ।

ਗੁਰਦੁਆਰਾ ਭੱਠਾ ਸਾਹਿਬ ਉਹ ਪਾਵਨ ਅਸਥਾਨ ਹੈ ਜਿਥੋਂ ਇਹ ਸੰਦੇਸ਼ ਮਿਲਦਾ ਹੈ ਕਿ ਸਤਿਗੁਰੂ, ਮਨੁੱਖ ਦੇ ਭੱਠੇ ਵਾਂਗ ਤਪਦੇ ਹਿਰਦਿਆਂ ਨੂੰ ਸ਼ਾਂਤ ਕਰਨ ਦੇ ਸਮਰੱਥ ਹੈ। ਇਥੇ ਸੁਸ਼ੋਭਿਤ ਗੁਰੂ ਸਾਹਿਬ ਵੱਲੋਂ

ਬਖਸ਼ੀਆਂ ਨਿਸ਼ਾਨੀਆਂ ਤਲਵਾਰ ਅਤੇ ਢਾਲ ਸਾਨੂੰ ਇਹ ਸੰਦੇਸ਼ ਦਿੰਦੀਆਂ ਹਨ ਕਿ ਗੁਰੂ ਜੀ ਨੇ ਸਾਨੂੰ ਇਹ ਜ਼ੁਲਮ ਦਾ ਟਾਕਰਾ ਕਰਨ ਨੂੰ ਪ੍ਰੇਰਿਤ ਕਰਨ ਲਈ ਬਖਸ਼ੀਆਂ ਹਨ। ਲੋੜ ਪੈਣ ਤੇ ਆਪਣੀ ਅਤੇ ਦੂਜਿਆਂ ਦੀ ਪਤਿ ਦੀ ਰਾਖੀ ਲਈ ਤਲਵਾਰ ਚੁੱਕਣੀ ਅਤੇ ਜ਼ੁਲਮ ਦੀ ਰਾਖੀ ਲਈ ਢਾਲ ਬਣ ਕੇ ਡਟਣਾ ਚਾਹੀਦਾ ਹੈ।

ਗੁਰਦੁਆਰਾ ਭਾਈ ਬਚਿੱਤਰ ਸਿੰਘ ਕੋਟਲਾ ਨਿਹੰਗ ਖਾਂ ਦੇ ਇਤਿਹਾਸ ਦੀ ਵਰਤਮਾਨ ਪ੍ਰਸੰਗਿਕਤਾ ਇਹ ਹੈ ਕਿ ਮੂੰਹੋਂ ਬੋਲੇ ਬੋਲਾਂ ਦੇ ਆਧਾਰ ’ਤੇ ਵੀ ਬਣੇ ਰਿਸ਼ਤੇ ਜੀਵਨ ਭਰ ਨਿਭਾਏ ਜਾ ਸਕਦੇ ਹਨ; ਜਿਵੇਂ ਬੀਬੀ ਮੁਮਤਾਜ ਨੇ ਆਪਣੇ ਪਿਤਾ ਦੇ ਬੋਲਾਂ ਅਨੁਸਾਰ ਭਾਈ ਬਚਿੱਤਰ ਸਿੰਘ ਨੂੰ ਆਪਣਾ ਪਤੀ ਮੰਨਦਿਆਂ, ਉਹਨਾਂ ਦੀ ਯਾਦ ਵਿਚ ਸਾਰੀ ਉਮਰ ਬਤੀਤ ਕੀਤੀ। ਗੁਰਦੁਆਰਾ ਮੁਮਤਾਜਗੜ੍ਹ ਸਾਹਿਬ, ਇਸ ਰਿਸ਼ਤੇ ਦੀ ਪ੍ਰਤੱਖ ਮਿਸਾਲ ਹੈ, ਜਿਸ ਵਿਚ ਧਰਮ, ਜਾਤ, ਰੰਗ, ਆਦਿ ਕੋਈ ਰੁਕਾਵਟ ਨਹੀਂ ਪਾ ਸਕਦਾ।

ਮੁਹਾਲੀ ਵਿਚਲਾ ਅਸਥਾਨ ਗੁਰਦੁਆਰਾ ਅੰਬ ਸਾਹਿਬ ਗੁਰੂ ਸਾਹਿਬ ਦੇ ਭਵਿੱਖਤ ਬਚਨ ਕਰਨ ਅਤੇ ਉਹਨਾਂ ਨੂੰ ਪੂਰਾ ਕਰਨ ਦਾ ਇਤਿਹਾਸਕ ਪ੍ਰਮਾਣ ਹੈ। ਗੁਰਦੁਆਰਾ ਮਾਤਾ ਸੁੰਦਰੀ ਜੀ, ਮਾਤਾ ਜੀ ਵਾਂਗ ਔਖੇ ਸਮੇਂ ਵਿਚ ਵੀ ਧੀਰਜ ਬਣਾਈ ਰੱਖਣ ਅਤੇ ਸੁਰੱਖਿਅਤ ਸਥਾਨ ਵੱਲ ਚਲੇ ਜਾਣ ਦਾ ਸਬਕ ਸਿਖਾਉਂਦਾ ਹੈ।

ਗੁਰਦੁਆਰਾ ਨਾਭਾ ਸਾਹਿਬ ਧਾਰਮਿਕ ਸਦਭਾਵਨਾ ਅਤੇ ਮਨੁੱਖੀ ਏਕਤਾ ਦਾ ਉਪਦੇਸ਼ ਦ੍ਰਿੜ ਕਰਵਾਉਂਦਾ ਹੈ ਅਤੇ ਹਰੇਕ ਧਰਮ ਦੇ ਸਿਧਾਂਤਾਂ ਦੀ ਰਾਖੀ ਲਈ ਤਤਪਰ ਰਹਿਣਾ ਹੀ ਅਕਾਲ ਪੁਰਖ ਦੀ ਸੱਚੀ ਬੰਦਗ਼ੀ ਹੈ। ਚੱਪੜ-ਚਿੜੀ ਵਾਲਾ ਅਸਥਾਨ, ਝੂਠ ਉਤੇ ਸੱਚ ਦੀ ਜਿੱਤ ਦਾ ਪ੍ਰਤੀਕ ਹੈ ਅਤੇ ਇਹ ਵੀ ਉਪਦੇਸ਼ ਬਖਸ਼ਦਾ ਹੈ ਕਿ ਜ਼ੁਲਮ ਦੀ ਸਲਤਨਤ ਅੰਤ ਨੂੰ ਮਿੱਟੀ ਵਿਚ ਮਿਲਣੀ ਹੁੰਦੀ ਹੈ ਅਤੇ ਸੱਚ ਨੇ ਹਮੇਸ਼ਾਂ ਲਈ ਜੀਵਤ ਹੋ ਜਾਣਾ ਹੁੰਦਾ ਹੈ।

ਗੁਰਦੁਆਰਾ ਬਾਬਾ ਜੋਰਾਵਰ ਸਿੰਘ (ਪਾਲਿਤ ਪੁੱਤਰ), ਖਿਜ਼ਰਾਬਾਦ ਦਾ ਇਤਿਹਾਸ ਸਾਨੂੰ ਉਸ ਘਟਨਾ ਦੀ ਯਾਦ ਦਿਵਾਉਂਦਾ ਹੈ ਕਿ ਜਿੱਥੇ ਗੁਰੂ ਜੀ ਨੇ ਆਪਣੇ ਪਿਆਰ ਵਿਚ ਕਹੇ ਬਚਨਾਂ ਅਨੁਸਾਰ ਜੋਰਾਵਰ ਸਿੰਘ ਨੂੰ ਆਪਣਾ ਸਾਹਿਬਜ਼ਾਦਾ ਐਲਾਨਿਆ। ਬਾਬਾ ਜੋਰਾਵਰ ਸਿੰਘ ਨੇ ਵੀ ਸਾਰੀ ਉਮਰ ਗੁਰੂ ਘਰ ਨੂੰ ਸਮਰਪਿਤ ਕਰ ਦਿੱਤੀ। ਗੁਰੂ ਜੀ ਨੇ ਵੀ ਉਸ ਨੂੰ ਆਪਣੇ ਸਾਹਿਬਜ਼ਾਦਿਆਂ ਵਾਂਗ ਪਿਆਰ ਦਿੱਤਾ

ਅਤੇ ਸਿੱਖਾਂ ਨੇ ਵੀ ਗੁਰੂ ਜੀ ਦੇ ਬਚਨਾਂ ਨੂੰ ਮੰਨਦਿਆਂ ਉਸ ਸਾਹਿਬਜ਼ਾਦੇ ਨੂੰ ਬਹੁਤ ਸਤਿਕਾਰ ਦਿੱਤਾ। ਭਾਵ ਜੇਕਰ ਅਸੀਂ ਗੁਰੂ ਦੇ ਹੋ ਕੇ ਰਹੀਏ ਤਾਂ ਗੁਰੂ ਸਾਡਾ ਹੋ ਕੇ ਵਿਚਰਦਾ ਹੈ।

ਪੁਆਧ ਖੇਤਰ ਦੇ ਇਹ ਧਾਰਮਿਕ ਅਸਥਾਨ ਵੱਖ-ਵੱਖ ਗੁਰਪੁਰਬ ਅਤੇ ਸਿੱਖ ਤਿਉਹਾਰ ਮਨਾ ਕੇ, ਅੱਜ ਵੀ ਮਨੁੱਖਤਾ ਨੂੰ ਚੜ੍ਹਦੀ ਕਲਾ ਵਿਚ ਵਿਚਰਨ ਦਾ ਸੰਦੇਸ਼ ਦਿੰਦੇ ਹਨ। ਇਹਨਾਂ ਧਾਰਮਿਕ ਅਸਥਾਨਾਂ ਉਤੇ ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਪੁਰਬ ਮਨਾਉਣ ਤੋਂ ਇਲਾਵਾ ਧਾਰਮਿਕ ਸ਼ਤਾਬਦੀਆਂ ਵੀ ਬਹੁਤ ਵੱਡੇ ਪੱਧਰ ਤੇ ਮਨਾਈਆਂ ਗਈਆਂ ਹਨ, ਜਿਸ ਨਾਲ ਇਸ ਖੇਤਰ ਦੇ ਧਾਰਮਿਕ ਅਸਥਾਨਾਂ ਦਾ ਮਹੱਤਵ ਵਿਸ਼ਵ ਪੱਧਰ ’ਤੇ ਉਜਾਗਰ ਹੋਇਆ ਹੈ। ਇਹਨਾਂ ਸ਼ਤਾਬਦੀਆਂ ਵਿਚੋਂ ਸੰਨ 1999 ਈ. ਵਿਚ ਖ਼ਾਲਸਾ ਸਾਜਨਾ ਦੀ 300 ਸਾਲਾ ਸਤਾਬਦੀ ਅਨੰਦਪੁਰ ਸਾਹਿਬ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੰਜਾਬ ਸਰਕਾਰ ਦੇ ਸਹਿਯੋਗ ਨਾਲ ਬਹੁਤ ਵੱਡੇ ਪੱਧਰ ’ਤੇ ਮਨਾਈ ਗਈ ਸੀ। ਇਸ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪੰਜਾਬ ਸਰਕਾਰ ਨੇ 17, 18 ਤੇ 19 ਜੂਨ, ਸੰਨ 2015 ਈਸਵੀ ਵਿਚ ਅਨੰਦਪੁਰ ਸਾਹਿਬ ਦਾ 350 ਸਾਲਾ ਸਥਾਪਨਾ ਦਿਵਸ ਵੀ ਵੱਡੇ ਪੱਧਰ ਉਤੇ ਮਨਾਇਆ ਸੀ। ਇਹਨਾਂ ਸ਼ਤਾਬਦੀਆਂ ਵਿਚ ਦੇਸ਼-ਵਿਦੇਸ਼ ਤੋਂ ਵੱਡੀ ਗਿਣਤੀ ਵਿਚ ਸੰਗਤਾਂ ਨੇ ਸ਼ਮੂਲੀਅਤ ਕੀਤੀ ਸੀ। ਇਸ ਤੋਂ ਇਲਾਵਾ ਇਹਨਾਂ ਸ਼ਤਾਬਦੀਆਂ ਦੇ ਮਹੱਤਵ ਤੋਂ ਸੰਗਤਾਂ ਨੂੰ ਜਾਣੂੰ ਕਰਵਾਉਣ ਲਈ ਸੈਮੀਨਾਰ ਅਤੇ ਹੋਰ ਧਾਰਮਿਕ ਗਤੀਵਿਧੀਆਂ ਵੀ ਕਰਵਾਈਆਂ ਗਈਆਂ ਸਨ। ਇਹਨਾਂ ਮੌਕਿਆਂ ਉਤੇ ਸੋਵੀਨਾਰ, ਸੈਮੀਨਾਰਾਂ ਦੀਆਂ ਪ੍ਰੋਸੀਡਿੰਗਜ਼ ਅਤੇ ਹੋਰ ਵੀ ਬਹੁਤ ਸਾਰਾ ਸਾਹਿਤ ਪ੍ਰਕਾਸ਼ਿਤ ਕਰਵਾ ਕੇ ਸੰਗਤਾਂ ਵਿਚ ਵੰਡਿਆ ਜਾਂਦਾ ਰਿਹਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਆਉਣ ਵਾਲੇ ਸ਼ਰਧਾਲੂਆਂ ਨੂੰ ਬੱਸ ਰਾਹੀਂ ਨੇੜਲੇ ਇਲਾਕੇ ਵਿਚਲੇ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਮੁਫ਼ਤ ਕਰਵਾਏ ਜਾਂਦੇ ਹਨ, ਜਿਸ ਨਾਲ ਸੰਗਤਾਂ ਵਿੱਚ ਧਾਰਮਿਕ ਅਸਥਾਨਾਂ ਪ੍ਰਤੀ ਜਾਗਰੂਕਤਾ ਅਤੇ ਉਥੇ ਵਾਪਰੀਆਂ ਇਤਿਹਾਸਕ ਘਟਨਾਵਾਂ ਉਹਨਾਂ ਦੀ ਚੇਤਨਾ ਦਾ ਹਿੱਸਾ ਬਣ ਜਾਂਦੀਆਂ ਹਨ।

## 2. ਸਮਾਜਿਕ ਯੋਗਦਾਨ

ਸਮਾਜ ਦੀ ਧਰਮ ਨਾਲ ਅਟੁੱਟ ਸਾਂਝ ਹੈ। ਕੋਈ ਵੀ ਧਾਰਮਿਕ ਲਹਿਰ ਸਮਾਜ ਉਤੇ ਬੜਾ ਪ੍ਰਭਾਵ ਪਾਉਂਦੀ ਹੈ। ਜਿਵੇਂ ਕਿ ਉਤੇ ਜ਼ਿਕਰ ਆ ਚੁੱਕਾ ਹੈ ਕਿ ਪਹਿਲਾਂ ਪੁਆਧ ਇਲਾਕਾ ਹਿੰਦੂ ਵਸੋਂ ਵਾਲਾ ਖੇਤਰ ਸੀ। ਇਸ ਵਿਚ ਵਸਣ ਵਾਲੇ ਰਾਜਪੂਤ ਲੋਕ ਵਰਣ ਵੰਡ ਵਿਚ ਬੜਾ ਵਿਸ਼ਵਾਸ਼ ਰੱਖਦੇ ਸਨ, ਜਿਸ ਨਾਲ ਊਚ-ਨੀਚ ਦਾ ਭੇਦ-ਭਾਵ ਪੈਦਾ ਹੁੰਦਾ ਸੀ। ਮੁਸਲਮਾਨਾਂ ਦੇ ਆਉਣ ਨਾਲ ਧਾਰਮਿਕ ਭੇਦ-ਭਾਵ ਵੀ ਜੋਰਾਂ ’ਤੇ ਹੋ ਗਿਆ। ਪਰ ਗੁਰੂ ਨਾਨਕ ਦੇਵ ਜੀ ਨੇ ਸਮਾਜਿਕ ਭੇਦ-ਭਾਵ ਨੂੰ ਮਿਟਾ ਕੇ ਭਾਈਚਾਰਕ ਸਾਂਝ ’ਤੇ ਜੋਰ ਦਿੱਤਾ। ਗੁਰੂ ਨਾਨਕ ਦੇਵ ਜੀ ਦਾ ਪੁਆਧ ਖੇਤਰ ਵਿਚ ਪਹਿਲਾ ਸ਼ਰਧਾਲੂ ਬਣਨ ਵਾਲਾ ਵਿਅਕਤੀ ਸਾਈਂ ਬੁੱਢਣ ਸ਼ਾਹ ਵੀ ਮੁਸਲਮਾਨ ਧਰਮ ਨਾਲ ਸੰਬੰਧਿਤ ਸੀ। ਇਸ ਨਾਲ ਇਸ ਖੇਤਰ ਵਿਚ ਧਾਰਮਿਕ ਭੇਦ-ਭਾਵ ’ਤੇ ਸੱਟ ਵੱਜੀ। ਛੇਵੇਂ ਪਾਤਸ਼ਾਹ ਦੇ ਸਮੇਂ ਇਹ ਇਲਾਕਾ ਸਿੱਖੀ ਦਾ ਕੇਂਦਰ ਬਣਨ ਨਾਲ ਦੂਰੋਂ-ਦੂਰੋਂ ਸੰਗਤਾਂ ਗੁਰੂ ਦਰਬਾਰ ਵਿਚ ਦਰਸ਼ਨ ਕਰਨ ਲਈ ਆਉਂਦੀਆਂ ਅਤੇ ਗੁਰੂ-ਘਰ ਵਿਚ ਲੰਗਰ ਵਿਚੋਂ ਬਿਨ੍ਹਾਂ ਕਿਸੇ ਭੇਦ-ਭਾਵ ਦੇ ਭੋਜਨ ਛਕਦੀਆਂ ਸਨ। ਸੱਤਵੇਂ ਪਾਤਸ਼ਾਹ ਗੁਰੂ ਹਰਿਰਾਇ ਜੀ ਨੇ ਇਥੇ ਮਨੁੱਖਤਾ ਦੀ ਸੇਵਾ ਲਈ ਸ਼ਫ਼ਾਖਾਨਾ ਖੋਲਿਆ, ਜਿਸ ਵਿਚ ਬਿਨ੍ਹਾਂ ਕਿਸੇ ਭੇਦ-ਭਾਵ ਦੇ ਮਨੁੱਖਤਾ ਦੀ ਸੇਵਾ ਕੀਤੀ ਜਾਂਦੀ ਸੀ।

ਦਸਵੇਂ ਪਾਤਸ਼ਾਹ ਦੇ ਸਮੇਂ ਭਾਈ ਘਨੱਈਆ ਜੀ ਨੇ ਸਾਂਝੀਵਾਲਤਾ ਦੇ ਸਿਧਾਂਤ ਨੂੰ ਬੜੀ ਦ੍ਰਿੜਤਾ ਨਾਲ ਵਿਵਹਾਰਕ ਰੂਪ ਦਿੱਤਾ। ਉਹ ਜੰਗ ਵਿਚ ਗੁਰੂ ਜੀ ਦੇ ਖਿਲਾਫ ਜੂਝ ਕੇ ਜ਼ਖ਼ਮੀ ਹੋਣ ਵਾਲੇ ਮੁਸਲਮਾਨ ਸੈਨਿਕਾਂ ਨੂੰ ਵੀ ਬਿਨ੍ਹਾਂ ਕਿਸੇ ਭੇਦ-ਭਾਵ ਦੇ ਜਲ ਛਕਾਇਆ ਕਰਦੇ ਸਨ। ਉਹਨਾਂ ਦੀ ਯਾਦ ਵਜੋਂ ਅਨੰਦਪੁਰ ਸਾਹਿਬ ਦੇ ਨੇੜਲੇ ਪਿੰਡ ਮੋਹੀਵਾਲ ਵਿਚ ਇਕ ਗੁਰਦੁਆਰਾ ਬਣਿਆ ਹੋਇਆ ਹੈ, ਜੋ ਅੱਜ ਵੀ ਭਾਈ ਘਨੱਈਆ ਜੀ ਦੇ ਦੁਸ਼ਮਣ ਨਾਲ ਵੀ ਬਿਨ੍ਹਾਂ ਭੇਦ-ਭਾਵ ਵਾਲੇ ਵਰਤਾਅ ਦੀ ਹਾਮੀ ਭਰਦਾ ਹੋਇਆ, ਸਾਰੀ ਮਨੁੱਖਤਾ ਨਾਲ ਸ਼ਹਿਣਸ਼ੀਲਤਾ ਦਾ ਵਿਵਹਾਰ ਕਰਨ ਅਤੇ ਸਮਾਜਿਕ ਏਕਤਾ ਦਾ ਸੰਦੇਸ਼ ਦਿੰਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਸਾਜਨਾ ਮੌਕੇ ਸਿੱਖਾਂ ਨੂੰ ਬਿਨ੍ਹਾਂ ਕਿਸੇ ਜਾਤ, ਵਰਣ ਆਦਿ ਦੇ ਇਕੋ ਬਾਟੇ ਵਿਚੋਂ ਤਿਆਰ ਕੀਤਾ ਹੋਇਆ ਅੰਮ੍ਰਿਤ ਛਕਾਇਆ ਅਤੇ ਬਚਨ ਕੀਤਾ ਕਿ, “ਤੁਸਾਂ ਕਾ ਪਿਛਲਾ

ਜਨਮ, ਧਰਮ, ਕਰਮ, ਭਰਮ ਤੇ ਸ਼ਰਮ ਜਾਤੀ ਰਹੀ ਹੈਂ।"[4] ਮਨੁੱਖੀ ਏਕਤਾ ਸਥਾਪਿਤ ਕਰਨ ਵਿਚ ਇਹ ਬਹੁਤ ਵੱਡਾ ਕਦਮ ਸੀ, ਜਿਸਦੀ ਮਿਸਾਲ ਸੰਸਾਰ ਵਿਚ ਹੋਰ ਕਿਧਰੇ ਵੀ ਨਹੀਂ ਮਿਲਦੀ।

ਸੱਭਿਆਚਾਰ ਕਿਸੇ ਕੌਮ ਜਾਂ ਖਿੱਤੇ ਦਾ ਹੁੰਦਾ ਹੈ ਪਰ ਜਿਹੜਾ ਸਿੱਖ ਸੱਭਿਆਚਾਰ ਹੈ, ਇਸ ਨੂੰ ਗੁਰੂ ਸਾਹਿਬਾਨ ਨੇ ਕਿਸੇ ਇੱਕ ਕੌਮ ਜਾਂ ਖਿੱਤੇ ਤੱਕ ਸੀਮਤ ਨਹੀਂ ਕੀਤਾ ਬਲਕਿ ਸਾਰੀ ਮਨੁੱਖਤਾ ਲਈ ਬਖਸ਼ਿਆ ਹੈ। ਸਿੱਖ ਸੱਭਿਆਚਾਰ ਅਨੁਸਾਰ ਗੁਰੂ ਸਾਹਿਬਾਨ ਨੇ ਮਨੁੱਖਤਾ ਲਈ ਸਾਂਝਾ ਸੰਦੇਸ਼ ਦਿੱਤਾ, ਜਿਸ ਅਨੁਸਾਰ ਸਾਰੇ ਮਨੁੱਖ ਇਕ ਪਰਮਾਤਮਾ ਦੀ ਸੰਤਾਨ ਹਨ। ਇਸ ਸਬੰਧੀ ਗੁਰੂ ਸਾਹਿਬਾਨ ਦੇ ਫੁਰਮਾਨ, 'ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ' ਅਤੇ 'ਏਕੁ ਪਿਤਾ ਏਕਸ ਕੇ ਹਮ ਬਾਰਿਕ' ਵੀ ਮਨੁੱਖੀ ਏਕਤਾ ਸਬੰਧੀ ਦ੍ਰਿੜਤਾ ਨਾਲ ਹਾਮੀ ਭਰਦੇ ਹਨ। ਗੁਰੂ ਸਾਹਿਬ ਨੇ ਧਾਰਮਿਕ ਵਖਰੇਵਿਆਂ ਅਨੁਸਾਰ ਝਗੜਿਆਂ ਦਾ ਤਿਆਗ ਕਰਨ ਲਈ 'ਨਾ ਹਮ ਹਿੰਦੂ ਨਾ ਮੁਸਲਮਾਨ ॥ ਅਲਹ ਰਾਮ ਕੇ ਪਿੰਡੁ ਪਰਾਣ ॥' ਦਾ ਉਪਦੇਸ਼ ਦਿੱਤਾ। ਗੁਰੂ ਸਾਹਿਬ ਦੁਆਰਾ ਸਥਾਪਿਤ ਕੀਤੇ ਨਵੇਂ ਸੱਭਿਆਚਾਰ ਵਿਚ ਬਾਕੀ ਸੱਭਿਆਚਾਰਾਂ ਨਾਲੋ ਬਹੁਤ ਵਿਲੱਖਣਤਾ ਨਜਰ ਆਉਂਦੀ ਹੈ।

ਇਸ ਖੇਤਰ ਵਿਚ ਸਿੱਖ ਧਰਮ ਦਾ ਪਾਸਾਰ ਹੋਣ ਤੋਂ ਬਾਅਦ ਇਥੋਂ ਦੇ ਬਾਸ਼ਿੰਦੇ ਗੁਰੂ ਸਾਹਿਬਾਨ ਦੁਆਰਾ ਦਰਸਾਏ ਸਮਾਜਿਕ ਰੀਤੀ-ਰਿਵਾਜ ਅਪਨਾਉਣ ਲੱਗੇ, ਜਿਸ ਨਾਲ ਇਕ ਨਵਾਂ ਸਿੱਖ ਸੱਭਿਆਚਾਰ ਹੋਂਦ ਵਿਚ ਆਇਆ। ਸਿੱਖ ਧਰਮ ਦੇ ਲੋਕ ਸਮਾਜ ਵਿਚ ਪ੍ਰਚਲਿਤ ਪਹਿਲੀਆਂ ਰਸਮਾਂ-ਰਿਵਾਜਾਂ ਨੂੰ ਛੱਡ ਕੇ ਗੁਰਮਤਿ ਰਹੁ-ਰੀਤਾਂ ਅਨੁਸਾਰ ਹੀ ਆਪਣੇ ਸਭ ਕਾਰਜ ਕਰਨ ਲੱਗੇ। ਇਹਨਾਂ ਵਿਚ ਉਹ ਜਨਮ ਤੋਂ ਲੈ ਕੇ ਅੰਤਿਮ ਚਲਾਣੇ ਤੱਕ ਦੀਆਂ ਸਾਰੀਆਂ ਰਸਮਾਂ ਨੂੰ ਗੁਰੂ ਸਾਹਿਬਾਨ ਦੁਆਰਾ ਦਰਸਾਏ ਅਨੁਸਾਰ ਕਰਨ ਲੱਗੇ ; ਜਿਵੇਂ ਕਿ ਗੁਰੂ ਹਰਿਗੋਬਿੰਦ ਸਾਹਿਬ ਦੇ ਜੋਤੀ-ਜੋਤਿ ਸਮਾਉਣ ਤੋਂ ਉਪਰੰਤ ਉਹਨਾਂ ਦਾ ਸਸਕਾਰ ਪਤਾਲਪੁਰੀ ਵਿਖੇ ਕੀਤਾ ਗਿਆ।[5] ਉਹਨਾਂ ਤੋਂ ਬਾਅਦ ਸੱਤਵੇਂ ਪਾਤਸ਼ਾਹ ਗੁਰੂ ਹਰਿਰਾਇ ਜੀ ਦੇ ਜੋਤੀ-ਜੋਤਿ ਸਮਾਉਣ

---

4 ਸਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ,* ਪਿਆਰਾ ਸਿੰਘ ਪਦਮ (ਸੰਪਾ.), ਸਿੰਘ ਬ੍ਰਦਰਜ਼, ਅੰਮ੍ਰਿਤਸਰ, 2008, (ਛੇਵੀਂ ਵਾਰ), ਪੰਨਾ 123.

5 ਪ੍ਰਿੰਸੀਪਲ ਤੇਜਾ ਸਿੰਘ ਅਤੇ ਡਾ. ਗੰਡਾ ਸਿੰਘ, *ਸਿੱਖ ਇਤਿਹਾਸ,* ਭਗਤ ਸਿੰਘ (ਅਨੁਵਾਦਕ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2006, ਪੰਨਾ 45.

ਉਪਰੰਤ, ਉਹਨਾਂ ਦਾ ਸਸਕਾਰ ਵੀ ਇਥੇ ਹੀ ਕੀਤਾ ਗਿਆ[6] ਅਤੇ ਫਿਰ ਅੱਠਵੇ ਪਾਤਸ਼ਾਹ ਗੁਰੂ ਹਰਿਕ੍ਰਿਸ਼ਨ ਜੀ ਦੀਆਂ ਅਸਥੀਆਂ ਦਿੱਲੀ ਤੋਂ ਲਿਆ ਕੇ ਇਥੇ ਹੀ ਜਲ-ਪ੍ਰਵਾਹ ਕੀਤੀਆਂ ਗਈਆਂ।[7] ਇਸ ਤੋਂ ਬਾਅਦ ਸਿੱਖਾਂ ਵਿਚ ਆਪਣੇ ਸਕੇ ਸਬੰਧੀਆਂ ਦੀਆਂ ਅਸਥੀਆਂ ਪਤਾਲਪੁਰੀ ਸਾਹਿਬ ਵਿਖੇ ਪਾਉਣ ਦੀ ਰਵਾਇਤ ਪ੍ਰਚਲਿਤ ਹੋ ਗਈ।

ਇਸ ਤੋਂ ਪਹਿਲਾਂ ਹਰੇਕ ਮ੍ਰਿਤਕ ਪ੍ਰਾਣੀ ਦੀਆਂ ਅਸਥੀਆਂ ਪਿਹੋਵਾ ਅਤੇ ਹਰਿਦੁਆਰ ਵਿਖੇ ਪਾਉਣ ਦੀ ਰਵਾਇਤ ਪ੍ਰਚਲਿਤ ਸੀ। ਪਤਾਲਪੁਰੀ ਅਸਥਾਨ ਦੇ ਪ੍ਰਗਟ ਹੋਣ ਨਾਲ ਸਿੱਖਾਂ ਵਿਚ ਹਿੰਦੂ ਤੀਰਥਾਂ ਜਿਵੇਂ ਪਿਹੋਵਾ ਅਤੇ ਹਰਿਦੁਆਰ ਦੀ ਮਾਨਤਾ ਘਟ ਗਈ ਕਿਉਂਕਿ ਸਿੱਖ ਆਪਣੇ ਮ੍ਰਿਤਕਾਂ ਦੀਆਂ ਅਸਥੀਆਂ ਨੂੰ ਇਥੇ ਜਲ ਪ੍ਰਵਾਹ ਕਰਨ ਲੱਗੇ। ਇਸ ਰਵਾਇਤ ਦਾ ਆਰੰਭ ਵੀ ਪੁਆਧ ਖੇਤਰ ਵਿਚੋਂ ਹੀ ਹੋਇਆ ਅਤੇ ਇਸ ਨਾਲ ਇਸ ਖੇਤਰ ਨੂੰ ਇਕ ਵਿਸ਼ੇਸ਼ ਮਹੱਤਵ ਮਿਲਿਆ।

ਮੌਜੂਦਾ ਸਮੇਂ ਵਿਚ ਗੁਰਦੁਆਰਾ ਪਤਾਲਪੁਰੀ ਸਾਹਿਬ ਦੀ ਸਿੱਖ ਰੀਤਾਂ ਵਿਚ ਖਾਸ ਥਾਂ ਹੈ, ਇਸ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਹ ਰੀਤੀ-ਰਿਵਾਜ ਨਿਭਾਉਣ ਲਈ ਖਾਸ ਪ੍ਰਬੰਧ ਕੀਤੇ ਹਨ। ਹਰੇਕ ਮ੍ਰਿਤਕ ਪ੍ਰਾਣੀ, ਜਿਸਦੀਆਂ ਅਸਥੀਆਂ ਇਥੇ ਪਾਈਆਂ ਜਾਂਦੀਆਂ ਹਨ, ਦਾ ਰਿਕਾਰਡ ਰੱਖਿਆ ਜਾਂਦਾ ਹੈ। ਆਉਣ ਵਾਲੀ ਸੰਗਤ ਦੀ ਸਹੂਲਤ ਲਈ ਲੰਗਰ, ਰਿਹਾਇਸ਼ ਆਦਿ ਦੇ ਨਾਲ ਅਸਥੀਆਂ ਨੂੰ ਰਾਤ ਸਮੇਂ ਰੱਖਣ ਲਈ ਲਾਕਰਾਂ ਦਾ ਪ੍ਰਬੰਧ ਵੀ ਕੀਤਾ ਹੋਇਆ ਹੈ। ਇਸ ਤਰ੍ਹਾਂ ਇਸ ਧਾਰਮਿਕ ਅਸਥਾਨ ਨੇ ਮਨੁੱਖ ਨੂੰ ਇੱਕ ਵਿਸ਼ੇਸ਼ ਰੀਤੀ-ਰਿਵਾਜ ਬਖ਼ਸ਼ ਕੇ, ਉਹਨਾਂ ਦੀ ਸਮਾਜਿਕ ਸਾਂਝ ਨੂੰ ਹੋਰ ਪੀਢਾ ਕੀਤਾ ਹੈ।

## 2.1 ਸਿੱਖ ਤਿਉਹਾਰ / ਸ਼ਹੀਦੀ ਜੋੜ-ਮੇਲ / ਮੇਲੇ

ਸਮਾਜ ਵਿਚ ਤਿਉਹਾਰ ਅਤੇ ਮੇਲਿਆਂ ਦੀ ਵਿਸ਼ੇਸ਼ ਥਾਂ ਹੁੰਦੀ ਹੈ। ਸਿੱਖ ਧਰਮ ਦੇ ਪੁਆਧ ਖੇਤਰ ਵਿਚ ਆਉਣ ਨਾਲ ਤਿਉਹਾਰ ਅਤੇ ਮੇਲੇ ਆਦਿ ਸਿੱਖੀ ਰਹੁ-ਰੀਤਾਂ ਅਨੁਸਾਰ ਮਨਾਏ ਜਾਣ ਲੱਗੇ। ਇਸ ਤੋਂ ਇਲਾਵਾ ਇਸ ਖੇਤਰ ਵਿਚ ਗੁਰੂ ਸਾਹਿਬਾਨ ਨੇ ਲੰਮਾ ਸਮਾਂ ਬਿਤਾਇਆ, ਉਹਨਾਂ ਦੇ ਜੀਵਨ ਨਾਲ ਸੰਬੰਧਿਤ

---

6 ਉਹੀ, ਪੰਨਾ 45.

7 ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼* (ਭਾਗ ਪਹਿਲਾ), ਗੁਰ ਰਤਨ ਪਬਲਿਸ਼ਰਜ਼, ਪਟਿਆਲਾ, 2005, ਪੰਨਾ 513.

ਕਈ ਘਟਨਾਵਾਂ ਦਾ ਸੰਬੰਧ ਇਥੋਂ ਦੇ ਅਸਥਾਨਾਂ ਨਾਲ ਜੁੜਿਆ ਹੋਇਆ ਹੈ। ਇਹਨਾਂ ਖਾਸ ਪੁਰਬਾਂ ਨੂੰ ਸੰਗਤ ਨੇ ਜੋੜ-ਮੇਲੇ ਤੇ ਤਿਉਹਾਰਾਂ ਦੇ ਰੂਪ ਵਿਚ ਮਨਾਉਣਾ ਸ਼ੁਰੂ ਕੀਤਾ। ਇਥੇ ਖਾਸ ਮੌਕੇ ਜਿਵੇਂ ਗੁਰੂ ਸਾਹਿਬਾਨ ਦੇ ਪ੍ਰਕਾਸ਼ ਪੁਰਬ, ਜੋਤੀ-ਜੋਤਿ ਸਮਾਉਣ ਦੇ ਦਿਨ, ਸ਼ਹੀਦੀ ਜੋੜ-ਮੇਲ, ਹੋਲਾ-ਮਹੱਲਾ ਅਤੇ ਵਿਸਾਖੀ ਆਦਿ ਨੂੰ ਸੰਗਤਾਂ ਵੱਲੋਂ ਵੱਡੇ ਪੱਧਰ ਉਤੇ ਮਨਾਇਆ ਜਾਂਦਾ ਹੈ।

ਸਿੱਖ ਧਰਮ ਵਿਚ ਵਿਸਾਖੀ ਦਾ ਤਿਉਹਾਰ ਤਾਂ ਪਹਿਲਾਂ ਵੀ ਮਨਾਇਆ ਜਾਂਦਾ ਸੀ। ਪਰ ਪੁਆਧ ਖੇਤਰ ਦੇ ਨਗਰ ਅਨੰਦਪੁਰ ਸਾਹਿਬ ਵਿਚ ਇਸ ਦਿਨ ਸੰਨ 1699 ਈ. ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਾਲੇ ਅਸਥਾਨ ’ਤੇ ‘ਖ਼ਾਲਸਾ ਪੰਥ’ ਦੀ ਸਿਰਜਨਾ ਕੀਤੀ।[8] ਇਸ ਲਈ ਅਨੰਦਪੁਰ ਸਾਹਿਬ ਇਹ ਤਿਉਹਾਰ ਵਿਸ਼ੇਸ਼ ਰੂਪ ਵਿਚ ਮਨਾਇਆ ਜਾਣ ਲੱਗਾ।

ਪੁਆਧ ਖੇਤਰ ਵਿਚ ਮਨਾਇਆ ਜਾਣ ਵਾਲਾ ਦੂਜਾ ਤਿਉਹਾਰ ਹੋਲਾ-ਮਹੱਲਾ ਹੈ, ਜਿਹੜਾ ਕਿ ਚੇਤ ਮਹੀਨੇ ਦੀ ਪੂਰਨਮਾਸ਼ੀ ਨੂੰ ਮਨਾਇਆ ਜਾਂਦਾ ਹੈ। ਹੋਲੀ ਇਕ ਮੌਸਮੀ ਤਿਉਹਾਰ ਹੈ, ਜਿਹੜਾ ਕਿ ਪਹਿਲਾਂ ਵੀ ਭਾਰਤ ਵਿਚ ਮਨਾਇਆ ਜਾਂਦਾ ਸੀ ਪਰ ਇਹ ਤਿਉਹਾਰ ਪਹਿਲਾਂ ਸਿਰਫ ਰੰਗ ਸੁਟਣ ਅਤੇ ਨਸ਼ੇ ਕਰਨ ਤੱਕ ਹੀ ਸੀਮਿਤ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨੂੰ ਵਿਲੱਖਣ ਤਰੀਕੇ ਨਾਲ ਮਨਾਉਣਾ ਆਰੰਭ ਕੀਤਾ, ਜਿਸ ਬਾਰੇ ਰਤਨ ਸਿੰਘ ਜੱਗੀ ਲਿਖਦੇ ਹਨ ਕਿ, “ਹੋਲੀ ਦੇ ਪਰੰਪਰਾਗਤ ਤਿਉਹਾਰ ਦੇ ਸਮਾਨਾਂਤਰ ਗੁਰੂ ਗੋਬਿੰਦ ਸਿੰਘ ਜੀ ਨੇ ‘ਹੋਲਾ-ਮਹੱਲਾ’ ਖੇਡਣ ਦੀ ਰੀਤ ਚਲਾਈ ਕਿਉਂਕਿ ਦਸਮ ਗੁਰੂ ਨਵੇਂ ਸਿਰਜੇ ਖ਼ਾਲਸੇ ਨੂੰ ਯੁੱਧ-ਵਿਦਿਆ ਵਿਚ ਪ੍ਰਬੀਨ ਬਣਾਉਣਾ ਚਾਹੁੰਦੇ ਸਨ। ਇਸ ਲਈ ਉਹਨਾਂ ਨੇ ਪਰੰਪਰਾ ਤੋਂ ਹਟ ਕੇ ਇਸ ਤਿਉਹਾਰ ਦਾ ਸੰਬੰਧ ਯੁੱਧ-ਪ੍ਰਕ੍ਰਿਆ ਨਾਲ ਜੋੜਿਆ। ਸਿੱਖ-ਇਤਿਹਾਸ ਅਨੁਸਾਰ ਆਨੰਦਪੁਰ ਸਾਹਿਬ ਸਥਿਤ ਹੋਲਗੜ੍ਹ ਕਿਲ੍ਹੇ ਵਾਲੀ ਥਾਂ’ ਤੇ ਸੰਨ 1700 ਈ. (1757 ਬਿ. ਚੇਤ ਵਦੀ 1) ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਪਰੰਪਰਾ ਦਾ ਉਦਘਾਟਨ ਕੀਤਾ। ਇਹ, ਅਸਲ ਵਿਚ, ਸਿੱਖ ਸੈਨਿਕਾਂ ਨੂੰ ਅਭਿਆਸ ਕਰਾਉਣ ਲਈ ਇਕ ਬਣਾਵਟੀ ਯੁੱਧ ਹੁੰਦਾ ਸੀ। ਸੈਨਿਕਾਂ ਨੂੰ ਦੋ ਦਲਾਂ ਵਿਚ ਵੰਡ ਕੇ, ਇਕ ਦਲ ਨੂੰ ਸਫ਼ੈਦ ਅਤੇ ਦੂਜੇ ਨੂੰ ਕੇਸਰੀ ਬਸਤ੍ਰ ਪਾਉਣ ਲਈ ਕਿਹਾ ਜਾਂਦਾ ਸੀ। ਬਣਾਵਟੀ ਜੰਗ ਦੇ ਵੀ ਕਈ ਰੂਪ ਹੁੰਦੇ ਸਨ। ਮੁੱਖ ਤੌਰ ’ਤੇ

[8] ਗਿਆਨੀ ਠਾਕਰ ਸਿੰਘ, *ਸ੍ਰੀ ਗੁਰਦੁਆਰੇ ਦਰਸ਼ਨ,* ਭਾ.ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2005, ਪੰਨਾ 213.

ਦੋਹਾਂ ਦਲਾਂ ਨੂੰ ਲੋਹਗੜ੍ਹ ਉਤੇ ਕਬਜ਼ਾ ਕਰਨ ਲਈ ਪ੍ਰੇਰਿਆ ਜਾਂਦਾ ਸੀ। ਜੋ ਦਲ ਪਹਿਲਾਂ ਕਬਜ਼ਾ ਕਰਦਾ ਉਸ ਨੂੰ ਇਨਾਮ ਅਤੇ ਸਿਰੋਪੇ ਦਿੱਤੇ ਜਾਂਦੇ ਜਾਂ ਫਿਰ ਇਕ ਦਲ ਨੂੰ ਲੋਹਗੜ੍ਹ ਉਤੇ ਕਾਬਜ਼ ਦਸਿਆ ਜਾਂਦਾ ਅਤੇ ਦੂਜੇ ਦਲ ਵਾਲੇ ਕਾਬਜ਼ ਦਲ ਨੂੰ 'ਵੈਰੀ' ਸਮਝ ਕੇ ਉਸ ਤੋਂ ਕਿਲ੍ਹਾ ਖੋਹਣ ਦਾ ਉਦਮ ਕਰਦੇ। ਜਿਤਣ ਵਾਲੇ ਦਲ ਨੂੰ ਖ਼ੂਬ ਇਨਾਮ ਦਿੱਤੇ ਜਾਂਦੇ। ਇਸ ਮੌਕੇ ਸੱਤ ਦਿਨ ਦੀਵਾਨ ਸਜਦੇ, ਕਥਾ ਕੀਰਤਨ ਹੁੰਦਾ, ਵਾਰਾਂ ਗਾਈਆਂ ਜਾਂਦੀਆਂ, ਅਨੇਕ ਤਰ੍ਹਾਂ ਦੀਆਂ ਫ਼ੌਜੀ ਕਵਾਇਦਾਂ ਜਾਂ ਮਸ਼ਕਾਂ ਹੁੰਦੀਆਂ। ਹਰ ਪਾਸੇ ਚੜ੍ਹਦੀ ਕਲਾ ਦਾ ਮਾਹੌਲ ਬਣਿਆ ਰਹਿੰਦਾ। ਇਹਨਾਂ ਸਾਰੀਆਂ ਕਾਰਵਾਈਆਂ ਵਿਚ ਗੁਰੂ ਸਾਹਿਬ ਰੁਚੀ-ਪੂਰਵਕ ਸ਼ਾਮਲ ਹੁੰਦੇ ਅਤੇ ਸਿੱਖਾਂ ਦਾ ਉਤਸਾਹ ਵਧਾਉਂਦੇ। ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਹੋਲੇ-ਮਹੱਲੇ ਨੂੰ ਇਕ ਵਿੱਲਖਣ ਤਿਉਹਾਰ ਦਾ ਰੂਪ ਦੇ ਦਿੱਤਾ। ਹੁਣ ਵੀ 'ਹੋਲਾ ਮਹੱਲਾ' ਵਿਸ਼ੇਸ਼ ਤੌਰ 'ਤੇ ਅਨੰਦਪੁਰ ਸਾਹਿਬ ਵਿਖੇ ਤਿੰਨ ਦਿਨਾਂ ਲਈ ਮਨਾਇਆ ਜਾਂਦਾ ਹੈ ਜੋ ਹੋਲੀ ਤੋਂ ਇਕ ਦਿਨ ਪਹਿਲਾਂ ਅਤੇ ਇਕ ਦਿਨ ਬਾਦ (ਫਗਣ ਸੁਦੀ ਚੌਦਾਂ ਤੋਂ ਚੇਤਰ ਵਦੀ ਇਕ ਤਕ) ਹੁੰਦਾ ਹੈ। ਦੇਸ਼-ਵਿਦੇਸ਼ ਤੋਂ ਲੱਖਾਂ ਦੀ ਗਿਣਤੀ ਵਿਚ ਸ਼ਰਧਾਲੂ ਪਹੁੰਚਦੇ ਹਨ। ਇਸ ਮੌਕੇ' ਤੇ ਨਿਹੰਗ ਸਿੰਘਾਂ ਦਾ ਜਲਾਲ ਵੇਖਣ ਨੂੰ ਬਣਦਾ ਹੈ। ਤੀਜੇ ਦਿਨ ਆਨੰਦਗੜ੍ਹ ਤੋਂ ਹੋਲੇ ਮਹੱਲੇ ਦਾ ਜਲੂਸ ਨਿਕਲਦਾ ਹੈ, ਜਿਸ ਨੂੰ 'ਮਹੱਲਾ ਚੜ੍ਹਨਾ' ਕਹਿੰਦੇ ਹਨ। ਇਹ ਨਗਰ ਕੀਰਤਨ ਮਾਤਾ ਜੀਤੋ ਜੀ ਦੇ ਦੇਹੁਰੇ, ਕਿਲ੍ਹਾ ਹੋਲਗੜ੍ਹ ਅਤੇ ਚਰਨ-ਗੰਗਾ ਆਦਿ ਸਥਾਨਾਂ ਤੋਂ ਹੁੰਦਾ ਹੋਇਆ, ਖੁਲ੍ਹੇ ਮੈਦਾਨ ਵਿਚ ਪਹੁੰਚਦਾ ਹੈ। ਉਥੇ ਜੰਗੀ ਕਰਤੱਬ ਦਿਖਾਏ ਜਾਂਦੇ ਹਨ। ਇਹ ਨਗਰ ਕੀਰਤਨ ਪਿਛਲੇ ਪਹਿਰ 'ਤਖ਼ਤ ਕੇਸਗੜ੍ਹ ਸਾਹਿਬ' ਨੂੰ ਵਾਪਸ ਆਉਂਦਾ ਹੈ ਅਤੇ ਇਸ ਦੀ ਸਮਾਪਤੀ ਅਰਦਾਸ ਕਰਕੇ ਕੀਤੀ ਜਾਂਦੀ ਹੈ।[9] ਇਸ ਤੋਂ ਇਲਾਵਾ 'ਹੋਲੇ ਮਹੱਲੇ' ਦੇ ਇਕੱਠ ਸਮੇਂ ਧਾਰਮਿਕ ਦੀਵਾਨ ਸਜਦੇ ਹਨ, ਜਿਥੇ ਗੁਰਬਾਣੀ ਦਾ ਕੀਰਤਨ ਹੁੰਦਾ ਹੈ ਅਤੇ ਸਿੱਖ ਇਤਿਹਾਸ ਤੋਂ ਵੀ ਜਾਣੂ ਕਰਵਾਇਆ ਜਾਂਦਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਸੰਤ-ਸਿਪਾਹੀ ਬਣਾਇਆ ਹੈ, ਇਸ ਲਈ ਇਹ ਤਿਉਹਾਰ ਹਰ ਇਕ ਸਿੱਖ ਨੂੰ ਯਾਦ ਕਰਵਾਉਂਦਾ ਹੈ ਕਿ ਉਸਨੇ ਆਪਣੇ ਕੌਮੀ ਵਿਰਸੇ ਨੂੰ ਯਾਦ ਰੱਖਕੇ ਸ਼ਸਤਰ ਵਿਦਿਆ ਵਿਚ ਪ੍ਰਬੀਨ ਹੋਣਾ ਹੈ, ਅਤੇ ਸ਼ਸਤਰਾਂ ਦਾ ਪ੍ਰਯੋਗ ਉਸਨੇ ਮਜ਼ਲੂਮਾਂ ਦੀ ਰੱਖਿਆ, ਦੇਸ਼ ਦੀ ਰੱਖਿਆ, ਸਵੈ-

---

[9] ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼,* (ਭਾਗ ਪਹਿਲਾ), ਪੰਨੇ 508-09.

ਰਖਿਆ ਅਤੇ ਰਸਮਾਂ ਦੀ ਰੱਖਿਆ ਲਈ ਹੀ ਕਰਨਾ ਹੈ।[10]

ਪੁਆਧ ਖੇਤਰ ਦਾ ਤੀਸਰਾ ਵੱਡਾ ਤਿਉਹਾਰ ਦੁਸ਼ਹਿਰਾ ਹੈ, ਜੋ ਕਿ ਚਮਕੌਰ ਸਾਹਿਬ ਵਿਚ ਮਨਾਇਆ ਜਾਦਾ ਹੈ। ਭਾਵੇਂ ਕਿ ਇਹ ਤਿਉਹਾਰ ਹਿੰਦੂ ਧਰਮ ਨਾਲ ਸੰਬੰਧ ਰੱਖਦਾ ਹੈ, ਕਿਉਂਕਿ ਇਸ ਦਿਨ ਸ੍ਰੀ ਰਾਮਚੰਦਰ ਨੇ ਲੰਕਾਪਤੀ ਰਾਵਣ ਨੂੰ ਯੁੱਧ ਵਿਚ ਪਰਾਜਿਤ ਕਰਕੇ ਮੌਤ ਦੇ ਘਾਟ ਉਤਾਰਿਆ ਸੀ। ਇਸ ਲਈ ਹਿੰਦੂ ਧਰਮ ਵਿਚ ਇਸ ਦਿਨ ਨੂੰ ਹੁਣ ਵੀ ਤਿਉਹਾਰ ਦੇ ਰੂਪ ਵਿਚ ਮਨਾਇਆ ਜਾਂਦਾ ਹੈ। *ਪੰਜਾਬੀ ਵਿਸ਼ਵਕੋਸ਼* ਅਨੁਸਾਰ ਇਹ ਤਿਉਹਾਰ ਅੱਸੂ ਦੇ ਚਾਨਣ ਪੱਖ ਦੀ ਦਸਵੀਂ ਨੂੰ ਮਨਾਇਆ ਜਾਂਦਾ ਹੈ। ਇਹ ਤਿਉਹਾਰ ਬਦੀ ਉਤੇ ਨੇਕੀ ਦੀ ਜਿੱਤ ਦਾ ਚਿੰਨ੍ਹ ਹੈ। ਇਸ ਤਿਉਹਾਰ ਨੂੰ 'ਵਿਜੈ ਦਸ਼ਮੀ' ਵੀ ਕਿਹਾ ਜਾਂਦਾ ਹੈ।[11] ਸਿੱਖ ਧਰਮ ਵਿਚ ਵੀ ਦੁਸ਼ਹਿਰੇ ਦਾ ਤਿਉਹਾਰ ਵੱਖਰੇ ਢੰਗ ਨਾਲ ਮਨਾਇਆ ਜਾਂਦਾ ਹੈ ਅਤੇ ਇਸ ਨੂੰ 'ਦਰਬਾਰ-ਏ-ਖ਼ਾਲਸਾ' ਵੀ ਆਖਿਆ ਜਾਂਦਾ ਹੈ। ਗੁਰੂ ਜੀ ਨੇ ਸਿੱਖਾਂ ਨੂੰ ਸੰਤ-ਸਿਪਾਹੀ ਬਣਾਇਆ ਸੀ, ਇਸ ਲਈ ਗੁਰੂ ਦੀਆਂ ਲਾਡਲੀਆਂ ਫੌਜਾਂ ਨਿਹੰਗ ਸਿੰਘ ਇਸ ਦਿਨ ਸ਼ਸਤਰਾਂ ਦੀ ਪੂਜਾ ਵੀ ਕਰਦੇ ਹਨ ਅਤੇ ਮਹੱਲਾ ਕੱਢਦੇ ਹਨ। ਗੁਰਦੁਆਰਿਆਂ ਵਿਚ ਦੁਸ਼ਹਿਰਾ ਬਹੁਤ ਉਤਸ਼ਾਹ ਅਤੇ ਜਾਹੋ-ਜਲਾਲ ਨਾਲ ਮਨਾਇਆ ਜਾਂਦਾ ਹੈ। ਸ੍ਰੀ ਹਜ਼ੂਰ ਸਾਹਿਬ, ਨਾਂਦੇੜ ਵਾਂਗ ਹੀ ਪੁਆਧ ਖੇਤਰ ਦੇ ਸ਼ਹਿਰ ਸ੍ਰੀ ਚਮਕੌਰ ਸਾਹਿਬ ਦਾ ਦੁਸ਼ਹਿਰਾ ਵੀ ਬਹੁਤ ਮਸ਼ਹੂਰ ਹੈ। ਇਸ ਮੌਕੇ 'ਤੇ ਚਮਕੌਰ ਸਾਹਿਬ ਦੇ ਗੁਰਦੁਆਰਾ ਕਤਲਗੜ੍ਹ ਸਾਹਿਬ ਵਿਖੇ ਵੱਡਾ ਦੀਵਾਨ ਸਜਾਇਆ ਜਾਂਦਾ ਹੈ, ਜਿਸ ਵਿਚ ਉੱਘੇ ਰਾਗੀ, ਢਾਡੀ ਅਤੇ ਕਵੀਸ਼ਰ ਹਾਜਰੀ ਭਰਦੇ ਹਨ। ਇਸ ਦਿਨ ਵੱਡੀ ਗਿਣਤੀ ਵਿਚ ਸੰਗਤਾਂ ਚਮਕੌਰ ਸਾਹਿਬ ਵਿਚਲੇ ਗੁਰਦੁਆਰਾ ਸਾਹਿਬਾਨ ਵਿਚ ਨਤਮਸਤਕ ਹੁੰਦੀਆਂ ਹਨ। ਦੁਪਹਿਰ ਵੇਲੇ ਨਗਰ ਕੀਰਤਨ ਨਿਕਲਦਾ ਹੈ, ਜਿਹੜਾ ਕਿ ਚਮਕੌਰ ਸਾਹਿਬ ਵਿਚਲੇ ਸਾਰੇ ਗੁਰਦੁਆਰਿਆਂ ਦੀ ਪਰਿਕਰਮਾ ਕਰਨ ਉਪਰੰਤ ਗੁਰਦੁਆਰਾ ਕਤਲਗੜ੍ਹ ਸਾਹਿਬ ਵਿਖੇ ਸਮਾਪਤ ਹੁੰਦਾ ਹੈ।

---

[10] ਦਲੀਪ ਸਿੰਘ (ਮੁੱਖ ਸੰਪਾ.) ਅਤੇ ਹੋਰ, *ਪੰਜਾਬੀ ਵਿਸ਼ਵ ਕੋਸ਼,* (ਜਿਲਦ ਛੇਵੀਂ), ਭਾਸ਼ਾ ਵਿਭਾਗ, ਪੰਜਾਬ, 1988, ਪੰਨਾ 399.

[11] ਹਰਭਜਨ ਕੌਰ (ਮੁੱਖ ਸੰਪਾ.) ਅਤੇ ਹੋਰ, *ਪੰਜਾਬੀ ਵਿਸ਼ਵ ਕੋਸ਼,* (ਜਿਲਦ ਤੇਰਵੀਂ), ਭਾਸ਼ਾ ਵਿਭਾਗ, ਪੰਜਾਬ, 2011, ਪੰਨਾ 256.

ਪੁਆਧ ਖੇਤਰ ਦੇ ਕਸਬਾ ਚਮਕੌਰ ਸਾਹਿਬ ਦੀ ਸ਼ਹੀਦੀ ਸਭਾ ਜਾਂ ਸ਼ਹੀਦੀ ਜੋੜ-ਮੇਲ ਵੀ ਵਿਸ਼ਵ ਭਰ ਵਿਚ ਪ੍ਰਸਿਧ ਹੈ। ਇਹ ਸ਼ਹੀਦੀ ਜੋੜ-ਮੇਲ, ਚਮਕੌਰ ਸਾਹਿਬ ਦੀ ਜੰਗ ਵਿਚ ਸ਼ਹੀਦ ਹੋਏ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਜੀ ਤੇ ਬਾਬਾ ਜੁਝਾਰ ਸਿੰਘ ਜੀ ਅਤੇ ਪਿਆਰੇ ਸਿੰਘਾਂ ਦੀ ਸ਼ਹਾਦਤ ਦੀ ਯਾਦ ਵਿਚ ਤਿੰਨ ਦਿਨ 6, 7 ਅਤੇ 8 ਪੋਹ ਨੂੰ ਭਰਦਾ ਹੈ। ਇਸ ਮੌਕੇ ਚਮਕੌਰ ਸਾਹਿਬ ਵਿਚ ਨਤਮਸਤਕ ਹੋਣ ਲਈ ਪੂਰੇ ਵਿਸ਼ਵ ਤੋਂ ਸਿੱਖ-ਸੰਗਤਾਂ ਪਹੁੰਚਦੀਆਂ ਹਨ। ਗੁਰਦੁਆਰਾ ਕਤਲਗੜ੍ਹ ਸਾਹਿਬ ਵਿਖੇ ਵੱਡਾ ਦੀਵਾਨ ਸਜਾਇਆ ਜਾਂਦਾ ਹੈ ਅਤੇ ਹੋਰ ਗੁਰਦੁਆਰਿਆਂ ਵਿਚ ਵੀ ਧਾਰਮਿਕ ਦੀਵਾਨ ਸਜਦੇ ਹਨ। ਤਿੰਨ ਦਿਨ ਲਗਾਤਾਰ ਗੁਰਬਾਣੀ ਕੀਰਤਨ, ਢਾਡੀ ਵਾਰਾਂ ਅਤੇ ਕਵੀਸ਼ਰੀ ਆਦਿ ਦਾ ਪ੍ਰਵਾਹ ਚਲਦਾ ਹੈ।

ਇਸ ਮੌਕੇ 'ਤੇ ਗੁਰਦੁਆਰਾ ਦਮਦਮਾ ਸਾਹਿਬ, ਰਣਜੀਤਗੜ੍ਹ ਸਾਹਿਬ ਅਤੇ ਤਾੜੀ ਸਾਹਿਬ ਵਿਖੇ ਨਿਹੰਗ ਸਿੰਘਾਂ ਦੇ ਦਲ ਉੱਤਰਦੇ ਹਨ। ਸ਼ਹੀਦੀ ਸਭਾ ਦੇ ਆਖਰੀ ਦਿਨ ਨਿਹੰਗ ਸਿੰਘ ਮਹੱਲਾ ਕੱਢਦੇ ਹਨ। ਇਸ ਮਹੱਲੇ ਵਿਚ ਸਭ ਤੋਂ ਅੱਗੇ ਨਗਾਰਾ ਵੱਜਦਾ ਹੈ ਅਤੇ ਪਿੱਛੇ ਨਿਹੰਗ ਸਿੰਘ ਸ਼ਸਤਰ ਸਜਾ ਕੇ ਘੋੜਿਆਂ 'ਤੇ ਸਵਾਰੀ ਕਰਦੇ ਹੋਏ ਚੱਲਦੇ ਹਨ। ਇਹ ਮਹੱਲਾ ਦਮਦਮਾ ਸਾਹਿਬ ਤੋਂ ਸ਼ੁਰੂ ਹੋ ਕੇ ਸਾਰੇ ਗੁਰਦੁਆਰਿਆਂ ਵਿਚ ਨਤਮਸਤਕ ਹੋਣ ਉਪਰੰਤ ਇਕ ਖੁੱਲੇ ਮੈਦਾਨ ਵਿਚ ਪਹੁੰਚਦਾ ਹੈ, ਜਿੱਥੇ ਨਿਹੰਗ ਸਿੰਘਾਂ ਵੱਲੋਂ ਘੋੜ-ਸਵਾਰੀ ਅਤੇ ਗੱਤਕੇ ਦੇ ਜੌਹਰ ਦਿਖਾਏ ਜਾਂਦੇ ਹਨ। ਇਸ ਤੋਂ ਬਾਅਦ ਨਿਹੰਗ ਸਿੰਘਾਂ ਦੇ ਦਲ ਆਪੋ-ਆਪਣੇ ਪੜਾਅ ਵਾਲੇ ਅਸਥਾਨਾਂ ਉਤੇ ਵਾਪਿਸ ਚਲੇ ਜਾਂਦੇ ਹਨ।

ਇਸ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਕਤਲਗੜ੍ਹ ਸਾਹਿਬ ਤੋਂ ਇਕ ਨਗਰ ਕੀਰਤਨ ਆਰੰਭ ਕੀਤਾ ਜਾਂਦਾ ਹੈ, ਜਿਹੜਾ ਕਿ ਸਾਰੇ ਗੁਰਦੁਅਰਿਆਂ ਵਿਚ ਨਤਮਸਤਕ ਹੋਣ ਉਪਰੰਤ ਵਾਪਿਸ ਕਤਲਗੜ੍ਹ ਸਾਹਿਬ ਵਿਖੇ ਪਹੁੰਚਦਾ ਹੈ। ਇਥੇ ਪਹੁੰਚ ਕੇ ਸ਼ਹੀਦੀ ਜੋੜ ਮੇਲ ਦੀ ਸਮਾਪਤੀ ਦੀ ਅਰਦਾਸ ਕੀਤੀ ਜਾਂਦੀ ਹੈ।

ਉਕਤ ਸਾਰੇ ਤਿਉਹਾਰ ਵਰਤਮਾਨ ਸਮੇਂ ਵਿਚ ਨਾ ਕੇਵਲ ਸਿੱਖਾਂ ਨੂੰ ਬਲਕਿ ਵਿਸ਼ਵ ਨੂੰ ਸਮਾਜਿਕ ਏਕਤਾ ਦਾ ਸੰਦੇਸ਼ ਦਿੰਦੇ ਹਨ। ਚਮਕੌਰ ਸਾਹਿਬ ਵਿਚਲਾ ਸ਼ਹੀਦੀ ਜੋੜ-ਮੇਲ ਇਸ ਗੱਲ ਤੋਂ ਵੀ ਜਾਣੂੰ

ਕਰਵਾਉਂਦਾ ਹੈ ਕਿ ਜ਼ਾਲਮਾਂ ਦੁਆਰਾ ਮਨੁੱਖਤਾ ਉਤੇ ਕੀਤਾ ਜਾਣ ਵਾਲਾ ਜ਼ੁਲਮ ਸਾਂਝੀ ਸਮੱਸਿਆ ਹੁੰਦਾ ਹੈ, ਜਿਸਦਾ ਟਾਕਰਾ ਸਾਨੂੰ ਬਿਨ੍ਹਾਂ ਕਿਸੇ ਭੇਦ-ਭਾਵ ਦੇ ਇਕਜੁੱਟ ਹੋ ਕੇ ਕਰਨਾ ਚਾਹੀਦਾ ਹੈ।

## 3. ਵਿਦਿਅਕ ਯੋਗਦਾਨ

ਸਿੱਖ ਧਰਮ ਵਿਚ ਵਿੱਦਿਆ ਨੂੰ ਪੜ੍ਹਨ, ਪੜ੍ਹਾਉਣ, ਵਿਚਾਰਨ ਅਤੇ ਸਮਝਣ ਦਾ ਕਾਰਜ ਗੁਰੂ ਸਾਹਿਬਾਨ ਦੇ ਸਮੇਂ ਤੋਂ ਹੀ ਚੱਲਿਆ ਆ ਰਿਹਾ ਹੈ। ਸਿੱਖਾਂ ਨੇ ਵੀ ਗੁਰਬਾਣੀ ਪੜ੍ਹਨ ਲਈ ਅੱਖਰੀ ਵਿੱਦਿਆ ਦਾ ਗਿਆਨ ਜਰੂਰੀ ਸਮਝਿਆ। ਇਸ ਕਰਕੇ ਸਿੱਖ ਵਿਦਵਾਨ ਭਾਈ ਗੁਰਦਾਸ ਜੀ, ਭਾਈ ਨੰਦਲਾਲ ਜੀ ਆਦਿ ਨੇ ਇਸ ਕਾਰਜ ਵਿਚ ਵੱਡਾ ਯੋਗਦਾਨ ਪਾਇਆ। ਗੁਰੂ ਗੋਬਿੰਦ ਸਿੰਘ ਜੀ ਨੇ 1686 ਈਸਵੀ ਵਿਚ ਪੰਜ ਗੁਰਸਿੱਖਾਂ ਨੂੰ ਸੰਸਕ੍ਰਿਤ ਵਿੱਦਿਆ ਪ੍ਰਾਪਤ ਕਰਨ ਲਈ ਕਾਂਸ਼ੀ ਭੇਜਿਆ ਸੀ, ਜੋ ਕਿ ਵਿੱਦਿਆ ਪ੍ਰਾਪਤ ਕਰਕੇ ਅਨੰਦਪੁਰ ਸਾਹਿਬ ਗੁਰੂ ਦਰਬਾਰ ਵਿਚ ਆਏ ਅਤੇ 'ਨਿਰਮਲੇ' ਅਖਵਾਏ।[12] ਇਸ ਤੋਂ ਬਾਅਦ ਉਹਨਾਂ ਨੇ ਅੱਗੇ ਵਿੱਦਿਆ ਪੜਾਉਣ ਦਾ ਕਾਰਜ ਨਿਰੰਤਰ ਜਾਰੀ ਰੱਖਿਆ ਅਤੇ ਇਹਨਾਂ ਦੀ ਸੰਪਰਦਾ 'ਨਿਰਮਲ ਸੰਪਰਦਾ' ਵਜੋਂ ਪ੍ਰਸਿੱਧ ਹੋਈ। ਗੁਰੂ ਗੋਬਿੰਦ ਸਿੰਘ ਜੀ ਦਰਬਾਰ ਵਿਚ ਅਨੰਦਪੁਰ ਸਾਹਿਬ ਵਿਖੇ ਰਹਿੰਦਿਆਂ ਭਾਈ ਮਨੀ ਸਿੰਘ ਸਿੱਖ ਸੰਗਤਾਂ ਨੂੰ *ਸ੍ਰੀ ਆਦਿ ਗ੍ਰੰਥ ਸਾਹਿਬ* ਦੀ ਬਾਣੀ ਦੀ ਕਥਾ ਸੁਣਾਇਆ ਕਰਦੇ ਸਨ।[13] ਇਸ ਤੋਂ ਇਲਾਵਾ ਹੋਰ ਵੀ ਕਈ ਸੰਪ੍ਰਦਾਵਾਂ ਅਤੇ ਟਕਸਾਲਾਂ ਵੀ ਗੁਰਬਾਣੀ ਅਤੇ ਅੱਖਰ ਗਿਆਨ ਦੇਣ ਦਾ ਕਾਰਜ ਕਰਦੀਆਂ ਰਹੀਆਂ। ਪਹਿਲਾਂ-ਪਹਿਲ ਗੁਰਮੁਖੀ ਵਿਦਿਆ ਦੇਣ ਦਾ ਕੰਮ ਧਰਮਸਾਲਾਵਾਂ, ਡੇਰਿਆਂ ਅਤੇ ਗੁਰਦੁਆਰਿਆਂ ਵਿਚ ਹੁੰਦਾ ਸੀ। ਹੌਲੀ-ਹੌਲੀ ਸੂਝਵਾਨ ਸਿੱਖਾਂ ਨੇ ਵਿੱਦਿਆ ਦੇ ਮਹੱਤਵ ਨੂੰ ਸਮਝਦਿਆਂ ਸਕੂਲ, ਕਾਲਜ ਆਦਿ ਸਥਾਪਿਤ ਕਰਨੇ ਆਰੰਭ ਕੀਤੇ। ਭਾਵੇਂ ਕਿ ਇਹ ਵਿੱਦਿਅਕ ਸੰਸਥਾਵਾਂ ਕਿਸੇ ਵੀ ਸ਼ਹਿਰ ਵਿਚ ਬਣਾਉਣ ਨੂੰ ਤਰਜੀਹ ਦਿੱਤੀ ਜਾਂਦੀ ਸੀ ਪਰ ਸਿੱਖ ਧਰਮ ਨਾਲ ਸੰਬੰਧਿਤ ਇਤਿਹਾਸਕ ਸ਼ਹਿਰਾਂ/ਕਸਬਿਆਂ ਵਿਚ ਉਥੋਂ ਦੇ ਇਤਿਹਾਸ ਨਾਲ ਸੰਬੰਧਿਤ ਗੁਰੂ ਸਾਹਿਬਾਨ, ਗੁਰਸਿੱਖਾਂ ਜਾਂ ਹੋਰ ਧਾਰਮਿਕ ਸ਼ਖ਼ਸੀਅਤਾਂ ਦੇ ਨਾਂ ਉਤੇ ਸਕੂਲ, ਕਾਲਜ ਆਦਿ ਵੀ ਵਿਸ਼ੇਸ਼ ਤੌਰ 'ਤੇ ਖੋਲ੍ਹਣ ਦੀ ਪਰੰਪਰਾ

[12] ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼ (ਭਾਗ ਦੂਜਾ),* ਗੁਰ ਰਤਨ ਪਬਲਿਸ਼ਰਜ਼, ਪਟਿਆਲਾ, 2005, ਪੰਨਾ 1082.

[13] ਸੇਵਾ ਸਿੰਘ, ਕਵੀ, *ਸ਼ਹੀਦ ਬਿਲਾਸ : ਭਾਈ ਮਨੀ ਸਿੰਘ,* ਗਿਆਨੀ ਗਰਜਾ ਸਿੰਘ (ਮੂਲ ਸੰਪਾ.), ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, 2007 (ਦੂਜੀ ਵਾਰ), ਪੰਨਾ 29. (ਭੂਮਿਕਾ).

ਰਹੀ ਹੈ। ਮੌਜੂਦਾ ਸਮੇਂ ਵਿਚ ਅਨੇਕਾਂ ਵਿੱਦਿਅਕ ਸੰਸਥਾਵਾਂ ਅਜਿਹੀਆਂ ਹਨ, ਜਿਹਨਾਂ ਦੇ ਨਾਂ ਗੁਰੂ ਸਾਹਿਬਾਨ ਜਾਂ ਗੁਰਸਿੱਖਾਂ ਜਾਂ ਹੋਰਨਾਂ ਧਾਰਮਿਕ ਵਿਅਕਤੀਆਂ ਦੇ ਨਾਂ ਉਤੇ ਹਨ। ਇਸੇ ਤਰ੍ਹਾਂ ਸਾਡੇ ਅਧਿਐਨ .ਕਾਰਜ ਦੇ ਘੇਰੇ ਵਾਲੇ ਜ਼ਿਲ੍ਹਾ ਰੂਪਨਗਰ ਅਤੇ ਮੁਹਾਲੀ ਵਿਚ ਵੀ ਅਨੇਕਾਂ ਵਿੱਦਿਅਕ ਸੰਸਥਾਵਾਂ ਅਜਿਹੀਆਂ ਹਨ, ਜਿਹਨਾਂ ਦਾ ਵਰਣਨ ਨਿਮਨ ਅਨੁਸਾਰ ਹੈ :

## 3.1 ਡੇਰੇ

ਸਿੱਖ ਧਰਮ ਵਿਚ ਗੁਰੂ ਸਾਹਿਬ ਤੋਂ ਉਪਰੰਤ ਮਿਸਲਾਂ ਦੇ ਸਮੇਂ ਅਤੇ ਸਿੰਘ ਸਭਾ ਲਹਿਰ ਦੇ ਆਰੰਭ ਹੋਣ ਸਮੇਂ ਤੱਕ ਵਿੱਦਿਆ ਦੇਣ ਦਾ ਕਾਰਜ ਧਰਮਸਾਲ, ਗੁਰਦੁਆਰੇ ਅਤੇ ਡੇਰੇ ਆਦਿ ਕਰਦੇ ਹੁੰਦੇ ਸਨ। ਅਨੰਦਪੁਰ ਸਾਹਿਬ ਵਿਚ ਪੁਰਾਤਨ ਡੇਰਿਆਂ ਦਾ ਜ਼ਿਕਰ ਮਿਲਦਾ ਹੈ ਜਿਹੜੇ ਕਿ ਉਦਾਸੀਆਂ, ਨਿਰਮਲਿਆਂ ਵੱਲੋਂ ਗੁਰਮਤਿ ਵਿੱਦਿਆ, ਗੁਰਬਾਣੀ ਸੰਥਿਆ ਅਤੇ ਬੌਧਿਕ ਗਿਆਨ ਦੇਣ ਵਾਸਤੇ ਚਲਾਏ ਗਏ ਸਨ।

### 3.1.1 ਡੇਰਾ ਮੱਖਣਸਰ (ਪਿੰਡ ਮਟੌਰ)

ਡੇਰਾ ਮੱਖਣਸਰ (ਪਿੰਡ ਮਟੌਰ ਵਿਚ ਸਥਿਤ ਹੈ), ਜਿਸ ਨੂੰ ਉਦਾਸੀ ਸੰਤ ਵਰਿਆਮ ਦਾਸ ਨੇ ਬਣਾਇਆ ਸੀ। ਇਥੇ ਗੁਰਮਤਿ ਵਿਦਿਆ ਅਤੇ ਹਿਕਮਤ (ਹਕੀਮੀ) ਦੀ ਸਿਖਲਾਈ ਵੀ ਦਿੱਤੀ ਜਾਂਦੀ ਸੀ।[14]

### 3.1.2 ਡੇਰਾ ਮਹੰਤ ਸੁਰਜਨ ਸਿੰਘ, ਅੱਪਰਾ

ਡੇਰਾ ਮਹੰਤ ਸੁਰਜਨ ਸਿੰਘ ਅੱਪਰਾ ਦਾ ਸੀ, ਜਿਹੜਾ ਕਿਲ੍ਹਾ ਅਨੰਦਗੜ੍ਹ ਸਾਹਿਬ ਦੇ ਬਿਲਕੁਲ ਪੈਰਾਂ ਵਿਚ ਸੀ। ਇਹ ਡੇਰਾ ਵੀ ਸਿੱਖੀ ਬੌਧਿਕ ਗਿਆਨ ਦਾ ਕੇਂਦਰ ਸੀ।[15]

### 3.1.3 ਸ੍ਰੀ ਗੁਰੂ ਤੇਗ ਬਹਾਦਰ ਨਿਰਮਲ ਬੁੰਗਾ, ਮਟੌਰ

ਕਿਲ੍ਹਾ ਅਨੰਦਗੜ੍ਹ ਸਾਹਿਬ ਵਿਖੇ ਲੱਕੜਾਂ ਲਿਆਉਣ ਦੀ ਸੇਵਾ ਕਰਨ ਵਾਲੇ ਇਕ ਗੁਰਸਿੱਖ ਬਾਬਾ ਤਾਰਾ ਸਿੰਘ ਜੀ ਸਨ। ਉਹਨਾਂ ਨੇ 1978 ਈਸਵੀ ਵਿਚ ਮਟੌਰ ਪਿੰਡ ਦੀ ਹਦੂਦ ਅੰਦਰ 'ਸ੍ਰੀ ਗੁਰੂ ਤੇਗ

---

[14] ਦਲਜੀਤ ਸਿੰਘ ਬੇਦੀ (ਸੰਪਾ.), *ਅਨੰਦਪੁਰ ਸਾਹਿਬ,* ਤਲਵਿੰਦਰ ਸਿੰਘ ਬੁੱਟਰ, ਸ੍ਰੀ ਅਨੰਦਪੁਰ ਸਾਹਿਬ ਦੇ ਵਿਕਾਸ ਵਿਚ 'ਬੁੰਗਿਆਂ' ਦਾ ਯੋਗਦਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਸਤੰਬਰ 2015 (ਪਹਿਲੀ ਐਡੀਸ਼ਨ), ਪੰਨਾ 256.

[15] ਉਹੀ, ਪੰਨਾ 256.

ਬਹਾਦਰ ਨਿਰਮਲ ਬੁੰਗਾ' ਬਣਾ ਕੇ ਵਿਦਿਆਰਥੀਆਂ ਨੂੰ ਗੁਰਬਾਣੀ ਦੀ ਸੰਥਿਆ ਤੇ ਗੁਰਮਤਿ ਵਿਦਿਆ ਦੇਣੀ ਆਰੰਭ ਕੀਤੀ। ਬਾਬਾ ਤਾਰਾ ਸਿੰਘ ਦੇ ਦੇਹਾਂਤ (12 ਅਕਤੂਬਰ, 1998 ਈ.) ਉਪਰੰਤ ਇਸ ਬੁੰਗੇ ਦਾ ਪ੍ਰਬੰਧ ਨਿਰਮਲ ਦੁਆਬਾ ਮੰਡਲ ਦੇ ਪ੍ਰਧਾਨ ਬਾਬਾ ਭਾਗ ਸਿੰਘ ਹੁਰਾਂ ਦੀ ਦੇਖ-ਰੇਖ ਵਿਚ ਆ ਗਿਆ। ਇਸ ਬੁੰਗੇ ਵਿਚ ਬਣੇ ਸੁੰਦਰ ਗੁਰਦੁਆਰਾ ਸਾਹਿਬ ਵਿਖੇ ਸਵੇਰੇ-ਸ਼ਾਮ ਨਿਤਨੇਮ ਤੋਂ ਇਲਾਵਾ ਗੁਰ-ਇਤਿਹਾਸ ਦੀ ਕਥਾ ਵੀ ਹੁੰਦੀ ਹੈ ਅਤੇ ਐਤਵਾਰ ਵਾਲੇ ਦਿਨ ਨੇੜੇ-ਤੇੜੇ ਤੋਂ ਬੱਚੇ ਗੁਰਮਤਿ ਸਿਖਲਾਈ ਪ੍ਰਾਪਤ ਕਰਨ ਵਾਸਤੇ ਕਲਾਸ ਲਗਾਉਣ ਲਈ ਆਉਂਦੇ ਹਨ।[16]

## 3.2 ਸਕੂਲ

ਜਦੋਂ ਤੋਂ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਆਇਆ ਹੈ ਤਾਂ ਵਿੱਦਿਆ ਦੇਣ ਲਈ ਦੇ ਪ੍ਰਬੰਧ ਕਰਦੇ ਹੋਏ ਸਕੂਲ, ਕਾਲਜ ਖੋਲ੍ਹਣੇ ਆਰੰਭ ਕੀਤੇ। ਇਹਨਾਂ ਇਤਿਹਾਸਕ ਸ਼ਹਿਰਾਂ/ਨਗਰਾਂ ਵਿਚ ਉਥੋਂ ਦੇ ਇਤਿਹਾਸ ਨਾਲ ਸੰਬੰਧਿਤ ਸ਼ਖ਼ਸੀਅਤਾਂ ਦੇ ਨਾਂ ਉਤੇ ਵਿੱਦਿਅਕ ਸੰਸਥਾਵਾਂ ਦੇ ਨਾਂ ਰੱਖਣ ਦੀ ਪਿਰਤ ਆਰੰਭ ਹੋਈ। ਇਸ ਖੇਤਰ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਸੰਸਥਾਵਾਂ ਵੱਲੋਂ ਕਈ ਵਿਦਿਅਕ ਅਦਾਰੇ ਚਲਾਏ ਜਾ ਰਹੇ ਹਨ, ਜਿਹਨਾਂ ਦਾ ਵਰਣਨ ਨਿਮਨ ਅਨੁਸਾਰ ਹੈ :

### 3.2.1 ਭਾਈ ਨੰਦ ਲਾਲ ਪਬਲਿਕ ਸਕੂਲ, ਅਨੰਦਪੁਰ ਸਾਹਿਬ

ਗੁਰੂ ਗੋਬਿੰਦ ਸਿੰਘ ਜੀ ਪ੍ਰਤਿ ਅਪਾਰ ਸ਼ਰਧਾ ਰੱਖਣ ਵਾਲੇ ਭਾਈ ਨੰਦ ਲਾਲ 'ਗੋਯਾ' ਗੁਰੂ ਜੀ ਦੇ ਦਰਬਾਰ ਦੇ ਇਕੋ ਇਕ ਫ਼ਾਰਸੀ ਭਾਸ਼ੀ ਮਹਾਨ ਕਵੀ ਸਨ, ਜਿਹਨਾਂ ਦੀ ਵਿਦਵਤਾ ਅਤੇ ਫ਼ਾਰਸੀ-ਦਾਨੀ ਦੀ ਸਾਖ ਦੂਰ-ਦੂਰ ਤਕ ਪਸਰੀ ਹੋਈ ਸੀ।[17] ਭਾਈ ਨੰਦ ਲਾਲ ਜੀ ਦਾ ਅਨੰਦਪੁਰ ਸਾਹਿਬ ਨਾਲ ਵੀ ਕਾਫ਼ੀ ਗਹਿਰਾ ਸੰਬੰਧ ਰਿਹਾ ਹੈ। *ਗੁਰੂ ਕੀਆਂ ਸਾਖੀਆਂ* ਅਨੁਸਾਰ ਫ਼ਾਰਸੀ ਅਤੇ ਅਰਬੀ ਦੇ ਚੰਗੇ ਲਿਖਾਰੀ ਭਾਈ ਨੰਦ ਲਾਲ ਗੋਯਾ ਮੁਲਤਾਨੀ ਸੰਗਤ ਵਿਚ ਸੰਮਤ 1739 ਬਿਕਰਮੀ ਵਿਚ 'ਚੱਕ ਨਾਨਕੀ' ਆਏ।[18] ਭਾਈ

---

16 ਦਲਜੀਤ ਸਿੰਘ ਬੇਦੀ (ਸੰਪਾ.), *ਅਨੰਦਪੁਰ ਸਾਹਿਬ,* ਪੰਨਾ 260.

17 ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵ ਕੋਸ਼ (ਭਾਗ ਦੂਜਾ),* ਪੰਨੇ 1098-99.

18 ਸ੍ਵਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ,* ਪਿਆਰਾ ਸਿੰਘ ਪਦਮ (ਸੰਪਾ.), ਸਿੰਘ ਬ੍ਰਦਰਜ਼, ਅੰਮ੍ਰਿਤਸਰ, 2008 (ਛੇਵੀਂ ਵਾਰ), ਪੰਨਾ 92.

ਨੰਦ ਲਾਲ ਜੀ ਦੇ ਅਨੰਦਪੁਰ ਸਾਹਿਬ ਵਿਚਲੇ ਡੇਰੇ ਵਿਚ ਹਰ ਵੇਲੇ ਲੰਗਰ ਚੱਲਣ ਦਾ ਜ਼ਿਕਰ ਪ੍ਰਾਪਤ ਹੁੰਦਾ ਹੈ। ਭਾਈ ਸਾਹਿਬ ਲੰਗਰ ਦੀ ਸੇਵਾ ਲਈ ਆਪ ਸਦਾ ਹਾਜ਼ਰ ਰਹਿੰਦੇ ਸਨ। [19]

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਭਾਈ ਨੰਦ ਲਾਲ ਜੀ ਜਿਹੀ ਵਿਦਵਾਨ ਸ਼ਖ਼ਸੀਅਤ ਦਾ ਸਤਿਕਾਰ ਕਰਦਿਆਂ, ਉਹਨਾਂ ਦੀ ਯਾਦ ਨੂੰ ਸਮਰਪਿਤ ਅਨੰਦਪੁਰ ਸਾਹਿਬ ਦੀ ਧਰਤੀ ਉਤੇ 'ਭਾਈ ਨੰਦ ਲਾਲ ਪਬਲਿਕ ਸਕੂਲ' ਦੀ ਸਥਾਪਨਾ 1995 ਈਸਵੀ ਵਿਚ ਕੀਤੀ। ਮੌਜੂਦਾ ਸਮੇਂ ਵਿਚ ਇਹ ਸਕੂਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਿਹਾ ਹੈ। ਹੁਣ ਇਸ ਸਕੂਲ ਵਿਚ ਹੋਰ ਵਿਸ਼ੇ ਪੜ੍ਹਾਉਣ ਦੇ ਨਾਲ ਹੀ ਧਾਰਮਿਕ ਵਿੱਦਿਆ ਵੀ ਵਿਦਿਆਰਥੀਆਂ ਨੂੰ ਮੁਹੱਈਆ ਕਰਵਾਈ ਜਾਂਦੀ ਹੈ।

### 3.2.2 ਪਰਿਵਾਰ ਵਿਛੋੜਾ ਪਬਲਿਕ ਹਾਈ ਸਕੂਲ, ਸਰਸਾ ਨੰਗਲ (ਰੋਪੜ)

ਇਹ ਸਕੂਲ ਜ਼ਿਲ੍ਹਾ ਰੂਪਨਗਰ ਵਿਚ ਪਿੰਡ ਸਰਸਾ ਨੰਗਲ ਵਿਚ ਸਥਿਤ ਹੈ। ਇਸ ਸਕੂਲ ਦਾ ਨਾਂ ਵੀ ਸਿੱਖ ਇਤਿਹਾਸ ਦੀ ਇਕ ਵੱਡੀ ਘਟਨਾ ਨਾਲ ਜੁੜਿਆ ਹੋਇਆ ਹੈ। ਇਸ ਘਟਨਾ ਅਨੁਸਾਰ ਜਦੋਂ ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਸਾਹਿਬ ਛੱਡਣ ਤੋਂ ਬਾਅਦ ਸਰਸਾ ਨਦੀ ਦੇ ਕਿਨਾਰੇ ਉਤੇ ਪਹੁੰਚੇ ਤਾਂ ਇਥੇ ਸਰਸਾ ਨਦੀ ਵਿਚ ਹੜ੍ਹ ਆਇਆ ਹੋਇਆ ਸੀ। ਇਸ ਨਦੀ ਵਿਚੋਂ ਪਾਰ ਜਾਣ ਸਮੇਂ ਗੁਰੂ ਜੀ ਦਾ ਪਰਿਵਾਰ ਆਪਸ ਵਿਚ ਨਿੱਖੜ ਗਿਆ ਅਤੇ ਅਨੇਕਾਂ ਸਿੱਖ ਨਦੀ ਦੇ ਪਾਣੀ ਵਿਚ ਰੁੜ ਗਏ।[20] ਉਸ ਸਮੇਂ ਦੀ ਯਾਦ ਵਿਚ ਇੱਥੇ ਹੁਣ 'ਗੁਰਦੁਆਰਾ ਪਰਿਵਾਰ ਵਿਛੋੜਾ ਸਾਹਿਬ' ਸੁਸ਼ੋਭਿਤ ਹੈ। ਇਸ ਗੁਰਦੁਆਰਾ ਸਾਹਿਬ ਦੇ ਨਾਂ ਉਤੇ ਹੀ ਇਸਦੇ ਸਾਹਮਣੇ 'ਪਰਿਵਾਰ ਵਿਛੋੜਾ ਪਬਲਿਕ ਹਾਈ ਸਕੂਲ' ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 1999 ਈਸਵੀ ਵਿਚ ਸਥਾਪਿਤ ਕੀਤਾ। ਇਸ ਸਕੂਲ ਵਿਚ ਵਿਦਿਆਰਥੀਆਂ ਨੂੰ ਅਕਾਦਮਿਕ ਵਿੱਦਿਆ ਦੇ ਨਾਲ-ਨਾਲ ਧਾਰਮਿਕ ਸਿੱਖਿਆ ਵੀ ਦਿੱਤੀ ਜਾਂਦੀ ਹੈ।

### 3.2.3 ਬਾਬਾ ਅਜੀਤ ਸਿੰਘ ਜੁਝਾਰ ਸਿੰਘ ਸੀਨੀਅਰ ਸੈਕੰਡਰੀ ਸਕੂਲ, ਚਮਕੌਰ ਸਾਹਿਬ

ਚਮਕੌਰ ਸਾਹਿਬ ਸਿੱਖ ਇਤਿਹਾਸ ਨਾਲ ਜੁੜਿਆ ਇਕ ਪ੍ਰਸਿੱਧ ਨਗਰ ਹੈ। ਗੁਰੂ ਗੋਬਿੰਦ ਸਿੰਘ ਜੀ

---

[19] ਗੰਡਾ ਸਿੰਘ (ਸੰਪਾ.), *ਭਾਈ ਨੰਦ ਲਾਲ ਗ੍ਰੰਥਾਵਲੀ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 8.

[20] ਸੁਰਿੰਦਰ ਸਿੰਘ ਕੋਹਲੀ, *ਗੁਰੂ ਗੋਬਿੰਦ ਸਿੰਘ : ਜੀਵਨ ਅਤੇ ਰਚਨਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996, ਪੰਨਾ 19.

ਆਪਣੇ ਦੋ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਸਮੇਤ ਚਾਲੀ ਸਿੰਘਾਂ ਨਾਲ ਚਮਕੌਰ ਦੀ ਗੜ੍ਹੀ ਵਿਚ ਪਹੁੰਚੇ। ਇੱਥੇ ਦੀ ਜੰਗ ਵਿਚ ਗੁਰੂ ਜੀ ਦੇ ਦੋਵੇਂ ਵੱਡੇ ਸਾਹਿਬਜ਼ਾਦੇ ਅਤੇ ਅਨੇਕਾਂ ਸਿੰਘ ਸ਼ਹੀਦ ਹੋ ਗਏ ਸਨ। ਇਹਨਾਂ ਸ਼ਹੀਦਾਂ ਦੀ ਯਾਦ ਵਿੱਚ ਚਮਕੌਰ ਸਾਹਿਬ ਵਿਚ ਕਈ ਗੁਰਦੁਆਰੇ ਬਣੇ ਹੋਏ ਹਨ। ਇਸੇ ਲਈ ਇਥੋਂ ਦੇ ਇਤਿਹਾਸ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਦੇ ਦੋਵੇਂ ਵੱਡੇ ਸਾਹਿਬਜ਼ਾਦਿਆਂ ਦੀ ਨਿੱਘੀ ਯਾਦ ਨੂੰ ਸਮਰਪਿਤ ਚਮਕੌਰ ਸਾਹਿਬ ਵਿਚ 'ਬਾਬਾ ਅਜੀਤ ਸਿੰਘ ਜੁਝਾਰ ਸਿੰਘ ਸੀਨੀਅਰ ਸੈਕੰਡਰੀ ਸਕੂਲ' ਦੀ ਸਥਾਪਨਾ 1925 ਈਸਵੀ ਵਿਚ ਕੀਤੀ ਗਈ ਸੀ। ਇਸ ਸਕੂਲ ਦਾ ਪ੍ਰਬੰਧ ਇੱਕ ਟਰੱਸਟ ਕਰ ਰਿਹਾ ਹੈ।

ਇਸ ਸਕੂਲ ਵਿਚ ਸੀਨੀਅਰ ਸੈਕੰਡਰੀ ਤੱਕ ਅਕਾਦਮਿਕ ਵਿੱਦਿਆ ਦੇ ਨਾਲ ਹੀ, 'ਸਤਿਨਾਮ ਐਜੂਕੇਸ਼ਨ ਟਰੱਸਟ' ਵੱਲੋਂ ਧਾਰਮਿਕ ਅਧਿਆਪਕ ਨਿਯੁਕਤ ਕੀਤਾ ਹੋਇਆ ਹੈ, ਜੋ ਕਿ ਵਿਦਿਆਰਥੀਆਂ ਨੂੰ ਧਾਰਮਿਕ ਵਿੱਦਿਆ ਦੇਣ ਦੀ ਡਿਊਟੀ ਨਿਭਾਉਂਦਾ ਹੈ। ਇਸ ਸਕੂਲ ਵਿਚ ਸਵੇਰ ਦੀ ਸਭਾ ਸ਼ਬਦ ਗਾਇਣ ਅਤੇ ਅਰਦਾਸ ਕਰਕੇ ਕੀਤੀ ਜਾਂਦੀ ਹੈ।

### 3.2.4 ਸੰਤ ਬਾਬਾ ਪਿਆਰਾ ਸਿੰਘ ਸੀਨੀਅਰ ਸੈਕੰਡਰੀ ਸਕੂਲ, ਚਮਕੌਰ ਸਾਹਿਬ

ਚਮਕੌਰ ਸਾਹਿਬ ਵਿਚਲਾ ਇਹ ਸਕੂਲ ਸੰਤ ਬਾਬਾ ਪਿਆਰਾ ਸਿੰਘ ਝਾੜ ਸਾਹਿਬ ਵਾਲਿਆਂ ਦੇ ਨਾਂ ਉਤੇ ਬਣਿਆ ਹੋਇਆ ਹੈ, ਜਿਹਨਾਂ ਨੇ ਚਮਕੌਰ ਸਾਹਿਬ ਅਤੇ ਨੇੜਲੇ ਇਲਾਕਿਆਂ ਵਿਚਲੇ ਇਤਿਹਾਸਕ ਗੁਰਦੁਆਰਿਆਂ ਦੀ ਉਸਾਰੀ ਦੀ ਸੇਵਾ ਕਰਵਾਈ ਸੀ। ਬਾਬਾ ਪਿਆਰਾ ਸਿੰਘ ਪਿੰਡ ਤੂਰਾਂ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਦੇ ਰਹਿਣ ਵਾਲੇ ਸਨ। ਇਹਨਾਂ ਨੇ ਆਪਣਾ ਅੱਧੇ ਤੋਂ ਵੱਧ ਜੀਵਨ ਗੁਰੂ ਅਸਥਾਨਾਂ ਦੀ ਸੇਵਾ ਦੇ ਲੇਖੇ ਲਗਾ ਦਿੱਤਾ। ਬਾਬਾ ਜੀ ਨੇ 1947 ਤੋਂ ਬਾਅਦ ਚਮਕੌਰ ਸਾਹਿਬ ਦੇ ਨਜਦੀਕ ਗੁਰਦੁਆਰਾ ਝਾੜ ਸਾਹਿਬ ਪਾਤਸ਼ਾਹੀ ਦਸਵੀਂ ਦੀ ਉਸਾਰੀ ਦੀ ਸੇਵਾ ਕਰਵਾਈ ਅਤੇ ਆਪਣੀ ਰਿਹਾਇਸ਼ ਉਥੇ ਹੀ ਕਰ ਲਈ ਸੀ, ਇਸ ਕਾਰਨ ਉਹਨਾਂ ਦੇ ਨਾਂ ਨਾਲ 'ਝਾੜ ਸਾਹਿਬ' ਸ਼ਬਦ ਸਦਾ ਲਈ ਜੁੜ ਗਿਆ। [21]

---

[21] ਸੁਰਿੰਦਰ ਸਿੰਘ ਖਾਲਸਾ, *ਪੋਹ ਦੀਆਂ ਰਾਤਾਂ*, ਪ੍ਰਕਾਸ਼ਕ ਗੁਰਦੁਆਰਾ ਮਾਤਾ ਗੁਜਰ ਕੌਰ ਜੀ ਅਤੇ ਛੋਟੇ ਸਾਹਿਬਜ਼ਾਦੇ (ਯਾਦਗਾਰ ਛੰਨ ਬਾਬਾ ਕੁੰਮਾ ਮਾਸ਼ਕੀ ਜੀ), ਪਿੰਡ ਚੱਕ ਢੇਰਾ, 2020 (ਚੌਥੀ ਵਾਰ).

ਬਾਬਾ ਪਿਆਰਾ ਸਿੰਘ ਝਾੜ ਸਾਹਿਬ ਵਾਲਿਆਂ ਦੇ ਸਨਮਾਨ ਅਤੇ ਸਤਿਕਾਰ ਵਜੋਂ ਉਹਨਾਂ ਦੇ ਨਾਂ ਉਤੇ ਬਣੇ ਇਸ ਨਿੱਜੀ ਸਕੂਲ ਦੀ ਸਥਾਪਨਾ 1989 ਈਸਵੀ ਵਿਚ ਹੋਈ ਸੀ। ਇਸ ਸਕੂਲ ਵਿਚ ਬਾਰ੍ਹਵੀਂ ਤੱਕ ਅਕਾਦਮਿਕ ਵਿੱਦਿਆ ਦੇਣ ਤੋਂ ਇਲਾਵਾ ਵਿਦਿਆਰਥੀਆਂ ਨੂੰ ਨੈਤਿਕ ਕਦਰਾਂ ਕੀਮਤਾਂ ਦੀ ਸਿਖਲਾਈ ਵੀ ਦਿੱਤੀ ਜਾਂਦੀ ਹੈ।

### 3.2.5 ਖ਼ਾਲਸਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਬੀੜ ਗੁਰੂ, ਜੰਡ ਸਾਹਿਬ

ਇਹ ਸਕੂਲ, ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ ਇਤਿਹਾਸਕ ਪਿੰਡ ਬੀੜ ਗੁਰੂ ਜੰਡ ਸਾਹਿਬ ਵਿਖੇ ਬਣਿਆ ਹੋਇਆ ਹੈ। ਇਸ ਅਸਥਾਨ ਉਤੇ ਗੁਰੂ ਜੀ ਚਮਕੌਰ ਦੀ ਜੰਗ ਵਿਚੋਂ ਦੁਸ਼ਮਣਾਂ ਦੇ ਘੇਰੇ ਵਿਚੋਂ ਨਿਕਲਣ ਤੋਂ ਬਾਅਦ ਆਏ ਸਨ। ਗੁਰੂ ਜੀ ਦੀ ਆਮਦ ਦੀ ਯਾਦ ਵਿਚ ਇਥੇ ਸੁੰਦਰ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ। ਇਤਿਹਾਸਕ ਅਸਥਾਨ ਹੋਣ ਕਾਰਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਥੇ 'ਖ਼ਾਲਸਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਦੀ ਸਥਾਪਨਾ 1996 ਈਸਵੀ ਵਿਚ ਕੀਤੀ ਸੀ। ਇਹ ਪੇਂਡੂ ਖੇਤਰ ਦੇ ਬੱਚਿਆਂ ਨੂੰ ਸਿੱਖਿਆ ਮੁਹੱਈਆ ਕਰਵਾਉਣ ਲਈ ਇਕ ਵਧੀਆ ਸੰਸਥਾ ਹੈ। ਇਹ ਸਕੂਲ ਵਿਦਿਆਰਥੀਆਂ ਦੀ ਅਕਾਦਮਿਕ ਵਿੱਦਿਆ ਦੇ ਨਾਲ ਹੀ ਉਹਨਾਂ ਨੂੰ ਧਾਰਮਿਕ ਖੇਤਰ ਦੀ ਵਿੱਦਿਆ ਦੇ ਕੇ ਉਹਨਾਂ ਨੂੰ ਸਦਾਚਾਰੀ ਅਤੇ ਨੈਤਿਕ ਬਣਾ ਰਿਹਾ ਹੈ।

## 3.3. ਕਾਲਜ

### 3.3.1 ਗੁਰੂ ਤੇਗ ਬਹਾਦਰ ਖਾਲਸਾ ਕਾਲਜ, (ਸ੍ਰੀ ਅਨੰਦਪੁਰ ਸਾਹਿਬ)

ਸੰਤ ਬਾਬਾ ਮਹਿੰਦਰ ਸਿੰਘ ਹਰਖੋਵਾਲ ਵਾਲਿਆਂ ਨੇ 1957 ਈਸਵੀ ਵਿਚ ਸੰਪਰਦਾਇ ਦੇ ਮੁਖੀ ਬਣਨ ਤੋਂ ਬਾਅਦ ਸ੍ਰੀ ਅਨੰਦਪੁਰ ਸਾਹਿਬ ਵਿਖੇ 1968 ਈਸਵੀ ਵਿਚ ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ ਦੀ ਸਥਾਪਨਾ ਕੀਤੀ ਅਤੇ ਇਸਦੀ ਇਮਾਰਤ ਦੀ ਉਸਾਰੀ ਕਰਵਾਈ। ਉਹਨਾਂ ਨੇ ਕੁਝ ਸਮਾਂ ਬਾਅਦ ਵਿਚ ਕਾਲਜ ਨੂੰ ਬਿਹਤਰੀਨ ਪ੍ਰਬੰਧ ਹੇਠ ਚਲਾਉਣ ਦੇ ਮਕਸਦ ਨਾਲ 1977 ਈਸਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਨੂੰ ਸੌਂਪ ਦਿੱਤਾ।[22] ਇਹ ਇਕ ਸਹਿ-ਵਿਦਿਅਕ ਸੰਸਥਾ ਹੈ। ਇਸ ਕਾਲਜ

---

[22] ਦਲਜੀਤ ਸਿੰਘ ਬੇਦੀ (ਸੰਪਾ.), *ਅਨੰਦਪੁਰ ਸਾਹਿਬ,* ਤਲਵਿੰਦਰ ਸਿੰਘ ਬੁੱਟਰ, ਸ੍ਰੀ ਅਨੰਦਪੁਰ ਸਾਹਿਬ ਦੇ ਵਿਕਾਸ ਵਿਚ 'ਬੁੰਗਿਆਂ' ਦਾ ਯੋਗਦਾਨ, ਪੰਨਾ 258.

ਵਿਚ ਹੋਰ ਅਕਾਦਮਿਕ ਵਿੱਦਿਆ ਦੇ ਨਾਲ ਹੀ ਵਿਦਿਆਰਥੀਆਂ ਨੂੰ ਗ੍ਰੈਜੂਏਟ ਪੱਧਰ ਤੱਕ ਧਰਮ-ਅਧਿਐਨ ਦਾ ਵਿਸ਼ਾ ਵੀ ਪੜ੍ਹਾਇਆ ਜਾਂਦਾ ਹੈ। ਜਿਸ ਵਿਚ ਸਿੱਖ ਇਤਿਹਾਸ, ਸਿੱਖ ਫ਼ਿਲਾਸਫ਼ੀ, ਗੁਰਬਾਣੀ ਦੇ ਨਾਲ ਹੀ ਹੋਰਨਾਂ ਧਰਮਾਂ ਦੀ ਵੀ ਮੁਢਲੀ ਜਾਣ-ਪਛਾਣ ਨੂੰ ਸਿਲੇਬਸ ਦਾ ਹਿੱਸਾ ਬਣਾਇਆ ਗਿਆ ਹੈ।

### 3.3.2 ਬੀਬੀ ਸ਼ਰਨ ਕੌਰ ਖਾਲਸਾ ਕਾਲਜ, ਚਮਕੌਰ ਸਾਹਿਬ

ਇਹ ਕਾਲਜ ਚਮਕੌਰ ਸਾਹਿਬ ਵਿਚ ਬੀਬੀ ਸ਼ਰਨ ਕੌਰ ਦੀ ਯਾਦ ਵਿਚ ਬਣਾਇਆ ਗਿਆ ਹੈ, ਜਿਸ ਨੇ ਚਮਕੌਰ ਜੰਗ ਵਿਚਲੇ ਸ਼ਹੀਦ ਸਿੰਘਾਂ ਦੇ ਅੰਤਿਮ ਸਸਕਾਰ ਕੀਤੇ ਸਨ। ਇਸ ਕਾਰਨ ਬੀਬੀ ਸ਼ਰਨ ਕੌਰ ਦਾ ਨਾਂ ਚਮਕੌਰ ਸਾਹਿਬ ਦੇ ਇਤਿਹਾਸ ਵਿਚ ਬਹੁਤ ਹੀ ਮਹੱਤਵਪੂਰਨ ਸਥਾਨ ਰੱਖਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬੀਬੀ ਸ਼ਰਨ ਕੌਰ ਦੁਆਰਾ ਕੀਤੀ ਸੇਵਾ ਦੀ ਯਾਦ ਵਜੋਂ ਉਹਨਾਂ ਦੇ ਨਾਂ ਉਤੇ ਚਮਕੌਰ ਸਾਹਿਬ ਵਿਚ ਇਸ ਕਾਲਜ ਦੀ ਸਥਾਪਨਾ ਸੰਨ 2016 ਈਸਵੀ ਵਿਚ ਕੀਤੀ ਸੀ। ਹੁਣ ਇਹ ਕਾਲਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਹੀ ਚੱਲ ਰਿਹਾ ਹੈ। ਇਥੇ ਗ੍ਰੈਜੂਏਸ਼ਨ ਪੱਧਰ ਤੱਕ ਪੜ੍ਹਾਈ ਕਰਵਾਈ ਜਾਂਦੀ ਹੈ ਅਤੇ ਨਾਲ ਹੀ ਵਿਦਿਆਰਥੀਆਂ ਨੂੰ ਧਾਰਮਿਕ ਵਿੱਦਿਆ ਦਿੱਤੀ ਜਾਂਦੀ ਹੈ, ਜਿਸ ਲਈ ਇਕ ਧਾਰਮਿਕ ਅਧਿਆਪਕ ਨਿਯੁਕਤ ਕੀਤਾ ਹੋਇਆ ਹੈ।

### 3.3.3 ਦਸਮੇਸ਼ ਖਾਲਸਾ ਕਾਲਜ, ਜੀਰਕਪੁਰ (ਜ਼ਿਲ੍ਹਾ ਮੁਹਾਲੀ)

ਦਸਮੇਸ਼ ਖਾਲਸਾ ਕਾਲਜ, ਜੀਰਕਪੁਰ ਦੀ ਸਥਾਪਨਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੰਨ 2014 ਵਿਚ ਵਿਦਿਆਰਥੀਆਂ ਦੇ ਦਾਖਲੇ ਨਾਲ ਆਰੰਭਤਾ ਕੀਤੀ ਸੀ। ਇਹ ਕਾਲਜ ਗੁਰਦੁਆਰਾ ਨਾਭਾ ਸਾਹਿਬ (ਜੀਰਕਪੁਰ) ਦੀ ਪਵਿੱਤਰ ਧਰਤੀ ਉਤੇ ਸਥਿਤ ਹੈ। ਗੁਰਦੁਆਰਾ ਨਾਭਾ ਸਾਹਿਬ ਦਾ ਇਤਿਹਾਸ, ਦੋ ਗੁਰੂ ਸਾਹਿਬਾਨ (ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ) ਨਾਲ ਸੰਬੰਧਿਤ ਹੈ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਉਪਰੰਤ ਜਦੋਂ ਭਾਈ ਜੈਤਾ ਜੀ ਆਪ ਜੀ ਦਾ ਸੀਸ ਲੈ ਕੇ ਅਨੰਦਪੁਰ ਸਾਹਿਬ ਵੱਲ ਜਾ ਰਹੇ ਸਨ ਤਾਂ ਉਹਨਾਂ ਨੇ ਇੱਕ ਰਾਤ ਇਥੇ ਵਿਸ਼ਰਾਮ ਕੀਤਾ ਸੀ। ਇੱਥੇ ਸੰਘਣੇ ਜੰਗਲ ਵਿਚ ਗੁਰੂ ਘਰ ਦੇ ਸ਼ਰਧਾਲੂ ਫ਼ਕੀਰ ਦਰਗਾਹੀ ਸ਼ਾਹ ਦੀ ਕੁਟੀਆ ਹੁੰਦੀ ਸੀ, ਜਿਸ ਵਿਚ ਭਾਈ ਜੈਤਾ ਜੀ ਨੇ ਵਿਸ਼ਰਾਮ ਕੀਤਾ ਅਤੇ ਪੀਰ ਜੀ ਨੇ ਇਕ ਉੱਚਾ ਥੜਾ ਬਣਾ ਕੇ ਬਹੁਤ ਸਤਿਕਾਰ ਸਹਿਤ ਗੁਰੂ ਜੀ ਦਾ

ਪਵਿੱਤਰ ਸੀਸ ਰੱਖਿਆ ਅਤੇ ਸਾਰੀ ਰਾਤ ਰਾਖੀ ਕੀਤੀ। ਜਦੋਂ ਅਗਲੇ ਦਿਨ ਭਾਈ ਜੈਤਾ ਜੀ ਜਾਣ ਲੱਗੇ ਤਾਂ ਪੀਰ ਜੀ ਨੇ ਉਹਨਾਂ ਨੂੰ ਆਖਿਆ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਮੇਰੀ ਬੇਨਤੀ ਕਰਨੀ ਕਿ ਮੈਨੂੰ ਇੱਥੇ ਆ ਕੇ ਦਰਸ਼ਨ ਦੇਣ ਦੀ ਕਿਰਪਾਲਤਾ ਕਰਨ। ਜਦੋਂ ਗੁਰੂ ਗੋਬਿੰਦ ਸਿੰਘ ਜੀ ਭੰਗਾਣੀ ਦਾ ਯੁੱਧ ਜਿੱਤਣ ਤੋਂ ਬਾਅਦ ਵਾਪਸ ਅਨੰਦਪੁਰ ਸਾਹਿਬ ਵੱਲ ਆ ਰਹੇ ਸਨ ਤਾਂ ਉਸ ਸਮੇਂ ਇਸ ਅਸਥਾਨ ਉਤੇ ਆਏ ਅਤੇ ਪੀਰ ਦਰਗਾਹੀ ਸ਼ਾਹ ਜੀ ਨੂੰ ਦਰਸ਼ਨ ਦੇ ਕੇ ਨਿਹਾਲ ਕੀਤਾ। ਇਤਿਹਾਸ ਦੀ ਇਸੇ ਘਟਨਾ ਕਾਰਨ ਇਥੇ ਗੁਰਦੁਆਰਾ ਨਾਭਾ ਸਾਹਿਬ ਸੁਸ਼ੋਭਿਤ ਹੈ। ਇਸ ਇਤਿਹਾਸ ਕਾਰਨ ਹੀ ਇਥੇ ਸਥਾਪਿਤ ਕੀਤੀ ਗਈ ਵਿੱਦਿਅਕ ਸੰਸਥਾ ਦਾ ਨਾਂ 'ਦਸ਼ਮੇਸ਼ ਖਾਲਸਾ ਕਾਲਜ' ਰੱਖਿਆ ਗਿਆ ਹੈ। ਇਸ ਕਾਲਜ ਵਿਚ ਗਿਆਰ੍ਹਵੀਂ, ਬਾਰ੍ਹਵੀਂ ਅਤੇ ਗ੍ਰੈਜੂਏਸ਼ਨ ਪੱਧਰ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ।

ਇਸ ਕਾਲਜ ਵਿਚ ਵਿਦਿਆਰਥੀਆਂ ਨੂੰ ਗੁਰਬਾਣੀ ਅਤੇ ਗੁਰ-ਇਤਿਹਾਸ ਨਾਲ ਜੋੜਨ ਲਈ ਕਾਲਜ ਅਤੇ ਗੁਰਮਤਿ ਸੁਸਾਇਟੀ ਵੱਲੋਂ ਵਿਸ਼ੇਸ਼ ਯਤਨ ਕੀਤੇ ਜਾ ਰਹੇ ਹਨ। ਵਿਦਿਆਰਥੀਆਂ ਨੂੰ ਸਿੱਖੀ ਸਿਧਾਤਾਂ ਅਤੇ ਸਿੱਖ ਇਤਿਹਾਸ ਨਾਲ ਜੋੜਨ ਲਈ ਇਥੇ ਇਕ ਗੁਰਮਤਿ ਭਵਨ ਬਣਾਇਆ ਗਿਆ ਹੈ ਜਿਸ ਵਿਚ ਗੁਰਬਾਣੀ ਦੀਆਂ ਪੋਥੀਆਂ ਅਤੇ ਹੋਰ ਧਾਰਮਿਕ ਸਾਹਿਤ ਮੁਹੱਈਆ ਕਰਵਾਇਆ ਗਿਆ ਹੈ। ਇਸ ਕਾਲਜ ਵਿਚ ਗੁਰੂ ਸਾਹਿਬਾਨ ਦੇ ਪ੍ਰਕਾਸ਼ ਪੁਰਬ ਵੀ ਮਨਾਏ ਜਾਂਦੇ ਹਨ। ਇਸ ਤੋਂ ਇਲਾਵਾ ਵਿਦਿਆਰਥੀਆਂ ਨੂੰ ਸਦਾਚਾਰੀ ਅਤੇ ਨੈਤਿਕਤਾ ਭਰਪੂਰ ਗਿਆਨ ਦੇਣ ਲਈ ਸਿੱਖ ਵਿਦਵਾਨਾਂ ਦੇ ਭਾਸ਼ਣ ਵੀ ਕਰਵਾਏ ਜਾਂਦੇ ਹਨ।

## 3.4 ਸੰਗੀਤ ਵਿਦਿਆਲੇ

ਸਿੱਖ ਇਤਿਹਾਸ ਨਾਲ ਸੰਬੰਧਿਤ ਸ਼ਹਿਰਾਂ ਵਿਚ ਸੰਗੀਤ ਵਿਦਿਆਲੇ ਸਥਾਪਿਤ ਹੋਣ ਦਾ ਕਾਰਨ ਵੀ ਇਹਨਾਂ ਦੀ ਇਤਿਹਾਸਕ ਮਹੱਤਤਾ ਹੀ ਹੈ। ਅਨੰਦਪੁਰ ਸਾਹਿਬ ਸਿੱਖ ਧਰਮ ਦਾ ਪ੍ਰਮੁਖ ਨਗਰ ਹੋਣ ਕਾਰਨ ਇਥੇ ਗੁਰਮਤਿ ਸੰਗੀਤ ਦੀ ਸਿਖਲਾਈ ਦੇਣ ਲਈ ਵਿਦਿਆਲੇ ਹੋਂਦ ਵਿਚ ਆਏ, ਜਿਹਨਾਂ ਦਾ ਵਰਣਨ ਨਿਮਨ ਅਨੁਸਾਰ ਹੈ;

### 3.4.1 ਨੇਤਰਹੀਣ ਸੰਗੀਤ ਵਿਦਿਆਲਾ (ਸ੍ਰੀ ਅਨੰਦਪੁਰ ਸਾਹਿਬ)

ਗੁਰਮਤਿ ਸੰਗੀਤ ਦੀ ਪਰੰਪਰਾਗਤ ਵਿੱਦਿਆ ਦੇਣ ਅਤੇ ਗੁਰੂ ਨਾਨਕ ਦੇਵ ਜੀ ਵੱਲੋਂ ਬਖਸ਼ਿਸ਼

ਕੀਤੀ ਗਈ ਪਰੰਪਰਾ ਨੂੰ ਸੰਭਾਲਣ ਹਿੱਤ ਅਨੇਕਾਂ ਸੰਗੀਤ ਵਿਦਿਆਲੇ ਅਤੇ ਟਕਸਾਲਾਂ ਹੋਂਦ ਵਿਚ ਆਈਆਂ ਹਨ। ਇਹ ਸੰਸਥਾਵਾਂ ਸਿਖਿਆਰਥੀਆਂ ਨੂੰ ਗੁਰਮਤਿ ਸੰਗੀਤ ਦੀ ਪਰੰਪਰਿਕ ਸਿੱਖਿਆ ਮੁਹੱਈਆਂ ਕਰਵਾ ਕੇ ਉਹਨਾਂ ਨੂੰ ਦੇਸ਼-ਵਿਦੇਸ਼ ਵਿਚ ਕੀਰਤਨ ਦੀ ਸੇਵਾ ਕਰਨ ਦੇ ਸਮਰੱਥ ਬਣਾਉਂਦੀਆਂ ਹਨ। ਇਹਨਾਂ ਸੰਗੀਤ ਵਿਦਿਆਲਿਆਂ ਨੇ ਪੁਰਾਤਨ ਕੀਰਤਨ ਸ਼ੈਲੀ ਦੀ ਸੰਭਾਲ ਦੇ ਨਾਲ ਹੀ ਅੱਜ ਤੱਕ ਬੜੇ ਨਾਮਵਰ ਕੀਰਤਨੀਏ ਸਿੱਖ ਪੰਥ ਦੀ ਝੋਲੀ ਵਿਚ ਪਾਏ ਹਨ।

ਇਸੇ ਹੀ ਤਰ੍ਹਾਂ ਦਾ ਇਕ ਸੰਗੀਤ ਵਿਦਿਆਲਾ ਅਨੰਦਪੁਰ ਸਾਹਿਬ ਵਿਚ ਸਥਾਪਿਤ ਕੀਤਾ ਗਿਆ ਹੈ। ਪ੍ਰੋ. ਕਰਤਾਰ ਸਿੰਘ ਅਨੁਸਾਰ ਸ੍ਰੀ ਅਨੰਦਪੁਰ ਸਾਹਿਬ ਦੀ ਨਗਰੀ ਨੇ ਹਮੇਸ਼ਾਂ ਹੀ ਗੁਰਮਤਿ ਸੰਗੀਤ ਵਿਚ ਅਹਿਮ ਯੋਗਦਾਨ ਪਾਇਆ ਹੈ। ਸੰਨ 1985 ਈ. ਵਿਚ ਪਹਿਲਾਂ ਇਸ ਦਾ ਨਾਂ 'ਸ੍ਰੀ ਗੁਰੂ ਗੋਬਿੰਦ ਸਿੰਘ ਸੰਗੀਤ ਵਿਦਿਆਲਾ' ਰੱਖਿਆ ਗਿਆ ਸੀ। ਨੇਤਰਹੀਣਾਂ ਅਤੇ ਅੰਗਹੀਣਾਂ ਲਈ ਖੋਲ੍ਹੇ ਜਾਣ ਕਾਰਨ ਬਾਅਦ ਵਿਚ ਇਸਦਾ ਨਾਂ 'ਨੇਤਰਹੀਣ ਸੰਗੀਤ ਵਿਦਿਆਲਾ' ਰੱਖਿਆ ਗਿਆ। ਸੰਨ 1993 ਈਸਵੀ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਇਸ ਵਿਦਿਆਲੇ ਨੂੰ ਸਹਾਇਤਾ ਦਿੱਤੀ ਜਾਣ ਲੱਗੀ ਜੋ ਕਿ ਸੰਨ 2014 ਈ. ਤੱਕ ਜਾਰੀ ਰਹੀ।[23] ਇਸ ਤਰ੍ਹਾਂ ਇਹ ਸੰਗੀਤ ਵਿਦਿਆਲੇ ਵਿਚੋਂ ਸਿੱਖਿਆ ਪ੍ਰਾਪਤ ਕਰਕੇ ਅਨੇਕਾਂ ਰਾਗੀ ਸਿੰਘ ਤਿਆਰ ਹੋਏ ਹਨ, ਜਿਹੜੇ ਕਿ ਸੰਗਤ ਵਿਚ ਵਿਚਰ ਕੇ ਸਿੱਖ ਧਰਮ ਦਾ ਪ੍ਰਚਾਰ ਕਰਕੇ ਆਪਣੀ ਉਪਜੀਵਕਾ ਵੀ ਕਮਾ ਰਹੇ ਹਨ।

### 3.4.2 ਗੁਰਮਤਿ ਸੰਗੀਤ ਅਕੈਡਮੀ, (ਸ੍ਰੀ ਅਨੰਦਪੁਰ ਸਾਹਿਬ)

ਪ੍ਰੋ. ਕਰਤਾਰ ਸਿੰਘ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੀਰਤਨ ਦੇ ਮਿਆਰ ਵਿਚ ਆ ਰਹੀ ਘਾਟ ਨੂੰ ਪੂਰਾ ਕਰਨ ਲਈ 300 ਸਾਲਾ ਖ਼ਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਤੰਤੀ ਸਾਜਾਂ ਦੁਆਰਾ ਪੁਰਾਤਨ ਕੀਰਤਨ ਮਰਿਆਦਾ ਨੂੰ ਮੁੜ ਸੁਰਜੀਤ ਕਰਨ ਲਈ ਵਿਸ਼ੇਸ਼ ਉਪਰਾਲੇ ਕਰਦੇ ਹੋਏ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਛਤਰ ਛਾਇਆ ਹੇਠ ਗੁਰਮਤਿ ਸੰਗੀਤ ਅਕੈਡਮੀ, ਸ੍ਰੀ ਅਨੰਦਪੁਰ ਸਾਹਿਬ ਨੂੰ ਇਕ ਸੰਸਥਾ ਵਜੋਂ ਸੰਨ 1999 ਈ. ਵਿਚ ਸਥਾਪਿਤ ਕੀਤਾ ਗਿਆ। ਇਸ ਅਦਾਰੇ ਦੀ ਸਥਾਪਤੀ ਉਪਰੰਤ

[23] ਦਲਜੀਤ ਸਿੰਘ ਬੇਦੀ (ਸੰਪਾ.), *ਅਨੰਦਪੁਰ ਸਾਹਿਬ,* ਕਰਤਾਰ ਸਿੰਘ, ਸ੍ਰੀ ਅਨੰਦਪੁਰ ਸਾਹਿਬ ਦੀ ਗੁਰਮਤਿ ਸੰਗੀਤ ਨੂੰ ਦੇਣ, ਪੰਨਾ 229.

ਇਸ ਦੇ ਡਾਇਰੈਕਟਰ ਗੁਰਮਤਿ ਸੰਗੀਤ ਦੇ ਪ੍ਰਸਿਧ ਵਿਦਵਾਨ ਅਤੇ ਕੀਰਤਨੀਏ ਪ੍ਰੋ. ਕਰਤਾਰ ਸਿੰਘ ਜੀ ਨੂੰ ਥਾਪਿਆ ਗਿਆ ਜੋ ਬੜੀ ਤਨਦੇਹੀ ਨਾਲ ਸਮਰਪਿਤ ਹੋ ਕੇ ਇਹ ਸੇਵਾ ਕਰ ਰਹੇ ਹਨ। ਗੁਰਮਤਿ ਸੰਗੀਤ ਅਕੈਡਮੀ, ਸ੍ਰੀ ਅਨੰਦਪੁਰ ਸਾਹਿਬ ਦੀ ਸਥਾਪਨਾ ਦਾ ਮਨੋਰਥ ਗੁਰੂ ਸਾਹਿਬਾਨ ਦੁਆਰਾ ਬਖ਼ਸ਼ੀ ਹੋਈ ਗੁਰਮਤਿ ਸੰਗੀਤ ਦੀ ਪ੍ਰੰਪਰਾਗਤ ਕੀਰਤਨ ਸ਼ੈਲੀ ਨੂੰ ਤੰਤੀ ਸਾਜਾਂ ਰਬਾਬ, ਸਿਰੰਦਾ, ਤਾਊਸ, ਦਿਲਰੁਬਾ ਤੇ ਤਾਨਪੁਰਾ ਦੁਆਰਾ ਪ੍ਰਚਲਿਤ ਕਰਨਾ ਸੀ। *ਸ੍ਰੀ ਗੁਰੂ ਗ੍ਰੰਥ ਸਾਹਿਬ* ਦੇ ਮੁਖ ਰਾਗਾਂ ਅਨੁਸਾਰ ਪੁਰਾਤਨ ਕੀਰਤਨ ਸ਼ੈਲੀ ਦਾ ਪ੍ਰਚਾਰ ਕਰਨਾ ਤੇ ਵੱਖ-ਵੱਖ ਕੀਰਤਨ ਚੌਂਕੀਆਂ ਅਨੁਸਾਰ ਸ਼ੁੱਧ ਤੇ ਅਸਲ ਰੂਪ ਵਿੱਚ ਵਿਦਿਆਰਥੀਆਂ ਦੀ ਘਾੜਤ ਘੜਣਾ ਹੈ, ਤਾਂ ਜੋ ਉਹ ਟਕਸਾਲੀ ਕੀਰਤਨੀਏ ਬਣ ਸਕਣ।[24]

ਗੁਰਮਤਿ ਸੰਗੀਤ ਅਕੈਡਮੀ ਤੋਂ ਤਾਲੀਮ ਪ੍ਰਾਪਤ ਕੀਰਤਨੀਆਂ ਵਿਚ ਸ਼ੁੱਧ ਰਾਗਾਤਮਕ ਕੀਰਤਨ ਦੀ ਚੇਟਕ ਲਗਾਉਣ ਵਿਚ ਪ੍ਰੋ. ਕਰਤਾਰ ਸਿੰਘ ਸਫਲ ਰਹੇ ਹਨ। ਉਹ ਖੁਦ ਤਾਨਪੁਰੇ ਤੇ ਕੀਰਤਨ ਕਰਦੇ ਹਨ ਅਤੇ ਵਿਦਿਆਰਥੀਆਂ ਨੂੰ ਵੀ ਇਸ ਤੰਤੀ ਸਾਜ਼ ਨਾਲ ਕੀਰਤਨ ਕਰਨ ਦੀ ਪ੍ਰੇਰਨਾ ਦਿੰਦੇ ਰਹੇ। ਉਹਨਾਂ ਦੁਆਰਾ ਤਿਆਰ ਕੀਤੇ ਜਥੇ ਤਾਨਪੁਰਾ ਤੇ ਹਰਮੋਨੀਅਮ ਦੋਵੇਂ ਸਾਜ਼ਾਂ ਨਾਲ ਕੀਰਤਨ ਕਰਦੇ ਹਨ। ਰਾਗਾਂ ਦੇ ਨਾਲ-ਨਾਲ ਇਹਨਾਂ ਨੂੰ ਸ਼ਬਦ ਕੀਰਤਨ ਗਾਇਕੀ ਲਈ ਵਿਸ਼ੇਸ਼ ਤਾਲਾਂ ਦਾ ਅਭਿਆਸ ਵੀ ਇਸੇ ਸੰਸਥਾ ਦੀ ਵਿਸ਼ੇਸ਼ਤਾ ਹੈ। ਵਿਦਿਆਰਥੀਆਂ ਨੂੰ ਭਿੰਨ ਭਿੰਨ ਤਾਲਾਂ ਵਿਚ ਸਹਿਜਮਈ ਕੀਰਤਨ ਦੀ ਪ੍ਰੇਰਨਾ ਦਿਤੀ ਜਾਂਦੀ ਹੈ।

ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਇਸ ਸੰਗੀਤ ਅਕੈਡਮੀ ਦੇ ਉਦਮਾਂ ਸਦਕਾ ਹੀ ਸੰਨ 2000 ਈ, ਤੋਂ ਤੰਤੀ ਸਾਜਾਂ ਨਾਲ ਪੁਰਾਤਨ ਕੀਰਤਨ ਮਰਿਆਦਾ ਅਨੁਸਾਰ ਹਰ ਬੁੱਧਵਾਰ ਕਲਿਆਣ ਦੀ ਚੌਂਕੀ ਨਿਰੰਤਰ ਚੱਲ ਰਹੀ ਹੈ। ਸੰਨ 2000 ਈ. ਤੋਂ ਹੀ ਹੋਲੇ-ਮਹੱਲੇ ਸਮੇਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਬਸੰਤ ਕੀਰਤਨ ਦਰਬਾਰ ਕਰਵਾਇਆ ਜਾਂਦਾ ਹੈ ਜਿਸ ਵਿਚ ਬਸੰਤ ਰਾਗ ਗਾਇਨ ਕਰਨ ਲਈ ਬਹੁਤ ਰਾਗੀ ਜੱਥੇ ਹਿੱਸਾ ਲੈਣ ਲਈ ਪਹੁੰਚਦੇ ਹਨ। ਇਸ ਤੋਂ ਇਲਾਵਾ ਵਿਸਾਖੀ ਦੇ ਅਵਸਰ ਉਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਦਾ ਵੀ ਰਾਗਾਂ ਵਿਚ ਗਾਇਣ ਕਰਨ ਲਈ ਕੀਰਤਨ ਦਰਬਾਰ ਕਰਵਾਇਆ ਜਾਂਦਾ ਹੈ।[25]

---

[24] ਦਲਜੀਤ ਸਿੰਘ ਬੇਦੀ (ਸੰਪਾ.), *ਅਨੰਦਪੁਰ ਸਾਹਿਬ,* ਪੰਨਾ 229.

[25] ਉਹੀ, ਪੰਨਾ 229.

## 3.5 ਮਿਸ਼ਨਰੀ ਕਾਲਜ

ਉਕਤ ਸੰਸਥਾਵਾਂ ਤੋਂ ਇਲਾਵਾ ਪੁਆਧ ਖੇਤਰ ਵਿੱਚ ਸਿੱਖ ਮਿਸ਼ਨਰੀ ਕਾਲਜ ਵੀ ਹੋਂਦ ਵਿਚ ਆਏ, ਜਿਹਨਾਂ ਨੇ ਸਿੱਖ ਪ੍ਰਚਾਰਕ ਪੈਦਾ ਕਰਨ ਅਤੇ ਸਿੱਖੀ ਦੇ ਪ੍ਰਚਾਰ-ਪਾਸਾਰ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਇਹਨਾਂ ਮਿਸ਼ਨਰੀ ਕਾਲਜਾਂ ਦਾ ਵੇਰਵਾ ਨਿਮਨ ਅਨੁਸਾਰ ਹੈ ;

### 3.5.1 ਸਾਹਿਬਜ਼ਾਦਾ ਜੁਝਾਰ ਸਿੰਘ ਗੁਰਮਤਿ ਮਿਸ਼ਨਰੀ ਕਾਲਜ, ਚੌਂਤਾ ਕਲਾਂ (ਰੋਪੜ)

ਜ਼ਿਲ੍ਹਾ ਰੂਪਨਗਰ ਵਿਚ 'ਸਾਹਿਬਜ਼ਾਦਾ ਜੁਝਾਰ ਸਿੰਘ ਗੁਰਮਤਿ ਮਿਸ਼ਨਰੀ ਕਾਲਜ, ਚੌਂਤਾ ਕਲਾਂ', ਰੋਪੜ-ਮਾਛੀਵਾੜਾ ਮਾਰਗ ਉਤੇ ਰੂਪਨਗਰ ਤੋਂ ਸੱਤ ਕਿਲੋਮੀਟਰ ਦੂਰ ਅਤੇ ਚਮਕੌਰ ਸਾਹਿਬ ਤੋਂ ਲਗਪਗ ਛੇ ਕਿਲੋਮੀਟਰ ਦੂਰੀ 'ਤੇ ਸਥਿਤ ਹੈ। ਇਥੋਂ ਨੇੜਲੇ ਨਗਰ ਚਮਕੌਰ ਸਾਹਿਬ ਦੀ ਜੰਗ ਵਿਚ ਜੂਝਦੇ ਹੋਏ ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ ਸ਼ਹੀਦ ਹੋਏ ਸਨ। ਇਸ ਲਈ ਇਸ ਕਾਲਜ ਦਾ ਨਾਂ ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਕੀਤਾ ਗਿਆ ਹੈ।

ਇਸ ਕਾਲਜ ਦੀ ਸਥਾਪਨਾ 10 ਜੁਲਾਈ, ਸੰਨ 1983 ਈਸਵੀ ਨੂੰ ਹੋਈ ਸੀ। ਇਹ ਕਾਲਜ ਵਾਲੀ ਥਾਂ ਸ. ਜਸਬੀਰ ਸਿੰਘ ਦੀ ਸੀ, ਜਿਹਨਾਂ ਦੀ ਸੋਚ ਅਨੁਸਾਰ ਇਥੇ ਮਿਸ਼ਨਰੀ ਕਾਲਜ ਦੀ ਆਰੰਭਤਾ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਭਾਈ ਹਰਚਰਨ ਸਿੰਘ ਮਹਾਲੋਂ ਨੇ ਕੀਤੀ ਸੀ। ਇਸ ਕਾਲਜ ਦੇ ਪਹਿਲੇ ਪ੍ਰਿੰਸੀਪਲ ਸ. ਜਸਬੀਰ ਸਿੰਘ ਬਣੇ। ਪਹਿਲਾਂ ਇਸ ਕਾਲਜ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਥਿਆ ਦੇਣ ਦੀ ਡਿਊਟੀ ਗਿਆਨੀ ਸਾਹਿਬ ਸਿੰਘ ਸ਼ਾਹਬਾਦ ਮਾਰਕੰਡਾ ਵਾਲਿਆਂ ਨੇ ਨਿਭਾਈ ਸੀ। ਇਸ ਕਾਲਜ ਵਿਚ ਸਿਖਿਆਰਥੀਆਂ ਨੂੰ ਸਿੱਖ ਪ੍ਰਚਾਰਕ ਅਤੇ ਗੁਰਬਾਣੀ ਕੀਰਤਨ ਦੀ ਸਿਖਲਾਈ ਦਿੱਤੀ ਜਾਂਦੀ ਹੈ। ਪ੍ਰਚਾਰਕਾਂ ਲਈ ਤਿੰਨ ਸਾਲਾ ਗੁਰਮਤਿ ਡਿਪਲੋਮਾ ਕੋਰਸ ਅਤੇ ਰਾਗੀ ਬਣਨ ਲਈ ਤਿੰਨ ਸਾਲਾ ਗੁਰਮਤਿ ਸੰਗੀਤ ਸਿਖਲਾਈ ਡਿਪਲੋਮਾ ਕਰਵਾਇਆ ਜਾਂਦਾ ਹੈ। ਇਸਦੇ ਨਾਲ ਹੀ ਵਿਦਿਆਰਥੀਆਂ ਨੂੰ ਬੀ. ਏ. ਪੱਧਰ ਤੱਕ ਅਕਾਦਮਿਕ ਵਿੱਦਿਆ ਦਿਵਾਉਣ ਦਾ ਪ੍ਰਬੰਧ ਵੀ ਕੀਤਾ ਜਾਂਦਾ ਹੈ। ਇਸ ਕਾਲਜ ਨੇ ਹੁਣ ਤੱਕ ਅਨੇਕਾਂ ਪਰਚਾਰਕਾਂ ਨੂੰ ਵਿਦਿਆ ਦੇ ਕੇ ਸਿੱਖ ਧਰਮ ਦਾ ਪਰਚਾਰ ਕਰਨ ਲਈ ਦੇਸ਼-ਵਿਦੇਸ਼ ਦੀ ਧਰਤੀ ਉਤੇ ਭੇਜਿਆ ਹੈ। ਇਸ ਮਿਸ਼ਨਰੀ ਕਾਲਜ ਵਿਚੋਂ ਸਿੱਖਿਆ ਪ੍ਰਾਪਤ ਕਰਕੇ ਸਿੱਖ ਪੰਥ ਦੀਆਂ ਬਹੁਤ ਨਾਮਵਰ

ਹਸਤੀਆਂ, ਜਿਹਨਾਂ ਵਿਚ ਗਿਆਨੀ ਮਾਨ ਸਿੰਘ, ਗ੍ਰੰਥੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ, ਕਥਾਵਾਚਕ ਭਾਈ ਪਿੰਦਰਪਾਲ ਸਿੰਘ, ਭਾਈ ਅਮਰੀਕ ਸਿੰਘ ਚੰਡੀਗੜ੍ਹ, ਭਾਈ ਰਣਜੀਤ ਸਿੰਘ, ਗੁਰਦੁਆਰਾ ਬੰਗਲਾ ਸਾਹਿਬ ਆਦਿ ਸੇਵਾਵਾਂ ਨਿਭਾਅ ਰਹੇ ਹਨ। ਹੁਣ ਤੱਕ ਇਸ ਕਾਲਜ ਵਿਚੋਂ 1400 ਦੇ ਲਗਪਗ ਪ੍ਰਚਾਰਕਾਂ ਨੇ ਸਿੱਖਿਆ ਪ੍ਰਾਪਤ ਕੀਤੀ ਅਤੇ ਉਹ ਹੁਣ ਕਰਕੇ ਗੁਰਮਤਿ ਪ੍ਰਚਾਰ ਕਰ ਰਹੇ ਹਨ।[26]

### 3.5.2 ਸਿੱਖ ਮਿਸ਼ਨਰੀ ਕਾਲਜ, ਅਨੰਦਪੁਰ ਸਾਹਿਬ

ਅਨੰਦਪੁਰ ਸਾਹਿਬ ਵਿਖੇ ਇਕ ਸਿੱਖ ਮਿਸ਼ਨਰੀ ਕਾਲਜ 26 ਅਪ੍ਰੈਲ, 1995 ਈਸਵੀ ਨੂੰ ਪੰਜ ਪਿਆਰਿਆਂ ਵੱਲੋਂ ਅਰਦਾਸ ਕਰਕੇ ਸਿੱਖ ਰਵਾਇਤਾਂ ਅਨੁਸਾਰ ਆਰੰਭ ਕੀਤਾ ਗਿਆ। ਇਸ ਸੰਸਥਾ ਵਿਚੋਂ ਹੁਣ ਤੱਕ ਅਨੇਕਾਂ ਵਿਦਿਆਰਥੀ ਵਿਦਵਾਨ ਪ੍ਰਚਾਰਕ, ਨਿਪੁੰਨ ਰਾਗੀ ਅਤੇ ਗ੍ਰੰਥੀ ਬਣ ਕੇ ਸਿੱਖ ਅਧਿਆਤਮ ਦਾ ਪ੍ਰਚਾਰ ਕਰ ਰਹੇ ਹਨ। ਇਹ ਕਾਲਜ ਗੁਰੂ ਸਾਹਿਬਾਨ ਦੇ 'ਸਰਬੱਤ ਦੇ ਭਲੇ' ਦੇ ਸਿਧਾਂਤ ਨੂੰ ਦ੍ਰਿੜਤਾ ਨਾਲ ਨਿਭਾਉਂਦਿਆਂ ਇਸ ਇਲਾਕੇ ਦੇ ਗਰੀਬ ਲੋਕਾਂ ਦੀ ਆਰਥਿਕ ਮਦਦ, ਪਹਾੜੀ ਪਿੰਡਾਂ ਵਿਚ ਪਾਣੀ ਦੀ ਕਿੱਲਤ ਨੂੰ ਦੂਰ ਕਰਨ ਲਈ ਪਾਣੀ ਦੇ ਸੋਮੇ ਖੂਹ ਆਦਿ ਖੁਦਵਾਉਣ ਅਤੇ ਪਿੰਡਾਂ ਵਿਚ ਜਾ ਕੇ ਹਫਤਾਵਾਰੀ ਗੁਰਮਤਿ ਕਲਾਸਾਂ ਲਗਾ ਕੇ ਜਿਥੇ ਲੋਕਾਂ ਨੂੰ ਧਰਮ ਗਿਆਨ ਵੰਡ ਰਿਹਾ ਹੈ, ਉਥੇ ਨੈਤਿਕ ਗੁਣਾਂ ਦਾ ਵੀ ਬਾਖੂਬੀ ਪ੍ਰਚਾਰ ਕਰ ਰਿਹਾ ਹੈ।[27]

## 4. ਵਿਰਾਸਤੀ ਯੋਗਦਾਨ

ਕਿਸੇ ਧਰਮ, ਕੌਮ ਲਈ ਵਿਰਾਸਤ ਦਾ ਬਹੁਤ ਅਹਿਮ ਮਹੱਤਵ ਹੁੰਦਾ ਹੈ। ਕਿਸੇ ਵਿਸ਼ੇਸ਼ ਧਰਮ, ਕੌਮ ਦੇ ਲੋਕ ਆਪਣੇ ਵਿਰਸੇ ਉਤੇ ਮਾਣ ਕਰਦੇ ਹੋਏ ਨਵੀਂ ਪੀੜ੍ਹੀ ਨੂੰ ਉਸ ਤੋਂ ਸੇਧ ਲੈ ਕੇ ਜ਼ਿੰਦਗੀ ਜਿਉਣ ਦੀ ਜਾਂਚ ਸਿਖਾਉਂਦੇ ਹਨ। ਜਦੋਂ ਇਹ ਵਿਰਾਸਤ ਕਿਸੇ ਧਰਮ ਦੀ ਹੋਵੇ ਤਾਂ ਉਸ ਵਿਚ ਕਿਸੇ ਧਾਰਮਿਕ ਸ਼ਖ਼ਸੀਅਤ ਨਾਲ ਸੰਬੰਧਿਤ ਵਸਤਾਂ, ਸ਼ਸਤਰ, ਲਿਖਤਾਂ, ਅਸਥਾਨ ਆਦਿ ਦਾ ਸ਼ੁਮਾਰ ਕੀਤਾ ਜਾ ਸਕਦਾ ਹੈ।

---

[26] ਮਨਿੰਦਰ ਸਿੰਘ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵਿਦਿਅਕ ਦੇਣ : ਧਰਮ ਅਧਿਐਨ ਦੇ ਵਿਸ਼ੇਸ਼ ਪ੍ਰਸੰਗ ਵਿਚ,* ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2019, ਪੰਨੇ 210-212. (ਪੀਐਚ.ਡੀ. ਥੀਸਿਜ.)

[27] ਦਲਜੀਤ ਸਿੰਘ ਬੇਦੀ (ਸੰਪਾ.), *ਅਨੰਦਪੁਰ ਸਾਹਿਬ,* ਤਲਵਿੰਦਰ ਸਿੰਘ ਬੁੱਟਰ, ਸ੍ਰੀ ਅਨੰਦਪੁਰ ਸਾਹਿਬ ਦੇ ਵਿਕਾਸ ਵਿਚ 'ਬੁੰਗਿਆਂ' ਦਾ ਯੋਗਦਾਨ, ਪੰਨਾ 261.

ਸਿੱਖ ਧਰਮ ਨਵੀਨ ਧਰਮ ਹੋਣ ਕਾਰਨ ਇਸ ਵਿਚ ਧਾਰਮਿਕ ਵਿਰਾਸਤ ਦੀਆਂ ਕਾਫੀ ਨਿਸ਼ਾਨੀਆਂ ਸੰਭਾਲ ਕੇ ਰੱਖੀਆਂ ਹੋਈਆਂ ਹਨ।

ਪੁਆਧ ਖੇਤਰ ਦੇ ਧਾਰਮਿਕ ਅਸਥਾਨਾਂ ਨੇ ਵਿਰਾਸਤ ਨੂੰ ਸੰਭਾਲਣ ਲਈ ਵੀ ਮਹੱਤਵਪੂਰਨ ਰੋਲ ਅਦਾ ਕੀਤਾ ਹੈ। ਇਹਨਾਂ ਅਸਥਾਨਾਂ ਵਿਚ ਗੁਰੂ ਸਾਹਿਬਾਨ ਨਾਲ ਸੰਬੰਧਿਤ ਕਈ ਨਿਸ਼ਾਨੀਆਂ (ਸ਼ਸਤਰ, ਬਸਤਰ, ਪੋਥੀ, ਦਰੱਖਤ ਆਦਿ) ਵੀ ਸੰਭਾਲੀਆਂ ਪਈਆਂ ਹਨ। ਇਹਨਾਂ ਨਿਸ਼ਾਨੀਆਂ ਦੇ ਦਰਸ਼ਨ ਸੰਗਤ ਨੂੰ ਕਰਵਾਏ ਜਾਂਦੇ ਹਨ। ਇਸ ਖੇਤਰ ਵਿਚਲੇ ਜਿਹੜੇ ਗੁਰਦੁਆਰਿਆਂ ਵਿਚ ਗੁਰੂ ਸਾਹਿਬਾਨ ਨਾਲ ਸੰਬੰਧਿਤ ਨਿਸ਼ਾਨੀਆਂ ਪਈਆਂ ਹਨ ਉਹਨਾਂ ਦਾ ਵੇਰਵਾ ਨਿਮਨ ਅਨੁਸਾਰ ਹੈ :

## 4.1 ਜਿਲ੍ਹਾ ਰੂਪਨਗਰ

ਜ਼ਿਲ੍ਹਾ ਰੂਪਨਗਰ ਦੇ ਸ਼ਹਿਰ ਅਨੰਦਪੁਰ ਸਾਹਿਬ, ਕੀਰਤਪੁਰ ਸਾਹਿਬ, ਕੋਟਲਾ ਨਿਹੰਗ ਅਤੇ ਚਮਕੌਰ ਸਾਹਿਬ ਆਦਿ ਵਿਚ ਗੁਰੂ ਸਾਹਿਬਾਨ ਅਤੇ ਗੁਰਸਿੱਖਾਂ ਨਾਲ ਸੰਬੰਧਿਤ ਇਤਿਹਾਸਕ ਅਤੇ ਵਿਰਾਸਤੀ ਨਿਸ਼ਾਨੀਆਂ ਪਈਆਂ ਹਨ, ਜਿਹਨਾਂ ਦਾ ਵਰਣਨ ਨਿਮਨ ਅਨੁਸਾਰ ਹੈ :

### 4.1.1 ਅਨੰਦਪੁਰ ਸਾਹਿਬ

ਅਨੰਦਪੁਰ ਸਾਹਿਬ ਵਿੱਚ, ਤਖ਼ਤ ਸ੍ਰੀ ਕੇਸਗੜ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਕਈ ਨਿਸ਼ਾਨੀਆਂ ਸੁਸ਼ੋਭਿਤ ਹਨ ਜਿਹਨਾਂ ਵਿਚ ਇਕ ਨਾਗਣੀ ਬਰਛਾ, ਦੋ ਹੋਰ ਬਰਛੇ, ਇੱਕ ਭਾਲਾ, ਇੱਕ ਢਾਲ, ਇੱਕ ਬੰਦੂਕ ਸੁਸ਼ੋਭਿਤ ਹੈ। ਰਿਆਸਤ ਨਾਭਾ ਦੇ ਵਾਰਸਾਂ ਤੋਂ ਪ੍ਰਾਪਤ ਹੋਈਆਂ ਗੁਰੂ ਸਾਹਿਬਾਨ ਦੀਆਂ ਨਿਸ਼ਾਨੀਆਂ ਵੀ ਕੇਸਗੜ੍ਹ ਸਾਹਿਬ ਸੁਸ਼ੋਭਿਤ ਕੀਤੀਆਂ ਗਈਆਂ ਹਨ, ਇਹਨਾਂ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਤੇਗਾ, ਗੁਰੂ ਤੇਗ ਬਹਾਦਰ ਜੀ ਦੀ ਤਲਵਾਰ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਚੋਲਾ, ਦਸਤਾਰ, ਕੰਘਾ (ਵਾਹੇ ਹੋਏ ਕੇਸਾਂ ਨਾਲ), ਦਸਤਾਰ ਵਾਲੀ ਛੋਟੀ ਸ੍ਰੀ ਸਾਹਿਬ, ਤਿੰਨ ਸ੍ਰੀ ਸਾਹਿਬ, ਪੰਜ ਤੀਰ, ਇੱਕ ਲੋਹੇ ਦਾ ਤੀਰ, ਛੋਟਾ ਬਰਛਾ, ਘੋੜੇ ਦਾ ਚਾਬਕ ਅਤੇ ਇੱਕ ਹੱਥ-ਲਿਖਤ ਸ਼ਾਮਿਲ ਹਨ।[28]

---

[28] ਹਰਪ੍ਰੀਤ ਸਿੰਘ, ਨਾਜ, *ਇਤਿਹਾਸਕ ਸਿੱਖ ਨਿਸ਼ਾਨੀਆਂ,* ਲਾਹੌਰ ਬੁੱਕਸ, ਲੁਧਿਆਣਾ, 2017, ਪੰਨਾ 90.

### 4.1.2 ਮੋਹੀਵਾਲ

ਅਨੰਦਪੁਰ ਸਾਹਿਬ ਦੇ ਨੇੜਲੇ ਪਿੰਡ ਮੋਹੀਵਾਲ ਵਿਚ 'ਗੁਰਦੁਆਰਾ ਭਾਈ ਘਨ੍ਹਈਆ ਜੀ' ਵਿਖੇ ਭਾਈ ਘਨ੍ਹਈਆ ਜੀ ਦੀ ਪਾਣੀ ਪਿਲਾਉਣ ਵਾਲੀ ਮਸ਼ਕ, ਦੋ ਗੜਵੇ ਪਏ ਹਨ। ਇਸ ਤੋਂ ਇਲਾਵਾ ਉਸ ਸਮੇਂ ਦੀਆਂ ਤਿੰਨ ਬਾਉਲੀਆਂ ਵੀ ਸਾਂਭੀਆਂ ਹੋਈਆਂ ਹਨ, ਜਿਹਨਾਂ ਵਿਚੋਂ ਭਾਈ ਸਾਹਿਬ ਜਲ ਦੀ ਮਸਕ ਭਰਿਆ ਕਰਦੇ ਸਨ।[29]

### 4.1.3 ਕੀਰਤਪੁਰ

ਕੀਰਤਪੁਰ ਦੇ ਗੁਰਦੁਆਰਾ ਮੰਜੀ ਸਾਹਿਬ ਵਿਚ ਬੀਬੀ ਰੂਪ ਕੌਰ ਜੀ (ਸਪੁੱਤਰੀ ਗੁਰੂ ਹਰਿਰਾਇ ਜੀ) ਦੀਆਂ ਪਵਿੱਤਰ ਨਿਸ਼ਾਨੀਆਂ ਸੁਸ਼ੋਭਿਤ ਹਨ। ਇੱਥੇ ਇਕ ਹੱਥ-ਲਿਖਤ ਪੋਥੀ, ਇਕ ਹੱਥ-ਪੱਖਾ, ਇਕ ਕਢਾਈ ਕੀਤਾ ਰੁਮਾਲ ਅਤੇ ਇਕ ਵਿਰਕਤ ਉਦਾਸੀਆਂ ਵਾਲੀ ਟੋਪੀ, ਸੰਭਾਲੀਆਂ ਹੋਈਆਂ ਹਨ। ਕਿਹਾ ਜਾਂਦਾ ਹੈ ਕਿ ਇਹ ਟੋਪੀ ਅਸਲ ਵਿਚ ਬਾਬਾ ਸ੍ਰੀ ਚੰਦ ਨੇ ਆਪਣੇ ਅਧਿਆਤਮਿਕ ਉੱਤਰਾਧਿਕਾਰੀ ਬਾਬਾ ਗੁਰਦਿੱਤਾ ਜੀ ਨੂੰ ਦਿੱਤੀ ਸੀ ਅਤੇ ਪੋਥੀ ਵਿਚ *ਸ੍ਰੀ ਗੁਰੂ ਗ੍ਰੰਥ ਸਾਹਿਬ* ਦੇ ਸ਼ਬਦ ਅਤੇ ਕੁਝ ਉਪਦੇਸ਼ਾਤਮਿਕ ਕਹਾਣੀਆਂ ਸ਼ਾਮਲ ਹਨ।[30] ਇਹ ਦੋਵੇਂ ਚੀਜਾਂ ਬੀਬੀ ਰੂਪ ਕੌਰ ਨੂੰ ਉਹਨਾਂ ਦੀ ਦਾਦੀ, ਮਾਤਾ ਬੱਸੀ ਨੇ ਦਾਜ ਵਿਚ ਦਿੱਤੀਆਂ ਸਨ। ਹੱਥ-ਪੱਖਾ ਅਤੇ ਰੁਮਾਲ ਬੀਬੀ ਰੂਪ ਕੌਰ ਦੇ ਆਪਣੇ ਹਨ।

### 4.1.4. ਸਰਸਾ ਨੰਗਲ

ਗੁਰਦੁਆਰਾ ਪਰਿਵਾਰ ਵਿਛੋੜਾ ਸਾਹਿਬ ਦੀ ਉਸਾਰੀ ਸਮੇਂ ਖੁਦਾਈ ਦੌਰਾਨ ਕੁਝ ਵਸਤਾਂ ਨਿਕਲੀਆਂ ਸਨ, ਜਿਹਨਾਂ ਨੂੰ ਗੁਰਦੁਆਰਾ ਸਾਹਿਬ ਦੇ ਅੰਦਰ ਐਲੁਮੀਨੀਅਮ ਦੀ ਸ਼ੀਸ਼ੇ ਵਾਲੀ ਅਲਮਾਰੀ ਵਿਚ ਸੰਗਤਾਂ ਨੂੰ ਦਰਸ਼ਨ ਕਰਨ ਲਈ ਸੁਸ਼ੋਭਿਤ ਕੀਤਾ ਹੋਇਆ ਹੈ। ਇਹਨਾਂ ਨਿਸ਼ਾਨੀਆਂ ਵਿਚ ਕਿਰਪਾਨ, ਖੰਡਾ (ਚੱਕਰ ਵਾਲਾ) ਅਤੇ ਦੋ ਗੜਵੇ ਹਨ। ਇਹਨਾਂ ਵਸਤਾਂ ਸਬੰਧੀ ਇਹ ਪਤਾ ਨਹੀਂ ਲੱਗ ਸਕਿਆ ਕਿ ਕਿਸ ਨਾਲ ਸੰਬੰਧਿਤ ਹਨ।

---

[29] ਸਰਵੇਖਣ ਦੌਰਾਨ 'ਗੁਰਦੁਆਰਾ ਭਾਈ ਘਨੱਈਆ ਜੀ' ਤੋਂ ਇਕੱਤਰ ਕੀਤੀ ਸਮੱਗਰੀ ਅਨੁਸਾਰ ਜਾਣਕਾਰੀ।

[30] ਗੁਰਦੁਆਰਾ ਸਾਹਿਬ ਵਿਚ ਲੱਗੇ ਬੋਰਡ ਅਨੁਸਾਰ।

### 4.1.5. ਕੋਟਲਾ ਨਿਹੰਗ

ਜ਼ਿਲ੍ਹਾ ਰੂਪਨਗਰ ਦੇ ਪਿੰਡ ਕੋਟਲਾ ਨਿਹੰਗ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ ਕੁਝ ਸ਼ਸ਼ਤਰ ਪਏ ਹਨ। ਇਹਨਾਂ ਸ਼ਸਤਰਾਂ ਬਾਰੇ ਗਿਆਨੀ ਗਿਆਨ ਸਿੰਘ ਲਿਖਦੇ ਹਨ ਕਿ ਜਦੋਂ ਗੁਰੂ ਜੀ ਪਾਉਂਟਾ ਸਾਹਿਬ ਤੋਂ ਅਨੰਦਪੁਰ ਸਾਹਿਬ ਨੂੰ ਆ ਰਹੇ ਸਨ ਤਾਂ ਕੋਟਲਾ ਨਿਹੰਗ ਵਿਖੇ ਠਹਿਰੇ। ਨਵਾਬ ਨੇ ਗੁਰੂ ਜੀ ਦੀ ਬਹੁਤ ਸੇਵਾ ਕੀਤੀ ਜਿਸ ਤੋਂ ਖੁਸ਼ ਹੋ ਕੇ ਇਕ ਕਟਾਰ ਅਤੇ ਇੱਕ ਢਾਲ ਬਖਸ਼ੀ ਸੀ।[31] ਪਰ ਹੁਣ ਢਾਲ ਗੁਰਦੁਆਰਾ ਬਾਬਾ ਬਚਿੱਤਰ ਸਿੰਘ ਵਿਖੇ ਪਈ ਹੈ ਅਤੇ ਇਸ ਨੂੰ ਭਾਈ ਬਚਿੱਤਰ ਸਿੰਘ ਜੀ ਨਾਲ ਸੰਬੰਧਿਤ ਦੱਸਿਆ ਜਾਂਦਾ ਹੈ। ਕਟਾਰ ਅਤੇ ਇਕ ਕਿਰਪਾਨ ਗੁਰਦੁਆਰਾ ਭੱਠਾ ਸਾਹਿਬ ਵਿਖੇ ਪਈ ਹੈ। ਕਿਰਪਾਨ ਬਾਰੇ ਕਿਹਾ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਜਦੋਂ ਅਨੰਦਪੁਰ ਛੱਡਣ ਉਪਰੰਤ ਕੋਟਲਾ ਨਿਹੰਗ ਆਏ ਤਾਂ ਉਸ ਸਮੇਂ ਇਹ ਕਿਰਪਾਨ ਗੁਰੂ ਜੀ ਨੇ ਨਵਾਬ ਨਿਹੰਗ ਖਾਂ ਨੂੰ ਬਖਸ਼ੀ ਸੀ।

ਭਾਈ ਬਚਿੱਤਰ ਸਿੰਘ ਨਾਲ ਸੰਬੰਧਿਤ ਕੁਝ ਨਿਸ਼ਾਨੀਆਂ ਵੀ ਗੁਰਦੁਆਰਾ ਭਾਈ ਬਚਿੱਤਰ ਸਿੰਘ, ਕੋਟਲਾ ਨਿਹੰਗ ਵਿਖੇ ਪਈਆਂ ਹਨ, ਜਿਹਨਾਂ ਵਿਚ ਇਕ ਛੋਟੀ ਸ੍ਰੀ ਸਾਹਿਬ ਅਤੇ ਸਰਬਲੋਹ ਦਾ ਬਾਟਾ ਹੈ।[32]

### 4.1.6. ਦੁੱਗਰੀ

ਇਸ ਅਸਥਾਨ ਉਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚਰਨ ਪਾਏ ਸਨ। ਇੱਥੇ ਗੁਰੂ ਤੇਗ ਬਹਦਾਰ ਜੀ ਬੋਹੜ ਦੇ ਜਿਸ ਦਰੱਖਤ ਥੱਲੇ ਬੈਠੇ ਸਨ ਉਹ ਅੱਜ ਵੀ ਇੱਕ ਬਹੁਤ ਭਾਰੀ ਦਰੱਖਤ ਦੇ ਰੂਪ ਵਿਚ ਮੌਜੂਦ ਹੈ। ਇਸੇ ਬੋਹੜ ਦੇ ਦਰੱਖਤ ਦੇ ਨਾਂ ਉਤੇ ਹੀ ਗੁਰਦੁਆਰੇ ਦਾ ਨਾਂ ਵੀ 'ਗੁਰਦੁਆਰਾ ਬੋਹੜ ਸਾਹਿਬ, ਪਾਤਸ਼ਾਹੀ ਨੌਂਵੀਂ' ਰੱਖਿਆ ਹੋਇਆ ਹੈ।[33]

### 4.1.7. ਚਮਕੌਰ ਸਾਹਿਬ

ਚਮਕੌਰ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਦੀ ਅਗਵਾਈ ਵਿਚ ਦੋ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਸਮੇਤ ਚਾਲੀ ਸਿੱਖਾਂ ਨੇ ਮੁਗਲਾਂ ਤੇ ਪਹਾੜੀ ਰਾਜਿਆਂ ਦੀਆਂ

---

31 ਗਿਆਨੀ ਗਿਆਨ ਸਿੰਘ, *ਗੁਰਧਾਮ ਸੰਗ੍ਰਹਿ*, ਪੰਨਾ 142.

32 ਸਰਵੇਖਣ ਦੌਰਾਨ ਪ੍ਰਾਪਤ ਕੀਤੀ ਜਾਣਕਾਰੀ ਅਨੁਸਾਰ ।

33 ਸਰਵੇਖਣ ਦੌਰਾਨ ਪ੍ਰਾਪਤ ਕੀਤੀ ਜਾਣਕਾਰੀ ਅਨੁਸਾਰ ।

ਸਾਂਝੀਆਂ ਸੈਨਾਵਾਂ ਨਾਲ ਬਹੁਤ ਬਹਾਦਰੀ ਨਾਲ ਜੰਗ ਲੜਦਿਆਂ ਸ਼ਹਾਦਤਾਂ ਪਾਈਆਂ ਸਨ। ਚਮਕੌਰ ਸਾਹਿਬ ਦੇ ਗੁਰਦੁਆਰਾ ਕਤਲਗੜ੍ਹ ਸਾਹਿਬ ਵਿਖੇ ਇਮਾਰਤ ਦੀ ਉਸਾਰੀ ਦੌਰਾਨ ਕੀਤੀ ਖੁਦਾਈ ਵਿਚੋਂ ਕੁਝ ਪੁਰਾਣੀਆਂ ਬੰਦੂਕਾਂ ਦੀਆਂ ਗੋਲੀਆਂ, ਬੰਦੂਕ ਦੀ ਨਾਲੀ, ਤਲਵਾਰ ਦਾ ਮੁੱਠਾ ਆਦਿ ਵਸਤਾਂ ਨਿਕਲੀਆਂ ਸਨ, ਜੋ ਕਿ ਸ਼ੀਸ਼ੇ ਦੀ ਅਲਮਾਰੀ ਵਿਚ ਸੰਗਤਾਂ ਦੇ ਦਰਸ਼ਨ ਕਰਨ ਲਈ ਰੱਖੀਆਂ ਹੋਈਆਂ ਹਨ। ਗੁਰਦੁਆਰਾ ਗੜ੍ਹੀ ਸਾਹਿਬ ਵਿਚ ਇਕ ਬੰਦੂਕ ਦੀ ਨਾਲੀ ਅਤੇ ਇੱਕ ਤਲਵਾਰ (ਜੰਗਾਲ ਲੱਗੀ ਹਾਲਤ ਵਿਚ) ਪਈ ਹੈ।[34]

## 4.2 ਜ਼ਿਲ੍ਹਾ ਐਸ.ਏ.ਐਸ. ਨਗਰ

### 4.2.1 ਢਕੋਲੀ

ਗੁਰਦੁਆਰਾ ਬਾਉਲੀ ਸਾਹਿਬ, ਢਕੋਲੀ ਵਿਖੇ ਇੱਕ ਬਾਉਲੀ ਵੀ ਬਣੀ ਹੋਈ ਹੈ। ਇਸ ਅਸਥਾਨ ਉਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਲ ਪ੍ਰਗਟ ਕੀਤਾ ਸੀ। ਰਤਨ ਸਿੰਘ ਜੱਗੀ ਅਨੁਸਾਰ ਇਸ ਅਸਥਾਨ ਉਤੇ ਗੁਰੂ ਗੋਬਿੰਦ ਸਿੰਘ ਜੀ ਪਾਉਂਟਾ ਸਾਹਿਬ ਤੋਂ ਅਨੰਦਪੁਰ ਸਾਹਿਬ ਨੂੰ ਆਉਂਦੇ ਸਮੇਂ ਠਹਿਰੇ ਸਨ। ਪਿੰਡ ਵਾਲਿਆਂ ਨੇ ਗੁਰੂ ਜੀ ਨੂੰ ਦੱਸਿਆ ਕਿ ਪਿੰਡ ਵਿਚ ਪਾਣੀ ਦੀ ਕੋਈ ਸੁਵਿਧਾ ਨਹੀਂ ਹੈ, ਇਸ ਲਈ ਉਹਨਾਂ ਨੂੰ ਸੁਖਨਾ ਨਦੀ ਤੋਂ ਪਾਣੀ ਲਿਆਉਣਾ ਪੈਂਦਾ ਹੈ। ਗੁਰੂ ਜੀ ਨੇ ਉਥੇ ਜ਼ਮੀਨ ਵਿਚ ਬਰਛਾ ਮਾਰ ਕੇ ਜਲ ਕੱਢਿਆ। ਬਾਅਦ ਵਿਚ ਉਸ ਨੂੰ ਬਾਉਲੀ ਦਾ ਰੂਪ ਦੇ ਦਿੱਤਾ ਗਿਆ।[35] ਕੁਝ ਸਮਾਂ ਪਹਿਲਾ ਤੱਕ ਇਸ ਬਾਉਲੀ ਵਿਚੋਂ ਸੰਗਤਾਂ ਜਲ ਲੈ ਕੇ ਛਕਦੀਆਂ ਹਨ ਪਰ ਹੁਣ ਇਸ ਬਾਉਲੀ ਦਾ ਜਲ ਸੁੱਕਿਆ ਹੋਇਆ ਹੈ।

### 4.2.2 ਖਿਜ਼ਰਾਬਾਦ

ਇਥੇ ਗੁਰੂ ਗੋਬਿੰਦ ਸਿੰਘ ਜੀ ਦੇ ਪਾਲਿਤ ਪੁੱਤਰ ਬਾਬਾ ਜੋਰਾਵਰ ਸਿੰਘ ਜੀ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ, ਜਿਥੇ ਉਹਨਾਂ ਦੀ ਇਕ ਦਸਤਾਰ, ਤਿੰਨ ਚੋਲੇ, ਬਚਪਨ ਦਾ ਛੋਟਾ ਕੁੜਤਾ, ਹਜ਼ੂਰੀਆ (ਗਲ ਵਿਚ ਪਾਉਣ ਵਾਲਾ ਪਰਨਾ), ਦੋ ਕਛਹਿਰੇ ਅਤੇ ਇੱਕ ਜੋੜਾ ਸੁਸ਼ੋਭਿਤ ਹਨ।[36]

---

[34] ਸਰਵੇਖਣ ਦੌਰਾਨ ਪ੍ਰਾਪਤ ਕੀਤੀ ਜਾਣਕਾਰੀ ਅਨੁਸਾਰ।

[35] ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼ (ਭਾਗ ਦੂਜਾ)*, ਪੰਨਾ 886.

[36] ਹਰਪ੍ਰੀਤ ਸਿੰਘ ਨਾਜ਼, *ਇਤਿਹਾਸਕ ਸਿੱਖ ਨਿਸ਼ਾਨੀਆਂ*, ਪੰਨੇ 143-44.

## ਵਰਤਮਾਨ ਪ੍ਰਸੰਗਿਕਤਾ

ਜਿੱਥੇ ਸਿੱਖ ਧਰਮ ਨਾਲ ਸੰਬੰਧਿਤ ਵਿਰਾਸਤੀ ਨਿਸ਼ਾਨੀਆਂ ਆਪਣੇ ਇਤਿਹਾਸ ਤੋਂ ਜਾਣੂੰ ਕਰਵਾਉਂਦੀਆਂ ਹਨ ਉਥੇ ਨਾਲ ਹੀ ਨਵੀਆਂ ਪੀੜੀਆਂ ਨੂੰ ਆਪਣੇ ਧਾਰਮਿਕ ਵਿਰਸੇ 'ਤੇ ਅੱਜ ਵੀ ਮਾਣ ਮਹਿਸੂਸ ਕਰਦੀਆਂ ਹਨ। ਕੌਮ ਦੇ ਨੌਜਵਾਨ ਇਹਨਾਂ ਅਸਥਾਨਾਂ ਤੋਂ ਇਹਨਾਂ ਇਤਿਹਾਸਕ ਵਿਰਾਸਤੀ ਨਿਸ਼ਾਨੀਆਂ ਦੇ ਦਰਸ਼ਨ ਕਰਕੇ ਭਵਿੱਖਮੁਖੀ ਸੇਧ ਪ੍ਰਾਪਤ ਕਰਦੇ ਹਨ। ਇਹਨਾਂ ਨਿਸ਼ਾਨੀਆਂ ਤੋਂ ਇਲਾਵਾ ਵੀ ਵਰਤਮਾਨ ਸਮੇਂ ਵਿਰਾਸਤ ਨੂੰ ਸਾਂਭਣ ਲਈ ਸਰਕਾਰ ਵਲੋਂ ਧਾਰਮਿਕ ਅਤੇ ਇਤਿਹਾਸਕ ਸ਼ਹਿਰਾਂ/ਕਸਬਿਆਂ ਵਿਚ ਯਾਦਗਾਰਾਂ ਕਾਇਮ ਕੀਤੀਆਂ ਗਈਆਂ ਹਨ। ਇਹਨਾਂ ਯਾਦਗਾਰਾਂ ਵਿਚੋਂ ਅੱਜ ਵੀ ਪੁਰਾਤਨ ਇਤਿਹਾਸਕ ਦ੍ਰਿਸ਼ ਰੂਪਾਇਮਾਨ ਹੋ ਰਹੇ ਹਨ, ਜਿਹਨਾਂ ਤੋਂ ਸੇਧ ਲੈ ਕੇ ਹਰ ਇਨਸਾਨ ਆਪਣੇ ਭਵਿੱਖ ਨੂੰ ਘੜਦਾ ਹੈ। ਉਹਨਾਂ ਵਿਰਾਸਤੀ ਯਾਦਗਾਰਾਂ ਦਾ ਵਰਣਨ ਨਿਮਨ ਅਨੁਸਾਰ ਹੈ ;

### 1. ਵਿਰਾਸਤ-ਏ-ਖ਼ਾਲਸਾ, ਅਨੰਦਪੁਰ ਸਾਹਿਬ

ਗੁਰੂ ਸਾਹਿਬਾਨ ਅਤੇ ਗੁਰਸਿੱਖਾਂ ਨਾਲ ਸੰਬੰਧਿਤ ਨਿਸ਼ਾਨੀਆਂ ਤਾਂ ਸਿੱਖ ਪੰਥ ਨੇ ਪਹਿਲਾਂ ਹੀ ਤਖ਼ਤ ਸਾਹਿਬਾਨ ਅਤੇ ਗੁਰਦੁਆਰਿਆਂ ਵਿਚ ਸਾਂਭ ਕੇ ਰੱਖੀਆਂ ਹੋਈਆਂ ਹਨ। ਇਸ ਦੇ ਨਾਲ ਹੀ ਮੌਜੂਦਾ ਸਮੇਂ ਵਿਚ ਪੰਜਾਬ ਸਰਕਾਰ ਵੱਲੋਂ ਸਿੱਖ ਵਿਰਾਸਤ ਨੂੰ ਸੰਭਾਲਣ ਲਈ ਸਮੇਂ-ਸਮੇਂ ਤੇ ਉਪਰਾਲੇ ਕੀਤੇ ਜਾਂਦੇ ਰਹੇ ਹਨ। ਖਾਲਸਾ ਸਿਰਜਨਾ ਦਾ 300 ਸਾਲਾ 1999 ਈਸਵੀ ਵਿਚ ਮਨਾਇਆ ਗਿਆ ਤਾਂ ਸਿੱਖ ਵਿਰਾਸਤ ਨੂੰ ਸੰਭਾਲਣ ਲਈ ਪੰਜਾਬ ਸਰਕਾਰ ਨੇ ਵਿਰਾਸਤ-ਏ-ਖਾਲਸਾ ਨਾਮੀ ਯਾਦਗਾਰ ਬਣਾਉਣ ਦਾ ਫੈਸਲਾ ਲਿਆ।

ਸ੍ਰੀ ਅਨੰਦਪੁਰ ਸਾਹਿਬ ਵਿਖੇ ਵਿਰਾਸਤ-ਏ-ਖ਼ਾਲਸਾ ਦੀ ਉਸਾਰੀ ਸਿੱਖ ਵਿਰਾਸਤ ਨੂੰ ਪੇਸ਼ ਕਰਨ ਦਾ ਪਹਿਲਾ ਵੱਡਾ ਉੱਦਮ ਹੈ। ਇਸ ਦੀ ਉਸਾਰੀ ਤੋਂ 13 ਸਾਲਾਂ ਬਾਅਦ 25 ਨਵੰਬਰ, 2011 ਨੂੰ ਉਦਘਾਟਨ ਕੀਤਾ ਗਿਆ ਅਤੇ 27 ਨਵੰਬਰ 2011 ਨੂੰ ਜਨਤਾ ਲਈ ਖੋਲਿਆ ਗਿਆ। 100 ਏਕੜ ਰਕਬੇ ਵਿੱਚ ਉਸਾਰੇ ਵਿਰਾਸਤ-ਏ-ਖਾਲਸਾ ਨੂੰ ਅੰਤਰ-ਰਾਸ਼ਟਰੀ ਪ੍ਰਸਿੱਧ ਆਰਕੀਟੈਕਟ ਸ੍ਰੀ ਮੋਸ਼ੇ ਸੈਫਦੀ, ਜਿਸ ਵੱਲੋਂ ਯੋਰੋਸ਼ਲਮ ਵਿੱਚ ਹੋਲੋ-ਕਾਸ਼ਟ ਮਿਊਜ਼ੀਅਮ ਵੀ ਤਿਆਰ ਕੀਤਾ ਗਿਆ ਸੀ, ਨੇ ਡਿਜ਼ਾਇਨ ਕੀਤਾ ਹੈ।[37] ਆਰਕੀਟੈਕਟ

---

[37] www.safdiearchitects.com/projects/khalsa-heritage-centre.

ਦੁਆਰਾ ਪੰਜ ਪਾਣੀ ਅਤੇ ਪੰਜ ਪੱਤੀਆਂ ਦੇ ਬਿੰਬ ਰਾਹੀਂ ਪੰਜ ਦਰਿਆਵਾਂ ਦੀ ਧਰਤੀ ਅਤੇ ਪੰਜ ਪਿਆਰਿਆਂ ਦੇ ਗੁਰੂ ਸੰਕਲਪ ਨੂੰ ਪ੍ਰਗਟ ਕੀਤਾ ਗਿਆ ਹੈ।[38]

ਵਿਰਾਸਤ-ਏ-ਖ਼ਾਲਸਾ' ਦੇ ਪਹਿਲੇ ਪੜਾਅ 'ਚ 14 ਗੈਲਰੀਆਂ ਵਿਚ ਪੰਜਾਬ ਦੇ ਸੱਭਿਆਚਾਰ, ਰਹਿਣ-ਸਹਿਣ, ਸਿੱਖ ਧਰਮ ਦੇ ਉਥਾਨ, ਦਸ ਗੁਰੂ ਸਾਹਿਬਾਨ ਅਤੇ *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਨੂੰ ਗੁਰਿਆਈ ਦੇਣ ਤਕ ਦਾ ਇਤਿਹਾਸ ਮਲਟੀਮੀਡੀਆ ਅਤਿ-ਆਧੁਨਿਕ ਤਕਨੀਕਾਂ ਦੁਆਰਾ ਦਿਖਾਇਆ ਅਤੇ ਸੁਣਾਇਆ ਜਾਂਦਾ ਹੈ। 15ਵੀਂ ਗੈਲਰੀ ਤੋਂ ਲੈ ਕੇ 27ਵੀਂ ਗੈਲਰੀ ਤਕ ਬਾਬਾ ਬੰਦਾ ਸਿੰਘ ਬਹਾਦਰ ਤੋਂ ਲੈ ਕੇ ਭਾਰਤ ਦੀ ਆਜ਼ਾਦੀ (1708-1947 ਈਸਵੀ) ਤਕ ਪੰਜਾਬ ਦੇ ਅਮੀਰ ਤੇ ਗੌਰਵਸ਼ਾਲੀ ਸਿੱਖ ਇਤਿਹਾਸ ਨੂੰ ਅਤਿ-ਆਧੁਨਿਕ ਤਕਨਾਲੋਜੀ ਤੋਂ ਇਲਾਵਾ ਥ੍ਰੀ-ਡੀ ਤਕਨੀਕ ਨਾਲ ਪੇਸ਼ ਕੀਤਾ ਜਾਂਦਾ ਹੈ। ਵਿਰਾਸਤ-ਏ-ਖ਼ਾਲਸਾ ਉਹਨਾਂ ਘਟਨਾਵਾਂ ਉੱਤੇ ਰੌਸ਼ਨੀ ਪਾਉਂਦਾ ਹੈ ਜਿਹੜੀਆਂ ਕਿ ਪੰਜਾਬ ਵਿਚ 500 ਸਾਲ ਵਿਚ ਵਾਪਰੀਆਂ, ਜਿਨਾਂ ਕਾਰਨ ਸਿੱਖੀ ਪ੍ਰਫੁਲਿਤ ਹੋਈ ਅਤੇ ਖ਼ਾਲਸਾ ਪੰਥ ਦਾ ਜਨਮ ਹੋਇਆ।[39]

### 2. ਫ਼ਤਿਹ ਬੁਰਜ, ਚੱਪੜ ਚਿੜੀ

ਚੱਪੜ ਚਿੜੀ ਵਿਚ ਬਾਬਾ ਬੰਦਾ ਸਿੰਘ ਦਾ ਯਾਦਗਾਰੀ ਬੁਰਜ ਫ਼ਤਿਹ ਬੁਰਜ ਦੇਸ਼ ਦਾ ਸਭ ਤੋਂ ਉੱਚਾ 3 ਮੰਜ਼ਿਲਾ ਬੁਰਜ ਹੈ ਜੋ ਸਾਲ 2011 ਵਿੱਚ ਪੰਜਾਬ ਸਰਕਾਰ ਵੱਲੋਂ ਚੱਪੜ ਚਿੜੀ (ਜ਼ਿਲ੍ਹਾ ਅਜੀਤਗੜ੍ਹ) ਵਿਖੇ ਬਾਬਾ ਬੰਦਾ ਸਿੰਘ ਬਹਾਦਰ ਦੀ ਸਰਹਿੰਦ ਫ਼ਤਿਹ ਦੀ ਯਾਦਗਾਰ ਵਜੋਂ ਬਣਵਾਇਆ ਗਿਆ ਸੀ।

ਇਹ ਬੁਰਜ 328 ਫੁੱਟ ਉੱਚਾ ਹੈ, ਜੋ ਕਿ ਬਾਬਾ ਬੰਦਾ ਸਿੰਘ ਬਹਾਦਰ ਦੁਆਰਾ ਸਥਾਪਿਤ ਕੀਤੇ ਸਿੱਖ ਰਾਜ ਨੂੰ ਸਮਰਪਿਤ ਹੈ। ਇਹ ਬੁਰਜ ਕੁਤਬ ਮੀਨਾਰ ਤੋਂ 100 ਫੁੱਟ ਉੱਚਾ ਹੈ। ਇੱਥੇ ਇੱਕ ਓਪਨ ਏਅਰ ਆਡੀਟੋਰੀਅਮ ਵੀ ਹੈ। ਬਾਬਾ ਬੰਦਾ ਸਿੰਘ ਬਹਾਦਰ ਦੇ ਇਤਿਹਾਸ ਨੂੰ ਦਰਸਾਉਦਾ ਅਜਾਇਬ ਘਰ ਅਤੇ 21 ਏਕੜ ਵਿੱਚ ਫੈਲਿਆ ਹੋਇਆ ਜੰਗ ਦਾ ਖੇਤਰ ਦਿਖਾਇਆ ਗਿਆ ਹੈ। ਬਾਬਾ ਬੰਦਾ ਸਿੰਘ ਬਹਾਦਰ ਦੇ ਮਹਾਨ ਜਰਨੈਲਾਂ ਭਾਈ ਫਤਿਹ ਸਿੰਘ, ਭਾਈ ਰਾਮ ਸਿੰਘ, ਭਾਈ ਆਲੀ ਸਿੰਘ, ਭਾਈ ਮਾਲੀ ਸਿੰਘ, ਭਾਈ

---

38 www.rupnagar.nic.in/tourist-place/virasat-e-khalsa.

39 en.wikipedia.org/wiki/Virasat-e-khalsa.

ਬਾਜ਼ ਸਿੰਘ ਦੇ ਬੁੱਤ ਵੀ ਇਥੇ ਸਥਾਪਿਤ ਕੀਤੇ ਗਏ ਹਨ।[40] ਇਹ ਫ਼ਤਿਹ ਬੁਰਜ ਅੱਜ ਵੀ ਸਾਨੂੰ ਉਸ ਸਮੇਂ ਦੀ ਇਤਿਹਾਸਕ ਘਟਨਾ ਦੀ ਯਾਦ ਦਿਵਾਉਣ ਦੇ ਨਾਲ-ਨਾਲ ਜ਼ੁਲਮ ਦੇ ਖਿਲਾਫ਼ ਨਿਡਰਤਾ ਅਤੇ ਦਲੇਰੀ ਨਾਲ ਜੂਝਣ ਦੀ ਪ੍ਰੇਰਣਾ ਕਰਦਾ ਹੈ।

**3. ਥੀਮ ਪਾਰਕ, ਚਮਕੌਰ ਸਾਹਿਬ**

ਸੰਨ 2004 ਵਿਚ ਸ੍ਰੀ ਚਮਕੌਰ ਸਾਹਿਬ ਵਿਚ ਵੀ ਗੁਰੂ ਗੋਬਿੰਦ ਸਿੰਘ ਜੀ ਦੀ ਅਗਵਾਈ ਵਿਚ ਚਾਲੀ ਸਿੰਘਾਂ ਦੀ ਮੁਗਲ ਫੌਜ ਨਾਲ ਹੋਈ ਜੰਗ ਦੀ ਯਾਦ ਵਜੋਂ 300 ਸਾਲਾ ਸ਼ਤਾਬਦੀ ਮਨਾਈ ਗਈ ਸੀ। ਸਿੱਖ ਚੇਤਨਾ ਨੂੰ ਜਾਗਰਿਤ ਕਰਨ ਲਈ ਚਮਕੌਰ ਸਾਹਿਬ ਵਿਚ ਵੀ 20 ਦਸੰਬਰ, 2004 ਈਸਵੀ ਨੂੰ ਵੱਡੇ ਸਾਹਿਬਜ਼ਾਦਿਆਂ ਅਤੇ ਸ਼ਹੀਦ ਹੋਏ ਸਿੰਘਾਂ ਦੀ ਯਾਦ ਨੂੰ ਸਮਰਪਿਤ ਇਕ ਥੀਮ ਪਾਰਕ ਦਾ ਨੀਂਹ ਪੱਥਰ ਪੰਜਾਬ ਸਰਕਾਰ ਦੁਆਰਾ ਰੱਖਿਆ ਗਿਆ ਸੀ। ਇਸ ਥੀਮ ਪਾਰਕ ਵਿਚ ਸਿੱਖ ਇਤਿਹਾਸ ਨਾਲ ਸੰਬੰਧਿਤ ਡਾਕੂਮੈਂਟਰੀ ਵੀਡੀਉਜ਼, ਚਮਕੌਰ ਜੰਗ ਸਬੰਧੀ ਚਿੱਤਰ ਆਦਿ ਪ੍ਰਦਰਸ਼ਿਤ ਕੀਤੇ ਜਾਣਗੇ।

ਇਸ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਿਆਂ ਨੂੰ ਪੁਰਾਤਨ ਦਿੱਖ ਦੇਣ ਦੇ ਯਤਨ ਵੀ ਕੀਤੇ ਜਾ ਰਹੇ ਹਨ। ਅਨੰਦਪੁਰ ਸਾਹਿਬ ਵਿਚਲੇ ਕਿਲ੍ਹਿਆਂ ਨੂੰ ਪੁਰਾਤਨ ਕਿਲ੍ਹਿਆਂ ਵਾਲੀ ਦਿੱਖ ਵਿਚ ਬਦਲਿਆਂ ਜਾ ਰਿਹਾ ਹੈ ਅਤੇ ਚਮਕੌਰ ਸਾਹਿਬ ਵਿਚਲੇ ਗੁਰਦੁਆਰਾ ਗੜ੍ਹੀ ਸਾਹਿਬ ਦੀ ਚਾਰਦੀਵਾਰੀ ਉਤੇ ਵੀ ਟਾਈਲ ਇੱਟਾਂ ਲਗਾ ਕੇ ਪੁਰਾਤਨ ਦਿੱਖ ਦੇਣ ਦੀ ਕਾਰ ਸੇਵਾ ਜਾਰੀ ਹੈ।

## ਸਾਰ

ਉਪਰੋਕਤ ਦੇ ਆਧਾਰ ’ਤੇ ਅਸੀਂ ਇਹ ਕਹਿ ਸਕਦੇ ਹਾਂ ਕਿ ਪੁਆਧ ਖੇਤਰ ਦੇ ਸਿੱਖ ਧਾਰਮਿਕ ਅਸਥਾਨਾਂ ਨੇ ਧਾਰਮਿਕ, ਸਮਾਜਿਕ, ਵਿੱਦਿਅਕ ਅਤੇ ਵਿਰਾਸਤੀ ਆਦਿ ਪੱਖਾਂ ਤੋਂ ਵਡਮੁੱਲਾ ਯੋਗਦਾਨ ਪਾਇਆ ਹੈ। ਇਹ ਧਾਰਮਿਕ ਅਸਥਾਨ ਸਿੱਖ ਇਤਿਹਾਸ, ਸਿਧਾਂਤ ਅਤੇ ਮਰਿਆਦਾ ਆਦਿ ਪੱਖਾਂ ਤੋਂ ਅਹਿਮ ਭੂਮਿਕਾ ਨਿਭਾਅ ਰਹੇ ਹਨ।

ਇਹਨਾਂ ਧਾਰਮਿਕ ਅਸਥਾਨਾਂ ਦੁਆਰਾ ਸਮਾਜਿਕ ਖੇਤਰ ਵਿਚ ਪਾਏ ਯੋਗਦਾਨ ਨੂੰ ਵੀ ਅੱਖੋਂ ਪਰੋਖੇ

[40] en.wikipedia.org/wiki/Fateh_Burj.

ਨਹੀਂ ਕੀਤਾ ਜਾ ਸਕਦਾ। ਜਿੱਥੇ ਧਾਰਮਿਕ ਖੇਤਰ ਵਿਚ ਇਹਨਾਂ ਧਾਰਮਿਕ ਅਸਥਾਨਾਂ ਨੇ ਅਹਿਮ ਯੋਗਦਾਨ ਪਾਇਆ ਹੈ, ਉਥੇ ਸਮਾਜਿਕ ਖੇਤਰ ਵਿਚ ਵੀ ਇਹਨਾਂ ਅਸਥਾਨਾਂ ਦਾ ਵਡਮੁੱਲਾ ਯੋਗਦਾਨ ਹੈ। ਇਹਨਾਂ ਧਾਰਮਿਕ ਅਸਥਾਨਾਂ ਦੇ ਸਥਾਪਿਤ ਹੋਣ ਨਾਲ ਸਮਾਜ ਨੂੰ ਨਵੀਂ ਸੇਧ ਪ੍ਰਾਪਤ ਹੋਈ। ਮਨੁੱਖ ਦੇ ਜਨਮ ਤੋਂ ਲੈ ਕੇ ਮਰਨ ਤੱਕ ਦੀਆਂ ਗੁੰਝਲਦਾਰ ਰੀਤਾਂ-ਰਸਮਾਂ ਨੂੰ ਸਿੱਖੀ ਦੇ ਸਾਂਚੇ ਵਿਚ ਢਾਲਿਆ। ਇਸ ਨਾਲ ਦੱਬੀ-ਕੁਚਲੀ ਭਾਰਤੀ ਜਨਤਾ ਨੂੰ ਮਾਨਸਿਕ ਤੌਰ 'ਤੇ ਮਜਬੂਤੀ ਮਿਲੀ ਅਤੇ ਮਿਲਦੀ ਰਹੇਗੀ।

ਪੁਆਧ ਖੇਤਰ ਦੇ ਧਾਰਮਿਕ ਅਸਥਾਨਾਂ ਦੀ ਵਿੱਦਿਅਕ ਖੇਤਰ ਵਿਚ ਵੀ ਅਹਿਮ ਦੇਣ ਹੈ। ਵਿੱਦਿਅਕ ਪੱਖ ਤੋਂ ਇਹਨਾਂ ਧਾਰਮਿਕ ਅਸਥਾਨਾਂ ਨੇ ਧਾਰਮਿਕ ਵਿੱਦਿਆ ਦੇਣ ਦਾ ਕਾਰਜ ਵੀ ਬਾਖ਼ੂਬੀ ਕੀਤਾ। ਇੱਥੇ ਸਥਾਪਿਤ ਗੁਰਦੁਆਰਾ ਸਾਹਿਬਾਨ ਅਤੇ ਡੇਰੇ ਆਦਿ ਸੰਗਤਾਂ ਨੂੰ *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਦੀ ਸੰਥਿਆ, ਸਿੱਖ ਇਤਿਹਾਸਕ ਗ੍ਰੰਥਾਂ ਦਾ ਅਧਿਐਨ ਅਤੇ ਵਿਆਖਿਆ ਆਦਿ ਦੀ ਸਿੱਖਿਆ ਦੇਣ ਦਾ ਕਾਰਜ ਕਰਦੇ ਰਹੇ ਹਨ। ਇਸ ਖੇਤਰ ਵਿਚਲੇ ਸਿੱਖ ਇਤਿਹਾਸ ਨਾਲ ਸੰਬੰਧਿਤ ਸ਼ਖ਼ਸੀਅਤਾਂ ਦੇ ਨਾਵਾਂ ਤੇ ਸਥਾਪਿਤ ਹੋਏ ਮੌਜੂਦਾ ਵਿੱਦਿਅਕ ਅਦਾਰੇ, ਜਿੱਥੇ ਆਧੁਨਿਕ ਵਿੱਦਿਆ ਪੱਖੋਂ ਆਪਣਾ ਯੋਗਦਾਨ ਪਾ ਰਹੇ ਹਨ, ਉਥੇ ਇਹ ਵਿੱਦਿਅਕ ਅਦਾਰੇ ਧਾਰਮਿਕ ਸਿੱਖਿਆ ਨੂੰ ਵੀ ਤਰਜੀਹੀ ਤੌਰ 'ਤੇ ਦੇਣ ਦਾ ਮਹੱਤਵਪੂਰਨ ਕਾਰਜ ਕਰ ਰਹੇ ਹਨ।

ਇਸ ਖੇਤਰ ਦੇ ਧਾਰਮਿਕ ਅਸਥਾਨਾਂ ਦਾ ਵਿਰਾਸਤੀ ਪੱਖੋਂ ਵੀ ਅਹਿਮ ਯੋਗਦਾਨ ਹੈ। ਇਸ ਖੇਤਰ ਵਿਚ ਗੁਰੂ ਸਾਹਿਬਾਨ, ਸਿੱਖ ਇਤਿਹਾਸ, ਗੁਰਸਿੱਖਾਂ ਆਦਿ ਨਾਲ ਸੰਬੰਧਿਤ ਅਨੇਕਾਂ ਵਸਤੂਆਂ ਪ੍ਰਾਪਤ ਹਨ; ਜਿਵੇਂ ਕਿ ਗੁਰੂ ਸਾਹਿਬ ਅਤੇ ਗੁਰਸਿੱਖਾਂ ਦੇ ਸ਼ਸਤਰ, ਕਕਾਰ, ਦਰੱਖਤ, ਬਾਉਲੀਆਂ ਆਦਿ। ਇਹ ਵਿਰਾਸਤੀ ਨਿਸ਼ਾਨੀਆਂ ਜਿੱਥੇ ਗੁਰੂ ਸਾਹਿਬ ਤੇ ਗੁਰਸਿੱਖਾਂ ਦੀ ਯਾਦ ਨੂੰ ਸਾਡੀ ਚੇਤਨਾ ਦਾ ਹਿੱਸਾ ਬਣਾਉਂਦੀਆਂ ਹਨ, ਉਥੇ ਹੀ ਆਉਣ ਵਾਲੀਆਂ ਪੀੜੀਆਂ ਲਈ ਸੇਧ ਵੀ ਪ੍ਰਦਾਨ ਕਰਦੀਆਂ ਰਹਿਣਗੀਆਂ। ਇਹਨਾਂ ਧਾਰਮਿਕ ਅਸਥਾਨਾਂ ਨੇ ਅਮੀਰ ਵਿਰਾਸਤ ਨੂੰ ਸੰਭਾਲਣ ਦੇ ਨਾਲ-ਨਾਲ ਸਿੱਖ ਇਤਿਹਾਸ ਨੂੰ ਵੀ ਸੰਭਾਲਣ ਦਾ ਅਹਿਮ ਰੋਲ ਅਦਾ ਕੀਤਾ ਹੈ। ਇਸ ਵਿਰਾਸਤ ਨੂੰ ਮੌਜੂਦਾ ਸਮੇਂ ਸੰਭਾਲਣ ਅਤੇ ਆਮ ਲੋਕਾਂ ਤੱਕ ਪਹੁੰਚਾਉਣ ਲਈ ਵਿਰਾਸਤ-ਏ-ਖ਼ਾਲਸਾ ਵਰਗੀਆਂ ਯਾਦਗਾਰਾਂ ਵੀ ਸਥਾਪਿਤ ਹੋਈਆਂ ਹਨ, ਜਿਹੜੀਆਂ ਕਿ ਸਿੱਖ ਇਤਿਹਾਸ ਨੂੰ ਜਨਹਿੱਤ ਤੱਕ ਪਹੁੰਚਾਉਣ ਦਾ ਸੌਖਾ ਸਾਧਨ ਵੀ ਹਨ।

# ਨਿਸ਼ਕਰਸ਼ ਅਤੇ ਸਥਾਪਨਾਵਾਂ

ਇਸ ਸਾਰੀ ਵਿਚਾਰ ਚਰਚਾ ਦੇ ਨਿਸ਼ਕਰਸ਼ ਵਜੋਂ ਆਖਿਆ ਜਾ ਸਕਦਾ ਹੈ ਕਿ ਪੰਜਾਬ ਭੂਗੋਲਿਕ ਤੌਰ 'ਤੇ ਚਾਰ ਖੇਤਰਾਂ ਦਾ ਸਮੂਹ ਹੈ, ਜਿਨ੍ਹਾਂ ਵਿਚ ਮਾਝਾ, ਮਾਲਵਾ, ਦੁਆਬਾ ਅਤੇ ਪੁਆਧ ਦਾ ਸ਼ੁਮਾਰ ਹੁੰਦਾ ਹੈ। ਸਾਡੇ ਖੋਜ ਕਾਰਜ ਦਾ ਘੇਰਾ ਪੁਆਧ ਖੇਤਰ ਦੇ ਦੋ ਜ਼ਿਲ੍ਹਿਆਂ, ਜ਼ਿਲ੍ਹਾ ਰੂਪਨਗਰ ਅਤੇ ਐਸ. ਏ. ਐਸ. ਨਗਰ (ਮੋਹਾਲੀ) ਤੱਕ ਨਿਸ਼ਚਿਤ ਕੀਤਾ ਗਿਆ ਹੈ। ਇਸ ਖੋਜ ਕਾਰਜ ਵਿਚ ਇਨ੍ਹਾਂ ਦੋਵਾਂ ਜ਼ਿਲ੍ਹਿਆਂ ਦੇ ਸਿੱਖ ਧਾਰਮਿਕ ਅਸਥਾਨਾਂ ਦਾ ਸਾਹਿਤਕ ਅਤੇ ਭੂਗੋਲਿਕ ਸਰਵੇਖਣ ਕੀਤਾ ਗਿਆ ਹੈ।

ਇਸ ਖੋਜ ਪ੍ਰਬੰਧ ਨੂੰ ਚਾਰ ਅਧਿਆਇਆਂ ਵਿਚ ਵੰਡ ਕੇ ਅਧਿਐਨ ਕੀਤਾ ਗਿਆ ਹੈ। ਪਹਿਲੇ ਅਧਿਆਇ '**ਸਿੱਖ ਧਾਰਮਿਕ ਅਸਥਾਨ : ਸਿਧਾਂਤਕ ਪਰਿਪੇਖ**' ਵਿਚ ਹੋਰਨਾਂ (ਸਾਮੀ ਅਤੇ ਭਾਰਤੀ) ਧਰਮਾਂ ਦੇ ਧਾਰਮਿਕ ਅਸਥਾਨਾਂ ਦੀ ਜਾਣਕਾਰੀ ਦੇਣ ਉਪਰੰਤ ਸਿੱਖ ਧਾਰਮਿਕ ਅਸਥਾਨ ਦੇ ਸਿਧਾਂਤਕ ਪਰਿਪੇਖ ਦਾ ਵਰਣਨ ਕਰਦਿਆ ਇਹ ਤੱਥ ਉਜਾਗਰ ਹੁੰਦੇ ਹਨ ਕਿ ਸਿੱਖ ਧਾਰਮਿਕ ਅਸਥਾਨ ਹੋਰਨਾਂ ਧਰਮਾਂ ਦੇ ਅਸਥਾਨਾਂ ਨਾਲੋਂ ਵਿਲੱਖਣ ਕਿਵੇਂ ਹੈ? ਵਿਲੱਖਣਤਾ ਦਾ ਸਭ ਤੋਂ ਪਹਿਲਾ ਤੱਥ ਇਹ ਹੈ ਕਿ ਇਹ ਸਰਬ ਸਾਂਝਾ ਅਸਥਾਨ ਹੁੰਦਾ ਹੈ, ਜਿੱਥੇ ਕੋਈ ਵੀ (ਕਿਸੇ ਵੀ ਧਰਮ, ਜਾਤ ਆਦਿ ਦਾ) ਮਨੁੱਖ ਆ ਕੇ ਆਪਣੀ ਭਜਨ, ਭੋਜਨ ਅਤੇ ਗਿਆਨ ਦੀ ਲੋੜ-ਪੂਰਤੀ ਕਰ ਸਕਦਾ ਹੈ। ਸਿੱਖ ਧਾਰਮਿਕ ਅਸਥਾਨ ਬਾਕੀ ਧਰਮਾਂ ਦੇ ਅਸਥਾਨਾਂ ਨਾਲੋਂ ਬਣਤਰ, ਮਰਿਆਦਾ, ਵਿਵਹਾਰ ਅਤੇ ਮਨੁੱਖਤਾ ਨੂੰ ਸਹੂਲਤਾਂ ਦੀ ਪੂਰਤੀ ਲਈ ਵੀ ਵਿਲੱਖਣਤਾ ਰੱਖਦਾ ਹੈ। ਗੁਰਦੁਆਰੇ ਵਿਚ *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਦਾ ਪ੍ਰਕਾਸ਼ ਕਰਕੇ ਉਤੇ ਚੰਦੋਆ ਤਾਣਿਆ ਜਾਂਦਾ ਹੈ, ਚੌਰ (ਚਵਰ) ਝੁਲਾਇਆ ਜਾਂਦਾ ਹੈ ਅਤੇ ਹੋਰ ਨਿਸ਼ਾਨੀਆਂ ਨਿਸ਼ਾਨ ਸਾਹਿਬ, ਨਗਾਰਾ ਆਦਿ ਵੀ ਇਸਨੂੰ ਵਿਲੱਖਣ ਦਿੱਖ ਪ੍ਰਦਾਨ ਕਰਦੇ ਹਨ। ਸਿੱਖ ਧਾਰਮਿਕ ਅਸਥਾਨ ਦੀ ਪਰਿਭਾਸ਼ਾ ਹੀ ਇਸਨੂੰ ਬਾਕੀ ਧਰਮਾਂ ਦੇ ਧਾਰਮਿਕ ਅਸਥਾਨਾਂ ਤੋਂ ਵਿਲੱਖਣਤਾ ਪ੍ਰਦਾਨ ਕਰਦੀ ਹੈ। ਸਿੱਖ ਧਾਰਮਿਕ ਅਸਥਾਨ, ਸਿੱਖਾਂ ਨੂੰ ਦੁੱਖ-ਸੁੱਖ ਨੂੰ ਸਮ ਕਰਕੇ ਜਾਣਨ ਅਤੇ ਸਦਾ ਅਨੰਦ ਵਿਚ ਰਹਿਣ ਦਾ ਉਪਦੇਸ਼ ਵੀ ਕਰਦੇ ਹਨ। ਇਸੇ ਲਈ ਹਰ ਸਿੱਖ ਜਨਮ ਤੋਂ ਲੈ ਕੇ ਮੌਤ ਤੱਕ ਆਪਣੀਆਂ ਸਾਰੀਆਂ ਰਸਮਾਂ ਨੂੰ *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*

ਦੀ ਹਜ਼ੂਰੀ ਵਿਚ ਹੀ ਨਿਭਾਉਂਦਾ ਹੈ। ਸਿੱਖ ਧਾਰਮਿਕ ਅਸਥਾਨ ਸਿੱਖਾਂ ਨੂੰ ਨਿਤਨੇਮ, ਕੀਰਤਨ, ਕਥਾ, ਅਰਦਾਸ ਕਰਨਾ ਆਦਿ ਦ੍ਰਿੜ ਕਰਵਾਉਣ ਦੇ ਨਾਲ ਹੀ ਆਪਣੇ ਗੁਰੂ ਸਾਹਿਬਾਨ ਦੇ ਗੁਰਪੁਰਬ ਅਤੇ ਹੋਰ ਸਿੱਖ ਤਿਉਹਾਰ ਸੰਗਤੀ ਰੂਪ ਵਿਚ ਮਨਾਉਣ ਦੀ ਜਾਚ ਵੀ ਦ੍ਰਿੜਾਉਂਦਾ ਹੈ।

ਆਰੰਭ ਤੋਂ ਲੈ ਕੇ ਅਜੋਕੇ ਸਮੇਂ ਤੱਕ ਗੁਰਦੁਆਰਾ ਹਰ ਸਿੱਖ ਦੇ ਜੀਵਨ ਦੀਆਂ ਜਨਮ ਤੋਂ ਲੈ ਕੇ ਮੌਤ ਤੱਕ ਦੀਆਂ ਸਾਰੀਆਂ ਰਸਮਾਂ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਹਰ ਸਿੱਖ ਗੁਰਦੁਆਰੇ ਨਾਲ ਵਿਅਕਤੀਗਤ ਅਤੇ ਸਮੂਹਿਕ ਤਰੀਕੇ ਨਾਲ ਜੁੜਿਆ ਹੁੰਦਾ ਹੈ ਅਤੇ ਉਥੇ ਜਾ ਕੇ ਆਪਣੀ ਸੰਸਾਰਕ ਯਾਤਰਾ ਦੀ ਮੁਕੰਮਲਤਾ ਅਤੇ ਅਕਾਲ ਪੁਰਖ ਵਿਚ ਅਭੇਦਤਾ ਲਈ ਅਰਦਾਸ ਕਰਦਾ ਹੈ। ਗੁਰਦੁਆਰੇ ਦਾ ਵਿਵਹਾਰਕ ਪੱਖ ਹਰ ਸਿੱਖ ਨੂੰ ਗੁਰਮਤਿ ਮਰਿਆਦਾ ਦਾ ਧਾਰਨੀ ਹੋਣ ਦੀ ਤਾਕੀਦ ਕਰਦਾ ਹੈ।

ਦੂਜੇ ਅਧਿਆਇ '**ਸਿੱਖ ਧਾਰਮਿਕ ਅਸਥਾਨ : ਇਤਿਹਾਸਕ ਪਿਛੋਕੜ**' ਵਿਚ ਸਿੱਖ ਧਾਰਮਿਕ ਅਸਥਾਨ ਦੇ ਇਤਿਹਾਸਕ ਪਿਛੋਕੜ ਦਾ ਵਰਣਨ ਕੀਤਾ ਗਿਆ ਹੈ। ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਸਿੱਖ ਧਰਮ ਦੇ ਪ੍ਰਚਾਰ ਲਈ ਯਾਤਰਾਵਾਂ ਕੀਤੀਆਂ ਗਈਆਂ, ਜਿਨ੍ਹਾਂ ਨੂੰ ਉਦਾਸੀਆਂ ਵਜੋਂ ਜਾਣਿਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਪ੍ਰਚਾਰ ਯਾਤਰਾਵਾਂ ਦੌਰਾਨ ਜਿੱਥੇ ਵੀ ਗਏ, ਸੰਗਤ ਨੂੰ ਨਾਮ ਜਪਣ, ਕਿਰਤ ਕਰਨ ਅਤੇ ਵੰਡ ਛਕਣ ਦਾ ਉਪਦੇਸ ਦਿੱਤਾ, ਨਾਲ ਹੀ ਧਰਮਸਾਲ ਸਥਾਪਿਤ ਕਰਨ ਦਾ ਆਦੇਸ਼ ਵੀ ਦਿਤਾ। ਇਸ ਤਰ੍ਹਾਂ ਸਿੱਖ ਧਾਰਮਿਕ ਅਸਥਾਨ ਦਾ ਮੁਢਲਾ ਰੂਪ ਧਰਮਸਾਲ ਸੀ, ਜਿਸਦੀ ਆਰੰਭਤਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਸਾਰੀ ਜੀਵਾਂ ਦੇ ਕਲਿਆਣ ਲਈ ਕੀਤੀ। ਗੁਰੂ ਨਾਨਕ ਦੇਵ ਜੀ ਦੇ ਉਤਰਾਧਿਕਾਰੀ ਗੁਰੂ ਸਾਹਿਬਾਨ ਦੇ ਸਮੇਂ ਵੀ ਨਵੇਂ ਸਿੱਖ ਧਾਰਮਿਕ ਅਸਥਾਨ ਹੋਂਦ ਵਿਚ ਆਉਣ ਲੱਗੇ। ਗੁਰੂ ਸਾਹਿਬਾਨ ਦੇ ਸਮੇਂ ਇਸ ਸੰਸਥਾ ਨਾਲ ਹੋਰ ਸਿੱਖ ਸੰਸਥਾਵਾਂ ਵੀ ਜੁੜਦੀਆਂ ਗਈਆਂ ; ਜਿਵੇਂ ਗੁਰੂ ਅੰਗਦ ਦੇਵ ਜੀ ਦੇ ਸਮੇਂ ਲੰਗਰ, ਗੁਰਮੁਖੀ ਸਿੱਖਿਆ, ਗੁਰੂ ਅਮਰਦਾਸ ਜੀ ਦੇ ਸਮੇਂ ਮੰਜੀ ਸੰਸਥਾ, ਗੁਰੂ ਰਾਮਦਾਸ ਜੀ ਦੇ ਸਮੇਂ ਮਸੰਦ ਸੰਸਥਾ ਅਤੇ ਰਾਮਦਾਸਪੁਰ ਸ਼ਹਿਰ ਵਸਾਉਣ ਉਪਰੰਤ ਅੰਮ੍ਰਿਤਸਰ ਸਰੋਵਰ ਦੀ ਖੁਦਾਈ ਅਤੇ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਿਮੰਦਿਰ ਸਾਹਿਬ ਦੀ ਉਸਾਰੀ ਕਰਵਾਈ, *ਸ੍ਰੀ ਆਦਿ ਗ੍ਰੰਥ ਸਾਹਿਬ ਜੀ* ਦਾ ਸੰਪਾਦਨ ਕਰਕੇ, ਪਹਿਲਾ ਪ੍ਰਕਾਸ਼ ਸ੍ਰੀ ਹਰਿਮੰਦਿਰ ਸਾਹਿਬ, ਅੰਮ੍ਰਿਤਸਰ ਵਿਖੇ ਕਰਵਾਇਆ। ਇਸ

ਤਰ੍ਹਾਂ ਪੰਜ ਗੁਰੂ ਸਾਹਿਬਾਨ ਦੇ ਸਮੇਂ ਤੱਕ ਸਿੱਖ ਧਾਰਮਿਕ ਅਸਥਾਨ ਨੂੰ ਧਰਮਸਾਲ ਹੀ ਕਿਹਾ ਜਾਂਦਾ ਰਿਹਾ। ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਇਸ ਨੂੰ ਗੁਰਦੁਆਰਾ ਆਖਿਆ ਜਾਣ ਲੱਗਾ। ਇਸ ਸਮੇਂ ਸਿੱਖ ਧਾਰਮਿਕ ਅਸਥਾਨ ਵਿਚ ਪੀਰੀ ਦੇ ਨਾਲ-ਨਾਲ ਮੀਰੀ ਦਾ ਸੰਕਲਪ ਵੀ ਸਦਾ ਲਈ ਜੁੜ ਗਿਆ ਅਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਤਖ਼ਤ ਦੀ ਸਥਾਪਨਾ ਕਰਕੇ ਇਸਨੂੰ ਵਿਵਹਾਰਕ ਰੂਪ ਦੇ ਦਿੱਤਾ। ਸੱਤਵੇਂ ਗੁਰੂ ਹਰਿਰਾਇ ਸਾਹਿਬ ਦੇ ਸਮੇਂ ਇਸ ਨਾਲ ਬਿਮਾਰਾਂ ਦੇ ਰੋਗ ਦੂਰ ਕਰਨ ਲਈ ਸ਼ਫ਼ਾਖਾਨਾ ਵੀ ਜੁੜ ਗਿਆ। ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਨੇ ਨਵਾਂ ਨਗਰ 'ਚੱਕ ਨਾਨਕੀ' ਵਸਾਇਆ ਅਤੇ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਇਥੇ ਹੀ ਸਿੱਖਾਂ ਨੂੰ ਖੰਡੇ ਦੀ ਪਾਹੁਲ ਦੀ ਬਖ਼ਸ਼ਿਸ਼ ਕਰਕੇ ਉਨ੍ਹਾਂ ਨੂੰ ਖ਼ਾਲਸਾ ਬਣਾਇਆ ਅਤੇ ਵੱਖਰੀ ਪਹਿਚਾਣ ਬਖ਼ਸ਼ ਦਿੱਤੀ।

ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਨਾਲ ਬਾਬਾ ਬੰਦਾ ਸਿੰਘ ਬਹਾਦਰ ਨਾਂਦੇੜ ਤੋਂ ਪੰਜਾਬ ਆਏ ਅਤੇ ਮੁਗਲ ਸਾਮਰਾਜ ਦੀਆਂ ਨੀਹਾਂ ਪੁੱਟ ਦਿੱਤੀਆਂ। ਉਹ ਇਸ ਸਮੇਂ ਦੌਰਾਨ ਗੁਰਧਾਮਾਂ ਦੀ ਸਾਂਭ-ਸੰਭਾਲ ਵੱਲ ਜਿਆਦਾ ਧਿਆਨ ਨਹੀਂ ਦੇ ਸਕੇ। ਉਨ੍ਹਾਂ ਤੋਂ ਬਾਅਦ ਪੰਜਾਬ ਉਤੇ ਸਿੱਖ ਮਿਸਲਾਂ ਦਾ ਅਧਿਕਾਰ ਹੋ ਗਿਆ। ਮਿਸਲਦਾਰਾਂ ਨੇ ਗੁਰਧਾਮਾਂ ਦੀ ਉਸਾਰੀ ਲਈ ਯਤਨ ਕਰਨੇ ਆਰੰਭ ਕਰ ਦਿੱਤੇ। ਉਨ੍ਹਾਂ ਨੇ ਆਪਣੇ ਕਾਲ ਦੌਰਾਨ ਅਨੇਕਾਂ ਗੁਰਦੁਆਰਿਆਂ ਦੀ ਉਸਾਰੀ ਕਰਵਾਈ ਅਤੇ ਸਾਂਭ-ਸੰਭਾਲ ਕੀਤੀ। ਮਹਾਰਾਜਾ ਰਣਜੀਤ ਸਿੰਘ ਸਿੱਖ ਮਿਸਲਾਂ ਉਤੇ ਜਿੱਤ ਪ੍ਰਾਪਤ ਕਰਕੇ ਪੰਜਾਬ ਦਾ ਮਹਾਰਾਜਾ ਬਣਿਆ। ਉਸਨੇ ਅਨੇਕਾਂ ਗੁਰਧਾਮਾਂ ਦੀ ਉਸਾਰੀ ਕਰਵਾਈ ਅਤੇ ਉਨ੍ਹਾਂ ਦੇ ਨਾਂ ਜਾਗੀਰਾਂ ਲਗਵਾਈਆਂ। ਉਪਰੰਤ ਸਿੱਖ ਰਿਆਸਤਾਂ ਨੇ ਗੁਰਧਾਮਾਂ ਦੀ ਉਸਾਰੀ ਕਰਵਾਉਣ ਵੱਲ ਵਿਸ਼ੇਸ਼ ਧਿਆਨ ਦਿੱਤਾ। ਅਠਾਰਵੀਂ ਸਦੀ ਦਾ ਸਮਾਂ ਸਿੱਖਾਂ ਲਈ ਬਹੁਤ ਮੁਸ਼ਕਿਲ ਭਰਿਆ ਸੀ, ਜਿਸ ਕਾਰਨ ਉਨ੍ਹਾਂ ਨੂੰ ਆਪਣੇ ਗੁਰਧਾਮਾਂ ਦੀ ਸੇਵਾ-ਸੰਭਾਲ ਕਰਨਾ ਸੰਭਵ ਨਾ ਰਿਹਾ। ਇਸ ਸਮੇਂ ਦੌਰਾਨ ਉਦਾਸੀ ਮਹੰਤਾਂ ਨੇ ਗੁਰਦੁਆਰਿਆਂ ਦੀ ਸੇਵਾ-ਸੰਭਾਲ ਕਰਨੀ ਆਰੰਭ ਕਰ ਦਿੱਤੀ। ਗੁਰਧਾਮਾਂ ਦੀਆਂ ਵੱਡੀਆਂ ਜਾਗੀਰਾਂ ਦੇ ਲਾਲਚ ਵਿਚ ਕੁਝ ਮਹੰਤਾਂ ਨੇ ਉਨ੍ਹਾਂ ਨੂੰ ਆਪਣੀ ਨਿੱਜੀ ਜਾਗੀਰ ਸਮਝਣਾ ਆਰੰਭ ਕਰ ਦਿੱਤਾ ਅਤੇ ਮਰਿਆਦਾ ਤੋਂ ਉਲਟ ਕੰਮ ਕਰਨੇ ਆਰੰਭ ਕਰ ਦਿੱਤੇ। ਜਿਸ ਕਾਰਨ ਸਿੱਖਾਂ ਨੂੰ ਆਪਣੇ ਧਾਰਮਿਕ ਅਸਥਾਨਾਂ ਦਾ ਪ੍ਰਬੰਧ ਆਪਣੇ ਹੱਥਾਂ ਵਿਚ ਲੈਣ ਲਈ ਬਹੁਤ ਸੰਘਰਸ਼

ਕਰਨਾ ਪਿਆ। ਅੰਤ ਸ਼੍ਰੋਮਣੀ ਗੁਰ ਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿੱਚ ਆਈ ਅਤੇ ਉਸ ਨੇ ਬਹੁਤ ਸਾਰੇ ਗੁਰਦੁਆਰਿਆਂ ਦਾ ਪ੍ਰਬੰਧ ਆਪਣੇ ਅਧਿਕਾਰ ਵਿਚ ਲੈ ਲਿਆ। ਹੁਣ ਇਸ ਕਮੇਟੀ ਦੁਆਰਾ ਅਨੇਕਾਂ ਗੁਰਦੁਆਰਿਆਂ ਦਾ ਪ੍ਰਬੰਧ ਸੁਚੱਜੇ ਢੰਗ ਨਾਲ ਸਿੱਖ ਮਰਿਆਦਾ ਅਨੁਸਾਰ ਕੀਤਾ ਜਾਂਦਾ ਹੈ।

ਤੀਜੇ ਅਧਿਆਇ '**ਪੁਆਧ ਖੇਤਰ ਦੇ ਸਿੱਖ ਧਾਰਮਿਕ ਅਸਥਾਨ: ਸਰਵੇਖਣ**' ਵਿਚ ਪੁਆਧ ਖੇਤਰ ਦੇ ਸਿੱਖ ਧਾਰਮਿਕ ਅਸਥਾਨਾਂ ਦਾ ਸਰਵੇਖਣ ਕੀਤਾ ਗਿਆ ਹੈ। ਇਸ ਅਧਿਆਇ ਵਿਚ ਇਹ ਸਾਹਮਣੇ ਆਇਆ ਹੈ ਕਿ ਪੁਆਧ ਖੇਤਰ ਵਿਚ ਸਿੱਖੀ ਦਾ ਬੂਟਾ ਗੁਰੂ ਨਾਨਕ ਦੇਵ ਜੀ ਦੀ ਆਮਦ ਨਾਲ ਲਗਿਆ ਸੀ ਅਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਕੀਰਤਪੁਰ ਆ ਕੇ ਵਸ ਜਾਣ ਨਾਲ ਇਹ ਵਿਸ਼ਾਲ ਹੋ ਗਿਆ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਸ ਖੇਤਰ ਵਿਚ ਸਿੱਖੀ ਦੇ ਪ੍ਰਚਾਰ ਲਈ ਜਿੱਥੇ ਵੀ ਗਏ, ਉਥੇ ਹੁਣ ਸੁੰਦਰ ਗੁਰਦੁਆਰੇ ਬਣੇ ਹੋਏ ਹਨ, ਇਨ੍ਹਾਂ ਵਿਚ ਕੀਰਤਪੁਰ ਸਾਹਿਬ ਵਿਚਲੇ ਗੁਰਦੁਆਰਿਆਂ ਤੋਂ ਇਲਾਵਾ, ਗੁਰਦੁਆਰਾ ਸੁਹੇਲਾ ਘੋੜਾ ਸਾਹਿਬ, ਗੁਰਦੁਆਰਾ ਭਵਿੱਖਤਸਰ ਸਾਹਿਬ, ਗੁਰਦੁਆਰਾ ਮਿੱਠਾਸਰ ਸਾਹਿਬ ਆਦਿ। ਗੁਰੂ ਤੇਗ ਬਹਾਦਰ ਜੀ ਨੇ ਇਸ ਖੇਤਰ ਵਿਚ ਨਵਾਂ ਨਗਰ ਵਸਾ ਕੇ ਇਕ ਸੱਭਿਆਚਾਰਕ ਕ੍ਰਾਂਤੀ ਕੀਤੀ। ਪੁਆਧ ਖੇਤਰ ਵਿਚ ਗੁਰੂ ਗੋਬਿੰਦ ਸਿੰਘ ਜੀ ਨਾਲ ਸਬੰਧਿਤ ਅਨੇਕਾਂ ਹੀ ਗੁਰਦੁਆਰੇ ਸੁਸ਼ੋਭਿਤ ਹਨ, ਜਿਨ੍ਹਾਂ ਵਿਚੋਂ ਜਿਆਦਾਤਰ ਦਾ ਇਤਿਹਾਸ ਗੁਰੂ ਜੀ ਦੁਆਰਾ ਕੀਤੀਆਂ ਜੰਗਾਂ-ਯੁੱਧਾਂ ਨਾਲ ਜੁੜਦਾ ਹੈ। ਇਨ੍ਹਾਂ ਗੁਰਦੁਆਰਿਆਂ ਤੋਂ ਇਹ ਗਿਆਤ ਹੁੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਸਾਰਾ ਹੀ ਜੀਵਨ ਸੰਘਰਸ਼ਮਈ ਰਿਹਾ ਹੈ। ਇਨ੍ਹਾਂ ਅਸਥਾਨਾਂ ਤੋਂ ਲੋਕਾਈ ਨੂੰ ਇਹ ਸੰਦੇਸ਼ ਵੀ ਮਿਲਿਆ ਹੈ ਕਿ ਜੇਕਰ ਜੀਵਨ ਸ਼ਾਤਮਈ ਜਿਊਣਾ ਹੈ ਤਾਂ ਸਸ਼ਤਰਧਾਰੀ ਹੋਣਾ ਹੀ ਪਵੇਗਾ ਤਾਂ ਜੋ ਜ਼ੁਲਮ ਦੇ ਵਿਰੁੱਧ ਦਲੇਰੀ ਨਾਲ ਜੂਝ ਕੇ ਮੁਕਾਬਲਾ ਕੀਤਾ ਜਾ ਸਕੇ।

ਚੌਥੇ ਅਧਿਆਇ '**ਪੁਆਧ ਖੇਤਰ ਦੇ ਸਿੱਖ ਧਾਰਮਿਕ ਅਸਥਾਨਾਂ ਦਾ ਯੋਗਦਾਨ ਅਤੇ ਵਰਤਮਾਨ ਪ੍ਰਸੰਗਿਕਤਾ**' ਵਿਚ ਪੁਆਧ ਖੇਤਰ ਦੇ ਖੋਜ ਕਾਰਜ ਦੇ ਦਾਇਰੇ ਵਾਲੇ ਜ਼ਿਲ੍ਹਿਆਂ ਦੇ ਸਿੱਖ ਧਾਰਮਿਕ ਅਸਥਾਨਾਂ ਦਾ ਯੋਗਦਾਨ ਅਤੇ ਵਰਤਮਾਨ ਸਮੇਂ ਵਿਚ ਪ੍ਰਸੰਗਿਕਤਾ ਦਾ ਵਰਣਨ ਕੀਤਾ ਗਿਆ ਹੈ। ਇਨ੍ਹਾਂ ਅਸਥਾਨਾਂ ਦੁਆਰਾ ਦਿੱਤੇ ਯੋਗਦਾਨ ਨੂੰ ਚਾਰ ਹਿੱਸਿਆਂ (ਧਾਰਮਿਕ, ਸਮਾਜਿਕ, ਵਿਦਿਅਕ ਅਤੇ ਵਿਰਾਸਤੀ)

ਵਿਚ ਵੰਡ ਕੇ ਅਧਿਐਨ ਕਾਰਜ ਕੀਤਾ ਗਿਆ ਹੈ। ਸਿੱਖ ਧਾਰਮਿਕ ਅਸਥਾਨਾਂ ਦਾ ਧਰਮ ਪ੍ਰਚਾਰ-ਪਾਸਾਰ ਵਿਚ ਬਹੁਤ ਵੱਡਾ ਯੋਗਦਾਨ ਰਿਹਾ ਹੈ। ਇਸਦੇ ਨਾਲ ਹੀ ਸਮਾਜਿਕ ਖੇਤਰ ਵਿਚ ਵੀ ਇਨ੍ਹਾਂ ਅਸਥਾਨਾਂ ਦੀ ਬਹੁਤ ਦੇਣ ਹੈ। ਵਿਦਿਅਕ ਖੇਤਰ ਵਿਚ ਵੀ ਇਨ੍ਹਾਂ ਅਸਥਾਨਾਂ ਦੀ ਮਨੁੱਖਤਾ ਨੂੰ ਬਹੁਤ ਦੇਣ ਰਹੀ ਹੈ। ਇਸ ਖੇਤਰ ਵਿਚ ਅਨੇਕਾਂ ਸਕੂਲ, ਕਾਲਜ, ਮਿਸ਼ਨਰੀ ਕਾਲਜ, ਗੁਰਮਤਿ ਸੰਗੀਤ ਵਿਦਿਆਲੇ ਅਜਿਹੇ ਹਨ ਜਿਹੜੇ ਇਥੋਂ ਦੇ ਇਤਿਹਾਸ ਨਾਲ ਸਬੰਧਿਤ ਸਖ਼ਸ਼ੀਅਤਾਂ ਦੇ ਨਾਂ ਉਤੇ ਬਣੇ ਹੋਏ ਹਨ। ਇਹ ਵਿਦਿਅਕ ਅਦਾਰੇ ਹੁਣ ਤੱਕ ਅਨੇਕਾਂ ਹੀ ਸਿਖਿਆਰਥੀਆਂ ਨੂੰ ਅਕਾਦਮਿਕ ਵਿੱਦਿਆ ਦੇਣ ਦੇ ਨਾਲ ਧਰਮ ਦੀ ਵਿੱਦਿਆ ਦਾ ਗਿਆਨ ਵੀ ਵੰਡਦੇ ਰਹੇ ਹਨ। ਇਸ ਖੇਤਰ ਦੇ ਸਿੱਖ ਧਾਰਮਿਕ ਅਸਥਾਨਾਂ ਦਾ ਵਿਰਾਸਤੀ ਖੇਤਰ ਵਿਚ ਵੀ ਅਹਿਮ ਯੋਗਦਾਨ ਰਿਹਾ ਹੈ। ਇਨ੍ਹਾਂ ਗੁਰਦੁਆਰਿਆਂ ਵਿਚ ਗੁਰੂ ਸਾਹਿਬਾਨ, ਗੁਰੂ ਸਪੁੱਤਰਾਂ, ਸਪੁੱਤਰੀਆਂ, ਗੁਰੂ ਮਹਿਲਾਂ, ਗੁਰਸਿੱਖਾਂ ਆਦਿ ਨਾਲ ਸਬੰਧਿਤ ਅਨੇਕਾਂ ਇਤਿਹਾਸਕ ਨਿਸ਼ਾਨੀਆਂ ਸੰਭਾਲ ਕੇ ਰੱਖੀਆਂ ਹੋਈਆਂ ਹਨ। ਇਨ੍ਹਾਂ ਨਿਸ਼ਾਨੀਆਂ ਵਿਚ ਸਸ਼ਤਰ, ਬਸਤਰ, ਬਰਤਨ ਆਦਿ ਤੋਂ ਇਲਾਵਾ ਹੋਰ ਵੀ ਅਨੇਕਾਂ ਵਸਤਾਂ ਹਨ। ਵਰਤਮਾਨ ਸਮੇਂ ਵਿਚ ਇਹ ਧਾਰਮਿਕ ਅਸਥਾਨ ਉਥੋਂ ਦੇ ਇਤਿਹਾਸ ਨਾਲ ਸਬੰਧਿਤ ਸ਼ੰਦੇਸ਼ ਦਾ ਪ੍ਰਚਾਰ ਅੱਜ ਵੀ ਸਿੱਖ ਸੰਗਤਾਂ ਵਿਚ ਕਰ ਰਹੇ ਹਨ। ਅਜੋਕੇ ਸਮੇਂ ਵਿਚ ਇਹ ਇਤਿਹਾਸਕ ਘਟਨਾਵਾਂ ਦੀ ਜਾਣਕਾਰੀ ਅਤੇ ਸੰਦੇਸ਼ ਆਮ ਲੋਕਾਂ ਅਤੇ ਨੌਜਵਾਨ ਪੀੜੀ ਤੱਕ ਪਹੁੰਚਾਉਣ ਦੇ ਮੰਤਵ ਨਾਲ ਸਰਕਾਰਾਂ ਅਤੇ ਹੋਰ ਸੰਸਥਾਵਾਂ ਨੇ ਵਿਰਾਸਤੀ ਯਾਦਗਾਰਾਂ ਵੀ ਕਾਇਮ ਕੀਤੀਆਂ ਹਨ, ਜਿਨ੍ਹਾਂ ਵਿਚ 'ਵਿਰਾਸਤ-ਏ-ਖ਼ਾਲਸਾ, ਅਨੰਦਪੁਰ ਸਾਹਿਬ', 'ਫ਼ਤਹਿ ਬੁਰਜ, ਚੱਪੜ ਚਿੜੀ', 'ਥੀਮ ਪਾਰਕ, ਚਮਕੌਰ ਸਾਹਿਬ' ਆਦਿ ਹਨ।

## ਸਥਾਪਨਾਵਾਂ

- ਵਿਸ਼ਵ ਧਰਮਾਂ (ਸਾਮੀ ਅਤੇ ਭਾਰਤੀ) ਦੇ ਧਾਰਮਿਕ ਅਸਥਾਨਾਂ ਦਾ ਅਧਿਐਨ ਕਰਦਿਆਂ, ਇਹ ਤਥ ਸਾਹਮਣੇ ਆਏ ਹਨ ਕਿ ਹਰ ਧਰਮ ਵਿਚ ਧਾਰਮਿਕ ਅਸਥਾਨ ਦਾ ਮਹੱਤਵਪੂਰਨ ਥਾਂ ਹੈ। ਭਾਵ ਕਿ ਧਾਰਮਿਕ ਅਸਥਾਨ ਧਰਮ ਦੇ ਜਰੂਰੀ ਅੰਗਾਂ (ਧਰਮ ਬਾਨੀ, ਧਰਮ ਗ੍ਰੰਥ ਆਦਿ) ਵਿਚ ਸ਼ਾਮਿਲ ਹੈ।

- ਸਿੱਖ ਧਾਰਮਿਕ ਅਸਥਾਨ ਦੇ ਇਤਿਹਾਸਕ ਪਿਛੋਕੜ ਨੂੰ ਸਿੱਖ ਸਰੋਤਾਂ ਦੇ ਸੰਦਰਭ ਵਿਚ ਵਿਚਾਰਦਿਆਂ, ਇਸਦਾ ਇਤਿਹਾਸਕ ਵਿਕਾਸ ਪੜਾਅਵਾਰ ਸਾਹਮਣੇ ਆਇਆ ਹੈ, ਜਿਵੇਂ ਕਿ ਗੁਰੂ ਸਾਹਿਬਾਨ ਦੇ ਸਮੇਂ, ਸਿੱਖ ਮਿਸਲਾਂ ਦੇ ਸਮੇਂ, ਸਿੱਖ ਰਾਜ ਦੇ ਸਮੇਂ ਅਤੇ ਸਿੱਖ ਰਾਜ ਤੋਂ ਬਾਅਦ ਮੌਜੂਦਾ ਸਮੇਂ ਤੱਕ।
- ਖੋਜ ਪ੍ਰਬੰਧ ਨੂੰ ਉਸਾਰਨ ਹਿਤ ਮੂਲ ਸਰੋਤਾਂ ਤੋਂ ਇਲਾਵਾ ਸਥਾਨਕ ਸ਼ਰਧਾਲੂਆਂ ਦੀਆਂ ਮਾਨਤਾਵਾਂ ਅਤੇ ਮੌਖਿਕ ਇਤਿਹਾਸ ਨੂੰ ਵੀ ਹਿੱਸਾ ਬਣਾਇਆ ਗਿਆ ਹੈ। ਮੌਖਿਕ ਇਤਿਹਾਸ ਵਿਚੋਂ ਅਜਿਹੀ ਸਮੱਗਰੀ ਪ੍ਰਾਪਤ ਹੋਈ ਹੈ ਜੋ ਪਹਿਲਾਂ ਕਦੇ ਕਿਸੇ ਵੀ ਮੁਢਲੇ ਜਾਂ ਗੌਣ ਸਰੋਤ ਦਾ ਹਿੱਸਾ ਨਹੀਂ ਬਣ ਸਕੀ। ਉਦਾਹਰਨ ਵਜੋਂ ਗੁਰਦੁਆਰਾ ਮੰਜੀ ਸਾਹਿਬ, ਬੂਰਮਾਜਰਾ (ਜ਼ਿਲ੍ਹਾ ਰੂਪਨਗਰ), ਬ੍ਰਾਹਮਣਮਾਜਰਾ, ਗੁਰਦੁਆਰਾ ਛੰਨ ਕੁੰਮਾ ਮਾਸ਼ਕੀ ਜੀ, ਪਿੰਡ ਚੱਕ ਢੇਰਾ ਅਤੇ ਗੁਰਦੁਆਰਾ ਗੁਰੂ ਕੇ ਮਹਿਲ (ਜ਼ਿਲ੍ਹਾ ਰੂਪਨਗਰ) ਆਦਿ ਦਾ ਇਤਿਹਾਸ।
- ਇਸ ਖੋਜ ਪ੍ਰਬੰਧ ਵਿਚ ਸਿੱਖ ਧਾਰਮਿਕ ਅਸਥਾਨਾਂ ਨੂੰ ਪਰਿਭਾਸ਼ਿਤ ਕਰਦੇ ਹੋਏ, ਗੁਰਦੁਆਰਿਆਂ ਦੇ ਵਿਭਿੰਨ ਪ੍ਰਕਾਰਾਂ (ਗੁਰੂ ਸਾਹਿਬਾਨ ਦੇ ਜਨਮ ਨਾਲ ਸਬੰਧਿਤ ਅਸਥਾਨ, ਗੁਰਿਆਈ ਨਾਲ ਅਤੇ ਜੋਤੀ-ਜੋਤਿ ਸਮਾਉਣ ਨਾਲ ਸਬੰਧਿਤ ਅਸਥਾਨ ਆਦਿ) ਨੂੰ ਸੂਚੀਬਧ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਅਜਿਹੀ ਪ੍ਰਕਾਰ ਵੰਡ ਅਕਾਦਮਿਕ ਕਾਰਜਾਂ ਵਿਚ ਪ੍ਰਾਪਤ ਨਹੀਂ ਹੁੰਦੀ।
- ਇਹ ਤੱਥ ਵੀ ਪ੍ਰਗਟ ਹੋਏ ਹਨ ਕਿ ਸਿੱਖ ਧਾਰਮਿਕ ਅਸਥਾਨ ਹਰ ਸਿੱਖ ਦੇ ਜੀਵਨ (ਜਨਮ ਤੋਂ ਮੌਤ ਤੱਕ) ਵਿਚ ਇਕ ਕੇਂਦਰ ਬਿੰਦੂ ਵਜੋਂ ਉਭਰ ਕੇ ਸਾਹਮਣੇ ਆਉਂਦਾ ਹੈ। ਜਿਸ ਤਹਿਤ ਸਿੱਖ ਸੰਸਕਾਰ ਨਾਮਕਰਨ, ਅੰਮ੍ਰਿਤ ਪਾਨ, ਅਨੰਦ-ਕਾਰਜ ਅਤੇ ਮ੍ਰਿਤਕ ਸੰਸਕਾਰ (ਅਲਾਹੁਣੀਆਂ ਦਾ ਪਾਠ ਤੇ ਅੰਤਿਮ ਅਰਦਾਸ) ਸਾਰੇ ਸਿੱਖਾਂ ਵੱਲੋਂ ਗੁਰਦੁਆਰੇ ਵਿਚ ਵੀ ਨਿਭਾਉਣ ਦੇ ਤੱਥ ਸਾਹਮਣੇ ਆਏ ਹਨ।
- ਪੁਆਧ ਖੇਤਰ ਦੇ ਸਿੱਖ ਧਾਰਮਿਕ ਅਸਥਾਨਾਂ ਦਾ ਯੋਗਦਾਨ ਅਤੇ ਵਰਤਮਾਨ ਪ੍ਰਸੰਗਿਕਤਾ ਦਾ ਵਰਣਨ ਕਰਦਿਆਂ ਇਹ ਤਥ ਸਾਹਮਣੇ ਆਏ ਹਨ ਕਿ ਇਹਨਾਂ ਅਸਥਾਨਾਂ ਦਾ ਧਾਰਮਿਕ ਖੇਤਰ ਤੋਂ

ਇਲਾਵਾ ਸਮਾਜਿਕ, ਵਿੱਦਿਅਕ ਅਤੇ ਵਿਰਾਸਤੀ ਖੇਤਰ ਵਿਚ ਵਡਮੁੱਲਾ ਯੋਗਦਾਨ ਦੇਖਣ ਨੂੰ ਮਿਲਦਾ ਹੈ।

ਉਪਰੋਕਤ ਦੇ ਸੰਦਰਭ ਵਿਚ ਆਖ ਸਕਦੇ ਹਾਂ ਕਿ ਹਰ ਇਕ ਖੋਜ ਕਾਰਜ ਸੀਮਾਵਾਂ ਵਿਚ ਬੱਝਾ ਹੁੰਦਾ ਹੈ। ਸੀਮਾ ਨਿਰਧਾਰਿਤ ਕਰਨਾ ਖੋਜ ਕਾਰਜ ਦੀ ਮੁਢਲੀ ਜਰੂਰਤ ਵੀ ਹੈ। ਇਹਨਾਂ ਸੀਮਾਵਾਂ ਵਿਚ ਰਹਿ ਕੇ ਕਾਰਜ ਕਰਦਿਆਂ ਕਈ ਸੰਭਾਵਨਾਵਾਂ ਵੀ ਹੁੰਦੀਆਂ ਹਨ। ਕੋਈ ਵੀ ਖੋਜ ਪ੍ਰਬੰਧ ਖੋਜ ਦੇ ਖੇਤਰ ਵਿਚ ਪਹਿਲਾਂ ਕਦਮ ਪੁੱਟਣ ਵਾਂਗ ਹੁੰਦਾ ਹੈ। ਇਸ ਲਈ ਇਹ ਖੋਜ ਪ੍ਰਬੰਧ ਅਗਲੇਰੀ ਖੋਜ ਲਈ ਸੰਭਾਵਨਾਵਾਂ ਪੈਦਾ ਕਰਦਾ ਹੈ ਤੇ ਖੋਜਾਰਥੀ ਇਸ ਤੋਂ ਆਪਣੀ ਖੋਜ ਨੂੰ ਅੱਗੇ ਲਿਜਾ ਸਕਣ ਦੇ ਯੋਗ ਹੋਣਗੇ। ਹਥਲੇ ਖੋਜ ਪ੍ਰਬੰਧ ਵਿਚ ਖੇਤਰੀ ਸੀਮਾ (ਪੁਆਧ ਖੇਤਰ ਦੇ ਜ਼ਿਲ੍ਹੇ ਰੂਪਨਗਰ ਅਤੇ ਐਸ. ਏ. ਐਸ. ਨਗਰ ਤੱਕ) ਨਿਰਧਾਰਿਤ ਕਰਕੇ ਅਧਿਐਨ ਕੀਤਾ ਗਿਆ ਹੈ। ਹੋਰ ਖੋਜਾਰਥੀ ਇਸ ਖੇਤਰ ਦੇ ਇਹਨਾਂ ਜ਼ਿਲ੍ਹਿਆਂ ਤੋਂ ਇਲਾਵਾ ਹੋਰਨਾਂ ਜ਼ਿਲ੍ਹਿਆਂ ਅਤੇ ਪੰਜਾਬ ਦੇ ਹੋਰ ਖੇਤਰਾਂ (ਮਾਝਾ, ਮਾਲਵਾ ਤੇ ਦੁਆਬਾ) ਦੇ ਧਾਰਮਿਕ ਅਸਥਾਨਾਂ ਦਾ ਅਧਿਐਨ ਕਰਨ ਲਈ ਇਸ ਖੋਜ ਪ੍ਰਬੰਧ ਤੋਂ ਸੇਧ ਲੈ ਸਕਦੇ ਹਨ। ਹਥਲੇ ਖੋਜ ਪ੍ਰਬੰਧ ਦੀ ਇਹ ਸਾਰਥਿਕਤਾ ਰਹੀ ਹੈ ਕਿ ਇਸ ਵਿਚ ਧਰਮ ਅਸਥਾਨ ਦੇ ਮੁਕੰਮਲ ਪਰਿਪੇਖ ਨੂੰ ਸਮਝਣ ਦਾ ਮੁਢਲਾ ਯਤਨ ਕੀਤਾ ਗਿਆ ਹੈ।

# ਪੁਸਤਕ ਸੂਚੀ


## ਗੁਰਬਾਣੀ ਸ਼ਬਦਾਰਥ

- *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ.

## ਸਟੀਕ

- ਸਾਹਿਬ ਸਿੰਘ, (ਪ੍ਰੋ.), *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ,* ਰਾਜ ਪਬਲਿਸ਼ਰਜ਼, ਜਲੰਧਰ, (ਮਿਤੀਹੀਣ).
- ਬਦਨ ਸਿੰਘ, ਗਿਆਨੀ, *ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ (ਫਰੀਦਕੋਟ ਵਾਲਾ ਟੀਕਾ),* ਜਿਲਦ ਚੌਥੀ, ਭਾਸ਼ਾ ਵਿਭਾਗ, ਪੰਜਾਬ, 1992 (ਚੌਥੀ ਵਾਰ).
- ਵੀਰ ਸਿੰਘ, ਭਾਈ, *ਵਾਰਾਂ ਭਾਈ ਗੁਰਦਾਸ ਸਟੀਕ,* ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2010 (ਵੀਹਵੀਂ ਐਡੀਸ਼ਨ).

## ਮੁਢਲੇ ਸ੍ਰੋਤ

### ਪੰਜਾਬੀ

- ਸੁਖਾ ਸਿੰਘ, *ਗੁਰਬਿਲਾਸ ਪਾਤਸਾਹੀ ਦਸਮੀ,* ਮਨਵਿੰਦਰ ਸਿੰਘ (ਸੰਪਾ.), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ 2016 (ਪਹਿਲੀ ਵਾਰ).
- ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ਦਸਵੀਂ,* ਭਾਸ਼ਾ ਵਿਭਾਗ ਪੰਜਾਬ, 1989.
- ਸੇਵਾ ਸਿੰਘ, ਕਵੀ, *ਸ਼ਹੀਦ ਬਿਲਾਸ : ਭਾਈ ਮਨੀ ਸਿੰਘ,* ਗਿਆਨੀ ਗਰਜਾ ਸਿੰਘ (ਮੂਲ ਸੰਪਾ.), ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ 2007 (ਦੂਜੀ ਵਾਰ).
- ਸੈਨਾਪਤਿ, ਕਵੀ, *ਸ੍ਰੀ ਗੁਰ ਸੋਭਾ,* ਗੰਡਾ ਸਿੰਘ (ਸੰਪਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988 (ਤੀਜੀ ਵਾਰ).
- ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਭਾਸ਼ਾ ਵਿਭਾਗ, ਪੰਜਾਬ (ਜਿਲਦਾਂ ਚੌਦਾਂ), 2011.

❖ ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ਦਸਵੀਂ,* ਸਮਸ਼ੇਰ ਸਿੰਘ ਅਸ਼ੋਕ (ਸੰਪਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999.

❖ ਕੌਸ਼ਿਸ਼, ਸ੍ਰੂਪ ਸਿੰਘ, *ਗੁਰੂ ਕੀਆਂ ਸਾਖੀਆਂ,* ਪਿਆਰਾ ਸਿੰਘ ਪਦਮ (ਸੰਪਾ.), ਸਿੰਘ ਬ੍ਰਦਰਜ਼, ਅੰਮ੍ਰਿਤਸਰ, 2008 (ਛੇਵੀਂ ਵਾਰ).

❖ ਗਿਆਨ ਸਿੰਘ, ਗਿਆਨੀ, *ਪੰਥ ਪ੍ਰਕਾਸ਼,* ਭਾਸ਼ਾ ਵਿਭਾਗ, ਪੰਜਾਬ, 1987.

❖ ਗਿਆਨ ਸਿੰਘ, ਗਿਆਨੀ, *ਤਵਾਰੀਖ ਗੁਰੂ ਖ਼ਾਲਸਾ (ਭਾਗ ਪਹਿਲਾ),* ਭਾਸ਼ਾ ਵਿਭਾਗ, ਪੰਜਾਬ, 2011 (ਪੰਜਵੀਂ ਵਾਰ).

❖ ਗਿਆਨ ਸਿੰਘ, ਗਿਆਨੀ, *ਤਵਾਰੀਖ ਗੁਰੂ ਖ਼ਾਲਸਾ (ਭਾਗ ਦੂਜਾ),* ਭਾਸ਼ਾ ਵਿਭਾਗ, ਪੰਜਾਬ, 2003 (ਚੌਥੀ ਵਾਰ).

❖ ਚਾਕਰ, ਅਮਰ ਸਿੰਘ, *ਵਾਰਾਂ ਭਾਈ ਗੁਰਦਾਸ ਜੀ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2011.

❖ ਛਿੱਬਰ, ਕੇਸਰ ਸਿੰਘ, *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ,* ਪਿਆਰਾ ਸਿੰਘ ਪਦਮ (ਸੰਪਾ.), ਸਿੰਘ ਬ੍ਰਦਰਜ਼, ਅੰਮ੍ਰਿਤਸਰ, 2005 (ਦੂਜੀ ਵਾਰ).

❖ ਬਲ, ਵੀਰ ਸਿੰਘ, ਭਾਈ, *ਸਿੰਘ ਸਾਗਰ,* ਕ੍ਰਿਸ਼ਨਾ ਕੁਮਾਰੀ ਬਾਂਸਲ (ਸੰਪਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998 (ਦੂਜੀ ਵਾਰ).

❖ ਭਗਤ ਸਿੰਘ, *ਗੁਰ ਬਿਲਾਸ ਪਾਤਸ਼ਾਹੀ-੬,* ਗੁਰਮੁਖ ਸਿੰਘ (ਸੰਪਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997 (ਪਹਿਲੀ ਵਾਰ).

❖ ਭੰਗੂ, ਰਤਨ ਸਿੰਘ, *ਪ੍ਰਾਚੀਨ ਪੰਥ ਪ੍ਰਕਾਸ਼,* ਭਾਈ ਵੀਰ ਸਿੰਘ (ਸੰਪਾ.), ਖਾਲਸਾ ਸਮਾਚਾਰ, ਅੰਮ੍ਰਿਤਸਰ, 1962.

❖ ਭੱਲਾ, ਸਰੂਪ ਦਾਸ, *ਮਹਿਮਾ ਪ੍ਰਕਾਸ਼, ਭਾਗ ਦੂਜਾ (ਖੰਡ ਦੂਜਾ),* ਜੀ. ਐਸ. ਲਾਂਬਾ (ਸੰਪਾ.) ਭਾਸ਼ਾ ਵਿਭਾਗ, ਪੰਜਾਬ, 2003 (ਦੂਜੀ ਵਾਰ).

❖ ਵੀਰ ਸਿੰਘ, ਭਾਈ, *ਪੁਰਾਤਨ ਜਨਮਸਾਖੀ,* ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2012 (ਅਠਾਰਵੀਂ ਵਾਰ).

**ਅੰਗਰੇਜ਼ੀ**


- ❖ B. R. Sharma (State Editor), *Punjab District Gazetteer : Rupnagar,* Revenue Department Punjab, Chandigarh, 1987.


## ਪੰਜਾਬੀ ਪੁਸਤਕਾਂ


- ❖ ਅਸ਼ੋਕ, ਸਮਸ਼ੇਰ ਸਿੰਘ, *ਪ੍ਰਸਿੱਧ ਗੁਰਦੁਆਰੇ,* ਭਾਸ਼ਾ ਵਿਭਾਗ, ਪੰਜਾਬ, 1991 (ਪਹਿਲੀ ਵਾਰ).
- ❖ ਔਲਖ, ਗੁਰਚਰਨ ਸਿੰਘ, *ਸਿਮਰੋ ਸ੍ਰੀ ਹਰਿ ਰਾਇ,* ਲਾਹੌਰ ਬੁੱਕ ਸ਼ਾਪ, ਲੁਧਿਆਣਾ, 2004 (ਦੂਸਰੀ ਵਾਰ).
- ❖ ਸਰਹੱਦੀ, ਸੁਲੱਖਣ ਸਿੰਘ, *ਅਨੰਦਪੁਰ ਤੋਂ ਲਾਹੌਰ ਤੱਕ,* ਲਾਹੌਰ ਬੁੱਕ ਸ਼ਾਪ, ਲੁਧਿਆਣਾ, 2005 (ਪਹਿਲੀ ਵਾਰ).
- ❖ ਸਰਨਾ, ਜਸਬੀਰ ਸਿੰਘ, *ਮੌਲਿਕ ਪੈੜਾਂ ਸਿਰਜਦਾ ਸਿੱਖ ਇਤਿਹਾਸ,* ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2009.
- ❖ ਸਰਨਾ, ਜਸਬੀਰ ਸਿੰਘ, *ਜੀਵਨੀ ਪਾਤਸ਼ਾਹੀ ਸੱਤਵੀਂ ਤੇ ਅੱਠਵੀਂ,* ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2015.
- ❖ ਸਰਬਜਿੰਦਰ ਸਿੰਘ (ਸੰਪਾ.), *ਵਿਸ਼ਵ ਧਰਮ ਬਾਨੀ, ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ (ਚਾਰ ਭਾਗ),* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008, 2011, 2007, 2012.
- ❖ ਸਰਬਜਿੰਦਰ ਸਿੰਘ (ਸੰਪਾ.), *ਧਰਮ ਅਧਿਐਨ 3,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2019.
- ❖ ਸਾਹਿਬ ਸਿੰਘ, *ਗੁਰ-ਇਤਿਹਾਸ : ਪਾਤਸ਼ਾਹੀ 2-9,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2006 (ਚੌਥੀ ਵਾਰ).
- ❖ ਸੀਤਲ, ਸੋਹਣ ਸਿੰਘ, *ਸਿੱਖ ਮਿਸਲਾਂ ਤੇ ਸਰਦਾਰ ਘਰਾਣੇ,* ਲਾਹੌਰ ਬੁੱਕ ਸ਼ਾਪ, ਲੁਧਿਆਣਾ, 2012 (ਸੱਤਵੀਂ ਵਾਰ).
- ❖ ਸੀਤਲ, ਸੋਹਣ ਸਿੰਘ, *ਮਨੁੱਖਤਾ ਦੇ ਗੁਰੂ : ਗੁਰੂ ਗੋਬਿੰਦ ਸਿੰਘ ਜੀ,* ਲਾਹੌਰ ਬੁੱਕ ਸ਼ਾਪ, ਲੁਧਿਆਣਾ, 2012.

❖ ਸੁਖਦਿਆਲ ਸਿੰਘ, *ਖਾਲਸਾ ਪੰਥ ਦੇ ਪੰਜ ਤਖਤ: ਇਤਿਹਾਸਕ ਵਿਸ਼ਲੇਸ਼ਣ,* ਡੈਫੋਡਿਲ ਪ੍ਰਿੰਟਰਜ਼, ਪਟਿਆਲਾ, 2002 (ਦੂਜੀ ਵਾਰ).

❖ ਸੁਖਦਿਆਲ ਸਿੰਘ, *ਗੁਰੂ ਤੇਗ ਬਹਾਦੁਰ ਮਾਰਗ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997 (ਪਹਿਲੀ ਵਾਰ).

❖ ਸੁਖਦਿਆਲ ਸਿੰਘ, *ਖਾਲਸਾ ਰਾਜ ਦਾ ਬਾਨੀ ਬੰਦਾ ਸਿੰਘ ਬਹਾਦਰ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2003.

❖ ਸੁਖਦਿਆਲ ਸਿੰਘ, *ਚੱਪੜ-ਚਿੜੀ ਦੀ ਲੜਾਈ ਅਤੇ ਸਰਹਿੰਦ ਫ਼ਤਹਿ,* ਪੰਜਾਬੀ ਇੰਸਟੀਚਿਊਟ ਆਫ਼ ਸਿੱਖ ਸਟੱਡੀਜ਼, ਚੰਡੀਗੜ੍ਹ, 2010.

❖ ਸੁਖਦਿਆਲ ਸਿੰਘ, *ਬੰਦਾ ਸਿੰਘ ਬਹਾਦਰ : ਇਤਿਹਾਸਕ ਅਧਿਐਨ,* ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010.

❖ ਸੰਗਤ ਸਿੰਘ, *ਇਤਿਹਾਸ 'ਚ ਸਿੱਖ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2008 (ਤੀਜੀ ਵਾਰ).

❖ ਸੰਘਾ, ਗੁਰਦੇਵ ਸਿੰਘ, *ਗੁਰਦੁਆਰਾ ਸੰਕਲਪ ਅਤੇ ਸੰਸਥਾ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2011 (ਪਹਿਲੀ ਵਾਰ).

❖ ਹਰਿਭਜਨ ਸਿੰਘ, *ਗੁਰਮਤਿ ਵਿਆਖਿਆਨ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2001 (ਪੰਜਵੀਂ ਵਾਰ).

❖ ਕਿਰਪਾਲ ਸਿੰਘ, *ਜਨਮਸਾਖੀ ਪਰੰਪਰਾ: ਇਤਿਹਾਸਕ ਦ੍ਰਿਸ਼ਟੀਕੋਨ ਤੋਂ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990 (ਦੂਜੀ ਵਾਰ).

❖ ਕਿਰਪਾਲ ਸਿੰਘ, *ਸਿੱਖ ਇਤਿਹਾਸ ਦੇ ਵਿਸ਼ੇਸ਼ ਪੱਖ,* ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1997 (ਦੂਜੀ ਵਾਰ).

❖ ਕਿਰਪਾਲ ਸਿੰਘ, *ਮਹਾਰਾਜਾ ਰਣਜੀਤ ਸਿੰਘ : ਜੀਵਨ ਅਤੇ ਘਾਲਣਾ,* ਸਿੱਖ ਇਤਿਹਾਸ ਰਿਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2007.

❖ ਕਿਰਪਾਲ ਸਿੰਘ ਅਤੇ ਹਰਿੰਦਰ ਕੌਰ, *ਪੰਜਾਬ ਦੇ ਪਿੰਡਾਂ ਦਾ ਨਾਮਕਰਨ ਅਤੇ ਇਤਿਹਾਸ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2014.

- ਕੋਠਾ ਗੁਰੂ, ਗਿਆਨੀ ਬਲਵੰਤ ਸਿੰਘ, *ਸ੍ਰੀ ਦਮਦਮਾ ਗੁਰੂ ਕੀ ਕਾਸ਼ੀ,* ਗਿਆਨੀ ਕੌਰ ਸਿੰਘ ਸਾਹਿਤਯ ਸ਼ਾਸਤ੍ਰੀ ਸਦਨ, ਕੋਠਾ ਗੁਰੂ (ਬਠਿੰਡਾ), 1995.
- ਕੱਬਰਵਾਲ, ਕੁਲਦੀਪ ਸਿੰਘ, *ਸਰਵੇਖਣ ਚਮਕੌਰ ਸਾਹਿਬ,* ਅਨੋਖ ਸਿੰਘ, ਅਜੀਤ ਸਿੰਘ (ਸੰਪਾ.), ਭਾਸ਼ਾ ਵਿਭਾਗ, ਪੰਜਾਬ, 1990.
- ਖ਼ਾਲਸਾ, ਸੁਰਿੰਦਰ ਸਿੰਘ, *ਪੋਹ ਦੀਆਂ ਰਾਤਾਂ,* ਪ੍ਰਕਾਸ਼ਕ ਗੁਰਦੁਆਰਾ ਮਾਤਾ ਗੁਜਰ ਕੌਰ ਜੀ ਅਤੇ ਛੋਟੇ ਸਾਹਿਬਜ਼ਾਦੇ (ਯਾਦਗਾਰ ਛੰਨ ਬਾਬਾ ਕੁੰਮਾ ਮਾਸ਼ਕੀ ਜੀ), ਪਿੰਡ ਚੱਕ ਢੇਰਾ, 2017 (ਤੀਜੀ ਵਾਰ).
- ਖ਼ਾਲਸਾ, ਸੁਰਿੰਦਰ ਸਿੰਘ, *ਇਤਿਹਾਸ ਬੋਲਦਾ ਹੈ,* ਪ੍ਰਕਾਸ਼ਕ ਗੁਰਦੁਆਰਾ ਮਾਤਾ ਗੁਜਰ ਕੌਰ ਜੀ ਅਤੇ ਛੋਟੇ ਸਾਹਿਬਜ਼ਾਦੇ (ਯਾਦਗਾਰ ਛੰਨ ਬਾਬਾ ਕੁੰਮਾ ਮਾਸ਼ਕੀ ਜੀ), ਪਿੰਡ ਚੱਕ ਢੇਰਾ, 2017 (ਦੂਜੀ ਵਾਰ).
- ਗਿਆਨ ਸਿੰਘ, ਗਿਆਨੀ, *ਗੁਰਧਾਮ ਸੰਗ੍ਰਹਿ,* ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ, (ਮਿਤੀਹੀਣ).
- ਗੁਰਜਿੰਦਰ ਸਿੰਘ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ : ਹੋਂਦ, ਬਣਤਰ ਤੇ ਕਾਰਜ,* ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2013.
- ਗੁਰਦਿੱਤ ਸਿੰਘ, ਗਿਆਨੀ, *ਗੁਰਧਾਮ ਦੀਦਾਰ,* ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2009.
- ਗ੍ਰੇਵਾਲ, ਕਰਨਲ ਦਲਵਿੰਦਰ ਸਿੰਘ, *ਸੋ ਥਾਨ ਸੁਹਾਵਾ,* ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਮਾਰਚ, 2007.
- ਗੰਡਾ ਸਿੰਘ, *ਮਹਾਰਾਜਾ ਕੌੜਾ ਮੱਲ ਬਹਾਦੁਰ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000.
- ਗੰਡਾ ਸਿੰਘ, *ਸਰਦਾਰ ਜੱਸਾ ਸਿੰਘ ਆਹਲੂਵਾਲੀਆ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011.
- ਚਹਿਲ, ਭਾਈ ਧੰਨਾ ਸਿੰਘ ਪਟਿਆਲਵੀ, *ਗੁਰ ਤੀਰਥ ਸਾਈਕਲ ਯਾਤਰਾ,* ਚੇਤਨ ਸਿੰਘ (ਸੰਪਾ.), ਯੂਰਪੀਅਨ ਪੰਜਾਬੀ ਸੱਥ, ਵਾਲਸਾਲ, ਯੂ. ਕੇ., 2016.

- ਚੇਤਨ ਸਿੰਘ, *ਪੁਰਾਤਨ ਸਿੱਖ ਲਿਖਤਾਂ,* ਸੰਗਮ ਪਬਲੀਕੇਸ਼ਨਜ਼, ਸਮਾਣਾ, 2016.
- ਠਾਕਰ ਸਿੰਘ, ਗਿਆਨੀ, *ਸ੍ਰੀ ਗੁਰਦੁਆਰੇ ਦਰਸ਼ਨ,* ਭਾ.ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2005.
- ਢੀਂਡਸਾ, ਰਾਜਿੰਦਰ ਜੀਤ ਕੌਰ (ਡਾ.), *ਗੁਰੂ ਗ੍ਰੰਥ ਜੀ ਮਾਨਿਓ,* ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2014.
- ਤੇਜਾ ਸਿੰਘ, ਪ੍ਰਿੰਸੀਪਲ ਅਤੇ ਗੰਡਾ ਸਿੰਘ, *ਸਿੱਖ ਇਤਿਹਾਸ,* ਭਗਤ ਸਿੰਘ (ਅਨੁਵਾਦਕ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2006.
- ਦਾਊਂ, ਮਨਮੋਹਨ ਸਿੰਘ (ਸੰਪਾ.), *ਧਰਤ ਪੁਆਧ ਪਰਾਗਾ ਦੂਜਾ,* ਪੰਚਨਦ ਪ੍ਰਕਾਸ਼ਨ, ਲਾਂਬੜਾਂ, ਜਲੰਧਰ, ਪੰਜਾਬ, 2016.
- ਦਿਲਗੀਰ, ਹਰਜਿੰਦਰ ਸਿੰਘ, *ਸਿੱਖ ਫ਼ਿਲਾਸਫ਼ੀ ਕੀ ਹੈ? ਅਤੇ ਹੋਰ ਲੇਖ,* ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ-2001.
- ਦਿਲਗੀਰ, ਹਰਜਿੰਦਰ ਸਿੰਘ, *ਅਨੰਦਪੁਰ ਸਾਹਿਬ,* ਸਿੱਖ ਯੂਨੀਵਰਸਿਟੀ ਸੈਂਟਰ, ਬੈਲਜੀਅਮ, 2003 (ਦੂਜੀ ਐਡੀਸ਼ਨ).
- ਨਈਅਰ, ਗੁਰਬਚਨ ਸਿੰਘ (ਸੰਪਾ.), *ਗੁਰ ਰਤਨ ਮਾਲ ਸੌ ਸਾਖੀ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995 (ਤੀਜੀ ਵਾਰ).
- ਨਈਅਰ, ਗੁਰਬਚਨ ਸਿੰਘ, *ਸਿੱਖ ਇਤਿਹਾਸ ਦੇ ਚੋਣਵੇਂ ਮੂਲ ਸਰੋਤ (1469-1849) ਅਧਿਐਨ ਤੇ ਮੁਲਾਂਕਣ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010.
- ਨਈਅਰ, ਗੁਰਬਚਨ ਸਿੰਘ ਤੇ ਸੁਖਦਿਆਲ ਸਿੰਘ, *ਗੁਰੂ ਗੋਬਿੰਦ ਸਿੰਘ (ਯਾਤਰਾ ਅਸਥਾਨ, ਪਰੰਪਰਾਵਾਂ ਅਤੇ ਯਾਦ-ਚਿੰਨ) ਇਕ ਸਰਵੇਖਣ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989.
- ਨਰੋਤਮ, ਪੰਡਿਤ ਤਾਰਾ ਸਿੰਘ, *ਸ੍ਰੀ ਗੁਰ ਤੀਰਥ ਸੰਗ੍ਰਹਿ,* ਕਨਖਲ 1884.
- *ਨਵਰਤਨ ਕਪੂਰ (ਡਾ.),* *ਸ੍ਰੀ ਅਨੰਦਪੁਰ ਸਾਹਿਬ,* ਭਾਸ਼ਾ ਵਿਭਾਗ, ਪੰਜਾਬ, 2015.
- ਨਾਜ਼, ਹਰਪ੍ਰੀਤ ਸਿੰਘ, *ਇਤਿਹਾਸਕ ਸਿੱਖ ਨਿਸ਼ਾਨੀਆਂ,* ਲਾਹੌਰ ਬੁੱਕਸ, ਲੁਧਿਆਣਾ, 2017.

- ਨਾਭਾ, ਕਾਨ੍ਹ ਸਿੰਘ, ਭਾਈ, *ਗੁਰੁਮਤ ਮਾਰਤੰਡ,* (*ਭਾਗ ਪਹਿਲਾ*), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2005 (ਸੱਤਵੀਂ ਐਡੀਸ਼ਨ).
- ਨਾਭਾ, ਕਾਨ੍ਹ ਸਿੰਘ, ਭਾਈ, *ਗੁਰੁਮਤ ਮਾਰਤੰਡ,* (*ਭਾਗ ਦੂਜਾ*), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2008.
- ਨੇਕੀ, ਜਸਵੰਤ ਸਿੰਘ, *ਅਰਦਾਸ : ਦਰਸ਼ਨ, ਰੂਪ ਤੇ ਅਭਿਆਸ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2012. (ਛੇਵੀਂ ਵਾਰ).
- ਪਦਮ, ਪਿਆਰਾ ਸਿੰਘ (ਸੰਪਾ.), *ਰਹਿਤਨਾਮੇ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2000. (ਸੱਤਵੀਂ ਵਾਰ).
- ਪਦਮ, ਪਿਆਰਾ ਸਿੰਘ, *ਸੰਖੇਪ ਸਿੱਖ ਇਤਿਹਾਸ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ਸਤੰਬਰ 2014 (ਪੰਜਵੀਂ ਵਾਰ).
- ਪਰਮਵੀਰ ਸਿੰਘ, *ਮਾਤਾ ਸੁੰਦਰੀ ਜੀ: ਸੰਘਰਸ਼ ਅਤੇ ਸ਼ਖ਼ਸੀਅਤ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2012. (ਪਹਿਲੀ ਵਾਰ).
- ਪ੍ਰੀਤਮ ਸਿੰਘ, ਪ੍ਰੋ., *ਸਿੱਖ ਵਿਚਾਰਧਾਰਾ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2011.
- ਫੌਜਾ ਸਿੰਘ, *ਗੁਰੂ ਗੋਬਿੰਦ ਸਿੰਘ ਜੀ ਦੇ ਸਫ਼ਰ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1968 (ਪਹਿਲਾ ਸੰਸਕਰਣ).
- ਫੌਜਾ ਸਿੰਘ, *ਗੁਰੂ ਤੇਗ ਬਹਾਦਰ ਸਾਹਿਬ: ਯਾਤਰਾ ਅਸਥਾਨ, ਪਰੰਪਰਾਵਾਂ ਤੇ ਯਾਦ ਚਿੰਨ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1976 (ਪਹਿਲੀ ਵਾਰ).
- ਬਡੂੰਗਰ, ਕ੍ਰਿਪਾਲ ਸਿੰਘ, *ਗੁਰਮਤਿ ਵਿਚਾਰ ਤੇ ਸਿੱਖੀ ਜੀਵਨ,* ਸਿੰਘ ਬ੍ਰਦਰਜ਼, ਅੰਮ੍ਰਿਤਸਰ 2006 (ਪਹਿਲੀ ਵਾਰ).
- ਬਲਕਾਰ ਸਿੰਘ (ਸੰਪਾ.), *ਅਰਦਾਸ ਦਾ ਸਿੱਖ ਪ੍ਰਸੰਗ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998 (ਪਹਿਲੀ ਵਾਰ).

- ਬਲਕਾਰ ਸਿੰਘ (ਸੰਪਾ.), *ਸਿੱਖ ਧਰਮ ਵਿਚ ਸੰਗਤ ਦਾ ਪਰਤ ਪ੍ਰਸੰਗ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998 (ਪਹਿਲੀ ਵਾਰ).
- ਬੇਦੀ, ਦਿਲਜੀਤ ਸਿੰਘ, *ਸ੍ਰੀ ਅਨੰਦਪੁਰ ਸਾਹਿਬ : ਬਹੁਪੱਖੀ ਦਰਸ਼ਨ,* ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਸਤੰਬਰ 2015 (ਪਹਿਲੀ ਐਡੀਸ਼ਨ).
- ਭਜਨ ਸਿੰਘ, ਗਿ., *ਸਾਡੇ ਇਤਿਹਾਸਕ ਗੁਰਧਾਮ, (ਮਾਝਾ, ਮਾਲਵਾ, ਦੁਆਬਾ ਅਤੇ ਹਿਮਾਚਲ ਪ੍ਰਦੇਸ਼ ਦੇ ਗੁਰਦੁਆਰੇ),* ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2012 (ਤੀਜੀ ਐਡੀਸ਼ਨ).
- ਭੱਟੀ, ਬਲਵਿੰਦਰਜੀਤ ਕੌਰ, *ਸ੍ਰੀ ਗੁਰੂ ਗ੍ਰੰਥ ਸਾਹਿਬ: ਸਮਾਜਕ ਸਰੋਕਾਰ,* ਚੇਤਨਾ ਪ੍ਰਕਾਸ਼ਨ, ਲੁਧਿਆਣਾ, 2011.
- ਮਹਿੰਦਰ ਸਿੰਘ, *ਅਕਾਲੀ ਲਹਿਰ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2005 (ਪਹਿਲੀ ਵਾਰ).
- ਮਾਵੀ, ਗੁਰਬਚਨ ਸਿੰਘ, *ਗਾਥਾ ਸ੍ਰੀ ਚਮਕੌਰ ਸਾਹਿਬ,* ਪ੍ਰਕਾਸ਼ਕ ਗੁਰਬਾਣੀ ਇਸੁ ਜਗੁ ਮਹਿ ਚਾਨਣੁ, ਮੋਹਾਲੀ, ਅਗਸਤ 2019 (ਪਹਿਲੀ ਵਾਰ).
- ਮੈਕਾਲਿਫ, ਮੈਕਸ ਆਰਥਰ, *ਸਿੱਖ ਇਤਿਹਾਸ (ਪਹਿਲਾ-ਦੂਜਾ ਭਾਗ),* ਅਜੈਬ ਸਿੰਘ (ਅਨੁਵਾਦਕ), ਗੁਰਚਰਨ ਸਿੰਘ ਔਲਖ (ਸੋਧਕ), ਲਾਹੌਰ ਬੁੱਕ ਸ਼ਾਪ, ਲੁਧਿਆਣਾ, 2014.
- ਮੈਕਾਲਿਫ, ਮੈਕਸ ਆਰਥਰ, *ਸਿੱਖ ਇਤਿਹਾਸ (ਤੀਜਾ ਭਾਗ),* ਗੁਰਚਰਨ ਸਿੰਘ ਔਲਖ (ਅਨੁਵਾਦਕ), ਲਾਹੌਰ ਬੁੱਕ ਸ਼ਾਪ, ਲੁਧਿਆਣਾ, 2014.
- ਰੂਪ ਸਿੰਘ (ਸੰਪਾ.), *ਸਿੱਖ ਸੰਕਲਪ, ਸਿਧਾਂਤ ਤੇ ਸੰਸਥਾਵਾਂ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2012 (ਪਹਿਲੀ ਐਡੀਸ਼ਨ).
- ਰੂਪ ਸਿੰਘ, *ਸੋ ਥਾਨੁ ਸੁਹਾਵਾ,* ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2014 (ਪੰਜਵੀਂ ਵਾਰ).
- ਰੂਪ ਸਿੰਘ (ਸੰਪਾ.), *ਵਡਾ ਪੁਰਖੁ ਪਰਗਟਿਆ (ਸ੍ਰੀ ਗੁਰੂ ਨਾਨਕ ਦੇਵ ਜੀ: ਜੀਵਨ-ਦਰਸ਼ਨ),* ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2017 (ਤੀਜੀ ਐਡੀਸ਼ਨ).

❖ ਰੋਹੀ, ਰਾਜਿੰਦਰ ਕੌਰ, *ਸ੍ਰੀ ਗੁਰੂ ਗ੍ਰੰਥ ਸਾਹਿਬ : ਅਧਿਆਤਮ ਤੇ ਵਿਵਹਾਰ,* ਪੰਜਾਬੀ ਯੂਨੀਵਰਸਿਟੀ, ਪਟਿਆਲਾ 2012.

❖ ਸ਼ੇਰ ਸਿੰਘ, ਡਾ., *ਵਿਚਾਰ ਮਾਲਾ,* ਲਾਹੌਰ ਬੁਕ ਸ਼ਾਪ, ਲੁਧਿਆਣਾ (ਮਿਤੀਹੀਣ).

**ਹਿੰਦੀ**

❖ ਸੁਖਦੇਵ ਸਿੰਘ, ਗਿਆਨੀ, *ਅਮਰ ਸ਼ਹੀਦ ਧੰਨ ਧੰਨ ਬਾਬਾ ਨੰਦਲਾਲ ਜੀ,* ਯੂਨੀਸਟਾਰ ਬੁੱਕਸ ਪ੍ਰਾ.ਲਿ., ਲੁਧਿਆਣਾ, 2012,

**English Books**

❖ Bhagat Singh, *A History of The Sikh Misals,* Punjabi University, Patiala, 2009.

❖ Dua, J.C., Misl, *Sikh State and The Institution of Khalsa,* Originals Publishers, Delhi, 2006.

❖ Gandhi, Surjit Singh, *Sikhs in the Eighteenth Century,* Singh Brothers, Amritsar, 1999.

❖ Grewal, J.S., *The Sikhs of The Punjab,* Cambridge University Press, New Delhi, 2014.

❖ Grierson, Sir George Abraham, *Linguistic Survey of India,* (Vol IX, Indo-Aryan Family), Superintendent Government Printing, India, Calcutta, 1916.

❖ Gupta, Hari Ram, *History of the Sikhs* (1-5 Vol.), Munshiram Manoharlal Publishers Pvt. Ltd., New Delhi, 2014.

❖ Gurmukh Singh, Major, *Historical Sikh Shrines*, Singh Brothers, Amritsar, 1995.

- H.S. Soch & Madanjit Kaur (Editors), *Guru Nanak : Ideals and Institutions,* Guru Nanak Dev University, Amritsar, 1998
- Karamjit K. Malhotra, *The Eighteenth Century in Sikh History,* Oxford University Press, New Delhi, 2016 (First Edition).
- Khazan Singh, *History of the Sikh Religion,* Department of Languages, Punjab, Patiala, 1970 (Reprint).
- Kohli, Sita Ram, *Maharaja Ranjit Singh*, Prithipal Singh Kapur (Editor), Guru Nanak Dev University, Amritsar, 2002.
- Mandair, Arvinder-pal Singh, *Sikhism,* Bloomsbury Publishing India, New Delhi, 2013.
- Patwant Singh, *Gurdwaras : In India and around the World,* Himalayan Books, New Delhi, 1992.
- Patwant Singh, *The Sikhs,* Rupa & Company, New Delhi, 2010 (Eighth Impression).
- Sangha, Gurdev Singh, *Gurdwara Concept & Institution,* Dharam Singh (Ed.), Institute of Sikh Studies, Chandigarh, 2017 (First Edition).
- Teja Singh, *The Gurdwara Reform Movement and The Sikh Awakening,* Shiromani Gurdwara Parbandhak Committee, Amritsar, 1922 (First Impression).
- Teja Singh, *Essay in Sikhism,* Languages Department, Punjab, Patiala, 1988.
- W.Owen Cole & Piara Singh Sambhi, *Sikhism Beliefs and Practices,* Adarsh Books, New Delhi, 1999 (First Indian Edition).

## ਕੋਸ਼


- ਸਰਨਾ, ਜਸਬੀਰ ਸਿੰਘ ਤੇ ਦਿਲਜੀਤ ਸਿੰਘ ਬੇਦੀ, *ਗੁਰਦੁਆਰਾ ਕੋਸ਼,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2013 (ਪਹਿਲੀ ਵਾਰ).
- ਗੁਰਚਰਨ ਸਿੰਘ (ਸੰਪਾ.), *ਸ੍ਰੀ ਗੁਰੂ ਗ੍ਰੰਥ ਕੋਸ਼ (ਜਿਲਦ-1),* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002 (ਪਹਿਲੀ ਵਾਰ).
- ਗੁਰਚਰਨ ਸਿੰਘ (ਸੰਪਾ.), *ਸ੍ਰੀ ਗੁਰੂ ਗ੍ਰੰਥ ਕੋਸ਼ (ਜਿਲਦ-2),* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002 (ਪਹਿਲੀ ਵਾਰ).
- ਗਿੱਲ, ਰਛਪਾਲ ਸਿੰਘ (ਮੁੱਖ ਸੰਪਾ.) ਅਤੇ ਹੋਰ, *ਪੰਜਾਬੀ ਵਿਸ਼ਵ ਕੋਸ਼* (ਜਿਲਦ ਦੂਜੀ), ਭਾਸ਼ਾ ਵਿਭਾਗ, ਪੰਜਾਬ, 2001 (ਦੂਜਾ ਐਡੀਸ਼ਨ).
- ਜੋਧ ਸਿੰਘ (ਮੁੱਖ ਸੰਪਾ.), *ਸਿੱਖ ਧਰਮ ਵਿਸ਼ਵਕੋਸ਼ (ਸੈਂਚੀ ਪਹਿਲੀ),* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008.
- ਜੋਧ ਸਿੰਘ (ਮੁੱਖ ਸੰਪਾ.), *ਸਿੱਖ ਧਰਮ ਵਿਸ਼ਵਕੋਸ਼ (ਸੈਂਚੀ ਦੂਜੀ),* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013.
- ਜੱਗੀ, ਰਤਨ ਸਿੰਘ, *ਗੁਰੂ ਗ੍ਰੰਥ ਵਿਸ਼ਵਕੋਸ਼ (ਦੋ ਭਾਗ),* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.
- ਜੱਗੀ, ਰਤਨ ਸਿੰਘ, *ਸਿੱਖ ਪੰਥ ਵਿਸ਼ਵਕੋਸ਼ (ਦੋ ਭਾਗ),* ਗੁਰ ਰਤਨ ਪਬਲਿਸ਼ਰਜ਼, ਪਟਿਆਲਾ, 2005.
- ਨਾਭਾ, ਕਾਨ੍ਹ ਸਿੰਘ, ਭਾਈ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, 2006 (ਸੱਤਵੀਂ ਵਾਰ).
- ਬ੍ਰਹਮਜਗਦੀਸ਼ ਸਿੰਘ, ਪ੍ਰੋ., *ਗੁਰੂ ਗ੍ਰੰਥ ਸੰਕਲਪ ਕੋਸ਼,* ਵਾਰਿਸ ਸ਼ਾਹ ਫ਼ਾਉਂਡੇਸ਼ਨ, ਅੰਮ੍ਰਿਤਸਰ, 2013 (ਪਹਿਲੀ ਵਾਰ).

❖ ਬਲਬੀਰ ਕੌਰ (ਡਾਇਰੈਕਟਰ) ਅਤੇ ਹੋਰ, *ਪੁਆਧੀ ਸ਼ਬਦ-ਕੋਸ਼,* ਲਾਂਬਾ, ਭਾਸ਼ਾ ਵਿਭਾਗ, ਪੰਜਾਬ, 2008 (ਦੂਜੀ ਵਾਰ).

❖ ਰਾਜਿੰਦਰ ਸਿੰਘ (ਡਾਇਰੈਕਟਰ) ਅਤੇ ਹੋਰ, *ਪੰਜਾਬੀ ਵਿਸ਼ਵ ਕੋਸ਼ (ਜਿਲਦ ਸੱਤਵੀਂ),* ਭਾਸ਼ਾ ਵਿਭਾਗ, ਪੰਜਾਬ, 1990.

❖ ਰਾਜਿੰਦਰ ਸਿੰਘ (ਮੁੱਖ ਸੰਪਾ.), *ਫ਼ਾਰਸੀ-ਪੰਜਾਬੀ ਕੋਸ਼,* ਪੰਜਾਬੀ ਯੂਨੀਵਰਸਿਟੀ*,* ਪਟਿਆਲਾ*,* 1996.

❖ ਵੀਰ ਸਿੰਘ, ਭਾਈ, *ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2003 (ਸੱਤਵੀਂ ਵਾਰ).

## Encyclopedia / Dictionary

❖ A. Jones and James D. Ryan, *Encyclopedia of Hinduism*, Facts on Files, New York, 2007.

❖ Charles Taliaferro, Elsa J. Marty, *A Dictionary of Philosophy of Religion,* The Continum International Publishing Group, London, 2010.

❖ Harbans Singh (Editor-in-Chief), *The Encyclopedia of Sikhism* (Volume I), Punjabi University, Patiala, 2002 (Fourth Edition).

❖ Harbans Singh (Editor-in-Chief), *The Encyclopedia of Sikhism* (Volume II), Punjabi University, Patiala, 2011 (Third Edition).

❖ Harbans Singh (Editor-in-Chief), *The Encyclopedia of Sikhism* (Volume III), Punjabi University, Patiala, 1997 (First Edition).

❖ Harbans Singh (Editor-in-Chief), *The Encyclopedia of Sikhism* (Volume IV), Punjabi University, Patiala, 2004 (Second Edition).

- ❖ Jacob De Haas (Editor), *The Encyclopedia of Jewish Knowledge,* Behrman's Jewish Book House, New York, 1944 (Reprint).
- ❖ Lindsay Jones (Editor in Chief), *Encyclopedia of Religion (Second Edition),* Vol. 3, Vol. 13, Thomson Gale, Farmington Hills, USA.
- ❖ O.P. Ralhan, *Encyclopedia of Sikhism: Religion and Culture* (Vol 1 and Vol 2), Anmol Publication Pvt. Ltd., New Delhi, 1997 (First Edition).


## ਪ੍ਰੋਸੀਡਿੰਗਜ਼


- ❖ ਗੁਰਸ਼ਰਨਜੀਤ ਸਿੰਘ (ਸੰਪਾ.), *ਗੁਰੂ ਨਾਨਕ ਦੇਵ ਅਤੇ ਗੁਰਦੁਆਰਾ ਸੰਸਥਾ ਦਾ ਆਰੰਭ,* ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 22-23 ਨਵੰਬਰ, 2009. (ਅਪ੍ਰਕਾਸ਼ਿਤ ਖਰੜਾ).
- ❖ ਦਲਜੀਤ ਸਿੰਘ (ਮੁੱਖ ਸੰਪਾ.), *ਪੰਜਾਬ ਹਿਸਟਰੀ ਕਾਨਫ਼ਰੰਸ,* ਪੰਜਾਬ ਇਤਿਹਾਸ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 15-17 ਮਾਰਚ, 2019. (ਪ੍ਰੋਸੀਡਿੰਗ).


## ਖੋਜ-ਪ੍ਰਬੰਧ

### ਪੰਜਾਬੀ


- ❖ ਸਰਬਜਿੰਦਰ ਸਿੰਘ, *ਸਿੱਖ ਤਖ਼ਤਾਂ ਦਾ ਧਰਮ-ਵਿਗਿਆਨਕ ਪਰਿਪੇਖ,* ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997.
- ❖ ਮਨਿੰਦਰ ਸਿੰਘ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵਿਦਿਅਕ ਦੇਣ : ਧਰਮ ਅਧਿਐਨ ਦੇ ਵਿਸ਼ੇਸ਼ ਪ੍ਰਸੰਗ ਵਿਚ,* ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2019.


### ਅੰਗਰੇਜ਼ੀ


- ❖ Daljit Kaur Gill, *Sikh Shrines From Historical Literature (Late 19th and early*

*20$^{th}$ Centuries),* Department of History, Guru Nanak Dev University, Amritsar, 2012.

❖ Joginder Singh Rekhi, *Guru Arjan Dev (1581-1606) A Study of Sikh Institutions, Practices and Outlook,* Department of History, Punjabi University, Patiala, 1987.

❖ Karamjit Singh, *Understanding Sikh Architecture through the Sikh Shrines in East Punjab,* Department of Architecture, Guru Nanak Dev University, Amritsar, 2012.

❖ Rupinder Kaur Gill, *Institutions: Their Role in Sikh History,* Department of History, Panjab University, Chandigarh, 2002.

## ਪਤ੍ਰਿਕਾਵਾਂ

### ਗੁਰਮਤਿ ਪ੍ਰਕਾਸ਼

❖ *ਗੁਰਮਤਿ ਪ੍ਰਕਾਸ਼,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਅਗਸਤ 2007.

❖ *ਗੁਰਮਤਿ ਪ੍ਰਕਾਸ਼,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਜੁਲਾਈ 2009.

❖ *ਗੁਰਮਤਿ ਪ੍ਰਕਾਸ਼,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਜਨਵਰੀ 2012.

❖ *ਗੁਰਮਤਿ ਪ੍ਰਕਾਸ਼,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਅਪ੍ਰੈਲ 2012.

❖ *ਗੁਰਮਤਿ ਪ੍ਰਕਾਸ਼,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਸਤੰਬਰ 2012.

❖ *ਗੁਰਮਤਿ ਪ੍ਰਕਾਸ਼,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਸਤੰਬਰ 2012.

❖ *ਗੁਰਮਤਿ ਪ੍ਰਕਾਸ਼,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਜਨਵਰੀ 2013.

❖ *ਗੁਰਮਤਿ ਪ੍ਰਕਾਸ਼,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਜੁਲਾਈ 2014.

## ਟ੍ਰੈਕਟ

❖ *ਸ਼ਾਂਤ, ਸੁਖਦੇਵ ਸਿੰਘ, ਗੁਰਦੁਆਰਾ- ਇਕ ਸੰਸਥਾ,* (*ਗੁਰੂ ਨਾਨਕ ਦੇਵ ਮਿਸ਼ਨ ਲੜੀ* 495), *ਗੁਰੂ ਨਾਨਕ ਦੇਵ ਮਿਸ਼ਨ, ਅਕਾਡਮੀ ਆਫ਼ ਸਿੱਖ ਰਿਲੀਜਨ ਐਂਡ ਕਲਚਰ, ਪਟਿਆਲਾ,* 2000.

## Websites

❖ http://en.m.wikipedia.org

❖ http://pa.wikipedia.org

❖ http://punjabipedia.org

❖ http://www.discoversikhism.com

❖ http://www.rupnagar.nic.in

❖ http://www.safdiearchitects.com

❖ Isher Micro Media

# ਪੁਆਧ ਖੇਤਰ ਦੇ ਸਿੱਖ ਧਾਰਮਿਕ ਅਸਥਾਨਾਂ ਦਾ ਇਤਿਹਾਸਕ ਪਿਛੋਕੜ ਅਤੇ ਵਰਤਮਾਨ ਪ੍ਰਸੰਗਿਕਤਾ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਸੋਸ਼ਲ ਸਾਇੰਸਿਜ਼ ਫ਼ੈਕਲਟੀ

ਅਧੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਵਿਚ

ਪੀਐਚ. ਡੀ. ਦੀ ਉਪਾਧੀ ਲਈ ਪ੍ਰਸਤੁਤ

**ਖੋਜ-ਪ੍ਰਬੰਧ**

(2021)


**ਨਿਗਰਾਨ**

ਡਾ. ਬਲਵਿੰਦਰਜੀਤ ਕੌਰ ਭੱਟੀ

ਪ੍ਰੋਫ਼ੈਸਰ,

ਪੰਜਾਬ ਇਤਿਹਾਸ ਅਧਿਐਨ ਵਿਭਾਗ

**ਖੋਜਾਰਥੀ**

ਅਮਨ ਸਿੰਘ

PUNJABI UNIVERSITY PATIALA

**ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ**

**ਪੰਜਾਬੀ ਯੂਨੀਵਰਸਿਟੀ, ਪਟਿਆਲਾ**

# ਨਿਸ਼ਕਰਸ਼ ਅਤੇ ਸਥਾਪਨਾਵਾਂ

ਇਸ ਸਾਰੀ ਵਿਚਾਰ ਚਰਚਾ ਦੇ ਨਿਸ਼ਕਰਸ਼ ਵਜੋਂ ਆਖਿਆ ਜਾ ਸਕਦਾ ਹੈ ਕਿ ਪੰਜਾਬ ਭੂਗੋਲਿਕ ਤੌਰ 'ਤੇ ਚਾਰ ਖੇਤਰਾਂ ਦਾ ਸਮੂਹ ਹੈ, ਜਿਨ੍ਹਾਂ ਵਿਚ ਮਾਝਾ, ਮਾਲਵਾ, ਦੁਆਬਾ ਅਤੇ ਪੁਆਧ ਦਾ ਸ਼ੁਮਾਰ ਹੁੰਦਾ ਹੈ। ਸਾਡੇ ਖੋਜ ਕਾਰਜ ਦਾ ਘੇਰਾ ਪੁਆਧ ਖੇਤਰ ਦੇ ਦੋ ਜ਼ਿਲ੍ਹਿਆਂ, ਜ਼ਿਲ੍ਹਾ ਰੂਪਨਗਰ ਅਤੇ ਐਸ. ਏ. ਐਸ. ਨਗਰ (ਮੋਹਾਲੀ) ਤੱਕ ਨਿਸ਼ਚਿਤ ਕੀਤਾ ਗਿਆ ਹੈ। ਇਸ ਖੋਜ ਕਾਰਜ ਵਿਚ ਇਨ੍ਹਾਂ ਦੋਵਾਂ ਜ਼ਿਲ੍ਹਿਆਂ ਦੇ ਸਿੱਖ ਧਾਰਮਿਕ ਅਸਥਾਨਾਂ ਦਾ ਸਾਹਿਤਕ ਅਤੇ ਭੂਗੋਲਿਕ ਸਰਵੇਖਣ ਕੀਤਾ ਗਿਆ ਹੈ।

ਇਸ ਖੋਜ ਪ੍ਰਬੰਧ ਨੂੰ ਚਾਰ ਅਧਿਆਇਆਂ ਵਿਚ ਵੰਡ ਕੇ ਅਧਿਐਨ ਕੀਤਾ ਗਿਆ ਹੈ। ਪਹਿਲੇ ਅਧਿਆਇ '**ਸਿੱਖ ਧਾਰਮਿਕ ਅਸਥਾਨ : ਸਿਧਾਂਤਕ ਪਰਿਪੇਖ**' ਵਿਚ ਹੋਰਨਾਂ (ਸਾਮੀ ਅਤੇ ਭਾਰਤੀ) ਧਰਮਾਂ ਦੇ ਧਾਰਮਿਕ ਅਸਥਾਨਾਂ ਦੀ ਜਾਣਕਾਰੀ ਦੇਣ ਉਪਰੰਤ ਸਿੱਖ ਧਾਰਮਿਕ ਅਸਥਾਨ ਦੇ ਸਿਧਾਂਤਕ ਪਰਿਪੇਖ ਦਾ ਵਰਣਨ ਕਰਦਿਆ ਇਹ ਤੱਥ ਉਜਾਗਰ ਹੁੰਦੇ ਹਨ ਕਿ ਸਿੱਖ ਧਾਰਮਿਕ ਅਸਥਾਨ ਹੋਰਨਾਂ ਧਰਮਾਂ ਦੇ ਅਸਥਾਨਾਂ ਨਾਲੋਂ ਵਿਲੱਖਣ ਕਿਵੇਂ ਹੈ? ਵਿਲੱਖਣਤਾ ਦਾ ਸਭ ਤੋਂ ਪਹਿਲਾ ਤੱਥ ਇਹ ਹੈ ਕਿ ਇਹ ਸਰਬ ਸਾਂਝਾ ਅਸਥਾਨ ਹੁੰਦਾ ਹੈ, ਜਿੱਥੇ ਕੋਈ ਵੀ (ਕਿਸੇ ਵੀ ਧਰਮ, ਜਾਤ ਆਦਿ ਦਾ) ਮਨੁੱਖ ਆ ਕੇ ਆਪਣੀ ਭਜਨ, ਭੋਜਨ ਅਤੇ ਗਿਆਨ ਦੀ ਲੋੜ-ਪੂਰਤੀ ਕਰ ਸਕਦਾ ਹੈ। ਸਿੱਖ ਧਾਰਮਿਕ ਅਸਥਾਨ ਬਾਕੀ ਧਰਮਾਂ ਦੇ ਅਸਥਾਨਾਂ ਨਾਲੋਂ ਬਣਤਰ, ਮਰਿਆਦਾ, ਵਿਵਹਾਰ ਅਤੇ ਮਨੁੱਖਤਾ ਨੂੰ ਸਹੂਲਤਾਂ ਦੀ ਪੂਰਤੀ ਲਈ ਵੀ ਵਿਲੱਖਣਤਾ ਰੱਖਦਾ ਹੈ। ਗੁਰਦੁਆਰੇ ਵਿਚ *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਦਾ ਪ੍ਰਕਾਸ਼ ਕਰਕੇ ਉਤੇ ਚੰਦੋਆ ਤਾਣਿਆ ਜਾਂਦਾ ਹੈ, ਚੌਰ (ਚਵਰ) ਝੁਲਾਇਆ ਜਾਂਦਾ ਹੈ ਅਤੇ ਹੋਰ ਨਿਸ਼ਾਨੀਆਂ ਨਿਸ਼ਾਨ ਸਾਹਿਬ, ਨਗਾਰਾ ਆਦਿ ਵੀ ਇਸਨੂੰ ਵਿਲੱਖਣ ਦਿੱਖ ਪ੍ਰਦਾਨ ਕਰਦੇ ਹਨ। ਸਿੱਖ ਧਾਰਮਿਕ ਅਸਥਾਨ ਦੀ ਪਰਿਭਾਸ਼ਾ ਹੀ ਇਸਨੂੰ ਬਾਕੀ ਧਰਮਾਂ ਦੇ ਧਾਰਮਿਕ ਅਸਥਾਨਾਂ ਤੋਂ ਵਿਲੱਖਣਤਾ ਪ੍ਰਦਾਨ ਕਰਦੀ ਹੈ। ਸਿੱਖ ਧਾਰਮਿਕ ਅਸਥਾਨ, ਸਿੱਖਾਂ ਨੂੰ ਦੁੱਖ-ਸੁੱਖ ਨੂੰ ਸਮ ਕਰਕੇ ਜਾਣਨ ਅਤੇ ਸਦਾ ਅਨੰਦ ਵਿਚ ਰਹਿਣ ਦਾ ਉਪਦੇਸ਼ ਵੀ ਕਰਦੇ ਹਨ। ਇਸੇ ਲਈ ਹਰ ਸਿੱਖ ਜਨਮ ਤੋਂ ਲੈ ਕੇ ਮੌਤ ਤੱਕ ਆਪਣੀਆਂ ਸਾਰੀਆਂ ਰਸਮਾਂ ਨੂੰ *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*

ਦੀ ਹਜ਼ੂਰੀ ਵਿਚ ਹੀ ਨਿਭਾਉਂਦਾ ਹੈ। ਸਿੱਖ ਧਾਰਮਿਕ ਅਸਥਾਨ ਸਿੱਖਾਂ ਨੂੰ ਨਿਤਨੇਮ, ਕੀਰਤਨ, ਕਥਾ, ਅਰਦਾਸ ਕਰਨਾ ਆਦਿ ਦ੍ਰਿੜ ਕਰਵਾਉਣ ਦੇ ਨਾਲ ਹੀ ਆਪਣੇ ਗੁਰੂ ਸਾਹਿਬਾਨ ਦੇ ਗੁਰਪੁਰਬ ਅਤੇ ਹੋਰ ਸਿੱਖ ਤਿਉਹਾਰ ਸੰਗਤੀ ਰੂਪ ਵਿਚ ਮਨਾਉਣ ਦੀ ਜਾਚ ਵੀ ਦ੍ਰਿੜਾਉਂਦਾ ਹੈ।

ਆਰੰਭ ਤੋਂ ਲੈ ਕੇ ਅਜੋਕੇ ਸਮੇਂ ਤੱਕ ਗੁਰਦੁਆਰਾ ਹਰ ਸਿੱਖ ਦੇ ਜੀਵਨ ਦੀਆਂ ਜਨਮ ਤੋਂ ਲੈ ਕੇ ਮੌਤ ਤੱਕ ਦੀਆਂ ਸਾਰੀਆਂ ਰਸਮਾਂ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਹਰ ਸਿੱਖ ਗੁਰਦੁਆਰੇ ਨਾਲ ਵਿਅਕਤੀਗਤ ਅਤੇ ਸਮੂਹਿਕ ਤਰੀਕੇ ਨਾਲ ਜੁੜਿਆ ਹੁੰਦਾ ਹੈ ਅਤੇ ਉਥੇ ਜਾ ਕੇ ਆਪਣੀ ਸੰਸਾਰਕ ਯਾਤਰਾ ਦੀ ਮੁਕੰਮਲਤਾ ਅਤੇ ਅਕਾਲ ਪੁਰਖ ਵਿਚ ਅਭੇਦਤਾ ਲਈ ਅਰਦਾਸ ਕਰਦਾ ਹੈ। ਗੁਰਦੁਆਰੇ ਦਾ ਵਿਵਹਾਰਕ ਪੱਖ ਹਰ ਸਿੱਖ ਨੂੰ ਗੁਰਮਤਿ ਮਰਿਆਦਾ ਦਾ ਧਾਰਨੀ ਹੋਣ ਦੀ ਤਾਕੀਦ ਕਰਦਾ ਹੈ।

ਦੂਜੇ ਅਧਿਆਇ '**ਸਿੱਖ ਧਾਰਮਿਕ ਅਸਥਾਨ : ਇਤਿਹਾਸਕ ਪਿਛੋਕੜ**' ਵਿਚ ਸਿੱਖ ਧਾਰਮਿਕ ਅਸਥਾਨ ਦੇ ਇਤਿਹਾਸਕ ਪਿਛੋਕੜ ਦਾ ਵਰਣਨ ਕੀਤਾ ਗਿਆ ਹੈ। ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਸਿੱਖ ਧਰਮ ਦੇ ਪ੍ਰਚਾਰ ਲਈ ਯਾਤਰਾਵਾਂ ਕੀਤੀਆਂ ਗਈਆਂ, ਜਿਨ੍ਹਾਂ ਨੂੰ ਉਦਾਸੀਆਂ ਵਜੋਂ ਜਾਣਿਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਪ੍ਰਚਾਰ ਯਾਤਰਾਵਾਂ ਦੌਰਾਨ ਜਿੱਥੇ ਵੀ ਗਏ, ਸੰਗਤ ਨੂੰ ਨਾਮ ਜਪਣ, ਕਿਰਤ ਕਰਨ ਅਤੇ ਵੰਡ ਛਕਣ ਦਾ ਉਪਦੇਸ ਦਿੱਤਾ, ਨਾਲ ਹੀ ਧਰਮਸਾਲ ਸਥਾਪਿਤ ਕਰਨ ਦਾ ਆਦੇਸ਼ ਵੀ ਦਿਤਾ। ਇਸ ਤਰ੍ਹਾਂ ਸਿੱਖ ਧਾਰਮਿਕ ਅਸਥਾਨ ਦਾ ਮੁਢਲਾ ਰੂਪ ਧਰਮਸਾਲ ਸੀ, ਜਿਸਦੀ ਆਰੰਭਤਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਸਾਰੀ ਜੀਵਾਂ ਦੇ ਕਲਿਆਣ ਲਈ ਕੀਤੀ। ਗੁਰੂ ਨਾਨਕ ਦੇਵ ਜੀ ਦੇ ਉਤਰਾਧਿਕਾਰੀ ਗੁਰੂ ਸਾਹਿਬਾਨ ਦੇ ਸਮੇਂ ਵੀ ਨਵੇਂ ਸਿੱਖ ਧਾਰਮਿਕ ਅਸਥਾਨ ਹੋਂਦ ਵਿਚ ਆਉਣ ਲੱਗੇ। ਗੁਰੂ ਸਾਹਿਬਾਨ ਦੇ ਸਮੇਂ ਇਸ ਸੰਸਥਾ ਨਾਲ ਹੋਰ ਸਿੱਖ ਸੰਸਥਾਵਾਂ ਵੀ ਜੁੜਦੀਆਂ ਗਈਆਂ ; ਜਿਵੇਂ ਗੁਰੂ ਅੰਗਦ ਦੇਵ ਜੀ ਦੇ ਸਮੇਂ ਲੰਗਰ, ਗੁਰਮੁਖੀ ਸਿੱਖਿਆ, ਗੁਰੂ ਅਮਰਦਾਸ ਜੀ ਦੇ ਸਮੇਂ ਮੰਜੀ ਸੰਸਥਾ, ਗੁਰੂ ਰਾਮਦਾਸ ਜੀ ਦੇ ਸਮੇਂ ਮਸੰਦ ਸੰਸਥਾ ਅਤੇ ਰਾਮਦਾਸਪੁਰ ਸ਼ਹਿਰ ਵਸਾਉਣ ਉਪਰੰਤ ਅੰਮ੍ਰਿਤਸਰ ਸਰੋਵਰ ਦੀ ਖੁਦਾਈ ਅਤੇ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਿਮੰਦਿਰ ਸਾਹਿਬ ਦੀ ਉਸਾਰੀ ਕਰਵਾਈ, *ਸ੍ਰੀ ਆਦਿ ਗ੍ਰੰਥ ਸਾਹਿਬ ਜੀ* ਦਾ ਸੰਪਾਦਨ ਕਰਕੇ, ਪਹਿਲਾ ਪ੍ਰਕਾਸ਼ ਸ੍ਰੀ ਹਰਿਮੰਦਿਰ ਸਾਹਿਬ, ਅੰਮ੍ਰਿਤਸਰ ਵਿਖੇ ਕਰਵਾਇਆ। ਇਸ

ਤਰ੍ਹਾਂ ਪੰਜ ਗੁਰੂ ਸਾਹਿਬਾਨ ਦੇ ਸਮੇਂ ਤੱਕ ਸਿੱਖ ਧਾਰਮਿਕ ਅਸਥਾਨ ਨੂੰ ਧਰਮਸਾਲ ਹੀ ਕਿਹਾ ਜਾਂਦਾ ਰਿਹਾ। ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਇਸ ਨੂੰ ਗੁਰਦੁਆਰਾ ਆਖਿਆ ਜਾਣ ਲੱਗਾ। ਇਸ ਸਮੇਂ ਸਿੱਖ ਧਾਰਮਿਕ ਅਸਥਾਨ ਵਿਚ ਪੀਰੀ ਦੇ ਨਾਲ-ਨਾਲ ਮੀਰੀ ਦਾ ਸੰਕਲਪ ਵੀ ਸਦਾ ਲਈ ਜੁੜ ਗਿਆ ਅਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਤਖ਼ਤ ਦੀ ਸਥਾਪਨਾ ਕਰਕੇ ਇਸਨੂੰ ਵਿਵਹਾਰਕ ਰੂਪ ਦੇ ਦਿੱਤਾ। ਸੱਤਵੇਂ ਗੁਰੂ ਹਰਿਰਾਇ ਸਾਹਿਬ ਦੇ ਸਮੇਂ ਇਸ ਨਾਲ ਬਿਮਾਰਾਂ ਦੇ ਰੋਗ ਦੂਰ ਕਰਨ ਲਈ ਸ਼ਫ਼ਾਖਾਨਾ ਵੀ ਜੁੜ ਗਿਆ। ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਨੇ ਨਵਾਂ ਨਗਰ 'ਚੱਕ ਨਾਨਕੀ' ਵਸਾਇਆ ਅਤੇ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਇਥੇ ਹੀ ਸਿੱਖਾਂ ਨੂੰ ਖੰਡੇ ਦੀ ਪਾਹੁਲ ਦੀ ਬਖ਼ਸ਼ਿਸ਼ ਕਰਕੇ ਉਨ੍ਹਾਂ ਨੂੰ ਖ਼ਾਲਸਾ ਬਣਾਇਆ ਅਤੇ ਵੱਖਰੀ ਪਹਿਚਾਣ ਬਖ਼ਸ਼ ਦਿੱਤੀ।

ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਨਾਲ ਬਾਬਾ ਬੰਦਾ ਸਿੰਘ ਬਹਾਦਰ ਨਾਂਦੇੜ ਤੋਂ ਪੰਜਾਬ ਆਏ ਅਤੇ ਮੁਗਲ ਸਾਮਰਾਜ ਦੀਆਂ ਨੀਹਾਂ ਪੁੱਟ ਦਿੱਤੀਆਂ। ਉਹ ਇਸ ਸਮੇਂ ਦੌਰਾਨ ਗੁਰਧਾਮਾਂ ਦੀ ਸਾਂਭ-ਸੰਭਾਲ ਵੱਲ ਜਿਆਦਾ ਧਿਆਨ ਨਹੀਂ ਦੇ ਸਕੇ। ਉਨ੍ਹਾਂ ਤੋਂ ਬਾਅਦ ਪੰਜਾਬ ਉਤੇ ਸਿੱਖ ਮਿਸਲਾਂ ਦਾ ਅਧਿਕਾਰ ਹੋ ਗਿਆ। ਮਿਸਲਦਾਰਾਂ ਨੇ ਗੁਰਧਾਮਾਂ ਦੀ ਉਸਾਰੀ ਲਈ ਯਤਨ ਕਰਨੇ ਆਰੰਭ ਕਰ ਦਿੱਤੇ। ਉਨ੍ਹਾਂ ਨੇ ਆਪਣੇ ਕਾਲ ਦੌਰਾਨ ਅਨੇਕਾਂ ਗੁਰਦੁਆਰਿਆਂ ਦੀ ਉਸਾਰੀ ਕਰਵਾਈ ਅਤੇ ਸਾਂਭ-ਸੰਭਾਲ ਕੀਤੀ। ਮਹਾਰਾਜਾ ਰਣਜੀਤ ਸਿੰਘ ਸਿੱਖ ਮਿਸਲਾਂ ਉਤੇ ਜਿੱਤ ਪ੍ਰਾਪਤ ਕਰਕੇ ਪੰਜਾਬ ਦਾ ਮਹਾਰਾਜਾ ਬਣਿਆ। ਉਸਨੇ ਅਨੇਕਾਂ ਗੁਰਧਾਮਾਂ ਦੀ ਉਸਾਰੀ ਕਰਵਾਈ ਅਤੇ ਉਨ੍ਹਾਂ ਦੇ ਨਾਂ ਜਾਗੀਰਾਂ ਲਗਵਾਈਆਂ। ਉਪਰੰਤ ਸਿੱਖ ਰਿਆਸਤਾਂ ਨੇ ਗੁਰਧਾਮਾਂ ਦੀ ਉਸਾਰੀ ਕਰਵਾਉਣ ਵੱਲ ਵਿਸ਼ੇਸ਼ ਧਿਆਨ ਦਿੱਤਾ। ਅਠਾਰਵੀਂ ਸਦੀ ਦਾ ਸਮਾਂ ਸਿੱਖਾਂ ਲਈ ਬਹੁਤ ਮੁਸ਼ਕਿਲ ਭਰਿਆ ਸੀ, ਜਿਸ ਕਾਰਨ ਉਨ੍ਹਾਂ ਨੂੰ ਆਪਣੇ ਗੁਰਧਾਮਾਂ ਦੀ ਸੇਵਾ-ਸੰਭਾਲ ਕਰਨਾ ਸੰਭਵ ਨਾ ਰਿਹਾ। ਇਸ ਸਮੇਂ ਦੌਰਾਨ ਉਦਾਸੀ ਮਹੰਤਾਂ ਨੇ ਗੁਰਦੁਆਰਿਆਂ ਦੀ ਸੇਵਾ-ਸੰਭਾਲ ਕਰਨੀ ਆਰੰਭ ਕਰ ਦਿੱਤੀ। ਗੁਰਧਾਮਾਂ ਦੀਆਂ ਵੱਡੀਆਂ ਜਾਗੀਰਾਂ ਦੇ ਲਾਲਚ ਵਿਚ ਕੁਝ ਮਹੰਤਾਂ ਨੇ ਉਨ੍ਹਾਂ ਨੂੰ ਆਪਣੀ ਨਿੱਜੀ ਜਾਗੀਰ ਸਮਝਣਾ ਆਰੰਭ ਕਰ ਦਿੱਤਾ ਅਤੇ ਮਰਿਆਦਾ ਤੋਂ ਉਲਟ ਕੰਮ ਕਰਨੇ ਆਰੰਭ ਕਰ ਦਿੱਤੇ। ਜਿਸ ਕਾਰਨ ਸਿੱਖਾਂ ਨੂੰ ਆਪਣੇ ਧਾਰਮਿਕ ਅਸਥਾਨਾਂ ਦਾ ਪ੍ਰਬੰਧ ਆਪਣੇ ਹੱਥਾਂ ਵਿਚ ਲੈਣ ਲਈ ਬਹੁਤ ਸੰਘਰਸ਼

ਕਰਨਾ ਪਿਆ। ਅੰਤ ਸ਼੍ਰੋਮਣੀ ਗੁਰ ਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿੱਚ ਆਈ ਅਤੇ ਉਸ ਨੇ ਬਹੁਤ ਸਾਰੇ ਗੁਰਦੁਆਰਿਆਂ ਦਾ ਪ੍ਰਬੰਧ ਆਪਣੇ ਅਧਿਕਾਰ ਵਿਚ ਲੈ ਲਿਆ। ਹੁਣ ਇਸ ਕਮੇਟੀ ਦੁਆਰਾ ਅਨੇਕਾਂ ਗੁਰਦੁਆਰਿਆਂ ਦਾ ਪ੍ਰਬੰਧ ਸੁਚੱਜੇ ਢੰਗ ਨਾਲ ਸਿੱਖ ਮਰਿਆਦਾ ਅਨੁਸਾਰ ਕੀਤਾ ਜਾਂਦਾ ਹੈ।

ਤੀਜੇ ਅਧਿਆਇ '**ਪੁਆਧ ਖੇਤਰ ਦੇ ਸਿੱਖ ਧਾਰਮਿਕ ਅਸਥਾਨ: ਸਰਵੇਖਣ**' ਵਿਚ ਪੁਆਧ ਖੇਤਰ ਦੇ ਸਿੱਖ ਧਾਰਮਿਕ ਅਸਥਾਨਾਂ ਦਾ ਸਰਵੇਖਣ ਕੀਤਾ ਗਿਆ ਹੈ। ਇਸ ਅਧਿਆਇ ਵਿਚ ਇਹ ਸਾਹਮਣੇ ਆਇਆ ਹੈ ਕਿ ਪੁਆਧ ਖੇਤਰ ਵਿਚ ਸਿੱਖੀ ਦਾ ਬੂਟਾ ਗੁਰੂ ਨਾਨਕ ਦੇਵ ਜੀ ਦੀ ਆਮਦ ਨਾਲ ਲਗਿਆ ਸੀ ਅਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਕੀਰਤਪੁਰ ਆ ਕੇ ਵਸ ਜਾਣ ਨਾਲ ਇਹ ਵਿਸ਼ਾਲ ਹੋ ਗਿਆ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਸ ਖੇਤਰ ਵਿਚ ਸਿੱਖੀ ਦੇ ਪ੍ਰਚਾਰ ਲਈ ਜਿੱਥੇ ਵੀ ਗਏ, ਉਥੇ ਹੁਣ ਸੁੰਦਰ ਗੁਰਦੁਆਰੇ ਬਣੇ ਹੋਏ ਹਨ, ਇਨ੍ਹਾਂ ਵਿਚ ਕੀਰਤਪੁਰ ਸਾਹਿਬ ਵਿਚਲੇ ਗੁਰਦੁਆਰਿਆਂ ਤੋਂ ਇਲਾਵਾ, ਗੁਰਦੁਆਰਾ ਸੁਹੇਲਾ ਘੋੜਾ ਸਾਹਿਬ, ਗੁਰਦੁਆਰਾ ਭਵਿੱਖਤਸਰ ਸਾਹਿਬ, ਗੁਰਦੁਆਰਾ ਮਿੱਠਾਸਰ ਸਾਹਿਬ ਆਦਿ। ਗੁਰੂ ਤੇਗ ਬਹਾਦਰ ਜੀ ਨੇ ਇਸ ਖੇਤਰ ਵਿਚ ਨਵਾਂ ਨਗਰ ਵਸਾ ਕੇ ਇਕ ਸੱਭਿਆਚਾਰਕ ਕ੍ਰਾਂਤੀ ਕੀਤੀ। ਪੁਆਧ ਖੇਤਰ ਵਿਚ ਗੁਰੂ ਗੋਬਿੰਦ ਸਿੰਘ ਜੀ ਨਾਲ ਸਬੰਧਿਤ ਅਨੇਕਾਂ ਹੀ ਗੁਰਦੁਆਰੇ ਸੁਸ਼ੋਭਿਤ ਹਨ, ਜਿਨ੍ਹਾਂ ਵਿਚੋਂ ਜਿਆਦਾਤਰ ਦਾ ਇਤਿਹਾਸ ਗੁਰੂ ਜੀ ਦੁਆਰਾ ਕੀਤੀਆਂ ਜੰਗਾਂ-ਯੁੱਧਾਂ ਨਾਲ ਜੁੜਦਾ ਹੈ। ਇਨ੍ਹਾਂ ਗੁਰਦੁਆਰਿਆਂ ਤੋਂ ਇਹ ਗਿਆਤ ਹੁੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਸਾਰਾ ਹੀ ਜੀਵਨ ਸੰਘਰਸ਼ਮਈ ਰਿਹਾ ਹੈ। ਇਨ੍ਹਾਂ ਅਸਥਾਨਾਂ ਤੋਂ ਲੋਕਾਈ ਨੂੰ ਇਹ ਸੰਦੇਸ਼ ਵੀ ਮਿਲਿਆ ਹੈ ਕਿ ਜੇਕਰ ਜੀਵਨ ਸ਼ਾਤਮਈ ਜਿਉਣਾ ਹੈ ਤਾਂ ਸਸ਼ਤਰਧਾਰੀ ਹੋਣਾ ਹੀ ਪਵੇਗਾ ਤਾਂ ਜੋ ਜ਼ੁਲਮ ਦੇ ਵਿਰੁੱਧ ਦਲੇਰੀ ਨਾਲ ਜੂਝ ਕੇ ਮੁਕਾਬਲਾ ਕੀਤਾ ਜਾ ਸਕੇ।

ਚੌਥੇ ਅਧਿਆਇ '**ਪੁਆਧ ਖੇਤਰ ਦੇ ਸਿੱਖ ਧਾਰਮਿਕ ਅਸਥਾਨਾਂ ਦਾ ਯੋਗਦਾਨ ਅਤੇ ਵਰਤਮਾਨ ਪ੍ਰਸੰਗਿਕਤਾ**' ਵਿਚ ਪੁਆਧ ਖੇਤਰ ਦੇ ਖੋਜ ਕਾਰਜ ਦੇ ਦਾਇਰੇ ਵਾਲੇ ਜ਼ਿਲ੍ਹਿਆਂ ਦੇ ਸਿੱਖ ਧਾਰਮਿਕ ਅਸਥਾਨਾਂ ਦਾ ਯੋਗਦਾਨ ਅਤੇ ਵਰਤਮਾਨ ਸਮੇਂ ਵਿਚ ਪ੍ਰਸੰਗਿਕਤਾ ਦਾ ਵਰਣਨ ਕੀਤਾ ਗਿਆ ਹੈ। ਇਨ੍ਹਾਂ ਅਸਥਾਨਾਂ ਦੁਆਰਾ ਦਿੱਤੇ ਯੋਗਦਾਨ ਨੂੰ ਚਾਰ ਹਿੱਸਿਆਂ (ਧਾਰਮਿਕ, ਸਮਾਜਿਕ, ਵਿਦਿਅਕ ਅਤੇ ਵਿਰਾਸਤੀ)

ਵਿਚ ਵੰਡ ਕੇ ਅਧਿਐਨ ਕਾਰਜ ਕੀਤਾ ਗਿਆ ਹੈ। ਸਿੱਖ ਧਾਰਮਿਕ ਅਸਥਾਨਾਂ ਦਾ ਧਰਮ ਪ੍ਰਚਾਰ-ਪਾਸਾਰ ਵਿਚ ਬਹੁਤ ਵੱਡਾ ਯੋਗਦਾਨ ਰਿਹਾ ਹੈ। ਇਸਦੇ ਨਾਲ ਹੀ ਸਮਾਜਿਕ ਖੇਤਰ ਵਿਚ ਵੀ ਇਨ੍ਹਾਂ ਅਸਥਾਨਾਂ ਦੀ ਬਹੁਤ ਦੇਣ ਹੈ। ਵਿਦਿਅਕ ਖੇਤਰ ਵਿਚ ਵੀ ਇਨ੍ਹਾਂ ਅਸਥਾਨਾਂ ਦੀ ਮਨੁੱਖਤਾ ਨੂੰ ਬਹੁਤ ਦੇਣ ਰਹੀ ਹੈ। ਇਸ ਖੇਤਰ ਵਿਚ ਅਨੇਕਾਂ ਸਕੂਲ, ਕਾਲਜ, ਮਿਸ਼ਨਰੀ ਕਾਲਜ, ਗੁਰਮਤਿ ਸੰਗੀਤ ਵਿਦਿਆਲੇ ਅਜਿਹੇ ਹਨ ਜਿਹੜੇ ਇਥੋਂ ਦੇ ਇਤਿਹਾਸ ਨਾਲ ਸਬੰਧਿਤ ਸ਼ਖ਼ਸ਼ੀਅਤਾਂ ਦੇ ਨਾਂ ਉਤੇ ਬਣੇ ਹੋਏ ਹਨ। ਇਹ ਵਿਦਿਅਕ ਅਦਾਰੇ ਹੁਣ ਤੱਕ ਅਨੇਕਾਂ ਹੀ ਸਿਖਿਆਰਥੀਆਂ ਨੂੰ ਅਕਾਦਮਿਕ ਵਿੱਦਿਆ ਦੇਣ ਦੇ ਨਾਲ ਧਰਮ ਦੀ ਵਿੱਦਿਆ ਦਾ ਗਿਆਨ ਵੀ ਵੰਡਦੇ ਰਹੇ ਹਨ। ਇਸ ਖੇਤਰ ਦੇ ਸਿੱਖ ਧਾਰਮਿਕ ਅਸਥਾਨਾਂ ਦਾ ਵਿਰਾਸਤੀ ਖੇਤਰ ਵਿਚ ਵੀ ਅਹਿਮ ਯੋਗਦਾਨ ਰਿਹਾ ਹੈ। ਇਨ੍ਹਾਂ ਗੁਰਦੁਆਰਿਆਂ ਵਿਚ ਗੁਰੂ ਸਾਹਿਬਾਨ, ਗੁਰੂ ਸਪੁੱਤਰਾਂ, ਸਪੁੱਤਰੀਆਂ, ਗੁਰੂ ਮਹਿਲਾਂ, ਗੁਰਸਿੱਖਾਂ ਆਦਿ ਨਾਲ ਸਬੰਧਿਤ ਅਨੇਕਾਂ ਇਤਿਹਾਸਕ ਨਿਸ਼ਾਨੀਆਂ ਸੰਭਾਲ ਕੇ ਰੱਖੀਆਂ ਹੋਈਆਂ ਹਨ। ਇਨ੍ਹਾਂ ਨਿਸ਼ਾਨੀਆਂ ਵਿਚ ਸਸ਼ਤਰ, ਬਸਤਰ, ਬਰਤਨ ਆਦਿ ਤੋਂ ਇਲਾਵਾ ਹੋਰ ਵੀ ਅਨੇਕਾਂ ਵਸਤਾਂ ਹਨ। ਵਰਤਮਾਨ ਸਮੇਂ ਵਿਚ ਇਹ ਧਾਰਮਿਕ ਅਸਥਾਨ ਉਥੋਂ ਦੇ ਇਤਿਹਾਸ ਨਾਲ ਸਬੰਧਿਤ ਸ਼ੰਦੇਸ਼ ਦਾ ਪ੍ਰਚਾਰ ਅੱਜ ਵੀ ਸਿੱਖ ਸੰਗਤਾਂ ਵਿਚ ਕਰ ਰਹੇ ਹਨ। ਅਜੋਕੇ ਸਮੇਂ ਵਿਚ ਇਹ ਇਤਿਹਾਸਕ ਘਟਨਾਵਾਂ ਦੀ ਜਾਣਕਾਰੀ ਅਤੇ ਸੰਦੇਸ਼ ਆਮ ਲੋਕਾਂ ਅਤੇ ਨੌਜਵਾਨ ਪੀੜੀ ਤੱਕ ਪਹੁੰਚਾਉਣ ਦੇ ਮੰਤਵ ਨਾਲ ਸਰਕਾਰਾਂ ਅਤੇ ਹੋਰ ਸੰਸਥਾਵਾਂ ਨੇ ਵਿਰਾਸਤੀ ਯਾਦਗਾਰਾਂ ਵੀ ਕਾਇਮ ਕੀਤੀਆਂ ਹਨ, ਜਿਨ੍ਹਾਂ ਵਿਚ 'ਵਿਰਾਸਤ-ਏ-ਖ਼ਾਲਸਾ, ਅਨੰਦਪੁਰ ਸਾਹਿਬ', 'ਫ਼ਤਹਿ ਬੁਰਜ, ਚੱਪੜ ਚਿੜੀ', 'ਥੀਮ ਪਾਰਕ, ਚਮਕੌਰ ਸਾਹਿਬ' ਆਦਿ ਹਨ।

## ਸਥਾਪਨਾਵਾਂ

- ਵਿਸ਼ਵ ਧਰਮਾਂ (ਸਾਮੀ ਅਤੇ ਭਾਰਤੀ) ਦੇ ਧਾਰਮਿਕ ਅਸਥਾਨਾਂ ਦਾ ਅਧਿਐਨ ਕਰਦਿਆਂ, ਇਹ ਤਥ ਸਾਹਮਣੇ ਆਏ ਹਨ ਕਿ ਹਰ ਧਰਮ ਵਿਚ ਧਾਰਮਿਕ ਅਸਥਾਨ ਦਾ ਮਹੱਤਵਪੂਰਨ ਥਾਂ ਹੈ। ਭਾਵ ਕਿ ਧਾਰਮਿਕ ਅਸਥਾਨ ਧਰਮ ਦੇ ਜਰੂਰੀ ਅੰਗਾਂ (ਧਰਮ ਬਾਨੀ, ਧਰਮ ਗ੍ਰੰਥ ਆਦਿ) ਵਿਚ ਸ਼ਾਮਿਲ ਹੈ।

- ਸਿੱਖ ਧਾਰਮਿਕ ਅਸਥਾਨ ਦੇ ਇਤਿਹਾਸਕ ਪਿਛੋਕੜ ਨੂੰ ਸਿੱਖ ਸਰੋਤਾਂ ਦੇ ਸੰਦਰਭ ਵਿਚ ਵਿਚਾਰਦਿਆਂ, ਇਸਦਾ ਇਤਿਹਾਸਕ ਵਿਕਾਸ ਪੜਾਅਵਾਰ ਸਾਹਮਣੇ ਆਇਆ ਹੈ, ਜਿਵੇਂ ਕਿ ਗੁਰੂ ਸਾਹਿਬਾਨ ਦੇ ਸਮੇਂ, ਸਿੱਖ ਮਿਸਲਾਂ ਦੇ ਸਮੇਂ, ਸਿੱਖ ਰਾਜ ਦੇ ਸਮੇਂ ਅਤੇ ਸਿੱਖ ਰਾਜ ਤੋਂ ਬਾਅਦ ਮੌਜੂਦਾ ਸਮੇਂ ਤੱਕ।
- ਖੋਜ ਪ੍ਰਬੰਧ ਨੂੰ ਉਸਾਰਨ ਹਿਤ ਮੂਲ ਸਰੋਤਾਂ ਤੋਂ ਇਲਾਵਾ ਸਥਾਨਕ ਸ਼ਰਧਾਲੂਆਂ ਦੀਆਂ ਮਾਨਤਾਵਾਂ ਅਤੇ ਮੌਖਿਕ ਇਤਿਹਾਸ ਨੂੰ ਵੀ ਹਿੱਸਾ ਬਣਾਇਆ ਗਿਆ ਹੈ। ਮੌਖਿਕ ਇਤਿਹਾਸ ਵਿਚੋਂ ਅਜਿਹੀ ਸਮੱਗਰੀ ਪ੍ਰਾਪਤ ਹੋਈ ਹੈ ਜੋ ਪਹਿਲਾਂ ਕਦੇ ਕਿਸੇ ਵੀ ਮੁਢਲੇ ਜਾਂ ਗੌਣ ਸਰੋਤ ਦਾ ਹਿੱਸਾ ਨਹੀਂ ਬਣ ਸਕੀ। ਉਦਾਹਰਨ ਵਜੋਂ ਗੁਰਦੁਆਰਾ ਮੰਜੀ ਸਾਹਿਬ, ਬੂਰਮਾਜਰਾ (ਜ਼ਿਲ੍ਹਾ ਰੂਪਨਗਰ), ਬ੍ਰਾਹਮਣਮਾਜਰਾ, ਗੁਰਦੁਆਰਾ ਛੰਨ ਕੁੰਮਾ ਮਾਸ਼ਕੀ ਜੀ, ਪਿੰਡ ਚੱਕ ਢੇਰਾ ਅਤੇ ਗੁਰਦੁਆਰਾ ਗੁਰੂ ਕੇ ਮਹਿਲ (ਜ਼ਿਲ੍ਹਾ ਰੂਪਨਗਰ) ਆਦਿ ਦਾ ਇਤਿਹਾਸ।
- ਇਸ ਖੋਜ ਪ੍ਰਬੰਧ ਵਿਚ ਸਿੱਖ ਧਾਰਮਿਕ ਅਸਥਾਨਾਂ ਨੂੰ ਪਰਿਭਾਸ਼ਿਤ ਕਰਦੇ ਹੋਏ, ਗੁਰਦੁਆਰਿਆਂ ਦੇ ਵਿਭਿੰਨ ਪ੍ਰਕਾਰਾਂ (ਗੁਰੂ ਸਾਹਿਬਾਨ ਦੇ ਜਨਮ ਨਾਲ ਸਬੰਧਿਤ ਅਸਥਾਨ, ਗੁਰਿਆਈ ਨਾਲ ਅਤੇ ਜੋਤੀ-ਜੋਤਿ ਸਮਾਉਣ ਨਾਲ ਸਬੰਧਿਤ ਅਸਥਾਨ ਆਦਿ) ਨੂੰ ਸੂਚੀਬਧ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਅਜਿਹੀ ਪ੍ਰਕਾਰ ਵੰਡ ਅਕਾਦਮਿਕ ਕਾਰਜਾਂ ਵਿਚ ਪ੍ਰਾਪਤ ਨਹੀਂ ਹੁੰਦੀ।
- ਇਹ ਤੱਥ ਵੀ ਪ੍ਰਗਟ ਹੋਏ ਹਨ ਕਿ ਸਿੱਖ ਧਾਰਮਿਕ ਅਸਥਾਨ ਹਰ ਸਿੱਖ ਦੇ ਜੀਵਨ (ਜਨਮ ਤੋਂ ਮੌਤ ਤੱਕ) ਵਿਚ ਇਕ ਕੇਂਦਰ ਬਿੰਦੂ ਵਜੋਂ ਉਭਰ ਕੇ ਸਾਹਮਣੇ ਆਉਂਦਾ ਹੈ। ਜਿਸ ਤਹਿਤ ਸਿੱਖ ਸੰਸਕਾਰ ਨਾਮਕਰਨ, ਅੰਮ੍ਰਿਤ ਪਾਨ, ਅਨੰਦ-ਕਾਰਜ ਅਤੇ ਮ੍ਰਿਤਕ ਸੰਸਕਾਰ (ਅਲਾਹੁਣੀਆਂ ਦਾ ਪਾਠ ਤੇ ਅੰਤਿਮ ਅਰਦਾਸ) ਸਾਰੇ ਸਿੱਖਾਂ ਵੱਲੋਂ ਗੁਰਦੁਆਰੇ ਵਿਚ ਵੀ ਨਿਭਾਉਣ ਦੇ ਤੱਥ ਸਾਹਮਣੇ ਆਏ ਹਨ।
- ਪੁਆਧ ਖੇਤਰ ਦੇ ਸਿੱਖ ਧਾਰਮਿਕ ਅਸਥਾਨਾਂ ਦਾ ਯੋਗਦਾਨ ਅਤੇ ਵਰਤਮਾਨ ਪ੍ਰਸੰਗਿਕਤਾ ਦਾ ਵਰਣਨ ਕਰਦਿਆਂ ਇਹ ਤਥ ਸਾਹਮਣੇ ਆਏ ਹਨ ਕਿ ਇਹਨਾਂ ਅਸਥਾਨਾਂ ਦਾ ਧਾਰਮਿਕ ਖੇਤਰ ਤੋਂ

ਇਲਾਵਾ ਸਮਾਜਿਕ, ਵਿੱਦਿਅਕ ਅਤੇ ਵਿਰਾਸਤੀ ਖੇਤਰ ਵਿਚ ਵਡਮੁੱਲਾ ਯੋਗਦਾਨ ਦੇਖਣ ਨੂੰ ਮਿਲਦਾ ਹੈ।

ਉਪਰੋਕਤ ਦੇ ਸੰਦਰਭ ਵਿਚ ਆਖ ਸਕਦੇ ਹਾਂ ਕਿ ਹਰ ਇਕ ਖੋਜ ਕਾਰਜ ਸੀਮਾਵਾਂ ਵਿਚ ਬੱਝਾ ਹੁੰਦਾ ਹੈ। ਸੀਮਾ ਨਿਰਧਾਰਿਤ ਕਰਨਾ ਖੋਜ ਕਾਰਜ ਦੀ ਮੁਢਲੀ ਜਰੂਰਤ ਵੀ ਹੈ। ਇਹਨਾਂ ਸੀਮਾਵਾਂ ਵਿਚ ਰਹਿ ਕੇ ਕਾਰਜ ਕਰਦਿਆਂ ਕਈ ਸੰਭਾਵਨਾਵਾਂ ਵੀ ਹੁੰਦੀਆਂ ਹਨ। ਕੋਈ ਵੀ ਖੋਜ ਪ੍ਰਬੰਧ ਖੋਜ ਦੇ ਖੇਤਰ ਵਿਚ ਪਹਿਲਾਂ ਕਦਮ ਪੁੱਟਣ ਵਾਂਗ ਹੁੰਦਾ ਹੈ। ਇਸ ਲਈ ਇਹ ਖੋਜ ਪ੍ਰਬੰਧ ਅਗਲੇਰੀ ਖੋਜ ਲਈ ਸੰਭਾਵਨਾਵਾਂ ਪੈਦਾ ਕਰਦਾ ਹੈ ਤੇ ਖੋਜਾਰਥੀ ਇਸ ਤੋਂ ਆਪਣੀ ਖੋਜ ਨੂੰ ਅੱਗੇ ਲਿਜਾ ਸਕਣ ਦੇ ਯੋਗ ਹੋਣਗੇ। ਹਥਲੇ ਖੋਜ ਪ੍ਰਬੰਧ ਵਿਚ ਖੇਤਰੀ ਸੀਮਾ (ਪੁਆਧ ਖੇਤਰ ਦੇ ਜ਼ਿਲ੍ਹੇ ਰੂਪਨਗਰ ਅਤੇ ਐਸ. ਏ. ਐਸ. ਨਗਰ ਤੱਕ) ਨਿਰਧਾਰਿਤ ਕਰਕੇ ਅਧਿਐਨ ਕੀਤਾ ਗਿਆ ਹੈ। ਹੋਰ ਖੋਜਾਰਥੀ ਇਸ ਖੇਤਰ ਦੇ ਇਹਨਾਂ ਜ਼ਿਲ੍ਹਿਆਂ ਤੋਂ ਇਲਾਵਾ ਹੋਰਨਾਂ ਜ਼ਿਲ੍ਹਿਆਂ ਅਤੇ ਪੰਜਾਬ ਦੇ ਹੋਰ ਖੇਤਰਾਂ (ਮਾਝਾ, ਮਾਲਵਾ ਤੇ ਦੁਆਬਾ) ਦੇ ਧਾਰਮਿਕ ਅਸਥਾਨਾਂ ਦਾ ਅਧਿਐਨ ਕਰਨ ਲਈ ਇਸ ਖੋਜ ਪ੍ਰਬੰਧ ਤੋਂ ਸੇਧ ਲੈ ਸਕਦੇ ਹਨ। ਹਥਲੇ ਖੋਜ ਪ੍ਰਬੰਧ ਦੀ ਇਹ ਸਾਰਥਿਕਤਾ ਰਹੀ ਹੈ ਕਿ ਇਸ ਵਿਚ ਧਰਮ ਅਸਥਾਨ ਦੇ ਮੁਕੰਮਲ ਪਰਿਪੇਖ ਨੂੰ ਸਮਝਣ ਦਾ ਮੁਢਲਾ ਯਤਨ ਕੀਤਾ ਗਿਆ ਹੈ।

## Abstract

Religious places are very important in the world's religions. The follower of each religion performs a number of religious functions in association with his place of worship. In order to understand the theoretical perspective and historical background of the Sikh shrine for this research work, Sri Guru Granth Sahib, Varan Bhai Gurdas and other Sikh sources have been employed as the object of study. The study has made it clear that the place of worship of Sikhism is unique among the places of worship of world religions as it provides spirtual cum religious and social guidance to all mankind along with langar, dormitory, hospitals, libraries services etc.

The research work in question states that the shrines of Sikhism began to come into physical existence with the Guru Nanak. During the period of Guru Nanak Dev Ji's successor, the Sikh shrine was further expanded. Until the time of the first five Gurus, the Sikh shrine was called 'Dharamsal' or sangat. Although it has been called a Gurudwara since the time of Sixth Guru, Hargobind Sahib, but various word forms of Gurudwara are also found in the Bani of Guru Nanak. It was during the period of the Sixth Guru that the active political participation also became associated with it as symbolically represented by the construction of Akal Takhat Sahib.

The construction of Sikh shrines also started from the time of Guru Nanak Dev Ji, wherever he visited. He asked his followers to build the Dharamsal to get together as sangat. We found citations regarding the construction of gurudwaras by Sixth Guru Hargobind Sahib Ji and Tenth Guru Guru Gobind Singh Ji at some of the places where previous sikh gurus visited. Later, the Sikh 'Misals' built a number of gurudwaras. Mahraja Ranjit Singh made a major contribution to the construction of gurudwaras and established large jagirs for running langar and for further development. Later, the kings of the Sikh states also built a number of gurudwaras associated with the Gurus. Apart from this, wherever Sikhs went and settled, they built gurdwaras for the purpose of their religious, social and political concerns.

Today, Sikh shrines can be classified into different types, such as places of birth, marriage, guruship, death of Guru Sahibs, as well as places associated with Guru's sons, Guru's wives, Gursikhs, etc. .

Every Sikh is individually associated with gurudwara from birth to death. Apart from this, a Sikh also associates with the Gurudwara collectively, according to which he participates in the daily routine, Katha, Kirtan, Ardas etc. as Sangat and celebrates Gurpurabs and other Sikh festivals.

The area of this research venture has been limited to the survey of Sikh places of worship in two districts of the Puadh region (Rupnagar and Mohali). Apart from obtaining material from historical sources on Sikh places of worship in these two districts of the Puadh region, material has also been collected by visiting the gurudwaras in personal by the researcher. Details of the present condition of gurudwaras, objects, signs, etc., have also been recorded during the survey. Traditional historical material has also been obtained through contact with religious personalities and indivisuals in the mode of oral history.

With available sources research work has been successful in highlighting the contribution and current relevance of Sikh shrines in the Puadh region. The Sikh shrines in the region have made invaluable contributions in religious, social and educational history of Sikhs.

**Keywords :** Religious Places, Guru, Gurdwara, Puadh, Relevance.

# ਅਬਸਟ੍ਰੈਕਟ


ਵਿਸ਼ਵ ਦੇ ਧਰਮਾਂ ਵਿਚ 'ਧਾਰਮਿਕ ਅਸਥਾਨ' ਦਾ ਬਹੁਤ ਮਹੱਤਵ ਹੈ। ਹਰੇਕ ਧਰਮ ਦਾ ਅਨੁਯਾਈ ਆਪਣੇ ਧਾਰਮਿਕ ਅਸਥਾਨ ਨਾਲ ਜੁੜ ਕੇ ਅਨੇਕਾਂ ਧਾਰਮਿਕ ਕਾਰਜ ਨਿਭਾਉਂਦਾ ਹੈ। ਹਥਲੇ ਖੋਜ ਕਾਰਜ ਵਿਚ ਸਿੱਖ ਧਾਰਮਿਕ ਅਸਥਾਨ ਦੇ ਸਿਧਾਂਤਕ ਪਰਿਪੇਖ ਅਤੇ ਇਤਿਹਾਸਕ ਪਿਛੋਕੜ ਨੂੰ ਸਮਝਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ, ਵਾਰਾਂ ਭਾਈ ਗੁਰਦਾਸ ਤੋਂ ਇਲਾਵਾ ਇਤਿਹਾਸਕ ਸਿੱਖ ਸਰੋਤਾਂ ਨੂੰ ਅਧਿਐਨ ਵਸਤੂ ਬਣਾਇਆ ਹੈ। ਅਧਿਐਨ ਕਰਦਿਆਂ ਇਹ ਸਪੱਸ਼ਟ ਹੋਇਆ ਹੈ ਕਿ ਸਿੱਖ ਧਰਮ ਦਾ ਧਾਰਮਿਕ ਅਸਥਾਨ, ਵਿਸ਼ਵ ਧਰਮਾਂ ਦੇ ਧਾਰਮਿਕ ਅਸਥਾਨਾਂ ਤੋਂ ਵਿਲੱਖਣਤਾ ਰੱਖਦਾ ਹੈ ਕਿਉਂਕਿ ਇਹ ਸਾਰੀ ਮਨੁੱਖਤਾ ਦਿ ਧਾਰਮਿਕ ਅਤੇ ਅਧਿਆਤਮਕ ਅਗਵਾਈ ਦੇ ਨਾਲ ਹੀ ਲੰਗਰ, ਸਰਾਵਾਂ, ਸ਼ਫ਼ਾਖਾਨਾ, ਲਾਇਬ੍ਰੇਰੀਆਂ ਆਦਿ ਵੀ ਮੁਹੱਈਆ ਕਰਵਾਉਂਦੇ ਹਨ।

ਵਿਚਾਰਾਧੀਨ ਖੋਜ ਕਾਰਜ ਵਿਚ ਵਰਣਿਤ ਹੈ ਕਿ ਸਿੱਖ ਧਰਮ ਦੇ ਧਾਰਮਿਕ ਅਸਥਾਨ, ਗੁਰੂ ਨਾਨਕ ਦੇਵ ਜੀ ਦੁਆਰਾ ਕੀਤੀਆਂ ਉਦਾਸੀਆਂ ਨਾਲ ਹੀ ਹੋਂਦ ਵਿਚ ਆਉਣੇ ਆਰੰਭ ਹੋਏ। ਗੁਰੂ ਨਾਨਕ ਦੇਵ ਜੀ ਦੇ ਉਤਰਾਧਿਕਾਰੀ ਗੁਰੂ ਸਾਹਿਬਾਨ ਦੇ ਸਮੇਂ ਸਿੱਖ ਧਾਰਮਿਕ ਅਸਥਾਨ ਵਿਚ ਹੋਰ ਵਿਸਥਾਰ ਹੁੰਦਾ ਰਿਹਾ ਹੈ। ਪਹਿਲੇ ਪੰਜ ਗੁਰੂ ਸਾਹਿਬਾਨ ਦੇ ਸਮੇਂ ਤੱਕ ਸਿੱਖ ਧਾਰਮਿਕ ਅਸਥਾਨ ਨੂੰ 'ਧਰਮਸਾਲ' ਆਖਿਆ ਜਾਂਦਾ ਰਿਹਾ ਹੈ। ਭਾਵੇਂ ਕਿ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਤੋਂ ਹੀ ਇਸਨੂੰ 'ਗੁਰਦੁਆਰਾ' ਆਖਿਆ ਜਾਣ ਲੱਗਾ ਪਰ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਵੀ 'ਗੁਰਦੁਆਰਾ' ਦੇ ਵਿਭਿੰਨ ਸ਼ਬਦ-ਰੂਪ ਪ੍ਰਾਪਤ ਹੁੰਦੇ ਹਨ। ਛੇਵੇਂ ਪਾਤਸ਼ਾਹ ਦੇ ਸਮੇਂ ਹੀ ਇਸਦੇ ਨਾਲ ਰਾਜਨੀਤਕ ਪੱਖ ਵੀ 'ਅਕਾਲ ਤਖ਼ਤ ਸਾਹਿਬ' ਦੇ ਰੂਪ ਵਿਚ ਜੁੜ ਗਿਆ।

ਸਿੱਖ ਧਾਰਮਿਕ ਅਸਥਾਨਾਂ ਦੀ ਉਸਾਰੀ ਵੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਆਰੰਭ ਹੋ ਗਈ ਸੀ, ਗੁਰੂ ਜੀ ਉਦਾਸੀਆਂ ਦੌਰਾਨ ਜਿੱਥੇ ਵੀ ਜਾਂਦੇ, ਉਥੇ ਹੀ ਸੰਗਤ ਨੂੰ ਧਰਮਸਾਲ ਬਣਾਉਣ ਦਾ ਉਪਦੇਸ਼ ਕਰਦੇ। ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਆਪਣੇ ਤੋਂ ਪਹਿਲੇ ਗੁਰੂ ਸਾਹਿਬਾਨ ਦੇ ਚਰਨ ਛੋਹ ਪ੍ਰਾਪਤ ਕੁਝ ਅਸਥਾਨਾਂ ਉਤੇ ਗੁਰਦੁਆਰੇ ਉਸਾਰਨ ਦਾ ਜਿਕਰ ਮਿਲਦਾ ਹੈ। ਬਾਅਦ ਵਿਚ ਸਿੱਖ ਮਿਸਲਾਂ ਨੇ ਅਨੇਕਾਂ ਗੁਰਦੁਆਰਿਆਂ ਦੀ ਉਸਾਰੀ ਕਰਵਾਈ। ਮਹਾਰਾਜਾ ਰਣਜੀਤ ਸਿੰਘ ਨੇ ਗੁਰਦੁਆਰਿਆਂ ਦੀ ਉਸਾਰੀ ਵਿਚ ਵੱਡਾ ਯੋਗਦਾਨ ਪਾਇਆ ਅਤੇ ਉਨ੍ਹਾਂ ਦੇ ਨਾਂ ਉਤੇ ਲੰਗਰ ਚਲਾਉਣ ਅਤੇ ਹੋਰ

ਵਿਕਾਸ ਕਰਨ ਲਈ ਵੱਡੀਆਂ-ਵੱਡੀਆਂ ਜਾਗੀਰਾਂ ਵੀ ਲਗਵਾਈਆਂ। ਇਸ ਉਪਰੰਤ ਸਿੱਖ ਰਿਆਸਤਾਂ ਦੇ ਰਾਜਿਆਂ ਨੇ ਵੀ ਗੁਰੂ ਸਾਹਿਬਾਨ ਨਾਲ ਸਬੰਧਿਤ ਅਨੇਕਾਂ ਗੁਰਦੁਆਰਿਆਂ ਦੀ ਉਸਾਰੀ ਕਰਵਾਈ। ਇਸ ਤੋਂ ਇਲਾਵਾ ਜਿੱਥੇ ਵੀ ਸਿੱਖ ਜਾ ਕੇ ਵਸੇ ਉਥੇ ਹੀ ਉਹਨਾਂ ਨੇ ਸਤਿਸੰਗਤ ਕਰਨ ਦੇ ਮਕਸਦ ਨਾਲ ਗੁਰਦੁਆਰੇ ਉਸਾਰ ਲਏ।

ਅਜੋਕੇ ਸਮੇਂ ਵਿਚ ਸਿੱਖ ਧਾਰਮਿਕ ਅਸਥਾਨ ਨੂੰ ਵੱਖ-ਵੱਖ ਕਿਸਮਾਂ ਵਿਚ ਵਰਗੀਕ੍ਰਿਤ ਕਰਕੇ ਵੀ ਵੇਖ ਸਕਦੇ ਹਾਂ, ਜਿਵੇਂ ਕਿ ਗੁਰੂ ਸਾਹਿਬਾਨ ਦੇ ਜਨਮ, ਵਿਆਹ, ਗੁਰਿਆਈ, ਜੋਤੀ-ਜੋਤਿ ਸਮਾਉਣ ਦੇ ਅਸਥਾਨਾਂ ਤੋਂ ਇਲਾਵਾ ਗੁਰੂ-ਸਪੁੱਤਰਾਂ, ਗੁਰੂ ਮਹਿਲਾਂ, ਗੁਰਸਿੱਖਾਂ ਆਦਿ ਨਾਲ ਸਬੰਧਿਤ ਅਸਥਾਨ।

ਹਰ ਸਿੱਖ ਦਾ ਵਿਅਕਤੀਗਤ ਤੌਰ ਉਤੇ ਗੁਰਦੁਆਰੇ ਨਾਲ ਜਨਮ ਤੋਂ ਮੌਤ ਤੱਕ ਸਬੰਧ ਜੁੜਿਆ ਹੁੰਦਾ ਹੈ। ਇਸ ਤੋਂ ਇਲਾਵਾ ਸਿੱਖ ਦੀ ਗੁਰਦੁਆਰੇ ਨਾਲ ਸਾਂਝ ਸਮੂਹਿਕ ਰੂਪ ਵਿਚ ਵੀ ਹੁੰਦੀ ਹੈ, ਜਿਸ ਅਨੁਸਾਰ ਉਹ ਸੰਗਤੀ ਰੂਪ ਵਿਚ ਨਿਤਨੇਮ, ਕਥਾ, ਕੀਰਤਨ, ਅਰਦਾਸ ਆਦਿ ਵਿਚ ਸ਼ਾਮਿਲ ਹੁੰਦਾ ਅਤੇ ਗੁਰਪੁਰਬ ਤੇ ਹੋਰ ਸਿੱਖ ਤਿਉਹਾਰ ਮਨਾਉਂਦਾ ਹੈ।

ਇਸ ਖੋਜ ਪ੍ਰਬੰਧ ਦਾ ਘੇਰਾ ਪੁਆਧ ਖੇਤਰ ਦੇ ਦੋ ਜ਼ਿਲ੍ਹਿਆਂ (ਰੂਪਨਗਰ ਅਤੇ ਮੁਹਾਲੀ) ਦੇ ਸਿੱਖ ਧਾਰਮਿਕ ਅਸਥਾਨਾਂ ਦੇ ਸਰਵੇਖਣ ਤੱਕ ਸੀਮਿਤ ਕੀਤਾ ਗਿਆ ਹੈ। ਪੁਆਧ ਖੇਤਰ ਦੇ ਇਨ੍ਹਾਂ ਦੋ ਜ਼ਿਲ੍ਹਿਆਂ ਦੇ ਸਿੱਖ ਧਾਰਮਿਕ ਅਸਥਾਨਾਂ ਸਬੰਧੀ ਇਤਿਹਾਸਕ ਸ੍ਰੋਤਾਂ ਵਿਚੋਂ ਸਮੱਗਰੀ ਪ੍ਰਾਪਤ ਕਰਨ ਤੋਂ ਇਲਾਵਾ ਗੁਰਦੁਆਰਿਆਂ ਦਾ ਸਰਵੇਖਣ ਕਰਕੇ ਸਮੱਗਰੀ ਇਕੱਤਰ ਕੀਤੀ ਗਈ ਹੈ। ਸਰਵੇਖਣ ਦੌਰਾਨ ਸਿੱਖ ਧਾਰਮਿਕ ਅਸਥਾਨਾਂ ਦੀ ਮੌਜੂਦਾ ਸਥਿਤੀ, ਉਥੇ ਮੌਜੂਦ ਵਸਤਾਂ, ਨਿਸ਼ਾਨੀਆਂ ਆਦਿ ਦਾ ਵੇਰਵਾ ਵੀ ਦਰਜ ਕੀਤਾ ਗਿਆ ਹੈ। ਇਲਾਕੇ ਵਿਚ ਮੌਜੂਦ ਧਾਰਮਿਕ ਸਖ਼ਸ਼ੀਅਤਾਂ ਅਤੇ ਬਜੁਰਗ ਵਿਅਕਤੀਆਂ ਨਾਲ ਰਾਬਤਾ ਕਰਕੇ ਵੀ ਰਵਾਇਤੀ ਇਤਿਹਾਸਕ ਸਮੱਗਰੀ ਪ੍ਰਾਪਤ ਕੀਤੀ ਗਈ ਹੈ।

ਹਥਲਾ ਖੋਜ ਕਾਰਜ ਪੁਆਧ ਖੇਤਰ ਦੇ ਸਿੱਖ ਧਾਰਮਿਕ ਅਸਥਾਨਾਂ ਦੇ ਯੋਗਦਾਨ ਅਤੇ ਵਰਤਮਾਨ ਪ੍ਰਸੰਗਿਕਤਾ ਨੂੰ ਦਰਸਾਉਣ ਵਿਚ ਸਫਲ ਰਿਹਾ ਹੈ। ਇਸ ਖੇਤਰ ਦੇ ਸਿੱਖ ਧਾਰਮਿਕ ਅਸਥਾਨਾਂ ਦਾ ਧਾਰਮਿਕ ਤੋਂ ਇਲਾਵਾ ਸਮਾਜਿਕ, ਵਿਦਿਅਕ ਅਤੇ ਵਿਰਾਸਤੀ ਖੇਤਰਾਂ ਵਿਚ ਵਡਮੁੱਲਾ ਯੋਗਦਾਨ ਹੈ।

**Keywords : ਧਾਰਮਿਕ ਅਸਥਾਨ, ਗੁਰੂ, ਗੁਰਦੁਆਰਾ, ਪੁਆਧ, ਪ੍ਰਸੰਗਿਕਤਾ।**

<u>ਅੰਤਿਕਾ - I</u>

ਪੁਆਧ ਖੇਤਰ ਦੇ ਦੋ ਜ਼ਿਲ੍ਹਿਆਂ (ਜ਼ਿਲ੍ਹਾ ਰੂਪਨਗਰ ਅਤੇ ਐਸ. ਏ. ਐਸ. ਨਗਰ) ਦੇ ਗੁਰਦੁਆਰਾ ਸਾਹਿਬਾਨ ਦੀਆਂ ਇਹ ਤਸਵੀਰਾਂ ਸਰਵੇਖਣ ਦੌਰਾਨ ਲਈਆਂ ਗਈਆਂ ਸਨ। ਇਨ੍ਹਾਂ ਵਿਚੋਂ ਕੁਝ ਗੁਰਦੁਅਰਿਆਂ ਦੀਆਂ ਤਸਵੀਰਾਂ ਦੀ ਨਿਮਨ ਸੂਚੀ ਜਿਸ ਤਰਤੀਬ ਵਿਚ ਦਿੱਤੀ ਗਈ ਹੈ, ਉਸੇ ਹੀ ਤਰਤੀਬ ਵਿਚ ਤਸਵੀਰਾਂ ਲਗਾਈਆਂ ਗਈਆਂ ਹਨ। ਇਨ੍ਹਾਂ ਗੁਰਦੁਆਰਾ ਸਾਹਿਬਾਨ ਦੀ ਵਿਸਥਾਰਿਤ ਜਾਣਕਾਰੀ ਤੀਜੇ ਅਧਿਆਇ ਵਿਚ ਅੰਕਿਤ ਕੀਤੀ ਗਈ ਹੈ :

## ਅਨੰਦਪੁਰ ਸਾਹਿਬ ਅਤੇ ਨਜ਼ਦੀਕ ਦੇ ਗੁਰਦੁਆਰੇ

1. ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਅਨੰਦਪੁਰ ਸਾਹਿਬ.
2. ਗੁਰਦੁਆਰਾ ਭਵਿੱਖਤਸਰ ਸਾਹਿਬ, ਅਨੰਦਪੁਰ ਸਾਹਿਬ.
3. ਗੁਰਦੁਆਰਾ ਸ਼ਹੀਦੀ ਬਾਗ ਸਾਹਿਬ, ਅਨੰਦਪੁਰ ਸਾਹਿਬ (ਪ੍ਰਬੰਧ ਅਧੀਨ ਤਰਨਾ ਦਲ).
4. ਗੁਰਦੁਆਰਾ ਅਗੰਮਗੜ੍ਹ ਸਾਹਿਬ, ਅਗੰਮਪੁਰ (ਅਨੰਦਪੁਰ ਸਾਹਿਬ)
5. ਗੁਰਦੁਆਰਾ ਸੀਸਗੰਜ ਸਾਹਿਬ, ਅਨੰਦਪੁਰ ਸਾਹਿਬ.
6. ਗੁਰਦੁਆਰਾ ਅਕਾਲ ਬੁੰਗਾ ਸਾਹਿਬ, ਅਨੰਦਪੁਰ ਸਾਹਿਬ.
7. ਗੁਰਦੁਆਰਾ ਗੁਰੂ ਕੇ ਮਹਿਲ, ਅਨੰਦਪੁਰ ਸਾਹਿਬ.
8. ਗੁਰਦੁਆਰਾ ਥੜਾ ਸਾਹਿਬ, ਅਨੰਦਪੁਰ ਸਾਹਿਬ.
9. ਜਨਮ ਅਸਥਾਨ ਸਾਹਿਬਜ਼ਾਦੇ (ਬਾਬਾ ਜੁਝਾਰ ਸਿੰਘ, ਬਾਬਾ ਜੋਰਵਾਰ ਸਿੰਘ ਅਤੇ ਬਾਬਾ ਫ਼ਤਹਿ ਸਿੰਘ), ਅਨੰਦਪੁਰ ਸਾਹਿਬ.
10. ਗੁਰਦੁਆਰਾ ਦਮਦਮਾ ਸਾਹਿਬ (ਗੁਰਿਆਈ ਅਸਥਾਨ ਪਾਤਸ਼ਾਹੀ ਦਸਵੀਂ), ਅਨੰਦਪੁਰ ਸਾਹਿਬ.
11. ਗੁਰਦੁਆਰਾ ਦੁਮਾਲਗੜ੍ਹ ਸਾਹਿਬ, ਅਨੰਦਪੁਰ ਸਾਹਿਬ.
12. ਗੁਰਦੁਆਰਾ ਭਾਈ ਘਨੱਈਆ ਜੀ, ਪਿੰਡ, ਮੋਹੀਵਾਲ, ਅਨੰਦਪੁਰ ਸਾਹਿਬ.
13. ਕਿਲ੍ਹਾ ਹੋਲਗੜ੍ਹ ਸਾਹਿਬ, ਅਨੰਦਪੁਰ ਸਾਹਿਬ.

14. ਕਿਲ੍ਹਾ ਅਨੰਦਗੜ੍ਹ ਸਾਹਿਬ, ਅਨੰਦਪੁਰ ਸਾਹਿਬ.

15. ਗੁਰਦੁਆਰਾ ਕਿਲ੍ਹਾ ਅਨੰਦਗੜ੍ਹ ਸਾਹਿਬ, ਅਨੰਦਪੁਰ ਸਾਹਿਬ.

16. ਗੁਰਦੁਆਰਾ ਕਿਲ੍ਹਾ ਫ਼ਤਿਹਗੜ੍ਹ ਸਾਹਿਬ, ਅਨੰਦਪੁਰ ਸਾਹਿਬ.

17. ਕਿਲ੍ਹਾ ਲੋਹਗੜ੍ਹ ਸਾਹਿਬ ਦਾ ਬਾਹਰੀ ਦ੍ਰਿਸ਼, ਅਨੰਦਪੁਰ ਸਾਹਿਬ

18. ਗੁਰਦੁਆਰਾ ਕਿਲ੍ਹਾ ਲੋਹਗੜ੍ਹ ਸਾਹਿਬ, ਅਨੰਦਪੁਰ ਸਾਹਿਬ.

19. ਬਾਹਰੀ ਦ੍ਰਿਸ਼ ਕਿਲ੍ਹਾ ਤਾਰਾਗੜ੍ਹ ਸਾਹਿਬ, ਪਿੰਡ ਤਾਰਾਪੁਰ, ਅਨੰਦਪੁਰ ਸਾਹਿਬ.

20. ਗੁਰਦੁਆਰਾ ਕਿਲ੍ਹਾ ਤਾਰਾਗੜ੍ਹ ਸਾਹਿਬ, ਪਿੰਡ ਤਾਰਾਪੁਰ, ਅਨੰਦਪੁਰ ਸਾਹਿਬ

21. ਗੁਰਦੁਆਰਾ ਸੁਹੇਲਾ ਘੋੜਾ ਸਾਹਿਬ (ਗੰਗੂਵਾਲ)

22. ਗੁਰਦੁਆਰਾ ਬਰੋਟਾ ਸਾਹਿਬ, ਪਿੰਡ ਭਗਵਾਲਾ

23. ਗੁਰਦੁਆਰਾ ਮਿੱਠਾਸਰ ਸਾਹਿਬ, ਬੱਢਣ ਉਪਰਲਾ

## ਕੀਰਤਪੁਰ ਸਾਹਿਬ ਅਤੇ ਨਜ਼ਦੀਕ ਦੇ ਗੁਰਦੁਆਰੇ

24. ਗੁਰਦੁਆਰਾ ਬਾਬਾ ਗੁਰਦਿੱਤਾ ਜੀ, ਕੀਰਤਪੁਰ ਸਾਹਿਬ

25. ਗੁਰਦੁਆਰਾ ਪਤਾਲਪੁਰੀ ਸਾਹਿਬ, ਕੀਰਤਪੁਰ ਸਾਹਿਬ

26. ਗੁਰਦੁਆਰਾ ਬਿਬਾਨਗੜ੍ਹ ਸਾਹਿਬ, ਕੀਰਤਪੁਰ ਸਾਹਿਬ

27. ਗੁਰਦੁਆਰਾ ਮੰਜੀ ਸਾਹਿਬ, ਕੀਰਤਪੁਰ ਸਾਹਿਬ

28. ਗੁਰਦੁਆਰਾ ਸੀਸ ਮਹੱਲ ਸਾਹਿਬ ਅਤੇ ਦਮਦਮਾ ਸਾਹਿਬ (ਪਾਲਕੀ ਰੂਪ), ਕੀਰਤਪੁਰ ਸਾਹਿਬ

29. ਗੁਰਦੁਆਰਾ ਤਖ਼ਤ ਮੀਰੀ ਪੀਰੀ ਸਾਹਿਬ, ਕੀਰਤਪੁਰ ਸਾਹਿਬ

30. ਗੁਰਦੁਆਰਾ ਚਰਨ ਕੰਵਲ ਸਾਹਿਬ, ਕੀਰਤਪੁਰ ਸਾਹਿਬ

31. ਗੁਰਦੁਆਰਾ ਤੀਰ ਸਾਹਿਬ, ਕੀਰਤਪੁਰ ਸਾਹਿਬ

32. ਗੁਰਦੁਆਰਾ ਤਪ ਅਸਥਾਨ ਬਾਬਾ ਸ੍ਰੀਚੰਦ ਜੀ, ਕੀਰਤਪੁਰ ਸਾਹਿਬ

## ਭਰਤਗੜ੍ਹ, ਘਨੌਲੀ ਅਤੇ ਨਜ਼ਦੀਕ ਦੇ ਗੁਰਦੁਆਰੇ

33. ਗੁਰਦੁਆਰਾ ਮੰਜੀ ਸਾਹਿਬ, ਭਰਤਗੜ੍ਹ

34. ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ, ਭਰਤਗੜ੍ਹ

35. ਗੁਰਦੁਆਰਾ ਕਿਲ੍ਹਾ ਘਨੌਲਾ ਸਾਹਿਬ (ਪਾਤਸ਼ਾਹੀ ਦਸਵੀਂ)

36. ਗੁਰਦੁਆਰਾ ਸ਼ਾਹੀ ਟਿੱਬੀ ਸਾਹਿਬ, ਝੱਖੀਆਂ

37. ਸ਼ਹੀਦੀ ਅਸਥਾਨ ਭਾਈ ਉਦੈ ਸਿੰਘ ਅਤੇ ਕਲਪ ਬ੍ਰਿਛ, ਅਟਾਰੀ

38. ਗੁਰਦੁਆਰਾ ਚੁਬੱਚਾ ਸਾਹਿਬ, ਫਤਹਿਪੁਰ ਬੂੰਗਾ (ਬਾਹਰੀ ਦ੍ਰਿਸ਼)

39. ਗੁਰਦੁਆਰਾ ਨਿਰਮੋਹਗੜ੍ਹ ਸਾਹਿਬ

40. ਗੁਰਦੁਆਰਾ ਪਰਿਵਾਰ ਵਿਛੋੜਾ ਸਾਹਿਬ, ਸਰਸਾ ਨੰਗਲ

41. ਗੁਰਦੁਆਰਾ ਬਾਣਗੜ੍ਹ ਸਾਹਿਬ, ਸਿੰਬਲ ਮਾਜਰਾ (ਜੈਤੇਵਾਲ)

42. ਗੁਰਦੁਆਰਾ ਛਿੜਾ ਸਾਹਿਬ, ਬਸਾਲੀ

43. ਗੁਰਦੁਆਰਾ ਸਾਹਿਬ, ਸਰਥਲੀ

## ਰੂਪਨਗਰ ਸ਼ਹਿਰ ਅਤੇ ਨਜ਼ਦੀਕ ਦੇ ਗੁਰਦੁਆਰੇ

44. ਗੁਰਦੁਆਰਾ ਸਾਹਿਬ, ਮਲਿਕਪੁਰ (ਰੰਘੜਾਂ)

45. ਗੁਰਦੁਆਰਾ ਗੁਰੂਗੜ੍ਹ ਸਾਹਿਬ, ਸਦਾਵਰਤ (ਰੂਪਨਗਰ)

46. ਗੁਰਦੁਆਰਾ ਭੱਠਾ ਸਾਹਿਬ (ਕੋਟਲਾ ਨਿਹੰਗ)

47. ਗੁਰਦੁਆਰਾ ਗੁਰੂਗੜ੍ਹ ਸਾਹਿਬ ਪਾਤਸ਼ਾਹੀ ਦਸਵੀਂ, ਬ੍ਰਾਹਮਣਮਾਜਰਾ

48. ਗੁਰਦੁਆਰਾ ਜੰਗਗੜ੍ਹ ਸਾਹਿਬ ਪਾਤਸ਼ਾਹੀ ਛੇਵੀਂ, ਬ੍ਰਾਹਮਣਮਾਜਰਾ

## ਚਮਕੌਰ ਸਾਹਿਬ ਅਤੇ ਨਜ਼ਦੀਕ ਦੇ ਗੁਰਦੁਆਰੇ

49. ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਦਸਵੀਂ, ਬੂਰਮਾਜਰਾ

50. ਗੁਰਦੁਆਰਾ ਬੋਹੜ ਸਾਹਿਬ ਪਾਤਸ਼ਾਹੀ ਨੌਵੀਂ, ਦੁੱਗਰੀ

51. ਗੁਰਦੁਆਰਾ ਟਿੱਬੀ ਸਾਹਿਬ, ਤਾਲਾਪੁਰ

52. ਗੁਰਦੁਆਰਾ ਦਮਦਮਾ ਸਾਹਿਬ, ਚਮਕੌਰ ਸਾਹਿਬ

53. ਗੁਰਦੁਆਰਾ ਗੜ੍ਹੀ ਸਾਹਿਬ, ਸ੍ਰੀ ਚਮਕੌਰ ਸਾਹਿਬ

54. ਗੁਰਦੁਆਰਾ ਕਤਲਗੜ੍ਹ ਸਾਹਿਬ, ਚਮਕੌਰ ਸਾਹਿਬ

55. ਗੁਰਦੁਆਰਾ ਤਾੜ੍ਹੀ ਸਾਹਿਬ, ਸ੍ਰੀ ਚਮਕੌਰ ਸਾਹਿਬ

56. ਗੁਰਦੁਆਰਾ ਜੰਡ ਸਾਹਿਬ, ਗੁਰੂ ਬੀੜ

## ਮੋਰਿੰਡਾ ਸ਼ਹਿਰ ਅਤੇ ਨਜ਼ਦੀਕ ਦੇ ਗੁਰਦੁਆਰੇ

57. ਗੁਰਦੁਆਰਾ ਐਮਾ ਸਾਹਿਬ, ਸਹੇੜੀ

58. ਗੁਰਦੁਆਰਾ ਅਕਾਲਗੜ੍ਹ ਸਾਹਿਬ ਪਾਤਸ਼ਾਹੀ ਨੌਵੀਂ, ਘੜੂੰਆਂ

59. ਗੁਰਦੁਆਰਾ ਸਾਹਿਬ, ਕਾਈਨੌਰ

## ਖਿਜ਼ਰਾਬਾਦ

60. ਗੁਰਦੁਆਰਾ ਦਮਦਮਾ ਸਾਹਿਬ (ਪਾ: ਦਸਵੀਂ), ਖਿਜ਼ਰਾਬਾਦ

# ਅੰਤਿਕਾ - II



ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਅਨੰਦਪੁਰ ਸਾਹਿਬ.



ਗੁਰਦੁਆਰਾ ਭਵਿੱਖਤਸਰ ਸਾਹਿਬ, ਅਨੰਦਪੁਰ ਸਾਹਿਬ.



ਗੁਰਦੁਆਰਾ ਸ਼ਹੀਦੀ ਬਾਗ ਸਾਹਿਬ, ਅਨੰਦਪੁਰ ਸਾਹਿਬ (ਪ੍ਰਬੰਧ ਅਧੀਨ ਤਰਨਾ ਦਲ).



ਗੁਰਦੁਆਰਾ ਅਗੰਮਗੜ੍ਹ ਸਾਹਿਬ, ਅਗੰਮਪੁਰ (ਅਨੰਦਪੁਰ ਸਾਹਿਬ)



ਗੁਰਦੁਆਰਾ ਸੀਸਗੰਜ ਸਾਹਿਬ, ਅਨੰਦਪੁਰ ਸਾਹਿਬ.



ਗੁਰਦੁਆਰਾ ਅਕਾਲ ਬੁੰਗਾ ਸਾਹਿਬ, ਅਨੰਦਪੁਰ ਸਾਹਿਬ.



ਗੁਰਦੁਆਰਾ ਗੁਰੂ ਕੇ ਮਹਿਲ, ਅਨੰਦਪੁਰ ਸਾਹਿਬ.



ਗੁਰਦੁਆਰਾ ਥੜਾ ਸਾਹਿਬ, ਅਨੰਦਪੁਰ ਸਾਹਿਬ.



ਜਨਮ ਅਸਥਾਨ ਸਾਹਿਬਜ਼ਾਦੇ (ਬਾਬਾ ਜੁਝਾਰ ਸਿੰਘ, ਬਾਬਾ ਜੋਰਵਾਰ ਸਿੰਘ ਅਤੇ ਬਾਬਾ ਫ਼ਤਹਿ ਸਿੰਘ),

ਅਨੰਦਪੁਰ ਸਾਹਿਬ.



ਗੁਰਦੁਆਰਾ ਦਮਦਮਾ ਸਾਹਿਬ (ਗੁਰਿਆਈ ਅਸਥਾਨ ਪਾਤਸ਼ਾਹੀ ਦਸਵੀਂ), ਅਨੰਦਪੁਰ ਸਾਹਿਬ.



ਗੁਰਦੁਆਰਾ ਦੁਮਾਲਗੜ੍ਹ ਸਾਹਿਬ, ਅਨੰਦਪੁਰ ਸਾਹਿਬ.



ਗੁਰਦੁਆਰਾ ਭਾਈ ਘਨੱਈਆ ਜੀ, ਪਿੰਡ, ਮੋਹੀਵਾਲ, ਅਨੰਦਪੁਰ ਸਾਹਿਬ.



ਕਿਲ੍ਹਾ ਹੋਲਗੜ੍ਹ ਸਾਹਿਬ, ਅਨੰਦਪੁਰ ਸਾਹਿਬ.



ਕਿਲ੍ਹਾ ਅਨੰਦਗੜ੍ਹ ਸਾਹਿਬ, ਅਨੰਦਪੁਰ ਸਾਹਿਬ.



ਗੁਰਦੁਆਰਾ ਕਿਲ੍ਹਾ ਅਨੰਦਗੜ੍ਹ ਸਾਹਿਬ, ਅਨੰਦਪੁਰ ਸਾਹਿਬ.



ਗੁਰਦੁਆਰਾ ਕਿਲ੍ਹਾ ਫ਼ਤਿਹਗੜ੍ਹ ਸਾਹਿਬ, ਅਨੰਦਪੁਰ ਸਾਹਿਬ.



ਕਿਲ੍ਹਾ ਲੋਹਗੜ੍ਹ ਸਾਹਿਬ ਦਾ ਬਾਹਰੀ ਦ੍ਰਿਸ਼, ਅਨੰਦਪੁਰ ਸਾਹਿਬ



ਗੁਰਦੁਆਰਾ ਕਿਲ੍ਹਾ ਲੋਹਗੜ੍ਹ ਸਾਹਿਬ, ਅਨੰਦਪੁਰ ਸਾਹਿਬ.



ਬਾਹਰੀ ਦ੍ਰਿਸ਼ ਕਿਲ੍ਹਾ ਤਾਰਾਗੜ੍ਹ, ਪਿੰਡ ਤਾਰਾਪੁਰ, ਅਨੰਦਪੁਰ ਸਾਹਿਬ.



ਗੁਰਦੁਆਰਾ ਕਿਲ੍ਹਾ ਤਾਰਾਗੜ੍ਹ ਸਾਹਿਬ, ਪਿੰਡ ਤਾਰਾਪੁਰ, ਅਨੰਦਪੁਰ ਸਾਹਿਬ.



ਗੁਰਦੁਆਰਾ ਸੁਹੇਲਾ ਘੋੜਾ ਸਾਹਿਬ (ਗੰਗੂਵਾਲ)



ਗੁਰਦੁਆਰਾ ਬਰੋਟਾ ਸਾਹਿਬ, ਪਿੰਡ ਭਗਵਾਲਾ



ਗੁਰਦੁਆਰਾ ਮਿੱਠਾਸਰ ਸਾਹਿਬ, ਬੱਢਣ ਉਪਰਲਾ




ਗੁਰਦੁਆਰਾ ਬਾਬਾ ਗੁਰਦਿੱਤਾ ਜੀ, ਕੀਰਤਪੁਰ ਸਾਹਿਬ



ਗੁਰਦੁਆਰਾ ਪਤਾਲਪੁਰੀ ਸਾਹਿਬ, ਕੀਰਤਪੁਰ ਸਾਹਿਬ



ਗੁਰਦੁਆਰਾ ਬਿਬਾਨਗੜ੍ਹ ਸਾਹਿਬ, ਕੀਰਤਪੁਰ ਸਾਹਿਬ



ਗੁਰਦੁਆਰਾ ਮੰਜੀ ਸਾਹਿਬ, ਕੀਰਤਪੁਰ ਸਾਹਿਬ



ਗੁਰਦੁਆਰਾ ਸੀਸ ਮਹੱਲ ਸਾਹਿਬ ਅਤੇ ਦਮਦਮਾ ਸਾਹਿਬ (ਪਾਲਕੀ ਰੂਪ), ਕੀਰਤਪੁਰ ਸਾਹਿਬ



ਗੁਰਦੁਆਰਾ ਤਖ਼ਤ ਮੀਰੀ ਪੀਰੀ ਸਾਹਿਬ, ਕੀਰਤਪੁਰ ਸਾਹਿਬ



ਗੁਰਦੁਆਰਾ ਚਰਨ ਕੰਵਲ ਸਾਹਿਬ, ਕੀਰਤਪੁਰ ਸਾਹਿਬ




ਗੁਰਦੁਆਰਾ ਤੀਰ ਸਾਹਿਬ, ਕੀਰਤਪੁਰ ਸਾਹਿਬ



ਗੁਰਦੁਆਰਾ ਤਪ ਅਸਥਾਨ ਬਾਬਾ ਸ੍ਰੀਚੰਦ ਜੀ, ਕੀਰਤਪੁਰ ਸਾਹਿਬ



ਗੁਰਦੁਆਰਾ ਮੰਜੀ ਸਾਹਿਬ, ਭਰਤਗੜ੍ਹ



ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ, ਭਰਤਗੜ੍ਹ



ਗੁਰਦੁਆਰਾ ਕਿਲ੍ਹਾ ਘਨੈਲਾ ਸਾਹਿਬ (ਪਾਤਸ਼ਾਹੀ ਦਸਵੀਂ)



ਗੁਰਦੁਆਰਾ ਸ਼ਾਹੀ ਟਿੱਬੀ ਸਾਹਿਬ, ਝੱਖੀਆਂ



ਸ਼ਹੀਦੀ ਅਸਥਾਨ ਭਾਈ ਉਦੈ ਸਿੰਘ ਅਤੇ ਕਲਪ ਬ੍ਰਿਛ, ਅਟਾਰੀ




ਗੁਰਦੁਆਰਾ ਚੁਬੱਚਾ ਸਾਹਿਬ, ਫਤਹਿਪੁਰ ਬੂੰਗਾ (ਬਾਹਰੀ ਦ੍ਰਿਸ਼)



ਗੁਰਦੁਆਰਾ ਨਿਰਮੋਹਗੜ੍ਹ ਸਾਹਿਬ



ਗੁਰਦੁਆਰਾ ਪਰਿਵਾਰ ਵਿਛੋੜਾ ਸਾਹਿਬ, ਸਰਸਾ ਨੰਗਲ



ਗੁਰਦੁਆਰਾ ਬਾਣਗੜ੍ਹ ਸਾਹਿਬ, ਸਿੰਬਲ ਮਾਜਰਾ (ਜੈਤੇਵਾਲ)



ਗੁਰਦੁਆਰਾ ਛਿੜਾ ਸਾਹਿਬ, ਬਸਾਲੀ



ਗੁਰਦੁਆਰਾ ਸਾਹਿਬ, ਸਰਥਲੀ




ਗੁਰਦੁਆਰਾ ਸਾਹਿਬ, ਮਲਿਕਪੁਰ (ਰੰਘੜਾਂ)



ਗੁਰਦੁਆਰਾ ਗੁਰੂਗੜ੍ਹ ਸਾਹਿਬ, ਸਦਾਵਰਤ (ਰੂਪਨਗਰ)



ਗੁਰਦੁਆਰਾ ਭੱਠਾ ਸਾਹਿਬ (ਕੋਟਲਾ ਨਿਹੰਗ)



ਗੁਰਦੁਆਰਾ ਗੁਰੂਗੜ੍ਹ ਸਾਹਿਬ ਪਾਤਸ਼ਾਹੀ ਦਸਵੀਂ, ਬ੍ਰਾਹਮਣਮਾਜਰਾ



ਗੁਰਦੁਆਰਾ ਜੰਗਗੜ੍ਹ ਸਾਹਿਬ ਪਾਤਸ਼ਾਹੀ ਛੇਵੀਂ, ਬ੍ਰਾਹਮਣਮਾਜਰਾ



ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਦਸਵੀਂ, ਬੂਰਮਾਜਰਾ



ਗੁਰਦੁਆਰਾ ਬੋਹੜ ਸਾਹਿਬ ਪਾਤਸ਼ਾਹੀ ਨੌਵੀਂ, ਦੁੱਗਰੀ (ਇਹ ਉਹ ਬੋਹੜ ਦਾ ਦਰੱਖਤ ਹੈ, ਜਿਸ ਥੱਲੇ ਗੁਰੂ ਤੇਗ ਬਹਾਦਰ ਜੀ ਬਿਰਾਜੇ ਸਨ)



ਗੁਰਦੁਆਰਾ ਟਿੱਬੀ ਸਾਹਿਬ, ਤਾਲਾਪੁਰ



ਗੁਰਦੁਆਰਾ ਦਮਦਮਾ ਸਾਹਿਬ, ਸ੍ਰੀ ਚਮਕੌਰ ਸਾਹਿਬ



ਗੁਰਦੁਆਰਾ ਗੜ੍ਹੀ ਸਾਹਿਬ, ਸ੍ਰੀ ਚਮਕੌਰ ਸਾਹਿਬ



ਗੁਰਦੁਆਰਾ ਕਤਲਗੜ੍ਹ ਸਾਹਿਬ, ਸ੍ਰੀ ਚਮਕੌਰ ਸਾਹਿਬ



ਗੁਰਦੁਆਰਾ ਤਾੜੀ ਸਾਹਿਬ, ਸ੍ਰੀ ਚਮਕੌਰ ਸਾਹਿਬ




ਗੁਰਦੁਆਰਾ ਜੰਡ ਸਾਹਿਬ, ਗੁਰੂ ਬੀੜ



ਗੁਰਦੁਆਰਾ ਐਮਾ ਸਾਹਿਬ, ਸਹੇੜੀ



ਗੁਰਦੁਆਰਾ ਅਕਾਲਗੜ੍ਹ ਸਾਹਿਬ ਪਾਤਸ਼ਾਹੀ ਨੌਵੀਂ, ਘੜੂੰਆਂ



ਗੁਰਦੁਆਰਾ ਸਾਹਿਬ, ਕਾਈਨੌਰ



ਗੁਰਦੁਆਰਾ ਦਮਦਮਾ ਸਾਹਿਬ (ਪਾ: ਦਸਵੀਂ), ਖਿਜ਼ਰਾਬਾਦ

# ਪ੍ਰਕਾਸ਼ਿਤ ਪਰਚੇ

- **ਡਾ. ਤਾਰਨ ਸਿੰਘ ਦੀ ਵਿਆਖਿਆਕਾਰੀ : ਇਕ ਵਿਸ਼ਲੇਸ਼ਣਾਤਮਕ ਅਧਿਐਨ (ਅਨੰਦ ਜੋਤਿ ਤੇ ਜੁਗਤਿ ਪੁਸਤਕ ਦੇ ਸੰਦਰਭ ਵਿਚ),** ਪੁਸਤਕ : **ਡਾ. ਤਾਰਨ ਸਿੰਘ ਸਿਮਰਤੀ ਗ੍ਰੰਥ,** ਪੰਜਾਬੀ ਯੂਨੀਵਰਸਿਟੀ, ਪਟਿਆਲਾ. (ISBN 978-81-302-0416-1), 2017, (ਸਹਿ ਲੇਖਕ). ਪੰਨੇ 174-182.
- **ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਸਿੱਖ ਧਰਮ ਦਾ ਪ੍ਰਚਾਰ ਤੇ ਪ੍ਰਸਾਰ ਵਿਚ ਯੋਗਦਾਨ,** ਜਰਨਲ ਆਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀਜ਼, ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫ਼ਤਹਿਗੜ੍ਹ ਸਾਹਿਬ. (ISSN 2321-0796), Vol. 5, 2017. ਪੰਨੇ 39-56.
- **ਸਿੱਖ ਪਛਾਣ ਨੂੰ ਚੁਣੌਤੀਆਂ,** ਗੁਰਮਤਿ ਪ੍ਰਕਾਸ਼, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਜਨਵਰੀ, 2019. ਪੰਨੇ 96-105.
- **ਸ੍ਰੀ ਗੁਰੂ ਹਰਿਕ੍ਰਿਸ਼ਨ ਜੀ : 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆ ਕਾ' ਦੇ ਸੰਦਰਭ ਵਿਚ,** ਜਰਨਲ ਆਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀਜ਼, ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫ਼ਤਹਿਗੜ੍ਹ ਸਾਹਿਬ. (ISSN 2321-0796), Vol. 6, 2018. (ਸਹਿ ਲੇਖਕ).
- **ਗੁਰ ਪਰਮੇਸ਼ਰ : ਸ੍ਰੀ ਗੁਰੂ ਨਾਨਕ ਦੇਵ ਜੀ,** ਪੁਸਤਕ: **ਨਮਸ਼ਕਾਰ ਗੁਰਦੇਵ ਕੋ,** (ਸੰਪਾ. ਦਿਲਜੀਤ ਸਿੰਘ ਬੇਦੀ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2019.
- **ਚਮਕੌਰ ਸਾਹਿਬ : ਇਕ ਇਤਿਹਾਸਕ ਅਧਿਐਨ,** ਗੁਰਮਤਿ ਪ੍ਰਕਾਸ਼, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਦਸੰਬਰ, 2019. ਪੰਨੇ 39-49.
- **ਪਾਲਿਤ ਪੁੱਤਰ ਬਾਬਾ ਜ਼ੋਰਾਵਰ ਸਿੰਘ : ਇਤਿਹਾਸਕ ਅਧਿਐਨ,** ਪ੍ਰੋਸੀਡਿੰਗ ਪੰਜਾਬ ਹਿਸਟਰੀ ਕਾਨਫਰੰਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2020. ਪੰਨੇ 499-506.
- **ਨੌਵੇਂ ਪਾਤਸ਼ਾਹ ਦੇ ਪੂਜਨੀਕ ਮਾਤਾ 'ਮਾਤਾ ਨਾਨਕੀ ਜੀ',** ਜਰਨਲ ਆਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀਜ਼, ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫ਼ਤਹਿਗੜ੍ਹ ਸਾਹਿਬ, (ISSN 2321-0796), Vol. 7, 2019. (ਸਹਿ ਲੇਖਕ). ਪੰਨੇ 67-76.
- **ਜ਼ਿਲ੍ਹਾ ਰੂਪਨਗਰ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਸਬੰਧਿਤ ਅਸਥਾਨ : ਇਤਿਹਾਸਕ ਅਧਿਐਨ,** ਪੁਸਤਕ: **ਪ੍ਰਗਟ ਭਏ ਗੁਰ ਤੇਗ ਬਹਾਦਰ,** (ਮੁੱਖ ਸੰਪਾਦਕ: ਪ੍ਰੋ. ਕਿਰਪਾਲ ਸਿੰਘ ਬਡੂੰਗਰ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2021.